# ਭੁੱਲਿਆ ਪਿੰਡ ਗਰਾਂ

(ਨਾਵਲ)

## ਲੇਖਕ ਦਾ ਸਾਹਿਤਕ ਸਫ਼ਰ

***ਨਾਵਲ***

ਮਿੱਟੀ ਦਾ ਮੋਹ

ਨਥਾਵੇਂ

ਚਿਹਰੇ

ਮੰਜ਼ਿਲ ਹੋਰ ਪਰ੍ਹੇ

ਰੁੱਤਾਂ ਲਹੂ ਲੁਹਾਣ

ਪਿਉਂਦ ਤੋਂ ਪਹਿਲਾਂ

ਨਹੀਂ ਸੁਕਣੇ ਕਦੇ ਦਰਿਆ

ਬੇਚੈਨ ਥੇਮਜ਼

ਸੋਫੀਆ

***ਕਹਾਣੀਆਂ***

ਘਰ ਵਾਪਿਸੀ

ਅਨੁਵਾਦ

ਅੰਕਲ ਟੌਮ ਦੀ ਝੌਂਪੜੀ

ਸਹਿ ਸੰਪਾਦਕ

ਨਕਸਲਬਾੜੀ ਲਹਿਰ ਤੇ ਪੰਜਾਬੀ ਨਾਵਲ

# ਭੁੱਲਿਆ ਪਿੰਡ ਗਰਾਂ

(ਨਾਵਲ)

ਮਹਿੰਦਰਪਾਲ ਸਿੰਘ ਧਾਲੀਵਾਲ

PEOPLE'S FORUM
BARGARI, PUNJAB
NGO Estd. 2000

ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

ਭੁੱਲਿਆ ਪਿੰਡ ਗਰਾਂ
(ਨਾਵਲ)

**Bhulia Pind Gran**
**(Novel)**

ਮਹਿੰਦਰਪਾਲ ਸਿੰਘ ਧਾਲੀਵਾਲ
ਸਟੋਕ ਪੋਜਿਜ਼
ਇੰਗਲੈਂਡ

Mohinderpal Singh Dhaliwal
Stoke Poges
England

ਮੋ. : 00447956857764
Email : mps.dhaliwal@hotmail.com

ਪਹਿਲੀ ਵਾਰ : ਮਾਰਚ 2022
First Edition : March 2022

© ਲੇਖਕ
© Author

ISBN : ---------------

**ਮੁੱਲ : --------/- (--------ਰੁਪਏ)**

ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

ਪ੍ਰਕਾਸ਼ਕ :
**ਪੀਪਲਜ਼ ਫੋਰਮ (ਰਜਿ:)**
**ਬਰਗਾੜੀ, ਫ਼ਰੀਦਕੋਟ-151 208**
**9872989313, 9876710809**
www.peoplesforumpunjab.com

Publication :
**People's Forum (Regd.)**
Bargari, Faridkot-151208
9872989313, 9876710809
www.peoplesforumpunjab.com

*ਪੀਪਲਜ਼ ਫ਼ੋਰਮ (ਰਜਿ.) ਸਿਹਤ, ਸਿੱਖਿਆ, ਸੱਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਰਚਾਉਣ ਲਈ ਪ੍ਰਤੀਬੱਧ ਸਮਾਜ-ਸੇਵੀ ਸੰਸਥਾ ਹੈ। ਇਸ ਵੱਲੋਂ ਪ੍ਰਕਾਸ਼ਤ ਪੁਸਤਕਾਂ, ਪੋਸਟਰ, ਕੈਲੰਡਰ ਅਤੇ ਸੀ. ਡੀਜ਼ ਨੌਜਵਾਨ ਵਰਗ ਅੰਦਰ ਚੇਤਨਾ ਪੈਦਾ ਕਰਨ ਹਿੱਤ ਹੈ।*

**Printer:** Printwell, 146, Industrial Focal Point, Amritsar.

# ਸਮਰਪਣ

ਪੰਜਾਬ ਦੇ ਉਹਨਾਂ ਨੌਜਵਾਨਾਂ ਦੇ ਨਾਮ ਜਿਹੜੇ ਰੋਟੀ ਕਮਾਉਣ ਲਈ
ਜਨਮ ਭੂਮੀ ਤੋਂ ਪ੍ਰਵਾਸ ਲੈਣ ਲਈ ਮਜਬੂਰ ਹਨ।

# 1

ਰੋਜ਼ੀ ਨੇ ਕਾਰ ਵਿਚੋਂ ਹੀ ਡਿਜ਼ੀਟਲ ਕੁੰਜੀ ਦਾ ਬਟਨ ਦਬਾਅ ਕੇ ਗੈਰਜ ਦੀ ਡੋਰ ਖੋਲ੍ਹੀ ਤੇ ਸਦਾ ਵਾਂਗ ਕਾਰ ਗੈਰਜ ਵਿਚ ਖੜ੍ਹੀ ਕਰ ਕੇ ਟੀ ਵੀ ਰੂਮ ਵੱਲ ਤੁਰ ਪਈ। ਉਸ ਨੂੰ ਪਤਾ ਸੀ ਉਸ ਦਾ ਪਤੀ ਗੈਰੀ ਹਰ ਰੋਜ਼ ਵਾਂਗ ਬੱਚੀ ਨੂੰ ਸਕੂਲ ਛੱਡਣ ਸਬੰਧੀ ਸਵਾਲ ਪੁੱਛੇਗਾ:'ਟਰੈਫਿਕ ਤਾਂ ਨਹੀਂ ਸੀ? ਬਾਹਰ ਸਰਦੀ ਕਿੰਨ੍ਹੀ ਕੁ ਐ? ਲੇਟ ਤਾਂ ਨਹੀਂ ਹੋਈ, ਵਗੈਰਾ।' ਹੋ ਸਕਦਾ ਉਹ ਕਿਸੇ ਨਾਲ ਟੈਲੀਫ਼ੋਨ 'ਤੇ ਗੱਲ ਕਰ ਰਿਹਾ ਹੋਵੇ। ਉਹ ਟੀ ਵੀ ਰੂਮ ਦਾ ਦਰਵਾਜ਼ਾ ਮਸਾਂ ਲੰਘੀ ਹੀ ਸੀ ਕਿ ਉਸ ਦੀ ਚੀਕ ਨਿਕਲ ਗਈ। ਗੈਰੀ ਦੇ ਸਿਰ ਵਿਚੋਂ ਲਹੂ ਵਗ ਰਿਹਾ ਸੀ ਤੇ ਉਹ ਬੇਹੋਸ਼ ਸੀ। ਇਕ ਵਾਰ ਤਾਂ ਰੋਜ਼ੀ ਦਾ ਦਿਲ ਫੇਲ੍ਹ ਹੋਣ ਵਾਲਾ ਹੋ ਗਿਆ। ਉਸ ਨੂੰ ਲੱਗਾ ਜਿਵੇਂ ਉਹ ਬੇਹੋਸ਼ ਹੋ ਰਹੀ ਹੋਵੇ। ਪਰ ਉਹ ਭੱਜ ਕੇ ਗੈਰੀ ਕੋਲ ਗਈ ਤੇ ਉਸ ਦੀਆਂ ਗੱਲ੍ਹਾਂ ਨੂੰ ਥਪਥਪਾਉਂਦੀ ਰੋਂਦਿਆਂ ਕੰਬਦੀ ਆਵਾਜ਼ ਵਿਚ ਕਹਿਣ ਲੱਗੀ:' ਗੈਰੀ ਡਾਰਲਿੰਗ ਕੀ ਹੋਇਆ, ਤੂੰ ਕੁਝ ਬੋਲ--- ਗੈਰੀ?'

ਇਕ ਦਮ ਉਸ ਨੂੰ ਖਿਆਲ ਆਇਆ ਤੇ ਉਸ ਨੇ 999 ਨੰਬਰ ਡਾਇਲ ਕਰ ਦਿੱਤਾ। ਹੁਣ ਉਹ ਗੈਰੀ ਨੂੰ ਬਚਾਉਣ ਲਈ ਪੂਰੀ ਚੇਤੰਨਤਾ ਨਾਲ ਸੋਚ ਰਹੀ ਸੀ। ਐਂਬੂਲੈਂਸ ਤੇ ਪੁਲੀਸ ਨੂੰ ਫ਼ੋਨ ਕਰਕੇ ਉਹ ਗੈਰਜ ਦੀ ਡੋਰ ਖੋਲ੍ਹ ਕੇ ਸੜਕ 'ਤੇ ਆ ਗਈ। ਸਰਦੀ ਦੀ ਸ਼ੁਰੂਆਤ ਸੀ ਤੇ ਰੁੱਖਾਂ ਦੇ ਸੁੱਕੇ ਪੱਤਿਆਂ ਨੂੰ ਮਿੱਧਦਿਆਂ, ਲੰਘਦੀ ਨੂੰ ਸਰਦੀ ਦਾ ਭੋਰਾ ਖਿਆਲ ਨਹੀਂ ਸੀ ਆਇਆ। ਉਸ ਨੇ ਜੈਕਟ ਵੀ ਨਹੀਂ ਪਾਈ ਹੋਈ ਸੀ ਤੇ ਪੈਰੀ ਚੱਪਲਾਂ ਪਾਈਆਂ ਹੋਈਆਂ ਸਨ। ਭਾਵੇਂ ਮੀਂਹ ਨਹੀਂ ਸੀ ਪੈ ਰਿਹਾ ਪਰ ਬੱਦਲਾਂ ਨੇ ਸੂਰਜ ਨੂੰ ਚਮਕਣ ਦੀ ਮਨਾਹੀ ਕੀਤੀ ਹੋਈ ਸੀ।

ਇਸ ਸੜਕ 'ਤੇ ਘਰਾਂ ਦੇ ਡੋਰ ਨੰਬਰਾਂ ਦੀ ਥਾਂ ਨਾਮ ਹੋਣ ਕਰਕੇ ਘਰ ਲੱਭਣ ਵਿਚ ਦਿੱਕਤ ਆਉਣ ਦਾ ਉਸ ਨੂੰ ਪਤਾ ਸੀ। ਐਂਬੂਲੈਂਸ ਦਾ ਸਮਾਂ ਬਚਾਉਣ ਲਈ ਉਹ ਸੜਕ 'ਤੇ ਚਲੀ ਗਈ ਸੀ। ਜਦ ਹੀ ਉਸ ਨੇ ਸੜਕ ਦੇ ਇਕ ਪਾਸਿਉਂ ਐਂਬੂਲੈਂਸ ਤੇ ਦੂਜੇ ਪਾਸਿਉਂ ਪੁਲੀਸ ਦੀਆਂ ਗੱਡੀਆਂ ਆਉਂਦੀਆਂ ਵੇਖੀਆਂ ਤਾਂ ਉਹ ਫੁੱਟਪਾਥ 'ਤੇ ਖੜ੍ਹੀ ਹੱਥ ਉੱਚੇ ਕਰਕੇ ਹਿਲਾਉਣ ਲੱਗ ਪਈ। ਐਂਬੂਲੈਂਸ ਦੇ ਸਟਾਫ ਅੱਗੇ ਉਹ ਗੈਰਜ ਦੀ ਖੁੱਲ੍ਹੀ ਡੋਰ ਰਾਹੀਂ ਉਹਨਾਂ ਦੇ ਅੱਗੇ ਅੱਗੇ ਦੌੜਦਿਆਂ ਟੀ ਵੀ ਰੂਮ ਵਿਚ ਚਲੀ ਗਈ। ਏਨੇ ਨੂੰ ਪੁਲੀਸ ਵੀ ਆ ਗਈ ਸੀ। ਪੁਲੀਸ ਕਾਂਸਟੇਬਲ ਰੋਜ਼ੀ ਦੇ ਮੋਢਿਆਂ ਉਤੋਂ ਦੀ ਨਰਮੀ ਅਤੇ ਸਤਿਕਾਰ ਨਾਲ ਹੱਥ ਰੱਖ ਕੇ ਉਸ ਨੂੰ ਕਿਚਨ ਵਿਚ ਲੈ ਗਿਆ।

'ਮੁਆਫ ਕਰਨਾ ਮੈਡਮ। ਐਂਬੂਲੈਂਸ ਸਟਾਫ ਨੂੰ ਆਪਣਾ ਕੰਮ ਕਰਨ ਦਿਉ। ਪੀੜਤ ਵਿਅੱਕਤੀ ਦੀ ਮਦਦ ਕਰਨ ਨੂੰ ਪਹਿਲ ਦੇਣੀ ਸਾਡਾ ਫਰਜ਼ ਹੈ।' ਕਹਿੰਦਿਆਂ ਉਸ ਨੇ ਪਾਣੀ ਦਾ ਗਲਾਸ ਭਰ ਕੇ ਰੋਜ਼ੀ ਨੂੰ ਫੜਾਇਆ। ਰੋਜ਼ੀ ਦੀਆਂ ਡਰੀਆਂ ਅੱਖਾਂ ਨੇ

ਧੰਨਵਾਦ ਨਾਲ ਅਫ਼ਸਰ ਵੱਲ ਵੇਖਦਿਆਂ ਪਾਣੀ ਫੜ ਲਿਆ ਤੇ ਘੁੱਟ ਕੁ ਪੀ ਵੀ ਲਿਆ।

ਰੋਜ਼ੀ ਨੂੰ ਪੁਲੀਸ ਅਫ਼ਸਰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਦੂਜੇ ਅਫ਼ਸਰ ਘਰ ਦੇ ਬਾਹਰ ਜਾਣ ਵਾਲੇ ਦਰਵਾਜ਼ੇ 'ਤੇ ਖਿੜਕੀਆਂ ਚੈਕ ਕਰ ਰਹੇ ਸਨ। ਘਰ ਦੇ ਬਾਹਰ ਪੁਲੀਸ ਦੇ ਲਾਏ ਰਿਬਨ ਘਰ ਦੇ ਅੰਦਰ ਕਿਸੇ ਦੇ ਆਉਣ ਦੀ ਮਨਾਹੀ ਨੂੰ ਦਰਸਾ ਰਹੇ ਸਨ।

'ਘਰ ਦੇ ਸਾਰੇ ਦਰਵਾਜ਼ੇ ਤੇ ਖਿੜਕੀਆਂ ਬੰਦ ਹਨ ਤੇ ਕਿਸੇ ਕਿਸਮ ਦੀ ਤੋੜ-ਭੰਨ ਦਾ ਕੋਈ ਨਿਸ਼ਾਨ ਨਜ਼ਰ ਨਹੀਂ ਆਇਆ। ਸਾਰੇ ਕਮਰਿਆਂ ਦੀ ਪੜਤਾਲ ਕੀਤੀ ਗਈ ਹੈ ਤੇ ਹਮਲਾਵਰ ਘਰ ਵਿਚ ਨਹੀਂ ਹੈ।' ਇਕ ਅਫ਼ਸਰ ਨੇ ਆ ਕੇ ਰਿਪੋਰਟ ਦਿੱਤੀ।

'ਲੌਫਟ ਚੈਕ ਕੀਤਾ?'

'ਨਹੀਂ।' ਕਹਿ ਕੇ ਅਫ਼ਸਰ ਫਿਰ ਪੌੜੀਆਂ ਚੜ੍ਹ ਗਿਆ।

ਉਹਨਾਂ ਨੇ ਲੌਫਟ ਚੈਕ ਕੀਤਾ। ਉਥੇ ਵੀ ਉਹਨਾਂ ਨੂੰ ਹਮਲਾਵਰ ਤਾਂ ਕੀ ਮਿਲਣਾ ਸੀ, ਕੋਈ ਹੋਰ ਵੀ ਫੌਰੀ ਸੁਰਾਗ ਨਾ ਮਿਲਿਆ। ਅਫ਼ਸਰ ਨੇ ਆ ਕੇ ਫਿਰ ਰਿਪੋਰਟ ਦੇ ਦਿੱਤੀ। ਸਭ ਨੂੰ ਹੈਰਾਨੀ ਸੀ, ਹਮਲਾਵਰ ਘਰ ਵਿਚ ਦਾਖਲ ਕਿਵੇਂ ਹੋਇਆ?

ਹੁਣ ਤੱਕ ਐਂਬੂਲੈਂਸ ਸਟਾਫ ਨੇ ਗੈਰੀ ਨੂੰ ਮੁਢਲੀ ਸਹਾਇਤਾ ਦੇ ਕੇ ਉਸ ਦਾ ਸਾਹ ਚਾਲੂ ਰੱਖਣ ਦੀ ਕੋਸਿਸ਼ ਕੀਤੀ ਸੀ। ਉਸ ਦੇ ਆਕਸੀਜਨ ਲਗਾ ਕੇ, ਸਟਰੈਚਰ 'ਤੇ ਪਾ ਕੇ ਉਹ ਉਸ ਨੂੰ ਹਸਪਤਾਲ ਲੈ ਕੇ ਜਾ ਰਹੇ ਸਨ। ਪੁਲੀਸ ਕਾਂਸਟੇਬਲ ਨੂੰ ਉਹਨਾਂ ਨੇ ਗੈਰੀ ਦੀ ਅਧਮੋਈ ਹਾਲਤ ਬਾਰੇ ਦੱਸ ਦਿੱਤਾ ਸੀ। ਰੋਜ਼ੀ ਐਂਬੂਲੈਂਸ ਵਿਚ ਗੈਰੀ ਦੇ ਨਾਲ ਜਾਣ ਲਈ ਬੈਠ ਗਈ ਤੇ ਪੁਲੀਸ ਆਪਣਾ ਕੰਮ ਕਰ ਰਹੀ ਸੀ।

ਐਂਬੂਲੈਂਸ ਵਿਚੋਂ ਹੀ ਰੋਜ਼ੀ ਨੇ ਆਪਣੇ ਭਰਾ 'ਨਿੱਕ' ਨੂੰ ਫ਼ੋਨ ਕਰਕੇ ਦੁਰਘਟਨਾ ਦੀ ਜਾਣਕਾਰੀ ਦਿੱਤੀ ਤਾਂ ਉਹ ਵੀ ਬਿਨਾਂ ਦੇਰੀ ਰੋਜ਼ੀ ਦੇ ਘਰ ਵੱਲ ਆ ਗਿਆ। ਪੁਲੀਸ ਨੇ ਉਸ ਨੂੰ ਅੰਦਰ ਆਉਣ ਦਿੱਤਾ। ਹੁਣ ਤੱਕ ਪੁਲੀਸ ਦੇ ਕੈਮਰਾਮੈਨ, ਉਂਗਲਾਂ ਦੇ ਨਿਸ਼ਾਨ ਲੈਣ ਵਾਲੇ ਤੇ ਬਾਕੀ ਦਾ ਲੋੜੀਂਦਾ ਸਟਾਫ ਆ ਰਿਹਾ ਸੀ ਤੇ ਕੁਝ ਆ ਚੁੱਕਾ ਸੀ। ਸਭ ਆਪਣਾ ਆਪਣਾ ਕੰਮ ਕਰ ਰਹੇ ਸਨ। ਜਾਂਚ ਟੀਮ ਅੱਗੇ ਸਭ ਤੋਂ ਵੱਡਾ ਸਵਾਲ ਹਮਲਾਵਰ ਦਾ ਘਰ ਵਿਚ ਪਹੁੰਚਣ ਦਾ ਸੀ। ਰੋਜ਼ੀ ਅਨੁਸਾਰ ਉਹ ਗੈਰਜ ਦੀ ਡੋਰ ਬੰਦ ਕਰਕੇ ਗਈ ਸੀ ਤੇ ਉਸ ਨੇ ਆ ਕੇ ਗੈਰਜ ਦੀ ਡੋਰ ਖੋਲ੍ਹੀ ਸੀ। ਸਭ ਦਰਵਾਜ਼ੇ ਬੰਦ ਸਨ। ਕੋਈ ਕੁੰਡਾ ਜਿੰਦਾ ਤੋੜਨ ਦੀ ਕੋਸ਼ਿਸ਼ ਨਹੀਂ ਸੀ ਕੀਤੀ ਗਈ। ਖਿੜਕੀਆਂ ਵੀ ਬੰਦ ਸਨ। ਕੋਈ ਹੋਰ ਰਾਹ ਪੁਲੀਸ ਨੂੰ ਲਭ ਨਹੀਂ ਸੀ ਰਿਹਾ।

ਡਾਕਟਰਾਂ ਨੇ ਗੈਰੀ ਨੂੰ ਬਚਾਉਣ ਲਈ ਆਪਣੀ ਵਾਹ ਲਾਈ। ਉਸ ਨੂੰ ਇਨਟੈਨਸਵ ਕੇਅਰ ਯੂਨਿਟ ਵਿਚ ਲਜਾਇਆ ਗਿਆ। ਡਾਕਟਰਾਂ ਦੀ ਟੀਮ ਆਪਣੀ ਦੌੜ ਭੱਜ ਕਰ ਰਹੀ ਸੀ। ਗੈਰੀ ਦੀ ਖੋਪੜੀ ਬੁਰੀ ਤਰ੍ਹਾਂ ਜ਼ਖਮੀ ਸੀ। ਕਿਸੇ ਭਾਰੀ ਚੀਜ਼ ਦਾ ਤਕੜਾ ਵਾਰ ਉਸ ਦੇ ਸਿਰ 'ਤੇ ਹੋਇਆ ਸੀ। ਕੀਚਰਾਂ ਹੋਈ ਖੋਪੜੀ ਦੇ ਨਾਲ

ਡਾਕਟਰ ਉਸ ਦੇ ਦਿਮਾਗ ਨੂੰ ਹੋਈ ਹਾਨੀ ਦਾ ਪਤਾ ਲਗਾਉਣ ਦਾ ਯਤਨ ਕਰ ਰਹੇ ਸਨ। ਬਹੁਤ ਸਾਰਾ ਖ਼ੂਨ ਵਹਿ ਜਾਣ ਕਰਕੇ ਉਹਨਾਂ ਨੇ ਉਸ ਨੂੰ ਖ਼ੂਨ ਲਗਾ ਕੇ ਜੀਵਨ ਦੇਣ ਦੀ ਕੋਸ਼ਿਸ਼ ਕੀਤੀ ਸੀ। ਕੁਝ ਘੰਟਿਆਂ ਦੀਆਂ ਕੋਸ਼ਿਸ਼ਾਂ ਬਾਅਦ ਵੀ ਮਿਹਨਤ ਪੱਲੇ ਨਾ ਪਈ। ਗੈਰੀ ਨੂੰ ਹਰਟ ਅਟੈਕ ਨੇ ਜੀਵਨ ਤੋਂ ਦੂਰ ਕਰ ਦਿੱਤਾ ਸੀ। ਡਾਕਟਰਾਂ ਨੇ ਡਿਊਟੀ 'ਤੇ ਪੁਲੀਸ ਅਫ਼ਸਰ ਨੂੰ ਖ਼ਬਰ ਦੇਣ ਬਾਅਦ ਹੀ ਰੋਜ਼ੀ ਨੂੰ ਦੱਸਿਆ। ਰੋਜ਼ੀ ਇਕ ਵਾਰ ਫਿਰ ਤੋਂ ਸਿਸਕਣ ਲੱਗੀ ਤੇ ਪੁਲੀਸ ਅਫ਼ਸਰ ਉਸ ਨੂੰ ਹੌਸਲਾ ਦੇਣ ਦਾ ਯਤਨ ਕਰਦਾ ਰਿਹਾ।

***

ਸਕੌਟ ਟਰੇਡਿੰਗ ਅਸਟੇਟ ਵਿਚੋਂ ਦੀ ਲੰਘ ਰਿਹਾ ਸੀ ਤੇ ਉਹ ਦੁਕਾਨਾਂ ਦੀ ਪਰੇਡ ਵਿਚ ਸਥਿਤ 'ਕੋਸਟਾ ਕੌਫੀ' ਦੀ ਦੁਕਾਨ 'ਤੇ ਆ ਬੈਠਾ। ਆਪਣਾ ਕੰਪਿਊਟਰ ਉਸ ਨੇ ਟੇਬਲ 'ਤੇ ਰੱਖ ਲਿਆ ਤੇ ਕੈਪਾਚੀਨੋ ਦੇ ਕੱਪ ਦਾ ਆਰਡਰ ਕਰ ਦਿੱਤਾ। ਉਹ ਇਕ ਕੇਸ 'ਤੇ ਕੰਮ ਕਰ ਰਿਹਾ ਸੀ ਤੇ ਅੱਜ ਉਸ ਨੇ ਕੇਸ ਦੀ ਗੁੱਥੀ ਸੁਲਝਾ ਲਈ ਸੀ। ਉਹ ਅਪਰਾਧੀ ਨਾਲ ਹੋਈ ਗੱਲ-ਬਾਤ ਦੇ ਅਧਾਰ 'ਤੇ ਰਿਪੋਰਟ ਤਿਆਰ ਕਰਨ ਲਈ 'ਕੋਸਟਾ ਕੌਫੀ' ਵਿਚ ਆਇਆ ਸੀ। ਉਸ ਨੇ ਸੜਕ ਵਾਲੇ ਪਾਸੇ ਆਪਣੀ ਸੀਟ ਮੱਲ ਲਈ ਤੇ ਸ਼ੀਸ਼ੇ ਵਿਚੋਂ ਦੀ ਬਾਹਰ ਵੇਖਿਆ। ਲਿਵਰਪੂਲ ਰੋਡ 'ਤੇ ਪੁਰਾਣੀ ਬਿਲਡਿੰਗ ਢਾਹੀ ਜਾ ਰਹੀ ਸੀ। ਕਿਸੇ ਵੇਲੇ ਇਥੇ 'ਚਾਕਲੇਟ ਵਰਲਡ' ਨਾਂ ਦੀ ਸਵੀਟਾਂ ਬਣਾਉਣ ਵਾਲੀ ਫੈਕਟਰੀ ਸੀ। ਅਸਲ ਵਿਚ ਸਾਰੀ ਟਰੇਡਿੰਗ ਐਸਟੇਟ ਹੀ ਫੈਕਟਰੀਆਂ ਨਾਲ ਭਰੀ ਹੁੰਦੀ ਸੀ। ਹੁਣ ਫੈਕਟਰੀਆਂ ਤਾਂ ਚੀਨ ਵਰਗੇ ਦੇਸ਼ਾਂ ਵਿਚ ਚਲੀਆਂ ਗਈਆਂ ਸਨ। ਯੂਰਪ ਵਿਚ ਤਾਂ ਫੈਕਟਰੀਆਂ ਦੀ ਥਾਂ ਗੁਦਾਮ ਬਣ ਰਹੇ ਸਨ ਜਾਂ ਦਫ਼ਤਰ। ਕਿਤੇ ਕਿਤੇ ਘਰ ਬਣਾਉਣ ਦੀ ਆਗਿਆ ਮਿਲ ਜਾਂਦੀ। ਯੂਰਪ ਦੇ ਕਾਮਿਆਂ ਦਾ ਬਹੁਤ ਕੰਮਾਂ ਵਿਚ ਸਦੀਆਂ ਪੁਰਾਣਾ ਹੁਨਰ ਬੇ-ਮਾਇਨੇ ਹੋ ਗਿਆ ਸੀ।

ਕੁੜੀ ਨੇ ਉਸ ਨੂੰ ਕੈਪਾਚੀਨੋ ਲਿਆ ਦਿੱਤੀ ਤੇ ਉਸ ਦਾ ਧਿਆਨ ਇਕ ਵਾਰ ਮੁੜ ਕੇ ਆਪਣੇ ਲੈਪ ਟੌਪ ਵੱਲ ਹੋ ਗਿਆ। ਆਪਣੇ ਬਣਾਏ ਨੋਟਸ ਉਸ ਨੇ ਮੇਜ਼ 'ਤੇ ਰੱਖ ਲਏ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਘੰਟਾ ਕੁ ਕੰਮ ਕਰਕੇ ਉਸ ਨੇ ਰਿਪੋਰਟ ਨੂੰ ਫਾਈਨਲ ਕਰ ਲਿਆ ਤੇ ਇਕ ਵਾਰ ਫਿਰ ਪੜ੍ਹਨ ਲੱਗਾ। ਉਸ ਨੂੰ ਤਸੱਲੀ ਹੋਈ। ਘਰ ਜਾ ਕੇ ਤਾਂ ਉਹ ਬੱਚਿਆਂ ਵਿਚ ਹੀ ਉਲਝ ਜਾਂਦਾ ਤੇ ਉਸ ਨੂੰ ਰਹਿੰਦਾ ਕੰਮ ਰਾਤ ਨੂੰ ਕਰਨਾ ਪੈਂਦਾ। ਕਦੀ ਕਦੀ ਤਾਂ ਸਵੇਰੇ ਜਲਦੀ ਉੱਠਣਾ ਪੈਂਦਾ ਤੇ ਦਿਨੇ ਉਸ ਦਾ ਸਰੀਰ ਥੱਕਿਆ ਜਿਹਾ ਰਹਿੰਦਾ। ਕੰਮ ਕਰਕੇ ਉਸ ਨੇ ਇਕ ਵਾਰ ਫਿਰ ਢਹਿ ਰਹੀ ਫੈਕਟਰੀ ਵੱਲ ਵੇਖਿਆ ਤੇ ਕਲਪਨਾ ਕਰਨ ਲੱਗਾ ਕਿ ਇਸ ਥਾਂ 'ਤੇ ਸ਼ਾਇਦ ਨਵੇਂ ਦਫ਼ਤਰ ਬਣਨਗੇ। ਅਚਾਨਕ ਉਸ ਦੇ ਫ਼ੋਨ 'ਤੇ ਮੈਸਿਜ ਆਇਆ---ਜਿੰਨੀ ਜਲਦੀ ਸੰਭਵ ਹੈ ਦਫ਼ਤਰ ਪਹੁੰਚੋ—ਕਲਾਈਵ।

ਕਲਾਈਵ ਉਸ ਦੇ ਡਿਪਾਰਟਮੈਂਟ ਦਾ ਹੈਡ। ਇਹ ਕੋਈ ਪਹਿਲੀ ਵਾਰ ਨਹੀਂ ਸੀ ਕਿ ਉਸ ਨੇ ਕੰਮ ਖਤਮ ਕਰਕੇ ਘਰ ਜਾਣ ਦੀ ਤਿਆਰੀ ਕੀਤੀ ਹੋਵੇ ਤੇ ਦਫ਼ਤਰ ਵਿਚੋਂ ਫ਼ੋਨ ਆ ਗਿਆ ਹੋਵੇ। ਉਸ ਨੂੰ ਪਤਾ ਸੀ ਕੋਈ ਖਾਸ ਕੰਮ ਹੋਵੇਗਾ। ਉਹ ਹੁਕਮ ਦਾ ਬੱਧਾ ਦਫ਼ਤਰ ਜਾਣ ਲਈ ਗੱਡੀ ਵਿਚ ਆ ਬੈਠਾ। ਪੰਦਰਾਂ ਮਿੰਟਾਂ ਬਾਅਦ ਉਹ ਕਲਾਈਵ ਦੇ ਸਾਹਮਣੇ ਬੈਠਾ ਸੀ।

'ਸਕੌਟ ਮੈਨੂੰ ਬਹੁਤ ਅਫ਼ਸੋਸ ਹੈ ਮੈਂ ਤੈਨੂੰ ਦਫ਼ਤਰ ਸੱਦਿਆ। ਮੇਰੀ ਮਜਬੂਰੀ ਹੈ। ਸਰਕਾਰ ਨੇ ਪੁਰਾਣੇ ਅਫ਼ਸਰ ਤਾਂ ਘਟਾ ਦਿੱਤੇ ਹਨ ਨਵੇਂ ਰੱਖਣ ਵਲ ਧਿਆਨ ਨਹੀਂ ਦੇ ਰਹੀ। ਅੱਜ ਹੀ ਸਵੇਰੇ ਇਕ ਕਤਲ ਹੋ ਗਿਆ ਹੈ ਤੇ ਕੇਸ ਗੁੰਝਲਦਾਰ ਲਗਦਾ। ਕਾਤਲ ਦੇ ਘਰ ਅੰਦਰ ਦਾਖਲ ਹੋਣ ਦਾ ਕੋਈ ਸੁਰਾਗ ਨਹੀ ਮਿਲਿਆ। ਏਸੇ ਲਈ ਮੈਂ ਇਹ ਕੇਸ ਤੈਨੂੰ ਦੇਣਾ ਚਾਹੁੰਦਾ ਹਾਂ ਤੂੰ ਆਪਣੀ ਚੋਣ ਦੀ ਟੀਮ ਬਣਾ ਲੈ। ਆਹ ਲੈ ਐਡਰੈਸ---।'

'ਇਕ ਗੱਲ ਹੋਰ, ਉਹ ਨਵਾਂ ਮੁੰਡਾ ਹੈ ਨਾ ਟੋਨੀ, ਉਸ ਤੋਂ ਵੀ ਮਦਦ ਲਵੇਂ ਤਾਂ ਚੰਗਾ ਹੈ।'

'ਟੋਨੀ—! ਮੇਰਾ ਖਿਆਲ ਹੈ ਆਪਾਂ ਗੰਭੀਰ ਮਸਲੇ 'ਤੇ ਗੱਲ ਕਰ ਰਹੇ ਹਾਂ। ਇਹ ਹਾਸੇ ਠੱਠੇ ਵਾਲਾ ਤਾਂ ਸਮਾਂ ਨਹੀਂ।'

ਟੋਨੀ ਅਸਲ ਵਿਚ ਨਵਾਂ ਹੀ ਆਇਆ ਸੀ। ਉਹ ਮਸਾਂ ਸਾਢੇ ਪੰਜ ਫੁੱਟ, ਹਲਕਾ ਸਰੀਰ ਜਿਵੇਂ ਹਫ਼ਤੇ ਵਿਚ ਇਕ ਵਾਰ ਹੀ ਖਾਂਦਾ ਹੋਵੇ। ਉਸ ਨੇ ਦਾੜ੍ਹੀ ਕਤਰੀ ਹੋਈ ਸੀ ਤੇ ਜੀਨ ਨਾਲ ਚਿੱਟੀ ਟੀ ਸ਼ਰਟ ਪਾਈ ਹੋਈ ਸੀ ਜਿਵੇਂ ਸਰਦੀ ਤੋਂ ਨਿਰਭੈ ਹੋਵੇ। ਕਦੇ ਕਿਸੇ ਨਾਲ ਹਾਏ ਬਾਏ ਘੱਟ ਹੀ ਕਰਦਾ। ਸਾਰਾ ਦਿਨ ਆਪਣੇ ਲੈਪ ਟੌਪ ਦੀ ਸਕਰੀਨ 'ਤੇ ਹੀ ਨੀਝ ਲਾਈ ਰਖਦਾ। ਹੁਣ ਤੱਕ ਸਕੌਟ ਨੇ ਕਦੇ ਉਸ ਨੂੰ ਬੋਲਦੇ ਨੂੰ ਨਹੀਂ ਸੁਣਿਆ ਸੀ।

'ਨਹੀਂ ਸਕੌਟ ਮੈਂ ਗੰਭੀਰ ਹਾਂ ਤੇ ਸੋਚ ਕੇ ਹੀ ਕਹਿ ਰਿਹਾ ਹਾਂ।' ਕਹਿੰਦਿਆਂ ਉਸ ਨੇ ਟੋਨੀ ਨੂੰ ਫ਼ੋਨ ਘੁਮਾ ਦਿੱਤਾ ਤੇ ਆਪਣੇ ਕਮਰੇ ਵਿਚ ਆਉਣ ਲਈ ਕਿਹਾ।

ਟੋਨੀ ਨਿੱਕੇ ਨਿੱਕੇ ਕਦਮ ਪੁੱਟਦਾ ਬਿਨਾ ਕਿਸੇ ਪਾਸੇ ਵੀ ਵੇਖੇ, ਸਿੱਧਾ ਕਲਾਈਵ ਦੀ ਕੁਰਸੀ ਕੋਲ ਆ ਖੜ੍ਹਾ ਹੋਇਆ। ਉਸ ਨੇ ਆਪਣੀ ਜ਼ੁਬਾਨ ਵਿਚੋਂ ਅਜੇ ਕੋਈ ਵੀ ਸ਼ਬਦ ਨਹੀਂ ਸੀ ਉਚਾਰਿਆ।

'ਟੋਨੀ ਇਹ ਹਨ ਡਿਟੈਕਟਿਵ ਇੰਸਪੈਕਟਰ ਸਕੌਟ। ਬਹੁਤ ਹੋਣਹਾਰ ਤੇ ਤਜਰਬੇਕਾਰ ਡਿਟੈਕਟਿਵ ਐ। ਇਕ ਕਤਲ ਹੋ ਗਿਆ ਐ ਤੇ ਉਸ ਦੀ ਜਾਂਚ ਇਹ ਕਰਨਗੇ। ਤੂੰ ਇਹਨਾਂ ਦੀ ਲੋੜ ਅਨੁਸਾਰ ਮਦਦ ਕਰਨੀ ਹੈ।'

ਟੋਨੀ ਨੇ ਸਕੌਟ ਵੱਲ ਵੇਖਿਆ। ਉਹਨਾਂ ਦੀ ਨਜ਼ਰ ਮਿਲੀ। ਸਕੌਟ ਮੁਸਕਰਾਇਆ। ਟੋਨੀ ਨੇ ਉਸ ਵੱਲ ਵੇਖ ਕੇ ਫਿਰ ਕਲਾਈਵ ਵੱਲ ਵੇਖਿਆ।

'ਸਕੌਟ, ਟੋਨੀ ਆਈ ਟੀ ਦੇ ਮਾਮਲੇ ਵਿਚ ਬਹੁਤ ਜ਼ਹੀਨ ਹੈ। ਕਿਸੇ ਕਿਸਮ ਦੀ ਵੀ ਜਾਣਕਾਰੀ ਲੈਣੀ ਹੋਵੇ ਤਾਂ ਟੋਨੀ ਬਹੁਤ ਜਲਦੀ ਅਤੇ ਸਹੀ ਜਾਣਕਾਰੀ ਲੱਭ ਕੇ ਦੇ ਸਕਦਾ ਐ।'

ਸਕੌਟ ਨੇ ਕੁਰਸੀ ਤੋਂ ਉੱਠ ਕੇ ਟੋਨੀ ਨਾਲ ਹੱਥ ਮਿਲਾਇਆ।

'ਟੋਨੀ ਤੈਨੂੰ ਮਿਲ ਕੇ ਬਹੁਤ ਖੁਸ਼ੀ ਹੋਈ।' ਉਸ ਨੇ ਰਸਮੀ ਜਿਹੀ ਮੁਸਕਰਾਹਟ ਵੀ ਦਿੱਤੀ। ਟੋਨੀ ਨੇ ਢਿੱਲਾ ਜਿਹਾ ਹੱਥ ਮਿਲਾਇਆ ਤੇ ਬਿਨਾ ਕੁਝ ਕਹੇ ਚਲਿਆ ਗਿਆ।

'ਵੈਸੇ ਇਹ ਜਦੋਂ ਮੈਂ ਕੁਝ ਪੁੱਛਾਂ, ਜਵਾਬ ਦੇ ਦੇਵੇਗਾ! ਇਹਨੂੰ ਤੂੰ ਕਦੇ ਬੋਲਦੇ ਨੂੰ ਸੁਣਿਆ?'

ਉਹ ਦੋਵੇਂ ਹੱਸੇ। 'ਫਿਕਰ ਨਾ ਕਰ ਬਹੁਤ ਜ਼ਿੰਮੇਵਾਰ ਬੰਦਾ ਹੈ।'

'ਬੰਦਾ--!' ਸਕੌਟ ਸ਼ਰਾਰਤੀ ਜਿਹੀ ਮੁਸਕਰਾਹਟ ਨਾਲ ਉੱਠਿਆ ਤੇ ਕਲਾਈਵ ਨਾਲ ਹੱਥ ਮਿਲਾ ਕੇ ਚਲਾ ਗਿਆ।

ਕਲਾਈਵ ਦੇ ਦਫ਼ਤਰ ਵਿਚੋਂ ਨਿਕਲ ਕੇ ਸਕੌਟ ਕਾਰ ਵਿਚ ਆ ਬੈਠਾ। ਸੈਟ ਨੈਵ 'ਤੇ ਐਡਰੈਸ ਪਾਇਆ ਤੇ ਗੱਡੀ ਸੜਕ 'ਤੇ ਪਾ ਲਈ। ਇਹ ਏਰੀਆ ਤਾਂ ਉਸ ਦਾ ਦੇਖਿਆ ਭਾਲਿਆ ਸੀ। ਘਰ ਵੀ ਆਮ ਨਾਲੋਂ ਵੱਡੇ ਸਨ ਤੇ ਸੜਕ ਵੀ ਚੌੜੀ ਸੀ। ਘਰ ਦੇ ਅੱਗੇ ਕਾਰ ਖੜ੍ਹੀ ਕਰ ਕੇ ਉਸ ਨੇ ਬਾਹਰ ਨਿਕਲ ਕੇ ਸੜਕ ਦੇ ਦੋਨੋ ਪਾਸੀਂ ਵੇਖਿਆ। ਇਕ ਘੋਖਵੀ ਨਜ਼ਰ ਸਬੰਧਤ ਘਰ ਵੱਲ ਮਾਰੀ। ਇਕ ਕਰਮਚਾਰੀ ਖਿੜਕੀ 'ਤੇ ਉਂਗਲਾਂ ਦੇ ਨਿਸ਼ਾਨ ਲੈ ਰਿਹਾ ਸੀ। ਇਕ ਪੁਲੀਸ ਅਫ਼ਸਰ ਵੀ ਨਿਗਰਾਨੀ ਕਰਨ ਲਈ ਖੜ੍ਹਾ ਸੀ। ਉਹ ਸਕੌਟ ਨੂੰ ਜਾਣਦਾ ਸੀ ਤੇ ਉਸ ਨੇ ਹੈਲੋ ਕਹੀ। ਮੋਟੀ ਜਿਹੀ ਜਾਣਕਾਰੀ ਲੈ ਕੇ ਉਹ ਘਰ ਦੇ ਪਿਛਵਾੜੇ ਵੱਲ ਚਲਾ ਗਿਆ।

ਘਰ ਦੇ ਪਿੱਛੇ ਵੱਡਾ ਬਗੀਚਾ ਸੀ। ਬਗੀਚੇ ਦੇ ਅਖੀਰ 'ਤੇ ਉਚੇ ਰੁੱਖ ਲਹਿ ਲਹਾ ਰਹੇ ਸਨ। ਰੁੱਖਾਂ ਦੇ ਪਿੱਛੇ ਉਸ ਨੂੰ ਕੁਝ ਨਹੀਂ ਦਿਸ ਰਿਹਾ ਸੀ। ਉਹ ਰੁੱਖਾਂ ਕੋਲ ਚਲਾ ਗਿਆ। ਰੁੱਖਾਂ ਦੇ ਪਿੱਛੇ ਛੇ ਕੁ ਫੁੱਟ ਉੱਚੀ ਕੰਧ ਬਣੀ ਹੋਈ ਸੀ। ਉਹ ਕੰਧ ਕੋਲ ਪਈ ਇਕ ਪੁਰਾਣੀ ਜਿਹੀ ਬਾਲਟੀ ਨੂੰ ਮੂਧੀ ਕਰਕੇ ਉਸ 'ਤੇ ਖੜ੍ਹ ਗਿਆ। ਕੰਧ ਦੇ ਦੂਜੇ ਪਾਸੇ ਇਕ ਛੋਟਾ ਜਿਹਾ ਫਾਰਮ ਸੀ। ਉਸ ਨੇ ਨਿਰਖ ਨਾਲ ਵੇਖਿਆ ਤੇ ਮਹਿਸੂਸ ਕੀਤਾ ਕਾਤਲ ਲਈ ਇਸ ਪਾਸੇ ਤੋਂ ਆਉਣਾ ਸੰਭਵ ਸੀ। ਉਸ ਨੇ ਧਿਆਨ ਨਾਲ ਕੋਈ ਸਬੂਤ ਲੱਭਣ ਦੀ ਕੋਸ਼ਿਸ਼ ਕੀਤੀ ਪਰ ਕੁਝ ਵੀ ਪੱਲੇ ਨਾ ਪਿਆ। ਸੱਜੇ ਪਾਸੇ ਵਾਲੇ ਗੁਆਂਢੀਆਂ ਦੀ ਪਿਛਲੇ ਪਾਸੇ ਵਾਲੀ ਵਾੜ ਟੁੱਟੀ ਹੋਈ ਸੀ। ਦੋਵਾਂ ਘਰਾਂ ਦੇ ਵਿਚਕਾਰਲੀ ਵਾੜ ਵੀ ਇਕ ਥਾਂ ਤੋਂ ਉੱਖੜੀ ਹੋਈ ਸੀ। ਉਹ ਅਰਾਮ ਨਾਲ ਹੀ ਉਤੋਂ ਦੀ ਲੰਘ ਗਿਆ। ਧਿਆਨ ਨਾਲ ਵੇਖਦਿਆਂ ਉਹ ਫਾਰਮ ਵਿਚ ਚਲਾ ਗਿਆ। ਫਾਰਮ ਵਿਚੋਂ ਉਸ ਨੇ ਖੱਬੇ ਪਾਸੇ ਵੇਖਿਆ। ਉਧਰ ਘਰ ਬਣੇ ਹੋਏ ਸਨ ਤੇ ਸੱਜੇ ਪਾਸੇ ਦੂਰ ਤੱਕ ਫਾਰਮ ਦਿਸ ਰਿਹਾ ਸੀ। ਉਹ ਘਰਾਂ ਵੱਲ ਤੁਰ ਪਿਆ। ਅੱਗੇ ਸੜਕ ਸੀ। ਉਸ ਨੇ ਦੋਵੀਂ ਪਾਸੀਂ ਵੇਖਿਆ ਪਰ ਕੁਝ ਵੀ ਖਾਸ ਨਾ ਦਿਸਿਆ ਤੇ ਉਹ ਵਾਪਿਸ ਘਰ ਵੱਲ ਆ ਗਿਆ।

ਇਕ ਵਾਰ ਫਿਰ ਉਸ ਨੇ ਘਰ ਦੇ ਬਾਹਰ ਲੱਗੀਆਂ ਪੱਥਰ ਦੀਆਂ ਸਲੈਬਾਂ ਨੂੰ ਧਿਆਨ ਨਾਲ ਘੋਖਿਆ ਪਰ ਉਸ ਨੂੰ ਕੋਈ ਮਾੜਾ ਮੋਟਾ ਵੀ ਨਾਂ-ਨਿਸ਼ਾਨ ਨਾ

ਮਿਲਿਆ। ਪੁਲੀਸ ਅਫ਼ਸਰ ਉਸ ਦੇ ਨਾਲ ਹੀ ਚੱਲ ਰਿਹਾ ਸੀ ਤੇ ਉਸ ਦੇ ਸਵਾਲਾਂ ਦਾ ਜਵਾਬ ਦੇ ਰਿਹਾ ਸੀ।

'ਸੀ ਸੀ ਟੀ ਵੀ ਚੈਕ ਕੀਤਾ?'

'ਸੀ ਸੀ ਟੀ ਵੀ ਚਲਦਾ ਪਰ ਚਿੱਪ ਗਾਇਬ ਹੈ। ਸੋ ਰੀਕਾਰਡਿੰਗ ਮਿਲ ਨਹੀਂ ਰਹੀ।'

ਸਕੌਟ ਨੂੰ ਹੁਣ ਤੱਕ ਪਤਾ ਲੱਗ ਗਿਆ ਸੀ ਉਹ ਕਿਸੇ ਅਸਾਧਰਣ ਅਪਰਾਧੀ ਨੂੰ ਲੱਭ ਰਿਹਾ ਸੀ। ਕਤਲ ਬਹੁਤ ਪਲੈਨਿੰਗ ਅਤੇ ਸੋਚੀ ਸਮਝੀ ਸਾਜਿਸ਼ ਅਧੀਨ ਕੀਤਾ ਗਿਆ ਸੀ। ਅਪਰਾਧੀ ਨੇ ਕੋਈ ਵੀ ਸਬੂਤ ਨਹੀਂ ਸੀ ਛੱਡਿਆ ਲਗਦਾ।

'ਸਾਹਮਣੇ ਘਰ ਵਾਲਿਆ ਤੋਂ ਸੀ ਸੀ ਟੀ ਵੀ ਦੀ ਚਿੱਪ ਲਈ?'

'ਹਾਂ ਸਾਹਮਣੇ ਘਰ ਤੇ ਨਾਲ ਦੇ ਘਰਾਂ ਤੋਂ ਵੀ ਚਿੱਪ ਲੈ ਕੇ ਲੈਬਾਰਟਰੀ ਨੂੰ ਭੇਜ ਦਿੱਤੀ ਹੈ।'

ਉਹ ਮ੍ਰਿਤਕ ਦੀ ਪਤਨੀ ਨੂੰ ਇੰਟਰਵਿਊ ਕਰਨਾ ਚਾਹੁੰਦਾ ਸੀ। ਪਰ ਅਜੇ ਉਹ ਬਹੁਤ ਸਦਮੇ ਵਿਚ ਸੀ ਤੇ ਇਕ ਅੱਧ ਦਿਨ ਠਹਿਰ ਕੇ ਹੀ ਗੱਲ ਕਰਨ ਯੋਗ ਹੋ ਸਕੇਗੀ। ਸਕੌਟ ਨੂੰ ਪਰਿਵਾਰ ਤੇ ਉਸ ਦੇ ਦੋਸਤਾਂ ਤੋਂ ਬਹੁਤ ਡੂੰਘੀ ਜਾਣਕਾਰੀ ਲੈਣੀ ਪੈਣੀ ਸੀ।

'ਇਹ ਗੈਰੀ ਕੀ ਕੰਮ ਕਰਦਾ ਸੀ, ਕੋਈ ਜਾਣਕਾਰੀ?'

'ਮਮੂਲੀ ਜਿਹੀ ਜਾਣਕਾਰੀ ਹੈ। ਇਕ ਕੰਪਨੀ ਹੈ 'ਫਿਊਚਰ ਲਾਈਫ'। ਇਹ ਤਿੰਨ ਡਾਇਰੈਕਟਰਾਂ ਵਿਚੋਂ ਇਕ ਸੀ।'

'ਹੈਡ ਆਫਿਸ ਕੰਪਨੀ ਦਾ ਕਿਥੇ ਐ?'

'ਲੌਂਗ ਲੇਨ 'ਤੇ--।'

'ਗੈਰੀ ਦਾ ਲੈਪ ਟੌਪ ਤੇ ਫ਼ੋਨ ---?'

'ਮਿਲਿਆ ਨਹੀਂ। ਲਗਦਾ ਕਾਤਿਲ ਨਾਲ ਹੀ ਲੈ ਗਿਆ।'

ਸਕੌਟ ਹੈਰਾਨੀ ਨਾਲ ਖੜ੍ਹਾ ਵੇਖਦਾ ਹੀ ਰਹਿ ਗਿਆ। ਉਸ ਨੂੰ ਯਕੀਨ ਨਹੀਂ ਸੀ ਆ ਰਿਹਾ। ਹੁਣ ਉਹ ਸੋਚ ਰਿਹਾ ਸੀ ਕਿ ਗੈਰੀ ਦੇ ਲੈਪ ਟੌਪ ਵਿਚ ਸੰਭਵ ਹੈ ਕੋਈ ਇਹੋ ਜਿਹੀ ਜਾਣਕਾਰੀ ਹੋਵੇ ਜੋ ਕਿਸੇ ਲਈ ਬਹੁਤ ਹੀ ਮਹੱਤਵਪੂਰਨ ਹੋਵੇ। ਕਤਲ ਦੀ ਗੁੱਥੀ ਸੁਲਝਣ ਦੀ ਥਾਂ ਉਲਝਦੀ ਹੀ ਜਾ ਰਹੀ ਸੀ।

ਮਿਹਰਬਾਨੀ ਕਹਿੰਦਿਆਂ ਸਕੌਟ ਨੇ ਆਪਣੀ ਨੋਟ ਬੁੱਕ ਬੰਦ ਕੀਤੀ। ਇਕ ਵਾਰ ਫਿਰ ਘਰ ਨੂੰ ਧਿਆਨ ਨਾਲ ਨਿਹਾਰਿਆ ਤੇ ਆਪਣੀ ਕਾਰ ਵਿਚ ਆ ਬੈਠਾ। ਉਸ ਨੇ ਆਪਣੇ ਟੈਲੀਫ਼ੋਨ 'ਤੇ ਗੂਗਲ ਰਾਹੀਂ 'ਫਿਊਚਰ ਲਾਈਫ' ਦੇ ਡਾਇਰੈਕਟਰਾਂ ਦੀ ਜਾਣਕਾਰੀ ਲੱਭ ਲਈ। ਕੰਪਨੀ ਦੇ ਹੈਡ ਆਫਿਸ ਦਾ ਅਡੈਰੈਸ ਵੀ ਸੀ ਤੇ 'ਕਸਟਮਰ ਕੇਅਰ' ਦਾ ਫ਼ੋਨ ਨੰਬਰ ਵੀ। ਪਹਿਲਾਂ ਉਸ ਨੇ ਟੈਲੀਫ਼ੋਨ ਜਾਂ ਈ ਮੇਲ ਕਰਕੇ ਮਿਲਣ ਦਾ ਸਮਾਂ ਨੀਯਤ ਕਰਨ ਬਾਰੇ ਸੋਚਿਆ। ਫਿਰ ਉਸ ਨੇ ਆਪ ਹੀ ਕੰਪਨੀ ਦਫ਼ਤਰ ਜਾਣ ਬਾਰੇ ਸੋਚਿਆ। ਆਪ ਜਾ ਕੇ ਸ਼ਾਇਦ ਉਸ ਨੂੰ ਕੋਈ ਹੋਰ ਜਾਣਕਾਰੀ ਵੀ ਮਿਲ ਸਕਦੀ

ਸੀ। ਵੈਸੇ ਵੀ ਲੌਂਗ ਲੇਨ ਤੋਂ ਉਹ ਬਹੁਤ ਦੂਰ ਨਹੀਂ ਸੀ। ਕੁਝ ਮਿੰਟਾਂ ਦੀ ਗੱਲ ਸੀ।

ਦਫ਼ਤਰ ਕੋਈ ਬਹੁਤ ਅਮੀਰੀ ਠਾਠ ਵਾਲਾ ਨਹੀਂ ਸੀ। ਛੋਟੀ ਬਿਲਡਿੰਗ ਸੀ ਤੇ ਦਰਵਾਜ਼ੇ ’ਤੇ ਘੰਟੀ ਲੱਗੀ ਹੋਈ ਸੀ। ਉਸ ਨੇ ਬੈਲ ਕੀਤੀ ਤਾਂ ਸਪੀਕਰ ’ਤੇ ਆਵਾਜ਼ ਆਈ, ‘ਮੈਂ ਤੁਹਾਡੀ ਕੀ ਮਦਦ ਕਰ ਸਕਦੀ ਹਾਂ?’

‘ਮੈਂ ਡਿਟੈਕਟਿਵ ਸਕੌਟ ਹਾਂ ਤੇ ਕਿਸੇ ਜ਼ਰੂਰੀ ਕੰਮ ਲਈ ਗੱਲ ਕਰਨੀ ਚਾਹੁੰਦਾ ਹਾਂ।’

ਦਰਵਾਜ਼ਾ ਖੁੱਲ੍ਹ ਗਿਆ ਤੇ ਸਕੌਟ ਰਿਸੈਪਸ਼ਨ ਡੈਸਕ ’ਤੇ ਚਲਾ ਗਿਆ। ਉਸ ਨੇ ਆਪਣਾ ਸ਼ਨਾਖਤੀ ਕਾਰਡ ਕੱਢ ਕੇ ਕੁੜੀ ਨੂੰ ਦਿਖਾਇਆ।

‘ਮੈਂ ਡਾਇਰੈਕਟਰ ਨੂੰ ਮਿਲਣਾ ਚਾਹੁੰਦਾ ਹਾਂ—ਜ਼ਰੂਰੀ।’

‘ਇਸ ਵੇਲੇ ਤਾਂ ਉਹ ਏਥੇ ਨਹੀਂ ਹਨ। ਕੱਲ੍ਹ ਦੀ ਮੀਟਿੰਗ ਸੰਭਵ ਹੋ ਸਕਦੀ ਹੈ।’

‘ਠੀਕ ਹੈ।’

‘ਕੱਲ੍ਹ ਗਿਆਰਾਂ ਵਜੇ ਡਾਇਰੈਕਟਰ ਜੋਅ ਜਾਂ ਜੋਰਜ ਕਿਸ ਨਾਲ ਬਣਾਵਾਂ?’

‘ਦੋਵਾਂ ਨਾਲ ਹੀ --।’ ਮੈਂ ਗਿਆਰਾਂ ਵਜੇ ਪਹੁੰਚ ਜਾਵਾਂਗਾ ਤੇ ਧੰਨਵਾਦ।

✷❖✷

## 2

ਘਰ ਜਾ ਕੇ ਸਕੌਟ ਨੇ ਆਪਣਾ ਲੈਪ ਟੌਪ ਖੋਲ੍ਹਿਆ ਤੇ ਦੋਵਾਂ ਡਾਇਰੈਕਟਰਾਂ ਬਾਰੇ ਜਾਣਕਾਰੀ ਲੈਣ ਲੱਗਾ। ਉਹ ਮੀਟਿੰਗ ਤੋਂ ਪਹਿਲਾਂ ਜੋ ਵੀ ਸੰਭਵ ਸੀ ਜਾਣ ਲੈਣਾ ਚਾਹੁੰਦਾ ਸੀ। ਦੋਵਾਂ ਦੀ ਤਨਖਾਹ, ਘਰ, ਕਾਰਾਂ, ਉਹਨਾਂ ਦੇ ਪਿਛੋਕੜ ਬਾਰੇ ਉਸ ਨੇ ਗੂਗਲ ਰਾਹੀਂ ਕਾਫੀ ਜਾਣਕਾਰੀ ਲੈ ਲਈ ਸੀ। ਨਾਲ ਹੀ ਉਸ ਨੇ ਪਿਛਲੇ ਸਾਲ ਦੇ ਫਿਊਚਰ ਲਿਵਿੰਗ ਕੰਪਨੀ ਦੇ ਕੰਪਨੀ ਹਾਊਸ ਦੀ ਵੈਬ ਸਾਈਟ ਤੋਂ ਅਕਾਊਂਟਸ ਦਾ ਸਾਰ-ਅੰਸ਼ ਪ੍ਰਾਪਤ ਕਰ ਲਿਆ। ਕੰਪਨੀ ਦੀ ਆਰਥਿਕ ਹਾਲਤ ਬਹੁਤ ਚੰਗੀ ਸੀ। ਪਰ ਡਾਇਰੈਕਟਰਾਂ ਦੀ ਤਨਖਾਹ ਉਸ ਅਨੁਸਾਰ ਬਹੁਤ ਘੱਟ ਸੀ। ਉਹਨਾਂ ਦਾ ਰਹਿਣ-ਸਹਿਣ ਵੀ ਕੋਈ ਬਹੁਤ ਸ਼ਾਹੀ ਨਹੀਂ ਸੀ ਲਗਦਾ। ਅੱਜ ਕੱਲ੍ਹ ਡਾਇਰੈਕਟਰ ਮੋਟੀ ਤਨਖਾਹ ਲੈਂਦੇ ਹੋਣ ਕਰਕੇ ਉਸ ਨੂੰ ਇਹ ਅਚੰਭਾ ਹੋਣਾ ਕੁਦਰਤੀ ਸੀ।

ਉਹ ਸੋਚਦਾ ਆਪਣੇ ਰਾਹ ਪੈ ਗਿਆ। ਹੁਣ ਤੱਕ ਉਹ ਵਾਰ ਵਾਰ ਕਤਲ ਦਾ ਮਕਸਦ ਸਮਝਣ ਦਾ ਯਤਨ ਕਰ ਰਿਹਾ ਸੀ। ਘਰ ਵਿਚੋਂ ਕੋਈ ਚੀਜ਼ ਚੋਰੀ ਨਹੀਂ ਸੀ ਹੋਈ। ਮੁੜ-ਘੁੜ ਕੇ ਕਤਲ ਦਾ ਕਾਰਨ ਲੈਪ ਟੌਪ ’ਤੇ ਕੇਂਦਰਤ ਹੋ ਜਾਂਦਾ। ਕੋਈ ਤੋੜ-ਭੰਨ ਨਹੀਂ ਸੀ ਕੀਤੀ ਗਈ। ਕਿਸੇ ਕਿਸਮ ਦਾ ਸੁਨੇਹਾ ਵੀ ਨਹੀਂ ਸੀ ਛਡਿਆ ਗਿਆ। ਇਹ ਕਤਲ ਬਹੁਤ ਹੀ ਗੁਪਤ ਨਿਸ਼ਾਨੇ ਨੂੰ ਮੁੱਖ ਰੱਖ ਕੇ ਕੀਤਾ ਗਿਆ ਲਗਦਾ ਸੀ। ਸੋਚਾਂ ਸੋਚਦਾ ਉਹ ਫਿਊਚਰ ਲਿਵਿੰਗ ਦੇ ਦਫ਼ਤਰ ਦੀ ਬੈਲ ਵਜਾਉਣ ਲੱਗਾ। ਕੱਲ੍ਹ ਵਾਂਗ ਹੀ ਉਸ ਨੂੰ ਆਪਣਾ ਨਾਂ ਦੱਸਣਾ ਪਿਆ ਤੇ ਦਰਵਾਜ਼ਾ ਝੱਟ ਖੁੱਲ੍ਹ ਗਿਆ। ਰਿਸੈਪਸ਼ਨ ’ਤੇ ਖੜ੍ਹੀ ਕੁੜੀ ਨੇ ਉਸ ਦਾ ਮੁਸਕਰਾ ਕੇ ਸਵਾਗਤ ਕੀਤਾ।

‘ਆਉ ਤੁਹਾਡੀ ਉਡੀਕ ਹੋ ਰਹੀ ਹੈ।’

ਉਹ ਨਿੱਕੇ ਨਿੱਕੇ ਕਦਮ ਪੁੱਟਦੀ ਮੜਕ ਨਾਲ ਅੱਗੇ ਅੱਗੇ ਤੁਰ ਪਈ। ਸਕੌਟ ਹਰ ਨਿੱਕੀ ਚੀਜ਼ ਵੱਲ ਗਹੁ ਨਾਲ ਵੇਖਦਾ ਉਸ ਦੇ ਪਿੱਛੇ ਤੁਰ ਰਿਹਾ ਸੀ। ਕੁੜੀ ਨੇ ਇਕ ਕਮਰੇ ਦਾ ਦਰਵਾਜ਼ਾ ਖੜਕਾਇਆ ਤੇ ਖੋਲ੍ਹ ਕੇ ਸਕੌਟ ਨੂੰ ਅੰਦਰ ਲੰਘਣ ਦਿੱਤਾ।

‘ਹੈਲੋ ਇਨਸਪੈਕਟਰ।’ ਕਹਿੰਦਿਆਂ ਤੇ ਉਦਾਸ ਜਿਹੀ ਮੁਸਕਰਾਹਟ ਨਾਲ ਦੋਵਾਂ ਡਾਇਰੈਕਟਰਾਂ ਨੇ ਆਪਣੀ ਜਾਣ-ਪਛਾਣ ਕਰਾਈ ਤੇ ਹੱਥ ਨਾਲ ਉਸ ਨੂੰ ਕੁਰਸੀ ’ਤੇ ਬੈਠਣ ਦਾ ਇਸ਼ਾਰਾ ਕੀਤਾ।

‘ਮੈਨੂੰ ਗੈਰੀ ਦੇ ਕਤਲ ਦਾ ਬਹੁਤ ਅਫ਼ਸੋਸ ਹੈ--।’ ਸਕੌਟ ਨੇ ਉਹਨਾਂ ਦੋਵਾਂ ਵੱਲ ਵੇਖਦਿਆਂ ਰਸਮੀ ਜਿਹੀ ਗੱਲ ਸ਼ੁਰੂ ਕੀਤੀ।

‘ਜ਼ਿੰਦਗੀ ਵਿਚ ਪਹਿਲੀ ਵਾਰ ਏਨਾ ਵੱਡਾ ਸਦਮਾ ਸਹਿਣ ਕਰਨਾ ਪੈ ਰਿਹਾ।’

ਜੋਅ ਦੀ ਆਵਾਜ਼ ਵਿਚ ਜਿੰਨੀ ਉਦਾਸੀ ਸੀ ਓਨੀ ਹੀ ਉਸ ਦੇ ਚਿਹਰੇ ’ਤੇ ਵੀ ਸੀ। ਜੋਰਜ ਵੀ ਉਸ ਤੋਂ ਘੱਟ ਉਦਾਸ ਨਹੀਂ ਸੀ। ਸਕੌਟ ਦੀ ਪਾਰਖੂ ਅੱਖ ਨੇ ਅੰਦਾਜ਼ਾ

ਲਗਾਇਆ ਕਿ ਉਹ ਦਿਲੋਂ ਹੀ ਇੰਝ ਮਹਿਸੂਸ ਕਰ ਰਹੇ ਸਨ। ਜੋਰਜ ਨੇ ਕੌਫੀ ਤਿੰਨਾਂ ਕੱਪਾਂ ਵਿਚ ਪਾਈ ਤੇ ਕੱਪ ਉਹਨਾਂ ਅੱਗੇ ਰੱਖ ਦਿੱਤੇ।

'ਦੱਸੋ ਅਸੀਂ ਤੁਹਾਡੀ ਕੀ ਮਦਦ ਕਰ ਸਕਦੇ ਹਾਂ?' ਜੋਰਜ ਨੇ ਸਵਾਲ ਕੀਤਾ।

'ਮੈਂ ਗੈਰੀ ਬਾਰੇ ਜਾਣਨਾ ਚਾਹੁੰਦਾ ਹਾਂ। ਗੈਰੀ ਕਦੋਂ ਤੋਂ ਡਾਇਰੈਕਟਰ ਦੇ ਅਹੁਦੇ ਸੀ?'

'ਗੈਰੀ ਸਾਡੇ ਦੋਵਾਂ ਨਾਲੋਂ ਸੀਨੀਅਰ ਸੀ। ਉਹ ਚਾਰ ਸਾਲ ਤੋਂ ਅਹੁਦੇ 'ਤੇ ਸੀ। ਪਰ ਸਾਡੇ ਨਾਲੋਂ ਕਿਤੇ ਵੱਧ ਮਿਹਨਤੀ ਸੀ। ਉਸ ਦੇ ਅਹੁਦੇ 'ਤੇ ਹੁੰਦਿਆਂ ਕੰਪਨੀ ਨੇ ਕਾਫੀ ਤਰੱਕੀ ਕੀਤੀ।' ਜੋਰਜ ਨੇ ਦੱਸਿਆ।

'ਕੰਪਨੀ ਦੇ ਡਾਇਰੈਕਟਰ ਕਿਵੇਂ ਚੁਣੇ ਜਾਂਦੇ ਹਨ?'

'ਸਾਡੀ ਐਗਜ਼ੈਕਟਿਵ ਕਮੇਟੀ ਹੈ। ਉਹਨਾਂ ਦਾ ਪਿਛਲੇ ਸਾਲਾਂ ਦਾ ਕੰਮ ਵੇਖਿਆ ਜਾਂਦਾ ਤੇ ਯੋਗ ਵਿਅੱਕਤੀ ਨੂੰ ਉਹਨਾਂ ਵਿਚੋਂ ਚੁਣ ਲਿਆ ਜਾਂਦਾ। ਕਦੀ ਕਦੀ ਸਾਰੇ ਹਿੱਸੇਦਾਰਾਂ ਦੀਆਂ ਵੋਟਾਂ ਵੀ ਪੈਂਦੀਆਂ। ਪਰ ਗੈਰੀ ਨੂੰ ਸਰਬਸੰਮਤੀ ਨਾਲ ਚੁਣ ਲਿਆ ਗਿਆ ਸੀ।'

'ਤੁਹਾਨੂੰ ਕੀ ਲਗਦਾ ਗੈਰੀ ਦੇ ਕਤਲ ਦਾ ਕੀ ਕਾਰਨ ਹੋ ਸਕਦਾ?'

'ਇਹੋ ਤਾਂ ਮਿਲੀਅਨ ਪਾਊਂਡ ਦਾ ਸਵਾਲ ਐ। ਗੈਰੀ ਦੀ ਕਿਸੇ ਨਾਲ ਦੁਸ਼ਮਨੀ ਨਹੀਂ ਸੀ। ਅਸੀਂ ਰਾਤ ਵੀ ਗੱਲਾਂ ਕਰ ਰਹੇ ਸੀ। ਕਿਤੇ ਗੈਰੀ ਨੂੰ ਗਲਤੀ ਨਾਲ ਹੀ ਤਾਂ ਨੀ ਕਤਲ ਕੀਤਾ ਗਿਆ!' ਜੋਅ ਬੋਲਿਆ।

'ਕਤਲ ਬਹੁਤ ਲੰਬੀ ਚੌੜੀ ਸਕੀਮ ਨਾਲ ਕੀਤਾ ਗਿਆ ਹੈ। ਮੇਰੇ ਖਿਆਲ ਵਿਚ ਗਲਤੀ ਦੀ ਸੰਭਾਵਨਾ ਨਾ ਬਰਾਬਰ ਹੈ।' ਸਕੌਟ ਨੇ ਵੀ ਇਹ ਸੋਚਿਆ ਸੀ ਪਰ ਇਸ ਵਿਚਾਰ ਨੂੰ ਰੱਦ ਕਰਨਾ ਪਿਆ ਸੀ।

'ਹੋਰ ਤਾਂ ਕੋਈ ਕਾਰਨ ਨਜ਼ਰ ਨਹੀਂ ਆਉਂਦਾ---।' ਜੋਰਜ ਨੇ ਸਿਰ ਮਾਰਦਿਆਂ ਕਿਹਾ।

'ਕੀ ਉਸ ਦੇ ਕਿਸੇ ਸਿਆਸੀ ਜਾਂ ਕੱਟੜ ਧਾਰਮਿਕ ਗਰੁੱਪ ਨਾਲ ਸਬੰਧ ਸਨ ਜਾਂ ਉਹ ਕਿਸੇ ਗਰੁੱਪ ਦੀ ਸਖ਼ਤ ਵਿਰੋਧਤਾ ਕਰਦਾ ਹੋਵੇ?'

'ਵਿਚਾਰ ਤਾਂ ਸਭ ਦੇ ਹੀ ਹੁੰਦੇ ਹਨ। ਪਰ ਉਸ ਨੇ ਕਦੇ ਸਿੱਧੇ ਰੂਪ ਵਿਚ ਕਿਸੇ ਨੂੰ ਨਿੰਦਿਆਂ ਭੰਡਿਆ ਨਹੀਂ ਸੀ। ਕੁਝ ਹੋਰ ਦੋਸਤਾਂ ਵਿਚ ਤਾਂ ਭਾਵੇਂ ਕਦੇ ਉਸ ਨੇ ਆਪਣੇ ਵਿਚਾਰ ਦਿੱਤੇ ਹੋਣ। ਉਸ ਨਾਲੋਂ ਕਿਤੇ ਵੱਧ ਮੈਂ ਬੋਲਦਾ ਰਿਹਾਂ। ਮੇਰਾ ਨੀ ਖਿਆਲ ਕੋਈ ਸਿਆਸੀ ਕਾਰਨ ਹੈ।'

'ਉਸ ਦੀ ਪਰਿਵਾਰਕ ਜ਼ਿੰਦਗੀ ਕਿਵੇਂ ਸੀ?'

'ਬਹੁਤ ਵਧੀਆ। ਉਹਨਾਂ ਨੇ ਪਿਆਰ ਵਿਆਹ ਕਰਵਾਇਆ ਸੀ ਤੇ ਉਹ ਇਕ ਦੂਜੇ 'ਤੇ ਜਾਨ ਛਿੜਕਦੇ ਸਨ। ਮੈਨੂੰ ਤਾਂ ਹੁਣ ਰੋਜ਼ੀ ਦਾ ਫਿਕਰ ਐ। ਗੈਰੀ ਬਿਨਾਂ ਉਹ ਕਿਵੇਂ ਰਹੇਗੀ---?'

'ਗੈਰੀ ਦਾ ਲੈਪ ਟੌਪ ਤੇ ਫ਼ੋਨ ਲਗਦਾ ਕਾਤਲ ਨਾਲ ਲੈ ਗਿਆ ਹੈ। ਤੁਹਾਡੇ ਖਿਆਲ ਵਿਚ ਗੈਰੀ ਕੋਲ ਇਹੋ ਜਿਹੀ ਕਿਹੜੀ ਜਾਣਕਾਰੀ ਸੀ ਜਿਸ ਪਿੱਛੇ ਕੋਈ ਉਸ ਦਾ ਕਤਲ ਤੱਕ ਕਰ ਸਕਦਾ ਹੈ?'

ਜੋਅ ਅਤੇ ਜੋਰਜ ਦੋਵੇਂ ਇਕ ਦੂਜੇ ਵੱਲ ਵੇਖਣ ਲੱਗੇ। ਉਹ ਹੈਰਾਨ ਸਨ।

'ਮੇਰਾ ਨਹੀਂ ਖਿਆਲ ਗੈਰੀ ਕੋਲ ਅਜਿਹੀ ਕੋਈ ਜਾਣਕਾਰੀ ਹੋ ਸਕਦੀ ਹੈ। ਸਾਡਾ ਬਿਜਨਸ ਤਾਂ ਸਾਰਾ ਹੀ ਪਾਰਦਰਸ਼ੀ ਹੈ। ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿਚ ਵੀ ਸਭ ਵਿਚਾਰਿਆ ਜਾਂਦਾ। ਗੈਰੀ ਕੋਲ ਹੋਰ ਕਿਹੜੀ ਜਾਣਕਾਰੀ ਹੋ ਸਕਦੀ ਹੈ?' ਜੋਰਜ ਜਿਵੇਂ ਆਪਣੇ ਆਪ ਨੂੰ ਪੁੱਛ ਰਿਹਾ ਹੋਵੇ।

ਸਕੌਟ ਨੇ ਇਸ ਵਕਤ ਹੋਰ ਸਵਾਲ ਕਰਨਾ ਠੀਕ ਨਾ ਸਮਝਿਆ। ਉਸ ਨੂੰ ਦੋਵਾਂ ਡਇਰੈਕਟਰਾਂ ਤੋਂ ਕੋਈ ਖਾਸ ਜਾਣਕਾਰੀ ਨਹੀ ਸੀ ਮਿਲੀ। ਨਾ ਹੀ ਉਸ ਨੂੰ ਕੁਝ ਸ਼ੱਕੀ ਲੱਗਿਆ ਸੀ। ਆਪਣਾ ਕਾਰਡ ਉਹਨਾਂ ਨੂੰ ਦਿੰਦਿਆਂ ਉਸ ਨੇ ਕੋਈ ਵੀ ਨਵੀਂ ਸੂਚਨਾ ਮਿਲਣ 'ਤੇ ਉਸ ਨੂੰ ਟੈਲੀਫ਼ੋਨ ਕਰਨ ਦੀ ਤਾਕੀਦ ਕੀਤੀ। ਉਸ ਨੂੰ ਲੱਗਿਆ ਜਿਵੇਂ ਹਨ੍ਹੇਰੀ ਸੁਰੰਗ ਵਿਚ ਅਜੇ ਕਿਧਰੇ ਮਾੜੀ ਮੋਟੀ ਵੀ ਚਾਨਣ ਦੀ ਲੀਕ ਦਿਸਣੀ ਤਾਂ ਕੀ ਚਾਨਣ ਦਾ ਭੁਲੇਖਾ ਵੀ ਨਹੀਂ ਪਿਆ ਸੀ। ਉਹ ਕਾਰ ਵਿਚ ਆ ਬੈਠਾ 'ਤੇ ਗੈਰੀ ਦੇ ਘਰ ਵੱਲ ਨੂੰ ਕਾਰ ਮੋੜ ਲਈ।

ਪੁਲੀਸ ਨੇ ਆਪਣਾ ਕੰਮ ਕਰ ਲਿਆ ਸੀ। ਹੁਣ ਉਥੇ ਪੁਲੀਸ ਦੀ ਹਾਜ਼ਰੀ ਨਹੀਂ ਸੀ। ਸਕੌਟ ਗੈਰੀ ਦੇ ਘਰ ਦੇ ਬਾਹਰ ਇਕ ਵਾਰ ਫਿਰ ਤੋਂ ਕਾਤਲ ਦੇ ਸੰਭਵੀ ਪਲੈਨ ਬਾਰੇ ਸੋਚਣ ਲੱਗਾ। ਉਸ ਨੇ ਅੰਦਰ ਜਾਣ ਦੇ ਰਸਤਿਆਂ ਨੂੰ ਬਾਹਰ ਤੋਂ ਫਿਰ ਵਿਚਾਰਿਆ। ਪਰ ਇਸ ਵਾਰ ਵੀ ਉਸ ਦੇ ਨਤੀਜੇ ਪਹਿਲਾਂ ਵਾਲੇ ਹੀ ਸਨ। ਉਸ ਨੇ ਦਰਵਾਜ਼ੇ ਦੀ ਘੰਟੀ ਖੜਕਾਈ ਤਾਂ ਇਕ ਪੱਕੀ ਉਮਰ ਦੇ ਆਦਮੀ ਨੇ ਦਰਵਾਜ਼ਾ ਖੋਲ੍ਹਿਆ।

'ਮੈਂ ਡੀਟੈਕਟਵ ਇੰਸਪੈਕਟਰ ਸਕੌਟ।' ਉਸ ਨੇ ਆਪਣਾ ਸ਼ਨਾਖਤੀ ਕਾਰਡ ਦਿਖਾਇਆ ਤੇ ਬੰਦਾ ਦਰਵਾਜ਼ੇ ਤੋਂ ਪਾਸੇ ਹੋ ਗਿਆ। ਸਕੌਟ ਅੰਦਰ ਲੰਘ ਗਿਆ।

'ਮੈਂ ਗੈਰੀ ਦੀ ਪਤਨੀ ਰੋਜ਼ੀ ਨੂੰ ਮਿਲਣਾ ਚਾਹੁੰਦਾ ਹਾਂ।'

'ਆਉ' ਕਹਿ ਕੇ ਆਦਮੀ ਉਸ ਨੂੰ ਗੈਰੀ ਦੇ ਲਾਊਂਜ ਵਿਚ ਲੈ ਗਿਆ ਤੇ ਉਸ ਨੂੰ ਬੈਠਣ ਲਈ ਕਿਹਾ। ਕੁਝ ਮਿੰਟਾਂ ਬਾਅਦ ਰੋਜ਼ੀ ਆ ਗਈ। ਉਸ ਨੇ ਉੱਠ ਕੇ ਉਸ ਨਾਲ ਹੱਥ ਮਿਲਾਇਆ ਤੇ ਗੈਰੀ ਦੀ ਮੌਤ ਦਾ ਅਫ਼ਸੋਸ ਜ਼ਾਹਰ ਕੀਤਾ।

'ਮੁਆਫ਼ ਕਰਨਾ ਮੈਂ ਤੁਹਾਨੂੰ ਕਿਸ ਨਾਂ ਨਾਲ ਸੰਬੋਧਨ ਕਰਾਂ?'

'ਰੋਜ਼ੀ ਹੀ ਠੀਕ ਹੈ।'

'ਮਿਹਰਬਾਨੀ---ਮੈਂ ਗੈਰੀ ਬਾਰੇ ਹੀ ਜਾਣਨਾ ਚਾਹੁੰਨਾ। ਕੀ ਤੁਹਾਨੂੰ ਉਸ ਦੇ ਕਤਲ ਦਾ ਕੋਈ ਖਾਸ ਕਾਰਨ ਲਗਦਾ? ਜਾਂ ਤੁਹਾਨੂੰ ਕਿਸੇ 'ਤੇ ਸ਼ੱਕ ਹੋਵੇ—ਮਾਮੂਲੀ ਜਿਹਾ ਵੀ ਉਸ ਨੇ ਤੁਹਾਡੇ ਕੋਲ ਇਸ ਸਬੰਧੀ ਕਦੀ ਵੀ ਜ਼ਿਕਰ ਕੀਤਾ ਹੋਵੇ?'

ਸਕੌਟ ਨੇ ਕਈ ਸਵਾਲ ਦਾਗ ਦਿੱਤੇ।

'ਮੈਂ ਵਾਰ ਵਾਰ ਸੋਚਿਆ ਹੈ। ਮੈਨੂੰ ਅਜਿਹਾ ਕੁਝ ਵੀ ਯਾਦ ਨਹੀਂ ਆ ਰਿਹਾ। ਗੈਰੀ ਦੇ ਜਾਣ ਜਿੰਨਾ ਹੀ ਦੁਖ ਮੈਨੂੰ ਇਸ ਗੱਲ ਦਾ ਵੀ ਐ ਕਿ ਆਖਰ ਉਸ ਨੂੰ ਕਿਸੇ ਨੇ ਕਿਉਂ ਕਤਲ ਕੀਤਾ?' ਰੋਜ਼ੀ ਦੀ ਗਮਗੀਨ ਆਵਾਜ਼ ਮਸਾਂ ਹੀ ਸੁਣ ਰਹੀ ਸੀ। ਸਕੌਟ ਨੂੰ ਅਜਿਹੇ ਹੀ ਜਵਾਬ ਦੀ ਉਮੀਦ ਸੀ।

‘ਜਦ ਤੁਸੀਂ ਉਸ ਦਿਨ ਘਰ ਆਏ ਤਾਂ ਕੀ ਤੁਸੀਂ ਕੋਈ ਕਾਰ ਨੇੜੇ-ਤੇੜੇ ਪਾਰਕ ਕੀਤੀ ਦੇਖੀ ਜਾਂ ਕੋਈ ਪੈਦਲ ਜਾਂਦਾ ਆਦਮੀ।’

‘ਨਹੀਂ-। ਵੈਸੇ ਵੀ ਨੌਂ ਕੁ ਵਜੇ ਬਾਅਦ ਸਾਡੀ ਰੋਡ ’ਤੇ ਕੋਈ ਖਾਸ ਕਾਰਾਂ ਨਹੀ ਆਉਂਦੀਆਂ ਜਾਂਦੀਆਂ।’

‘ਰੋਜ਼ੀ ਮੈਂ ਤੁਹਾਡੇ ਨਾਲ ਸਪੱਸ਼ਟ ਗੱਲ ਕਰਾਂਗਾ। ਅਜੇ ਤੱਕ ਸਾਨੂੰ ਕੋਈ ਮਾੜਾ ਮੋਟਾ ਵੀ ਸੁਰਾਗ ਨਹੀਂ ਮਿਲਿਆ। ਮੈਨੂੰ ਲਗਦਾ ਸਾਨੂੰ ਪੜਤਾਲ ਦਾ ਘੇਰਾ ਚੌੜਾ ਕਰਨਾ ਪੈਣਾ ਹੈ। ਮੈਂ ਤੁਹਾਡੇ ਨਾਲ ਗੈਰੀ ਦੀ ਮੁੱਢਲੀ ਜ਼ਿੰਦਗੀ ਬਾਰੇ ਵੀ ਗੱਲ ਕਰਨੀ ਚਾਹੁੰਦਾ ਹਾਂ। ਜਿੰਨੀ ਵੱਧ ਤੋਂ ਵੱਧ ਜਾਣਕਾਰੀ ਹੋਵੇ ਚੰਗਾ ਹੈ। ਮੈਂ ਸਮਝਦਾਂ ਇਹ ਬਹੁਤ ਔਖਾ ਸਮਾਂ ਹੈ। ਜਦੋਂ ਵੀ ਤੁਸੀਂ ਚਾਹੋ ਮੈਂ ਆ ਜਾਵਾਂਗਾ।’

‘ਮੇਰੇ ਖਿਆਲ ਵਿਚ ਮੇਰੇ ਨਾਲੋਂ ਕਿਤੇ ਵੱਧ ਮੇਰੇ ਫਾਦਰ ਇਨ ਲਾਅ ਨੂੰ ਜਾਣਕਾਰੀ ਹੋਵੇਗੀ। ਉਹ ਏਥੇ ਹੀ ਹੈ। ਕਹੋ ਤਾਂ ਉਹਨਾਂ ਨੂੰ ਭੇਜਾਂ!’

‘ਹਾਂ ਜ਼ਰੂਰ--।’

ਕੁਝ ਮਿੰਟਾਂ ਬਾਅਦ ਇਕ ਪੈਂਠ-ਸੱਤਰ ਕੁ ਸਾਲ ਦਾ ਬਜ਼ੁਰਗ ਉਸ ਨਾਲ ਹੱਥ ਮਿਲਾ ਰਿਹਾ ਸੀ।

‘ਮੇਰਾ ਨਾਂ ਹੈ ‘ਪੈਵ ਸਹੋਟਾ’ (ਸਹੋਤਾ) ਤੇ ਮੈਂ ਗੈਰੀ ਦਾ ਪਿਤਾ ਹਾਂ।’ ਕਹਿ ਕੇ ਉਹ ਚੇਅਰ ’ਤੇ ਬੈਠ ਗਿਆ।

‘ਦਰਅਸਲ ਮੈਂ ਗੈਰੀ ਦੇ ਪਿਛੋਕੜ ਬਾਰੇ ਜਾਣਨਾ ਚਾਹੁੰਦਾ ਸੀ ਜੇ ਤੁਹਾਡੇ ਕੋਲ ਸਮਾਂ ਹੈ ਤਾਂ--।’

ਪੈਵ ਨੀਵੀ ਪਾਈ ਕੁਝ ਸੋਚਦਾ ਰਿਹਾ। ਸਕੌਟ ਉਸ ਨੂੰ ਵੇਖਦਾ ਰਿਹਾ। ਕੁਝ ਮਿੰਟਾਂ ਬਾਅਦ ਬਜ਼ੁਰਗ ਉੱਠਿਆ ਤੇ ‘ਮੈਂ ਆਇਆ ਦੋ ਮਿੰਟ ’ਚ’ ਕਹਿ ਕੇ ਚਲਾ ਗਿਆ। ਜਦ ਵਾਪਿਸ ਆਇਆ ਤਾਂ ਉਸ ਦੇ ਹੱਥ ਵਿਚ ਪਾਣੀ ਦਾ ਗਲਾਸ ਸੀ।

‘ਮੈਂ ਵਿਸਥਾਰ ਨਾਲ ਸਭ ਦੱਸ ਦਿੰਨਾ ਜੋ ਮੈਨੂੰ ਪਤੈ। ਨਿੱਕੀ ਨਿੱਕੀ ਗੱਲ ਵੀ। ਜੇ ਕੁਝ ਹੋਰ ਪੁੱਛਣਾ ਹੋਇਆ ਤਾਂ ਮੈਨੂੰ ਪੁੱਛ ਲੈਣਾ। ਮੈਂ ਨਾਲ ਦੀ ਰੋਡ ’ਤੇ ਰਹਿੰਨਾ। ਗੱਲ ਮੈਂ ਆਵਦੇ ਪਿਉ ਤੋਂ ਸ਼ੁਰੂ ਕਰਦਾਂ।’ ਬਜ਼ੁਰਗ ਨੇ ਕਿਹਾ।

ਸਕੌਟ ਨੇ ਰਿਕਾਰਡਿੰਗ ਕਰਨੀ ਸ਼ੁਰੂ ਕਰ ਦਿੱਤੀ। ਹੈਰਾਨ ਸੀ, ਪੈਵ ਨੇ ਲੰਬੀ ਕਹਾਣੀ ਸ਼ੁਰੂ ਕਰ ਲਈ ਸੀ ਜਿਸ ਦੀ ਸਕੌਟ ਨੂੰ ਲੋੜ ਨਹੀਂ ਸੀ। ਉਹ ਉਸ ਦਾ ਦਿਲ ਵੀ ਨਹੀਂ ਸੀ ਤੋੜਨਾ ਚਾਹੁੰਦਾ। ਪਰ ਦੂਜੇ ਪਾਸੇ ਸ਼ਾਇਦ ਕੁਝ ਵਡਮੁੱਲੀ ਜਾਣਕਾਰੀ ਭਰਪੂਰ ਗੱਲਾਂ ਵੀ ਹੋ ਸਕਦੀਆਂ ਸਨ। ਉਹ ਸਬਰ ਨਾਲ ਰਿਕਾਰਡ ਕਰਦਾ ਰਿਹਾ। ਉਸ ਨੂੰ ਪਤਾ ਸੀ ਫਾਈਨਲ ਸਟੇਟਮੈਂਟ ਬਣਾਉਣ ਲਈ ਉਸ ਨੂੰ ਬਹੁਤ ਮਿਹਨਤ ਕਰਨੀ ਪੈਣੀ ਸੀ। ਗੱਲ ਖਤਮ ਹੋਈ ਤਾਂ ‘ਮਿਹਰਬਾਨੀ’ ਕਹਿੰਦਿਆਂ ਉਹ ਉੱਠ ਖਲੋਇਆ।

ਕਾਰ ਵਿਚ ਬੈਠਦਿਆਂ ਹੀ ਉਸ ਨੇ ਟੋਨੀ ਨੂੰ ਫ਼ੋਨ ਮਿਲਾਇਆ। ਕੁਝ ਕੁ ਘੰਟੀਆਂ

ਵੱਜਣ ਬਾਅਦ ਹੀ ਉਸ ਨੇ ਫ਼ੋਨ ਦਾ ਜਵਾਬ ਦਿੱਤਾ।

'ਟੋਨੀ, ਭਲਾ ਪਤਾ ਕਰ ਕਿ ਕਤਲ ਸਬੰਧੀ ਹੋ ਰਹੀ ਇਨਕੁਆਰੀ ਵਾਲੇ ਸੀ ਸੀ ਟੀ ਵੀ ਕੈਮਰਿਆਂ ਦੀ ਰਿਪੋਰਟ ਆ ਗਈ ਹੈ, ਜੇ ਨਹੀਂ ਤਾਂ ਪਤਾ ਕਰੋ ਕੀ ਹੋ ਰਿਹਾ?'

'ਠੀਕ।' ਕਹਿ ਕੇ ਟੋਨੀ ਨੇ ਫ਼ੋਨ ਕੱਟ ਦਿੱਤਾ।

ਸਕੌਟ ਨੇ ਆਪਣੇ ਫ਼ੋਨ ਨੂੰ ਘੂਰਿਆ ਤੇ ਗੱਡੀ ਤੋਰ ਲਈ। ਇਕ ਵਾਰ ਫਿਰ ਉਸ ਦੀ ਨਜ਼ਰ ਸੀਟ 'ਤੇ ਪਈ ਰਿਕਾਰਡਿੰਗ 'ਤੇ ਪਈ।

ਸਕੌਟ ਘਰ ਪਹੁੰਚ ਗਿਆ। ਰਿਕਾਰਡਿੰਗ ਉਸ ਨੇ ਆਪਣੇ ਟੇਬਲ 'ਤੇ ਰੱਖ ਦਿੱਤੀ। ਉਹ ਆਪਣੀ ਪਤਨੀ ਅਤੇ ਬੱਚਿਆਂ ਕੋਲ ਚਲਾ ਗਿਆ।

'ਬੱਚੇ ਪੀਜ਼ਾ ਖਾਣ ਲਈ ਬਾਹਰ ਜਾਣਾ ਚਾਹੁੰਦੇ ਆ।' ਮੈਗੀ ਨੇ ਬੈਠਿਆਂ ਆਪਣਾ ਮੂੰਹ ਰਤਾ ਕੁ ਉੱਪਰ ਚੁੱਕਦਿਆਂ ਕਿਹਾ ਤੇ ਸਕੌਟ ਨੇ ਉਸ ਦੇ ਮੱਥੇ 'ਤੇ ਚੁੰਮਣ ਦੇ ਦਿੱਤਾ।

'ਚਲੋ ਠੀਕ ਐ। ਕਿਥੇ ਚੱਲਣਾ ਐ?'

'ਡੈਡ, ਹਾਈ ਸਟਰੀਟ 'ਤੇ ਚੱਲਦੇ ਆਂ ਜਿਥੇ ਠੀਕ ਲੱਗਿਆ ਖਾ ਲਵਾਂਗੇ।' ਵੱਡੇ ਮੁੰਡੇ ਨੇ ਜਵਾਬ ਦਿੱਤਾ।

'ਠੀਕ ਐ। ਮੈਂ ਹੱਥ ਮੂੰਹ ਧੋ ਕੇ ਆਇਆ।' ਕਹਿ ਕੇ ਉਹ ਆਪਣੇ ਕਮਰੇ ਨੂੰ ਚਲਾ ਗਿਆ।

ਖਾਣਾ ਖਾਂਦਿਆਂ ਉਹ ਭਾਂਵੇਂ ਬੱਚਿਆਂ ਤੇ ਮੈਗੀ ਨਾਲ ਹੱਸ ਰਿਹਾ ਸੀ ਤੇ ਗੱਲਾਂ ਕਰ ਰਿਹਾ ਸੀ। ਪਰ ਉਸ ਦੇ ਦਿਮਾਗ ਵਿਚ ਗੈਰੀ ਦਾ ਕੰਪਿਊਟਰ ਘੁੰਮ ਰਿਹਾ ਸੀ। ਉਸ ਨੂੰ ਯਕੀਨ ਸੀ ਕਾਤਲ ਜ਼ਰੂਰ ਲੈਪ ਟੌਪ ਲਈ ਹੀ ਆਇਆ ਸੀ। ਉਸ ਨੇ ਹੋਰ ਕਿਸੇ ਚੀਜ਼ ਨੂੰ ਹੱਥ ਨਹੀਂ ਸੀ ਲਾਇਆ। ਗੈਰੀ ਦੀਆਂ ਮਹਿੰਗੀਆਂ ਘੜੀਆਂ ਘਰੇ ਪਈਆਂ ਸਨ। ਕੁਝ ਗਹਿਣੇ ਵੀ ਸਨ। ਪਰ ਉਸ ਨੇ ਕੁਝ ਨਹੀਂ ਸੀ ਚੁੱਕਿਆ। ਉਹ ਗੈਰੀ ਨੂੰ ਆਪਣੀ ਸੋਚ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਆਪਣੇ ਪਰਿਵਾਰ ਨਾਲ ਪੂਰੀ ਤਨਦੇਹੀ ਨਾਲ ਮਸਤੀ ਕਰਨ ਦਾ ਯਤਨ ਕਰ ਰਿਹਾ ਸੀ। ਪੂਰੀ ਸਫ਼ਲਤਾ ਉਸ ਦੇ ਹੱਥ ਨਹੀਂ ਸੀ ਲੱਗ ਰਹੀ।

ਗਿਆਰਾਂ ਕੁ ਵਜੇ ਉਹ ਘਰ ਆ ਗਏ ਤੇ ਸੌਂ ਗਏ। ਸਵੇਰੇ ਚਾਰ ਵਜੇ ਸਕੌਟ ਦੀ ਅੱਖ ਖੁੱਲ੍ਹ ਗਈ। ਉਹ ਕੁਝ ਦੇਰ ਤਾਂ ਬੈਡ ਵਿਚ ਪਿਆ ਰਿਹਾ। ਉਸ ਨੇ ਮੈਗੀ ਵੱਲ ਵੇਖਿਆ। ਉਹ ਘੂਕ ਸੌਂ ਰਹੀ ਸੀ। ਮਲਕੜੇ ਉੱਠ ਕੇ ਉਹ ਨੀਚੇ ਚਲਿਆ ਗਿਆ ਤੇ ਕੌਫੀ ਬਣਾ ਕੇ ਇੰਟਰਨੈਟ 'ਤੇ ਖਬਰਾਂ ਵੇਖਣ ਲੱਗਾ। ਅਚਾਨਕ ਉਸ ਦਾ ਧਿਆਨ ਰਿਕਾਰਡਿੰਗ ਵੱਲ ਗਿਆ। ਉਸ ਨੇ ਐਡਿਟ ਕਰਨ ਲਈ ਰਿਕਾਰਡਿੰਗ ਸੁਣਨੀ ਸ਼ੁਰੂ ਕੀਤੀ। ਪੈਵ ਸਹੋਤੇ ਨੇ ਪਹਿਲਾਂ ਹੀ ਕਿਹਾ ਸੀ ਕਿ ਉਸ ਨੇ ਆਪਣੇ ਡੈਡ ਨਾਜਰ ਸਿੰਘ ਤੋਂ ਗੱਲਾਂ-ਬਾਤਾਂ ਪੁੱਛ ਕੇ ਜਾਣਕਾਰੀ ਲਈ ਸੀ ਤੇ ਕੁਝ ਉਸ ਦਾ ਆਪਣਾ ਤਜਰਬਾ ਹੈ।

ਸਕੌਟ ਨੇ ਸੁਣਨਾ ਸ਼ੁਰੂ ਕੀਤਾ।

# 3

ਨਾਜਰ ਸਿੰਘ ਕਈ ਦਿਨ ਆਪਣੀ ਪਤਨੀ ਪ੍ਰੀਤੋ ਨਾਲ ਗੱਲ ਕਰਨ ਬਾਰੇ ਸੋਚਦਾ ਰਿਹਾ ਪਰ ਉਸ ਦਾ ਹੀਆ ਨਾ ਪੈਂਦਾ। ਉਹ ਹਰ ਰੋਜ਼ ਮਨੋ-ਮਨ ਤਿਆਰੀ ਕਰਦਾ। ਜਦ ਪ੍ਰੀਤੋ ਨਾਲ ਗੱਲ ਕਰਨੀ ਹੁੰਦੀ ਤਾਂ ਹੌਂਸਲਾ ਹਾਰ ਜਾਂਦਾ। ਇਕ ਦਿਨ ਸਵੇਰੇ ਹੀ ਏਜੰਟ ਆ ਗਿਆ।

'ਨਾਜਰ ਸਿਆਂ ਮੈਂ ਤੈਨੂੰ ਉਡੀਕਦਾ ਸੀ, ਪਰਸੋਂ ਚੌਥ ਦਾ। ਤੂੰ ਆਇਆ ਨਾ ਤਾਂ ਹਾਰ ਕੇ ਮੈਂ ਆਇਆਂ। ਤੇਰਾ ਪਾਸਪੋਰਟ ਬੜੀ ਮੁਸ਼ਕਲ ਨਾਲ ਕਢਾਇਆ। ਤੂੰ ਹੁਣ ਡੇਰ ਨਾ ਕਰ। ਇਕ ਆਰ ਮੌਕਾ ਖੁੰਝਿਆ ਹੱਥ ਨੀ ਆਉਂਦਾ ਹੁੰਦਾ।' ਨਾਜਰ ਨੇ ਰਸੋਈ ਵੱਲ ਵੇਖਿਆ ਜਿਥੇ ਪ੍ਰੀਤੋ ਰੋਟੀ-ਟੁੱਕ ਦੇ ਆਹਰ ਲੱਗੀ ਹੋਈ ਸੀ।

'ਪਹਿਲਾਂ ਮੈਂ ਥੋਡੇ ਲਈ ਲੱਸੀ ਲੈ ਕੇ ਆਉਣਾ। ਬਾਕੀ ਗੱਲ ਫੇਰ ਕਰਦੇ ਆਂ।' ਕਹਿ ਕੇ ਨਾਜਰ ਸਿੰਘ ਰਸੋਈ ਵੱਲ ਚਲਾ ਗਿਆ ਤੇ ਪਿੱਤਲ ਦਾ ਗਲਾਸ ਲੱਸੀ ਦਾ ਭਰਵਾ ਲਿਆਇਆ।

'ਲਉ ਲੱਸੀ ਪੀਓ ਤੇ ਮਿੱਸੀ ਰੋਟੀ ਵੀ ਤਿਆਰ ਹੁੰਦੀ ਐ।'

'ਨਾਜਰ ਸਿਆਂ ਰੋਟੀ ਮੈਂ ਖਾ ਕੇ ਆਇਆਂ। ਤੂੰ ਦੱਸ ਤੇਰੀ ਸੀਟ ਕਦੋਂ ਦੀ ਬੁੱਕ ਕਰਾਂ ਤੇ ਤੂੰ ਕਦੋਂ ਮੇਰੇ ਕੋਲ ਆਏਂਗਾ।'

ਨਾਜਰ ਸਿੰਘ ਨੂੰ ਪਤਾ ਸੀ ਏਜੰਟ ਟੇਢੇ ਢੰਗ ਨਾਲ ਪੈਸੇ ਮੰਗ ਰਿਹਾ ਸੀ। ਪੈਸੇ ਤਾਂ ਉਸ ਨੇ 'ਸ਼ਾਹ' ਤੋਂ ਪੁੱਛੇ ਹੋਏ ਸਨ। ਵੱਡੀ ਗੱਲ ਤਾਂ ਪ੍ਰੀਤੋ ਨਾਲ ਗੱਲ ਕਰਨ ਦੀ ਸੀ।

'ਮੈਂ ਥੋਡੇ ਕੋਲ ਪਰਸੋਂ ਆਊਂ ਹਰ ਹਾਲਤ 'ਚ।'

ਨਾਜਰ ਸਿੰਘ ਨੇ ਇਕ ਵਾਰ ਫਿਰ ਰਸੋਈ ਵੱਲ ਨਜ਼ਰ ਮਾਰੀ। ਪ੍ਰੀਤੋ ਆਪਣੇ ਧਿਆਨ ਕੰਮ ਲੱਗੀ ਹੋਈ ਸੀ। ਉਸ ਦਾ ਸਾਲ ਕੁ ਦਾ ਮੁੰਡਾ ਪਵਨ ਅਜੇ ਸੁੱਤਾ ਪਿਆ ਸੀ ਤੇ ਤਿੰਨ ਸਾਲਾਂ ਦੀ ਕੁੜੀ ਆਪਣੀ ਮਾਂ ਨੂੰ ਧਿਆਨ ਨਾਲ ਵੇਖ ਰਹੀ ਸੀ।

ਏਜੰਟ ਨੇ ਲੱਸੀ ਪੀਤੀ 'ਤੇ ਮੁੱਛਾਂ 'ਤੇ ਹੱਥ ਫੇਰ ਕੇ ਸਾਫ਼ ਕਰਦਿਆਂ ਉੱਠ ਖੜ੍ਹਾ ਹੋਇਆ।

'ਚੰਗਾ ਨਾਜਰ ਸਿਆਂ ਮਿਲਦੇ ਆਂ ਫੇਰ ਪਰਸੋਂ।' ਕਹਿ ਕੇ ਉਸ ਨੇ ਹੱਥ ਮਿਲਾਇਆ ਤੇ ਚਲਾ ਗਿਆ।

ਰੋਟੀ ਖਾ ਕੇ ਨਾਜਰ ਸਿੰਘ ਪਿੰਡ ਵਿਚ ਨੂੰ ਚਲਾ ਗਿਆ ਤੇ ਸ਼ਾਹ ਨੂੰ ਪੈਸਿਆਂ ਲਈ ਕਹਿ ਆਇਆ। ਖੇਤ ਸੀਰੀ ਕੰਮ ਕਰ ਰਿਹਾ ਸੀ। ਨਾਜਰ ਵੀ ਉਥੇ ਚਲਾ ਗਿਆ। ਉਸ ਨੇ ਦਿਲ ਭਰ ਕੇ ਦੂਰ ਤੱਕ ਖੇਤਾਂ ਨੂੰ ਵੇਖਿਆ। ਖੇਤਾਂ ਤੋਂ ਵਿਛੜਨਾ ਉਸ ਨੂੰ ਬਹੁਤ ਔਖਾ ਲੱਗ ਰਿਹਾ ਸੀ। ਪ੍ਰੀਤੋ ਤੋਂ ਵਿਛੜਨਾ ਕਿਹੜਾ ਸੌਖਾ ਸੀ! ਉਹ ਬੇਚੈਨੀ ਜਿਹੀ ਮਹਿਸੂਸ ਕਰ ਰਿਹਾ ਸੀ। ਕੁਝ ਦੇਰ ਉਹ ਉਲਝਿਆ ਜਿਹਾ ਖੜ੍ਹਾ ਰਿਹਾ ਤੇ ਫਿਰ ਉਹ

ਖੇਤ ਤੋਂ ਕੱਚੇ ਰਾਹ ਦੀ ਉਡਦੀ ਧੂੜ ਵਿਚ ਪਿੰਡ ਵੱਲ ਨੂੰ ਤੁਰ ਪਿਆ।

ਖਾਓ-ਪਿਓ ਬਾਅਦ ਉਹ ਕੁਝ ਦੇਰ ਬੱਚਿਆਂ ਨਾਲ ਦਿਲ ਪ੍ਰਚਾਉਂਦਾ ਰਿਹਾ। ਪ੍ਰੀਤੋ ਰਸੋਈ ਵਿਚ ਭਾਂਡਿਆਂ ਦੀ ਸਾਂਭ-ਸੰਭਾਲ ਕਰ ਰਹੀ ਸੀ। ਪਵਨ ਤਾਂ ਜਲਦੀ ਹੀ ਸੌਂ ਗਿਆ। ਜਦੋਂ ਤੱਕ ਪ੍ਰੀਤੋ ਵਿਹਲੀ ਹੋਈ ਦੋਵੇਂ ਬੱਚੇ ਸੌਂ ਚੁੱਕੇ ਸਨ। ਨਾਜਰ ਮੰਜੇ ’ਤੇ ਬੈਠਾ ਉਸ ਦੀ ਉਡੀਕ ਕਰ ਰਿਹਾ ਸੀ। ਪ੍ਰੀਤੋ ਆਈ ਤਾਂ ਬੋਲੀ: ‘ਅਜੇ ਸੁੱਤਾ ਨੀ--।’

‘ਤੈਨੂੰ ’ਡੀਕਦਾ ਸੀ।’ ਉਸ ਨੇ ਧੀਮੀ ਜਿਹੀ ਆਵਾਜ਼ ਵਿਚ ਕਿਹਾ।

ਪ੍ਰੀਤੋ ਉਸ ਦੀ ਰਮਜ਼ ਸਮਝਦਿਆਂ ਪੋਲਾ ਜਿਹਾ ਮੁਸਕਰਾਈ ਤੇ ਆਪਣੇ ਮੰਜੇ ’ਤੇ ਜਾ ਪਈ।

‘ਅਸਲ ’ਚ ਮੈਂ ਤੇਰੇ ਨਾਲ ਗੱਲ ਕਰਨੀ ਸੀ।’

‘ਕੀ ਗੱਲ?’ ਉਹ ਉੱਠ ਕੇ ਬੈਠ ਗਈ।

‘ਘਰ ਦੀ ਹਾਲਤ ਦਾ ਤਾਂ ਤੈਨੂੰ ਪਤਾ ਈ ਐ। ਬਥੇਰਾ ਸੋਚਿਆ ਬਈ ਕੋਈ ਆਮਦਨ ਦਾ ਸਾਧਨ ਬਣ ਜੇ। ਪਰ ਨਹੀਂ।’ ਉਹਨੇ ਸਿਰ ਮਾਰਿਆ।

‘ਫੇਰ ਹੁਣ--!’ ਪ੍ਰੀਤੋ ਹੁਣ ਫਿਕਰਮੰਦ ਸੀ।

‘ਮੈਂ ਵਲੈਤ ਜਾਣ ਬਾਰੇ ਪਤਾ ਕੀਤਾ ਸੀ--!’

‘ਕੀ ਵਲੈਤ! ਮੈਂ ਤਾਂ ਤੇਰੇ ਬਿਨਾਂ ਊਈਂ ਮਰ ਜੂੰ।’

‘ਜੇ ਮੈਂ ਨਾ ਗਿਆ ਤਾਂ ਛੇਤੀ ਕਰਜੇ ਹੇਠ ਦੱਬ ਕੇ ਆਪਾਂ ਸਾਰੇ ਮਰ ਜਾਂ ਗੇ। ਸੁਣ, ਹੈ ਔਖਾ, ਮੈਨੂੰ ਪਤੈ। ਮੈਂ ਜੇ ਪੰਜ ਸੱਤ ਸਾਲ ਲਾਂ ਆਵਾਂ ਤਾਂ ਸਾਰੇ ਧੋਣੇ ਧੋਤੇ ਜਾਣਗੇ। ਚਾਰ ਸਿਆੜ ਵੀ ਹੋਰ ਬਣਾ ਲਾਂਗੇ। ਚਾਰ ਖਣ ਵੀ ਹੋਰ ਬਣ ਜਾਣਗੇ। ਫੇਰ ਕੋਈ ਕਰਬਾਨੀ ਤਾਂ ਕਰਨੀ ਪਊ।’

ਨਾਜਰ ਦੀਆਂ ਗੱਲਾਂ ਦਾ ਉਹਦੇ ਕੋਲ ਕੋਈ ਜਵਾਬ ਨਹੀਂ ਸੀ। ਉਹਨੂੰ ਤਾਂ ਇਕੱਲੀ ਨੂੰ ਘਰ ਖਾਣ ਨੂੰ ਆਵੇਗਾ। ਇਹੋ ਸੋਚ ਕੇ ਉਸ ਦਾ ਮਨ ਭਰ ਆਇਆ। ਇਕ ਵਾਰ ਤਾਂ ਉਸ ਨੂੰ ਡਰ ਲੱਗਿਆ।

‘ਦੇਖ—ਸਮਝ ਲੀਂ ਮੈਂ ਫੌਜ ’ਚ ਭਰਤੀ ਹੋ ਗਿਆਂ।’ ਨਾਜਰ ਨੇ ਨਰਮੀ ਨਾਲ ਕਿਹਾ।

ਪ੍ਰੀਤੋ ਕੁਝ ਵੀ ਕਹੇ ਬਿਨਾਂ ਰਜਾਈ ਵਿਚ ਵੜ ਗਈ। ਕੁਝ ਕੁ ਪਲ ਉਹ ਬੈਠਾ ਰਿਹਾ ਤੇ ਫਿਰ ਪ੍ਰੀਤੋ ਨਾਲ ਹੀ ਰਜਾਈ ਵਿਚ ਵੜ ਗਿਆ।

***

ਅਸਮਾਨ ਵਿਚ ਹਵਾਈ ਜਹਾਜ਼ ਉੱਡਦੇ ਤਾਂ ਉਸ ਨੇ ਵੇਖੇ ਸਨ ਪਰ ਜਹਾਜ਼ ਦੇ ਦਰਸ਼ਨ ਉਸ ਨੇ ਨੇੜਿਉਂ ਕਦੇ ਨਹੀਂ ਸਨ ਕੀਤੇ। ਹੋਰ ਤਾਂ ਹੋਰ ਉਹ ਤਾਂ ਕਿਸੇ ਅਜਿਹੇ ਬੰਦੇ ਨੂੰ ਵੀ ਨਹੀਂ ਸੀ ਮਿਲਿਆ ਜਿਹੜਾ ਜਹਾਜ਼ ਦਾ ਸਫ਼ਰ ਕਰ ਚੁੱਕਿਆ ਹੋਵੇ। ਉਹਨੇ ਇਹੋ ਸੋਚ ਲਿਆ ਸੀ ਕਿ ਜਿਵੇਂ ਦੂਜੇ ਲੋਕ ਕਰਨਗੇ ਉਵੇਂ ਆਪਾਂ ਕਰੀ ਚੱਲਾਂਗੇ। ਜਦੋਂ ਉਹ ਏਜੰਟ ਕੋਲ ਆਇਆ ਤਾਂ ਏਜੰਟ ਨੇ ਉਸ ਦੇ ਨਾਲ ਦਿੱਲੀ ਤੱਕ ਜਾਣ ਬਾਰੇ ਦੱਸਿਆ ਤਾਂ

ਉਸ ਦਾ ਅੱਧਾ ਫਿਕਰ ਲਹਿ ਗਿਆ। ਦਿੱਲੀ ਏਅਰਪੋਰਟ 'ਤੇ ਪਹੁੰਚ ਕੇ ਏਜੰਟ ਨੇ ਉਸ ਦਾ ਚੈਕ ਇਨ ਕਰਵਾਇਆ ਤੇ ਉਸ ਨੂੰ ਬਾਹਰ ਖੜ੍ਹਾ ਜਹਾਜ਼ ਦਿਖਾਇਆ।

'ਨਾਜਰ ਸਿਆਂ ਔਹ ਖੜ੍ਹਾ ਜਹਾਜ਼। ਐਥੋਂ ਨਿਕਲਣਾ ਤੇ ਦੂਜਿਆਂ ਨਾਲ ਹੀ ਵੀਹ ਕੁ ਕਰਮਾਂ ਤੁਰ ਕੇ ਔਹ ਜਹਾਜ਼ 'ਚ ਬੈਠ ਜਾਣਾ। ਬੜੀ ਤੇਰੀ ਚੰਗੀ ਕਿਸਮਤ ਐ। ਮੈਨੂੰ ਤਾਂ ਅਜੇ ਤੱਕ ਜਹਾਜ਼ 'ਚ ਬੈਠਣ ਦਾ ਮੌਕਾ ਨਹੀਂ ਮਿਲਿਆ।'

ਕੁਝ ਦੇਰ ਬਾਅਦ ਹੀ ਉਹ ਜਹਾਜ਼ ਵੱਲ ਚੱਲ ਪਏ। ਕੋਈ ਖਾਸ ਪੁੱਛ-ਗਿੱਛ ਨਹੀਂ ਸੀ। ਜਹਾਜ਼ ਵਿਚ ਚੜ੍ਹ ਕੇ ਉਸ ਨੇ ਵੇਖਿਆ ਅਸਮਾਨ ਵਿਚ ਨਿੱਕਾ ਜਿਹਾ ਲਗਦਾ ਜਹਾਜ਼ ਅੰਦਰੋਂ ਕਿੰਨਾਂ ਲੰਮਾ ਚੌੜਾ ਸੀ।

ਉਹ ਜਹਾਜ਼ ਦੇ ਅੰਦਰ ਜਾ ਕੇ ਆਪਣੀ ਸੀਟ ਲੱਭਣ ਲੱਗਾ। ਇਹ ਵੀ ਉਸ ਨੂੰ ਏਜੰਟ ਨੇ ਹੀ ਦੱਸਿਆ ਸੀ ਕਿ ਬੱਸ ਵਾਂਗ ਮਰਜ਼ੀ ਨਾਲ ਨੀ ਬੈਠਣਾ। ਆਹ ਕਾਰਡ 'ਤੇ ਤੇਰਾ ਸੀਟ ਨੰਬਰ ਆ ਕਿਸੇ ਨੂੰ ਪੁੱਛ ਕੇ ਆਵਦੀ ਸੀਟ 'ਤੇ ਹੀ ਬੈਠਣਾ ਐ।

ਉਸ ਨੇ ਇਕ ਪੜ੍ਹੇ ਲਿਖੇ ਲਗਦੇ ਆਦਮੀ ਅੱਗੇ ਆਪਣਾ ਬੋਰਡਿੰਗ ਪਾਸ ਕਰ ਦਿੱਤਾ ਤੇ ਉਸ ਨੇ ਉਸ ਨੂੰ ਉਸ ਦੀ ਸੀਟ ਦੱਸ ਦਿੱਤੀ। ਸੀਟ 'ਤੇ ਬੈਠ ਕੇ ਉਹ ਹੈਰਾਨੀ ਨਾਲ ਚਾਰੇ ਪਾਸੇ ਵੇਖਦਾ ਰਿਹਾ। ਕੁਝ ਦੇਰ ਬਾਅਦ ਇਕ ਮਹਿਲਾ ਉਸ ਦੇ ਨਾਲ ਵਾਲੀ ਸੀਟ 'ਤੇ ਆ ਬੈਠੀ। ਉਹ ਥੋੜਾ ਹੋਰ ਸੁੰਗੜ ਕੇ ਬੈਠ ਗਿਆ। ਜਹਾਜ਼ ਵਿਚ ਅਨਾਊਂਸਮੈਂਟ ਹੋ ਰਹੀ ਸੀ ਤਾਂ ਉਸ ਦਾ ਧਿਆਨ ਇਸ ਗੱਲ ਵੱਲ ਵੀ ਸੀ ਕਿਤੇ ਔਰਤ ਨੂੰ ਹੱਥ-ਬਾਂਹ ਨਾ ਲੱਗ ਜਾਵੇ ਤੇ ਉਹ ਜਹਾਜ਼ ਵਿਚ ਭੜਥੂ ਪਾ ਦੇਵੇ। ਪਰ ਜਦੋਂ ਔਰਤ ਨੇ ਉਸ ਦੀ ਸੀਟ ਬੈਲਟ ਲਾਉਣ ਵਿਚ ਮਦਦ ਕੀਤੀ ਤਾਂ ਉਸ ਨੂੰ ਖ਼ਤਰਾ ਕੁਝ ਘਟ ਗਿਆ ਲੱਗਾ।

ਜਹਾਜ਼ ਚੱਲਿਆ ਤਾਂ ਉਸ ਨੇ ਸੀਟ ਦੀਆਂ ਦੋਹਾਂ ਬਾਹਾਂ ਨੂੰ ਘੁੱਟ ਕੇ ਹੱਥ ਪਾ ਲਿਆ ਜਿਵੇਂ ਜਹਾਜ਼ ਵਿਚੋਂ ਡਿੱਗਣ ਤੋਂ ਬਚਣ ਲਈ ਉਹ ਸਹਾਰਾ ਬਣ ਸਕਣਗੀਆਂ। ਕੁਝ ਦੇਰ ਬਾਅਦ ਤਾਂ ਜਹਾਜ਼ ਬਿਲਕੁਲ ਸ਼ਾਂਤ ਜਾ ਰਿਹਾ ਸੀ। ਪ੍ਰੀਤੋ ਨੇ ਉਸ ਲਈ ਪਰੌਂਠੇ ਬਣਾ ਕੇ ਝੋਲੇ ਵਿਚ ਪਾ ਦਿੱਤੇ ਸਨ। ਪਰੌਂਠਿਆਂ ਦਾ ਖਿਆਲ ਕਰਦਿਆਂ ਹੀ ਉਸ ਨੂੰ ਪ੍ਰੀਤੋ ਦਾ ਰੋਂਦਾ ਤੇ ਉਦਾਸ ਚਿਹਰਾ ਯਾਦ ਆਇਆ। ਉਹ ਵੀ ਉਦਾਸ ਹੋ ਗਿਆ।

ਹੁਣ ਉਸ ਅੱਗੇ ਸਭ ਤੋਂ ਵੱਡੀ ਸਮੱਸਿਆ, ਜਾਣਾ ਕਿੱਥੇ ਸੀ? ਉਸ ਨੇ ਵਲੈਤ ਵਿਚ ਸਰਦੀ ਬਾਰੇ ਸੁਣਿਆ ਸੀ। ਉਸ ਨੇ ਗਰਮ ਕੱਪੜੇ ਵਾਹਵਾ ਰੱਖ ਲਏ ਸਨ ਤੇ ਇਕ ਰਜਾਈ ਵੀ ਨਾਲ ਲੈ ਆਇਆ ਸੀ। ਉਸ ਦਾ ਫਿਕਰ ਹੁਣ ਹੋਰ ਵੀ ਵਧ ਗਿਆ। ਪਹਿਲਾਂ ਤਾਂ 'ਚਲੋ ਕੋਈ ਨਾ ਕੋਈ ਪ੍ਰਬੰਧ ਬਣ ਈ ਜਾਊ' ਕਹਿ ਕੇ ਉਹ ਮਨ ਨੂੰ ਤਸੱਲੀ ਦੇ ਲੈਂਦਾ ਸੀ। ਹੁਣ ਤਾਂ ਪ੍ਰਬੰਧ ਕਰਨ ਦਾ ਸਮਾਂ ਆ ਗਿਆ ਸੀ। ਪਤਾ ਨਹੀ ਕਦੋਂ ਉਸ ਦੀ ਅੱਖ ਲੱਗ ਗਈ।

ਜਹਾਜ਼ ਵਿਚ ਉਸ ਅੱਗੇ ਖਾਣ ਨੂੰ ਜੋ ਰੱਖਿਆ ਗਿਆ ਸੀ ਉਹ ਉਸ ਨੇ ਕਦੀ ਪਹਿਲਾਂ ਵੇਖਿਆ ਹੀ ਨਹੀਂ ਸੀ। ਮਾੜਾ ਮੋਟਾ ਉਸ ਨੇ ਖਾਣ ਦਾ ਯਤਨ ਕੀਤਾ ਵੀ ਪਰ ਗੱਲ ਨਾ ਬਣੀ।

'ਆਪ ਇੰਗਲੈਂਡ ਜਾ ਰਹੇ ਹੈਂ। ਵਹਾਂ ਤੋ ਆਪ ਕੋ ਐਸਾ ਖਾਣਾ ਹੀ ਮਿਲੇਗਾ। ਘਰ ਕੀ ਰੋਟੀ ਤੋਂ ਨਹੀਂ ਮਿਲੇਗੀ।' ਅਚਾਨਕ ਨਾਲ ਬੈਠੀ ਔਰਤ ਨੇ ਉਸ ਨੂੰ ਕਿਹਾ।

'ਹਾਂ ਜੀ ਇਹ ਤਾਂ ਠੀਕ ਐ।' ਹੋਰ ਉਸ ਨੂੰ ਕੁਝ ਸੁਝਿਆ ਨਾ ਤੇ ਉਹ ਚੁੱਪ ਕਰ ਗਿਆ।

ਜਹਾਜ਼ ਲੰਡਨ ਪਹੁੰਚਿਆ ਤਾਂ ਉਸ ਦਾ ਦਿਲ ਧੜਕਣ ਲਗਾ। ਵਿਦੇਸ਼ੀ ਧਰਤੀ 'ਤੇ ਪਹੁੰਚਣ ਦੀ ਸਚਾਈ ਨਾਲ ਉਸ ਨੂੰ ਅਜੀਬ ਜਿਹਾ ਮਹਿਸੂਸ ਹੋਣ ਲੱਗਾ। ਯਾਤਰੀ ਹੌਲੀ ਹੌਲੀ ਉੱਤਰ ਰਹੇ ਸਨ ਤੇ ਉਹ ਵੀ ਉਹਨਾਂ ਨਾਲ ਬਾਹਰ ਆ ਗਿਆ। ਦਿੱਲੀ ਵਾਂਗ ਹੀ ਤੁਰ ਕੇ ਉਹ ਏਅਰਪੋਰਟ ਦੀ ਬਿਲਡਿੰਗ ਵਿਚ ਆ ਗਏ। ਉਸ ਨੇ ਆਪਣੇ ਨਾਲ ਵਾਲੀ ਬੀਬੀ ਨੂੰ ਬੇਨਤੀ ਕੀਤੀ ਕਿ ਜੇ ਕੋਈ ਪੁੱਛ-ਗਿੱਛ ਹੋਵੇ ਤਾਂ ਉਹ ਮਦਦ ਕਰ ਦੇਵੇ। ਉਹ ਖੁਸ਼ੀ-ਖੁਸ਼ੀ ਮੰਨ ਗਈ। ਉਹ ਉਸ ਦੇ ਪਿੱਛੇ ਪਿੱਛੇ ਹੀ ਜਾ ਰਿਹਾ ਸੀ। ਜਦ ਉਹ ਇਮੀਗਰੇਸ਼ਨ ਹਾਲ ਵਿਚ ਪਹੁੰਚੇ ਤਾਂ ਔਰਤ ਰੁਕ ਗਈ।

'ਆਪ ਉਸ ਲਾਈਨ ਮੇ ਚਲੇ ਜਾਈਏ। ਮੈਂ ਤੋਂ ਡਿਪਲੋਮੈਟ ਹੂੰ ਇਸ ਲਿਏ ਮੈਂ ਆਪ ਕੇ ਸਾਥ ਨਹੀਂ ਜਾ ਸਕਤੀ। ਵੈਸੇ ਮੈਂ ਵਹਾਂ ਖੜ੍ਹੀ ਹੂੰਗੀ ਅਗਰ ਆਪ ਸੇ ਕੁਛ ਪੂਛੇਂ ਤੋ ਮੁਝੇ ਬੁਲਾ ਲੇਨਾ।' ਉਹ ਚਲੀ ਗਈ।

ਉਸ ਅੱਗੇ ਦੋ ਕੁ ਯਾਤਰੀ ਹੀ ਸਨ। ਜਲਦੀ ਹੀ ਉਸ ਦੀ ਵਾਰੀ ਆ ਗਈ। ਉਸ ਨੇ ਬਾਕੀਆਂ ਵਾਂਗ ਆਪਣਾ ਪਾਸਪੋਰਟ ਅੱਗੇ ਰੱਖਿਆ। ਵੀਜੇ ਦੀ ਤਾਂ ਕੋਈ ਲੋੜ ਹੀ ਨਹੀਂ ਸੀ। ਇਮੀਗਰੇਸ਼ਨ ਅਫ਼ਸਰ ਨੇ ਕੁਝ ਪੁੱਛਿਆ ਤਾਂ ਉਸ ਨੇ ਉਸ ਲੇਡੀ ਵੱਲ ਹੱਥ ਕਰ ਦਿੱਤਾ। ਉਹ ਲੇਡੀ ਨੇੜੇ ਆ ਗਈ। ਪਤਾ ਨਹੀਂ ਉਸ ਨੇ ਕੀ ਕਿਹਾ ਇਮੀਗਰੇਸ਼ਨ ਵਾਲੇ ਨੇ ਉਸ ਨੂੰ ਪਾਸਪੋਰਟ ਫੜਾ ਦਿੱਤਾ ਤੇ ਬਾਹਰ ਜਾਣ ਲਈ ਇਸ਼ਾਰਾ ਕਰ ਦਿੱਤਾ। ਲੇਡੀ ਹੱਥ ਖੜ੍ਹਾ ਕਰ ਕੇ ਚਲੀ ਗਈ ਸੀ।

ਸਮਾਨ ਤਾਂ ਉਸ ਨੂੰ ਔਖਾ-ਸੌਖਾ ਮਿਲ ਗਿਆ। ਰਜਾਈ ਲੱਭਣੀ ਤਾਂ ਔਖੀ ਨਹੀਂ ਸੀ। ਅਟੈਚੀ ਲੱਭਣ ਲਈ ਉਸ ਨੂੰ ਕੁਝ ਤਰੱਦਦ ਕਰਨਾ ਪਿਆ।

ਸਮਾਨ ਲੈ ਕੇ ਉਹ ਏਅਰਪੋਰਟ 'ਤੇ ਗੁਆਚਿਆ ਜਿਹਾ ਖੜ੍ਹਾ ਏਧਰ ਓਧਰ ਵੇਖ ਰਿਹਾ ਸੀ। ਉਸ ਨੂੰ ਕੋਈ ਪਤਾ ਨਹੀਂ ਸੀ ਲਗ ਰਿਹਾ ਕਿ ਕੀ ਕਰੇ ਤੇ ਕਿੱਧਰ ਨੂੰ ਜਾਵੇ? ਬਾਹਰ ਹੋ ਰਹੀ ਕਿਣਮਣ-ਕਾਣੀ ਨੂੰ ਸੋਚ ਕੇ ਉਸ ਨੇ ਰਜਾਈ ਵੱਲ ਵੇਖਿਆ। ਸਰਦੀ ਤੋਂ ਬਚਣ ਦਾ ਉਪਾਅ ਤਾਂ ਉਸ ਕੋਲ ਸੀ ਹੀ। ਉਹ ਫਿਕਰਮੰਦ ਜਿਹਾ ਬਾਹਰ ਨੂੰ ਜਾਣ ਵਾਲੇ ਲੋਕਾਂ ਦੇ ਪਿੱਛੇ ਹੀ ਤੁਰ ਪਿਆ। ਇਕ ਆਦਮੀ ਕੰਮ ਵਾਲਾ ਕੋਟ ਪਾਈ ਆਪਣੇ ਹੀ ਧਿਆਨ ਆਉਂਦਾ ਦਿਸਿਆ। ਉਸ ਨੇ ਧਿਆਨ ਨਾਲ ਵੇਖਿਆ ਤਾਂ ਉਹ ਕੋਈ ਦੇਸੀ ਬੰਦਾ ਹੀ ਲਗਦਾ ਸੀ। ਨਾਜਰ ਦੀਆਂ ਅੱਖਾਂ ਵਿਚ ਚਮਕ ਆ ਗਈ।

'ਬਾਈ ਜੀ---।' ਉਸ ਨੇ ਆਦਮੀ ਦੇ ਨੇੜੇ ਜਾ ਕੇ ਕਿਹਾ ਤਾਂ ਆਦਮੀ ਨੇ ਸਿਰ ਚੁੱਕ ਕੇ ਉਸ ਨੂੰ ਸਿਰ ਤੋਂ ਪੈਰਾਂ ਤੱਕ ਵੇਖਿਆ।

'ਪੰਜਾਬੀ ਭਾਈ। ਪੰਜਾਬ ਵਿਚ ਕਿਸ ਸ਼ਹਿਰ ਨੇੜੇ ਰਹਿੰਦੇ ਐਂ।'

'ਜੀ ਜਗਰਾਵਾਂ ਦੇ ਨੇੜੇ ਊਂ ਮੋਗਾ ਵੀ ਓਨੀ ਕੁ ਈ ਵਾਟ ਐ।'

'ਹਠੂਰ ਪਿੰਡ ਤੋਂ ਕਿੰਨੀ ਕੁ ਦੂਰ?'

'ਮਸਾਂ ਚਾਰ ਕੋਹ--।'

'ਮੇਰਾ ਅਸਲੀ ਪਿੰਡ ਹਠੂਰ ਐ। ਵੰਡ ਵੇਲੇ ਸਾਨੂੰ ਲਹੌਰ ਜਾਣਾ ਪਿਆ ਪਰ ਹਠੂਰ ਦੀ ਯਾਦ ਸੀਨੇ ਵਿਚ ਧੜਕਦੀ ਰਹਿੰਦੀ ਐ ਸਰਦਾਰਾ।' ਉਸ ਨੇ ਆਪਣੇ ਦਿਲ 'ਤੇ ਹੱਥ ਰੱਖਦਿਆਂ ਕਿਹਾ।

'ਕਿੱਥੇ ਜਾ ਰਹੇ ਐਂ? ਕੋਈ ਜਾਣ-ਪਛਾਣ ਵਾਲਾ ਹੈ ਏਥੇ?'

'ਨਹੀਂ ਬਾਈ ਜੀ। ਬੱਸ ਇਹੋ ਪੁੱਛਣਾ ਸੀ ਮੈਨੂੰ ਕਿੱਥੇ ਜਾਣਾ ਚਾਹੀਦਾ।' ਨਾਜਰ ਨੂੰ ਕੁਝ ਕੁ ਹੌਸਲਾ ਹੋ ਗਿਆ ਸੀ।

'ਮੈਂ ਹੋਰ ਅੱਧੇ ਘੰਟੇ ਨੂੰ ਕੰਮ ਛੱਡ ਰਿਹਾਂ। ਪੰਜ ਵਜੇ ਮੇਰੀ ਸ਼ਿਫਟ ਖਤਮ ਹੋ ਜਾਣੀ ਐ। ਆਉ ਮੇਰੇ ਨਾਲ।'

ਉਹ ਉਸ ਨੂੰ ਰੈਸਟੋਰੈਂਟ ਕੋਲ ਲੈ ਗਿਆ ਤੇ ਕੁਰਸੀ 'ਤੇ ਬੈਠਣ ਲਈ ਕਿਹਾ। ਨਾਜਰ ਹੁਕਮ ਦਾ ਬੱਧਾ ਕੁਰਸੀ ਤੇ ਬੈਠ ਗਿਆ। ਉਹ ਬੰਦਾ ਉਸ ਲਈ ਚਾਹ ਤੇ ਕੇਕ ਲੈ ਆਇਆ।

'ਚਾਹ ਦੀ ਲੋੜ ਤਾਂ ਹੈ ਨੀ ਸੀ ਐਵੇਂ ਖੇਚਲ ਕੀਤੀ ਤੁਸੀਂ।'

'ਚਾਹ ਪੀ। ਮੈਂ ਵੀ ਪਹਿਲੀ ਵਾਰ ਆਇਆਂ ਤੇ ਮੁੜ ਗਿਆ ਨਹੀਂ ਅਜੇ। ਰਸਤੇ ਦਾ ਤਜਰਬਾ ਮੈਨੂੰ ਵੀ ਯਾਦ ਐ। ਮੈਂ ਆਇਆ, ਬੱਸ ਏਥੇ ਈ ਬੈਠਾ ਰਹੀਂ।' ਉਹ ਜਲਦੀ ਨਾਲ ਚਲਾ ਗਿਆ।

ਨਾਜਰ ਨੇ ਚਾਹ ਪੀਤੀ ਤੇ ਕੇਕ ਖਾ ਕੇ ਉਸ ਨੂੰ ਕੁਝ ਧਰਵਾਸ ਜਿਹਾ ਹੋ ਗਿਆ ਸੀ। ਹੁਣ ਉਸ ਦਾ ਬਹੁਤਾ ਫਿਕਰ ਤਾਂ ਮੁੱਕ ਗਿਆ ਸੀ। ਉਸ ਨੂੰ ਆਪਣੇ ਬਚਪਨ ਦਾ ਯਾਰ ਨੂਰਾ ਯਾਦ ਆਇਆ। ਇਸ ਬੰਦੇ ਵਿਚੋਂ ਉਸ ਨੂੰ ਨੂਰਾ ਦਿਸ ਰਿਹਾ ਸੀ।

ਨੂਰਾ ਤੇ ਨਾਜਰ ਪੱਕੇ ਆੜੀ ਸਨ। ਜਦ ਉਹ ਖੇਡਦੇ ਕਦੇ ਨੂਰੇ ਦੇ ਘਰ ਚਲੇ ਜਾਂਦੇ ਤਾਂ ਨੂਰੇ ਦੀ ਮਾਂ ਦੋਵਾਂ ਨੂੰ ਕਾੜ੍ਹਨੀ ਦੇ ਦੁੱਧ ਦਾ ਗਲਾਸ ਗਲਾਸ ਭਰ ਕੇ ਫੜਾ ਦਿੰਦੀ। ਜੇ ਉਹ ਨਾਜਰ ਦੇ ਘਰ ਹੁੰਦੇ ਤਾਂ ਉਸ ਦੀ ਮਾਂ ਉਹਨਾਂ ਨੂੰ ਦੁੱਧ ਪਿਲਾਉਂਦੀ। ਵੰਡ ਦੀ ਹਨ੍ਹੇਰੀ ਨੇ ਅਣਗਿਣਤ ਹੀ ਬੇਗੁਨਾਹ ਜਾਨਾਂ ਲਈਆਂ ਪਰ ਨਾਜਰ ਦੇ ਪਿੰਡ ਦੇ ਲੋਕਾਂ ਨੇ ਕਿਸੇ ਵੀ ਮੁਸਲਮਾਨ ਨੂੰ ਮਾਰਨ ਨਾ ਦਿੱਤਾ। ਮਿਲਟਰੀ ਦੇ ਪਹਿਰੇ ਵਿਚ ਉਹਨਾਂ ਨੂੰ ਕੈਂਪ ਵਿਚ ਪੁਚਾਇਆ। ਜਦੋਂ ਉਹ ਪਿੰਡੋਂ ਤੁਰੇ ਤਾਂ ਤੁਰਨ ਵਾਲੇ ਵੀ ਤੇ ਤੋਰਨ ਵਾਲੇ ਵੀ ਭੁੱਬੀਂ ਰੋ ਰਹੇ ਸਨ। ਸਦੀਆਂ ਦੀ ਸਾਂਝ ਨੂੰ ਤੋੜਨਾ ਸਭ ਲਈ ਔਖਾ ਸੀ। ਨਾਜਰ ਵੀ ਨੂਰੇ ਨੂੰ ਵੇਖਦਾ ਰੋ ਰਿਹਾ ਸੀ। ਉਹ ਪਿੰਡ ਦੀ ਜੂਹ ਤੱਕ ਤੁਰੇ ਗਏ। ਇਕ ਦੂਜੇ ਨੂੰ ਵੇਖਦੇ

ਰੋਈ ਜਾ ਰਹੇ ਸਨ। ਨਾਜਰ ਦਾ ਜੀਅ ਕਰਦਾ ਸੀ ਨੂਰੇ ਨੂੰ ਆਪਣੇ ਕੋਲ ਰੱਖ ਲਵੇ ਪਰ ਰੱਖ ਨਹੀਂ ਸੀ ਸਕਦਾ। ਪਿੰਡ ਦੀ ਜੂਹ ’ਤੇ ਜਾ ਕੇ ਮਿਲਟਰੀ ਨੇ ਉਹਨਾਂ ਨੂੰ ਵਾਪਿਸ ਭੇਜ ਦਿੱਤਾ। ਲੋਕ ਬਹੁਤ ਦੇਰ ਤੱਕ ਖੜ੍ਹੇ ਇੰਝ ਵੇਖਦੇ ਰਹੇ ਜਿਵੇਂ ਉਹਨਾਂ ਦੇ ਸਰੀਰ ਦਾ ਇਕ ਅੰਗ ਕੱਟਿਆ ਗਿਆ ਹੋਵੇ, ਜਿਵੇਂ ਰੂਹ ਸਰੀਰ ਨਾਲੋਂ ਵੱਖ ਹੋ ਰਹੀ ਹੋਵੇ।

ਨਾਜਰ ਦੇ ਮੋਢੇ ’ਤੇ ਕਿਸੇ ਨੇ ਹੱਥ ਰੱਖਿਆ ਤਾਂ ਉਸ ਨੇ ਸਿਰ ਚੁੱਕ ਕੇ ਵੇਖਿਆ।

‘ਆਉ ਚੱਲੀਏ।’ ਉਸ ਬੰਦੇ ਨੇ ਸੂਟਕੇਸ ਦੇ ਹੈਂਡਲ ਨੂੰ ਹੱਥ ਪਾ ਲਿਆ।

‘ਰਹਿਣ ਦਿਉ ਮੈਂ ਚੱਕਦਾਂ।’ ਨਾਜਰ ਸੂਟਕੇਸ ਵੱਲ ਅਹੁਲਿਆ।

‘ਮੇਰਾ ਨਾਂ ਐ ਆਸਿਫ ਅਲੀ ਤੇ ਮੈਨੂੰ ਤੂੰ ਆਵਦਾ ਭਰਾ ਸਮਝ।’ ਸੁਣ ਕੇ ਨਾਜਰ ਦਾ ਦਿਲ ਭਰ ਆਇਆ।

‘ਮੇਰਾ ਨਾਂ ਜੀ ਨਾਜਰ ਐ।’

ਆਸਿਫ ਸੂਟਕੇਸ ਹੱਥ ਵਿਚ ਫੜੀ ਤੁਰ ਪਿਆ ਤੇ ਨਾਲ ਹੀ ਨਾਜਰ ਰਜਾਈ ਚੁੱਕੀ ਚੱਲ ਪਿਆ। ਉਹ ਗੇਟ ਵਿਚੋਂ ਨਿਕਲ ਕੇ ਸੜਕ ’ਤੇ ਆ ਗਏ।

‘ਏਥੋਂ ਬੱਸ ਮਿਲ ਜਾਣੀ ਐ ਤੇ ਆਪਾਂ ਘਰ ਦੇ ਨੇੜੇ ਈ ਪਹੁੰਚ ਜਾਣਾ।’

ਬੱਸ ਵਿਚ ਬੈਠੇ ਉਹ ਕਟਾ-ਵੱਢੀ ਦੀਆਂ ਗੱਲਾਂ ਕਰਦੇ ਰਹੇ। ਆਸਿਫ ਨਾਜਰ ਤੋਂ ਕੁਝ ਸਾਲ ਵੱਡਾ ਸੀ। ਪਰ ਦੋਵਾਂ ਨੂੰ ਉਹਨਾਂ ਦਿਨਾਂ ਦੀ ਪੂਰੀ ਯਾਦ ਸੀ। ਉਹ ਉਦਾਸ ਵੀ ਹੁੰਦੇ ਤੇ ਫਿਰ ਗੱਲਾਂ ਕਿਸੇ ਪਾਸੇ ਹੋਰ ਤੁਰ ਪੈਂਦੀਆਂ। ਇਕ ਸਟਾਪ ’ਤੇ ਬੱਸ ਰੁਕੀ ਤਾਂ ਆਸਿਫ ਬੋਲਿਆ: ‘ਨਾਜਰ ਸਿਆਂ ਆ ਜਾ ।’

ਉਹ ਬੱਸ ਤੋਂ ਉੱਤਰ ਕੇ ਫੁੱਟਪਾਥ ’ਤੇ ਤੁਰ ਪਏ। ਨਾਜਰ ਹੈਰਾਨੀ ਜਿਹੀ ਨਾਲ ਚਾਰੇ ਪਾਸੇ ਵੇਖ ਰਿਹਾ ਸੀ। ਆਸਿਫ ਉਸ ਦੇ ਅੱਗੇ ਸੀ। ਦਸ ਕੁ ਮਿੰਟ ਵਿਚ ਉਹ ਘਰ ਪਹੁੰਚ ਗਏ।

‘ਲਉ ਜੀ ਇਹ ਐ ਆਪਣਾ ਗਰੀਬ ਖਾਨਾ। ਇਕ ਕਮਰੇ ਵਿਚ ਅਸੀਂ ਤਿੰਨ ਜਣੇ ਰਹਿੰਨੇ ਆਂ। ਦੋ ਜਣੇ ਰਾਤਾਂ ਨੂੰ ਕੰਮ ਕਰਦੇ ਐ ਤੇ ਮੈਂ ਦਿਨਾਂ ’ਤੇ। ਸ਼ਨੀਵਾਰ ਨੂੰ ਹੀ ਅਸੀਂ ਮਿਲੀਦਾ। ਜੇ ਕੋਈ ਗੱਲ ਹੋਵੇ ਤਾਂ ਸੁਨੇਹਾ ਲਿਖ ਕੇ ਰੱਖ ਜਾਈਦਾ---।’ ਅਸਿਫ ਉਸ ਨੂੰ ਸਮਝਾ ਰਿਹਾ ਸੀ।

ਨਾਜਰ ਵਾਸਤੇ ਅਸਿਫ ਦਾ ਪਿਆਰ-ਸਤਿਕਾਰ ਦਿਲੀ ਸੀ। ਨਾਜਰ ਦਾ ਦਿਲ ਕੀਤਾ ਉਹ ਉਸ ਤੋਂ ਨੂਰੇ ਬਾਰੇ ਪੁੱਛੇ। ਪਰ ਅਸਿਫ ਉਸ ਨੂੰ ਹੋਰ ਕਾਫੀ ਕੁਝ ਦੱਸ ਰਿਹਾ ਸੀ ਤੇ ਨਾਜਰ ਨੂੰ ਬੋਲਣ ਦਾ ਮੌਕਾ ਨਹੀਂ ਸੀ ਮਿਲ ਰਿਹਾ।

‘ਕੱਲ੍ਹ ਹੈ ਸ਼ਨੀਵਾਰ ਤੇ ਮੈਂ ਅੱਧਾ ਦਿਨ ਕੰਮ ’ਤੇ ਜਾਣਾ। ਫੇਰ ਤੁਸਾਂ ਨੂੰ ਸਾਊਥਾਲ ਦਿਖਾਵਾਂਗੇ। ਐਤਵਾਰ ਨੂੰ ਤੁਹਾਡੇ ਪੰਜਾਬ ਦੇ ਪੰਜਾਬੀਆਂ ਨਾਲ ਤੁਹਾਡੀ ਮੁਲਕਾਤ ਕਰਾਵਾਂਗੇ।’

‘ਪੰਜਾਬੀਆਂ ਨਾਲ ਮੁਲਕਾਤ!’

'ਏਥੇ ਸ਼ੈਫਰਡਜਬੁਸ਼ ਹੈ ਨੇੜੇ ਹੀ। ਸਵੇਰੇ ਬੱਸ ਬੈਠਾਂਗੇ ਤੇ ਓਥੇ ਚੱਲਾਂਗਾ। ਓਥੇ ਗੁਰਦਵਾਰਾ ਐ। ਐਤਵਾਰ ਨੂੰ ਸਾਰੇ ਸਿੱਖ ਓਥੇ 'ਕੱਠੇ ਹੁੰਦੇ ਐ। ਮੈਂ ਵੀ ਕਦੀ ਕਦੀ ਜਾ ਆਉਣਾ।' ਆਸਿਫ ਮੁਸਕਰਾ ਰਿਹਾ ਸੀ।

'ਪਰ ਤੁਸੀਂ ----।' ਨਾਜਰ ਨੇ ਸਵਾਲ ਅਧੂਰਾ ਛੱਡ ਦਿੱਤਾ।

'ਦੇਖ ਨਾਜਰ ਸਿੰਘ, ਪੀਰ ਫਕੀਰ ਕਿਸੇ ਧਰਮ ਦੇ ਨਹੀਂ ਹੁੰਦੇ। ਉਹ ਤਾਂ ਲੋਕਾਈ ਦੇ ਹੁੰਦੇ ਐ। ਗੁਰੂ ਨਾਨਕ ਸਾਡਾ ਵੀ ਪੀਰ ਐ। ਅਸੀਂ ਨਨਕਾਣੇ ਵੀ ਜਾਂਦੇ ਆਂ ਤੇ ਏਥੇ ਕਦੇ ਗੁਰਦਵਾਰੇ ਵੀ। ਥੁਆਡੇ ਪੰਜਾਬ ਵਿਚ ਵੀ ਕਈ ਪੀਰਾਂ ਦੀਆਂ ਮਜਾਰਾਂ ਨੇ ਜਿਨ੍ਹਾਂ 'ਤੇ ਸਿੱਖ ਵੀ ਜਾਂਦੇ ਐ। ਆਮ ਲੋਕ ਦਿਲਾਂ ਦੇ ਸਾਫ਼ 'ਤੇ ਖੁੱਲ੍ਹੇ ਹੁੰਦੇ ਐ----।'

ਬਾਕੀ ਤਾਂ ਨਾਜਰ ਨੂੰ ਘੱਟ ਹੀ ਸੁਣਿਆ ਪਰ ਆਪਣੇ ਪਿੰਡਾਂ ਦੇ ਬੰਦਿਆਂ ਨੂੰ ਮਿਲਣ ਦਾ ਚਾਅ ਉਸ ਨੂੰ ਹੁਲਾਰਾ ਦੇ ਗਿਆ।

ਐਤਵਾਰ ਨੂੰ ਉਹ ਗੁਰਦਵਾਰੇ ਚਲੇ ਗਏ। ਹੌਲੀ ਹੌਲੀ ਲੋਕ ਆਉਣੇ ਸ਼ੁਰੂ ਹੋ ਗਏ। ਭਾਈ ਜੀ ਨੇ ਨਾਜਰ ਸਿੰਘ ਬਾਰੇ ਦੱਸਿਆ ਤਾਂ ਕਈ ਬੰਦੇ ਉਸ ਨੂੰ ਮਿਲਣ ਲੱਗੇ। ਉਹਨਾਂ ਵਿਚ ਹੀ ਸ਼ੇਰ ਸਿੰਘ ਵੀ ਸੀ ਜੋ ਅੱਗੇ ਜਾ ਕੇ ਉਸ ਦਾ ਜਿਗਰੀ ਯਾਰ ਬਣ ਗਿਆ ਸੀ।

## 4

ਸਕੌਟ ਨੇ ਬਰੇਕਫਾਸਟ ਕੀਤਾ ਤੇ ਈਮੇਲ ਚੈਕ ਕਰਨ ਲੱਗਿਆ। ਉਸ ਦੇ ਟੈਲੀਫ਼ੋਨ ’ਤੇ ਵੀ ਕੁਝ ਸੁਨੇਹੇ ਸਨ। ਕੁਝ ਕੁ ਈ ਮੇਲ ਵੇਖ ਕੇ ਉਸ ਨੇ ਜਵਾਬ ਦੇ ਦਿੱਤੇ ਤੇ ਟੈਲੀਫ਼ੋਨ ਦੇ ਸੁਨੇਹੇ ਵੇਖ ਕੇ ਵੀ ਜਵਾਬ ਲਿਖ ਦਿੱਤੇ। ਕੁਝ ਤਾਂ ਐਵੇਂ ਸੁਆਹ-ਖੇਹ ਜਿਹਾ ਹੀ ਸੀ। ਕਿਸੇ ਨੇ ਕੋਈ ਲਤੀਫੇ ਪਾਏ ਹੁੰਦੇ ਤੇ ਕਿਸੇ ਨੇ ਆਪਣੀ ਫੋਟੋ ਪਾ ਕੇ ਦਿਲ ਪ੍ਰਚਾਇਆ ਹੁੰਦਾ। ਸਕੌਟ ਨੇ ਅਜਿਹੇ ਕਿਸੇ ਵੀ ਵਟਸ ਅੱਪ ਦੇ ਸੁਨੇਹੇ ਨੂੰ ਕਦੇ ਗੰਭੀਰਤਾ ਨਾਲ ਨਹੀਂ ਸੀ ਲਿਆ। ਬਹੁਤ ਕੁਝ ਤਾਂ ਉਹ ‘ਡਲੀਟ’ ਕਰ ਦਿੰਦਾ। ਕਦੀ ਕਦੀ ਕੋਈ ਕੰਮ ਦੀ ਗੱਲ ਹੁੰਦੀ। ਕਈ ਵਾਰ ਗਲਤ ਜਾਣਕਾਰੀ ਨੂੰ ਲੋਕਾਂ ਨੇ ਅੱਗੇ-ਅੱਗੇ ਸਾਂਝੀ ਕੀਤਾ ਹੁੰਦਾ। ਬਿਨਾਂ ਸੋਚਿਆਂ ਸਮਝਿਆਂ ਲੋਕ ‘ਸ਼ੇਅਰ’ ਕਰ ਦਿੰਦੇ। ਇਹ ਗਲਤ ਜਾਣਕਾਰੀ ਵੀ ਕਈ ਲੋਕਾਂ ਲਈ ਸੱਚ ਹੀ ਬਣ ਜਾਂਦੀ। ਸਕੌਟ ਨੂੰ ਅਜਿਹਾ ਕੋਈ ਸ਼ੌਕ ਵੀ ਨਹੀਂ ਸੀ ਤੇ ਨਾ ਹੀ ਉਸ ਕੋਲ ਸਮਾਂ ਸੀ।

ਗੈਰੀ ਵਾਲਾ ਕੇਸ ਉਸ ਲਈ ਸਿਰ ਦਰਦੀ ਬਣਿਆ ਹੋਇਆ ਸੀ। ਅਜੇ ਤੱਕ ਗੈਰੀ ਦੇ ਗੁਆਂਢੀਆਂ ਦੇ ਘਰਾਂ ਦੇ ਸੀ ਸੀ ਟੀ ਵੀ ਕੈਮਰਿਆਂ ਦਾ ਵੀ ਕੋਈ ਵੇਰਵਾ ਨਹੀਂ ਸੀ ਆਇਆ। ਉਸ ਨੇ ਫ਼ੋਨ ਚੁੱਕਿਆ ਤੇ ਸਬੰਧਤ ਦਫ਼ਤਰ ਨੂੰ ਫ਼ੋਨ ਕਰਨ ਲਈ ਨੰਬਰ ਲੱਭਣ ਲੱਗਾ। ਅਚਾਨਕ ਉਸ ਨੂੰ ਟੋਨੀ ਦਾ ਖਿਆਲ ਆਇਆ। ਕਲਾਈਵ ਨੇ ਟੋਨੀ ਦੀ ਵਾਹਵਾ ਵਡਿਆਈ ਕੀਤੀ ਸੀ। ਉਸ ਨੇ ਇਸ ਕੰਮ ਦੀ ਜ਼ਿੰਮੇਵਾਰੀ ਟੋਨੀ ਨੂੰ ਦੇਣ ਦਾ ਫੈਸਲਾ ਕੀਤਾ ਤੇ ਟੋਨੀ ਨੂੰ ਈ ਮੇਲ ਲਿਖ ਦਿੱਤੀ। ਅੱਜ ਦਾ ਦਿਨ ਉਸ ਕੋਲ ਵਿਹਲਾ ਤਾਂ ਨਹੀਂ ਸੀ ਪਰ ਫਿਰ ਵੀ ਉਸ ਕੋਲ ਕਾਫੀ ਸਮਾਂ ਸੀ। ਉਸ ਨੇ ਮੈਗੀ ਨਾਲ ਘਰੇ ਲੰਚ ਕਰਨ ਅਤੇ ਘਰੇ ਬੈਠ ਕੇ ਕੁਝ ਰਿਪੋਰਟ ਤਿਆਰ ਕਰਨ ਬਾਰੇ ਸੋਚਿਆ ਤੇ ਉਸ ਨੂੰ ਦੱਸ ਦਿੱਤਾ। ਜਦੋਂ ਤੱਕ ਟੋਨੀ ਕੋਈ ਜਾਣਕਾਰੀ ਨਹੀਂ ਦਿੰਦਾ ਉਦੋਂ ਤੱਕ ਕੁਝ ਨਿੱਕੀ-ਮੋਟੀ ਪੁੱਛ ਪੜਤਾਲ ਲਈ ਉਸ ਨੇ ਆਪਣੇ ਮਾਤਹਿਤਾਂ ਦੀ ਡਿਊਟੀ ਲਗਾਈ ਹੋਈ ਸੀ। ਉਹ ਗੈਰੀ ਦੇ ਲੈਪ ਟੌਪ ਵਿਚ ਦਿਲਚਸਪੀ ਰਖਦਾ ਸੀ। ਉਸ ਨੇ ਕਲਾਈਵ ਨੂੰ ਫ਼ੋਨ ਕੀਤਾ ਸੀ ਤਾਂ ਜੋ ਪੁਲੀਸ ਡਿਪਾਰਟਮੈਂਟ ਗੈਰੀ ਦੀ ਈ ਮੇਲ ਆਈ ਡੀ ਜਲਦੀ ਖੋਲ੍ਹਣ ਦਾ ਪ੍ਰਬੰਧ ਕਰ ਸਕੇ। ਪਰ ਅਜੇ ਕਲਾਈਵ ਨੇ ਉਸ ਨੂੰ ਕੁਝ ਦੱਸਿਆ ਨਹੀਂ ਸੀ।

ਜਦ ਉਹ ਲੰਚ ਟਾਈਮ ਘਰ ਆਇਆ ਤਾਂ ਮੈਗੀ ਨੇ ਉਸ ਦਾ ਸਦਾ ਵਾਂਗ ਬਹੁਤ ਪਿਆਰ ਨਾਲ ਸਵਾਗਤ ਕੀਤਾ। ਉਹਨਾਂ ਇਕੱਠਿਆਂ ਨੇ ਲੰਚ ਕੀਤਾ। ਅਜਿਹਾ ਸਮਾਂ ਉਹਨਾਂ ਕੋਲ ਘੱਟ ਹੀ ਮਿਲਦਾ। ਲੰਚ ਬਾਅਦ ਸਕੌਟ ਨੇ ਕੌਫੀ ਤਿਆਰ ਕੀਤੀ ਤੇ ਕੱਪਾਂ ਵਿਚ ਪਾ ਕੇ ਸੋਫੇ ’ਤੇ ਆ ਬੈਠਾ। ਉਸ ਨੇ ਅਜੇ ਕੌਫੀ ਦੀ ਘੁੱਟ ਭਰੀ ਹੀ ਸੀ ਕਿ ਉਸ ਦੇ ਫ਼ੋਨ ’ਤੇ ਸੁਨੇਹੇ ਦੀ ਘੰਟੀ ਵੱਜੀ। ਉਸ ਨੇ ਸਕਰੀਨ ’ਤੇ ਟੋਨੀ ਦਾ ਸੰਖੇਪ ਜਿਹਾ ਸੁਨੇਹਾ

ਵੇਖਿਆ। 'ਈ ਮੇਲ ਚੈਕ ਕਰੋ।'

ਉਸ ਨੇ ਈ ਮੇਲ ਖੋਲ੍ਹੀ। ਟੋਨੀ ਨੇ ਗੁਆਂਢੀਆਂ ਦੇ ਕੈਮਰਿਆਂ ਦੀ ਰਿਪੋਰਟ ਭੇਜੀ ਸੀ। ਸਕੌਟ ਹੈਰਾਨ ਸੀ। ਚਾਰ ਕੁ ਘੰਟਿਆਂ ਵਿਚ ਹੀ ਉਸ ਨੇ ਰਿਪੋਰਟ ਬਣਾ ਕੇ ਭੇਜ ਦਿੱਤੀ ਸੀ। ਉਹ ਤਾਂ ਦੋ ਚਾਰ ਦਿਨ ਤੱਕ ਰਿਪੋਰਟ ਆਉਣ ਦੀ ਉਮੀਦ ਰਖਦਾ ਸੀ।

'ਸੌਰੀ ਡਾਰਲਿੰਗ, ਮੈਂ ਇਹ ਰਿਪੋਰਟ ਜਲਦੀ ਵੇਖਣੀ ਹੈ।' ਮੈਗੀ ਤੋਂ ਉਸ ਨੇ ਮੁਆਫੀ ਮੰਗੀ।

ਉਹ ਲੈਪ ਟੌਪ ਲੈ ਕੇ ਟੇਬਲ 'ਤੇ ਜਾ ਬੈਠਾ। ਮੈਗੀ ਅਰਾਮ ਨਾਲ ਕੌਫੀ ਪੀਂਦੀ ਰਹੀ ਤੇ ਕਿਤਾਬ ਪੜ੍ਹਦੀ ਰਹੀ। ਉਸ ਦੀ ਉਸ ਨੂੰ ਇਹੋ ਗੱਲ ਬਹੁਤੀ ਪਸੰਦ ਸੀ। ਉਹ ਉਸ ਨੂੰ ਕੰਮ ਤੋਂ ਨਾ ਵਰਜਦੀ ਸੀ ਤੇ ਨਾ ਹੀ ਉਸ ਦੇ ਕੰਮ ਵਿਚ ਦਖਲ ਦਿੰਦੀ ਸੀ।

ਉਸ ਨੇ ਈ ਮੇਲ ਖੋਲ੍ਹੀ ਤਾਂ ਉਹ ਹੋਰ ਵੀ ਪ੍ਰਭਾਵਤ ਹੋਇਆ। ਉਸ ਨੇ ਖਾਸ ਖਾਸ ਕਲਿਪ ਬਣਾ ਕੇ ਭੇਜੇ ਸਨ। ਘਰ ਦਾ ਨਾਂ ਨੰਬਰ ਸਾਫ਼ ਲਿਖਿਆ ਸੀ। ਨਾਲ ਹੀ ਲਿਖਿਆ ਸੀ ਕਿ ਇਸ ਰਿਪੋਰਟ ਵਿਚ ਕੁਝ ਵੀ ਖਾਸ ਨਹੀ ਤਾਂ ਜੋ ਸਕੌਟ ਨੂੰ ਸਮਾਂ ਨਾ ਬਰਬਾਦ ਕਰਨਾ ਪਵੇ। ਇਕ ਪੀ ਡੀ ਐਫ ਬਣਾ ਕੇ ਉਸ ਨੇ ਵੱਖਰੀ ਪੋਸਟ ਕੀਤੀ ਸੀ। ਸਕੌਟ ਨੇ ਸਭ ਤੋਂ ਪਹਿਲਾਂ ਉਹੀ ਖੋਲ੍ਹੀ।

ਇਸ ਵਿਚ ਇਕ ਕਾਰ ਗੈਰੀ ਦੇ ਸਾਹਮਣੇ ਘਰ ਦੇ ਬਾਹਰ ਖੜ੍ਹੀ ਸੀ। ਪਰ ਉਸ ਕਾਰ ਦੀ ਪੂਰੀ ਫੋਟੋ ਨਹੀਂ ਸੀ ਦਿਸ ਰਹੀ। ਸਾਹਮਣੇ ਘਰ ਦੇ ਫਰੰਟ ਗਾਰਡਨ ਵਿਚ ਇਕ ਦਰਖ਼ਤ ਜੋ ਅੱਧਾ ਕੁ ਫੁੱਟਪਾਥ ਤੱਕ ਫੈਲਰਿਆ ਹੋਇਆ ਸੀ, ਕਾਰ ਉਸ ਦਰਖ਼ਤ ਦੇ ਨੀਚੇ ਖੜ੍ਹੀ ਸੀ। ਕਾਰ ਦੇ ਅਗਲੇ ਹਿੱਸੇ ਦੀ ਥੋੜ੍ਹੀ ਜਿਹੀ ਫੋਟੋ ਆਉਂਦੀ ਸੀ ਜਿਸ ਤੋਂ ਸਿਰਫ ਕਾਰ ਦੇ ਕਾਲੇ ਰੰਗ ਦੀ ਹੋਣ ਦਾ ਪਤਾ ਚਲਦਾ ਸੀ। ਸਕੌਟ ਨੇ ਉਸ ਫੋਟੋ ਨੂੰ ਵਾਰ ਵਾਰ ਵੱਡਾ ਕਰਕੇ ਵੇਖਣ ਦਾ ਯਤਨ ਕੀਤਾ ਪਰ ਕੁਝ ਵੀ ਹੋਰ ਉਸ ਨੂੰ ਸਪੱਸ਼ਟ ਨਾ ਦਿਸਿਆ। ਜਦ ਉਸ ਨੇ ਫੋਟੋ ਨੂੰ ਅੱਗੇ ਕੀਤਾ ਤਾਂ ਗੈਰੀ ਦੇ ਘਰ ਵਿਚੋਂ ਇਕ ਆਦਮੀ ਨਿਕਲਦਾ ਦਿਖਾਈ ਦਿੱਤਾ ਜਿਸ ਨੇ ਆਪਣੇ ਸਿਰ 'ਤੇ ਟਰੈਕ ਸੂਟ ਟੌਪ ਦਾ ਟੋਪ ਲਿਆ ਹੋਇਆ ਸੀ। ਉਸ ਦੀਆਂ ਸਿਰਫ ਅੱਖਾਂ ਦਿਸਦੀਆਂ ਸਨ। ਪਰ ਅੱਖਾਂ ਦੀਆਂ ਪਲਕਾਂ ਵੀ ਝੁਕੀਆਂ ਹੋਈਆਂ ਸਨ। ਸਕੌਟ ਉਸ ਫੋਟੋ ਨੂੰ ਵਾਰ ਵਾਰ ਵੇਖਦਾ ਰਿਹਾ ਤੇ ਜੋ ਵੀ ਉਸ ਵਿਚ ਸਾਫ਼ ਸੀ ਉਸ ਦਾ ਆਪਣੇ ਜ਼ਿਹਨ ਵਿਚ ਪ੍ਰਤੀਬਿੰਬ ਬਣਾ ਰਿਹਾ ਸੀ। ਉਸ ਨੇ ਫੋਟੋ ਵਿਚ ਸਮਾਂ ਵੇਖਿਆ, 08-46 ।

ਸਕੌਟ ਨੇ ਮੈਗੀ ਦੇ ਵਾਲਾਂ 'ਤੇ ਜਲਦੀ ਨਾਲ ਚੁੰਮੀ ਦਿੱਤੀ ਤੇ ਕਾਰ ਦੀਆਂ ਚਾਬੀਆਂ ਚੁੱਕ ਕੇ ਬਾਹਰ ਚਲਾ ਗਿਆ। ਕੁਝ ਮਿੰਟਾਂ ਵਿਚ ਹੀ ਉਹ ਗੈਰੀ ਦੇ ਘਰ ਪਹੁੰਚ ਗਿਆ। ਘੰਟੀ ਖੜਕਾਈ ਤਾਂ ਪੈਵ ਸਹੋਤੇ ਨੇ ਦਰਵਾਜ਼ਾ ਖੋਲ੍ਹਿਆ।

'ਮੁਆਫ ਕਰਨਾ ਮੈਂ ਤੁਹਾਨੂੰ ਬੇਵਕਤ ਤਕਲੀਫ਼ ਦੇ ਰਿਹਾ ਹਾਂ। ਪਰ ਮੇਰਾ ਰੋਜ਼ੀ ਨਾਲ ਗੱਲ ਕਰਨਾ ਬਹੁਤ ਜ਼ਰੂਰੀ ਹੈ।'

ਪੈਵ ਨੇ ਹੱਥ ਦੇ ਇਸ਼ਾਰੇ ਨਾਲ ਅੰਦਰ ਆਉਣ ਲਈ ਕਿਹਾ ਤੇ ਉਥੋਂ ਹੀ ਰੋਜ਼ੀ ਨੂੰ ਆਵਾਜ਼ ਮਾਰ ਦਿੱਤੀ। ਅਜੇ ਅੰਤਿਮ ਰਸਮਾਂ ਬਾਕੀ ਸਨ ਇਸ ਲਈ ਕੁਝ ਲੋਕ ਉਹਨਾਂ ਦੇ ਘਰ ਵਿਚ ਬੈਠੇ ਸਨ। ਸਕੌਟ ਨੂੰ ਅਜਿਹੇ ਸਮੇਂ ਆਉਣਾ ਚੰਗਾ ਤਾਂ ਨਹੀਂ ਸੀ ਲਗਦਾ ਪਰ ਕਤਲ ਦੀ ਗੁੱਥੀ ਸੁਲਝਾਉਣ ਨਾਲੋਂ ਉਸ ਲਈ ਹੋਰ ਕੁਝ ਵੀ ਜ਼ਰੂਰੀ ਨਹੀਂ ਸੀ।

ਪੈਵ ਉਸ ਨੂੰ ਨਾਲ ਲੈ ਕੇ ਨਾਲ ਦੇ ਕਮਰੇ ਵਿਚ ਚਲਾ ਗਿਆ ਤੇ ਕੁਝ ਮਿੰਟਾਂ ਬਾਅਦ ਰੋਜ਼ੀ ਵੀ ਉਥੇ ਆ ਪਹੁੰਚੀ। ਉਸ ਨੇ ਸਕੌਟ ਵੱਲ ਸਵਾਲੀਆ ਨਜ਼ਰ ਨਾਲ ਵੇਖਿਆ।

'ਮੈਨੂੰ ਬਹੁਤ ਅਫਸੋਸ ਹੈ ਮੈਂ ਤੁਹਾਨੂੰ ਅਜਿਹੇ ਸਮੇਂ ਤਕਲੀਫ਼ ਦੇ ਰਿਹਾ ਹਾਂ। ਵਾਕਿਆ ਵਾਲੇ ਦਿਨ ਜਦ ਤੁਸੀਂ ਘਰ ਆਏ ਤਾਂ ਕੀ ਸਾਹਮਣੇ ਘਰ ਅੱਗੇ ਕੋਈ ਕਾਰ ਖੜ੍ਹੀ ਸੀ?'

ਰੋਜ਼ੀ ਨੇ ਨਾਲ ਹੀ ਸਿਰ ਮਾਰਦਿਆਂ ਨਾਂਹ ਕਹਿ ਦਿੱਤੀ।

'ਤੁਸੀਂ ਕਿੰਨੇ ਵਜੇ ਘਰੋਂ ਗਏ ਸੀ ਤੇ ਕਿੰਨੇ ਵਜੇ ਘਰ ਆਏ?'

'ਮੈਂ ਹਰ ਰੋਜ਼ ਸਵਾ ਅੱਠ ਤੋਂ ਪਹਿਲਾਂ ਹੀ ਨਿਕਲਣ ਦਾ ਯਤਨ ਕਰਦੀ ਹਾਂ। ਉਸ ਦਿਨ ਇਕ ਅੱਧ ਮਿੰਟ ਅੱਗੇ ਪਿੱਛੇ ਹੋ ਸਕਦਾ ਹੈ।'

'ਵਾਪਿਸ ਕਿੰਨੇ ਵਜੇ ਆਏ?'

'ਤਕਰੀਬਨ ਸਵਾ ਨੌਂ ਵਜੇ ਘਰ ਵਾਪਿਸ ਆ ਜਾਂਦੀ ਹਾਂ। ਉਸ ਦਿਨ ਮੈਂ ਕਿਤੇ ਹੋਰ ਨਹੀਂ ਰੁਕੀ।'

'ਜਦੋਂ ਤੁਸੀਂ ਘਰੋਂ ਗਏ ਕੋਈ ਕਾਰ ਤੁਸੀਂ ਇਸ ਸੜਕ 'ਤੇ ਖੜ੍ਹੀ ਵੇਖੀ?'

ਰੋਜ਼ੀ ਸੋਚਣ ਲੱਗੀ। ਪਰ ਉਸ ਨੂੰ ਕੁਝ ਯਾਦ ਨਾ ਆਇਆ।

'ਮੇਰੇ ਖਿਆਲ ਵਿਚ ਤਾਂ ਮੈਂ ਨਹੀਂ ਵੇਖੀ। ਪਰ ਮੈਂ ਸ਼ਾਇਦ ਬਹੁਤਾ ਧਿਆਨ ਵੀ ਨਹੀਂ ਦਿੱਤਾ ਹੋਣਾ।'

'ਮੈਂ ਤੁਹਾਨੂੰ ਇਕ ਫੋਟੋ ਵਿਖਾਉਣੀ ਚਾਹੁੰਦਾ ਹਾਂ। ਤੁਸੀਂ ਵੇਖੋ ਭਲਾ ਜੇ ਪਛਾਣ ਸਕਦੇ ਹੋਵੋ।'

ਸਕੌਟ ਨੇ ਉਸ ਆਦਮੀ ਦੀ ਫੋਟੋ ਰੋਜ਼ੀ ਸਾਹਮਣੇ ਕਰ ਦਿੱਤੀ। ਪੈਵ ਵੀ ਉਸ ਦੇ ਨੇੜੇ ਆ ਕੇ ਫੋਟੋ ਵੇਖਣ ਲੱਗਾ। ਉਹਨਾਂ ਨੂੰ ਇਹ ਫੋਟੋ ਬਿਲਕੁਲ ਹੀ ਪਛਾਣ ਨਾ ਆਈ ਤੇ ਉਹਨਾਂ ਦੋਵਾਂ ਨੇ ਸਿਰ ਮਾਰ ਦਿੱਤਾ।

ਸਕੌਟ ਨੂੰ ਬਹੁਤੀ ਆਸ ਵੀ ਨਹੀਂ ਸੀ। ਉਸ ਨੇ ਰੋਜ਼ੀ ਨੂੰ ਸੋਚਣ ਬਾਰੇ ਕਿਹਾ ਤੇ ਜੇ ਕੁਝ ਯਾਦ ਆ ਜਾਵੇ ਤਾਂ ਫ਼ੋਨ ਕਰਨ ਦੀ ਤਕੀਦ ਕੀਤੀ।

ਉਹਨਾਂ ਦਾ ਧੰਨਵਾਦ ਕਰਕੇ ਉਹ ਚਲਾ ਗਿਆ।

ਉਸ ਨੇ ਸੜਕ 'ਤੇ ਸਥਿਤ ਸਾਰੇ ਘਰਾਂ ਵਿਚ ਜਾ ਕੇ ਉਸ ਕਾਰ ਬਾਰੇ ਪੁੱਛਿਆ। ਪਰ ਕਿਸੇ ਨੂੰ ਕੁਝ ਯਾਦ ਨਹੀਂ ਸੀ ਤੇ ਨਾ ਹੀ ਕਿਸੇ ਨੇ ਫੋਟੋ ਵਿਚਲੇ ਆਦਮੀ ਬਾਰੇ ਕੋਈ ਹਾਮੀ ਭਰੀ।

ਸਕੌਟ ਨੇ ਟਾਈਮ ਵੇਖਿਆ, ਅਜੇ ਚਾਰ ਵੱਜੇ ਸਨ। ਉਸ ਨੇ ਦਫ਼ਤਰ ਫ਼ੋਨ ਕਰਕੇ ਕਲਾਈਵ ਦਾ ਪਤਾ ਕੀਤਾ। ਉਹ ਦਫ਼ਤਰ ਵਿਚ ਹੀ ਸੀ। ਉਸ ਨੇ ਕਲਾਈਵ ਨਾਲ ਸੰਖੇਪ ਗੱਲ ਕੀਤੀ ਤੇ ਕੁਝ ਮਿੰਟਾਂ ਵਿਚ ਉਸ ਨੂੰ ਮਿਲਣ ਲਈ ਦਫ਼ਤਰ ਪਹੁੰਚਣ ਬਾਰੇ ਦੱਸ ਦਿੱਤਾ।

ਉਹ ਸਿੱਧਾ ਕਲਾਈਵ ਦੇ ਦਫ਼ਤਰ ਪਹੁੰਚ ਕੇ ਉਸ ਦੇ ਕਮਰੇ ਵਿਚ ਚਲਾ ਗਿਆ।

'ਕੌਫੀ।'

'ਨਹੀਂ—ਮੈਂ ਗੈਰੀ ਦੇ ਕਤਲ ਸਬੰਧੀ ਗੱਲ ਕਰਨੀ ਚਾਹੁੰਨਾ।'

ਕਲਾਈਵ ਦੀਆਂ ਅੱਖਾਂ ਵਿਚੋਂ ਉਸ ਨੇ 'ਦੱਸ ਫੇਰ' ਪੜ੍ਹ ਲਿਆ ਤੇ ਕੁਰਸੀ ਵਿਚ ਪਾਸਾ ਮਾਰ ਕੇ ਢੋਅ ਲਾ ਲਈ। ਫਿਰ ਉਹ ਢੋਅ ਛੱਡ ਕੇ ਥੋੜਾ ਅੱਗੇ ਨੂੰ ਝੁਕਿਆ ਤੇ ਆਪਣੀਆਂ ਕੂਹਣੀਆਂ ਮੋੜ ਕੇ ਟੇਬਲ 'ਤੇ ਰੱਖ ਲਈਆਂ।

'ਗੈਰੀ ਦੀ ਈ ਮੇਲ ਨੂੰ ਖੋਲ੍ਹੇ ਬਿਨਾਂ ਗੱਲ ਨਹੀਂ ਬਣਨੀ। ਜਿੰਨੀ ਜਲਦੀ ਹੋ ਸਕਦਾ ਆਈ ਟੀ ਡਿਪਾਰਟਮੈਂਟ ਨੂੰ ਈ ਮੇਲ ਖੋਲ੍ਹਣ ਲਈ ਕਿਹਾ ਜਾਵੇ ਤਾਂ ਠੀਕ ਹੈ। ਨਹੀਂ ਤਾਂ ਜਾਂਚ ਕਿਸੇ ਪਾਸੇ ਤੁਰ ਨਹੀਂ ਰਹੀ।'

ਕਲਾਈਵ ਉਸ ਵੱਲ ਇਕ ਟੱਕ ਵੇਖਦਾ ਰਿਹਾ। ਕੁਝ ਦੇਰ ਚੁੱਪ ਰਹਿਣ ਬਾਅਦ ਉਹ ਵੀ ਅੱਗੇ ਨੂੰ ਝੁਕਿਆ ਤੇ ਸਾਜਿਸ਼ੀ ਆਵਾਜ਼ ਵਿਚ ਬੋਲਣ ਲੱਗਾ।

'ਸਕੌਟ, ਮੈਂ ਤੇਰੇ ਨਾਲ ਖੁੱਲ੍ਹ ਕੇ ਗੱਲ ਕਰ ਸਕਦਾਂ ਤੇ ਇਹ ਆਪਣੀ ਨਿੱਜੀ ਗੱਲ ਬਾਤ ਹੈ।' ਉਹ ਚੁੱਪ ਹੋ ਗਿਆ ਤੇ ਸਕੌਟ ਦੇ ਹਾਂ ਵਿਚ ਹਿੱਲੇ ਸਿਰ ਨੂੰ ਉਸ ਨੇ ਪਤਾ ਨਹੀਂ ਵੇਖਿਆ ਜਾਂ ਨਹੀਂ ਪਰ ਗੱਲ ਉਸ ਨੇ ਅੱਗੇ ਵਧਾਈ।

'ਆਈ ਟੀ ਡਿਪਾਰਟਮੈਂਟ ਵਾਲਿਆਂ ਨੇ ਤਾਂ ਪਤਾ ਨਹੀਂ ਕਿੰਨਾ ਚਿਰ ਲਗਾ ਦੇਣਾ। ਇਹ ਕੰਮ ਚੁੱਪ ਚਾਪ ਬਾਹਰੋ ਬਾਹਰ ਹੋ ਜਾਵੇ ਤਾਂ ਜਲਦੀ ਹੋ ਸਕਦਾ।'

'ਬਾਹਰੋ ਬਾਹਰ  ਮੈਂ ਤਾਂ ਕਿਸੇ ਐਸੇ ਬੰਦੇ ਨੂੰ ਜਾਣਦਾ ਨਹੀਂ।'

'ਤੂੰ ਜਾਣਦਾ ਐਂ। ਜਾਹ ਟੋਨੀ ਨਾਲ ਚਾਹ ਦਾ ਕੱਪ ਪੀ। ਉਹਨੂੰ ਕੌਫੀ ਪਸੰਦ ਨਹੀਂ।' ਕਹਿ ਕੇ ਕਲਾਈਵ ਨੇ ਇਕ ਫਾਈਲ ਚੁੱਕ ਲਈ ਤੇ ਸਕੌਟ ਬਿਨਾਂ ਕੁਝ ਕਹੇ ਉਸ ਦੇ ਕਮਰੇ ਵਿਚੋਂ ਬਾਹਰ ਆ ਗਿਆ।

ਉਹ ਟੋਨੀ ਵੱਲ ਚਲਾ ਗਿਆ। ਟੋਨੀ ਦੀਆਂ ਉਂਗਲਾਂ ਕੰਪਿਊਟਰ 'ਤੇ ਇੰਝ ਚੱਲ ਰਹੀਆਂ ਸਨ ਜਿਵੇਂ ਉਹ ਕੋਈ ਸਾਜ ਵਜਾ ਰਿਹਾ ਹੋਵੇ। ਸਕੌਟ ਪਲ ਕੁ ਦਰਵਾਜ਼ੇ ਦੇ ਬਾਹਰ ਖੜ੍ਹਾ ਰਿਹਾ ਤੇ ਫਿਰ ਉਸ ਨੇ ਹਲਕਾ ਜਿਹਾ ਠੋਲਾ ਮਾਰ ਕੇ ਬੂਹਾ ਖੋਲ੍ਹ ਲਿਆ। ਟੋਨੀ ਨੇ ਆਪਣੀਆਂ ਐਨਕਾਂ ਦੇ ਸ਼ੀਸ਼ਿਆਂ ਵਿਚੋਂ ਦੀ ਉਸ ਨੂੰ ਵੇਖਿਆ ਪਰ ਚੁੱਪ ਰਿਹਾ। ਸਕੌਟ ਉਸ ਦੇ ਅੱਗੇ ਕੁਰਸੀ 'ਤੇ ਬੈਠ ਗਿਆ।

'ਟੋਨੀ ਤੇਰੀ ਬਹੁਤ ਮਿਹਰਬਾਨੀ। ਤੂੰ ਬਹੁਤ ਜਲਦੀ ਕੰਮ ਕੀਤਾ ਤੇ ਕੀਤਾ ਵੀ ਬਹੁਤ ਚੰਗਾ--।'

ਟੋਨੀ ਨੇ ਆਪਣਾ ਸਿਰ ਹਾਂ ਵਿਚ ਹਿਲਾਇਆ ਪਰ ਮੂੰਹੋਂ ਕੁਝ ਨਾ ਬੋਲਿਆ ਤੇ ਨਾ ਹੀ ਉਸ ਦੇ ਚਿਹਰੇ ’ਤੇ ਕੋਈ ਪ੍ਰਭਾਵ ਆਏ।

‘ਜੇ ਤੂੰ ਕੁਝ ਸਮਾਂ ਕੱਢ ਸਕਦਾਂ ਤਾਂ ਆਪਾਂ ਕੈਫੇ ਵਿਚ ਚਾਹ ਪੀਣ ਚੱਲੀਏ। ਮੈਂ ਤੇਰਾ ਬਹੁਤਾ ਸਮਾਂ ਨਹੀਂ ਲਵਾਂਗਾ।’

ਟੋਨੀ ਬਿਨਾਂ ਕੋਈ ਸਵਾਲ ਕਰੇ ਉੱਠ ਖੜ੍ਹਿਆ ਤੇ ਕੁਰਸੀ ਦੀ ਢੋਅ ਤੋਂ ਆਪਣੀ ਚਮੜੇ ਦੀ ਜੈਕਟ ਪਹਿਨ ਕੇ ਸਕੌਟ ਦੇ ਪਿੱਛੇ ਤੁਰ ਪਿਆ। ਸੜਕ ਪਾਰ ਕਰਕੇ ਉਹ ਕੈਫੇ ਵਿਚ ਜਾ ਬੈਠੇ ਤੇ ਸਕੌਟ ਨੇ ਨਵੇਕਲਾ ਜਿਹਾ ਟੇਬਲ ਮੱਲ ਲਿਆ। ਚਾਹ ਦਾ ਆਰਡਰ ਕਰਕੇ ਸਕੌਟ ਉਸ ਨਾਲ ਗੱਲਾਂ ਕਰਨ ਲੱਗਾ।

‘ਟੋਨੀ ਤੂੰ ਕੰਪਿਊਟਰ ਸਾਇੰਸ ਦੀ ਡਿਗਰੀ ਕੀਤੀ ਹੋਈ ਐ?’

‘ਆਹੋ, ਵੈਸੇ ਬਚਪਨ ਤੋਂ ਈ ਮੈਨੂੰ ਕੰਪਿਊਟਰ ਦਾ ਬਹੁਤ ਸੌਕ ਐ।’

‘ਮੈਨੂੰ ਹੈਰਾਨੀ ਹੁੰਦੀ ਐ ਇਹ ਸਭ ਤੂੰ ਕਿਵੇਂ ਕਰ ਲਿਆ?’

‘ਮੈਨੂੰ ਆਪ ਨੂੰ ਪਤਾ ਨਹੀਂ--।’

ਚਾਹ ਆ ਗਈ ਤੇ ਨਾਲ ਹੀ ਕੇਕ। ਟੋਨੀ ਨੇ ਚਾਹ ਵਿਚ ਤਿੰਨ ਚਮਚ ਚੀਨੀ ਪਾਈ ਤਾਂ ਸਕੌਟ ਹੈਰਾਨ ਹੋ ਗਿਆ। ਉਹ ਆਪ ਤਾਂ ਕਈ ਸਾਲਾਂ ਤੋਂ ਚੀਨੀ ਵਰਤਦਾ ਹੀ ਨਹੀਂ ਸੀ। ਉਹਨਾਂ ਨੇ ਕੇਕ ਆਪਣੀਆਂ ਪਲੇਟਾਂ ਵਿਚ ਰੱਖਿਆ ਤੇ ਸਕੌਟ ਨੇ ਗੱਲ ਚਲਾਈ।

‘ਮੈਨੂੰ ਤੇਰੀ ਮਦਦ ਦੀ ਲੋੜ ਐ। ਗੈਰੀ ਦੇ ਕਤਲ ਬਾਰੇ ਤੈਨੂੰ ਪਤਾ। ਕਾਤਲ ਉਸ ਦਾ ਲੈਪ ਟੌਪ ਲੈ ਗਿਆ। ਮੈਨੂੰ ਲਗਦਾ ਉਸ ਦੇ ਕਤਲ ਦਾ ਭੇਤ ਉਸ ਦੇ ਲੈਪ ਟੌਪ ਵਿਚ ਹੀ ਛੁੱਪਿਆ ਹੋਇਆ।’ ਸਕੌਟ ਨੇ ਟੋਨੀ ਨੂੰ ਹੋਰ ਕੇਕ ਪੇਸ਼ ਕੀਤਾ ਤੇ ਉਸ ਨੇ ਬਿਨਾਂ ਝਿਜਕ ਲੈ ਲਿਆ।

‘ਆਹ ਉਸ ਦੀ ਈ ਮੇਲ ਆਈ ਡੀ ਐ। ਜੇ ਤੂੰ ਕੁਝ ਕਰ ਸਕੇਂ ਤਾਂ ਇਹ ਤੇਰੇ ਤੇ ਮੇਰੇ ਵਿਚ ਈ ਰਹੂ।’ ਸਕੌਟ ਨੇ ਇਕ ਕਾਗਜ਼ ਉਸ ਦੀਆਂ ਉਂਗਲਾਂ ਹੇਠ ਸਰਕਾ ਦਿੱਤਾ। ਟੋਨੀ ਨੇ ਚੁੱਕ ਕੇ ਜੇਬ ਵਿਚ ਪਾ ਲਿਆ। ਚਾਹ ਪੀ ਕੇ ਉਹ ਆਪੋ ਆਪਣੇ ਰਾਹ ਪੈ ਗਏ।

ਸਕੌਟ ਨੂੰ ਪਤਾ ਨਹੀਂ ਸੀ ਟੋਨੀ ਕੁਝ ਕਰੇਗਾ ਜਾਂ ਨਹੀਂ। ਆਪਣੇ ਸੁਭਾਅ ਅਨੁਸਾਰ ਉਸ ਨੇ ਕੋਈ ਵਾਇਦਾ ਨਹੀਂ ਕੀਤਾ ਸੀ ਤੇ ਨਾ ਹੀ ਨਾਂਹ ਕੀਤੀ ਸੀ।

## 5

ਗੁਰਦਵਾਰੇ ਤੋਂ ਸ਼ੇਰ ਸਿੰਘ, ਨਾਜਰ ਅਤੇ ਆਸਿਫ ਇਕੱਠੇ ਹੀ ਬੱਸ ਵਿਚ ਬੈਠ ਗਏ ਤੇ ਆਸਿਫ ਦੇ ਕਮਰੇ ਵਿਚ ਪਹੁੰਚ ਗਏ। ਆਸਿਫ ਨੇ ਕਿਚਨ ਵਿਚ ਚਾਹ ਬਣਾਈ ਤੇ ਉਹਨਾਂ ਨੂੰ ਆਪਣੇ ਕਮਰੇ ਵਿਚ ਕੱਪ ਲਿਆ ਫੜਾਏ। ਸ਼ੇਰ ਸਿੰਘ ਨੇ ਚਾਹ ਦਾ ਘੁੱਟ ਭਰਿਆ ਤੇ ਗੱਲ ਸ਼ੁਰੂ ਕੀਤੀ।

'ਮੇਰੇ ਨਾਲ ਭਾਈਵੰਦ ਰਹਿੰਦਾ ਸੀ ਤੇ ਉਹਨੂੰ ਪੰਜਾਬ ਜਾਣਾ ਪੈ ਗਿਆ। ਉਹਦੇ ਪਿਉ ਦੀ ਮੌਤ ਹੋ ਗਈ ਸੀ। ਉਹ ਸ਼ੈਂਤ ਪੰਜ ਸੱਤ ਮਹੀਨੇ ਅਜੇ ਨਾ ਆਵੇ। ਮੇਰੇ ਕਮਰੇ ਵਿਚ ਕਿਸੇ ਨੂੰ ਹੋਰ ਰੱਖਣ ਦੀ ਥਾਂ ਮੈਂ ਸੋਚਿਆ ਨਾਜਰ ਨੂੰ ਹੀ ਰੱਖ ਲਵਾਂ। ਤੁਸੀਂ ਤਾਂ ਪਹਿਲਾਂ ਈ ----।' ਸ਼ੇਰੇ ਨੇ ਕਮਰੇ ਵਿਚ ਨਜ਼ਰ ਘੁਮਾਈ ਤੇ ਗੱਲ ਅਧੂਰੀ ਛੱਡ ਦਿੱਤੀ।

'ਇਕ ਸ਼ਰਤ ਐ, ਮੇਰੇ ਬੰਦੇ ਨੂੰ ਮਿਲਾਉਂਦਾ ਰਹੀਂ।' ਆਸਿਫ ਨੇ ਮੁਸਕਰਾਉਂਦਿਆਂ ਕਿਹਾ।

'ਆਸਿਫ ਜੀ ਤੁਸੀਂ ਮੇਰੇ ਲਈ ਐਨੀ ਖੇਚਲ ਕੀਤੀ, ਮੈਂ ਕਿਵੇਂ ਭੁੱਲ ਸਕਦਾਂ? ਤੁਸੀਂ ਤਾਂ ਮੇਰੇ ਭਰਾ ਵਰਗੇ ਐਂ। ਮਿਹਰਬਾਨੀ।' ਨਾਜਰ ਦੇ ਦਿਲੋਂ ਨਿਕਲੇ ਸ਼ਬਦ ਆਸਿਫ ਨੇ ਮਹਿਸੂਸ ਕੀਤੇ।

'ਨਾਜਰ ਸਿੰਘ ਭਰਾ ਵੀ ਕਹਿਨਾ ਤੇ ਮਿਹਰਬਾਨੀ ਵੀ---।' ਆਸਿਫ ਨੇ ਖਾਲੀ ਕੱਪ ਚੁੱਕ ਕੇ ਪਲੇਟ ਵਿਚ ਰੱਖ ਦਿੱਤੇ ਜਿਸ ਨੂੰ ਉਸ ਨੇ ਟਰੇਅ ਵਜੋਂ ਵਰਤਿਆ ਸੀ।

'ਸ਼ੇਰ ਸਿੰਘ ਰਹਿੰਦੇ ਕਿਥੇ ਐਂ?'

'ਆਹ ਵੈਸਟਰਨ ਰੋਡ 'ਤੇ 118 ਨੰਬਰ 'ਚ।'

'ਚਲੋ ਫੇਰ ਤਾਂ ਨੇੜੇ ਈ ਐ। ਮਿਲਦੇ ਰਹਾਂਗੇ।'

ਸ਼ੇਰੇ ਨੇ ਰਜਾਈ ਚੁੱਕ ਲਈ ਜਿਸ ਨੂੰ ਨਾਜਰ ਨੇ ਬੀਤੀ ਰਾਤ ਵਰਤ ਕੇ ਸਵੇਰੇ ਫਿਰ ਬੰਨ੍ਹ ਕੇ ਰੱਖ ਦਿੱਤਾ ਸੀ। ਨਾਜਰ ਨੇ ਟਰੰਕ ਚੁੱਕ ਲਿਆ ਤੇ ਦਰੀ ਦਾ ਬਣਿਆ ਬੈਗ ਮੋਢੇ ਟੰਗ ਲਿਆ। ਕੁਝ ਮਿੰਟਾਂ ਵਿਚ ਹੀ ਉਹ ਸ਼ੇਰੇ ਦੇ ਕਮਰੇ ਵਿਚ ਨਾਜਰ ਦਾ ਸਮਾਨ ਖੋਲ੍ਹ ਕੇ ਥਾਂ ਸਿਰ ਰੱਖ ਰਹੇ ਸਨ।

'ਇਹ ਘਰ ਆਪਣਾ ਐ?'

'ਨਾਜਰ ਸਿਆਂ ਘਰ ਲੈਣਾ ਕਿਹੜਾ ਖਾਲਾ ਜੀ ਦਾ ਵਾੜਾ। ਇਹ ਘਰ ਐ ਜੌਹਨ ਦਾ। ਗੋਰਾ ਐ ਤੇ ਪੰਜਾਬ 'ਚ ਲਹੌਰ ਤੇ ਅੰਬਾਲੇ ਰਹਿ ਕੇ ਆਇਆ। ਹਿੰਦੀ ਉਰਦੂ ਰਲਵਾਂ-ਮਿਲਵਾਂ ਜਿਹਾ ਬੋਲ ਵੀ ਲੈਂਦਾ ਤੇ ਸਮਝ ਤਾਂ ਉਹ ਪੰਜਾਬੀ ਵੀ ਲੈਂਦਾ। ਚੰਗਾ ਬੰਦਾ। ਘਰ ਅੰਗੂ ਈ ਰਹੀਦਾ।'

'ਹੱਛਾ—ਪੰਜਾਬੀ ਵੀ ਸਮਝਦਾ!' ਨਾਜਰ ਹੈਰਾਨ ਸੀ।

‘ ’ਜਾਦੀ ਤੋਂ ਪਹਿਲਾਂ ਗੋਰੇ ਇੰਡੀਆ ਨੋਕਰੀ ਕਰਨ ਜਾਂਦੇ ਸੀ। ਕੋਈ ਬੰਗਾਲੀ, ਗੁਜਰਾਤੀ, ਹਿੰਦੀ ਵਗੈਰਾ, ਜੌਹਨ ਕਹਿੰਦਾ ਐਥੇ ਕਾਲਜਾਂ ’ਚ ਸਿੱਖ ਕੇ ਜਾਂਦੇ ਤੇ ਉਹਨਾਂ ਨੂੰ ਜਾਂਦਿਆਂ ਨੂੰ ਨੋਕਰੀ ਮਿਲ ਜਾਂਦੀ।’

‘ਤੇ ਉਹਨਾਂ ਨੂੰ ਸਿਖਾਉਂਦਾ ਕੌਣ ਸੀ?’ ਨਾਜਰ ਅਜੇ ਵੀ ਹੈਰਾਨ ਸੀ।

‘ਇੰਡੀਆ ਤੋਂ ਈ ਟੀਚਰ ਆਉਂਦੇ ਸੀ। ਕਈ ਤਾਂ ਉਦੋਂ ਦੇ ਐਥੇ ਈ ਰਹੀ ਜਾਂਦੇ ਐ।’

‘ਸ਼ੇਰ ਸਿਆਂ ਕੰਮ ਧੰਦੇ ਦਾ ਕੀ ਬਣੂੰ?’ ਨਾਜਰ ਨੇ ਆਪਣੀ ਚਿੰਤਾ ਸਾਂਝੀ ਕੀਤੀ।

‘ਪਰਸੋਂ ਤੂੰ ਕੰਮ ਲਈ ਤਿਆਰ ਰਹੀਂ। ਮੈਂ ਕੱਲ੍ਹ ਨੂੰ ਫੋਰਮੈਨ ਤੋਂ ਪੁੱਛ ਕੇ ਆਊਂ। ਪਰ ਚੱਲ ਪਹਿਲਾਂ ਤੈਨੂੰ ਕੰਮ ’ਤੇ ਜਾਣ ਜੋਗਾ ਬਣਾ ਲੀਏ।’

ਨਾਜਰ ਨੂੰ ਸਮਝ ਨਾ ਆਈ ਪਰ ਉਹ ਸ਼ੇਰੇ ਨਾਲ ਤੁਰ ਪਿਆ। ਉਹ ਉਸ ਨੂੰ ਨਾਈ ਦੀ ਦੁਕਾਨ ’ਤੇ ਲੈ ਗਿਆ। ਭਮੱਤਰੇ ਜਿਹੇ ਨਾਜਰ ਨੇ ਵਾਲ ਕਟਵਾ ਕੇ ਤੇ ਦਾੜ੍ਹੀ ’ਤੇ ਉਸਤਰਾ ਫਿਰਾ ਕੇ ਆਪਣੇ ਆਪ ਨੂੰ ਸ਼ੀਸ਼ੇ ਵਿਚ ਵੇਖਿਆ ਤਾਂ ਉਸ ਨੂੰ ਆਪਣਾ ਆਪ ਓਪਰਾ ਜਿਹਾ ਲੱਗਾ। ਉਹ ਬਿੰਦੇ ਬਿੰਦੇ ਬਿਨਾਂ ਵਾਲਾਂ ਤੋਂ ਆਪਣੇ ਮੁਲਾਇਮ ਜਿਹੇ ਮੂੰਹ ’ਤੇ ਹੱਥ ਫੇਰੀ ਜਾਵੇ ਤੇ ਸ਼ੇਰਾ ਉਸ ਨੂੰ ਵੇਖ ਕੇ ਮੁਸਕਰਾ ਰਿਹਾ ਸੀ।

ਨਾਜਰ ਨੂੰ ਤਸੱਲੀ ਵੀ ਹੋਈ ਤੇ ਖੁਸ਼ੀ ਵੀ। ਉਹ ਸ਼ੇਰੇ ਨਾਲ ਹੀ ਬੇਕਰੀ ਵਿਚ ਕੰਮ ਕਰਨ ਲੱਗ ਪਿਆ। ਜੌਹਨ ਨਾਲ ਉਸ ਦੀ ਸੀਮਤ ਜਿਹੀ ਮੁਲਾਕਤ ਮੰਗਲਵਾਰ ਨੂੰ ਕੰਮ ਤੋਂ ਵਾਪਿਸੀ ਸਮੇਂ ਹੋਈ। ਸ਼ੇਰੇ ਨੇ ਉਸ ਦੀ ਜਾਣ-ਪਛਾਣ ਕਰਾਈ।

‘ਜੌਹਨ ਯੇ ਮੇਰਾ ਫਰਿੰਡ ਹੈ ਨਾਜਰ ਸਿੰਘ। ਮੇਰੇ ਸਾਥ ਕਮਰੇ ਮੇ ਰਹੇਗਾ ਤੇ ਮੇਰੇ ਸਾਥ ਕੰਮ ਕਰਤਾ ਹੈ।’ ਸ਼ੇਰੇ ਨੇ ਪੰਜਾਬੀ ਹਿੰਦੀ ਵਿਚ ਜੌਹਨ ਨੂੰ ਸਮਝਾਇਆ। ਉਸ ਨੇ ਨਾਜਰ ਨੂੰ ਸਿਰ ਤੋਂ ਪੈਰਾਂ ਤੱਕ ਵੇਖਿਆ ਤੇ ਬੋਲਿਆ।

‘ਕੈਸਾ ਹੈ?’

‘ਠੀਕ ਆ ਜੀ।’ ਨਾਜਰ ਦੇ ਆਪ ਮੁਹਾਰੇ ਹੱਥ ਜੁੜ ਗਏ। ਜੌਹਨ ਬੀਅਰ ਦਾ ਡੱਬਾ ਫੜੀ ਫਰੰਟ ਰੂਮ ਵਿਚ ਜਾ ਬੈਠਾ।

‘ਬੰਦਾ ਤਾਂ ਚੰਗਾ ਲਗਦਾ ਯਾਰ।’ ਨਾਜਰ, ਜੌਹਨ ਬਾਰੇ ਸੋਚ ਰਿਹਾ ਸੀ।

‘ਬੰਦਾ ਚੰਗਾ ਐ। ਕਈ ਗੋਰੇ ਤਾਂ ਸਾਲੇ ਆਪਣਿਆਂ ਨੂੰ ਨਫਰਤ ਈ ਬੜੀ ਕਰਦੇ ਐ। ਇਹ ਸਾਡੇ ਬਣਾਏ ਮੀਟ ਤੇ ਰੋਟੀ ਵੀ ਨਾਲ ਬੈਠ ਕੇ ਖਾ ਲੈਂਦਾ।’

‘ਪਰ ਇਹਦਾ ਕੋਈ ਬਾਲ ਬੱਚਾ--?’

‘ਇਹਦਾ ਵਿਆਹ ਹੋਇਆ ਵਾ ਸੀ ਤੇ ਇਕ ਚਾਰ ਕੁ ਸਾਲ ਦਾ ਮੁੰਡਾ ਵੀ ਐ, ਸਟੀਵ। ਇਹਦੇ ਘਰ ਆਲੀ ਦੋ ਕੁ ਸਾਲ ਹੋ ’ਗੇ ਛੱਡ ਕੇ ਕਿਸੇ ਹੋਰ ਨਾਲ ਚਲੀ ਗਈ। ਹੁਣ ਉਹ ਜੁਮੇ ਵਾਲੇ ਦਿਨ ਮੁੰਡੇ ਨੂੰ ਇਹਦੇ ਕੋਲ ਛੱਡ ਜਾਂਦੀ ਐ ਤੇ ਇਹ ਐਤਵਾਰ ਨੂੰ ਮੁੰਡਾ ਉਹਦੇ ਕੋਲ ਛੱਡ ਆਉਂਦਾ।’

‘ਪਰ ਇਹਨੂੰ ਗੁੱਸਾ ਨੀ ਆਉਂਦਾ ਬਈ ਉਹ ਕਿਸੇ ਹੋਰ ਨਾਲ ਤੁਰੀ ਫਿਰਦੀ ਐ?’

ਨਾਜਰ ਹੈਰਾਨ ਜਿਹਾ ਖੜ੍ਹਾ ਸ਼ੇਰੇ ਵੱਲ ਵੇਖ ਰਿਹਾ ਸੀ।

'ਨਹੀਂ ਯਾਰ ਇਹਨਾਂ ਦਾ ਹਸਾਬ ਹੋਰ ਆ। ਇਹਦੇ ਘਰ ਆਲੀ ਜੈਨਟ ਤੇ ਉਹ ਬੰਦਾ ਗਰਾਹਮ ਕਦੇ ਕਦੇ ਦੋਵੇਂ ਆ ਜਾਂਦੇ ਐ ਤੇ ਬੈਠ ਕੇ ਚਾਹ ਪਾਣੀ ਪੀ ਕੇ ਜਾਂਦੇ ਐ। ਇਹਨਾਂ 'ਚ ਕਦੇ ਕੋਈ ਲੜਾਈ ਨੀ ਸੁਣੀ। ਜੌਹਨ ਵੀ ਕਹਿ ਦਿੰਦਾ ਸਾਡੀ ਨਹੀਂ ਬਣੀ ਤਾਂ ਉਹਦੀ ਮਰਜੀ ਜਿਥੇ ਖੁਸ਼ ਐ ਰਹੇ।'

'ਆਪਣੇ ਆਲੇ ਤਾਂ ਹੁਣ ਨੂੰ ਕਤਲ ਕਰ ਦਿੰਦੇ ਜੇ ਦੋਹਾਂ ਦਾ ਨੀ ਤਾਂ ਇਕ ਦਾ ਤਾਂ ਜ਼ਰੂਰ--।' ਨਾਜਰ ਸਾਰੀ ਰਾਤ ਜੌਹਨ ਦੇ ਹਾਜਮੇ ਬਾਰੇ ਸੋਚਦਾ ਰਿਹਾ।

***

ਸ਼ੇਰਾ ਤੇ ਨਾਜਰ ਨੇੜੇ ਦੇ ਪਿੰਡਾਂ ਦੇ ਵੀ ਸਨ ਤੇ ਵੈਸੇ ਵੀ ਉਹ ਭਰਾਵਾਂ ਵਰਗੇ ਯਾਰ ਬਣ ਗਏ ਸਨ। ਸ਼ੇਰੇ ਨੇ ਨਾਜਰ ਤੋਂ ਇੰਗਲੈਂਡ ਆਉਣ ਲਈ ਲਏ ਕਰਜ਼ੇ ਬਾਰੇ ਪੁੱਛਿਆ ਤਾਂ ਉਸ ਨੇ ਸਾਫ਼ ਸਾਫ਼ ਦੱਸ ਦਿੱਤਾ।

'ਲੈ ਆਹ ਫੜ ਪੈਸੇ। ਇਹ ਪਿੰਡ ਭੇਜ ਦੇ ਤੇ ਕਰਜਾ ਲਾਹ। ਸ਼ਾਹ ਦੇ ਕਰਜੇ ਦਾ ਤਾਂ ਨਾਂ ਈ ਮਾੜਾ। ਜੇ ਕਰਜਾ ਸਿਰ ਹੋਵੇ ਤਾਂ ਬੰਦਾ ਕਦੇ ਚੈਨ ਨਾਲ ਨੀ ਸੌਂ ਸਕਦਾ।'

'ਪਰ ਮੈਂ ਤੇਰੇ ਪੈਸੇ ਕਿਵੇਂ ਲਾਹੂੰ?'

'ਕੰਮ ਕਰਕੇ। ਬਹੁਤਾ ਨਾ ਪਸ਼ੇਮਾਨ ਹੋ। ਮੇਰੇ ਪੈਸਿਆਂ ਦਾ ਵਿਆਜ ਨੀ ਪੈਣਾ। ਜਿਵੇਂ ਕਮਾਏਂਗਾ ਉਵੇਂ ਦੇਈ ਚੱਲੀਂ। ਏਥੇ ਸਾਰੇ ਈ ਇਕ ਦੂਜੇ ਦੀ ਮਦਤ ਕਰਦੇ ਐ।'

ਨਾਜਰ ਦੇ ਸਿਰ ਤੋਂ ਬਹੁਤਾ ਭਾਰ ਲਹਿ ਗਿਆ। ਸ਼ੇਰੇ ਦੀ ਮਦਦ ਨਾਲ ਉਸ ਨੇ ਪਿੰਡ ਪੈਸੇ ਭੇਜ ਦਿੱਤੇ ਤੇ ਪ੍ਰੀਤੋ ਨੂੰ ਚਿੱਠੀ ਵਿਚ ਸਭ ਬਿਆਨ ਕਰ ਦਿੱਤਾ। ਪ੍ਰੀਤੋ ਨੂੰ ਪਹਿਲੀ ਵਾਰ ਨਾਜਰ ਦਾ ਇੰਗਲੈਂਡ ਜਾਣਾ ਚੰਗਾ ਲੱਗਾ।

ਦਿਨੋ ਦਿਨ ਨਾਜਰ ਨੂੰ ਇੰਗਲੈਂਡ ਦੀ ਜੀਵਨ-ਜਾਚ ਦਾ ਵੀ ਪਤਾ ਲਗਦਾ ਗਿਆ ਤੇ ਇੰਗਲੈਂਡ ਦਾ ਵੀ। ਬੱਸਾਂ ਦੇ ਨੰਬਰ ਵੇਖ ਕੇ ਬੱਸ ਚੜ੍ਹਨ ਵਿਚ ਹੁਣ ਉਹਨੂੰ ਕੋਈ ਦਿੱਕਤ ਨਹੀਂ ਸੀ। ਉਸ ਨੂੰ ਅਹਿਸਾਸ ਹੋ ਗਿਆ ਕਿ ਕੰਮਾਂ ਲਈ ਬਥੇਰੀਆਂ ਫੈਕਟਰੀਆਂ ਸਨ। ਦੂਜੀ ਵੱਡੀ ਜੰਗ ਵਿਚ ਐਨੇ ਆਦਮੀ ਮਾਰੇ ਗਏ ਸਨ, ਫੈਕਟਰੀਆਂ ਚਲਾਉਣ ਲਈ ਉਹਨਾਂ ਨੂੰ ਕਾਮਿਆਂ ਦੀ ਘਾਟ ਸੀ। ਬਹੁਤ ਸਾਰੀਆਂ ਜਨਾਨੀਆਂ ਵਿਧਵਾ ਹੋ ਗਈਆਂ ਸਨ। ਉਹਨਾਂ ਨੂੰ ਘਰ ਚਲਾਉਣ ਲਈ ਕੰਮਾਂ ਦੀ ਲੋੜ ਸੀ ਤੇ ਬੱਚਿਆਂ ਨੂੰ ਸਾਂਭਣ ਲਈ ਸਮੇਂ ਦੀ ਵੀ। ਬਹੁਤ ਸਾਰੀਆਂ ਔਰਤਾਂ ਬੱਚਿਆਂ ਨੂੰ ਸਕੂਲ ਛੱਡ ਕੇ ਕੰਮ 'ਤੇ ਜਾਂਦੀਆਂ ਤੇ ਬੱਚਿਆਂ ਨੂੰ ਸਕੂਲੋਂ ਲੈਣ ਵੇਲੇ ਤੱਕ ਕੰਮ ਤੋਂ ਵਾਪਿਸ ਆ ਜਾਂਦੀਆਂ। ਕੁਝ ਨੇ ਸਿਲਾਈ-ਕਢਾਈ ਦੇ ਕੰਮ ਘਰੇ ਕਰਨੇ ਸ਼ੁਰੂ ਕਰ ਦਿੱਤੇ ਸਨ। ਨਾਜਰ ਨੂੰ ਸ਼ੇਰੇ ਦਾ ਸਾਥ ਚੰਗਾ ਲਗਦਾ ਸੀ ਤੇ ਉਹ ਬੇਕਰੀ ਵਿਚ ਹੀ ਕੰਮ ਕਰਦੇ ਰਹੇ। ਵੈਸੇ ਉਹਨਾਂ ਨੂੰ ਓਵਰ ਟਾਈਮ ਵੀ ਮਿਲ ਜਾਂਦਾ।

ਉਹ ਹਰ ਸਨਿਚਰਵਾਰ ਪੱਬ ਵਿਚ ਜਾਂਦੇ। ਉਥੇ ਆਮ ਤੌਰ 'ਤੇ ਉਹੀ ਗਾਹਕ

ਹੁੰਦੇ ਜਿਨ੍ਹਾ ਵਿਚ ਬਹੁਤ ਸਾਰੀਆਂ ਔਰਤਾਂ ਵੀ ਹੁੰਦੀਆਂ। ਨਾਜਰ ਸ਼ਰਮਾਉਂਦਾ ਪਰ ਸ਼ੇਰਾ ਹੁਣ ਤੱਕ ਸੰਗ ਲਾਹ ਚੁੱਕਾ ਸੀ।

'ਆਜਾ ਯਾਰ ਐਵੇਂ ਈ ਕੁਆਰੀ ਕੁੜੀ ਅੰਗੂੰ ਸੰਗੀ ਜਾਨਾ। ਜੇ ਅੰਗਰੇਜੀ ਸਿਖਣੀ ਆ ਤਾਂ ਕਿਸੇ ਨਾ ਕਿਸੇ ਗੋਰੀ ਨਾਲ ਆੜੀ ਪਾਉਣੀ ਜਰੂਰੀ ਐ।' ਉਹਨੇ ਕਹਿ ਕੇ ਖੱਬੀ ਅੱਖ ਮਾਰੀ ਤੇ ਨਾਜਰ ਖਸਿਆਨੀ ਜਿਹੀ ਹਾਸੀ ਹੱਸਿਆ।

ਦੋ ਔਰਤਾਂ ਆ ਕੇ ਉਹਨਾਂ ਕੋਲ ਟੇਬਲ 'ਤੇ ਬੈਠ ਗਈਆਂ। ਆਪਣੇ ਗਲਾਸ ਉਹਨਾਂ ਕੋਲ ਲਿਆ ਰੱਖੇ ਤੇ ਜਾਣ-ਪਛਾਣ ਕਰਾਈ। ਸ਼ੇਰੇ ਦੀ ਅੰਗਰੇਜ਼ੀ ਵੀ ਐਸੀ ਵੈਸੀ ਹੀ ਸੀ।

'ਨੈਕਸਟ ਡਰਿੰਕ ਮੀ ਬਾਇ ਯੂ।' ਉਸ ਨੇ ਪੂਰੇ ਵਿਸ਼ਵਾਸ਼ ਨਾਲ ਕਿਹਾ ਤੇ ਔਰਤਾਂ ਹੱਸੀਆਂ।

ਸਾਢੇ ਕੁ ਦਸ ਵਜੇ ਤੱਕ ਸ਼ੇਰੇ ਤੇ ਗੋਰੀਆਂ ਔਰਤਾਂ ਦੀ ਅੰਗਰੇਜ਼ੀ ਖਹਿੰਦੀ ਰਹੀ। ਨਾਜਰ ਦੀ ਯੈਸ ਨੋ ਡੰਗ ਸਾਰਦੀ ਰਹੀ। ਸਾਢੇ ਕੁ ਦਸ ਵਜੇ ਉਹ ਬਾਹਰ ਨਿਕਲੇ।

'ਕਮ ਮਾਈ ਹੋਮ ਲਿਟਲ ਬਕਾਰਡੀ ਪਲੀਜ।' ਸ਼ੇਰੇ ਨੇ ਕਿਹਾ ਤਾਂ ਉਹਨਾਂ ਨੇ ਇਕ ਦੂਜੀ ਵੱਲ ਵੇਖਿਆ।

'ਯੈਸ ਓ ਕੇ।' ਤੇ ਉਹ ਉਹਨਾਂ ਨਾਲ ਤੁਰ ਪਈਆਂ।

'--ਤੇ ਜੌਹਨ ਨੂੰ ਕੀ ਕਹੇਂਗਾ?' ਨਾਜਰ ਨੇ ਫਿਕਰਮੰਦ ਹੁੰਦਿਆਂ ਪੁੱਛਿਆ।

'ਜੌਹਨ ਕਿਤੇ ਗਿਆ ਹੋਇਆ। ਕੱਲ੍ਹ ਸ਼ਾਮ ਨੂੰ ਆਊ।

ਸਵੇਰੇ ਤਿੰਨ ਕੁ ਵਜੇ ਸ਼ੇਰਾ ਤੇ ਨਾਜਰ ਔਰਤਾਂ ਨੂੰ ਉਹਨਾਂ ਦੇ ਘਰ ਛੱਡਣ ਚਲੇ ਗਏ। ਨਾਜਰ ਦਾ ਪਹਿਲਾ ਤਜਰਬਾ ਹੋਣ ਕਰਕੇ ਉਹ ਆਪਣੇ ਸੁਪਨਿਆਂ ਵਿਚ ਹੀ ਗੁਆਚਿਆ ਤੁਰਿਆ ਜਾ ਰਿਹਾ ਸੀ। ਉਹ ਦਸ ਕੁ ਮਿੰਟ ਵਿਚ ਉਹਨਾਂ ਦੇ ਘਰ ਅੱਗੇ ਪਹੁੰਚ ਗਏ। ਦੋਵਾਂ ਧਿਰਾਂ ਦੀ ਲੋੜ ਪੂਰੀ ਹੋ ਗਈ ਸੀ ਤੇ ਉਹ ਖੁਸ਼ ਸਨ।

'ਨੈਕਸਟ ਸੈਚਰਡੇਅ ਸੇਮ ਟੈਮ ਯੈਸ।' ਸ਼ੇਰਾ ਬੋਲਿਆ।

'ਮੇਅ ਬੀ।' ਕਹਿ ਕੇ ਉਹ ਆਪਣੇ ਘਰ ਅੰਦਰ ਦਾਖਲ ਹੋ ਗਈਆਂ ਤੇ ਉਹ ਦੋਵੇਂ ਆਪਣੇ ਘਰ ਨੂੰ ਵਾਪਿਸ ਆ ਗਏ।

'ਕਿਵੇਂ ਐ ਵੱਡੇ ਭਾਈ ਲਿਆ ਨਾ ਫਿਰ ਸੁਰਗ ਦਾ ਝੂਟਾ।'

'ਕਿਆ ਕਹਿਣੇ ਮਖਿਆ।' ਨਾਜਰ ਨੇ ਸ਼ੇਰੇ ਦੇ ਮੋਢੇ 'ਤੇ ਹੱਥ ਮਾਰਦਿਆਂ ਕਿਹਾ।

***

ਇਕ ਦਿਨ ਨਾਜਰ ਨੇ ਇਕ ਪੰਜਾਬੀ ਬੰਦੇ ਨੂੰ ਸਾਇਕਲ 'ਤੇ ਡੱਗੀ ਲਈ ਜਾਂਦਾ ਵੇਖਿਆ। ਕੁਝ ਕੁ ਕੱਪੜੇ ਉਸ ਦੇ ਸਾਇਕਲ ਦੇ ਹੈਂਡਲ 'ਤੇ ਵੀ ਟੰਗੇ ਹੋਏ ਸਨ। ਨਾਜਰ ਹੈਰਾਨੀ ਜਿਹੀ ਨਾਲ ਖੜ੍ਹਾ ਵੇਖਦਾ ਰਿਹਾ। ਦੋ ਘਰ ਛੱਡ ਕੇ ਉਸ ਬੰਦੇ ਨੇ ਦਰਵਾਜ਼ਾ ਖੜਕਾਇਆ ਤਾਂ ਔਰਤ ਬਾਹਰ ਨਿਕਲੀ।

'ਵੈਰੀ ਚੀਪ ਕਿਡਜ ਕਲੋਥ ਮੈਡਮ। ਲੁਕ--।' ਉਹ ਔਰਤ ਨੂੰ ਕੱਪੜੇ ਦਿਖਾਉਣ

ਲੱਗਾ। ਉਸ ਨੂੰ ਵੇਖ ਕੇ ਨਾਲ ਦੇ ਘਰਾਂ ਵਿਚੋਂ ਵੀ ਦੋ ਕੁ ਹੋਰ ਔਰਤਾਂ ਆ ਕੇ ਉਸ ਦੇ ਕੱਪੜੇ ਵੇਖਣ ਲੱਗੀਆਂ। ਕੁਝ ਕੁ ਮਿੰਟਾਂ ਵਿਚ ਇਕ ਔਰਤ ਨੇ ਦੋ ਕੁ ਬੱਚਿਆਂ ਦੇ ਕੱਪੜੇ ਉਸ ਤੋਂ ਖਰੀਦ ਲਏ। ਨਾਜਰ ਦੇ ਮਨ ਵਿਚ ਗੱਲ ਘਰ ਗਈ। ਉਸ ਨੇ ਸ਼ੇਰੇ ਨਾਲ ਗੱਲ ਕੀਤੀ।

'ਯਾਰ ਆਪਾਂ ਵਾਰ-ਐਤਵਾਰ ਵਿਹਲੇ ਈ ਹੁੰਨੇ ਆਂ ਕਿਉਂ ਨਾ ਆਪਾਂ ਵੀ ਇਹੋ ਜਿਆ ਕੰਮ ਕਰ ਲੀਏ?'

'ਨਾ ਬਈ ਆਪਾਂ ਨੀ ਐਹੋ ਜੇ ਕਿਸੇ ਪੰਗੇ 'ਚ ਪੈਣਾ। ਜੇ ਤੂੰ ਕਰਨਾ ਤਾਂ ਤੇਰੀ ਖੁਸ਼ੀ।' ਸ਼ੇਰੇ ਨੇ ਸਾਫ਼ ਨਾਂਹ ਕਰ ਦਿੱਤੀ।

ਪਰ ਨਾਜਰ ਸੋਚਦਾ ਰਿਹਾ। ਜਿੰਨਾ ਉਹ ਵੱਧ ਸੋਚਦਾ ਓਨਾ ਹੀ ਉਸ ਦਾ ਮਨ ਪੱਕਾ ਹੋਈ ਜਾਂਦਾ। ਇਕ ਦਿਨ ਉਸ ਨੇ ਜੌਹਨ ਨਾਲ ਗੱਲ ਕੀਤੀ ਤੇ ਉਸ ਤੋਂ ਥੋਕ ਵਿਚ ਸਮਾਨ ਖਰੀਦਣ ਬਾਰੇ ਪੁੱਛਿਆ ਤਾਂ ਜੌਹਨ ਨੇ ਮੋਢੇ ਮਾਰ ਦਿੱਤੇ।

'ਮੈ ਨੇ ਕਭੀ ਬਿਜਨਸ ਨਹੀਂ ਕੀਆ। ਮੁਝੇ ਕਿਆ ਮਾਲੂਮ?'

ਇਕ ਦਿਨ ਫਿਰ ਉਹੀ ਆਦਮੀ ਨਾਜਰ ਨੇ ਵੇਖਿਆ ਤਾਂ ਉਹ ਉਸ ਕੋਲ ਚਲਾ ਗਿਆ। ਉਸ ਨਾਲ ਸਰਸਰੀ ਜਿਹੀਆਂ ਗੱਲਾਂ ਕੀਤੀਆਂ। ਪਿੰਡ ਪੁੱਛਿਆ ਤਾਂ ਉਹ ਦੁਆਬੇ ਦਾ ਸੀ ਤੇ ਉਧਰਲੇ ਪਿੰਡਾਂ ਬਾਰੇ ਨਾਜਰ ਨੂੰ ਕੋਈ ਪਤਾ ਹੀ ਨਹੀਂ ਸੀ। ਨਾਜਰ ਨੇ ਉਸ ਨੂੰ ਚਾਹ ਦੀ ਸੁਲਾਹ ਮਾਰੀ ਤਾਂ ਉਹ ਅੰਦਰ ਆ ਗਿਆ। ਸਾਇਕਲ ਉਸ ਨੇ ਅੰਦਰ ਕਰ ਲਿਆ। ਚਾਹ ਪੀਂਦਿਆਂ ਉਹ ਪੰਜਾਬ ਦੀਆਂ ਤੇ ਕੰਮ ਦੀਆਂ ਗੱਲਾਂ ਕਰਦੇ ਰਹੇ। ਹੌਲੀ ਹੌਲੀ ਨਾਜਰ ਉਸ ਤੋਂ ਉਸ ਦੇ ਬਿਜਨਸ ਬਾਰੇ ਪੁੱਛਣ ਲੱਗਿਆ।

'ਆਹ ਥੋਡਾ ਕੰਮ ਚੰਗਾ। ਵਾਰ ਐਤਵਾਰ ਨੂੰ ਚਾਰ ਪੈਸੇ ਵੀ ਬਣ ਜਾਂਦੇ ਐ ਤੇ ਟੈਮ ਵੀ ਨਿਕਲ ਜਾਂਦਾ।'

'ਹਾਂ ਜੀ। ਪਰ ਜਦੋਂ ਮੌਸਮ ਮਾੜਾ ਹੁੰਦਾ ਤਾਂ ਬਹੁਤ ਔਖਾ ਹੁੰਦਾ। ਕਦੇ ਕਦੇ ਤਾਂ ਘਰੋਂ ਵੀ ਬਾਹਰ ਨਿਕਲਣ ਨੂੰ ਦਿਲ ਨੀ ਕਰਦਾ।'

'ਆਹੋ ਜੀ ਹਰ ਕੰਮ ਦੀਆਂ ਆਪਣੀਆਂ ਔਖਾਂ-ਸੌਖਾਂ ਹੁੰਦੀਆਂ। ਮੈਂ ਵੀ ਘਰੇ ਵਿਹਲਾ ਹੁੰਨਾ। ਟੈਮ ਈ ਨੀ ਪਾਸ ਹੁੰਦਾ।'

ਉਸ ਆਦਮੀ ਨੇ ਚਾਹ ਦਾ ਕੱਪ ਖਾਲੀ ਕੀਤਾ ਤੇ ਉਸ ਦਾ ਧੰਨਵਾਦ ਕਰਕੇ ਆਪਣੇ ਰਾਹ ਪੈ ਗਿਆ। ਨਾਜਰ ਨੂੰ ਉਸ ਨੇ ਕੋਈ ਭੇਤ ਨਾ ਦਿੱਤਾ। ਉਹ ਕੋਈ ਹੋਰ ਰਾਹ ਲਭਣ ਬਾਰੇ ਸੋਚਣ ਲੱਗਾ।

ਸਨਿਚਰਵਾਰ ਨੂੰ ਉਹ ਆਮ ਵਾਂਗ ਪੱਬ ਵਿਚ ਚਲੇ ਗਏ ਤੇ ਆਮ ਵਾਂਗ ਹੀ ਉਹਨਾਂ ਨੂੰ ਸਾਥ ਵੀ ਮਿਲ ਗਿਆ। ਗੱਲਾਂ ਕਰਦਿਆਂ ਨਾਲ ਬੈਠੀ ਔਰਤ ਨੇ ਉਹਨਾਂ ਤੋਂ ਕੰਮ ਬਾਰੇ ਪੁੱਛਿਆ ਤਾਂ ਉਹਨਾਂ ਨੇ ਬੇਕਰੀ ਵਿਚ ਕੰਮ ਬਾਰੇ ਦੱਸ ਦਿੱਤਾ।

'ਮੀ ਫਰਿੰਡ,' ਸ਼ੇਰੇ ਨੇ ਨਾਜਰ ਵੱਲ ਹੱਥ ਕਰਦਿਆਂ ਕਿਹਾ, 'ਵਾਂਟ ਸੈਲ ਡੋਰ ਟੋ ਡੋਰ ਸਮਥਿੰਗ, ਯੂ ਨੋ ਐਨੀ ਹੋਲ ਸੇਲ-।' ਨਾਜਰ ਉੱਤਸੁਕਤਾ ਨਾਲ ਵੇਖਣ ਲੱਗਾ।

'ਯੈਸ ਆਈ ਡੂ। ਦੇਅਰ ਇਜ਼ ਵਨ ਇਨ ਗਰੀਨਫੋਰਡ।' ਲੂਸੀ ਨੇ ਜਵਾਬ ਦਿੱਤਾ।

'ਯੂ ਐਂਡ ਮੀ ਟੂਮਾਰੋ ਗੋ ਨਾਈਨ ਓ ਕਲਾਕ।' ਨਾਜਰ ਨੇ ਪੂਰੀ ਉਮੀਦ ਨਾ ਪੁੱਛਿਆ।

'ਮੇਕ ਇਟ ਟੈਨ ਐਂਡ ਯੂ ਕਮ ਟੂ ਮਾਈ ਹਾਊਸ।'

'ਓ ਕੇ।' ਨਾਜਰ ਪੂਰਾ ਖੁਸ਼ ਸੀ।

ਅਗਲੇ ਦਿਨ ਉਹ ਸਮੇਂ ਤੋਂ ਵੀ ਪੰਦਰਾਂ ਮਿੰਟ ਪਹਿਲਾਂ ਪਹੁੰਚ ਗਿਆ। ਲੂਸੀ ਵੀ ਤਿਆਰ ਹੋ ਕੇ ਬਾਹਰ ਆ ਗਈ ਤੇ ਉਹ ਦੋਵੇਂ ਬੱਸ 'ਚ ਬੈਠ ਕੇ ਗਰੀਨਫੋਰਡ ਪਹੁੰਚ ਗਏ। ਇਹ ਵੇਅਰਹਾਊਸ ਕਾਫੀ ਵੱਡਾ ਸੀ ਤੇ ਹਰ ਕਿਸਮ ਦੀ ਚੀਜ਼ ਉਹ ਵੇਚ ਰਹੇ ਸਨ। ਨਾਜਰ ਨੂੰ ਲਗਿਆ ਜਿਵੇਂ ਉਹਨਾਂ ਨੇ ਆਪਣੀ ਛੱਤ ਹੇਠ ਹਰ ਚੀਜ਼ ਵੇਚਣ ਲਈ ਰੱਖੀ ਹੋਵੇ। ਉਸ ਨੇ ਲੂਸੀ ਨਾਲ ਪਹਿਲਾਂ ਸਾਰੇ ਵੇਅਰ ਹਾਊਸ ਵਿਚ ਗੇੜਾ ਦਿੱਤਾ। ਉਸ ਨੂੰ ਪਤਾ ਨਹੀਂ ਸੀ ਲਗਦਾ ਕੀ ਖਰੀਦੇ ਤੇ ਕੀ ਵਿਕੇਗਾ? ਉਹ ਫਿਰ ਲੂਸੀ ਦੀ ਮਦਦ ਲਈ ਉਸ ਨੂੰ ਸੰਬੋਧਤ ਹੋਇਆ।

'ਵੱਟ ਬਾਏ। ਟੂ ਮੱਚ ਥਿੰਗਜ਼।'(ਨਾਜਰ ਦਾ ਮਤਲਬ ਸੀ ਚੀਜ਼ਾਂ ਐਨੀਆਂ ਹਨ ਕਿ ਪਤਾ ਨਹੀਂ ਲਗਦਾ ਕੀ ਖਰੀਦਿਆਂ ਜਾਵੇ ਤੇ ਕੀ ਵਿਕੇਗਾ।)

ਲੂਸੀ ਮੁਸਕਰਾਈ ਤੇ ਉਸ ਨੂੰ ਔਰਤਾਂ ਦੀਆਂ ਚੀਜ਼ਾਂ ਦੇ ਸੈਕਸ਼ਨ ਵਿਚ ਲੈ ਗਈ। ਉਸ ਨੇ ਕੁਝ ਕੁ ਮੇਕ ਅੱਪ ਦਾ ਸਮਾਨ ਚੁੱਕਿਆ ਤੇ ਕੁਝ ਸਕਰਟਾਂ ਤੇ ਟੀ ਸ਼ਰਟਾਂ ਚੁੱਕ ਲਈਆਂ। ਨਾਜਰ ਉਸ ਦੀ ਚੋਣ ਨਾਲ ਖੁਸ਼ ਸੀ। ਉਸ ਨੂੰ ਪਤਾ ਸੀ ਔਰਤਾਂ ਦਾ ਸਮਾਨ ਚੰਗਾ ਵਿਕ ਜਾਂਦਾ।

'ਯੂ ਬਾਏ ਸਮਥਿੰਗ ਲੂਸੀ, ਥੈਂਕ ਜੂ।'

ਲੂਸੀ ਨੇ ਆਪਣੇ ਲਈ ਦੋ ਚਾਰ ਚੀਜ਼ਾਂ ਚੁੱਕ ਲਈਆਂ ਤੇ ਉਹ ਘਰ ਨੂੰ ਆ ਗਏ।

ਸਾਰੀ ਸ਼ਾਮ ਉਸ ਨੇ ਚੀਜ਼ਾਂ ਦੇ ਵੇਚ ਮੁੱਲ ਯਾਦ ਕਰਨ ਲਈ ਲਾਈ। ਇਕ ਸਇਕਲ ਵੀ ਖਰੀਦ ਲਿਆ ਤੇ ਕੁਝ ਬੈਗ ਲੈ ਕੇ ਸਮਾਨ ਉਸ ਨੇ ਉਹਨਾਂ ਵਿਚ ਪਾ ਲਿਆ। ਸਨਿਚਰਵਾਰ ਨੂੰ ਉਹ ਜਦ ਸਾਇਕਲ ਲੈ ਕੇ ਘਰੋਂ ਨਿਕਲਿਆ ਤਾਂ ਉਸ ਨੂੰ ਯਕੀਨ ਨਹੀਂ ਸੀ ਕੋਈ ਉਸ ਤੋਂ ਕੁਝ ਖਰੀਦੇਗਾ। ਧੜਕਦੇ ਦਿਲ ਨਾਲ ਆਪਣੇ ਘਰ ਤੋਂ ਥੋੜੀ ਦੂਰ ਉਹ ਨੌਰਥ ਰੋਡ ਵਿਚ ਮੁੜ ਪਿਆ ਤੇ ਪਹਿਲੇ ਘਰ ਦੀ ਹੀ ਡੋਰ ਕਰ ਲਈ। ਔਰਤ ਨੇ ਡੋਰ ਖੋਲ੍ਹੀ ਤੇ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਵੇਖਿਆ।

'ਨਿਊ ਥਿੰਗਜ਼ ਮੈਡਮ ਵੈਰੀ ਚੀਪ—ਲੁੱਕ।' ਨਾਜਰ ਨੇ ਕੋਸ਼ਿਸ਼ ਨਾਲ ਕਿਹਾ।

'ਨੋ ਥੈਂਕ ਯੂ।' ਕਹਿ ਕੇ ਔਰਤ ਨੇ ਦਰਵਾਜ਼ਾ ਬੰਦ ਕਰ ਲਿਆ। ਨਾਜ਼ਰ ਹੈਰਾਨ ਜਿਹਾ ਖੜ੍ਹਾ ਬੰਦ ਡੋਰ ਨੂੰ ਘੂਰਦਾ ਰਿਹਾ। ਸ਼ਾਮ ਤੱਕ ਉਸ ਦੀ ਉਮੀਦ ਟੁੱਟ ਗਈ ਤੇ ਉਹ ਸੋਚ ਰਿਹਾ ਸੀ ਆਖਰ ਉਸ ਦਾ ਮਾਲ ਵਿਕਦਾ ਕਿਉਂ ਨਹੀਂ ਸੀ? ਇਹਨਾਂ ਸੋਚਾਂ ਵਿਚ ਹੀ ਉਸ ਨੇ ਇਕ ਹੋਰ ਘਰ ਦਾ ਦਰਵਾਜ਼ਾ ਜਾ ਖੜਕਾਇਆ। ਉਸ ਨੇ ਔਰਤ ਨੂੰ ਆਪਣਾ ਸਮਾਨ ਦਿਖਾਉਂਦਿਆਂ 'ਵੈਰੀ ਚੀਪ' ਕਹਿੰਦਿਆਂ ਵੇਚਣ ਦੀ ਕੋਸ਼ਿਸ਼ ਕੀਤੀ।

ਔਰਤ ਧਿਆਨ ਨਾਲ ਵੇਖਦੀ ਰਹੀ ਤੇ ਉਸ ਨੇ ਇਕ ਸਕਰਟ ਚੁੱਕ ਕੇ ਆਪਣੇ ਲੱਕ ਨਾਲ ਲਗਾ ਕੇ ਵੇਖੀ।

'ਹਾਓ ਮੱਚ?' ਉਸ ਨੇ ਸੰਖੇਪ ਵਿਚ ਪੁੱਛਿਆ ਤਾਂ ਨਾਜਰ ਨੇ ਮੁੱਲ ਦੱਸ ਦਿੱਤਾ।

'ਇਟਸ ਲਿਟਲ ਟੂ ਮੱਚ—ਆਈ ਥਿੰਕ।' ਨਾਜਰ ਨੇ ਉਸ ਦਾ ਮੁੱਲ ਕੁਝ ਕੁ ਘਟਾ ਦਿੱਤਾ ਤਾਂ ਔਰਤ ਨੇ ਸਕਰਟ ਖਰੀਦ ਲਈ। ਨਾਜਰ ਨੂੰ ਏਨੀ ਖ਼ੁਸ਼ੀ ਹੋਈ ਕਿ ਉਸ ਨੇ ਇਕ ਨਹੁੰ ਪਾਲਿਸ਼ ਉਸ ਨੂੰ ਮੁਫ਼ਤ ਦੇ ਦਿੱਤੀ। ਔਰਤ ਹੋਰ ਵੀ ਖੁਸ਼ ਹੋ ਗਈ।

ਹੌਲੀ ਹੌਲੀ ਨਾਜਰ ਦਾ ਕੰਮ ਵਾਹਵਾ ਚੱਲ ਪਿਆ। ਉਸ ਨੂੰ ਬਿਜਨਸ ਕਰਨ ਦਾ ਢੰਗ ਵੀ ਆ ਗਿਆ। ਹੁਣ ਉਹ ਦਿਨੋ ਦਿਨ ਨਵੀਆਂ ਚੀਜ਼ਾਂ ਲਿਆਉਂਦਾ ਰਹਿੰਦਾ। ਉਸ ਦੇ ਕੁਝ ਕੁ ਪੱਕੇ ਗਾਹਕ ਵੀ ਬਣ ਗਏ ਸਨ। ਉਹ ਆਪਣੀ ਪਹਿਲੀ ਗਾਹਕ ਔਰਤ ਨੂੰ ਸਦਾ ਯਾਦ ਰਖਦਾ ਤੇ ਉਸ ਨੂੰ ਸਦਾ ਹੀ ਸਸਤੇ ਮੁੱਲ 'ਤੇ ਚੀਜ਼ਾਂ ਵੇਚ ਦਿੰਦਾ।

ਉਹ ਕੰਮ ਤੋਂ ਆਏ ਤਾਂ ਉਹਨਾਂ ਨੂੰ ਜੌਹਨ ਨੇ ਆਵਾਜ਼ ਮਾਰ ਲਈ।

'ਟੁਮ ਕੋ ਕੋਈ ਔਰ ਰੂਮ ਢੂੰਡਣਾ ਪੜੇਗਾ। ਮੇਰੀ ਪਤਨੀ ਮੇਰੇ ਪਾਸ ਵਾਪਿਸ ਆ ਰਹੀ ਹੈ।' ਜੌਹਨ ਖੁਸ਼ ਸੀ ਤੇ ਉਹ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ। 'ਠੀਕ ਐ ਜੌਹਨ।' ਕਹਿ ਕੇ ਉਹ ਆਪਣੇ ਕਮਰੇ ਵਿਚ ਚਲੇ ਗਏ।

'ਸ਼ੇਰਿਆ ਜੇ ਆਪਾਂ ਸਾਂਝਾ ਘਰ ਖਰੀਦ ਲਈਏ। ਕਿਸ਼ਤ ਤੋਂ ਬਹੁਤੇ ਪੈਸੇ ਤਾਂ ਕਿਰਾਏ ਵਾਲਿਆਂ ਤੋਂ ਮਿਲ ਜਾਇਆ ਕਰਨਗੇ।'

ਨਾਜਰ ਨੇ ਘਰ ਵਿਚ ਕਿੰਨੇ ਬੈਡ ਲੱਗ ਸਕਦੇ ਸਨ ਤੇ ਉਹਨਾਂ ਦਾ ਕਿੰਨਾ ਕਿਰਾਇਆ ਆ ਸਕਦਾ ਸੀ, ਉਸ ਦਾ ਹਿਸਾਬ ਲਾਇਆ। ਵੱਡੇ ਕਮਰੇ ਵਿਚ ਤਾਂ ਤਿੰਨ ਮੰਜੇ ਵੀ ਲੱਗ ਜਾਂਦੇ ਤੇ ਕਮਰੇ ਦੀ ਥਾਂ ਬੈਡ ਦਾ ਕਿਰਾਇਆ ਲਿਆ ਜਾਂਦਾ।

'ਆਪਾਂ ਤਾਂ ਯਾਰ ਪਿੰਡ ਪੈਲੀ ਖਰੀਦਣੀ ਆ, ਚਾਰ ਸਾਲ ਲਾ ਕੇ ਪਿੰਡ ਜਾਣ ਦੀ ਗੱਲ ਕਰ।' ਸ਼ੇਰੇ ਨੇ ਸਿਰ ਮਾਰਿਆ।

'ਜਦੋਂ ਪਿੰਡ ਜਾਣਾ ਹੋਇਆ ਉਦੋਂ ਘਰ ਵੇਚ ਦਿਆਂਗੇ ਤੇ ਪਿੰਡ ਜਾ ਕੇ ਜਮੀਨ ਖਰੀਦ ਲਾਂਗੇ। ਘਰ ਤਾਂ ਹਰ ਸਾਲ ਵਧਦੇ ਈ ਆ।'

ਨਾਜਰ ਦੀਆਂ ਦਲੀਲਾਂ ਨਾਲ ਸ਼ੇਰਾ ਵੀ ਮੰਨ ਗਿਆ ਤੇ ਉਹਨਾਂ ਨੇ ਘਰ ਲੈ ਲਿਆ।

ਸਕੌਟ ਨੇ ਰਿਕਾਰਡਿੰਗ ਬੰਦ ਕੀਤੀ ਤੇ ਟੋਨੀ ਬਾਰੇ ਸੋਚਣ ਲੱਗਾ।

# 6

ਪੰਜ ਛੇ ਦਿਨ ਬੀਤ ਗਏ ਸਨ ਪਰ ਟੋਨੀ ਨੇ ਸਕੌਟ ਨਾਲ ਰਾਬਤਾ ਨਹੀਂ ਸੀ ਕੀਤਾ। ਸਕੌਟ ਨੇ ਉਸ ਨੂੰ ਟੈਲੀਫ਼ੋਨ ’ਤੇ ਸੰਦੇਸ਼ ਵੀ ਭੇਜਿਆ ਸੀ ਤੇ ਈ ਮੇਲ ਵੀ। ਇਹਨਾਂ ਦਿਨਾਂ ਵਿਚ ਉਸ ਨੇ ਆਪਣੇ ਦੋ ਡਿਟੈਕਟਿਵ, ਐਨਾ ਤੇ ਰਿਚਰਡ ਨੂੰ ਜਾਂਚ ਪੜਤਾਲ ਦੇ ਕੰਮ ’ਤੇ ਲਾਇਆ ਹੋਇਆ ਸੀ। ਉਹ ਗੈਰੀ ਦੇ ਅੰਤਿਮ ਸੰਸਕਾਰ ’ਤੇ ਵੀ ਗਏ ਸਨ। ਰੋਜ਼ੀ ਅਤੇ ‘ਪੈਵ ਸਹੋਟੇ’ ਨੂੰ ਉਸ ਨੇ ਉਹਨਾਂ ਦੇ ਆਉਣ ਦਾ ਕਾਰਨ ਦੱਸ ਦਿੱਤਾ ਸੀ। ਭਾਂਵੇਂ ਕਾਤਲ ਦੇ ਸਸਕਾਰ ’ਤੇ ਆਉਣ ਦੀ ਉਮੀਦ ਬਹੁਤੀ ਨਹੀਂ ਸੀ ਫਿਰ ਵੀ ਉਹ ਪੂਰੀ ਤਰਾਂ ਨਾਲ ਚੇਤਨ ਸੀ। ਉਸ ਨੇ ਉਹਨਾਂ ਨੂੰ ਤੇ ਦੋਵਾਂ ਡਾਇਰੈਕਟਰਾਂ ਨੂੰ ਅਗਾਹ ਕਰ ਦਿੱਤਾ ਸੀ ਕਿ ਜੇ ਕੋਈ ਸ਼ੱਕੀ ਜਾਂ ਬਿਨਾਂ ਜਾਣ-ਪਛਾਣ ਵਾਲਾ ਬੰਦਾ ਆ ਜਾਵੇ ਤਾਂ ਫੌਰਨ ਐਨ ਜਾਂ ਰਿਚਰਡ ਨੂੰ ਜਾਣੂੰ ਕਰਵਾਇਆ ਜਾਵੇ। ਪਰ ਸਸਕਾਰ ਦੇ ਸਮੇਂ ਕੋਈ ਅਜਿਹੀ ਲੋੜ ਨਹੀਂ ਸੀ ਪਈ।

ਪਿਛਲੇ ਦਿਨਾਂ ਵਿਚ ਉਹਨਾਂ ਨੇ ਸਵੇਰ ਵੇਲੇ ਗੈਰੀ ਦੇ ਘਰ ਕੋਲ ਕਾਰਾਂ ਰੋਕ ਕੇ ਉਹਨਾਂ ਤੋਂ ਉਸ ਦਿਨ ਖੜ੍ਹੀ ਲਾਲ ਕਾਰ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਸੀ। ਹੁਣ ਤੱਕ ਉਹਨਾਂ ਨੂੰ ਬੀ ਐਮ ਡਬਲਯੂ ਕਾਰ ਹੋਣ ਬਾਰੇ ਪਤਾ ਲੱਗਿਆ ਸੀ ਪਰ ਕਾਰ ਦਾ ਨੰਬਰ ਜਾਂ ਉਸ ਵਿਚ ਕਿਸੇ ਵਿਅੱਕਤੀ ਦੇ ਬੈਠੇ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਸੀ ਮਿਲੀ।

ਨੇੜੇ ਦੇ ਘਰਾਂ ਵਿਚ ਵੀ ਉਹਨਾਂ ਨੇ ਤਕਰੀਬਨ ਸਭ ਤੋਂ ਪੁੱਛ-ਪੜਤਾਲ ਕੀਤੀ ਪਰ ਕੋਈ ਵੀ ਪੁਖਤਾ ਸਬੂਤ ਹੱਥ ਨਹੀਂ ਸੀ ਲੱਗਾ।

ਸਕੌਟ ਨੇ ਉਹਨਾਂ ਨੂੰ ਕੰਪਨੀ ਦੇ ਅੱਠ ਸਟੋਰਾਂ ਦਾ ਪਤਾ ਦਿੱਤਾ ਜਿਹੜੇ ਪੰਜ-ਸੱਤ ਮੀਲ ਦੇ ਘੇਰੇ ਵਿਚ ਹੀ ਸਥਿਤ ਸਨ। ਉਹ ਸਟੋਰਾਂ ਵਿਚ ਜਾਂਦੇ। ਮੈਨੇਜਰ ਨੂੰ ਮਿਲਦੇ। ਜੇ ਸੰਭਵ ਹੁੰਦਾ ਤਾਂ ਸਟਾਫ ਦੇ ਮੈਂਬਰਾਂ ਨਾਲ ਵੀ ਗੱਲ-ਬਾਤ ਕਰ ਲੈਂਦੇ। ਫਿਰ ਵੀ ਉਹਨਾਂ ਨੂੰ ਕੋਈ ਸੁਰਾਗ ਨਾ ਮਿਲਿਆ।

ਸਕੌਟ ਨੇ ਆਪਣੇ ਜੀਵਨ ਵਿਚ ਪਤਾ ਨਹੀਂ ਕਿੰਨੇ ਅਪਰਾਧਾਂ ਦੀ ਜਾਂਚ ਕੀਤੀ ਸੀ। ਪਰ ਉਸ ਨੂੰ ਅਜਿਹਾ ਗੁੰਝਲਦਾਰ ਕੇਸ ਕੋਈ ਯਾਦ ਨਹੀਂ ਸੀ ਆ ਰਿਹਾ। ਹੁਣ ਤੱਕ ਉਹ ਜਦ ਵੀ ਕਿਸੇ ਪਾਸੇ ਤੁਰਦੇ ਤਾਂ ਅੱਗੇ ਕੰਧ ਖੜ੍ਹੀ ਦਿਸ ਪੈਂਦੀ। ਸਕੌਟ ਨੂੰ ਮਹਿਸੂਸ ਹੋ ਰਿਹਾ ਸੀ ਕਿ ਇਹ ਕੇਸ ਉਸ ਦੇ ਜੀਵਨ ਦਾ ਅਣ-ਸੁਲਝਿਆ ਕੇਸ ਬਣ ਕੇ ਰਹਿ ਜਾਵੇਗਾ। ਇਕ ਡਿਟੈਕਟਿਵ ਲਈ ਕੇਸ ਸੁਲਝਾਇਆ ਨਾ ਜਾ ਸਕਣਾ ਬਹੁਤ ਤਕਲੀਫ ਦੇਹ ਹੁੰਦਾ ਹੈ ਤੇ ਉਸ ਨੂੰ ਚੈਨ ਨਹੀਂ ਲੈਣ ਦਿੰਦਾ।

ਟੋਨੀ ਨਾਲ ਗੱਲ ਕਰਨ ਲਈ ਉਸ ਨੇ ਦਫ਼ਤਰ ਫ਼ੋਨ ਕੀਤਾ ਤਾਂ ਰਿਸੈਪਸ਼ਨਿਸਟ

ਕੁੜੀ ਨੇ ਦੱਸਿਆ ਕਿ ਉਹ ਹਫ਼ਤੇ ਲਈ ਛੁੱਟੀਆਂ ’ਤੇ ਸੀ। ਸਕੌਟ ਨੂੰ ਹੋਰ ਵੀ ਹੈਰਾਨੀ ਹੋਈ। ਉਸ ਨੇ ਛੁੱਟੀਆਂ ਬਾਰੇ ਕੋਈ ਗੱਲ ਨਹੀਂ ਸੀ ਕੀਤੀ। ਉਸ ਨੇ ਟੋਨੀ ਦੇ ਘਰ ਦਾ ਪਤਾ ਕੀਤਾ। ਡਾਇਮੰਡ ਰੋਡ ਦਾ ਉਸ ਨੂੰ ਪਤਾ ਸੀ। ਪਰ ਉਸ ਸੜਕ ’ਤੇ ਸਭ ਘਰ ਹੀ ਸਨ। ਟੋਨੀ ਦਾ ਪਤਾ 23 ਬੀ ਡਾਇਮੰਡ ਰੋਡ ਸੀ ਤੇ ਇਹ ਕੋਈ ਫਲੈਟ ਹੀ ਹੋ ਸਕਦਾ ਸੀ। ਸਕੌਟ ਸ਼ਾਮ ਦੇ ਛੇ ਕੁ ਵਜੇ ਉਥੇ ਪਹੁੰਚ ਗਿਆ।

ਸੜਕ ’ਤੇ ਪਾਰਕਿੰਗ ਲਈ ਕੋਈ ਥਾਂ ਨਹੀਂ ਸੀ। 23 ਨੰਬਰ ਘਰ ਦਾ ਡੋਰ ਨੰਬਰ ਸੀ। ਫਲੈਟ ਤਾਂ ਉਥੇ ਕੋਈ ਹੈ ਨਹੀਂ ਸੀ। ਉਸ ਨੇ ਦਰਵਾਜ਼ੇ ਦੀ ਘੰਟੀ ਖੜਕਾਈ ਤਾਂ ਇਕ ਤੀਹ ਕੁ ਸਾਲ ਦੇ ਆਦਮੀ ਨੇ ਦਰਵਾਜ਼ਾ ਖੋਲ੍ਹਿਆ। ਉਸ ਦੇ ਵਾਲ ਕੱਟੇ ਹੋਏ, ਦਾਹੜੀ ਲੰਬੀ, ਮੁੱਛਾਂ ਸਫਾ ਚੱਟ ਤੇ ਚਿੱਟੇ ਕੱਪੜੇ ਪਹਿਨੇ ਹੋਏ ਸਨ। ਸਕੌਟ ਨੂੰ ਖਿਆਲ ਆਇਆ ਉਸ ਦਿਨ ਸ਼ੁਕਰਵਾਰ ਸੀ ਤੇ ਇਹ ਬੰਦਾ ਜ਼ਰੂਰ ਨਮਾਜ਼ ਪੜ੍ਹ ਰਿਹਾ ਹੋਵੇਗਾ।

ਜਦ ਉਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਉਹ ਬੰਦਾ ਹੈਰਾਨੀ ਨਾਲ ਸਕੌਟ ਵੱਲ ਵੇਖਣ ਲੱਗਾ। ਸਕੌਟ ਦਹਿਲੀਜ਼ ’ਤੇ ਖੜ੍ਹਾ ਅੰਦਰ ਵੇਖ ਰਿਹਾ ਸੀ। ਮਾਲਕ ਮਕਾਨ ਨੇ ਪੌੜੀਆਂ ਅੱਗੇ ਬੂਹਾ ਲਗਾ ਕੇ ਉਪਰਲੇ ਹਿੱਸੇ ਨੂੰ ਹੇਠਲੇ ਨਾਲੋਂ ਵੱਖ ਕੀਤਾ ਹੋਇਆ ਸੀ। ਹੁਣ ਸਕੌਟ ਨੂੰ ਸਮਝ ਲੱਗ ਗਈ ਸੀ ਕਿ ਘਰ ਦਾ ਮੁੱਖ-ਦਵਾਰ ਤਾਂ ਇਕੋ ਸੀ ਪਰ ਅੰਦਰ ਏ ਤੇ ਬੀ ਫਲੈਟ ਬਣਾਏ ਹੋਏ ਸਨ।

‘ਮੈਂ ਟੋਨੀ ਨੂੰ ਮਿਲਣਾ ਸੀ।’

‘ਉਹ ਨਿਕਡੂ ਜਿਹੜਾ ਉੱਪਰਲੇ ਫਲੈਟ ’ਚ ਰਹਿੰਦਾ। ਕਈ ਦਿਨਾਂ ਤੋਂ ਵੇਖਿਆ ਨੀ। ਜਦੋਂ ਏਥੇ ਵੀ ਹੁੰਦਾ ਉਦੋਂ ਵੀ ਨਾ ਹੋਣ ਵਰਗਾ ਈ ਹੁੰਦਾ। ਜੇ ਕੋਈ ਸੁਨੇਹਾ ਹੈ ਤਾਂ ਮੈਂ ਦੇ ਦੇਵਾਂਗਾ।’

‘ਨਹੀਂ ਮਿਹਰਬਾਨੀ।’ ਕਹਿ ਕੇ ਸਕੌਟ ਸੜਕ ਦੇ ਵਿਚਕਾਰ ਖੜ੍ਹੀ ਆਪਣੀ ਕਾਰ ਵਿਚ ਆ ਬੈਠਾ। ਸੜਕ ’ਤੇ ਏਨੀਆਂ ਕਾਰਾਂ ਸਨ ਕਿ ਕਾਰ ਪਾਰਕ ਦੀ ਉਸ ਨੂੰ ਥਾਂ ਨਹੀਂ ਸੀ ਮਿਲੀ ਤੇ ਇਹ ਰੋਡ ਅੱਗੇ ਬੰਦ ਸੀ।

ਹੁਣ ਉਹ ਟੋਨੀ ਬਾਰੇ ਹੋਰ ਵੀ ਗੰਭੀਰਤਾ ਨਾਲ ਸੋਚ ਰਿਹਾ ਸੀ। ਭਲਾ ਕਲਾਈਵ ਨੇ ਉਸ ਨੂੰ ਕਿਵੇਂ ਤੇ ਕਿਉਂ ਭਰਤੀ ਕੀਤਾ ਹੋਇਆ? ਕੀ ਉਹ ਕਲਾਈਵ ਨੂੰ ਜਾਣਦਾ ਹੈ ਤੇ ਜਾਣਦਾ ਹੈ ਤਾਂ ਕਿਵੇਂ? ਸਵਾਲਾਂ ਵਿਚੋਂ ਹੀ ਸਵਾਲ ਨਿਕਲ ਰਹੇ ਸਨ ਤੇ ਉਸ ਨੇ ਕਲਾਈਵ ਤੋਂ ਟੋਨੀ ਬਾਰੇ ਜਾਣਨ ਲਈ ਫਿਰ ਦਫ਼ਤਰ ਵੱਲ ਗੱਡੀ ਘੁਮਾ ਲਈ।

ਆਫਿਸ ਨੇੜੇ ਪਹੁੰਚਿਆ ਤਾਂ ਉਸ ਨੇ ਕਲਾਈਵ ਨੂੰ ਆਪਣੀ ਕਾਰ ਵਿਚ ਜਾਂਦਿਆਂ ਵੇਖਿਆ। ਉਹ ਦਫ਼ਤਰ ਦੇ ਕਾਰ ਪਾਰਕ ਵਿਚ ਆਪਣੀ ਕਾਰ ਵਿਚ ਬੈਠਾ ਸੋਚਦਾ ਰਿਹਾ। ਉਸ ਨੇ ਕਲਾਈਵ ਤੋਂ ਟੋਨੀ ਬਾਰੇ ਨਾ ਪੁੱਛਣਾ ਹੀ ਠੀਕ ਸਮਝਿਆ। ਟੋਨੀ ਅਗਲੇ ਹਫ਼ਤੇ ਵਾਪਿਸ ਆਵੇਗਾ ਹੀ। ਸ਼ਾਇਦ ਉਸ ਦੀ ਕੋਈ ਗਰਲ ਫਰਿੰਡ ਹੋਵੇ ਤੇ ਉਹ ਉਸ ਨਾਲ ਛੁੱਟੀਆਂ ਕੱਟਣ ਗਿਆ ਹੋਵੇ। ਜਾਂ ਸ਼ਾਇਦ ਪਰਿਵਾਰ ਨੂੰ ਮਿਲਣ

ਲਈ ਗਿਆ ਹੋਵੇ! ਉਸ ਨੇ ਸਬਰ ਕਰਨਾ ਹੀ ਠੀਕ ਸਮਝਿਆ।

ਉਹ ਘਰ ਆ ਗਿਆ। ਉਸ ਨੇ ਰਿਕਾਰਡਿੰਗ ਵੱਲ ਨਜ਼ਰ ਮਾਰੀ ਪਰ ਉਸ ਦਾ ਐਡਿਟ ਕਰਨ ਨੂੰ ਦਿਲ ਨਾ ਕੀਤਾ। ਉਹ ਬੱਚਿਆਂ ਨਾਲ ਖੇਡਣ ਲੱਗਾ। ਅਜਿਹਾ ਸਮਾਂ ਵੀ ਕਦੀ ਘੱਟ ਹੀ ਮਿਲਦਾ, ਉਸ ਨੇ ਸੋਚਿਆ। ਦਸ ਕੁ ਵਜੇ ਤੱਕ ਉਹ ਖਾਣਾ ਖਾ ਕੇ ਕੌਫੀ ਪੀਣ ਲੱਗੇ। ਬੱਚੇ ਸੌਂ ਗਏ ਸਨ। ਕੌਫੀ ਪੀਂਦਿਆਂ ਮੈਗੀ ਨਾਲ ਗੱਲਾਂ ਕਰਦਿਆਂ ਕਦੋਂ ਬਾਰਾਂ ਵੱਜ ਗਏ ਉਸ ਨੂੰ ਪਤਾ ਹੀ ਨਾ ਲੱਗਾ। ਬਾਰਾਂ ਵਜੇ ਉਸ ਦੇ ਟੈਲੀਫ਼ੋਨ ਤੇ ਸੁਨੇਹਾ ਆਉਣ ਦੀ ਘੰਟੀ ਵੱਜੀ। ਉਸ ਨੇ ਫ਼ੋਨ ਵੇਖਿਆ, ਟੋਨੀ ਦਾ ਸੁਨੇਹਾ ਸੀ ; ਸੋਮਵਾਰ ਦਸ ਵਜੇ ਕੈਫੇ ਵਿਚ--।

ਪਤਾ ਨਹੀਂ ਕਿਉਂ ਸਕੌਟ ਨੂੰ ਗੁੱਸਾ ਆਇਆ। ਕੱਲ੍ਹ ਦੀ ਭੂਤਨੀ ਸਿਵਿਆਂ ’ਚ ਅੱਧ। ਹੁਣੇ ਤੋਂ ਮੈਨੂੰ ਹੁਕਮ ਦੇਣ ਲੱਗਿਆ। ਚਾਹੀਦਾ ਤਾਂ ਸੀ ਉਹ ਪੁੱਛਦਾ ਕਿੰਨੇ ਵਜੇ ਮਿਲ ਸਕਦਾ ਹਾਂ--। ਉਸ ਨੇ ਸੰਦੇਸ਼ ਮਿਟਾ ਦਿੱਤਾ ਤੇ ਸੌਣ ਲਈ ਮੈਗੀ ਦੇ ਪਿੱਛੇ ਹੀ ਕਮਰੇ ਵਿਚ ਚਲਾ ਗਿਆ।

ਸੋਮਵਾਰ ਨੂੰ ਕੈਫੇ ਵੱਲ ਜਾਂਦਿਆਂ ਉਹ ਬਹੁਤੇ ਚੰਗੇ ਮੂਡ ਵਿਚ ਨਹੀਂ ਸੀ। ਪਰ ਜਦ ਉਹ ਕੈਫੇ ਦੇ ਬਾਹਰ ਪਹੁੰਚਿਆਂ ਤਾਂ ਉਸ ਨੇ ਆਪਣਾ ਮੂਡ ਠੀਕ ਕਰ ਲਿਆ। ਆਖਰ ਟੋਨੀ ਤੋਂ ਉਸ ਨੇ ਕੰਮ ਲੈਣਾ ਸੀ।

ਟੋਨੀ ਉਸ ਟੇਬਲ ’ਤੇ ਹੀ ਬੈਠਾ ਸੀ ਜਿਸ ’ਤੇ ਉਹ ਉਸ ਦਿਨ ਬੈਠੇ ਸਨ। ਸਕੌਟ ਨਾਲ ਉਸ ਨੇ ਢਿੱਲਾ ਜਿਹਾ ਹੱਥ ਮਿਲਾਇਆ ਤੇ ਬਹਿਰੇ ਨੂੰ ਚਾਹ ਲਿਆਉਣ ਲਈ ਕਿਹਾ। ਧੰਨਵਾਦ ਕਰਦਿਆਂ ਸਕੌਟ ਉਸ ਦੇ ਸਾਹਮਣੇ ਬੈਠ ਗਿਆ।

‘ਕਿਵੇਂ ਰਹੀਆਂ ਛੁੱਟੀਆਂ।’

‘ਛੁੱਟੀਆਂ---ਅਸਲ ’ਚ ਬੌਕਸਿੰਗ ਦਾ ਮੈਚ ਸੀ ਬਰਮਿੰਘਮ।’ ਟੋਨੀ ਨੇ ਜਵਾਬ ਦਿੱਤਾ।

ਸਕੌਟ ਨੇ ਉਸ ਵੱਲ ਫਿਰ ਧਿਆਨ ਨਾਲ ਵੇਖਿਆ। ਸਰੀਰ ਦਾ ਮਾੜਾ ਬੰਦਾ ਸ਼ਾਇਦ ਤਾਕਤਵਰ ਬੰਦਿਆਂ ਦੇ ਮੈਚ ਵੇਖ ਕੇ ਮਨ ਦੀ ਤਸੱਲੀ ਕਰ ਲੈਂਦਾ ਹੈ। ਉਹ ਸੋਚ ਰਿਹਾ ਸੀ।

‘ਤੈਨੂੰ ਬੌਕਸਿੰਗ ਵੇਖਣ ਦਾ ਸ਼ੌਕ ਕਦੋਂ ਤੋਂ ਐ?’

‘ਦੇਖਣ ਨਾਲੋਂ ਮੈਂ ਬੌਕਸਿੰਗ ਲੜਨਾ ਵਧੇਰੇ ਪਸੰਦ ਕਰਦਾਂ।’ ਟੋਨੀ ਦਾ ਜਵਾਬ ਭਾਵਨਾਵਾਂ ਰਹਿਤ ਕੋਰਾ ਜਿਹਾ ਸੀ। ਸੁਣ ਕੇ ਸਕੌਟ ਨੇ ਹਾਸਾ ਨਿਕਲਦਾ ਮਸਾਂ ਰੋਕਿਆ।

‘ਮੈਂ ਹੈਰਾਨ ਆਂ ਤੂੰ ਬੌਕਸਿੰਗ ਕਰਦਾਂ!’ ਸਕੌਟ ਨੇ ਸਧਾਰਣ ਜਿਹੀ ਆਵਾਜ਼ ਵਿਚ ਕਿਹਾ।

‘ਦੋ ਦਿਨ ਦਾ ਟੂਰਨਾਮੈਂਟ ਸੀ, ਬਰਮਿੰਘਮ। ਮੈਨੂੰ ਬਾਹਟ ਕਿਲੋ ਭਾਰ ਵਾਲੇ ਮੁਕਾਬਲੇ ਵਿਚ ਰੱਖਿਆ ਗਿਆ ਸੀ। ਪਹਿਲੇ ਦਿਨ ਮੈਂ ਫਾਈਨਲ ਵਿਚ ਜਿੱਤ ਗਿਆ। ਮੈਂ ਪਝੱਤਰ ਕਿਲੋ ਵਾਲੇ ਵਿਚ ਵੀ ਹਿੱਸਾ ਲਿਆ ਦੂਜੇ ਦਿਨ ਤੇ ਮੈਂ ਦੂਜੇ ਨੰਬਰ ’ਤੇ ਆ ਗਿਆ।’

ਟੋਨੀ ਖੁਸ਼ ਸੀ ਤੇ ਸਕੌਟ ਹੈਰਾਨ। ਇਸ ਵਾਰ ਉਸ ਤੋਂ ਹੈਰਾਨੀ ਲੁਕਾਈ ਨਹੀਂ ਸੀ ਗਈ।

'ਕਮਾਲ ਐ ਟੋਨੀ। ਪਝੱਤਰ ਕਿਲੋ ਵਿਚ ਦੂਜੇ ਨੰਬਰ 'ਤੇ। ਬਹੁਤ ਵਧੀਆ। ਪਰ ਤੇਰੀ ਜਿੱਤ ਦਾ ਰਾਜ਼ ਕੀ ਐ?'

'ਕੁਝ ਲੋਕ ਸਰੀਰ ਨਾਲ ਲੜਦੇ ਐ ਪਰ ਮੈਂ ਸਰੀਰ ਤੋਂ ਵੱਧ ਸਵੈ-ਵਿਸ਼ਵਾਸ਼ ਤੇ ਮਨ ਦੀ ਦ੍ਰਿੜਤਾ ਨਾਲ ਲੜਦਾਂ।'

ਟੋਨੀ ਨੇ ਚਾਹ ਦੀ ਘੁੱਟ ਭਰੀ। ਸਕੌਟ ਦੀ ਹੈਰਾਨੀ ਅਜੇ ਵੀ ਜਿਉਂ ਦੀ ਤਿਉਂ ਕਾਇਮ ਸੀ। ਉਹ ਹੱਕਾ-ਬੱਕਾ ਚਾਹ ਪੀਣੀ ਵੀ ਭੁੱਲ ਗਿਆ ਸੀ।

'ਸਕੌਟ ਮੈਂ ਤੇਰੀ ਈਮੇਲ ਚੈਕ ਕੀਤੀ ਸੀ ਤੇ ਉਹ ਖਾਸ ਸੁਰੱਖਿਅਤ ਨਹੀਂ ਸੀ। ਮੈਂ ਕਿਸੇ ਫਾਈਲ ਨੂੰ ਨੀ ਵੇਖਿਆ। ਵੈਸੇ ਮੈਂ ਤੇਰੀ ਈਮੇਲ ਹੀ ਨਹੀਂ ਸਾਰਾ ਲੈਪ ਟੌਪ ਹੀ ਸੁਰੱਖਿਅਤ ਕਰ ਦਿੱਤਾ। ਜੇ ਹੋ ਸਕੇ ਤਾਂ ਆਵਦਾ 'ਪਾਸਵਰਡ' ਬਦਲ ਲਵੋ।'

ਸੁਣ ਕੇ ਸਕੌਟ ਦੀ ਹੈਰਾਨੀ ਗੁੱਸੇ ਵਿਚ ਬਦਲ ਗਈ।

'ਤੂੰ ਮੇਰੇ ਪੁੱਛੇ ਬਿਨਾਂ ਮੇਰੇ ਕੰਪਿਊਟਰ ਨਾਲ ਛੇੜ-ਛਾੜ ਕਿਵੇਂ ਕਰ ਸਕਦਾਂ?' ਉਸ ਦੇ ਬੋਲ ਗੁੱਸੇ ਨਾਲ ਲਾਲ ਹੋ ਗਏ ਲੱਗੇ।

'ਗੈਰੀ ਦੀਆਂ ਫਾਇਲਾਂ ਮੈਂ ਕਿਸੇ ਅਸੁਰੱਖਿਅਤ ਈ ਮੇਲ ਵਿਚ ਨਹੀਂ ਸੀ ਭੇਜ ਸਕਦਾ।'

'ਤੂੰ ਗੈਰੀ ਦੀਆਂ ਈ ਮੇਲਾਂ ਨੂੰ ਖੋਲ੍ਹਣ ਵਿਚ ਕਾਮਯਾਬ ਹੋ ਗਿਆਂ?' ਸਕੌਟ ਦਾ ਗੁੱਸਾ ਹੈਰਾਨੀ ਭਰੀ ਖੁਸ਼ੀ ਵਿਚ ਬਦਲ ਗਿਆ ਸੀ। ਟੋਨੀ ਚੁੱਪ ਸੀ।

ਉਹ ਕੁਝ ਦੇਰ ਬਿਨਾਂ ਬੋਲਿਆਂ ਬੈਠੇ ਰਹੇ। ਸਕੌਟ ਨੇ ਚੁੱਪ ਨੂੰ ਤੋੜਿਆ।

'ਤੂੰ ਤਾਂ ਫਿਰ 'ਹੈਕਰ' ਐਂ ਟੋਨੀ।' ਉਸ ਨੇ ਸਰਦ ਜਿਹੇ ਬੋਲਾਂ ਨਾਲ ਕਿਹਾ।

'ਬਿਲਕੁਲ ਠੀਕ ਤੇ ਯੂ ਕੇ ਦਾ ਸ਼ਾਇਦ ਸਭ ਤੋਂ ਵਧੀਆ ਹੈਕਰ।'

'ਪਰ ਤੂੰ ਇਹ ਸਭ ਕਿਵੇਂ ਸਿੱਖਿਆ?'

'ਪਤਾ ਨੀ, ਪਹਿਲਾਂ ਤੋਂ ਈ ਮੈਨੂੰ ਕੰਪਿਊਟਰਾਂ ਦਾ ਸ਼ੌਕ ਐ। ਮੈਂ ਰੋਟੀ ਬਿਨਾਂ ਰਹਿ ਸਕਦਾਂ ਪਰ ਕੰਪਿਊਟਰ ਬਿਨਾਂ ਨਹੀਂ।'

'ਇਹ ਤੂੰ ਕਿਵੇਂ ਕਹਿ ਸਕਦਾਂ ਕਿ ਤੂੰ ਯੂ ਕੇ ਦਾ ਸਭ ਤੋਂ ਵਧੀਆ ਹੈਕਰ ਐਂ?'

'ਗੈਰੀ ਦਾ ਲੈਪ ਟੌਪ ਅਜੇ ਤੱਕ ਕਿਸੇ ਤੋਂ ਨਹੀਂ ਖੁੱਲ੍ਹਿਆ। ਉਹ ਬਹੁਤ ਹੱਦ ਤੱਕ ਸੁਰੱਖਿਅਤ ਸੀ। ਮੈਨੂੰ ਵੀ ਆਪਣੇ ਦੋਸਤ 'ਬਰਡ' ਦੀ ਸਹਾਇਤਾ ਲੈਣੀ ਪਈ। ਜਦੋਂ ਉਹ ਕੋਸ਼ਿਸ਼ ਕਰ ਰਹੇ ਸੀ ਤਾਂ ਅਸੀਂ ਉਸ ਦੀ ਈਮੇਲ ਵਰਤ ਕੇ ਉਸ ਦੀਆਂ ਫਾਇਲਾਂ ਨੂੰ ਹੈਕ ਕਰ ਲਿਆ। ਸੌਰੀ ਮੈਂ ਤੈਨੂੰ ਸਾਰਾ ਵਿਸਥਾਰ ਨਹੀਂ ਦੇ ਸਕਦਾ।'

'ਬਰਡ!'

'ਇਹ ਵੀ ਇਕ ਦੋਸਤ ਐ ਤੇ ਹੈਕਰ ਵੀ ਐ। ਲੋੜ ਪੈਣ 'ਤੇ ਅਸੀਂ ਇਕ ਦੂਜੇ ਦੀ ਮਦਦ ਕਰਦੇ ਰਹਿੰਨੇ ਆਂ। ਵੈਸੇ ਸਾਡੇ ਬਿਨਾਂ ਗੈਰੀ ਦਾ ਕੰਪਿਊਟਰ ਸ਼ਾਇਦ ਆਪਣੇ ਡਿਪਾਰਟਮੈਂਟ ਵਾਲਿਆਂ ਤੋਂ ਵੀ ਲੰਮਾ ਸਮਾਂ ਨਾ ਖੁੱਲ੍ਹਦਾ।'

ਸਕੌਟ ਨੂੰ ਆਪਣੀ ਜ਼ਿੰਦਗੀ ਵਿਚ ਅਜਿਹਾ ਹੈਰਾਨੀ ਭਰਿਆ ਹੋਰ ਕੋਈ ਦਿਨ ਯਾਦ ਨਹੀਂ ਸੀ। ਟੋਨੀ ਦੇ ਮੂੰਹ ’ਤੇ ਅਜੇ ਵੀ ਕਿਸੇ ਕਿਸਮ ਦੇ ਪ੍ਰਭਾਵ ਨਹੀਂ ਸਨ। ਕੀ ਟੋਨੀ ਝੂਠ ਮਾਰ ਰਿਹਾ ਸੀ ਤੇ ਉਸ ਦੀ ਖਿੱਲੀ ਉਡਾ ਰਿਹਾ ਸੀ? ਸਕੌਟ ਨੇ ਸੋਚਿਆ ਪਰ ਨਾਲ ਹੀ ਉਸ ਨੇ ਇਸ ਵਿਚਾਰ ਨੂੰ ਛੰਡ ਦਿੱਤਾ।

‘ਗੈਰੀ ਦੀਆਂ ਫਾਇਲਾਂ ਤੂੰ ਮੈਨੂੰ ਭੇਜ ਦਿੱਤੀਆਂ?’

‘ਕਿਹੜੀ ਈਮੇਲ ਆਈ ਡੀ ਵਰਤਾਂ? ਜੇ ਤੇਰੀ ਸਰਕਾਰੀ ਈਮੇਲ ਵਰਤਦਾਂ ਤਾਂ ਤੈਨੂੰ ਪਤੈ ਇਹ ਕੰਮ ਗੈਰਕਨੂੰਨੀ ਢੰਗ ਨਾਲ ਹੋਇਆ। ਤੇਰੇ ਲਈ ਸਮੱਸਿਆ ਬਣ ਸਕਦੀ ਹੈ। ਜੇ ਤੇਰੀ ਪ੍ਰਾਈਵੇਟ ਈਮੇਲ ’ਤੇ ਭੇਜਦਾਂ ਤਾਂ ਵੀ ਸਮੱਸਿਆਂ ਛੋਟੀ ਨਹੀਂ। ਮੇਰੀ ਰਾਇ ਐ ਤੂੰ ਕੋਈ ਨਵੀਂ ਈਮੇਲ ਆਈ ਡੀ ਬਣਾ ਸ਼ਾਇਦ ਕਿਸੇ ਨਕਲੀ ਨਾਂ ਹੇਠ। ਤਾਂ ਜੋ ਲੋੜ ਪੈਣ ’ਤੇ ਤੇਰੀ ਬੱਚਤ ਹੋ ਸਕੇ। ਵੈਸੇ ਹੁਣ ਗੈਰੀ ਦੇ ਕੰਪਿਊਟਰ ’ਤੇ ਕੋਈ ਖਾਸ ਜਾਣਕਾਰੀ ਨਈਂ ਬਚੀ। ਜੇ ਉਹ ਲੋਕ ਖੋਲ੍ਹ ਵੀ ਲੈਣ ਤਾਂ ਉਹਨਾਂ ਦੇ ਕੁਝ ਵੀ ਹੱਥ ਨਹੀਂ ਲੱਗਣਾ। ਤੂੰ ਮੈਨੂੰ ਦੱਸ ਦੇਈਂ ਮੈਂ ਭੇਜ ਦਿਆਂਗਾ।’

ਟੋਨੀ ਪੈਸੇ ਦੇਣ ਲੱਗਿਆ ਤਾਂ ਬਿੱਲ ਸਕੌਟ ਨੇ ਫੜ ਲਿਆ। ਉਹ ਦੋਵੇਂ ਬਾਹਰ ਨਿਕਲੇ ਤੇ ਸਕੌਟ ਨੇ ਟੋਨੀ ਦਾ ਧੰਨਵਾਦ ਕੀਤਾ ਤੇ ਆਪਣੇ ਰਾਹ ਪੈ ਗਿਆ।

ਰਾਹ ਵਿਚ ਉਹ ਟੋਨੀ ਬਾਰੇ ਸੋਚ ਰਿਹਾ ਸੀ ਤਾਂ ਉਸ ਬਾਰੇ ਉਸ ਦੀ ਰਾਇ ਬਿਲਕੁਲ ਬਦਲ ਚੁੱਕੀ ਸੀ। ਉਸ ਨੇ ਸਕੌਟ ਨੂੰ ਆਪਣੀ ਈਮੇਲ ਵਿਚ ਗੈਰੀ ਦੀ ਈਮੇਲ ਨਾ ਭੇਜਣ ਬਾਰੇ ਉਸ ਦੀ ਦੂਰਦਰਸ਼ਤਾ ਦੀ ਕਦਰ ਮਹਿਸੂਸ ਕੀਤੀ।

ਅੱਜ ਫਿਰ ਉਸ ਨੇ ਰਿਕਾਰਡਿੰਗ ਨੂੰ ਐਡਿਟ ਕਰਨ ਦਾ ਮਨ ਬਣਾਇਆ।

# 7

ਘਰ ਖਰੀਦ ਕੇ ਉਹਨਾਂ ਨੇ ਸਹੀ ਫੈਸਲਾ ਕੀਤਾ ਸੀ। ਘਰਾਂ ਦੀਆਂ ਕੀਮਤਾਂ ਕੁਝ ਸਾਲਾਂ ਬਾਅਦ ਛੜੱਪੇ ਮਾਰਦੀਆਂ ਤੇ ਫਿਰ ਕੁਝ ਸਾਲ ਟਿਕੀਆਂ ਰਹਿੰਦੀਆਂ। ਨਾਜਰ ਨੂੰ ਵੀ ਇਸ ਗੱਲ ਦਾ ਪਤਾ ਨਹੀਂ ਸੀ। ਇਹ ਤਾਂ ਕੁਦਰਤੀ ਉਸ ਦੇ ਪੈਰ ਥੱਲੇ ਬਟੇਰਾ ਆ ਗਿਆ ਸੀ। ਉਹਨਾਂ ਦੇ ਘਰ ਖਰੀਦਣ ਬਾਅਦ ਕੀਮਤਾਂ ਵਿਚ ਵਾਧਾ ਹੋਣ ਲੱਗਾ। ਉਹ ਖੁਸ਼ ਹੁੰਦੇ।

'ਸ਼ੇਰਿਆ ਮੈਂ ਪ੍ਰੀਤੋ ਨੂੰ ਪਾਸਪੋਰਟ ਦੀ ਕਾਪੀ ਬਣਾਉਣ ਨੂੰ ਕਹਿ ਦਿੱਤਾ। ਮੇਰਾ 'ਰਾਦਾ ਜੁਆਕਾਂ ਨੂੰ ਐਥੇ ਮੰਗਾ ਲਵਾਂ।'

ਸ਼ੇਰੇ ਨੇ ਉਸ ਵੱਲ ਇੰਝ ਵੇਖਿਆ ਜਿਵੇ ਉਸ ਦੀ ਗੱਲ ਸਮਝ ਨਾ ਲੱਗੀ ਹੋਵੇ। ਉਹ ਕੁਝ ਦੇਰ ਨਾਜਰ ਵੱਲ ਵੇਖਦਾ ਰਿਹਾ।

'ਨਾਜਰਾ ਜਨਾਨੀਆਂ ਤਾਂ ਪਿੰਡ ਈ ਠੀਕ ਆ। ਚਾਰ ਸਾਲ ਲਾ ਕੇ ਪਿੰਡ ਚੱਲੀਏ—ਬੱਸ।'

'ਮੇਰਾ ਮਨ ਕਹਿੰਦਾ ਬਈ ਪਵਨ ਨੂੰ ਐਥੇ ਪੜ੍ਹਾਵਾਂ। ਯਾਰ ਉਹਨੂੰ ਅੰਗਰੇਜ਼ੀ ਤਾਂ ਚੰਗੀ ਆ ਜੂ। ਅੰਗਰੇਜੀ ਆਲੇ ਨੂੰ ਨੌਕਰੀ ਵੀ ਵਧੀਆ ਮਿਲ ਜਾਂਦੀ ਐ। ਐਥੈ ਵੀ ਤੇ ਇੰਡੀਆ ਵੀ। ਨਈਂ ਤਾਂ ਆਪਣੇ ਅੰਗੂ ਹਮਤੋ-ਤਮਤੋ ਈ ਕਰਨ ਜੋਗਾ ਰਹਿ ਜੂ।' ਨਾਜਰ ਨੇ ਬਹੁਤ ਸੋਚ-ਵਿਚਾਰ ਨਾਲ ਹੀ ਫੈਸਲਾ ਕੀਤਾ ਸੀ।

ਸ਼ੇਰਾ ਕੁਝ ਬੋਲਿਆ ਨਾ। ਨਾਜਰ ਦੀ ਦਲੀਲ ਉਸ ਨੂੰ ਠੀਕ ਲੱਗ ਰਹੀ ਸੀ। ਉਹ ਸਦਾ ਸੋਚਦਾ ਕਾਸ਼! ਉਹਨੂੰ ਅੰਗਰੇਜ਼ੀ ਚੰਗੀ ਬੋਲਣੀ ਆਉਂਦੀ ਹੁੰਦੀ। ਪਰ ਮਨ ਉਸਦਾ ਅਜੇ ਇੰਡੀਆ ਜਾਣ ਲਈ ਹੀ ਕਰਦਾ ਸੀ। ਕੁਝ ਕੁ ਦਿਨਾਂ ਦੀ ਦਲੀਲਬਾਜ਼ੀ ਬਾਅਦ ਉਹ ਵੀ ਆਪਣੀ ਪਤਨੀ 'ਤੇ ਬੱਚੇ ਨੂੰ ਸੱਦਣ ਲਈ ਤਿਆਰ ਹੋ ਗਿਆ।

ਇਹਨਾਂ ਦਿਨਾਂ ਵਿਚ ਹੀ ਨਾਜਰ ਇਕ ਐਤਵਾਰ ਨੂੰ ਆਪਣੀਆਂ ਗਾਹਕਾਂ ਕੋਲ ਗਿਆ ਤਾਂ ਉਸ ਦੀ ਚਹੇਤੀ ਗਾਹਕ ਉਸ ਨਾਲ ਗੱਲੀਂ ਪੈ ਗਈ। ਮੀਂਹ ਪੈ ਰਿਹਾ ਸੀ ਤੇ ਉਸ ਨੇ ਨਾਜਰ ਨੂੰ ਦਰਵਾਜ਼ੇ ਦੇ ਅੰਦਰ ਲੰਘ ਆਉਣ ਦੀ ਸੁਲਾਹ ਮਾਰ ਦਿੱਤੀ। ਉਸ ਦੇ ਪਤੀ ਨੇ ਕੌਫੀ ਦਾ ਕੱਪ ਪਤਨੀ ਨੂੰ ਫੜਾਇਆ ਤੇ ਨਾਜਰ ਵੱਲ ਖੋਜੀ ਤੱਕਣੀ ਨਾਲ ਵੇਖਿਆ। ਔਰਤ ਕਿਚਨ ਵਿਚ ਗਈ ਤੇ ਨਾਜਰ ਲਈ ਵੀ ਕੌਫੀ ਦਾ ਕੱਪ ਲੈ ਆਈ। ਸਰਦੀ ਵਿਚ ਕੌਫੀ ਉਸ ਨੂੰ ਸੰਜੀਵਨੀ ਬੂਟੀ ਵਰਗੀ ਲੱਗੀ।

'ਓਲਡ ਬਿਲ ਇਜ਼ ਸੈਲਿੰਗ ਹਿਜ਼ ਸ਼ੌਪ, ਡਾਰਲਿੰਗ।' ਉਸ ਦੇ ਪਤੀ ਨੇ ਸਧਾਰਣ ਜਿਹੀ ਗੱਲ ਕੀਤੀ।

'ਇਜ਼ ਹੀ?' ਔਰਤ ਨੇ ਹੈਰਾਨੀ ਨਾਲ ਕਿਹਾ।

'ਹੂ ਬਿਲ?' ਨਾਜਰ ਨੇ ਦਿਲਚਸਪੀ ਨਾਲ ਪੁੱਛਿਆ।

'ਦੈਟ ਗਰਾਸਰੀ ਸ਼ੌਪ।' ਔਰਤ ਨੇ ਸਾਹਮਣੀ ਪਰੇਡ ਵਿਚ ਪੇਪਰ 'ਤੇ ਗਰੌਸਰੀ ਦੀ ਦੁਕਾਨ ਵੱਲ ਇਸ਼ਾਰਾ ਕੀਤਾ।

ਨਾਜਰ ਦੇ ਮਨ ਵਿਚ ਕਈ ਕੁਝ ਚੱਲ ਰਿਹਾ ਸੀ। ਕਦੋਂ ਤੱਕ ਲੋਕਾਂ ਦੇ ਘਰਾਂ ਦੀਆਂ ਮੀਂਹ-ਨ੍ਹੇਰੀ 'ਚ ਡੋਰਾਂ ਖੜਕਾਈ ਜਾਵਾਂਗੇ?

'ਸ਼ੇਰਿਆ ਤੂੰ ਘਰ ਖਰੀਦ ਲਾ।'

ਸ਼ੇਰਾ ਹੈਰਾਨੀ ਨਾਲ ਉਸ ਵੱਲ ਵੇਖਣ ਲੱਗਾ। 'ਕਿਉਂ ਕੀ ਹੋ ਗਿਆ?'

'ਮੈਂ ਯਾਰ ਦੁਕਾਨ ਖਰੀਦਣ ਦਾ ਮਨ ਬਣਾਇਆ ਐ।' ਨਾਜਰ ਨੇ ਸਭ ਵਿਸਥਾਰ ਨਾਲ ਬਿਆਨ ਕਰ ਦਿੱਤਾ। ਸ਼ੇਰਾ ਚੁੱਪ ਸੀ।

'ਊਂ ਜੇ ਤੂੰ ਚਾਹੇਂ ਤਾਂ ਆਪਾਂ ਦੁਕਾਨ ਵੀ ਸਾਂਝੀ ਖਰੀਦ ਸਕਦੇ ਆਂ।' ਨਾਜਰ ਨੇ ਸ਼ੇਰੇ ਨੂੰ ਰਾਇ ਦਿੱਤੀ।

'ਨਾ ਭਰਾਵਾ ਆਪਾਂ ਤਾਂ ਬੇਕਰੀ 'ਚ ਈ ਲੋਟ ਆਂ। ਕੋਈ ਨੀ ਤੂੰ ਕਰ ਸੌਦਾ ਦਕਾਨ ਦਾ। ਘਾਟਾ ਵਾਧਾ ਆਪਾਂ ਫੜ-ਫੜਾ ਲਾਂਗੇ।'

ਸ਼ੇਰੇ ਨੇ ਨਾਜਰ ਦਾ ਹਿੱਸਾ ਖਰੀਦ ਲਿਆ। ਬਿਲ ਦੀ ਦੁਕਾਨ ਦਾ ਸੌਦਾ ਤਾਂ ਉਹਨੇ ਕਰ ਲਿਆ ਪਰ ਉਸ ਨੂੰ ਕੀਮਤ ਵੱਧ ਚੁਕਾਉਣੀ ਪਈ। ਏਜੰਟ ਅਸਲ 'ਚ ਰੰਗਦਾਰ ਲੋਕਾਂ ਨੂੰ ਦੁਕਾਨ ਵੇਚ ਕੇ ਖੁਸ਼ ਨਹੀਂ ਸੀ। ਏਜੰਟ ਤਾਂ ਰੰਗਦਾਰ ਲੋਕਾਂ ਨੂੰ ਘਰ ਵੀ ਛੇਤੀ ਕੀਤਿਆਂ ਨਹੀਂ ਸੀ ਖਰੀਦਣ ਦਿੰਦੇ। ਆਖਰ 'ਤੇ ਗੱਲ ਪੈਸੇ 'ਤੇ ਮੁਕਦੀ। ਮਾਲਕ ਨੂੰ ਚਾਰ ਪੈਸੇ ਵੱਧ ਮਿਲਦੇ ਤਾਂ ਉਹ ਖਰੀਦਦਾਰ ਦੇ ਰੰਗ-ਢੰਗ ਬਾਰੇ ਪ੍ਰਵਾਹ ਨਾ ਕਰਦਾ। ਏਜੰਟ ਨੂੰ ਵੱਧ ਕਮਿਸ਼ਨ ਮਿਲ ਜਾਂਦਾ। ਇੰਝ ਹੀ ਨਾਜਰ ਨਾਲ ਹੋਇਆ। ਵੱਧ ਮੁੱਲ ਮਿਲਣ ਕਰਕੇ ਬਿਲ ਨੇ ਦੁਕਾਨ ਦੀ 'ਹਾਂ' ਕਰ ਦਿੱਤੀ।

ਦੁਕਾਨ ਦੇ ਉਪਰ ਤਿੰਨ ਬੈਡਰੂਮ ਦਾ ਫਲੈਟ ਸੀ ਜਿਸ ਵਿਚ ਬਿਲ ਤੇ ਉਸ ਦੀ ਪਤਨੀ ਰਹਿੰਦੇ ਸਨ। ਉਹਨਾਂ ਦੇ ਬੱਚੇ ਦੂਰ ਨੇੜੇ ਆਪਣਾ ਕੰਮ ਕਰਦੇ ਸਨ। ਬਿਲ ਤੋਂ ਹੁਣ ਬਹੁਤਾ ਕੰਮ ਨਹੀ ਸੀ ਹੁੰਦਾ, ਉਹ ਐਤਵਾਰ ਨੂੰ ਪੂਰਾ ਦਿਨ ਤੇ ਬੁੱਧਵਾਰ ਨੂੰ ਅੱਧਾ ਦਿਨ ਦੁਕਾਨ ਬੰਦ ਰਖਦਾ। ਉਸ ਨੇ ਸਮੁੰਦਰ ਦੇ ਕੰਢੇ ਆਪਣੇ ਲਈ ਛੋਟਾ ਜਿਹਾ ਘਰ ਵੇਖ ਲਿਆ ਸੀ ਤੇ ਬਾਕੀ ਜ਼ਿੰਦਗੀ ਸ਼ਾਂਤੀ ਨਾਲ ਸਮੁੰਦਰ ਦੀ ਨਿੱਲਤਣ ਦਾ ਅਨੰਦ ਲੈਂਦਿਆਂ ਗੁਜ਼ਾਰਨ ਲਈ ਉੱਤਸੁਕ ਸੀ।

ਦੁਕਾਨ ਦੀ ਚਾਬੀ ਉਸ ਨੂੰ ਬੁੱਧਵਾਰ ਮਿਲਣੀ ਸੀ। ਨਾਜਰ ਨੇ ਸ਼ੁਕਰਵਾਰ ਨੂੰ ਹੀ ਬੇਕਰੀ ਵਿਚੋਂ ਕੰਮ ਛੱਡ ਦਿੱਤਾ। ਦੋ ਦਿਨ ਉਹ ਬਿਲ ਨਾਲ ਦੁਕਾਨ ਵਿਚ ਖੜ੍ਹ ਕੇ ਕੰਮ ਕਰਕੇ ਦੁਕਾਨ ਬਾਰੇ ਕੁਝ ਕੁ ਜਾਣੂੰ ਹੋਣਾ ਚਾਹੁੰਦਾ ਸੀ। ਬਿਲ ਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਸੀ। ਦੋ ਦਿਨਾਂ ਵਿਚ ਨਾਜਰ ਨੇ ਕੰਮ ਚਲਾਊ ਜਿਹੀ ਜਾਣਕਾਰੀ ਲੈ ਲਈ। ਬੁੱਧਵਾਰ ਨੂੰ ਬਿਲ ਨੇ ਆਪਣੇ ਅਕਾਊਂਟੈਂਟ ਨੂੰ ਸੱਦਿਆ ਤੇ ਸਮਾਨ ਦਾ ਹਿਸਾਬ

ਕਰ ਕੇ ਪੈਸੇ ਨਾਜਰ ਤੋਂ ਲੈ ਲਏ। ਬਾਕੀ ਦਾ ਕੰਮ ਉਹਨਾਂ ਦੇ ਵਕੀਲਾਂ ਨੇ ਕਰਨਾ ਸੀ। ਸ਼ਾਮ ਤੱਕ ਦੁਕਾਨ ਦੀਆਂ ਚਾਬੀਆਂ ਨਾਜਰ ਨੂੰ ਮਿਲ ਗਈਆਂ। ਨਾਜਰ ਖੁਸ਼ ਵੀ ਸੀ ਤੇ ਉਸ ਦੇ ਅੰਤਰ-ਮਨ ਵਿਚ ਕਿਧਰੇ ਡਰ ਵੀ ਸੀ ਕਿ ਕਿਤੇ ਦੁਕਾਨ ਵਿਚ ਫਸ ਹੀ ਨਾ ਜਾਵੇ। ਚਾਰ ਪੈਸੇ ਮਸਾਂ ਕਮਾਏ ਸੀ ਕਿਤੇ ---।

ਨਾਜਰ ਕੋਲ ਵੀਕ ਐਂਡ ’ਤੇ ਵੇਚਣ ਵਾਲਾ ਜਿਹੜਾ ਸਮਾਨ ਪਿਆ ਸੀ ਸਾਰਾ ਦੁਕਾਨ ਵਿਚ ਲਿਆ ਰੱਖਿਆ। ਦੁਕਾਨ ਵਿਚ ਕੁਝ ਕੁ ਹੋਰ ਰੌਣਕ ਹੋ ਗਈ। ਉਸ ਨੇ ਹੌਲੀ ਹੌਲੀ ਲੋਕਾਂ ਦੀ ਲੋੜ ਅਨੁਸਾਰ ਚੀਜ਼ਾਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ। ਅਖ਼ਬਾਰ, ਦੁੱਧ, ਅੰਡੇ, ਬਰੈਡ ਤੇ ਹੋਰ ਕਿਚਨ ਦਾ ਸਮਾਨ ਤੇ ਨਾਲ ਹੀ ਸਟੇਸ਼ਨਰੀ ਵਗੈਰਾ। ਕ੍ਰਿਸਮਸ ’ਤੇ ਉਹ ਬੱਚਿਆਂ ਲਈ ਖਿਲਾਉਣੇ ਲਿਆ ਰਖਦਾ ਤੇ ਛੁੱਟੀਆਂ ਤੋਂ ਬਾਅਦ ਜਦ ਬੱਚਿਆਂ ਨੇ ਸਕੂਲ ਜਾਣਾ ਹੁੰਦਾ ਤਾਂ ਸਕੂਲ ਵਿਚ ਵਰਤੋਂ ਵਾਲਾ ਸਮਾਨ ਲੈ ਆਉਂਦਾ। ਨਾਜਰ ਦਾ ਕੰਮ ਵਾਹਵਾ ਚੱਲ ਪਿਆ ਸੀ। ਉਸ ਨੇ ਬੁੱਧਵਾਰ ਵੀ ਪੂਰਾ ਦਿਨ ਦੁਕਾਨ ਖੋਲ੍ਹਣੀ ਸ਼ੁਰੂ ਕਰ ਦਿੱਤੀ। ਕੁਝ ਦੇਰ ਬਾਅਦ ਉਹ ਸਵੇਰੇ ਦਸ ਵਜੇ ਤੋਂ ਚਾਰ ਵਜੇ ਤੱਕ ਐਤਵਾਰ ਵੀ ਦੁਕਾਨ ਖੋਲ੍ਹਣ ਲੱਗਾ। ਉਸ ਦੀ ਦੁਕਾਨ ਚੰਗੀ ਚੱਲ ਪਈ।

ਸ਼ੇਰਾ ਉਸ ਕੋਲ ਕਦੇ ਨਾ ਕਦੇ ਆ ਜਾਂਦਾ ਤੇ ਉਹ ਮੌਜ ਮੇਲਾ ਕਰ ਲੈਂਦੇ। ਇੰਜ ਹੀ ਇਕ ਦਿਨ ਸ਼ੇਰਾ ਆਇਆ। ਦੋ ਕੁ ਪੈਗ ਲਾ ਕੇ ਸ਼ੇਰੇ ਦਾ ਮਨ ਕਿਧਰੇ ਹੋਰ ਉਡਾਰੀ ਮਾਰ ਗਿਆ।

‘ਨਾਜਰਾ ਵਾਹਵਾ ਦਿਨ ਹੋਗੇ ਲੂਸੀ ਹੋਰਾਂ ਨੂੰ ਮਾਰੀਏ ਹਾਕ !’

ਨਾਜਰ ਨੇ ਬੋਤਲ ਚੁੱਕੀ ਤੇ ਬਕਾਰਡੀ ਦਾ ਪੈਗ ਪਾ ਕੇ ਕੋਕ ਪਾਉਣ ਲੱਗਾ। ਜਵਾਬ ਉਸ ਨੇ ਕੋਈ ਨਾ ਦਿੱਤਾ। ਗਲਾਸ ਚੁੱਕ ਕੇ ਬੁੱਲ੍ਹਾਂ ਨੂੰ ਲਾਇਆ ਤੇ ਘੁੱਟ ਭਰ ਕੇ ਫਿਰ ਟੇਬਲ ’ਤੇ ਰੱਖ ਦਿੱਤਾ।

‘ਕੀ ਗੱਲ ਬੋਲਿਆ ਨੀ ਕੁਸ?’

‘ਸ਼ੇਰਿਆ ਪ੍ਰੀਤੋ ਦੀ ਚਿੱਠੀ ਆਈ ਐ। ਉਹਦੀ ਕਾਪੀ (ਪਾਸਪੋਟਰਟ) ਆ ਗੀ ਤੇ ਮੈਂ ਸੋਚਦਾਂ ਛੇਤੀ ਉਹਨੂੰ ਸੱਦ ਲਵਾਂ। ਹੁਣ ਤੱਕ ਜੋ ਹੋ ਗਿਆ ਸੋ ਹੋ ਗਿਆ। ਹੁਣ ਤਾਂ ਯਾਰ ਬੱਸ ਪ੍ਰੀਤੋ ਈ---।’

ਸ਼ੇਰਾ ਹੈਰਾਨ ਵੀ ਸੀ। ਪਰ ਉਹ ਕੁਝ ਬੋਲਿਆ ਨਾ। ਉਹਨਾਂ ਨੇ ਦੋ ਦੋ ‘ਮੰਨੀਆਂ’ ਛਕੀਆਂ ਤੇ ਸ਼ੇਰਾ ਜਾਣ ਲਈ ਉੱਠਿਆ।

‘ਪੈ ਜਾ ਐਥੇ ਈ। ਅੱਧੀ ਰਾਤ ਨੂੰ ਕੋਈ ‘ਨਸਲੀ ਗੰਜਾ’ ਗੋਰਾ ਮਾਰ ਕੁੱਟ ਕੇ ਮੂੰਹ ਨਾ ਸਜਾ ਦੇਵੇ।’

‘ਆਹੋ ਨਾਲੇ ਜਦੋਂ ਭਰਜਾਈ ਆ ਗੀ ਫੇਰ ਤਾਂ ਉਹਦਾ ਈ ਹੁਕਮ ਚੱਲੂ।’

‘ਤੂੰ ਮੇਰੀ ਭਰਜਾਈ ਨੂੰ ਵੀ ਸੱਦ ਲਾ। ਕਾਪੀ ਦਾ ਪਤਾ ਲੱਗਿਆ ਕੁਸ?’

‘ਨਈਂ ਯਾਰ ਅਜੇ ਤਾਂ ਨੀ।’

ਉਹ ਦੋਵੇਂ ਆਪਣੇ ਆਪਣੇ ਪਰਿਵਾਰਾਂ ਦੀ ਮਿਲਣੀ ਦੇ ਸੁਪਨਿਆਂ ਵਿਚ ਗੁਆਚੇ ਸੌਂ ਗਏ।

***

ਪ੍ਰੀਤੋ ਜਿਸ ਦਿਨ ਆਈ ਸ਼ੇਰਾ ਤੇ ਨਾਜਰ ਉਸ ਨੂੰ ਲੈਣ ਲਈ ਏਅਰਪੋਰਟ 'ਤੇ ਪਹੁੰਚ ਗਏ। ਨਾਜਰ ਦੀ ਕਾਰ ਮੀਂਹ-ਧੋਤੀ ਕਾਲੀ ਸ਼ਾਹ ਸੜਕ 'ਤੇ ਜਿਵੇਂ ਮੱਲੋ ਮੱਲੀ ਏਅਰਪੋਰਟ ਨੂੰ ਭੱਜੀ ਜਾਂਦੀ ਸੀ। ਨਾਜਰ ਦੇ ਮੂੰਹ 'ਤੇ ਰੌਣਕ ਸੀ। ਸ਼ੇਰੇ ਨੂੰ ਨਾਜਰ ਦਾ ਮੂੰਹ ਵੀ ਮੀਂਹ ਨਾਲ ਧੋਤੇ ਪੱਤਿਆਂ ਵਰਗਾ ਕੂਲਾ ਕੂਲਾ ਲਗਦਾ। ਨਾਜਰ ਬੱਚਿਆਂ ਦੀ ਕਲਪਨਾ ਕਰਦਾ। ਰਾਣੀ ਹੁਣ ਤੱਕ ਨੌਂ ਸਾਲ ਦੀ ਤੇ ਪਵਨ ਛੇ ਸਾਲ ਦਾ ਹੋ ਗਿਆ ਸੀ। ਨਾਜਰ ਨੇ ਆਪਣੀਆਂ ਫੋਟੋ ਤਾਂ ਪਿੰਡ ਭੇਜੀਆਂ ਸਨ ਪਰ ਪਿੰਡੋਂ ਬੱਚਿਆਂ ਦੀ ਕੋਈ ਫੋਟੋ ਨਹੀਂ ਸੀ ਆਈ।

ਫਲਾਈਟ ਦੇ ਆਉਣ ਤੋਂ ਅੱਧਾ ਘੰਟਾ ਪਹਿਲਾਂ ਹੀ ਉਹ ਏਅਰਪੋਰਟ 'ਤੇ ਪਹੁੰਚ ਗਏ। ਉਹ ਆਪਸ ਵਿਚ ਖੜ੍ਹੇ ਗੱਲਾਂ ਕਰਦੇ ਰਹੇ। ਕੁਝ ਦੇਰ ਬਾਅਦ ਏਅਰਪੋਰਟ 'ਤੇ ਨਾਜਰ ਦਾ ਨਾਂ ਬੋਲਿਆ ਗਿਆ ਤੇ ਉਸ ਨੂੰ ਪੁੱਛ-ਗਿੱਛ ਦਫ਼ਤਰ ਅੱਗੇ ਪਹੁੰਚਣ ਲਈ ਕਿਹਾ ਗਿਆ। ਨਾਜਰ ਤੇ ਸ਼ੇਰਾ ਉਥੇ ਗਏ ਤਾਂ ਅੱਗੇ ਇਮੀਗਰੇਸ਼ਨ ਅਫ਼ਸਰ ਖੜ੍ਹਾ ਸੀ। ਉਸ ਨੇ ਉਹਦਾ ਨਾਂ ਪੁੱਛਿਆ ਤੇ ਆਪਣੇ ਨਾਲ ਚੱਲਣ ਦਾ ਇਸ਼ਾਰਾ ਕੀਤਾ। ਨਾਜਰ ਕੁਝ ਕੁ ਘਬਰਾ ਗਿਆ ਸੀ।

ਅੰਦਰ ਗਏ ਤਾਂ ਅੱਗੇ ਪ੍ਰੀਤੋ ਦੋਵਾਂ ਬੱਚਿਆਂ ਵਿਚਕਾਰ ਕੁਰਸੀ 'ਤੇ ਬੌਂਦਲੀ ਜਿਹੀ ਬੈਠੀ ਸੀ। ਨਾਜਰ ਨੂੰ ਪਹਿਲਾਂ ਤਾਂ ਉਸ ਨੇ ਪਛਾਣਿਆ ਹੀ ਨਾ। ਜਦੋਂ ਨਾਜਰ ਬੋਲਿਆ ਤੇ ਹੱਸਿਆ ਤਾਂ ਉਹ ਹੈਰਾਨ ਜਿਹੀ ਉੱਠ ਕੇ ਖੜ੍ਹੀ ਹੋ ਗਈ। ਇਮੀਗਰੇਸ਼ਨ ਅਫ਼ਸਰ ਨੇ ਨਾਜਰ ਤੋਂ ਕੁਝ ਸਧਾਰਣ ਜਿਹੇ ਸਵਾਲ ਪੁੱਛੇ ਤੇ ਉਹਨਾਂ ਦੇ ਪਾਸਪੋਰਟ 'ਤੇ ਮੋਹਰ ਲਾ ਕੇ ਬਾਹਰ ਜਾਣ ਦਾ ਇਸ਼ਾਰਾ ਕਰ ਦਿੱਤਾ। ਉਹਨਾਂ ਨੇ ਸਮਾਨ ਚੁੱਕਿਆ 'ਤੇ ਸ਼ੇਰੇ ਕੋਲ ਪਹੁੰਚ ਗਏ। ਹਾਲ-ਚਾਲ ਪੁੱਛਦੇ ਉਹ ਘਰ ਪਹੁੰਚ ਗਏ। ਪ੍ਰੀਤੋ ਤੇ ਬੱਚੇ ਕਾਰ ਦੇ ਸ਼ੀਸ਼ਿਆਂ ਵਿਚੋਂ ਦੀ ਬਾਹਰ ਸਭ ਕੁਝ ਹੈਰਾਨੀ ਨਾਲ ਵੇਖ ਰਹੇ ਸਨ।

'ਲੈ ਵੱਡੇ ਭਾਈ ਤੁਸੀਂ ਬੈਠੋ ਅੱਜ ਤਾਂ ਭਰਜਾਈ ਨੂੰ ਚਾਹ ਮੈਂ ਬਣਾ ਕੇ ਪਿਆਊਂ।' ਸ਼ੇਰਾ ਕਿਚਨ ਵਿਚ ਚਲਾ ਗਿਆ।

'ਨਹੀਂ ਵੀਰ ਜੀ ਤੁਸੀਂ ਬੈਠੋ। ਮੈਨੂੰ ਦੱਸੋ ਚਾਹ ਪੱਤੀ ਕਿੱਥੇ ਐ? ਮੇਰੇ ਹੁੰਦਿਆਂ ਤੁਸੀਂ ਚਾਹ ਕਿਉਂ ਬਣਾਉਣੀ ਹੋਈ।' ਪ੍ਰੀਤੋ ਉੱਠਣ ਲੱਗੀ ਤਾਂ ਨਾਜਰ ਨੇ ਉਸ ਦੀ ਬਾਂਹ ਫੜ ਕੇ ਬੈਠਣ ਲਈ ਮਜਬੂਰ ਕਰ ਦਿੱਤਾ।

'ਅਜੇ ਤੈਨੂੰ ਏਥੋਂ ਦੀ ਰਸੋਈ ਦਾ ਪਤਾ ਨੀ। ਇਕ ਦੋ ਦਿਨਾਂ ਬਾਅਦ ਤਾਂ ਤੂੰ ਈ ਬਣਾਉਣੀ ਐ।'

ਨਾਜਰ, ਪਵਨ ਤੇ ਰਾਣੀ ਨੂੰ ਆਪਣੀ ਬੁਕਲ ਵਿਚ ਲੈਣ ਲਈ ਕਾਹਲਾ ਸੀ ਪਰ

ਉਹ ਉਸ ਤੋਂ ਸੰਗ ਰਹੇ ਸਨ। ਉਹ ਦੁਕਾਨ ਵਿਚ ਗਿਆ ਤੇ ਉਹਨਾਂ ਲਈ ਚਾਕਲੇਟ ਲੈ ਆਇਆ। ਚਾਕਲੇਟ ਦਿੰਦਿਆਂ ਉਸ ਨੇ ਉਹਨਾਂ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਿਆ। ਏਨੇ ਨੂੰ ਸ਼ੇਰਾ ਚਾਹ ਤੇ ਬਿਸਕੁਟ ਲੈ ਆਇਆ। ਚਾਹ ਪੀ ਕੇ ਸ਼ੇਰਾ ਤਾਂ ਚਲਿਆ ਗਿਆ। ਉਸ ਨੂੰ ਪਤਾ ਸੀ ਪ੍ਰੀਤੋ ਥੱਕੀ ਹੋਈ ਸੀ ਤੇ ਬੱਚੇ ਵੀ।

ਨਾਜਰ ਨੇ ਪ੍ਰੀਤੋ ਨੂੰ ਬਾਥਰੂਮ ਬਾਰੇ ਸਮਝਾ ਕੇ ਉਹਨਾਂ ਨੂੰ ਨਹਾਉਣ ਲਈ ਕਿਹਾ ਤੇ ਆਪ ਉਹ ਦੁਕਾਨ ਬੰਦ ਕਰਨ ਲਈ ਹੇਠਾਂ ਚਲਾ ਗਿਆ। ਜਦੋਂ ਨੂੰ ਉਹ ਨਹਾਉਣ ਧੋਣ ਤੋਂ ਵਿਹਲੇ ਹੋਏ ਓਦੋਂ ਤੱਕ ਨਾਜਰ ਵੀ ਦੁਕਾਨ ਬੰਦ ਕਰਕੇ ਆ ਗਿਆ ਸੀ।

ਦਾਲ ਸਬਜ਼ੀ ਉਸ ਨੇ ਇਕ ਸ਼ਾਮ ਪਹਿਲਾਂ ਹੀ ਬਣਾ ਲਈ ਸੀ। ਉਹ ਰੋਟੀਆਂ ਬਣਾਉਣ ਲੱਗਾ ਤਾਂ ਪ੍ਰੀਤੋ ਨੇ ਉਸ ਨੂੰ ਪਾਸੇ ਕਰ ਦਿੱਤਾ। ਰੋਟੀਆਂ ਖਾ ਕੇ ਬੱਚੇ ਤਾਂ ਥੱਕੇ ਹੋਣ ਕਰਕੇ ਸੌਂ ਗਏ। ਪ੍ਰੀਤੋ ਦੀਆਂ ਅੱਖਾਂ ਵਿਚ ਨੀਂਦ ਸੀ ਪਰ ਮਨ ਮਚਲ ਰਿਹਾ ਸੀ। ਉਹਦੀ ਨੀਂਦ ਅੱਖਾਂ ਵਿਚ ਆਉਂਦੀ ਪਰ ਪਲਕਾਂ ਬੰਦ ਨਾ ਹੁੰਦੀਆਂ। ਉਹ ਕਦੋਂ ਸੁੱਤੇ ਪਤਾ ਹੀ ਨਾ ਲੱਗਾ। ਸਵੇਰੇ ਚਾਰ ਵਜੇ ਆਮ ਵਾਂਗ ਨਾਜਰ ਉੱਠਿਆ। ਉਸ ਨੇ ਉੱਠ ਕੇ ਚਾਹ ਬਣਾਈ ਤੇ ਕੱਪ ਪ੍ਰੀਤੋ ਨੂੰ ਵੀ ਫੜਾ ਦਿੱਤਾ। ਉਹ ਚਾਹ ਪੀਂਦੇ ਗੱਲਾਂ ਕਰਦੇ ਰਹੇ। ਪ੍ਰੀਤੋ ਨੂੰ ਮਹਿਸੂਸ ਹੋ ਰਿਹਾ ਸੀ ਬੰਦੇ ਸਿਰ ਕਰਜ਼ਾ ਨਾ ਹੋਵੇ ਤਾਂ ਜਿਉਣ ਦਾ ਸੁਆਦ ਵੱਖਰਾ ਹੀ ਹੁੰਦਾ।

ਕੁਝ ਦਿਨਾਂ ਵਿਚ ਪ੍ਰੀਤੋ ਵੀ ਕੁਝ ਕੁਝ ਸੂੰਹੀ ਹੋ ਗਈ। ਬੱਚਿਆਂ ਨੂੰ ਸਕੂਲ ਦਾਖਲ ਕਰਵਾ ਦਿੱਤਾ ਸੀ। ਪਹਿਲਾਂ ਪਹਿਲਾਂ ਤਾਂ ਉਹਨਾਂ ਦੇ ਪਿੜ ਪੱਲੇ ਕੁਝ ਨਹੀਂ ਸੀ ਪੈਂਦਾ। ਪਰ ਜਲਦੀ ਹੀ ਉਹਨਾਂ ਨੂੰ ਅੰਗਰੇਜ਼ੀ ਦੀ ਕੁਝ ਕੁਝ ਸਮਝ ਆਉਣ ਲੱਗੀ।

ਪ੍ਰੀਤੋ ਲਈ ਨਾਜਰ ਨੇ ਪੈਂਟ 'ਤੇ ਬਲਾਊਜ਼ ਲਿਆ ਦਿੱਤੇ। ਪ੍ਰੀਤੋ ਨੂੰ ਸੰਗ ਆ ਰਹੀ ਸੀ। ਉਹ ਤਾਂ ਸਲਵਾਰ ਕਮੀਜ਼ ਪਹਿਨਣ ਦੇ ਹੱਕ ਵਿਚ ਸੀ। ਪਰ ਨਾਜਰ ਨੇ ਉਸ ਨੂੰ ਦੱਸਿਆ 'ਜੈਸਾ ਦੇਸ ਵੈਸਾ ਭੇਸ' ਵਾਲਾ ਗੁਰ-ਮੰਤਰ ਅਪਣਾਏ ਬਿਨਾਂ ਸਰਨਾ ਨਹੀਂ। ਪ੍ਰੀਤੋ ਨੇ ਇਕ ਦਿਨ ਇਕੱਲੀ ਨੇ ਇਹ ਨਵੇਂ ਕੱਪੜੇ ਪਹਿਨੇ ਤੇ ਆਪਣੇ ਆਪ ਨੂੰ ਸ਼ੀਸ਼ੇ ਵਿਚੋਂ ਦੀ ਵੇਖਿਆ। ਪਤਾ ਨਹੀਂ ਕਦੋਂ ਨਾਜਰ ਪੌੜੀਆਂ ਚੜ੍ਹ ਕੇ ਫਲੈਟ ਵਿਚ ਆ ਗਿਆ ਸੀ। ਉਸ ਨੇ ਉਸ ਨੂੰ ਪਿੱਛੋਂ ਜੱਫੀ ਪਾ ਲਈ।

'ਤੂੰ ਤਾਂ ਕਿਸੇ ਵੀ ਗੋਰੀ ਨਾਲੋਂ ਹਜ਼ਾਰ ਗੁਣਾ ਸੁਹਣੀ ਲਗਦੀ ਐਂ ਏਹਨਾਂ ਲੀੜਿਆਂ 'ਚ। ਕਿਥੇ ਗੋਰੀਆਂ ਦਾ ਪਿੱਲਾ ਰੰਗ ਜਿਵੇਂ ਸਰੀਰ 'ਚ ਲਹੂ ਨਾ ਹੋਵੇ ਤੇ ਕਿਥੇ ਤੇਰਾ ਦਗਦਾ ਗੁਲਾਬੀ ਮੂੰਹ। ਆ ਚੱਲ ਦੁਕਾਨ 'ਚ ਚੱਲੀਏ। ਮੈਂ ਤਾਂ ਤੈਨੂੰ ਸੱਦਣ ਈ ਆਇਆ ਸੀ।' ਨਾਜਰ ਨੇ ਗੁੱਟ ਫੜ ਕੇ ਉਸ ਨੂੰ ਖਿੱਚਿਆ।

'ਠਹਿਰ ਪਹਿਲਾਂ ਮੈਨੂੰ ਆਹ ਸਾਂਗ ਜਿਆ ਬਦਲ ਲੈਣ ਦੇਹ।'

ਪਰ ਨਾਜਰ ਨੇ ਉਸ ਦੀ ਇਕ ਨਾ ਸੁਣੀ ਤੇ ਖਿੱਚ ਕੇ ਦੁਕਾਨ 'ਚ ਲੈ ਗਿਆ। ਕੁਝ ਦੇਰ ਬਾਅਦ ਪ੍ਰੀਤੋ ਆਪਣੇ ਨਵੇਂ ਕੱਪੜਿਆਂ ਬਾਰੇ ਭੁੱਲ ਹੀ ਗਈ। ਉਹ ਦੁਕਾਨ

ਵਿਚ ਸ਼ੈਲਫ਼ਾਂ 'ਤੇ ਸਮਾਨ ਟਿਕਾਉਣ ਲੱਗੀ। ਨਾਜਰ ਉਹਦੇ ਵੱਲ ਵੇਖਦਾ ਤੇ ਅੱਖਾਂ ਵਿਚ ਹੱਸਦਾ। ਉਸ ਨੂੰ ਉਹ ਸੱਚੀਂ ਸੁਹਣੀ ਲੱਗ ਰਹੀ ਸੀ।

***

ਸਾਊਥਾਲ ਵਿਚ ਦਿਨੋ ਦਿਨ ਬਹੁਤ ਸਾਰੇ ਏਸ਼ੀਅਨ ਲੋਕ ਆ ਰਹੇ ਸਨ। ਕੁਝ ਇੰਡੀਆ, ਪਾਕਿਸਤਾਨ ਤੋਂ ਨਵੇਂ ਲੋਕ ਆ ਰਹੇ ਸਨ ਤੇ ਕੁਝ ਇੰਗਲੈਂਡ ਵਿਚ ਰਹਿੰਦੇ ਲੋਕ ਵੀ ਸਾਊਥਾਲ ਨੂੰ ਆਪਣਾ ਘਰ ਬਣਾ ਰਹੇ ਸਨ। ਜਿਹੜਾ ਵੀ ਕੋਈ ਘਰ ਵਿਕਦਾ ਵਾਹ ਲਗਦੀ ਗੋਰੇ ਵੇਚਦੇ ਤੇ ਇੰਡੀਅਨ-ਪਾਕਿਸਤਾਨੀ ਖਰੀਦਦੇ। ਨਾਜਰ ਦੀ ਦੁਕਾਨ 'ਤੇ ਵੀ ਬਹੁਤ ਸਾਰੇ ਨਵੇਂ ਏਸ਼ੀਅਨ ਚਿਹਰੇ ਨਜ਼ਰ ਆਉਣ ਲੱਗੇ ਸਨ। ਸਾਊਥਾਲ ਵਿਚ ਕੁਝ ਦੇਰ ਤੋਂ ਬੀਕਨਜ਼ਫੀਲਡ ਰੋਡ ਦੇ 11 ਨੰਬਰ ਘਰ ਨੂੰ ਸਿੱਖ ਗੁਰਦਵਾਰੇ ਵਜੋਂ ਵਰਤ ਰਹੇ ਸਨ। ਹੁਣ ਹੈਵਲੌਕ ਰੋਡ 'ਤੇ ਥਾਂ ਖਰੀਦ ਕੇ ਸਿੱਖਾਂ ਨੇ ਗੁਰਦਵਾਰਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਹੋਰ ਵੀ ਤਬਦੀਲੀਆਂ ਵਾਪਰ ਰਹੀਆਂ ਸਨ। ਬਰਾਡਵੇਅ 'ਤੇ ਏਸ਼ੀਅਨ ਦੁਕਾਨਾਂ ਖੁੱਲ੍ਹ ਰਹੀਆਂ ਸਨ। ਕਿਸੇ ਭਾਈਵੰਦ ਨੇ ਏਸ਼ੀਅਨ ਫੂਡ ਦੀ ਦੁਕਾਨ ਵੀ ਖੋਲ੍ਹ ਲਈ ਸੀ। ਨਾਜਰ ਦੀ ਦੁਕਾਨ ਦੀ ਵੱਟਤ ਦਿਨੋ ਦਿਨ ਵਧ ਰਹੀ ਸੀ। ਉਸ ਨੇ ਦੁਕਾਨ ਵੱਡੀ ਕਰਨ ਲਈ ਬਿਲਡਰ ਲਾ ਦਿੱਤੇ। ਦੁਕਾਨ ਤਾਂ ਅਗਲੇ ਹਿੱਸੇ ਵਿਚ ਚਲਦੀ ਹੀ ਰਹੀ। ਇਕ ਅੱਧ ਦਿਨ ਉਸ ਨੂੰ ਦੁਕਾਨ ਬੰਦ ਰੱਖਣੀ ਪੈਣੀ ਸੀ। ਬਾਕੀ ਦਿਨਾਂ ਵਿਚ ਤਾਂ ਦੁਕਾਨ ਨੂੰ ਕੋਈ ਖਾਸ ਫਰਕ ਨਹੀਂ ਪੈਣਾ ਸੀ।

ਦੁਕਾਨ 'ਤੇ ਉਸ ਨੇ ਇਕ ਅੱਧਖੜ੍ਹ ਜਿਹੀ ਗੋਰੀ ਔਰਤ 'ਜੈਨਟ' ਨੂੰ ਕੰਮ 'ਤੇ ਰੱਖ ਲਿਆ ਸੀ। ਸਵੇਰੇ ਬੱਚਿਆਂ ਦੇ ਸਕੂਲ ਜਾਣ ਸਮੇ ਬੱਚੇ ਦੁਕਾਨ ਵਿਚ ਚੜਚੋਲੜ ਪਾਉਣ ਲਗਦੇ। ਸ਼ਾਮ ਨੂੰ ਚਾਰ ਕੁ ਵਜੇ ਵੀ ਅਜਿਹਾ ਹੀ ਹੁੰਦਾ। ਉਸ ਸਮੇਂ ਉਹ ਜੈਨਟ ਨੂੰ ਟਿੱਲ 'ਤੇ ਖੜ੍ਹਾ ਕਰਦਾ ਤੇ ਆਪ ਬੱਚਿਆਂ ਦਾ ਖਿਆਲ ਰਖਦਾ। ਚਾਰ ਵਜੇ ਬਾਅਦ ਉਹ ਚਲੀ ਜਾਂਦੀ।

ਇਕ ਦਿਨ ਸਵੇਰ ਦੇ ਨੌਂ ਕੁ ਵੱਜੇ ਸਨ। ਬਿਲਡਰ ਕੰਮ 'ਤੇ ਲੱਗੇ ਹੋਏ ਸਨ। ਨਾਜਰ ਟਿੱਲ 'ਤੇ ਖੜ੍ਹਾ ਸੀ ਤੇ ਜੈਨਟ ਸ਼ੈਲਫਾਂ 'ਤੇ ਸਮਾਨ ਟਿਕਾ ਰਹੀ ਸੀ। ਸ਼ੇਰੇ ਦਾ ਕਿਰਾਏਦਾਰ ਗੁਰਦੇਵ ਅਚਾਨਕ ਉਸ ਕੋਲ ਆ ਖੜ੍ਹ ਹੋਇਆ। ਗੁਰਦੇਵ ਰਾਤ ਦੀ ਸ਼ਿਫਟ ਕਰਦਾ ਸੀ ਤੇ ਸਵੇਰੇ ਆ ਕੇ ਸੌਂ ਜਾਂਦਾ। ਉਸ ਨੂੰ ਵੇਖ ਕੇ ਨਾਜਰ ਹੈਰਾਨ ਹੋਇਆ ਤੇ ਹੱਸ ਕੇ ਉਸ ਦੀ ਆਉ ਭਗਤ ਕੀਤੀ।

'ਆਹ ਤਾਰ ਆਈ ਐ। ਮੈ ਸੋਚਿਆ ਪੜ੍ਹਾ ਲਵਾਂ।'

'ਕੀਹਦੀ, ਤੇਰੀ ਐ?'

'ਪਤਾ ਨੀ ਡਾਕੀਆ ਫੜਾ ਗਿਆ ਤੇ ਮੈਂ ਐਥੇ ਲੈ ਆਇਆਂ।'

'ਲਗਦਾ ਸ਼ੇਰੇ ਦਾ ਟੱਬਰ ਆਇਆ ਸਮਝ।'

ਨਾਜਰ ਨੇ ਜੈਨਟ ਨੂੰ ਬੁਲਾਇਆ ਤੇ ਉਸ ਨੂੰ ਤਾਰ ਫੜਾ ਦਿੱਤੀ। ਤਾਰ ਪੜ੍ਹ ਕੇ

ਉਸ ਦਾ ਮੂੰਹ ਗੰਭੀਰ ਹੋ ਗਿਆ।

'ਹੂ ਇਜ਼ ਸਿੰਡਰ?'

'ਸ਼ੇਰਾ ਵਾਈਫ।' ਨਾਜਰ ਨੇ ਸਵਾਲੀਆਂ ਨਜ਼ਰਾਂ ਉਸ ਦੇ ਮੂੰਹ 'ਤੇ ਗੱਡ ਦਿੱਤੀਆਂ।

'ਆਏ ਐਮ ਸੌਰੀ, ਸ਼ੀ ਇਜ਼ ਨੋ ਮੋਰ।'

'ਨੋ ਮੋਰ!'

'ਡਾਈਡ--।' ਜੈਨਟ ਨੇ ਸਾਫ਼ ਜਵਾਬ ਦਿੱਤਾ।

'ਵੱਟ--।' ਨਾਜਰ ਦੇ ਮੂੰਹ ਤੋਂ ਹਵਾਈਆਂ ਉੱਡਣ ਲੱਗੀਆਂ। ਉਸ ਨੂੰ ਯਕੀਨ ਹੀ ਨਹੀਂ ਆ ਰਿਹਾ ਸੀ। ਉਹ ਗੁਰਦੇਵ ਨੂੰ ਲੈ ਕੇ ਪੌੜੀਆਂ ਚੜ੍ਹ ਗਿਆ।

'ਕੀ ਗੱਲ ਤੁਸੀਂ ਠੀਕ ਆਂ?' ਪ੍ਰੀਤੋ ਨੇ ਉਸ ਦੇ ਪੀਲੇ ਭੂਕ ਮੂੰਹ ਨੂੰ ਵੇਖਦਿਆਂ ਫਿਕਰ ਨਾਲ ਪੁੱਛਿਆ।

'ਗੱਲ ਤਾਂ ਮਾੜੀ ਹੋਗੀ। ਸ਼ਿੰਦਰ ਦੀ ਮੌਤ---।'

'ਹਾਏ ਮੈਂ ਮਰਜਾਂ। ਕੀ ਹੋਇਆ ਉਹਨੂੰ?'

'ਪਤਾ ਨੀ ਤਾਰ 'ਚ ਤਾਂ ਬੱਸ ਆਹੀ ਲਿਖਿਆ।'

'ਆਹ ਮੇਰਿਆ ਰੱਬਾ ਉਹਨੂੰ ਤਾਂ 'ਡੀਕੀ ਜਾਂਦੇ ਸੀ ਤੇ---।'

ਪ੍ਰੀਤੋ ਕਦੇ ਸ਼ਿੰਦਰ ਨੂੰ ਮਿਲੀ ਨਹੀਂ ਸੀ। ਪਰ ਸ਼ੇਰੇ ਨਾਲ ਘਰ ਵਾਲੀ ਗੱਲ ਸੀ। ਉਸ ਦਾ ਮੱਲੋ ਮੱਲੀ ਰੋਣ ਨਿਕਲ ਗਿਆ। ਗੁਰਦੇਵ ਵੀ ਅਫਸੋਸਿਆ ਬੈਠਾ ਸੀ।

'ਗੁਰਦੇਵ ਮੇਰੇ ਖਿਆਲ 'ਚ ਸ਼ੇਰੇ ਨੂੰ ਪੰਜਾਬ ਤਾਂ ਜਾਣਾ ਈ ਪਊ।'

'ਆਹੋ ਜੀ ਅਹੋ ਜੇ ਵੇਲੇ ਤਾਂ ਜਾਏ ਬਿਨਾਂ ਸਰਦਾ ਨੀ। ਊਂ ਆਹ ਤਾਂ ਜੱਗੋਂ ਤੇਰ੍ਹਵੀ ਹੋਗੀ।'

'ਆਪਾਂ ਆਏਂ ਕਰਦੇ ਆਂ ਉਹਦੀ ਸੀਟ ਬੁੱਕ ਕਰਾ ਦੇਈਏ। ਆਥਣ ਤੱਕ ਟਿਕਟ ਆਊ ਜੇ ਅੱਜ ਦੀ ਸੀਟ ਮਿਲ ਗੀ ਤਾਂ ਚੰਗੈ। ਸੀਟ ਬੁੱਕ ਕਰਾ ਕੇ ਈ ਮੈਂ ਉਹਨੂੰ ਕੰਮ ਤੋਂ ਲੈਣ ਜਾਊਂ।' ਨਾਜਰ ਨੇ ਸੋਚਦਿਆਂ ਕਿਹਾ।

'ਆਹੋ ਜੀ ਇਹੋ ਠੀਕ ਆ। ਤੁਸੀਂ ਵੀਰ ਜੀ ਨੂੰ ਕਿਹੋ ਬਈ ਸ਼ਿੰਦਰ ਬਮਾਰ ਐ ਤੇ ਹਸਪਤਾਲ ਦਾਖਲ ਐ। ਵਚਾਰੇ ਦਾ ਸਫਰ ਤਾਂ ਭੋਰਾ ਸੌਖਾ ਨਿਬੜ ਜੂ। ਨਹੀਂ ਤਾਂ--।' ਪ੍ਰੀਤੋ ਨੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦਿਆਂ ਕਿਹਾ।

'ਠੀਕ ਆ ਪ੍ਰੀਤੋ ਤੂੰ ਦਕਾਨ 'ਤੇ ਖਿਆਲ ਰੱਖੀਂ। ਮੈਂ ਚਲਦਾਂ।'

ਨਾਜਰ ਨੇ ਕਾਰ ਦੀਆਂ ਚਾਬੀਆਂ ਚੁੱਕੀਆਂ ਤੇ ਗੁਰਦੇਵ ਨੂੰ ਲੈ ਕੇ ਚਲਾ ਗਿਆ। ਗੁਰਦੇਵ ਨੂੰ ਉਸ ਨੇ ਘਰ ਛੱਡਿਆ ਤੇ ਆਪ ਬਰਾਡਵੇਅ 'ਤੇ ਸਥਿਤ ਏਜੰਟ ਕੋਲ ਜਾ ਕੇ ਟਿਕਟਾਂ ਬੁੱਕ ਕਰਵਾ ਦਿੱਤੀਆਂ। ਪੈਸੇ ਉਸ ਦੀ ਜੇਬ ਵਿਚ ਸਨ ਤੇ ਏਜੰਟ ਨੇ ਤਿੰਨ ਵਜੇ ਟਿਕਟਾਂ ਫੜ ਕੇ ਲੈ ਜਾਣ ਨੂੰ ਕਹਿ ਦਿੱਤਾ। ਸਾਢੇ ਛੇ ਵਜੇ ਦੀ ਫਲਾਈਟ ਸੀ। ਉਥੋਂ ਉਹ ਸ਼ੇਰੇ ਦੇ ਕੰਮ 'ਤੇ ਬੇਕਰੀ ਵਿਚ ਚਲਾ ਗਿਆ। ਉਹ ਆਪ ਉਥੇ ਕੰਮ ਕਰਦਾ ਰਿਹਾ

ਸੀ ਤੇ ਫੋਰਮੈਨ ਨੂੰ ਜਾਣਦਾ ਸੀ। ਦਫ਼ਤਰ ਵਿਚ ਜਾ ਕੇ ਉਸ ਨੇ ਰਿਸੈਪਸ਼ਨ ’ਤੇ ਬੈਠੀ ਕੁੜੀ ਨੂੰ ਸਾਰੀ ਗੱਲ ਦੱਸੀ ਤੇ ਫੋਰਮੈਨ ਨੂੰ ਮਿਲਣ ਲਈ ਕਿਹਾ। ਕੁੜੀ ਨੇ ਸਪੀਕਰ ਵਿਚ ਫੋਰਮੈਨ ਦਾ ਨਾਂ ਬੋਲ ਕੇ ਉਸ ਨੂੰ ਰਿਸੈਪਸ਼ਨ ’ਤੇ ਆਉਣ ਦੀ ਬੇਨਤੀ ਕੀਤੀ। ਕੁਝ ਮਿੰਟਾਂ ਵਿਚ ਹੀ ਫੋਰਮੈਨ ਆ ਗਿਆ ਤੇ ਨਾਜਰ ਨੂੰ ਵੇਖ ਕੇ ਖ਼ੁਸ਼ ਹੋ ਕੇ ਹੱਥ ਮਿਲਾਇਆ। ਨਾਜਰ ਨੇ ਉਸ ਨੂੰ ਸਾਰੀ ਗੱਲ ਦੱਸੀ ਤੇ ਸ਼ੇਰੇ ਦੇ ਇੰਡੀਆ ਜਾਣ ਬਾਰੇ ਵੀ ਦੱਸ ਦਿੱਤਾ। ਨਾਲ ਹੀ ਨਾਜਰ ਨੂੰ ਉਸ ਦੀ ਪਤਨੀ ਦੇ ਹਸਪਤਾਲ ਹੋਣ ਵਾਲੀ ਕਹਾਨੀ ਬਾਰੇ ਫੋਰਮੈਨ ਨੂੰ ਪੱਕਾ ਕਰ ਦਿੱਤਾ। ਫੋਰਮੈਨ ਪੰਦਰਾਂ ਕੁ ਮਿੰਟਾਂ ਵਿਚ ਸ਼ੇਰੇ ਨੂੰ ਸੱਦ ਲਿਆਇਆ। ਆਪਣਾ ਅਫ਼ਸੋਸ ਪ੍ਰਗਟ ਕਰਦਿਆਂ ਉਸ ਨੇ ਸ਼ੇਰੇ ਨੂੰ ਜਦ ਵੀ ਵਾਪਿਸ ਆਵੇ ਤਾਂ ਕੰਮ ਤੇ ਫਿਰ ਤੋਂ ਰੱਖਣ ਦੀ ਤਸੱਲੀ ਦਿੱਤੀ ਤੇ ਉਸ ਦੀ ਬਣਦੀ ਤਨਖਾਹ ਨਾਜਰ ਕੋਲ ਪਹੁੰਚਾ ਦੇਣ ਦਾ ਵਾਇਦਾ ਵੀ ਕਰ ਲਿਆ।

ਨਾਜਰ ਤੇ ਸ਼ੇਰੇ ਵਾਸਤੇ ਬਹੁਤ ਔਖਾ ਸਮਾਂ ਸੀ। ਨਾਜਰ ਨੂੰ ਸੱਚ ਲੁਕਾਉਣ ਲਈ ਬਹੁਤ ਖੇਚਲ ਕਰਨੀ ਪੈ ਰਹੀ ਸੀ। ਉਹ ਉਤੋਂ ਉਤੋਂ ‘ਮਹਾਰਾਜ ਭਲੀ ਕਰੂ’ ਦਾ ਗੁਣ ਗਾਣ ਕਰ ਰਿਹਾ ਸੀ ਜਦ ਕਿ ਉਸ ਨੂੰ ਪਤਾ ਸੀ ਭਾਣਾ ਤਾਂ ਵਰਤ ਚੁੱਕਾ ਸੀ। ਸਾਰਾ ਦਿਨ ਨਾਜਰ ਉਸ ਨਾਲ ਰਿਹਾ। ਉਸ ਦੀ ਤਿਆਰੀ ਕਰਾਉਂਦਾ ਰਿਹਾ। ਕਿਸੇ ਨੂੰ ਹੋਰ ਉਹਨਾਂ ਨੇ ਦੱਸਿਆ ਨਹੀਂ ਸੀ। ਨਾਜਰ ਨੇ ਗੁਰਦੇਵ ਨੂੰ ਚੁੱਪ ਰਹਿਣ ਲਈ ਪੱਕਾ ਕਰ ਦਿੱਤਾ ਸੀ। ਸਾਢੇ ਤਿੰਨ ਵਜੇ ਉਹਨਾਂ ਨੂੰ ਟਿਕਟ ਮਿਲ ਗਈ ਤੇ ਸਾਢੇ ਚਾਰ ਵਜਦੇ ਨੂੰ ਉਹ ਏਅਰਪੋਰਟ ਪਹੁੰਚ ਗਏ।

‘ਜਾ ਕੇ ਸ਼ਿੰਦਰ ਬਾਰੇ ਚਿੱਠੀ ਪਾਈਂ ਤੇ ਖਿਆਲ ਰੱਖੀਂ ਆਵਦਾ।’ ਨਾਜਰ ਨੇ ਉਸ ਨੂੰ ਜੱਫੀ ਪਾਈ ਤੇ ਘਰ ਨੂੰ ਆ ਗਿਆ।

ਸਕੌਟ ਨੇ ਹੁਣ ਤਕ ਬਣੀ ਰਿਪੋਰਟ ਪੜ੍ਹਦਿਆਂ ਸਮਾਂ ਵੇਖਿਆ। ਰਾਤ ਦੇ ਸਾਢੇ ਗਿਆਰਾਂ ਵੱਜ ਚੁੱਕੇ ਸਨ। ਸੌਣ ਤੋਂ ਪਹਿਲਾਂ ਉਹ ਈਮੇਲ ਚੈਕ ਕਰਨ ਲਈ ਮੇਜ਼ ’ਤੇ ਪਏ ਲੈਪਟੌਪ ਅੱਗੇ ਜਾ ਬੈਠਾ।

# 8

ਸਕੌਟ ਨੇ ਲੈਪਟੌਪ ਖੋਲ੍ਹਿਆ ਤੇ ਈਮੇਲ ਖੋਲ੍ਹ ਕੇ ਲੋੜ ਅਨੁਸਾਰ ਜਵਾਬ ਦੇ ਦਿੱਤੇ। ਉਹ ਉੱਠਣ ਹੀ ਲੱਗਾ ਸੀ ਕਿ ਉਸ ਨੂੰ ਟੋਨੀ ਦਾ ਖਿਆਲ ਆਇਆ। ਉਸ ਨੇ ਆਪਣੀ ਨਵੀਂ ਬਣਾਈ ਈਮੇਲ ਖੋਲ੍ਹੀ। ਇਸ ਦਾ ਐਡਰੈਸ ਤਾਂ ਸਿਰਫ ਟੋਨੀ ਕੋਲ ਹੀ ਸੀ। ਉਸ ਨੇ ਈਮੇਲ ਖੋਲ੍ਹੀ ਤਾਂ ਇਕ ਈਮੇਲ ਆਈ ਹੋਈ ਸੀਃ

--ਤੁਸੀਂ ਸਪੇਨ ਦੀ ਨੈਸ਼ਨਲ ਲਾਟਰੀ ਵੱਲੋਂ ਕੱਢੇ ਗਏ ਹੋਮ ਐਡਰੈਸ ਦੀ ਲਾਟਰੀ ਕਾਰਨ ਅੱਠ ਲੱਖ ਯੂਰੋ ਲਾਟਰੀ ਜਿੱਤ ਗਏ ਹੋ। ਇਸ ਪੈਸੇ ਨੂੰ ਕਲੇਮ ਕਰਨ ਲਈ ਕਲਿੱਕ ਕਰੋ—'ਕਲਿਕ ਕਰੋ' ਮੋਟੇ ਨੀਲੇ ਸ਼ਬਦਾਂ ਵਿਚ ਲਿਖਿਆ ਹੋਇਆ ਸੀ।

ਸਕੌਟ ਨੂੰ ਇਸ ਸਕੈਮ ਦਾ ਪਤਾ ਸੀ। ਇਹ ਨਵੇਂ ਜ਼ਮਾਨੇ ਦੇ ਨੌਸਰਬਾਜ਼ ਸਨ। ਪੁਲੀਸ ਕੋਲ ਵੀ ਕੁਝ ਕੇਸ ਆਏ ਸਨ। ਕੁਝ ਭੋਲੇ ਲੋਕ ਲਾਲਚ ਵਿਚ ਆ ਕੇ ਇਹਨਾਂ ਲੋਕਾਂ ਨਾਲ ਰਾਬਤਾ ਕਰ ਲੈਂਦੇ। ਉਹ ਪਹਿਲਾਂ ਉਹਨਾਂ ਦਾ ਵਿਸ਼ਵਾਸ਼ ਜਿੱਤਦੇ ਤੇ ਉਹਨਾਂ ਨੂੰ ਮਮੂਲੀ ਜਿਹੀ ਰਕਮ ਜਮ੍ਹਾਂ ਕਰਾਉਣ ਲਈ ਕਹਿੰਦੇ। ਅਗਲਾ ਭੱਜ ਕੇ ਦਿੱਤੇ ਅਕਾਊਂਟ ਵਿਚ ਪੈਸੇ ਜਮ੍ਹਾਂ ਕਰ ਆਉਂਦਾ। ਫਿਰ ਉਹ ਉਹਨਾਂ ਨੂੰ ਕਹਿੰਦੇ, ਕਿਉਂਕਿ ਇਹ ਸਪੇਨ ਦੀ ਲਾਟਰੀ ਹੈ ਇਸ ਲਈ ਇਸ ਦਾ ਟੈਕਸ ਪਹਿਲਾਂ ਤਾਰਨਾ ਹੋਵੇਗੇ। ਉਹ ਹਿਸਾਬ ਲਾ ਕੇ ਦਸਦੇ ਕਿ ਐਨੇ ਹਜ਼ਾਰ ਯੂਰੋ ਤੁਸੀਂ ਇਸ 'ਸਰਕਾਰੀ ਅਕਾਊਂਟ' ਵਿਚ ਪਾ ਦਿਉ 'ਤੇ ਤੁਹਾਨੂੰ ਚੈਕ ਉਸ ਵਕਤ ਹੀ ਪੋਸਟ ਕਰ ਦਿੱਤਾ ਜਾਵੇਗਾ। ਕਈ ਲੋਕ ਤਾਂ ਉਹਨਾਂ ਨੂੰ ਕਹਿ ਦਿੰਦੇ ਤੁਸੀਂ ਟੈਕਸ ਕੱਟ ਕੇ ਬਾਕੀ ਦੇ ਪੈਸੇ ਭੇਜ ਦਿਉ ਤਾਂ ਉਹ ਟੈਲੀਫ਼ੋਨ ਕੱਟ ਦਿੰਦੇ। ਕੋਈ ਕੋਈ ਉਹਨਾਂ 'ਤੇ ਯਕੀਨ ਕਰ ਲੈਂਦਾ ਤੇ ਆਪਣੀ ਜਮ੍ਹਾਂ ਪੂੰਜੀ ਵਿਚੋਂ ਜਾਂ ਕਿਸੇ ਤੋਂ ਉਧਾਰ ਲੈ ਕੇ ਪੈਸੇ ਉਹਨਾਂ ਦੇ ਦਿੱਤੇ ਅਕਾਊਂਟ ਵਿਚ ਪਾ ਦਿੰਦੇ। ਉਸ ਬਾਅਦ ਨਾ ਤਾਂ ਉਹ ਲੋਕ ਲਭਦੇ। ਪੈਸੇ ਤਾਂ ਆਉਣੇ ਹੀ ਕੀ ਸਨ। ਸਕੌਟ ਸੋਚ ਰਿਹਾ ਸੀ ਕਿਵੇਂ ਨਾ ਕਿਵੇਂ ਈ ਮੇਲ ਭੇਜਣ ਵਾਲੇ ਨੂੰ ਲੱਭਿਆ ਜਾਵੇ ਜਾਂ ਇਸ ਈਮੇਲ ਨੂੰ ਡਿਲੀਟ ਕਰ ਦਿੱਤਾ ਜਾਵੇ। ਇਸ ਵੇਲੇ ਉਸ ਦੇ ਫ਼ੋਨ 'ਤੇ ਕੋਈ ਸੁਨੇਹਾ ਆਇਆ ਤੇ ਸਕੌਟ ਨੇ ਫ਼ਨ ਚੁੱਕ ਕੇ ਵੇਖਿਆ। ਟੋਨੀ ਦਾ ਸੁਨੇਹਾ ਸੀ। ਉਸ ਨੇ ਸੁਨੇਹਾ ਪੜ੍ਹਿਆ—ਈ ਮੇਲ ਖੋਲ੍ਹੋ ਤੇ ਕਲਿਕ ਕਰੋ--।

ਸਕੌਟ ਨੇ ਫ਼ੋਨ ਨੂੰ ਉਪੱਰ ਨੀਚੇ ਕਰਕੇ ਵੇਖਿਆ। ਉਹ ਹੈਰਾਨ ਜਿਹਾ ਬੰਦ ਪਰਦਿਆਂ ਵੱਲ ਵੇਖਣ ਲੱਗਾ ਜਿਵੇਂ ਟੋਨੀ ਉਸ ਨੂੰ ਕਿਤੇ ਨੇੜੇ ਖੜ੍ਹਾ ਹੀ ਵੇਖ ਰਿਹਾ ਹੋਵੇ। ਟੋਨੀ ਤਾਂ ਉਥੇ ਕੀ ਹੋਣਾ ਸੀ। ਉਸ ਨੇ 'ਕਰਸਰ' ਨੂੰ ਕਲਿਕ ਕਰੋ 'ਤੇ ਦਬਾ ਦਿੱਤਾ।

ਤੁਹਾਡੀ ਉਮਰ ਅਠ੍ਹਾਰਾਂ ਸਾਲ ਤੋਂ ਵੱਧ ਹੋਣੀ ਚਾਹੀਦੀ ਹੈ ਇਸ ਲਈ ਆਪਣੀ ਜਨਮ ਤਰੀਕ ਭਰੋ ਤੇ ਕਲਿਕ ਕਰੋ।

ਹੈਰਾਨੀ ਤੇ ਖਿੱਝ ਨਾਲ ਸਕੌਟ ਨੇ ਅਜਿਹਾ ਹੀ ਕੀਤਾ। ਗੈਰੀ ਦੇ ਕੰਪਿਊਟਰ ਦੀਆਂ ਫਾਈਲਾਂ ਨੂੰ ਟੋਨੀ ਨੇ ਵੱਖੋ ਵੱਖ ਫੋਲਡਰ ਬਣਾ ਕੇ ਭੇਜਿਆ ਸੀ। ਇਹ ਕਾਫੀ ਵੱਡੀਆਂ ਫਾਈਲਾਂ ਸਨ। ਸਕੌਟ ਖੁਸ਼ ਹੋ ਗਿਆ ਤੇ ਉਹ ਸਕਰੀਨ ਵੱਲ ਵੇਖਦਾ ਰਿਹਾ।

ਹੁਣ ਉਸ ਨੂੰ ਸਮਝ ਲੱਗ ਰਹੀ ਸੀ ਟੋਨੀ ਨੇ ਜਾਣ-ਬੁਝ ਕੇ ਲਾਟਰੀ ਵਾਲੀ ਈਮੇਲ ਬਣਾ ਕੇ ਪਾਈ ਸੀ ਤਾਂ ਜੋ ਇਹ ਫਾਈਲਾਂ ਵੱਧ ਤੋਂ ਵੱਧ ਸੁਰੱਖਿਆ ਨਾਲ ਸਕੌਟ ਕੋਲ ਪਹੁੰਚ ਜਾਣ। ਟੋਨੀ ਦੀ ਸਿਆਣਪ ਅਤੇ ਜ਼ਿੰਮੇਵਰੀ ਦੀ ਮਨ ਹੀ ਮਨ ਉਸ ਨੇ ਸ਼ਲਾਘਾ ਕੀਤੀ ਤੇ ਫਾਈਲਾਂ ਨੂੰ ਬੰਦ ਕਰ ਦਿੱਤਾ। ਕੰਪਿਊਟਰ ਬੰਦ ਕਰਕੇ ਉਹ ਸੌਣ ਚਲਾ ਗਿਆ।

ਟੋਨੀ ਨੇ ਗੈਰੀ ਦੇ ਕੰਪਿਊਟਰ ਦੀ ਹਾਰਡ ਡਰਾਈਵ 'ਤੇ ਕੁਝ ਜ਼ਰੂਰੀ ਫਾਈਲਾਂ ਰਹਿਣ ਦਿੱਤੀਆਂ ਸਨ। ਉਸ ਨੇ ਕੰਪਿਊਟਰ ਖੋਲ੍ਹਣ ਦੀ ਵੀ ਕੁਝ ਸੌਖ ਕਰ ਦਿੱਤੀ ਸੀ। ਗੈਰੀ ਦੇ ਕੰਪਿਊਟਰ ਨੂੰ ਆਪਣੇ ਕੰਪਿਊਟਰ ਨਾਲ ਜੋੜ ਲਿਆ ਸੀ। ਹੁਣ ਜਿਹੜਾ ਵੀ ਗੈਰੀ ਦੇ ਕੰਪਿਊਟਰ ਤੋਂ ਕੋਈ ਵੀ ਫਾਈਲ ਆਪਣੇ ਕੰਪਿਊਟਰ 'ਤੇ ਭੇਜਣ ਦਾ ਯਤਨ ਕਰੇਗਾ ਤਾਂ ਉਸ ਦੀ ਸਾਰੀ ਜਾਣਕਾਰੀ ਪਹਿਲਾਂ ਟੋਨੀ ਦੇ ਕੰਪਿਊਟਰ ਵਿਚ ਰਿਕਾਰਡ ਹੋ ਜਾਣੀ ਸੀ ਤੇ ਟੋਨੀ ਉਸ ਕੰਪਿਊਟਰ ਤੋਂ ਜੋ ਵੀ ਚਾਹੇ ਜਾਣਕਾਰੀ ਪ੍ਰਾਪਤ ਕਰ ਸਕਦਾ ਸੀ। ਉਸ ਨੇ ਤਸੱਲੀ ਕੀਤੀ ਕਿ ਤੀਜੀ ਪਾਰਟੀ ਦਾ ਕੰਪਿਊਟਰ ਮਮੂਲੀ ਜਿਹਾ ਹੀ ਹੌਲੀ ਹੋਵੇਗਾ ਜਿਸ ਦਾ ਕਿਸੇ ਨੂੰ ਪਤਾ ਵੀ ਨਹੀਂ ਲੱਗਣਾ। ਪਰ ਉਸ ਨੇ ਇਹ ਸਭ ਕੁਝ ਸਕੌਟ ਤੋਂ ਗੁੱਪਤ ਰੱਖਿਆ ਸੀ।

ਅਜੇ ਸਕੌਟ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਐਨੀਆਂ ਫਾਈਲਾਂ ਨੂੰ ਇਕੱਲਾ ਤਾਂ ਪੜ੍ਹ ਹੀ ਨਹੀਂ ਸੀ ਸਕਦਾ। ਉਹ ਸੋਚ ਰਿਹਾ ਸੀ ਕਿ ਰਿਚਰਡ ਤੇ ਐਨਾ ਨੂੰ ਆਪ ਹੀ ਕੁਝ ਫਾਈਲਾਂ ਪੜ੍ਹਨ ਲਈ ਦੇਵੇ ਜਾਂ ਫਿਰ ਪਹਿਲਾਂ ਕਲਾਈਵ ਨਾਲ ਵਿਚਾਰ ਕਰੇ। ਆਖਰ ਕਲਾਈਵ ਉਸ ਦਾ ਬੌਸ ਸੀ ਤੇ ਵੈਸੇ ਵੀ ਉਸ ਨੇ ਹੀ ਟੋਨੀ ਦੀ ਇਸ ਕੰਮ ਲਈ ਸਿਫਾਰਸ਼ ਕੀਤੀ ਸੀ। ਸੋਚਦਿਆਂ ਪਤਾ ਨਹੀਂ ਕਦੋਂ ਉਸ ਨੂੰ ਨੀਂਦ ਆ ਗਈ। ਸਵੇਰੇ ਉਸ ਨੂੰ ਜਾਗ ਆਈ ਤਾਂ ਉਹ ਜਲਦੀ ਨਾਲ ਉੱਠ ਕੇ ਬਾਥ ਰੂਮ ਚਲਾ ਗਿਆ ਤੇ ਤਿਆਰ ਹੋਣ ਲੱਗਾ। ਨਾਸ਼ਤਾ ਕਰਕੇ ਉਸ ਨੇ ਬੱਚਿਆਂ ਨੂੰ ਕਾਰ ਵਿਚ ਬਿਠਾਇਆ ਤੇ ਸਕੂਲ ਛੱਡ ਕੇ ਕਲਾਈਵ ਦੇ ਦਫ਼ਤਰ ਨੂੰ ਗੱਡੀ ਸਿੱਧੀ ਕਰ ਦਿੱਤੀ।

ਉਹ ਕਲਾਈਵ ਦੇ ਦਫ਼ਤਰ ਵੱਲ ਨੂੰ ਮੁੜਨ ਹੀ ਲੱਗਿਆ ਸੀ ਅੱਗੋਂ ਉਸ ਨੂੰ ਟੋਨੀ ਮਿਲ ਗਿਆ। ਉਸ ਨੇ ਟੋਨੀ ਦਾ ਪਿਚਕੂ ਜਿਹਾ ਢਿੱਲੜ ਹੱਥ ਨਿੱਘ ਨਾਲ ਘੁੱਟਿਆ ਤੇ ਉਸ ਦਾ ਇਕ ਵਾਰ ਫਿਰ ਸ਼ੁਕਰੀਆ ਕੀਤਾ।

'ਮੈ ਕਲਾਈਵ ਨੂੰ ਮਿਲਣ ਚੱਲਿਆ ਸੀ।' ਸਕੌਟ ਨੇ ਕਿਹਾ ਤੇ ਉਸ ਦਾ ਹੱਥ ਛੱਡ ਦਿੱਤਾ।

'ਪਰ ਉਹ ਤਾਂ ਅਜੇ ਆਇਆ ਨਹੀਂ। ਆ ਜਾ ਮੇਰੇ ਦਫ਼ਤਰ ਵਿਚ ਬੈਠ ਜਾਹ।'

ਸਕੌਟ ਟੋਨੀ ਨਾਲ ਚੱਲ ਪਿਆ। ਅਚਾਨਕ ਉਸ ਨੂੰ ਇਕ ਖਿਆਲ ਆਇਆ ਤੇ

ਉਹ ਕੁਰਸੀ 'ਤੇ ਬੈਠਾ ਟੋਨੀ ਵੱਲ ਨੂੰ ਝੁਕਿਆ।

'ਭਲਾ ਗੈਰਜ ਦੀ ਡਿਜੀਟਲ ਚਾਬੀ ਨੂੰ ਕੋਈ 'ਕਲੋਨ' ਕਰ ਸਕਦਾ?'

'ਤੇਰਾ ਮਤਲਬ ਚਾਬੀ ਨੂੰ 'ਕਲੋਨ' ਕੀਤਾ ਜਾ ਸਕਦਾ।' ਟੋਨੀ ਨੇ ਉਸ ਨੂੰ ਦੁਹਰਾ ਕੇ ਪੁੱਛਿਆ।

'ਹਾਂ ਬਿਲਕੁਲ।'

'ਹਾਂ ਤਕਰੀਬਨ 30 ਸਕਿੰਟ ਲੱਗ ਸਕਦੇ ਐ।' ਟੋਨੀ ਨੇ ਨੀਝ ਨਾਲ ਉਸ ਵੱਲ ਵੇਖਦਿਆਂ ਮਹੀਨ ਜਿਹੀ ਮੁਸਕਾਣ ਨਾਲ ਜਵਾਬ ਦਿੱਤਾ।

ਸਕੌਟ ਹੈਰਾਨ ਜਿਹਾ ਹੋਇਆ ਬੈਠਾ ਸੀ। ਗੈਰੀ ਦੀ ਗੈਰਜ ਨੂੰ ਕਲੋਨ ਕੀਤੀ ਚਾਬੀ ਨਾਲ ਖੋਲ੍ਹਣ ਦਾ ਖਿਆਲ ਉਸ ਨੂੰ ਅਚਾਨਕ ਹੀ ਆਇਆ ਸੀ। ਨਵੀਂ ਟੈਕਨਾਲੋਜੀ ਨਾਲ ਕੀ ਕੁਝ ਕੀਤਾ ਜਾ ਸਕਦਾ ਹੈ, ਆਮ ਆਦਮੀ ਦੀ ਕਲਪਨਾ ਤੋਂ ਬਾਹਰ ਦੀ ਗੱਲ ਲੱਗੀ। ਸਕੌਟ ਨੂੰ ਵੀ ਕੰਪਿਊਟਰ ਦੀ ਮੁਢਲੀ ਜਿਹੀ ਕੰਮ ਚਲਾਊ ਜਾਣਕਾਰੀ ਸੀ।

'ਮੈਨੂੰ ਸਮਝਾ।'

'ਦੇਖ ਇਹ ਹਰ ਕਿਸੇ ਦੇ ਵੱਸ ਦਾ ਰੋਗ ਨੀ। ਇਸ ਲਈ ਇਕ ਖਾਸ ਜੰਤਰ ਚਾਹੀਦਾ ਹੈ ਜੋ ਆਮ ਨਹੀਂ ਮਿਲਦਾ। ਅਜੇ ਨੀ ਮਿਲਦਾ, ਕਹਿ ਲਵੋ। ਜਦੋਂ ਕੋਈ ਆਪਣੀ ਚਾਬੀ ਨਾਲ ਗੈਰਜ ਖੋਲ੍ਹਦਾ ਤਾਂ ਉਹ ਜੰਤਰ ਉਸ ਦੇ ਕੋਡ ਨੂੰ ਆਪਣੀ ਮੈਮੋਰੀ 'ਚ ਕੈਦ ਕਰ ਲੈਂਦਾ। ਬੱਸ ਹੁਣ ਜੋ ਕੰਮ ਉਹ ਡਿਜੀਟਲ ਚਾਬੀ ਕਰਦੀ ਐ ਉਹੋ ਕੰਮ ਹੀ ਇਸ ਜੰਤਰ ਨਾਲ ਤੁਸੀਂ ਕਰ ਸਕਦੇ ਹੋ ਜਾਂ ਇਹ ਸਾਰਾ ਡੇਟਾ ਕਿਸੇ ਹੋਰ ਚਾਬੀ ਵਿਚ ਭਰ ਸਕਦੇ ਹੋ ਤੇ ਉਸ ਨਾਲ ਗੈਰਜ ਖੋਲ੍ਹ ਲਵੋ।'

ਹੁਣ ਸਕੌਟ ਨੂੰ ਗੈਰੀ ਦੇ ਘਰ ਅੰਦਰ ਦਾਖਲ ਹੋਣ ਲਈ ਵਰਤੇ ਗਏ ਸੰਭਵ ਢੰਗ ਤਰੀਕੇ ਦਾ ਤਕਰੀਬਨ ਪਤਾ ਲੱਗ ਗਿਆ ਸੀ। ਉਸ ਨੂੰ ਯਕੀਨ ਸੀ ਜਿਹੜੇ ਲੋਕ ਉਸ ਦਾ ਕੰਪਿਊਟਰ ਚੋਰੀ ਕਰਕੇ ਉਸ ਵਿਚੋਂ ਕੁਝ ਲਭਣ ਦਾ ਯਤਨ ਕਰ ਸਕਦੇ ਹਨ ਉਹਨਾਂ ਲਈ ਗੈਰਜ ਦੀ ਚਾਬੀ ਨੂੰ ਕਲੋਨ ਕਰਨਾ ਕੋਈ ਵੱਡੀ ਗੱਲ ਨਹੀਂ। ਉਹ ਜਿਵੇਂ ਜਿਵੇਂ ਇਸ ਬਾਰੇ ਸੋਚਦਾ ਗਿਆ ਉਸ ਨੂੰ ਕਾਤਲ ਦੇ ਘਰ ਵਿਚ ਇਸ ਢੰਗ ਨਾਲ ਦਾਖਲ ਹੋਣ ਦਾ ਵਿਸ਼ਵਾਸ਼ ਹੁੰਦਾ ਗਿਆ।

ਕਲਾਈਵ ਅਜੇ ਆਇਆ ਨਹੀਂ ਸੀ ਤੇ ਉਸ ਨੇ ਉਸ ਦੇ ਟੈਲੀਫ਼ੋਨ 'ਤੇ ਸੁਨੇਹਾ ਛੱਡ ਦਿੱਤਾ ਤੇ ਫ਼ੋਨ ਕਰਨ ਦੀ ਬੇਨਤੀ ਕੀਤੀ।

ਕਾਰ ਵਿਚ ਬੈਠ ਕੇ ਉਸ ਨੇ ਰਿਚਰਡ 'ਤੇ ਐਨਾ ਨੂੰ ਫ਼ੋਨ ਕਰਕੇ ਮੀਟਿੰਗ ਦਾ ਸਮਾਂ ਨਿਯੁਕਤ ਕੀਤਾ। ਕਲਾਈਵ ਦਾ ਫ਼ੋਨ ਆਇਆ ਤਾਂ ਉਸ ਨੇ 'ਗੈਰੀ ਕੇਸ' ਦੇ ਅਗਲੇ ਚੁੱਕੇ ਜਾਣ ਵਾਲੇ ਕਦਮਾਂ ਦੀ ਚਰਚਾ ਕੀਤੀ।

***

ਬਾਥ ਰੋਡ ’ਤੇ ਹੀਥਰੋ ਏਅਰਪੋਰਟ ਦੇ ਨੇੜੇ ‘ਸਟਾਰਬਕਸ’ ਕੌਫੀ ਹਾਊਸ ਸਕੌਟ ਦਿੱਤੇ ਸਮੇਂ ਤੋਂ ਕੁਝ ਮਿੰਟ ਪਹਿਲਾਂ ਪਹੁੰਚ ਗਿਆ। ਸਕੌਟ ਨੂੰ ਏਅਰਪੋਰਟ ’ਤੇ ਉਤਰਦੇ ਜਹਾਜ਼ ਵੇਖਣ ਦਾ ਸ਼ੌਂਕ ਸੀ। ਉਸ ਨੇ ਬਲੈਕ ਕੌਫੀ ਦਾ ਕੱਪ ਲਿਆ ’ਤੇ ਏਅਰਪੋਰਟ ਵਾਲੀ ਸਾਈਡ ’ਤੇ ਸ਼ੀਸ਼ੇ ਕੋਲ ਬੈਠ ਗਿਆ। ਉਹ ਮਿੰਟ ਮਿੰਟ ਬਾਅਦ ਪੰਛੀਆਂ ਵਾਂਗ ਉਤਰਦੇ ਜਹਾਜ਼ਾਂ ਨੂੰ ਵੇਖਣ ਵਿਚ ਗੁਆਚ ਗਿਆ। ਜਦੋਂ ਹੀ ਜਹਾਜ਼ ਦੇ ਪਹੀਏ ਧਰਤੀ ਨੂੰ ਲਗਦੇ ਤਾਂ ਜਹਾਜ਼ ਬਹੁਤ ਤੇਜ਼ ਰਫ਼ਤਾਰ ਦੌੜਦਾ। ਉਦੋਂ ਤੱਕ ਨਵਾਂ ਜਹਾਜ਼ ਉਤਰਣ ਦੀ ਤਿਆਰੀ ਕਰ ਰਿਹਾ ਹੁੰਦਾ। ਜਹਾਜ਼ਾਂ ਦੀਆਂ ਕੰਪਨੀਆਂ ਦੇ ਵੱਖੋ ਵੱਖ ਲੋਗੋ ਵੇਖ ਕੇ ਉਹ ਕੰਪਨੀ ਦਾ ਅੰਦਾਜ਼ਾ ਲਗਾ ਲੈਂਦਾ। ਕੁਝ ਲੋਕ ਉਤਰਦੇ ਜਹਾਜ਼ਾਂ ਦੀਆਂ ਫੋਟੋ ਖਿੱਚਦੇ ’ਤੇ ਕੁਝ ਫਿਲਮਾਂ ਬਣਾ ਰਹੇ ਸਨ। ਕਿਸੇ ਦਾ ਨਰਮ ਹੱਥ ਉਸ ਦੇ ਮੋਢੇ ’ਤੇ ਆ ਟਿਕਿਆ। ਇਹ ਐਨਾ ਸੀ। ਸੁਹਣੀ, ਲੰਮੀ, ਪਤਲੀ, ਤਿੱਖੇ ਨਕਸ਼ਾਂ ਵਾਲੀ ਤੇ ਨੀਲੀਆਂ ਅੱਖਾਂ ਨਾਲ ਕਿਸੇ ਦੇ ਵੀ ਅੰਦਰ ਉੱਤਰ ਜਾਣ ਵਾਲੀ। ਸਕੌਟ ਨੇ ਉੱਠ ਕੇ ਉਸ ਦੀ ਗੱਲ੍ਹ ਨੂੰ ਚੁੰਮਿਆ ’ਤੇ ਉਹ ਉਸ ਦੇ ਸਾਹਮਣੇ ਵਾਲੀ ਕੁਰਸੀ ’ਤੇ ਬੈਠ ਗਈ। ਰਿਚਰਡ ਚਾਹ ਲੈ ਕੇ ਆ ਰਿਹਾ ਸੀ।

ਸਕੌਟ ਨੇ ਏਅਰਪੋਰਟ ਵੱਲ ਆਪਣੀ ਪਿੱਠ ਕਰ ਲਈ। ਨਹੀਂ ਤਾਂ ਉਸ ਦਾ ਧਿਆਨ ਜਹਾਜ਼ਾਂ ਨੇ ਖਿੱਚੀ ਰੱਖਣਾ ਸੀ।

‘ਕੀ ਰਿਪੋਰਟ ਐ?’

‘ਅਸੀਂ ਕੰਪਨੀ ਦੇ ਤਕਰੀਬਨ ਸਾਰੇ ਹੀ ਸਟੋਰਾਂ ’ਤੇ ਗਏ ਹਾਂ। ਵਰਕਰਾਂ ਨਾਲ ਵੀ ਗੱਲਾਂ ਕੀਤੀਆਂ ਤੇ ਆਮ ਲੋਕਾਂ ਨਾਲ ਵੀ। ਸਾਰੇ ਹੀ ਤਸੱਲੀਬਖਸ਼ ਜਵਾਬ ਦਿੰਦੇ ਰਹੇ ਹਨ। ਬਹੁਤੇ ਵਰਕਰਾਂ ਦਾ ਕੰਪਨੀ ਵਿਚ ਕੁਝ ਨਾ ਕੁਝ ਹਿੱਸਾ ਹੈ ਤੇ ਸਲਾਨਾ ਕੁਝ ਨਾ ਕੁਝ ਉਹਨਾਂ ਨੂੰ ਆਮਦਨ ਦਾ ਹਿੱਸਾ ਮਿਲਦਾ ਰਹਿੰਦਾ ਹੈ। ਡਾਇਰੈਕਟਰਾਂ ਨਾਲ ਵੀ ਲੰਮੀ ਚੌੜੀ ਗੱਲ ਬਾਤ ਹੋਈ। ਕਿਧਰੇ ਵੀ ਕੋਈ ਸ਼ੱਕੀ ਗੱਲ ਨਹੀਂ ਲਗਦੀ--।’ ਰਿਚਰਡ ਨੇ ਕਿਹਾ।

‘ਕੁਝ ਦੇਰ ਪਹਿਲਾਂ ਗੈਰੀ ਨੇ ਇਕ ਪੁਰਾਣੀ ਫੈਕਟਰੀ ਖਰੀਦੀ ਸੀ ਜਿਥੇ ਉਹ ਨਵੇਂ ਫਲੈਟ ਬਣਾਉਣ ਬਾਰੇ ਸੋਚ ਰਹੇ ਸਨ। ਇਸ ਬਾਰੇ ਕੰਪਨੀ ਦਾ ਸਮੁੱਚਾ ਫੈਸਲਾ ਸੀ। ਇਕ ਹੋਰ ਕੰਪਨੀ ਵੀ ਉਸ ਫੈਕਟਰੀ ਪਿੱਛੇ ਲੱਗੀ ਹੋਈ ਸੀ। ਪਰ ਉਹ ਅਸਫਲ ਰਹੀ।’ ਐਨਾ ਨੇ ਵਾਧਾ ਕੀਤਾ।

‘ਉਸ ਕੰਪਨੀ ਦਾ ਨਾਂ?’ ਸਕੌਟ ਨੇ ਦਿਲਚਸਪੀ ਨਾਲ ਪੁੱਛਿਆ।

‘ਬਲੂ ਸਟਾਰ ਕੰਸਟਰਕਸ਼ਨਜ਼’ ਪਰ ਉਸ ਦਾ ਗੈਰੀ ਦੇ ਕਤਲ ਨਾਲ ਤਾਂ ਕੋਈ ਸਬੰਧ ਨਹੀਂ ਹੋ ਸਕਦਾ—ਮੇਰੇ ਖਿਆਲ ’ਚ।’

‘ਰਿਚਰਡ ਤੇਰੀ ਗੱਲ ਠੀਕ ਐ, ਲਗਦਾ ਨਹੀਂ। ਪਰ ਫਿਰ ਵੀ ਬਿਨਾਂ ਜਾਂਚ ਤੋਂ ਕੁਝ ਕਿਹਾ ਵੀ ਨਹੀਂ ਜਾ ਸਕਦਾ। ਹੋ ਸਕਦਾ ਕੋਈ ਵਿਅੱਕਤੀ ਵਿਸ਼ੇਸ਼ ਗੈਰੀ ਦੇ ਕਤਲ

ਵਿਚ ਦਿਲਚਸਪੀ ਲੈ ਰਿਹਾ ਹੋਵੇ, ਕੰਪਨੀ ਨੂੰ ਇਸ ਦਾ ਪਤਾ ਹੀ ਨਾ ਹੋਵੇ--।'

ਗੱਲਾਂ ਹੁੰਦੀਆਂ ਰਹੀਆਂ। ਅਜੇ ਵੀ ਹਵਾ ਵਿਚ ਤਲਵਾਰਾਂ ਮਾਰਨ ਵਾਲੀ ਗੱਲ ਸੀ। ਕੋਈ ਨਿਰਣਾਇਕ ਦਿਸ਼ਾ ਨਹੀਂ ਸੀ ਮਿਲ ਰਹੀ।

'ਕੁਝ ਗੈਰੀ ਦੇ ਕੰਪਿਊਟਰ ਵਿਚੋਂ ਫਾਇਲਾਂ ਮੈਨੂੰ ਮਿਲੀਆਂ ਹਨ। ਤੁਸੀਂ ਆਪਣੀ ਨਵੀਂ ਨਿੱਜੀ ਈਮੇਲ ਆਈ ਡੀ ਬਣਾਉ ਤੇ ਉਸ ਦਾ ਮੇਰੇ ਬਿਨਾਂ ਕਿਸੇ ਹੋਰ ਨੂੰ ਪਤਾ ਨਾ ਹੋਵੇ। ਮੈਂ ਉਸ 'ਤੇ ਕੁਝ ਫਾਈਲਾਂ ਭੇਜਾਂਗਾ ਤੇ ਤੁਸੀਂ ਉਹਨਾਂ ਦੀ ਜਾਂਚ ਪੜਤਾਲ ਕਰਨੀ ਹੈ। ਕੁਝ ਫਾਇਲਾਂ ਮੇਰੇ ਕੋਲ ਹੋਣਗੀਆਂ ਜੇ ਕੋਈ ਵੀ ਇਸ਼ਾਰਾ ਮਿਲਦਾ ਹੈ ਤਾਂ ਫੌਰਨ ਮੈਨੂੰ ਟੈਲੀਫ਼ੋਨ ਕਰੋ--।'

ਘੰਟੇ ਕੁ ਦੀ ਗੱਲ-ਬਾਤ ਬਾਅਦ ਸਕੌਟ ਨੇ ਫਿਰ ਆਪਣੀ ਕੁਰਸੀ ਜਹਾਜ਼ਾਂ ਨੂੰ ਵੇਖਣ ਲਈ ਬਦਲ ਲਈ ਤੇ ਉਹ ਆਮ ਗੱਲਾਂ ਕਰਨ ਲੱਗੇ।

# 9

ਨਾਜਰ ਨੇ ਦੁਕਾਨ ਵੱਡੀ ਕਰਕੇ ਖੋਲ੍ਹ ਲਈ ਸੀ। ਗਾਹਕ ਵੀ ਹੁਣ ਜ਼ਿਆਦਾ ਆਉਣ ਲੱਗੇ ਸਨ। ਕਦੀ ਕਦੀ ਕੋਈ ਨਵਾਂ ਚਿਹਰਾ ਵੀ ਆ ਜਾਂਦਾ। ਬਹੁਤੀ ਵਾਰ ਨਵੇਂ ਚਿਹਰੇ ਪੰਜਾਬੀ ਲੋਕ ਹੀ ਹੁੰਦੇ। ਇਕ ਦਿਨ ਦੁਕਾਨ ਵਿਚ ਉਹ ਪ੍ਰੀਤੋ ਨਾਲ ਗੱਲਾਂ ਮਾਰ ਰਿਹਾ ਸੀ ਤਾਂ ਇਕ ਬੰਦਾ ਆਇਆ ਤੇ ਉਸ ਨੇ ਆਉਂਦੇ ਨੇ ਹੀ ਫਤਹਿ ਬੁਲਾਈ।

'ਮੇਰਾ ਨਾਂ ਐ ਮਾਸਟਰ ਅਤਰ ਸਿੰਘ ਤੇ ਮੈਂ ਬਰਨਜ਼ ਐਵੀਨਿਊ 'ਤੇ ਰਹਿਣ ਲੱਗਿਆਂ। ਮੈਨੂੰ ਅਖ਼ਬਾਰ ਪੜ੍ਹਨ ਦੀ ਬਿਮਾਰੀ ਐ। ਮੈਂ ਆਵਾਂ ਜਾਂ ਨਾ ਆਵਾਂ ਮੇਰਾ 'ਟਾਈਮਜ਼' ਅਖ਼ਬਾਰ ਤੁਸੀਂ ਰੱਖ ਲਿਆ ਕਰੋ, ਪਲੀਜ਼।' ਉਸ ਨੇ ਮੁਸਕਰਾਉਂਦਿਆਂ ਕਿਹਾ।

'ਮਸ਼ਟਰ ਦੁਕਾਨ ਈ ਥੋਡੀ ਆ ਜੀ। ਕੋਈ ਫਿਕਰ ਨੀ। ਹੋਰ ਹੁਕਮ ਕਰੋ।' ਨਾਜਰ ਨੇ ਦੁਕਾਨਦਾਰਾਂ ਵਾਲੀ ਆਉ ਭਗਤ ਕੀਤੀ।

'ਬੱਸ ਜੀ ਮਿਹਰਬਾਨੀ।' ਕਹਿ ਕੇ ਉਹ ਦੁਕਾਨ ਵਿਚ ਚੱਕਰ ਲਾਉਣ ਲੱਗਿਆ ਤੇ ਦੁੱਧ, ਬਰੈਡ, ਅੰਡੇ ਲੈ ਕੇ ਕਾਂਊਟਰ 'ਤੇ ਆ ਗਿਆ।

ਕੁਝ ਦਿਨਾਂ ਵਿਚ ਅਤਰ ਸਿੰਘ ਨਾਲ ਉਸ ਦੀ ਸਾਂਝ ਚੰਗੀ ਗੂੜ੍ਹੀ ਬਣ ਗਈ ਤੇ ਇਕ ਦਿਨ ਉਹ ਨੋਰਥ ਰੋਡ 'ਤੇ ਸਥਿਤ ਪੱਬ ਵਿਚ ਬੀਅਰ ਪੀਣ ਲਈ ਚਲੇ ਗਏ। ਉਥੇ ਉਸ ਨੂੰ ਆਸਿਫ ਆਪਣੇ ਇਕ ਹੋਰ ਦੋਸਤ ਨਾਲ ਬੈਠਾ ਮਿਲਿਆ।

'ਆਹ ਤਾਂ ਆਸਿਫ ਜੀ ਕਮਾਲ ਹੋਗੀ। ਤੁਸੀਂ ਕਿਵੇਂ ਧਰਮ ਭ੍ਰਿਸ਼ਟ ਕਰਨ ਆਗੇ?' ਨਾਜਰ ਨੇ ਗਰਮਜੋਸ਼ੀ ਨਾਲ ਹੱਥ ਮਿਲਾਉਂਦਿਆਂ ਕਿਹਾ।

'ਨਹੀਂ ਭਾਈ ਇਹੋ ਜੀ ਕੋਈ ਗੱਲ ਨੀ। ਮੈਂ ਤਾਂ 'ਹਠੂਰ' ਆਵਦੇ ਦੋਸਤਾਂ ਨਾਲ ਵੀ ਕਦੇ ਕਦੇ ਦਾਰੂ ਚੱਖ ਲੈਂਦਾ ਸੀ। ਦੋ ਕੁ ਵਾਰ ਮੇਰੇ ਅੱਬਾ ਨੇ ਮੈਨੂੰ ਫੈਂਟਾ ਵੀ ਚਾੜ੍ਹਿਆ। ਐਧਰ ਨਵੇਂ ਸਾਊਥਾਲ ਵੱਲ ਪਾਕਿਸਤਾਨੀ ਘੱਟ ਐ ਤੇ ਅਸੀਂ ਏਥੇ ਆ ਜਾਈਦਾ ਕਦੇ ਕਦੇ।' ਅਸਿਫ ਵੀ ਉਸ ਨੂੰ ਮਿਲ ਕੇ ਖੁਸ਼ ਹੋਇਆ।

ਨਾਜਰ ਨੇ ਅਤਰ ਸਿੰਘ ਨੂੰ ਅਸਿਫ ਦੀ ਕੀਤੀ ਮਦਦ ਦੀ ਕਹਾਣੀ ਸੁਣਾਈ ਤੇ ਅਤਰ ਸਿੰਘ ਨੇ ਵੀ ਵਾਹ ਵਾਹ ਕਹਿ ਕੇ ਉਸ ਦਾ ਮਾਣ ਕੀਤਾ।

'ਭਾਈ ਆਪਣਾ ਸਭਿਆਚਾਰ ਤਾਂ ਇਕੋ ਈ ਐ। ਇਹ ਤਾਂ ਧਾਰਮਕ ਤੇ ਸਿਆਸੀ ਲੀਡਰ ਈ ਸਾਨੂੰ ਲੜਾਈ ਗਏ ਐ ਤੇ ਅੱਗੇ ਤੋਂ ਵੀ ਇਹਨਾਂ ਨੇ ਲੜਾਈ ਜਾਣਾ। ਲੋਕ ਭੋਲੇ ਹੁੰਦੇ ਐ ਤੇ ਇਹਨਾਂ ਪਿੱਛੇ ਲੱਗ ਜਾਂਦੇ ਐ। ਇਹ ਸਟੇਜਾਂ 'ਤੇ ਚੜ੍ਹ ਕੇ ਹੰਝੂ ਵੀ ਵਹਾ ਸਕਦੇ ਐ ਤੇ ਮੌਕੇ ਅਨੁਸਾਰ ਉਹਨਾਂ ਅੱਖਾਂ ਵਿਚੋਂ ਹੀ ਅੱਗ ਦੇ ਅੰਗਿਆਰੇ ਵੀ ਕੱਢ ਸਕਦੇ ਐ।'

'ਸਹੀ ਗੱਲ ਐ ਮਾਸਟਰ ਜੀ।' ਆਸਿਫ ਵੀ ਸਹਿਮਤ ਸੀ।

'ਸੰਸਾਰ ਜੰਗ ਬਾਅਦ ਸਾਰੀ ਦੁਨੀਆਂ ਦੇ ਹਾਲਾਤ ਬਦਲਗੇ। ਬ੍ਰਿਟੇਨ ਦੀਆਂ ਕਲੋਨੀਆਂ ਖੁੱਸੀ ਜਾਂਦੀਆਂ, ਤਕਰੀਬਨ ਖੁੱਸ ਈ ਗਈਆਂ। ਪੂਰਬੀ ਯੂਰਪ ਨੂੰ ਰੂਸ(ਸੋਵੀਅਤ ਯੂਨੀਅਨ) ਨੇ ਕੰਟਰੋਲ ਕਰ ਲਿਆ ਤੇ ਪੱਛਮੀ ਯੂਰਪ ਨੂੰ ਅਮਰੀਕਾ ਨੇ ਬਹੁਤ ਖਰਚ ਕਰਕੇ ਆਵਦੇ ਖੇਮੇ ਵਿਚ ਰੱਖਣ ਦਾ ਯਤਨ ਕੀਤਾ।'

'ਪਰ ਅਮਰੀਕਾ ਨੂੰ ਕੀ ਲੋੜ ਸੀ ਯੂਰਪ 'ਚ ਪੈਸਾ ਖਰਚਣ ਦੀ?' ਆਸਿਫ ਨੇ ਸਵਾਲ ਕੀਤਾ।

'ਆਸਿਫ ਜੀ। ਰੂਸ ਐ ਸੋਸ਼ਲਿਸਟ ਕੰਟਰੀ। ਦੂਜੀ ਜੰਗ ਨੇ ਯੂਰਪ ਨੂੰ ਆਰਥਕ ਪੱਖੋਂ ਖੋਖਲਾ ਕਰਤਾ। ਲੋਕਾਂ ਨੂੰ ਖਬਰਾਂ ਮਿਲਦੀਆਂ ਬਈ ਰੂਸ ਵਿਚ ਕੋਈ ਬੇਰੁਜ਼ਗਾਰੀ ਨੀ, ਸਕੂਲ ਮੁਫ਼ਤ, ਹਸਪਤਾਲ 'ਚ ਇਲਾਜ ਮੁਫ਼ਤ, ਰਹਿਣ ਨੂੰ ਮਕਾਨ ਜਾਣੀ ਮੁਢਲੀਆਂ ਲੋੜਾਂ ਹਰ ਕਿਸੇ ਦੀਆਂ ਪੂਰੀਆਂ ਹੁੰਦੀਆਂ। ਲੋਕਾਂ ਦਾ ਝੁਕਾਅ ਸੋਸ਼ਲਿਜ਼ਮ ਵੱਲ ਨੂੰ ਨਾ ਹੋ ਜਾਵੇ ਤਾਂ ਅਮਰੀਕਾ ਨੇ ਪੱਛਮੀ ਯੂਰਪ ਨੂੰ ਮਾਲੀ ਮਦਦ ਦਿੱਤੀ। ਸ਼ਰਤਾਂ ਤਾਂ ਹੋਣਗੀਆਂ ਈ। ਤਾਂ ਈ ਤਾਂ ਬ੍ਰਿਟੇਨ ਦੀ ਸਰਕਾਰ ਨੇ ਜੰਗ ਬਾਅਦ ਨੈਸ਼ਨਲ ਹੈਲਥ ਸਰਵਿਸ ਦੀ ਸਥਾਪਨਾ ਕੀਤੀ। ਬੇਰੁਜ਼ਗਾਰੀ ਭੱਤੇ ਬਗੈਰਾ ਸ਼ੁਰੂ ਕੀਤੇ ਤੇ ਏਵੇਂ ਈ ਦੂਜੇ ਪੱਛਮੀ ਯੂਰਪ ਦੇ ਮੁਲਕਾਂ ਨੇ ਕੀਤਾ। ਨਾਲ ਈ ਰੂਸ ਖਿਲਾਫ ਪ੍ਰਚਾਰ ਵੀ ਦੱਬ ਕੇ ਕੀਤਾ। ਉਥੇ ਲੋਕਾਂ ਦੇ ਮੌਲਿਕ ਹੱਕ ਈ ਕੋਈ ਨੀ, ਸਟਾਲਨ ਨੇ ਕਰੋੜਾਂ ਵਿਰੋਧੀਆਂ ਨੂੰ ਤਸੀਹੇ ਦੇ ਕੇ ਮਾਰਤਾ, ਵਗੈਰਾ। ਲੋਕਾਂ ਦੇ ਦਿਲਾਂ ਵਿਚ ਸੋਸ਼ਲਿਜ਼ਮ ਪ੍ਰਤੀ ਨਫਰਤ ਭਰਨ ਦਾ ਪੂਰਾ ਯਤਨ ਕੀਤਾ।'

'ਪਰ ਮਾਸਟਰ ਜੀ ਸੁਣਿਆ ਸਟਾਲਨ ਨੇ ਵਿਰੋਧੀ ਤਾਂ ਮਾਰੇ ਈ ਆ।' ਆਸਿਫ ਦੇ ਨਾਲ ਆਇਆ ਭਾਈਬੰਦ ਬੋਲਿਆ।

'ਜ਼ਰੂਰ ਮਾਰੇ ਹੋ ਸਕਦੇ ਐ। ਪਰ ਤੁਸੀਂ ਦੇਖੋ ਸਰਮਾਏਦਾਰੀ ਨੇ ਕਿੰਨੇ ਬੰਦੇ ਮਾਰੇ ਐ? ਇੰਡੀਆ ਵਿਚ ਕਾਲ ਪਿਆ ਤਾਂ ਸਰਕਾਰ ਨੇ ਅਨਾਜ ਬ੍ਰਿਟੇਨ ਨੂੰ ਭੇਜਣ ਦੀ ਪਹਿਲ ਕੀਤੀ। ਅਨਾਜ ਪੈਦਾ ਕਰਨ ਵਾਲੇ ਭਾਰਤ ਦੇ ਕਰੋੜਾਂ ਲੋਕ ਭੁੱਖ ਨਾਲ ਮਰ ਗਏ। ਹੋਰ ਇਹੋ ਜੀਆਂ ਬਥੇਰੀਆਂ ਉਦਾਰਹਣਾਂ ਮਿਲ ਜਾਣਗੀਆਂ। ਦੋਵੇਂ ਸੰਸਾਰ ਜੰਗਾਂ ਦੀ ਜ਼ਿੰਮੇਵਾਰ ਵੀ ਸਰਮਾਏਦਾਰੀ ਐ। ਆਵਦੀਆਂ ਮੰਡੀਆਂ ਖਾਤਰ ਕਰੋੜਾਂ ਗਰੀਬਾਂ ਨੂੰ ਬਿਗਾਨੇ ਦੇਸ਼ਾਂ ਦੀਆਂ ਧਰਤੀਆਂ 'ਤੇ ਮਰਨ ਲਈ ਮਜਬੂਰ ਕੀਤਾ। ਬ੍ਰਿਟੇਨ ਨੇ ਆਵਦੀਆਂ ਬਸਤੀਆਂ ਨੂੰ ਕਾਬੂ ਵਿਚ ਰੱਖਣ ਲਈ ਕਿੰਨੇ ਬੰਦੇ ਮਾਰੇ ਕਦੇ ਕਿਸੇ ਨੇ ਹਿਸਾਬ ਨੀ ਦਿੱਤਾ।' ਅਤਰ ਸਿੰਘ ਕੁਝ ਕੁ ਜੋਸ਼ ਨਾਲ ਬੋਲ ਰਿਹਾ ਸੀ।

'ਚਲੋ ਜੀ ਇਹ ਤਾਂ ਛੱਡੋ ਗੱਲ। ਕਹਿੰਦੇ ਇਮੀਗਰੇਸ਼ਨ ਬੰਦ ਕਰ ਰਹੇ ਐ। ਇਹਦੇ ਬਾਰੇ ਚਾਨਣਾ ਪਾਉ ਤੁਸੀਂ।' ਨਾਜਰ ਨੇ ਨਵਾਂ ਮਸਲਾ ਰੱਖ ਦਿੱਤਾ।

'ਨਾਜਰ ਸਿੰਘ, ਜੰਗ ਬਾਅਦ ਪੱਛਮੀ ਦੇਸ਼ਾਂ ਨੂੰ ਫੈਕਟਰੀਆਂ ਤੇ ਹੋਰ ਕੰਮ ਚਲਾਉਣ ਲਈ ਮਜ਼ਦੂਰਾਂ ਦੀ ਲੋੜ ਸੀ। ਡਾਕਟਰ, ਟੀਚਰ, ਇੰਜਨੀਅਰ, ਨਰਸਾਂ ਸਭ

ਚਾਹੀਦੇ ਸਨ। ਬ੍ਰਿਟੇਨ ਨੇ ਵੀ ਆਵਦੀਆਂ ਕਲੋਨੀਆਂ ਤੋਂ ਬੰਦਿਆਂ ਨੂੰ ਆਉਣ ਦਿੱਤਾ। ਵੈਸੇ ਏਥੇ ਜਹੂਦੀ ਸੈਂਕੜੇ ਸਾਲਾਂ ਤੋਂ ਰਹਿੰਦੇ ਐ। ਪ੍ਰਵਾਸ ਤਾਂ ਮਨੁੱਖ ਦੇ ਨਾਲ ਈ ਜੰਮਿਆ। ਬ੍ਰਿਟੇਨ ਚੋਂ ਬਹੁਤ ਲੋਕ ਆਸਟਰੇਲੀਆ ਤੇ ਨਿਊਜੀਲੈਂਡ ਨੂੰ ਵੀ ਜਾਂਦੇ ਐ। ਉਥੇ ਤਾਂ ਐਨਾ ਇਲਾਕਾ ਬੇਅਬਾਦ ਪਿਆ ਐ ਤੇ ਲੋਕ ਨਾ ਬਰੋਬਰ। ਉਹਨਾਂ ਨੇ ਕੀ ਕੀਤਾ ਬਈ ਆਸਟਰੇਲੀਆ ਲਈ ਟਿਕਟ ਦਸ ਪੌਂਡ। ਬੱਚੇ ਫਰੀ। ਪਹੁੰਚਣ 'ਤੇ ਕੰਮ ਦੀ ਗਰੰਟੀ। ਜੇ ਕਿਸੇ ਦਾ ਕੋਈ ਰਿਸ਼ਤੇਦਾਰ ਉਥੇ ਰਹਿੰਦਾ ਤਾਂ ਉਹ ਉਹਦੀ ਮਦਦ ਨਾਲ ਆਵਦਾ ਘਰ ਪਹਿਲਾਂ ਵੀ ਖਰੀਦ ਸਕਦਾ ਨਹੀਂ ਤਾਂ ਸਰਕਾਰੀ ਹੋਸਟਲਾਂ ਵਿਚ ਰਹਾਇਸ਼ ਦਾ ਪ੍ਰਬੰਧ। ਬ੍ਰਿਟੇਨ ਵਿਚੋਂ ਗਏ ਗੋਰਿਆਂ ਨੂੰ ਸਾਲ ਬਾਅਦ ਸਿਟੀਜਨਸ਼ਿਪ। ਪਰ ਇਕ ਸ਼ਰਤ ਵੀ ਆ। ਜਿਹਨੇ ਵਾਪਿਸ ਆਉਣਾ ਹੋਵੇ ਤਾਂ ਉਹਨੂੰ ਦੋਵਾਂ ਪਾਸਿਆਂ ਦੀ ਪੂਰੀ ਟਿਕਟ ਦੇ ਪੈਸੇ ਭਰਨੇ ਪੈਣਗੇ ਤੇ ਬੱਚਿਆਂ ਦੇ ਵੀ। ਹਜ਼ਾਰਾਂ ਨੀ ਲੱਖਾਂ ਦੀ ਗਿਣਤੀ 'ਚ ਗੋਰੇ ਸਿੱਲੇ ਤੇ ਠੰਡੇ ਮੌਸਮ ਤੋਂ ਦੁਖੀ ਆਸਟਰੇਲੀਆ ਜਾਂ ਨਿਊਜੀਲੈਂਡ ਨੂੰ ਚਲੇ ਗਏ ਤੇ ਅਜੇ ਵੀ ਤੁਰੇ ਜਾਂਦੇ ਐ। ਆਪਾਂ ਉਹਨਾਂ ਦੀ ਥਾਂ ਪੂਰੀ ਜਾਨੇ ਐ। ਇਮੀਗਰੇਸ਼ਨ ਦੇ ਕਨੂੰਨ ਤਾਂ ਸਖ਼ਤ ਹੋਈ ਜਾਣਗੇ ਪਰ ਬੰਦ ਹੋਣੀ ਮੁਸ਼ਕਲ ਐ।' ਮਾਸਟਰ ਨੇ ਨਿਚੋੜ ਕੱਢਿਆ।

ਉਹਨਾਂ ਨੇ ਦੋ ਦੋ ਗਲਾਸ ਪੀ ਲਏ ਸਨ। ਸਵੇਰੇ ਕੰਮਾਂ 'ਤੇ ਵੀ ਜਾਣਾ ਸੀ। ਉਹ ਜਾਣ ਲਈ ਤਿਆਰ ਹੋਣ ਲੱਗੇ। ਜਦੋਂ ਉੱਠੇ ਤਾਂ ਨਾਜਰ ਆਸਿਫ ਨੂੰ ਸੰਬੋਧਤ ਹੋਇਆ।

'ਦੇਸ ਨੂੰ ਚੱਕਰ ਨੀ ਮਾਰਿਆ।'

'ਮੇਰਾ ਖਿਆਲ ਆ ਮਹੀਨੇ ਕੁ ਨੂੰ ਜਾਊਂ।'

'ਯਾਰਾ ਮੇਰਾ ਇਕ ਕੰਮ ਕਰੀਂ। ਜੇ ਨੂਰੇ ਨੂੰ ਲੱਭ ਸਕੇਂ ਤਾਂ--।' ਨਾਜਰ ਨੇ ਬੇਨਤੀ ਕੀਤੀ।

'ਤੇਰੇ ਨਾਲ ਵਾਅਦਾ ਰਿਹਾ। ਮੈਂ ਪੂਰੀ ਵਾਹ ਲਾਊਂ ਤੇ ਵਾਪਿਸ ਆ ਕੇ ਤੈਨੂੰ ਦੱਸੂੰ।'

ਉਹ ਇਕ ਦੂਜੇ ਨੂੰ ਜੱਫੀ ਪਾ ਕੇ ਮਿਲੇ ਤੇ ਆਪਣੇ ਆਪਣੇ ਰਾਹ ਪੈ ਗਏ।

ਘਰੇ ਆ ਕੇ ਨਾਜਰ ਵਿਸਕੀ ਦਾ ਪੈਗ ਪਾ ਕੇ ਰਸੋਈ ਵਿਚ ਰੋਟੀ ਪਕਾਉਂਦੀ ਪ੍ਰੀਤੋ ਕੋਲ ਹੀ ਖੜ੍ਹ ਗਿਆ।

'ਮੈਨੂੰ ਸ਼ੇਰੇ ਦਾ ਫਿਕਰ ਐ। ਉਹਦੀ ਕੋਈ ਚਿੱਠੀ ਵੀ ਨੀ ਆਈ।'

'ਦੁਖਦੇ-ਸੁਖਦੇ ਗਏ ਬੰਦੇ ਕੋਲ ਕਿਥੇ ਟੈਮ ਹੁੰਦਾ! ਨਾਲੇ ਬਿਨਾਂ ਕੰਮ ਤੋਂ ਚਿੱਠੀ ਦੀ ਘੌਲ ਹੋ ਈ ਜਾਂਦੀ ਐ।' ਪ੍ਰੀਤੋ ਨੇ ਰੋਟੀ ਫੜਾਉਂਦਿਆਂ ਕਿਹਾ।

***

ਸ਼ੇਰਾ ਰਾਹ ਵਿਚ ਤਾਂ ਇਹੋ ਸੋਚਦਾ ਗਿਆ ਸੀ ਕਿਸੇ ਬਿਮਾਰੀ-ਠਮਾਰੀ ਕਾਰਨ ਸ਼ਿੰਦਰ ਹਸਪਤਾਲ ਹੋਵੇਗੀ। ਚਲੋ ਸੁੱਖ ਚਾਹੀਦੀ ਆ ਹੁਣ ਨਾਲ ਈ ਲੈ ਕੇ ਆਵਾਂਗੇ। ਉਹ ਸ਼ਿੰਦਰ ਅਤੇ ਬੱਚੇ ਨਾਲ ਆਪਣੀ ਜ਼ਿੰਦਗੀ ਦੀ ਕਲਪਨਾ ਕਰਨ ਲੱਗਿਆ। ਜਦੋਂ ਦੀ ਪ੍ਰੀਤੋ ਬੱਚਿਆਂ ਸਮੇਤ ਪਹੁੰਚੀ ਸੀ ਨਾਜਰ ਦੀ ਜ਼ਿੰਦਗੀ ਹੀ ਬਦਲ ਗਈ ਸੀ।

ਨਿਆਣਿਆਂ ਨਾਲ ਘਰ ਭਰਿਆ-ਭਰਿਆ ਲਗਦਾ। ਉਹਨੂੰ ਛੇ ਕੁ ਸਾਲ ਦੇ ਰਾਜੂ ਦੀ ਹੋਰ ਵੀ ਯਾਦ ਆਉਣ ਲੱਗੀ।

ਦਿੱਲੀ ਏਅਰਪੋਰਟ ’ਤੇ ਉੱਤਰ ਕੇ ਉਸ ਨੇ ਤਿੰਨ ਹੋਰ ਪੰਜਾਬੀਆਂ ਨਾਲ ਮਿਲ ਕੇ ਟੈਕਸੀ ਲਈ ਤੇ ਬੱਸ ਅੱਡੇ ਪਹੁੰਚ ਗਏ। ਉਥੋਂ ਲੁਧਿਆਣੇ ਦੀ ਬੱਸ ਤੇ ਲੁਧਿਆਣੇ ਤੋਂ ਉਸ ਨੇ ਟੈਕਸੀ ਲੈ ਲਈ। ਜਦੋਂ ਨੂੰ ਉਹ ਪਿੰਡ ਪਹੁੰਚਿਆ ਪਿੰਡ ਦੀਆਂ ਬੱਤੀਆਂ ਬੁਝ ਗਈਆਂ ਸਨ। ਕੁਝ ਕੁ ਘਰਾਂ ਵਿਚ ਧੁੰਧਲੇ ਜਿਹੇ ਬਿਜਲੀ ਦੇ ਬਲਬ ਜਗਦੇ ਦਿਸੇ ਪਰ ਬਹੁਤੇ ਲੋਕ ਤਾਂ ਖਾ ਪੀ ਕੇ ਸੌਂ ਗਏ ਸਨ। ਵੈਸੇ ਵੀ ਅੱਧੋ ਤੋਂ ਬਹੁਤੇ ਪਿੰਡ ਵਿਚ ਤਾਂ ਅਜੇ ਵੀ ਲਾਲਟਣਾਂ ਤੇ ਦੀਵੇ ਹੀ ਵਰਤੇ ਜਾਂਦੇ ਸਨ। ਕੁੱਤੇ ਭੌਂਕ ਰਹੇ ਸਨ ਪਰ ਕਾਰ ਦੇ ਪਿੱਛੇ ਕੋਈ ਕੁੱਤਾ ਨਹੀਂ ਸੀ ਭੱਜਿਆ।

ਘਰ ਅੱਗੇ ਟੈਕਸੀ ਖੜ੍ਹੀ ਕੀਤੀ ਤੇ ਧੜਕਦੇ ਦਿਲ ਅਤੇ ਮਿਲਣ ਦੀ ਉੱਤਸੁਕਤਾ ਦੇ ਰਲੇ-ਮਿਲੇ ਭਾਵਾਂ ਨਾਲ ਉਸ ਨੇ ਕੁੰਡਾ ਖੜਕਾਇਆ। ਸਿਆਲਾਂ ਦੀ ਰਾਤ ਕਾਲੀ ਹੋਣ ਦੇ ਨਾਲ ਹੀ ਠੰਡੀ ਵੀ ਸੀ। ਕੁਝ ਦੇਰ ਕੋਈ ਆਵਾਜ਼ ਨਾ ਆਈ ਤਾਂ ਉਸ ਨੇ ਇਕ ਵਾਰ ਫਿਰ ਜ਼ੋਰ ਦੀ ਕੁੰਡਾ ਖੜਕਾਇਆ। ਕੁਝ ਦੇਰ ਬਾਅਦ ਅੰਦਰੋਂ ਕਿਸੇ ਕਮਰੇ ਦਾ ਬੂਹਾ ਖੁੱਲਣ ਦੀ ਚੂੰ ਚੂੰ ਹੋਈ।

‘ਕਿਹੜਾ--?’ ਉਸ ਨੂੰ ਆਪਣੇ ਜੌੜੇ ਭਰਾ ਤਾਰੇ ਦੀ ਆਵਾਜ਼ ਸੁਣੀ।

‘ਬਾਰ ਖੋਲ੍ਹ ਸ਼ੇਰਾ ਆਂ।’

ਤਾਰੇ ਨੇ ਬੂਹਾ ਖੋਲ੍ਹ ਕੇ ਸ਼ੇਰੇ ਨੂੰ ਜੱਫੀ ਪਾ ਲਈ ਤੇ ਨਾਲ ਈ ਉਹਦੀ ਲੇਰ ਨਿਕਲ ਗਈ। ਸ਼ੇਰੇ ਨੂੰ ਸਭ ਸਮਝ ਲੱਗ ਗਈ। ਹੁਣ ਤੱਕ ਸਾਰਾ ਪਰਿਵਾਰ ਬਾਹਰ ਵਿਹੜੇ ਵਿਚ ਆ ਗਿਆ ਸੀ। ਘਰ ਦੀਆਂ ਬੱਤੀਆਂ ਜਗ ਪਈਆਂ ਸਨ। ਸਾਰੇ ਟੱਬਰ ਨੇ ਉਸ ਨੂੰ ਘੁੱਟ-ਘੁੱਟ ਜੱਫੀਆਂ ਪਾਈਆਂ ਤੇ ਨਾਲ ਹੰਝੂਆਂ ਦਾ ਵਹਿਣ ਕੁਝ ਦੇਰ ਲਈ ਬੇਰੋਕ ਵਗਦਾ ਰਿਹਾ। ਤਾਰੇ ਨੇ ਉਸ ਦਾ ਸਮਾਨ ਲਾਹਿਆ ਤੇ ਟੈਕਸੀ ਵਾਲਾ ਚਲਾ ਗਿਆ। ਉਹ ਅੰਦਰ ਸਬਾਤ ਵਿਚ ਜਾ ਬੈਠੇ। ਸ਼ੇਰਾ ਅੱਖਾਂ ਵਿਚ ਕਈ ਸਵਾਲ ਲਈ ਚੁੱਪ ਚਾਪ ਉਹਨਾਂ ਵੱਲ ਵੇਖਦਾ ਰਿਹਾ। ਆਖਰ ਉਸ ਦੀ ਮਾਂ ਨੇ ਗੱਲ ਸ਼ੁਰੂ ਕੀਤੀ।

‘ਪਤਾ ਈ ਨੀ ਲੱਗਿਆ ਮਿੰਟਾਂ ’ਚ ਈ ਕੋਹੜੀ ਤੁਰਗੀ। ਅਜੇ ਤੱਕ ਸੱਚ ਨੀ ਆਉਂਦਾ।’

‘ਪਰ ਹੋਇਆ ਕੀ?’ ਸ਼ੇਰੇ ਦੀ ਸਮਝ ਵਿਚ ਅਜੇ ਵੀ ਕੁਛ ਨਹੀਂ ਸੀ ਆ ਰਿਹਾ।

‘ਬੱਸ ਆਹ ਬਾਹਰ ਗਹੀਰਾ ਆ ਨਾ। ਓਥੋਂ ਪਾਥੀਆਂ ਲੈਣ ਗਈ। ਚੀਕ ਸੁਣੀ ਅਸੀਂ ਭੱਜੀਆਂ ਗਈਆਂ। ਕਹਿੰਦੀ ਲਗਦਾ ਸੱਪ ਡੱਸ ਗਿਆ ਮੈਨੂੰ ਹੱਥ ਤੇ। ਅਸੀਂ ਅੰਦਰ ਲੈ ਆਈਆਂ। ਤੇਰਾ ਚਾਚਾ ਘਰ ਸੀ ਉਹਨੂੰ ਭਜਾਇਆ ਬਈ ਜਾਮੂੰ ਨੂੰ ਲੈ ਆਵੇ। ਉਹਨੂੰ ਇਹਦਾ ’ਲਾਜ ਆਉਂਦਾ। ਉਹ ਮਾੜੀ ਕਿਸਮਤ ਨੂੰ ਲੌਣੇ ਗਿਆ ਵਾ ਸੀ। ਤਾਰਾ ਵੀ ਆ ਗਿਆ ਅਸੀਂ ਸ਼ਹਿਰ ਲੈ ਗੇ। ਡਾਕਟਰ ਨੇ ਦੱਸ ਤਾ ਬਈ ਇਹ ਤਾਂ ਹੈਣੀ। ਭਾਈ ਪਤਾ

ਨੀ ਜ਼ਹਿਰ ਚੜ੍ਹਗੀ ਜਾਂ ਹੌਲ ਨਾਲ ਈ ---। ਅਗਲੇ ਦਿਨ ਤੈਨੂੰ ਤਾਰ ਦੇ ਤੀ।' ਮਾਂ ਨੇ ਬੇਬਸੀ ਨਾਲ ਸਿਰ ਮਾਰਿਆ ਤੇ ਨਾਲ ਪਏ ਰਾਜੂ ਨੂੰ ਹਿੱਕ ਨਾਲ ਘੁੱਟਿਆ।

'ਤਾਰ 'ਚ ਤਾਂ ਲਿਖਿਆ ਸੀ ਬਈ ਬਿਮਾਰ ਆ।'

'ਨਈਂ ਤਾਰ ਤਾਂ ਮੈਂ ਈ ਦਿੱਤੀ ਸੀ। ਮੈਂ ਸਹੀ ਦੱਸਣਾ ਈ ਠੀਕ ਸਮਝਿਆ ਬਈ ਤੂੰ ਛੇਤੀ ਤੋਂ ਛੇਤੀ ਆ ਜੇਂ।' ਤਾਰੇ ਨੇ ਖੁਲਾਸਾ ਕੀਤਾ।

'ਆਹ ਦੇ ਪੁੱਤ ਤੇਰਾ ਭਾਪਾ ਆਇਆ।'

ਰਾਜੂ ਨੇ ਅੱਖਾਂ ਖੋਲ੍ਹੀਆਂ ਤੇ ਹੈਰਾਨੀ ਨਾਲ ਸ਼ੇਰੇ ਨੂੰ ਵੇਖਿਆ। ਸ਼ੇਰਾ ਉੱਠ ਕੇ ਮਾਂ ਦੇ ਮੰਜੇ 'ਤੇ ਚਲਿਆ ਗਿਆ। ਮੁੰਡਾ ਸੰਗਦਾ ਦਾਦੀ ਨਾਲ ਲੱਗ ਗਿਆ।

ਗੱਲਾਂ ਹੁੰਦੀਆਂ ਰਹੀਆਂ। ਸ਼ੇਰੇ ਨੂੰ ਵੀ ਯਕੀਨ ਨਹੀਂ ਸੀ ਆ ਰਿਹਾ ਜ਼ਿੰਦਗੀ ਐਨੀ ਜਲਦੀ ਧੱਕਾ ਮਾਰ ਸਕਦੀ ਐ। ਉਹ ਉਦਾਸ ਜਿਹਾ ਰਾਜੂ ਦੀ ਪਿੱਠ 'ਤੇ ਹੱਥ ਫੇਰਦਾ ਰਿਹਾ। ਉਸ ਨੂੰ ਅਜੀਬ ਜਿਹਾ ਸਕੂਨ ਮਹਿਸੂਸ ਹੋ ਰਿਹਾ ਸੀ। ਹੁਣ ਉਸ ਨੂੰ ਸਮਝ ਲੱਗ ਗਈ ਕਿ ਅਸਲ ਵਿਚ ਨਾਜਰ ਨੇ ਜਾਣ-ਬੁਝ ਕੇ ਹੀ ਉਸ ਤੋਂ ਸੱਚ ਲੁਕਾ ਲਿਆ ਸੀ। ਉਸ ਨੇ ਨਾਜਰ ਦੀ ਸੋਚ ਨੂੰ ਦਿਲ ਵਿਚ ਹੀ ਸਲਾਮ ਕੀਤਾ।

ਭੋਗ ਪੈ ਗਿਆ। ਆਖਰੀ ਰਸਮਾਂ ਸੰਪਨ ਹੋ ਗਈਆਂ। ਲੋਕ ਆਪੋ ਆਪਣੇ ਘਰੀਂ ਤੇ ਕੰਮਾਂ ਵਿਚ ਰੁਝ ਗਏ। ਸ਼ੇਰੇ ਦੇ ਪਰਿਵਾਰ ਦੀ ਜ਼ਿੰਦਗੀ ਵੀ ਲੀਹ 'ਤੇ ਆਉਣ ਲੱਗੀ। ਰਾਜੂ ਸ਼ੇਰੇ ਨਾਲ ਮੋਹ ਕਰਨ ਲੱਗਿਆ ਸੀ ਤੇ ਉਸ ਨਾਲ ਹੀ ਸੌਂਦਾ। ਸ਼ੇਰਾ ਉਸ ਨੂੰ ਸਕੂਲ ਛੱਡਣ ਜਾਂਦਾ ਤਾਂ ਪਿੰਡ ਦੀ ਸੱਥ ਵਿਚ ਵੀ ਪੈਰ ਮਲ ਲੈਂਦਾ। ਲੋਕ ਬਹੁਤ ਸਾਰੇ ਸਵਾਲ ਪੁੱਛਦੇ ਤੇ ਸ਼ੇਰਾ ਜਵਾਬ ਦਿੰਦਾ। ਇਕ ਗੱਲ ਜ਼ਰੂਰ ਸੀ ਲੋਕ ਉਸ ਦਾ ਪਹਿਲਾਂ ਨਾਲੋਂ ਵੱਧ ਮਾਣ ਕਰਦੇ ਜਿਵੇਂ ਉਹਨਾਂ ਦੇ ਘਰੇ ਆਇਆ ਮਹਿਮਾਨ ਹੋਵੇ। ਨਾਲ ਹੀ ਪੁੱਛ ਲੈਂਦੇ ਕਿੰਨਾ ਕੁ ਚਿਰ ਰਹਿਣਾ ਫੇਰ ਸ਼ੇਰ ਸਿਉਂ ਨੇ? ਸ਼ੇਰੇ ਕੋਲ ਅਜੇ ਇਸ ਦਾ ਕੋਈ ਜਵਾਬ ਨਹੀਂ ਸੀ।

ਉਹ ਪਿੰਡ ਵਿਚ ਦੀ ਲੰਘਦਾ ਤਾਂ ਪਿੰਡ ਨੂੰ ਨਿਰਖ ਨਾਲ ਵੇਖਦਾ। ਪਿਛਲੇ ਸਾਲਾਂ ਵਿਚ ਹੋਈ ਤਬਦੀਲੀ ਨੂੰ ਨਿਰਖਦਾ। ਨਵੇਂ ਘਰ ਬਣ ਗਏ ਸਨ। ਨਿਆਂਈ ਦੀ ਜ਼ਮੀਨ ਵਿਚ ਵੀ ਘਰ ਬਣਨ ਲੱਗੇ ਸਨ। ਪਿੰਡ ਪਹਿਲਾਂ ਨਾਲੋਂ ਵਧ ਗਿਆ ਸੀ। ਪਿੰਡ ਵਿਚ ਦੋ-ਚਾਰ ਟਰੈਕਟਰ ਵੀ ਆ ਗਏ ਸਨ। ਪਹਿਲੇ ਟਰੈਕਟਰ ਨੂੰ ਲੋਕ ਕਈ ਦਿਨ ਦੇਖਣ ਜਾਂਦੇ ਰਹੇ ਸਨ।

***

ਸੱਚ ਨੂੰ ਮੰਨਣਾ ਸਭ ਤੋਂ ਔਖਾ ਸੀ। ਪਰ ਹੌਲੀ ਹੌਲੀ ਸ਼ੇਰੇ ਨੇ ਸੱਚ ਨੂੰ ਮੰਨ ਲਿਆ ਸੀ। ਉਹ ਵੀ ਰਿਸ਼ਤੇਦਾਰੀਆਂ ਵਿਚ ਮਿਲਣ ਲਈ ਜਾਣ ਲੱਗਾ। ਇਕ ਸਵਾਲ ਉਸ ਦੇ ਮਨ ਵਿਚ ਸਦਾ ਟਿਕ-ਟਿਕ ਕਰਦਾ ਰਹਿੰਦਾ, ਉਹ ਰਾਜੂ ਦਾ ਕੀ ਕਰੇ? ਉਸ ਨੂੰ ਨਾਲ ਲੈ ਕੇ ਜਾਣਾ ਸੰਭਵ ਨਹੀਂ ਸੀ। ਰਾਜੂ ਨੂੰ ਪਿੰਡ ਛੱਡਣ ਤੋਂ ਬਿਨਾਂ ਉਸ ਨੂੰ ਕੋਈ ਰਾਹ ਨਾ ਦਿਸਦਾ। ਮਾਂ ਮਸ਼ੋਹਰ ਨੂੰ ਛੱਡਣਾ ਉਸ ਨੂੰ ਜ਼ਿੰਮੇਵਾਰੀ ਤੋਂ ਭੱਜਣਾ ਲਗਦਾ। ਮਨੋ ਮਨ

ਉਹ ਜ਼ਿੰਦਗੀ ਨੂੰ ਮੁੜ ਤੋਂ ਸ਼ੁਰੂ ਕਰਨ ਲਈ ਹੋਰ ਵਿਆਹ ਬਾਰੇ ਸੋਚਦਾ। ਪਰ ਅਜੇ ਇਸ ਵਿਚਾਰ ਨੂੰ ਕਿਸੇ ਨਾਲ ਸਾਂਝਾ ਕਰਨਾ ਠੀਕ ਨਹੀਂ ਸੀ ਲਗਦਾ। ਅਗੇਤ-ਪਛੇਤ ਤਾਂ ਉਸ ਨੂੰ ਇਹ ਕਰਨਾ ਹੀ ਪੈਣਾ ਸੀ।

ਮਹੀਨਾ ਕੁ ਬੀਤ ਗਿਆ। ਸ਼ਿੰਦਰ ਦੀਆਂ ਗੱਲਾਂ ਹੁਣ ਘੱਟ ਹੁੰਦੀਆਂ। ਘਰ ਵਿਚ ਪਹਿਲਾਂ ਵਾਂਗ ਹੀ ਹਾਸਾ-ਠੱਠਾ ਵੀ ਹੋ ਜਾਂਦਾ। ਉਹ ਤਾਰੇ ਨਾਲ ਬੈਠ ਕੇ ਪੈਗ ਵੀ ਲਾ ਲੈਂਦਾ। ਉਹਨੂੰ ਲਗਦਾ ਤਾਰਾ ਵੀ ਤੇ ਮਾਂ ਵੀ ਉਸ ਨੂੰ ਕੁਝ ਕਹਿਣਾ ਚਾਹੁੰਦੇ ਸਨ ਪਰ ਕਹਿ ਨਹੀਂ ਸੀ ਰਹੇ। ਉਹ ਵੀ ਕੁਝ ਕਹਿਣਾ ਚਾਹੁੰਦਾ ਸੀ ਪਰ ਕਹੇ ਕਿਵੇਂ? ਇਕ ਦਿਨ ਪੈਗ ਲਾ ਕੇ ਉਹਨੂੰ ਜਿਵੇਂ ਆਪਣੀ ਗੱਲ ਕਹਿਣ ਦਾ ਹੌਸਲਾ ਮਿਲ ਗਿਆ।

'ਤਾਰਿਆ ਮੈਂ ਸੋਚਦਾਂ ਰਾਜੂ ਨੂੰ ਕਿਸੇ ਚੰਗੇ ਸਕੂਲ 'ਚ ਪੜ੍ਹਨ ਲਾ ਦੇਈਏ, ਸ਼ਹਿਰ। ਮੈਂ ਨਾਲ ਤਾਂ ਅਜੇ ਇਹਨੂੰ ਲਜਾ ਨੀ ਸਕਦਾ।'

'ਦੇਖ ਪੁੱਤ, ਰੱਬ ਨਾਲ ਕਿਹੜਾ ਬੰਦਾ ਕੋਈ ਲੜਾਈ ਕਰ ਸਕਦਾ। ਉਹਦੀਆਂ ਉਹੀ ਜਾਣੇ। ਜਿੰਨਾ ਆਪਣੇ ਨਾਲ ਸਾਥ ਸੀ ਨਿਭਾਗੀ। ਡੱਡੀਏ ਤੇਰੀ ਸਾਰੀ ਉਮਰ ਪਈ ਐ। ਕੋਈ ਤਾਂ ਹੂਲਾ ਫੱਕਣਾ ਈ ਪਊ। ਰੋਟੀ ਤਾਂ ਪਕਦੀ ਕਰਨੀ ਈ ਪਊ। ਇਹਨੂੰ ਭੋਰਾ ਭਰ ਜੁਆਕ ਨੂੰ ਹਿੱਕ ਨਾਲੋਂ ਤੋੜ ਕੇ ਸਿੱਟ ਜੇਂ ਉਹ ਵੀ ਚੰਗਾ ਨੀ ਲਗਦਾ--।' ਮਾਂ ਨੇ ਦਿਲ ਦੀ ਗੱਲ ਕਹਿ ਦਿੱਤੀ। ਪਤਾ ਨੀ ਕਦੋਂ ਦੀ ਸੋਚਦੀ ਹੋਵੇਗੀ। ਸ਼ੇਰਾ ਨੀਵੀਂ ਪਾਈ ਬੈਠਾ ਰਿਹਾ। ਪਰ ਬੋਲਿਆ ਕੁਝ ਨਾ।

'ਤੂੰ ਬੋਲਿਆ ਨੀ ਕੁਸ। ਬੇਬੇ ਦੀ ਗੱਲ ਤਾਂ ਠੀਕ ਆ। ਰਾਜੂ ਭਮਾਂ ਸਾਡੇ ਕੋਲ ਰਹੇ ਕੋਈ ਗੱਲ ਨੀ। ਮੇਰਾ ਤਾਂ ਇਹ ਬਥੇਰਾ ਤਿਹੁ ਕਰਦਾ। ਪਰ ਪੱਤੇ ਦਰੱਖਤ ਨਾਲ ਈ ਸੁੰਹਦੇ ਆ।' ਤਾਰੇ ਨੇ ਵੀ ਹਾਮੀ ਭਰੀ।

'ਉਹ ਤਾਂ ਠੀਕ ਆ। ਪਰ ਅਜੇ ਗੱਲ ਨਵੀਂ ਆ। ਲੋਕ ਕੀ ਕਹਿਣਗੇ!' ਸ਼ੇਰੇ ਨੇ ਗਲਾਸ ਹੱਥ ਵਿਚ ਫੜਿਆ ਹੋਇਆ ਸੀ।

'ਦੇਖ ਪੁੱਤ ਲੋਕਾਂ ਦਾ ਤਾਂ ਮੂੰਹ ਨੀ ਫੜ ਹੁੰਦਾ। ਪ੍ਰਦੇਸ ਦਾ ਮਾਮਲਾ ਐ ਕਿਹੜਾ ਰੋਜ ਆਇਆ ਜਾਂਦਾ। ਸੱਤ ਸਾਲਾਂ ਬਾਦ ਆਇਆਂ ਉਹ ਵੀ ਬਿਪਤਾ ਪਈ ਤੋਂ। ਨਹੀਂ ਹੋਰ ਪਤਾ ਨੀ ਕਿੰਨੇ ਨੰਘ ਜਾਂਦੇ। ਇਹ ਹੂਲਾ ਫੱਕਣਾ ਈ ਆ ਤਾਂ ਅੱਜ ਕੀ ਕੱਲ੍ਹ ਕੀ। ਨਾਲ ਈ ਫੇਰ ਰਾਜੂ ਚਲਿਆ ਜਾਊ।'

ਮਾਂ ਦੀ ਗੱਲ ਸੁਣ ਕੇ ਚੁੱਪ ਵਰਤ ਗਈ। ਕਿਸੇ ਨੇ ਵੀ ਹੋਰ ਕੋਈ ਗੱਲ ਨਾ ਕੀਤੀ। ਰੋਟੀ ਖਾ ਕੇ ਆਪਣੇ ਆਪਣੇ ਬਿਸਤਰੇ ਵਿਚ ਚਲੇ ਗਏ। ਪਰ ਸ਼ੇਰੇ ਨੂੰ ਨੀਂਦ ਨਾ ਆਈ। ਗੱਲਾਂ ਮਾਂ ਦੀਆਂ ਵੀ ਠੀਕ ਸਨ। ਉਹ ਸ਼ਿੰਦਰ ਨਾਲ ਰਹਿਣ ਦੇ ਸੁਪਨੇ ਲੈਂਦਾ ਹੁੰਦਾ ਸੀ। ਉਸ ਨੂੰ ਲਗਦਾ ਇਕੱਲਿਆਂ ਰਹਿਣਾ ਤਾਂ ਜ਼ਿੰਗਦੀ ਨੂੰ ਧੱਕਾ ਦੇਣ ਵਾਲੀ ਗੱਲ ਸੀ। ਉਹ ਸੁੱਤ ਉਨੀਂਦਾ ਪਤਾ ਨਹੀਂ ਕੀ ਕੁਝ ਸੋਚਦਾ ਰਿਹਾ ਤੇ ਪਤਾ ਨਹੀਂ ਕਦੋਂ ਉਸ ਨੂੰ ਨੀਂਦ ਆ ਗਈ।

ਇਕ ਦਿਨ ਉਹ ਤਾਰੇ ਨਾਲ ਖੇਤ ਦਾ ਚੱਕਰ ਮਾਰਨ ਚਲਾ ਗਿਆ। ਸੂਰਜ ਦਾ ਰੰਗ ਅੱਗ ਵਰਗਾ ਲਾਲ ਹੋ ਗਿਆ ਸੀ ਤੇ ਪਲ ਪਲ ਜਿਵੇਂ ਥਕੇਵੇਂ ਨਾਲ ਹੇਠਾਂ ਨੂੰ ਚੁੱਭੀ ਮਾਰ ਰਿਹਾ ਹੋਵੇ। ਹਰੀਆਂ ਕਚਾਰ ਕਣਕਾਂ ਲਹਿਰਾ ਰਹੀਆਂ ਸਨ। ਕਈ ਲੋਕ ਗੱਡੇ-ਭੇਡੇ ਲਈ ਘਰਾਂ ਨੂੰ ਜਾ ਰਹੇ ਸਨ। ਕੱਚੇ ਰਾਹਾਂ 'ਤੇ ਤੁਰੇ ਜਾਂਦੇ ਪਸ਼ੂ ਗਰਦ ਉਡਾ ਰਹੇ ਸਨ। ਇਹ ਗਰਦ ਸ਼ੇਰੇ ਨੂੰ ਆਪਣੀ ਆਪਣੀ ਲੱਗੀ। ਉਹ ਖੇਤ ਪਹੁੰਚੇ ਤਾਂ ਤਾਰੇ ਨੇ ਇੰਜਨ ਵਾਲੀ ਕੋਠੀ ਵਿਚੋਂ ਮੰਜਾ ਕੱਢ ਲਿਆਂਦਾ। ਕਣਕ ਦੇ ਕਿਆਰੇ ਦੀ ਵੱਟ ਵਿਚੋਂ ਬੋਤਲ ਕੱਢੀ ਤੇ ਕੱਪ ਵਿਚ ਪੈਗ ਪਾ ਕੇ ਨਲਕੇ ਤੋਂ ਪਾਣੀ ਪਾ ਕੇ ਸ਼ੇਰੇ ਨੂੰ ਫੜਾ ਦਿੱਤਾ। ਆਪ ਉਹ ਮੂਲੀਆਂ ਪੁੱਟ ਲਿਆਇਆ।

'ਖੇਤ ਬੈਠ ਕੇ ਪੀਤੀ ਨੂੰ ਵੀ ਬਥੇਰਾ ਟੈਮ ਹੋ ਗਿਆ ਤੈਨੂੰ।' ਕਹਿੰਦਿਆਂ ਉਸ ਨੇ ਧੋਤੀ ਹੋਈ ਮੂਲੀ ਉਸ ਨੂੰ ਫੜਾ ਦਿੱਤੀ।

ਪੈਗ ਲਾਉਣ ਬਾਅਦ ਉਹ ਘਰੇਲੂ ਜਿਹੀਆਂ ਗੱਲਾਂ ਕਰਦੇ ਤਾਰੇ ਦੇ ਸਹੁਰਿਆਂ ਦੀਆਂ ਗੱਲਾਂ ਕਰਨ ਲੱਗ ਪਏ।

'ਮੇਰੇ ਮਨ 'ਚ ਇਕ ਗੱਲ ਆਈ ਆ। ਸੁਣ ਲਾ ਕਰੀਂ ਆਵਦੀ ਮਰਜੀ। ਆਪਾਂ ਦੋਵੇਂ ਚਲਦੇ ਆਂ ਮੇਰੇ ਸਹੁਰੀਂ। ਮੇਰੀ ਛੋਟੀ ਸਾਲੀ ਆ ਨਾ। ਚੌਦਾਂ ਜਮਾਤਾਂ ਪੜ੍ਹੀ ਵੀ ਆ। ਸੁਹਣੀ ਸੁਨੱਖੀ ਵੀ ਆ। ਜੇ ਤੈਨੂੰ ਠੀਕ ਲੱਗੂ ਤਾਂ ਆਪਾਂ ਗੱਲ ਅੱਗੇ ਤੋਰ ਲਾਂਗੇ।'

'ਪਰ ਉਹ ਤਾਂ ਜਾਰ ਉਮਰ ਦੀ ਕੱਚੀ ਈ ਹੋਊ।' ਸ਼ੇਰੇ ਨੇ ਖਾਲੀ ਕੱਪ ਤਾਰੇ ਨੂੰ ਫੜਾਉਂਦਿਆਂ ਕਿਹਾ।

'ਕੱਚੀ ਕਾਹਦੀ। ਇੱਕੀਆਂ ਬਾਈਆਂ ਦੀ ਤਾਂ ਹੈਗੀ ਆ। ਵਿਆਹੁਣ ਆਲੀ ਆ। ਮੈਨੂੰ ਤਾਂ ਕੋਈ ਕੱਚੀ ਨੀ ਲਗਦੀ।'

'ਤੂੰ ਮੇਰੀ ਉਮਰ ਬਾਰੇ ਵੀ ਸੋਚ। ਮੈਥੋਂ ਤਾਂ ਉਹ ਬਾਰਾਂ-ਪੰਦਰਾਂ ਸਾਲ ਛੋਟੀ ਹੋਊ।'

'ਓਹ ਜਾਰ ਬੰਦੇ ਤੇ ਘੋੜੇ ਨੀ ਬੁੜੇ ਹੁੰਦੇ। ਦੇਖਣ ਨੂੰ ਤਾਂ ਤੂੰ ਪੱਚੀਆਂ ਤੋਂ ਵੱਧ ਨੀ ਲਗਦਾ। ਦਾੜ੍ਹੀ 'ਤੇ ਪੱਚਰਾ ਫੇਰਕੇ ਤਾਂ ਛੋਹਰ ਜਿਆ ਈ ਲਗਦਾਂ।' ਉਹ ਦੋਵੇਂ ਹੱਸਣ ਲੱਗੇ ਤੇ ਇਕ ਪੈਗ ਹੋਰ ਪੀ ਕੇ ਘਰ ਨੂੰ ਤੁਰ ਪਏ।

***

ਰਾਤ ਨੂੰ ਸ਼ੇਰੇ ਦੇ ਮਨ ਵਿਚ ਕਈ ਸਾਰੇ ਘੋੜੇ ਦੌੜਦੇ ਰਹੇ। 'ਲੋਕ ਕੀ ਕਹਿਣਗੇ' ਵਾਲੀ ਗੱਲ ਪਹਾੜ ਬਣ ਕੇ ਅੱਗੇ ਖੜ੍ਹੀ ਸੀ। ਵਾਪਿਸ ਗਿਆ ਤਾਂ ਲੋਕ ਅਫ਼ਸੋਸ ਕਰਨਗੇ ਜਾਂ ਨਵੇਂ ਵਿਆਹ ਦੀ ਵਧਾਈ ਦੇਣਗੇ। ਉਂਝ ਵਿਆਹ ਬਿਨਾਂ ਸਰ ਵੀ ਨਹੀ ਸਕਣਾ। ਹੋਰ ਸਾਲ ਬਾਅਦ ਆਉਣਾ ਸੌਖਾ ਨਹੀਂ ਸੀ। ਕਦੇ ਉਸ ਨੂੰ ਲਗਦਾ ਲੋਕ ਗੱਲ ਨੂੰ ਸਮਝ ਹੀ ਲੈਣਗੇ। ਰੋਟੀ ਪਕਦੀ ਕਰਨ ਲਈ ਤਾਂ ਲੋਕ ਮੁੱਲ ਦੀਆਂ ਤੀਵੀਆਂ ਵੀ ਲੈ ਆਉਂਦੇ ਆ। ਰੱਬ ਜੇ ਸ਼ਿੰਦਰ ਨੂੰ ਲੈ ਗਿਆ ਤਾਂ ਉਸ ਦੀ ਕੋਈ ਨਾ ਕੋਈ ਤਾਂ ਰਜ਼ਾ ਹੈ ਹੀ ਜਿਸ ਵਿਚ ਉਸ ਨੂੰ ਰਹਿਣਾ ਪੈਣਾ। ਤੀਵੀਂ ਬਿਨਾਂ ਜ਼ਿੰਦਗੀ ਤਾਂ ਐਵੇਂ ਨ੍ਹੇਰ

ਢੋਣ ਈ ਆ---। ਸੋਚਦਿਆਂ ਪਤਾ ਨਹੀਂ ਕਦੋਂ ਉਸ ਦੀ ਅੱਖ ਲੱਗ ਗਈ। ਜਾਗ ਉਸ ਨੂੰ ਉਦੋਂ ਆਈ ਜਦੋਂ ਤਾਰਾ ਦੋਂਹ ਗਲਾਸਾਂ ਵਿਚ ਚਾਹ ਲੈ ਆਇਆ ਤੇ ਉਹ ਦੋਵੇਂ ਮੰਜੇ 'ਤੇ ਬੈਠੇ ਚੁਸਕੀਆਂ ਲੈਣ ਲੱਗੇ।

ਸੂਰਜ ਨੇ ਖੁੱਲ੍ਹ-ਦਿਲੀ ਨਾਲ ਧੁੱਪ ਧਰਤੀ 'ਤੇ ਭੇਜੀ ਸੀ। ਦਿਨ ਨਿੱਘਾ ਸੀ। ਹਾਜ਼ਰੀ ਰੋਟੀ ਖਾ ਕੇ ਉਹ ਕੁਰਸੀ ਲੈ ਕੇ ਬਾਹਰ ਆ ਬੈਠਾ। ਕੁਝ ਦੇਰ ਬਾਅਦ ਉਸ ਦੀ ਮਾਂ ਵੀ ਕੋਲ ਆ ਬੈਠੀ।

'ਪੁੱਤ ਤੈਨੂੰ ਚਾਹੀਦਾ ਤੂੰ ਆਵਦੇ ਸਹੁਰਿਆਂ ਨੂੰ ਮਿਲ ਆਵੇਂ। ਆਪਣਾ ਫਰਜ ਬਣਦਾ।'

'ਬੇਬੇ ਤੂੰ ਵੀ ਨਾਲ ਈ ਚੱਲ ਫੇਰ। ਸਵੇਰੇ ਚੱਲਾਂਗੇ ਤੇ ਆਥਣ ਨੂੰ ਮੁੜ ਆਵਾਂਗੇ।'

ਅਗਲੇ ਦਿਨ ਉਹਨਾਂ ਨੇ ਸਵੇਰੇ ਬੱਸ ਫੜੀ ਤੇ ਉਹ ਘੰਟੇ ਕੁ 'ਚ ਉਥੇ ਪਹੁੰਚ ਗਏ। ਉਹ ਧੁੱਪੇ ਬੈਠ ਗਏ ਤੇ ਸ਼ਿੰਦਰ ਦਾ ਮਾਂ-ਪਿਉ ਤੇ ਭਰਾ ਉਹਨਾਂ ਕੋਲ ਹੀ ਮੰਜੇ ਡਾਹ ਕੇ ਬੈਠ ਗਏ। ਕੁਝ ਦੇਰ ਸ਼ਿੰਦਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਚਾਹ ਆ ਗਈ ਤੇ ਉਹ ਚਾਹ ਪੀਂਦਿਆਂ ਤਕਰੀਬਨ ਚੁੱਪ ਜਿਹੇ ਹੀ ਬੈਠੇ ਰਹੇ।

'ਸ਼ੇਰ ਸਿਆਂ ਕਿੰਨੇ ਕੁ ਦਿਨ ਹੋਰ ਰਹੇਂਗਾ?' ਉਸ ਦੀ ਸੱਸ ਨੇ ਪੁੱਛਿਆ।

'ਅਜੇ ਤਾਂ ਜੀ ਕੋਈ ਪਤਾ ਨੀ। ਸੀਟ ਬੁੱਕ ਨੀ ਕਰਾਈ।'

'ਕਾਹਦਾ ਭੈਣ ਜੀ। ਸ਼ਿੰਦਰ ਚਲੀ ਗਈ ਆ। ਉਹਨੂੰ ਤਾਂ ਮੋੜ ਨੀ ਸਕਦੇ। ਪਰ ਕੋਈ ਸਮਝ ਨੀ ਆਉਂਦੀ ਕੀ ਕਰੀਏ? ਰਾਜੂ ਨੂੰ ਨਾ ਤਾਂ ਨਾਲ ਲਿਜਾਣ ਜੋਗਾ ਤੇ ਨਾ ਈ ਇਹਦਾ ਐਥੇ ਛੱਡਣ ਨੂੰ ਦਿਲ ਮੰਨਦਾ। ਆਵਦੀ 'ਲਾਦ ਤਾਂ ਆਵਦੇ ਕੋਲ ਈ ਚਾਹੀਦੀ ਆ। ਸਾਰੀ ਉਮਰ ਪਈ ਐ ਮੂਹਰੇ। ਕੀ ਕਰੀਏ ਪਤਾ ਨੀ ਲਗਦਾ---।' ਮਾਈ ਨੇ ਕਹਾਨੀ ਪਾ ਦਿੱਤੀ ਸੀ ਤੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ।

ਕੁਝ ਦੇਰ ਦੀ ਚੁੱਪ ਬਾਅਦ ਸ਼ੇਰੇ ਦੀ ਸੱਸ ਨੇ ਚੁੱਪ ਤੋੜੀ।

'ਰਾਜੂ ਨੂੰ ਵੀ ਮਾਂ ਚਾਹੀਦੀ ਆ। ਭੋਰਾ ਭਰ ਨਿਆਣਾ ਐ। ਸ਼ੇਰ ਸਿਉਂ ਨੂੰ ਵੀ ਰੋਟੀ ਪਕਾਉਣ ਦਾ ਕੋਈ ਬੰਦੋਬਸਤ ਕਰਨਾ ਪੈਣਾ। ਅਸੀਂ ਵੀ ਸੋਚਦੇ ਸੀ। ਸਾਡਾ ਵੀ ਫਰਜ ਆ। ਆਪਣੀ ਛੋਟੀ ਨੇ ਸੋਲਾਂ ਜਮਾਤਾਂ ਪੜ੍ਹ ਲੀਆਂ। ਸੁੱਖ ਨਾਲ ਤੇਈਆਂ ਦੀ ਹੋ ਗਈ ਆ। ਰਾਜੂ ਦਾ ਸੋਚੀਏ ਤਾਂ ਮਾਂ ਤੇ ਮਾਸੀ 'ਚ ਕੋਈ ਬਹੁਤਾ ਫਰਕ ਨੀ ਹੁੰਦਾ।'

ਸ਼ੇਰੇ ਨੇ ਮਾਈ ਵੱਲ ਵੇਖਿਆ ਤੇ ਫੇਰ ਆਪਣੀ ਮਾਂ ਵੱਲ। ਮਾਂ ਦਾ ਚਿਹਰਾ ਭਾਵਹੀਣ ਸੀ। ਉਹ ਕੁਝ ਬੋਲ ਨਹੀਂ ਸੀ ਰਹੀ।

'ਮੈਂ ਸਮਝਿਆ ਨੀ ਬੇਬੇ ਜੀ ਥੋਡੀ ਗੱਲ।' ਸ਼ੇਰੇ ਨੇ ਕਾਹਲੀ ਨਾਲ ਕਿਹਾ।

'ਦੇਖ ਪੁੱਤ ਅਸੀਂ ਜੀਤਾਂ ਆਸਤੇ ਥਾਂ ਦੇਖਦੇ ਫਿਰਦੇ ਸੀ। ਪਤਾ ਨੀ ਵਾਅਗੁਰੂ ਨੂੰ ਇਹੋ ਮਨਜੂਰ ਸੀ। ਜੀਤਾਂ, ਸ਼ਿੰਦਰ ਦੀ ਥਾਂ ਲੈ ਲਊ। ਰਾਜੂ ਪਲ ਜੂ। ਬੇਗਾਨੇ ਖੂਨ ਦਾ ਕੀ ਪਤਾ ਹੁੰਦਾ------।'

'ਪਰ ਬੇਬੇ ਜੀ ਜੀਤਾਂ ਪੜ੍ਹੀ ਲਿਖੀ ਆ। ਉਹ ਸੋਲਾਂ ਜਮਾਤਾਂ ਪੜ੍ਹੀ ਆ ਤੇ ਮੈਂ ਛੀ।

ਉਮਰ ਦਾ ਵੀ ਸਾਡਾ ਖਾਸਾ ਫਰਕ ਆ। ਮੈਨੂੰ ਤਾਂ ਇਹ ਗੱਲ ਠੀਕ ਨੀ ਲਗਦੀ। ਉਥੇ ਤਾਂ ਪੜ੍ਹੇ ਤੇ ਅਣਪੜ੍ਹ ਨੂੰ ਇਕੋ ਜਿਆ ਈ ਕੰਮ ਕਰਨਾ ਪੈਂਦਾ। ਐਥੇ ਉਹ ਐਸ਼ ਕਰੂ।'

ਅਜਿਹੀਆਂ ਦਲੀਲਾਂ ਹੁੰਦੀਆਂ ਰਹੀਆਂ। ਰੋਟੀ ਆ ਗਈ ਤੇ ਰੋਟੀ ਖਾ ਕੇ ਸ਼ੇਰੇ ਨੇ ਮਾਂ ਨੂੰ ਚੱਲਣ ਲਈ ਕਿਹਾ। ਜੀਤਾਂ ਵਾਲੀ ਗੱਲ ਉਸ ਦੇ ਦਿਮਾਗ ਵਿਚ ਅੜੀ ਖੜ੍ਹੀ ਸੀ। ਜੀਤਾਂ ਪੜ੍ਹਨ ਲਿਖਣ ਦੇ ਨਾਲ ਹੀ ਰੱਜ ਕੇ ਸੁਹਣੀ ਵੀ ਸੀ। ਕੋਈ ਗੱਲ ਸੀ ਜੋ ਸ਼ੇਰੇ ਨੂੰ ਰੋਕ ਰਹੀ ਸੀ। ਉਸ ਨੂੰ ਕੁਝ ਗਲਤ ਲੱਗ ਰਿਹਾ ਸੀ ਪਰ ਕੀ ਗਲਤ ਸੀ? ਉਸ ਨੂੰ ਸਮਝ ਨਹੀਂ ਸੀ ਆ ਰਿਹਾ। ਜੀਤਾਂ ਦੀ ਮਰਜ਼ੀ ਬਿਨਾਂ ਤਾਂ ਘਰ ਦੇ ਵਿਆਹ ਕਰ ਨਹੀਂ ਸਕਦੇ ਤੇ ਜੇ ਜੀਤਾਂ ਖੁਸ਼ ਸੀ ਤਾਂ ਉਸ ਨੂੰ ਵੀ ਹਾਂ ਕਰ ਦੇਣੀ ਚਾਹੀਦੀ ਸੀ। ਉਹ ਉਖੜਿਆ ਜਿਹਾ ਬੈਠਾ ਸੀ।

'ਅੱਜ ਤੁਸੀਂ ਰਹੋ। ਕੱਲ੍ਹ ਨੂੰ ਚਲੇ ਜਾਇਉ। ਥੋਨੂੰ ਕਿਹੜਾ ਕੋਈ ਕੰਮ ਆ ਘਰੇ।' ਬਜ਼ੁਰਗ ਨੇ ਸ਼ੇਰੇ ਨੂੰ ਜ਼ੋਰ ਦੇ ਕੇ ਕਿਹਾ।

'ਨਹੀਂ ਬਾਪੂ ਜੀ। ਮੈਂ ਕਿਸੇ ਦਿਨ ਫੇਰ ਆਜੂੰ। ਨਾ ਗਏ ਤਾਂ ਘਰ ਦੇ ਫਿਕਰ ਕਰਨਗੇ।'

'ਚੰਗਾ ਫੇਰ ਸੋਚ ਵਿਚਾਰ ਲਿਉ ਜਿਵੇਂ ਕਹੋਂਗੇ ਅਸੀਂ ਤਾਂ ਉਵੇਂ ਕਰ ਲਾਂਗੇ।'

ਉਹਨਾਂ ਨੇ ਹੱਥ ਮਿਲਾਏ। ਸੱਸ ਸਹੁਰਾ ਉਹਨਾਂ ਨੂੰ ਅੱਡੇ 'ਤੇ ਛੱਡਣ ਆਏ। ਸਾਰੇ ਰਾਹ ਸ਼ੇਰਾ ਜੀਤਾਂ ਬਾਰੇ ਸੋਚਦਾ ਰਿਹਾ। ਉਸ ਬਾਰੇ ਸੋਚ ਕੇ ਉਸ ਨੂੰ ਨਿੱਘ ਜਿਹਾ ਮਿਲਦਾ। ਸ਼ਾਮ ਤੱਕ ਉਹ ਘਰ ਪਹੁੰਚ ਗਏ।

ਰਾਤ ਨੂੰ ਉਹ ਤਾਰੇ ਦੀ ਸਾਲੀ ਬਾਰੇ ਵੀ ਸੋਚਦਾ ਰਿਹਾ। ਮਨ ਉਸ ਦਾ ਜੀਤਾਂ ਵਿਚ ਖੁੱਭ ਗਿਆ ਸੀ। ਤਾਰੇ ਨੂੰ ਕਿਵੇਂ ਸਮਝਾਵੇ? ਬੇਬੇ ਨੇ ਵੀ ਅਜੇ ਕੋਈ ਰਾਇ ਨੀ ਸੀ ਦਿੱਤੀ। ਉਸ ਨੂੰ ਫੈਸਲਾ ਕਰਨਾ ਔਖਾ ਹੋ ਗਿਆ ਸੀ। ਤਾਰੇ ਨੂੰ ਵੀ ਉਹ ਗੁੱਸੇ ਨਹੀਂ ਸੀ ਕਰਨਾ ਚਾਹੁੰਦਾ।

'ਬੇਬੇ ਕਿਵੇਂ ਕਰੀਏ ਫੇਰ? ਮੈਨੂੰ ਤਾਂ ਸਮਝ ਨੀ ਆਉਂਦੀ। ਤਾਰੇ ਦੀ ਗੱਲ ਮੰਨਦੇ ਆਂ ਤਾਂ ਵੀ ਡਰ ਜਿਆ ਲਗਦਾ। ਜੀਤਾਂ ਆਲੀ ਗੱਲ ਮੰਨਦੇ ਆਂ ਤਾਂ ਘੱਟੋ ਘੱਟ ਰਾਜੂ ਨਾਲ ਤਾਂ ਉਹ ਮੋਹ ਰੱਖੂ--। ਮੈਨੂੰ ਸਮਝ ਨਹੀਂ ਆਉਂਦੀ।'

'ਦੇਖ ਪੁੱਤ ਥਾਂ ਤਾਂ ਦੋਵੇਂ ਈ ਰਿਸ਼ਤੇਦਾਰੀ 'ਚ ਆ। ਜੇ ਮੇਰੀ ਪੁੱਛਦਾਂ ਤਾਂ ਜੀਤਾਂ ਨੂੰ ਹਾਂ ਕਰਦੇ। ਸਾਲੀ ਦਾ ਰਿਸਤਾ ਤਾਂ ਆਪਣੇ ਆਮ ਈ ਹੋ ਜਾਂਦਾ। ਤਾਰੇ ਨੂੰ ਸਮਝਾ ਦੇਹ। ਆਪਾਂ ਬੱਸ 'ਨੰਦ ਲੈਣ ਦੀ ਗੱਲ ਕਰੀਏ। ਹੋਰ ਕੋਈ ਬਹੁਤੀ ਫੂੰ ਫਾਂ ਦੀ ਲੋੜ ਨੀ।'

ਸ਼ੇਰੇ ਨੂੰ ਤਸੱਲੀ ਹੋ ਗਈ। ਮਾਂ ਦੀ ਰਾਇ ਨੇ ਉਸ ਨੂੰ ਬਲ ਦਿੱਤਾ। ਉਸ ਨੇ ਤਾਰੇ ਨਾਲ ਗੱਲ ਸਾਫ਼ ਕਰ ਲਈ ਤੇ ਉਹ ਖੁਸ਼ ਸੀ। ਉਸ ਨੇ ਤਾਰੇ ਦੀ ਪਤਨੀ ਦੇ ਮੱਥੇ ਤਿਉੜੀਆਂ ਵੇਖ ਲਈਆਂ ਸਨ। ਉਸ ਨੇ ਸ਼ੇਰੇ ਨੂੰ ਪਹਿਲਾਂ ਵਾਂਗ ਬੁਲਾਇਆ ਵੀ ਨਹੀਂ ਸੀ। ਉਹ ਬੈਠਾ ਉਸ ਬਾਰੇ ਸੋਚ ਰਿਹਾ ਸੀ। ਤਾਰਾ ਇਕ ਥਾਲੀ ਵਿਚ ਦੋਹਾਂ ਲਈ ਰੋਟੀ ਪਾਈ ਆ ਗਿਆ। ਉਹ ਰੋਟੀ ਖਾਣ ਲੱਗੇ। ਤਾਰਾ ਵੀ ਉਸ ਨੂੰ ਚੁੱਪ ਜਿਹਾ ਹੀ

ਲੱਗਿਆ। ਰੋਟੀ ਖਾ ਕੇ ਉਸ ਨੇ ਤਾਰੇ ਨੂੰ ਖੇਤ ਵੱਲ ਗੇੜਾ ਮਾਰਨ ਲਈ ਕਿਹਾ ਤਾਂ ਤਾਰਾ ਉਸ ਨਾਲ ਤੁਰ ਪਿਆ। ਉਹ ਰਾਹ ਵਿਚ ਕੱਸੀ ਦੇ ਪੁਲ 'ਤੇ ਬੈਠ ਗਏ।

'ਕਿਵੇਂ ਤੇਰੀ ਸਰਦਾਰਨੀ ਖੁਸ਼ ਨੀ ਲਗਦੀ।' ਸ਼ੇਰੇ ਨੇ ਪੁੱਛਿਆ।

'ਉਹ ਤਾਂ ਆਵਦੇ ਦਿਲ 'ਚ ਗੱਲ ਪੱਕੀ ਕਰੀ ਬੈਠੀ ਸੀ। ਮੈਨੂੰ ਦੋ ਤਿੰਨ ਵਾਰ ਪੇਕੀਂ ਜਾਣ ਬਾਰੇ ਪੁੱਛਿਆ ਸੀ। ਮੈਂ ਤੇਰੇ ਨਾਲ ਗੱਲ ਕਰਕੇ ਈ ਉਹਨੂੰ ਹਾਂ ਕਹਿਣੀ ਚਾਹੁੰਦਾ ਸੀ। ਬੇਬੇ ਨੇ ਤੇਰੀ ਸਾਲੀ ਆਲਾ ਕਿੱਸਾ ਸੁਣਾਇਆ ਤਾਂ ਮੇਰੇ ਵੀ ਗੱਲ ਦਿਲ ਲੱਗ 'ਗੀ। ਉਹਨੂੰ ਦੱਸਿਆ ਤਾਂ ਉਹ ਮੂੰਹ ਮਰੋੜੀ ਬੈਠੀ ਆ। ਕੋਈ ਨੀ ਆਪੇ ਹੋ ਜੂ ਸੂਤ।' ਤਾਰੇ ਨੇ ਸਾਫ਼ ਗੱਲ ਦੱਸ ਦਿੱਤੀ।

'ਆਹ ਤਾਂ ਤੈਨੂੰ ਪੰਗਾ ਈ ਪੈ ਗਿਆ। ਮੈਨੂੰ ਤਾਂ ਅਜੇ ਵੀ ਪਤਾ ਨੀ ਲਗਦਾ ਕੀ ਕਰਾਂ?'

'ਕਰਨਾ ਕੀ ਆ, ਜੇ ਉਹ ਸਾਰੇ ਖੁਸ਼ ਆ ਤਾਂ ਗੱਲ ਸਿਰੇ ਲਾ।' ਤਾਰੇ ਨੇ ਦਿਲੋਂ ਕਿਹਾ। ਉਸ ਨੂੰ ਭਰਾ ਦੇ ਪਿਆਰ ਅਤੇ ਇਮਾਨਦਾਰੀ 'ਤੇ ਮਾਣ ਵੀ ਹੋਇਆ। ਉਹ ਉੱਠ ਕੇ ਪਿੰਡ ਵੱਲ ਨੂੰ ਹੀ ਮੁੜ ਪਏ।

ਜੀਤਾਂ ਦੇ ਮਨ ਦਾ ਉਸ ਨੂੰ ਅਜੇ ਕੋਈ ਪਤਾ ਨਹੀ ਸੀ। ਜਿਸ ਦਿਨ ਉਹ ਰਾਤ ਰਹਿਣ ਲਈ ਰੁਕਿਆ ਸੀ ਉਸ ਦਿਨ ਵੀ ਉਸ ਦੀ ਕੋਈ ਗੱਲ ਜੀਤਾਂ ਨਾਲ ਨਾ ਹੋਈ। ਉਹ ਰਾਜੂ ਨਾਲ ਪਰਚੀ ਰਹੀ ਸੀ।

***

ਜੀਤਾਂ ਕੋਲ ਵੀ ਗੱਲ ਦੀ ਕੰਨਸੋਅ ਪਹੁੰਚ ਗਈ ਸੀ। ਉਸ ਨੂੰ ਆਪਣੇ ਕੰਨਾਂ 'ਤੇ ਵਿਸ਼ਵਾਸ਼ ਨਹੀਂ ਸੀ ਹੋ ਰਿਹਾ। ਬੇਜੀ ਨੇ ਵੀ ਉਸ ਨਾਲ ਕੋਈ ਗੱਲ ਨਹੀਂ ਸੀ ਕੀਤੀ। ਬਾਪੂ ਜੀ ਤੋਂ ਉਸ ਨੂੰ ਅਜਿਹੀ ਉਮੀਦ ਹੀ ਨਹੀਂ ਸੀ। ਬੇਜੀ ਨੂੰ ਇਕੱਲੀ ਬੈਠੀ ਵੇਖ ਕੇ ਉਹ ਕੋਲ ਜਾ ਬੈਠੀ। ਗੁੱਸੇ ਨਾਲ ਭਰੀ ਪੀਤੀ ਤੇ ਅੱਖਾਂ ਤਕਰੀਬਨ ਡਬਡਬਾਉਣ ਨੂੰ ਤਿਆਰ ਹੀ ਸਨ।

'ਮੈਨੂੰ ਕਿਸੇ ਖੂਹ ਟੋਭੇ 'ਚ ਧੱਕਾ ਦੇ ਦਿਉ।' ਕਹਿ ਕੇ ਉਹ ਰੋਣ ਲੱਗੀ।

'ਕੁੜੇ ਕੀ ਹੋ ਗਿਆ ਤੈਨੂੰ। ਅਸੀਂ ਤੇਰਾ ਕੀ ਮਾੜਾ ਕਰ 'ਤਾ?' ਮਾਤਾ ਨੂੰ ਧੀ ਤੋਂ ਅਜਿਹੀ ਉਮੀਦ ਨਹੀਂ ਸੀ।

'ਏਦੂੰ ਮਾੜਾ ਹੋਰ ਹੋ ਵੀ ਕੀ ਜਾਊ? ਜੇ ਇਹੋ ਜਿਹੀ ਈ ਬਲੀ ਦੇਣੀ ਸੀ ਤਾਂ ਪੜ੍ਹਾਉਣ ਦੀ ਕੀ ਲੋੜ ਸੀ। ਫੇਰ ਤਾਂ ਬਲਦ ਅੰਗੂੰ ਜਿਹੜੀ ਮਰਜ਼ੀ ਪੰਜਾਲੀ ਵਿਚ ਜੋੜ ਦਿੰਦੇ।' ਜੀਤਾਂ ਨੇ ਅੱਖਾਂ ਪੂੰਝੀਆਂ ਤੇ ਮਾਂ ਵੱਲ ਵੇਖਿਆ।

'ਸ਼ਿੰਦਰ ਜਿਉਂਦੀ ਰਹਿੰਦੀ ਤਾਂ---। ਹੁਣ ਤਾਂ ਆਪਣਾ ਵੀ ਫਰਜ਼ ਬਣਦਾ। ਰਾਜੂ ਨੂੰ ਪਾਲਣ ਦੀ ਆਪਣੀ ਜ਼ਿੰਮੇਦਾਰੀ ਆ। ਫੇਰ ਸ਼ੇਰ ਸਿਉਂ ਬਣਦਾ ਤਣਦਾ। ਪੜ੍ਹਾਈ ਈ ਸਾਰਾ ਕੁਸ ਨੀ ਹੁੰਦੀ। ਹੋਰ ਤਾਂ ਉਹਦੇ 'ਚ ਕੋਈ ਨੁਕਸ ਨੀ।' ਮਾਤਾ ਨੂੰ ਸੱਚੀਂ ਕੁਝ ਗਲਤ ਨਹੀਂ ਸੀ ਲਗਦਾ।

'ਮੈਂ ਰਾਜੂ ਨੂੰ ਪਾਲਣ ਤੇ ਪੜ੍ਹਉਣ ਨੂੰ ਤਿਆਰ ਆਂ। ਪਰ ਇਹ ਵਿਆਹ ਆਲੀ ਗੱਲ ਮੇਰੇ ਸੰਘੋਂ ਨੀ ਉੱਤਰਦੀ।'

ਜੀਤਾਂ ਮਾਂ ਨਾਲ ਦਲੀਲਬਾਜ਼ੀ ਕਰਦੀ ਰਹੀ। ਪਰ ਮਾਤਾ ਦੇ ਵਿਚਾਰ ਵਿਚ ਕੋਈ ਤਬਦੀਲੀ ਨਾ ਆਈ। ਜੀਤਾਂ ਦੀਆਂ ਦਲੀਲਾਂ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ।

'ਤੂੰ ਆਵਦੇ ਬਾਪੂ ਜੀ ਨਾਲ ਗੱਲ ਕਰ ਲੈ। ਹੁਣ ਤਾਂ ਓਹੀ ਕੋਈ ਗੱਲ ਕਰ ਸਕਦੇ ਆ।' ਮਾਈ ਨੇ ਸਿਰੇ ਦੀ ਸੁਣਾ ਦਿੱਤੀ।

ਬਾਪੂ ਜੀ ਨਾਲ ਗੱਲ ਕਰਨ ਦੀ ਜੀਤਾਂ ਕੋਲ ਦਲੇਰੀ ਨਹੀਂ ਸੀ। ਵੈਸੇ ਵੀ ਉਸ ਨੂੰ ਪਤਾ ਸੀ ਉਹਨਾਂ ਨੇ ਆਪਣਾ ਮਨ ਨਹੀਂ ਬਦਲਣਾ। ਉਹ ਟੁੱਟੇ ਮਨ ਨਾਲ ਉੱਠੀ 'ਤੇ ਜ਼ਿਬਾਹ ਹੋਣ ਲਈ ਆਪਣੇ ਮਨ ਨੂੰ ਤਿਆਰ ਕਰਨ ਲੱਗੀ।

ਕੁਝ ਦਿਨਾਂ ਬਾਅਦ ਵਿਆਹ ਕਰਵਾ ਕੇ ਸ਼ੇਰਾ ਵਾਪਿਸ ਇੰਗਲੈਂਡ ਪਹੁੰਚ ਗਿਆ।

# 10

ਸਕੌਟ ਨੂੰ ਐਨਾ ਦਾ ਫ਼ੋਨ ਆਇਆ ਤੇ ਉਹ ਉਸ ਨੂੰ ਜਲਦੀ ਮਿਲਣਾ ਚਾਹੁੰਦੀ ਸੀ। ਸਕੌਟ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਕੋਈ ਨਵੀ ਜਾਣਕਾਰੀ ਹੱਥ ਲੱਗੀ ਹੋਵੇਗੀ। ਆਪ ਉਹ ਗੈਰੀ ਦੀਆਂ ਫਾਈਲਾਂ ਦੀ ਫਰੋਲਾ ਫਰਾਲੀ ਕਰ ਰਿਹਾ ਸੀ ਪਰ ਕੁਝ ਸਫ਼ਲਤਾ ਪ੍ਰਾਪਤ ਨਹੀਂ ਸੀ ਹੋਈ। ਉਸ ਨੇ ਐਨਾ ਨੂੰ ਆਪਣੇ ਘਰ ਹੀ ਸੱਦ ਲਿਆ। ਫ਼ੋਨ ਭਾਂਵੇਂ ਐਨਾ ਨੇ ਕੀਤਾ ਸੀ ਫਿਰ ਵੀ ਉਸ ਨਾਲ ਰਿਚਰਡ ਵੀ ਸੀ। ਜਦ ਉਹ ਘਰ ਆਏ ਤਾਂ ਸਕੌਟ ਨੂੰ ਮਹਿਸੂਸ ਹੋਇਆ ਜਿਵੇਂ ਉਹਨਾਂ ਦੀ ਜੋੜੀ ਕੰਮ ਤੋਂ ਬਿਨਾਂ ਕੁਝ ਭਾਵੁਕ ਸਾਂਝ ਵੀ ਰਖਦੀ ਹੋਵੇ। ਪਰ ਇਸ ਨਾਲ ਉਸ ਦਾ ਮਤਲਬ ਨਹੀਂ ਸੀ ਤੇ ਉਸ ਨੇ ਇਸ ਵਿਚਾਰ ਨੂੰ ਦਿਮਾਗ ਵਿਚੋਂ ਖਾਰਜ ਕਰ ਦਿੱਤਾ।

‘ਤੁਸੀਂ ਬੈਠੋ ਮੈਂ ਤੁਹਾਡੇ ਲਈ ਕੌਫੀ ਬਣਾ ਕੇ ਲਿਆਉਣਾ।’ ਉਹਨਾਂ ਨੂੰ ਉਸ ਨੇ ਲਾਊਂਜ ਵਿਚ ਬਿਠਾ ਦਿੱਤਾ ਤੇ ਆਪ ਕਿਚਨ ਵਿਚ ਚਲਾ ਗਿਆ।

‘ਤੂੰ ਜਾਹ ਆਪਣਾ ਕੰਮ ਕਰ, ਕੌਫੀ ਮੈਂ ਬਣਾ ਕੇ ਲਿਆਉਂਨੀ ਆਂ।’ ਮੈਗੀ ਨੇ ਉਸ ਦੀ ਗੱਲ੍ਹ ’ਤੇ ਚੁੰਮਣ ਦਿੰਦਿਆਂ ਕਿਹਾ। ਉਹ ਮੁਸਕਰਾ ਕੇ ਬਾਹਰ ਚਲਾ ਗਿਆ।

‘ਕੌਫੀ ਮੈਗੀ ਬਣਾ ਰਹੀ ਐ। ਤੁਸੀਂ ਦੱਸੋ ਕੀ ਖ਼ਬਰ ਐ?’

‘ਅਸੀਂ ਸਟਾਰ ਕੰਸਟਰਕਸ਼ਨ ਬਾਰੇ ਜਾਣਕਾਰੀ ਸਾਂਝੀ ਕਰਨ ਆਏ ਸੀ।’ ਐਨਾ ਬੋਲੀ।

‘ਦੱਸੋ--।’ ਕਹਿੰਦਿਆਂ ਸਕੌਟ ਨੇ ਨੋਟ ਪੈਡ ਤੇ ਪੈਨ ਸਾਹਮਣੇ ਰੱਖ ਲਏ ਤੇ ਉਹ ਐਨਾ ਵੱਲ ਵੇਖਣ ਲੱਗਾ ਜਿਵੇਂ ਕਹਿ ਰਿਹਾ ਹੋਵੇ, ਬੋਲ ਹੁਣ।

ਫਿਰ ਉਸ ਨੇ ਵੇਖਿਆ ਮੈਗੀ ਕੌਫੀ ਤੇ ਕੇਕ ਟਰੇਅ ਵਿਚ ਰੱਖੀ ਆ ਰਹੀ ਸੀ। ਸ਼ਾਇਦ ਇਸ ਕਰਕੇ ਹੀ ਐਨਾ ਚੁੱਪ ਸੀ।

ਐਨਾ ਨੇ ਉੱਠ ਕੇ ਲਿੰਡਾ ਤੋਂ ਟਰੇਅ ਫੜ ਲਈ ਤੇ ਨਾਲ ਹੀ ਉਸ ਨੂੰ ਹੈਲੋ ਕੀਤੀ। ਸਕੌਟ ਨੇ ਉਹਨਾਂ ਦੀ ਜਾਣ-ਪਛਾਣ ਕਰਾਈ। ਮੈਗੀ ਨੂੰ ਪਤਾ ਸੀ ਉਸ ਦਾ ਉਥੇ ਬੈਠਣਾ ਠੀਕ ਨਹੀਂ ਤੇ ਉਹ ਬਾਹਰ ਚਲੀ ਗਈ। ਨਾਲ ਜਾਂਦੀ ਹੋਈ ਦਰਵਾਜ਼ਾ ਵੀ ਬੰਦ ਕਰ ਗਈ।

‘ਸਟਾਰ ਕੰਸਟਰਕਸ਼ਨ ਦਾ ਮਾਲਕ ਬੌਬ ਰੰਡਾਵਾ (ਰੰਧਾਵਾ) ਕੁਝ ਸਾਲ ਪਹਿਲਾਂ ਫਰਾਡ ਦੇ ਕੇਸ ਵਿਚ ਸਜ਼ਾ ਭੁਗਤ ਚੁੱਕਿਆ।’ ਕਹਿ ਕੇ ਉਸ ਨੇ ਕੌਫੀ ਦੀ ਘੁੱਟ ਭਰੀ ਤੇ ਸਕੌਟ ਦੇ ਮੂੰਹ ਵੱਲ ਵੇਖਣ ਲੱਗੀ।

‘ਕਿਹੋ ਜਿਹਾ ਫਰਾਡ ਐਨਾ?’ ਐਨਾ ਨੇ ਰਿਚਰਡ ਵੱਲ ਵੇਖਿਆ ਤੇ ਉਹ ਬੋਲਣ ਲੱਗਾ।

‘ਉਸ ਦਾ ਪਿਉ ‘ਵੀ ਏ ਟੀ’ ਫਰਾਡ ਕਰਦਾ ਸੀ। ਉਹ ਸ਼ਰਾਬ, ਕੋਕ ਜਾਂ ਜੋ ਵੀ ਹੋਰ ਸੰਭਵ ਹੁੰਦਾ ਯੂਰਪ ਨੂੰ ਭੇਜਦੇ। ਪੇਪਰ ਵਰਕ ਬਣਾਉਂਦੇ। ਲਾਰੀ ਵਿਚ ਪਾਣੀ

ਹੁੰਦਾ। ਜੇ ਗੱਡੀ ਚੈਕ ਹੋ ਜਾਂਦੀ ਤਾਂ ਪਾਣੀ ਵਾਲਾ ਪੇਪਰ ਵਰਕ ਦਿਖਾ ਕੇ ਮੋਹਰ ਲਗਵਾ ਲੈਂਦੇ। ਨਹੀਂ ਤਾਂ ਸ਼ਰਾਬ ਵਾਲੇ ਕਾਗਜ਼ਾਂ 'ਤੇ ਮੋਹਰ ਲਗਵਾ ਲੈਂਦੇ। ਸ਼ਰਾਬ ਤਾਂ ਜਾਂਦੀ ਹੀ ਨਹੀਂ ਸੀ। ਸ਼ਰਾਬ ਏਥੇ ਹੀ ਵੇਚ ਦਿੰਦੇ ਤੇ ਵੀ ਏ ਟੀ ਕਲੇਮ ਕਰ ਲੈਂਦੇ। ਉਦੋਂ ਸਤਾਰਾਂ ਪ੍ਰਤੀਸ਼ਤ ਵੀ ਏ ਟੀ ਸੀ। ਉਹ ਤਾਂ ਸਿੱਧੇ ਹੀ ਬਚ ਜਾਂਦੇ। ਬਾਕੀ ਏਥੇ ਸ਼ਰਾਬ ਵੇਚ ਕੇ ਉਸ ਵਿਚੋਂ ਪੈਸੇ ਬਣਾ ਲੈਂਦੇ।' ਰਿਚਰਡ ਨੇ ਕੌਫੀ ਦਾ ਘੁੱਟ ਭਰਿਆ।

'ਹਾਂ ਇਹ ਤਾਂ ਮੈਨੂੰ ਪਤਾ ਕਿਵੇਂ ਹੁੰਦਾ ਸੀ ਤੇ ਅਜੇ ਵੀ ਹੋਈ ਜਾਂਦਾ। ਪਰ ਬੌਬ ਦਾ ਉਸ ਵਿਚ ਕੀ ਰੋਲ ਸੀ।' ਸਕੌਟ ਨੇ ਸਵਾਲ ਕੀਤਾ।

'ਆਹ ਅਸੀਂ ਰਿਪੋਰਟ ਤਿਆਰ ਕੀਤੀ ਹੈ।' ਰਿਚਰਡ ਨੇ ਇਕ ਲਫਾਫਾ ਉਸ ਅੱਗੇ ਧੱਕ ਦਿੱਤਾ ਤੇ ਸਕੌਟ ਨੇ ਉਸ ਨੂੰ ਖੋਲ੍ਹ ਲਿਆ।

ਉਸ ਸਮੇਂ ਤਾਂ ਬੌਬ ਦਾ ਕੋਈ ਰੋਲ ਨਹੀਂ ਸੀ। ਉਹਦਾ ਪਿਉ ਹੀ ਕੰਮ ਸਾਂਭਦਾ ਸੀ। ਫੇਰ ਉਸ 'ਤੇ ਕੇਸ ਬਣ ਗਿਆ ਤੇ ਨਾਲ ਹੀ ਉਸ ਦਾ ਅਕਾਊਂਟੈਂਟ ਹੈਰੀ ਸਮਿਥ ਫਸ ਗਿਆ। ਕੋਰਟ ਵਿਚ ਵਕੀਲਾਂ ਨੇ ਅਕਾਊਂਟੈਂਟ 'ਤੇ ਆਪਣੀ ਜ਼ਿੰਮੇਵਾਰੀ ਨਾਲ ਦਗਾ ਕਰਨ ਦਾ ਦੋਸ਼ ਲਾਇਆ। ਉਸ ਨੂੰ ਕੈਦ ਹੋ ਗਈ ਤੇ ਵਕੀਲਾਂ ਨੇ ਅਸਲੀ ਮੁਜ਼ਰਮ ਨੂੰ ਬਚਾ ਲਿਆ। ਉਸ ਤੋਂ ਬਾਅਦ ਸੀਨੀਅਰ ਰੰਡਾਵੇ ਨੇ ਕੰਮ ਦਾ ਢੰਗ ਬਦਲ ਲਿਆ। ਉਹ ਆਪ ਪਿੱਛੇ ਰਹਿੰਦਾ ਤੇ ਦਿਖਾਵੇ ਵਜੋਂ ਏਅਰਪੋਰਟ 'ਤੇ ਕੰਮ ਵੀ ਕਰਦਾ। ਉਹਨਾਂ ਦਿਨਾਂ ਵਿਚ ਪੰਜਾਬ ਤੋਂ ਕਬੱਡੀ ਖੇਡਣ ਵਾਲੇ ਬਥੇਰੇ ਮੁੰਡੇ ਆਉਂਦੇ ਸਨ। ਉਹਨਾਂ ਵਿਚੋਂ ਬਹੁਤ ਸਾਰੇ ਇਥੇ ਟਿਕ ਜਾਂਦੇ। ਬਹੁਤਿਆਂ ਨੇ ਵਿਆਹ ਕਰਵਾ ਲਏ ਸਨ। ਰੰਡਾਵਾ ਉਹਨਾਂ ਨਾਲ ਨੇੜਤਾ ਬਣਾ ਲੈਂਦਾ ਤੇ ਉਹਨਾਂ ਨੂੰ ਸ਼ਰਾਬ ਵਗੈਰਾ ਹੋਲਸੇਲ ਵਿਚ ਦਿੰਦਾ। ਇਸ ਤਰ੍ਹਾਂ ਉਹਦਾ ਕੰਮ ਮੁੰਡੇ ਕਰਦੇ। ਨਾਲੇ ਤਾਂ ਉਸ ਦਾ ਸਤਿਕਾਰ ਕਰਦੇ ਨਾਲੇ ਉਸ ਨੂੰ ਪੈਸੇ ਕਮਾ ਕੇ ਦਿੰਦੇ। ਉਹਨਾਂ ਦੇ ਆਪਣੇ ਵੀ ਪੈਸੇ ਬਣਦੇ ਸਨ। ਰੰਡਾਵਾ ਇਹਨਾਂ ਦਿਨਾਂ ਵਿਚ ਚੰਗੀ ਕਮਾਈ ਕਰਦਾ ਸੀ। ਇੰਡੀਆਂ ਤੋਂ ਸਿਆਸੀ ਲੋਕ ਉਸ ਕੋਲ ਆ ਕੇ ਰੁਕਦੇ। ਉਹ ਵੀ ਇੰਡੀਆ ਜਾਂਦਾ ਰਹਿੰਦਾ। ਉਥੇ ਵੀ ਉਸ ਨੇ ਚੰਗਾ ਨੈਟਵਰਕ ਬਣਾ ਰੱਖਿਆ ਸੀ।

ਬੌਬ ਪੜ੍ਹਾਈ ਵਿਚ ਖਾਸ ਚੰਗਾ ਨਹੀਂ ਸੀ। ਮੁੰਡਪੁਣੇ ਵਿਚ ਉਹ ਆਪਣੇ ਪਿਉ ਨਾਲ ਉਸ ਦੇ ਕੰਮ ਵਿਚ ਸ਼ਾਮਲ ਹੋ ਗਿਆ। ਹੁਣ ਉਹ ਪਿਉ ਦਾ ਸਾਰਾ ਕੰਮ ਸਾਂਭਦਾ ਸੀ। ਜਾਣੀ ਉਹ ਉਸ ਦੇ ਕੰਮ ਦਾ ਚਿਹਰਾ ਬਣ ਗਿਆ। ਵੀ ਏ ਟੀ ਦਾ ਮਹਿਕਮਾਂ ਪਿੱਛੇ ਲੱਗਿਆ ਹੋਇਆ ਸੀ। ਉਹ ਉਸ ਨੂੰ ਪੂਰੇ ਸਬੂਤਾਂ ਨਾਲ ਪਕੜਨਾ ਚਾਹੁੰਦੇ ਸਨ ਤਾਂ ਕਿ ਉਹ ਪਹਿਲਾਂ ਵਾਂਗ ਬਚ ਨਾ ਜਾਵੇ।

ਕੁਝ ਸਾਲਾਂ ਬਾਅਦ ਪੁਲੀਸ ਰੇਡ ਵਿਚ ਬੌਬ ਫੜਿਆ ਗਿਆ ਤੇ ਉਸ ਦਾ ਪਿਉ ਇੰਡੀਆ ਗਿਆ ਹੋਇਆ ਸੀ। ਉਸ ਨੇ ਇਕਬਾਲ ਕਰ ਲਿਆ ਤੇ ਉਸ ਨੂੰ ਕੈਦ ਹੋ ਗਈ। ਉਸ ਦਾ ਪਿਉ ਫਿਰ ਬਚ ਗਿਆ। ਕੈਦ ਨੇ ਉਸ ਨੂੰ ਪੱਕਾ ਮੁਜ਼ਰਮ ਬਣਾ ਦਿੱਤਾ।

ਉਹ ਅਜੇ ਵੀ ਉਹੋ ਜਿਹੇ ਹੀ ਕੰਮ ਕਰਦਾ ਐ। ਪਰ ਹੁਣ ਬਹੁਤ ਹੰਢ ਗਿਆ ਤੇ ਛੇਤੀ ਕੀਤਿਆਂ ਸਾਹਮਣੇ ਨਹੀਂ ਆਉਂਦਾ---।

ਇਸ ਸਾਰੇ ਕਿੱਸੇ ਦਾ ਸਭ ਤੋਂ ਦੁਖਦਾਈ ਪਹਿਲੂ ਹੈਰੀ ਸਮਿੱਥ ਦਾ ਜੇਲ੍ਹ ਵਿਚ ਆਤਮ-ਹੱਤਿਆ ਕਰਨਾ ਹੈ। ਉਸ ਦੀ ਪਤਨੀ ਤੇ ਉਸ ਦਾ ਮੁੰਡਾ ਏਥੋਂ ਕਿਧਰੇ ਸ਼ਿਫਟ ਹੋ ਗਏ। ਅਸੀ ਉਹਨਾਂ ਬਾਰੇ ਕੋਈ ਤਫਤੀਸ਼ ਨਹੀਂ ਕੀਤੀ ਕਿਉਂਕਿ ਉਹਨਾਂ ਦਾ ਕੇਸ ਨਾਲ ਜਾਂ ਰੰਡਾਵੇ ਨਾਲ ਮੁੜ ਕੇ ਕੋਈ ਸਬੰਧ ਨਹੀਂ ਸੀ ਰਿਹਾ।

'ਪਰ ਗੈਰੀ ਦੇ ਕਤਲ ਨਾਲ ਇਸ ਦਾ ਕੋਈ ਸਬੰਧ ਨਹੀਂ ਬਣਦਾ ਲਗਦਾ।'

'ਅਜੇ ਇਸ ਦਾ ਕੋਈ ਸੁਰਾਗ ਹੱਥ ਨਹੀਂ ਲੱਗਿਆ। ਪਰ ਇਹ ਪਤਾ ਜ਼ਰੂਰ ਲੱਗ ਗਿਆ ਕਿ ਉਹ ਦੋਵੇਂ ਇਕ ਦੂਜੇ ਨੂੰ ਮਿਲਦੇ ਸੀ।'

'ਦਿਲਚਸਪ--। ਠੀਕ ਐ ਅੱਖਾਂ ਖੁੱਲ੍ਹੀਆਂ ਰੱਖੋ। ਕੋਸ਼ਿਸ਼ ਕਰੋ ਪਤਾ ਕਰਨ ਦੀ ਕਿ ਉਹਨਾਂ ਦਾ ਆਪਸੀ ਸਬੰਧ ਕਿਉਂ ਤੇ ਕਿਵੇਂ ਸੀ?' ਸਕੌਟ ਦੇ ਮਨ ਵਿਚ ਵੀ ਕਈ ਸਵਾਲ ਉੱਠਣ ਲੱਗੇ।

ਸਕੌਟ ਨੂੰ ਗੈਰੀ ਦੇ ਆਫਿਸ ਦੀ ਚੁਲਬੁਲੀ ਰਿਸੈਪਸ਼ਨਿਸਟ ਦਾ ਖਿਆਲ ਆਇਆ। ਉਸ ਸਮੇਂ ਸਾਢੇ ਚਾਰ ਵੱਜੇ ਸਨ। ਉਹਨਾਂ ਦਾ ਦਫ਼ਤਰ ਪੰਜ ਵਜੇ ਬੰਦ ਹੁੰਦਾ ਸੀ। ਸਕੌਟ ਨੇ ਗੱਡੀ ਸਟਾਰਟ ਕੀਤੀ ਤੇ ਉਹਨਾਂ ਦੇ ਦਫ਼ਤਰ ਤੋਂ ਕੁਝ ਦੂਰੀ 'ਤੇ ਕਾਰ ਖੜ੍ਹੀ ਕਰ ਲਈ। ਦੋਂਹ ਕਾਰਾਂ ਵਿਚਕਾਰ ਪਾਰਕ ਕੀਤੀ ਕਾਰ ਵਿਚ ਉਹ ਬੈਠਾ ਦਿਸਦਾ ਨਹੀਂ ਸੀ। ਪੰਜ ਵੱਜਣ ਤੋਂ ਪੰਜ ਕੁ ਮਿੰਟ ਬਾਅਦ ਰਿਸੈਪਸ਼ਨਿਸਟ ਬਾਹਰ ਆਈ ਤੇ ਬਾਹਰ ਖੜ੍ਹੀ ਮਿੰਨੀ ਕਾਰ ਵਿਚ ਬੈਠ ਗਈ। ਸਕੌਟ ਨੇ ਵੀ ਕਾਰ ਸਟਾਰਟ ਕਰ ਲਈ। ਉਹ ਮਿੰਨੀ ਕਾਰ ਤੋਂ ਕੁਝ ਕੁ ਪਿੱਛੇ ਚੱਲ ਰਿਹਾ ਸੀ। ਉਹ 'ਸੇਨਜ਼ਬਰੀ' ਫੂਡ ਸਟੋਰ ਵਿਚ ਚਲੀ ਗਈ। ਸਕੌਟ ਨੇ ਵੀ ਕਾਰ ਪਾਰਕ ਕਰ ਦਿੱਤੀ ਤੇ ਲੰਬੇ ਕਦਮ ਭਰਦਾ ਰਿਸੈਪਸ਼ਨਿਸਟ ਨੂੰ ਜਾ ਮਿਲਿਆ।

'ਓਹ ਹਾਇ—ਕਿਆ ਦਿਲਚਸਪ ਮੌਕਾ ਮੇਲ ਹੈ!' ਉਸ ਨੇ ਕੁੜੀ ਵੱਲ ਹੱਥ ਵਧਾਇਆ।

'ਓਹ ਸਰ—ਤੁਹਾਨੂੰ ਮਿਲ ਕੇ ਖੁਸ਼ੀ ਹੋਈ।' ਕੁੜੀ ਨੇ ਰਸਮੀ ਸ਼ਬਦ ਪਤਲੀ ਜਿਹੀ ਮੁਸਕਰਾਹਟ ਨਾਲ ਕਹੇ ਤੇ ਉਹ ਸਟੋਰ ਦੇ ਅੰਦਰ ਪਹੁੰਚ ਗਏ।

'ਮਿੱਸ, ਫੋਕੀ ਖੁਸ਼ੀ ਦਾ ਕੀ ਫਾਇਦਾ। ਸਾਰਾ ਦਿਨ ਦੀ ਦੌੜ ਭੱਜ ਵਿਚ ਮੇਰੇ ਕੋਲੋਂ ਕੌਫੀ ਦਾ ਕੱਪ ਵੀ ਨਹੀਂ ਪੀਤਾ ਗਿਆ। ਮੇਰੇ 'ਤੇ ਬਹੁਤ ਅਹਿਸਾਨ ਹੋਵੇਗਾ ਜੇ ਤੁਸੀਂ ਮੇਰੇ ਨਾਲ ਕੌਫੀ ਦਾ ਕੱਪ ਪੀ ਸਕੋ। ਮੇਰੇ ਖਿਆਲ ਵਿਚ ਮੈਂ ਤੁਹਾਨੂੰ ਖਾਸ ਤਕਲੀਫ਼ ਨਹੀਂ ਦੇ ਰਿਹਾ ਹੋਵਾਂਗਾ।'

ਕੁੜੀ ਪਲ ਕੁ ਦੁਚਿੱਤੀ ਜਿਹੀ ਵਿਚ ਉਸ ਨੂੰ ਵੇਖਦੀ ਰਹੀ।

'ਸੌਰੀ ਜੇ ਮੈਂ ਤਹਾਨੂੰ ਪ੍ਰੇਸ਼ਾਨ ਕਰ ਰਿਹਾ ਹੋਵਾਂ ਤਾਂ--।'

'ਨਹੀਂ ਨਹੀਂ ਕੋਈ ਗੱਲ ਨਹੀਂ, ਚਲੋ।' ਉਹ ਸਟੋਰ ਦੇ ਕੌਫੀ ਹਾਊਸ ਵਿਚ ਚਲੇ

ਗਏ ਤੇ ਇਕ ਕੋਨੇ ਵਿਚ ਬੈਠ ਗਏ। ਸਕੌਟ ਨੇ ਆਰਡਰ ਕੀਤਾ ਤੇ 'ਅਮਰੀਕਨ ਲਾਟੇ' ਮੰਗਵਾ ਲਈ।

'ਤੁਹਾਡਾ ਬਹੁਤ ਸ਼ੁਕਰੀਆ, ਮੈਂ ਤੁਹਾਡਾ ਨਾਂ ਭੁੱਲ ਗਿਆ। ਮੇਰਾ ਚੇਤਾ ਬਹੁਤਾ ਚੰਗਾ ਨਹੀਂ।'

'ਮੇਰਾ ਨਹੀਂ ਖਿਆਲ ਮੇਰਾ ਨਾਂ ਪੁੱਛਣ ਦੀ ਤੁਹਾਨੂੰ ਲੋੜ ਪਈ ਹੋਵੇ। ਮੇਰਾ ਨਾਂ ਕੈਰਨ ਕੈਫ ਹੈ।'

'ਮੈਂ ਸਕੌਟ, ਤੇਰੇ ਨਾਲ ਜਾਣ-ਪਛਾਣ ਕਰਕੇ ਬਹੁਤ ਖੁਸ਼ੀ ਹੋਈ। ਵੈਸੇ ਮੈਂ ਤਾਂ ਕੌਫੀ ਪੀਣ ਲਈ ਹੀ ਆਇਆ ਸੀ। ਤੂੰ ਸ਼ਾਇਦ ਸ਼ਾਪਿੰਗ ਆਈ ਹੋਵੇਂ।'

'ਹਾਂ ਮੈਂ ਹਰ ਵੀਰਵਾਰ ਨੂੰ ਕੰਮ ਤੋਂ ਬਾਅਦ ਸ਼ਾਪਿੰਗ ਕਰਨ ਆਉਂਦੀ ਹਾਂ।'

ਉਹ ਕੌਫੀ ਪੀਂਦੇ ਨਿੱਕੀਆਂ ਮੋਟੀਆਂ ਗੱਲਾਂ ਕਰਦੇ ਰਹੇ। ਸਕੌਟ ਖੁਦ ਕੋਈ ਗੱਲ ਨਹੀਂ ਸੀ ਚਲਾਉਣੀ ਚਾਹੁੰਦਾ। ਪਰ ਉਹ ਗੱਲ ਕਰਨ ਲਈ ਹੀ ਤਾਂ ਆਇਆ ਸੀ।

'ਗੈਰੀ ਬਿਨਾਂ ਕੰਮ ਦਾ ਤਾਂ ਬਹੁਤ ਨੁਕਸਾਨ ਹੋਇਆ ਹੋਵੇਗਾ, ਕੈਰਨ।'

'ਹਾਂ ਫਰਕ ਤਾਂ ਪੈਂਦਾ ਈ ਐ। ਪਰ ਕੰਮ ਚੱਲੀ ਜਾਂਦਾ। ਅਜੇ ਗੈਰੀ ਦੀ ਥਾਂ ਨਵਾਂ ਡਾਇਰੈਕਟਰ ਨਹੀਂ ਚੁਣਿਆ ਗਿਆ। ਉਸ ਦਾ ਕਾਤਲ ਵੀ ਨਹੀਂ ਲੱਭਿਆ।' ਕੁੜੀ ਸਕੌਟ ਦੀਆਂ ਅੱਖਾਂ ਵਿਚ ਸਿੱਧਾ ਵੇਖ ਰਹੀ ਸੀ।

'ਮੈਨੂੰ ਬਹੁਤ ਅਫਸੋਸ ਐ ਅਜੇ ਕੋਈ ਸੁਰਾਗ ਨਹੀਂ ਮਿਲਿਆ। ਵੈਸੇ ਕੈਰਨ ਤੇਰੇ ਖਿਆਲ ਵਿਚ ਕੋਈ ਬੰਦਾ ਜਿਹੜਾ ਗੈਰੀ ਨੂੰ ਖਾਸ ਮਿਲਦਾ ਹੋਵੇ ਜਾਂ ਕੋਈ ਪ੍ਰਾਈਵੇਟ ਸੁਨੇਹਾ ਛੱਡਦਾ ਹੋਵੇ।'

ਉਹ ਕੁਝ ਦੇਰ ਸੋਚਦੀ ਰਹੀ।'ਨਹੀਂ ਮੇਰੇ ਖਿਆਲ ਵਿਚ ਅਜਿਹਾ ਤਾਂ ਕੋਈ ਬੰਦਾ ਨਹੀਂ।'

'ਇਹ ਸਿਰਫ ਦੋਸਤਾਨਾ ਗੱਲ ਐ। ਜੇ ਤੂੰ ਬੁਰਾ ਨਾ ਮਨਾਏਂ ਤਾਂ ਇਕ ਗੱਲ ਪੁੱਛ ਸਕਦਾਂ।' ਕੁੜੀ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਵੇਖਦੀ ਰਹੀ।

'ਗੈਰੀ ਨੇ ਇਕ ਥਾਂ ਖਰੀਦੀ ਸੀ। ਕੰਪਨੀ ਨੂੰ ਪਤਾ ਹੈ। ਤੇਰੇ ਖਿਆਲ 'ਚ ਕੋਈ ਬੰਦਾ ਉਸ ਬਾਰੇ ਗੈਰੀ ਨੂੰ ਮਿਲਣ ਆਉਂਦਾ ਹੋਵੇ ਜਾਂ ਇਸ ਸਬੰਧ ਵਿਚ ਕੋਈ ਤੈਨੂੰ ਜਾਣਕਾਰੀ ਹੋਵੇ। ਇਹ ਆਪਣੇ ਦੋਵਾਂ ਵਿਚ ਹੀ ਰਹੇਗੀ, ਮੇਰਾ ਵਾਇਦਾ ਐ।'

'ਨਹੀਂ ਮੇਰੇ ਤਾਂ ਖਿਆਲ ਵਿਚ ਕੋਈ ਅਜਿਹੀ ਗੱਲ ਨਹੀਂ ਆਉਂਦੀ। ਪਰ ਜੇ ਕੋਈ ਮੈਨੂੰ ਜਾਣਕਾਰੀ ਹੋਈ ਤਾਂ ਮੈਂ ਜਰੂਰ ਸਾਂਝੀ ਕਰੂੰ।'

ਉਹ ਬਾਇ ਕਰਕੇ ਸਟੋਰ ਵਿਚ ਚਲੀ ਗਈ ਤੇ ਸਕੌਟ ਕਾਰ ਵਿਚ ਆ ਬੈਠਾ।

ਅਗਲੇ ਦਿਨ ਉਹ ਦਫ਼ਤਰ ਗਿਆ ਤਾਂ ਟੋਨੀ ਆਪਣੇ ਕਮਰੇ ਵਿਚ ਨਹੀਂ ਸੀ। ਉਸ ਨੇ ਰਿਸੈਪਸ਼ਨ 'ਤੇ ਕੁੜੀ ਨੂੰ ਉਸ ਬਾਰੇ ਪੁੱਛਿਆ।

'ਉਹ ਤਾਂ ਕੰਮ ਛੱਡ ਗਿਆ, ਪਿਛਲੇ ਸ਼ੁਕਰਵਾਰ।' ਕੁੜੀ ਕਹਿ ਕੇ ਟੈਲੀਫ਼ੋਨ ਸੁਣਨ ਲੱਗੀ ਤੇ ਸਕੌਟ ਕਲਾਈਵ ਕੋਲ ਚਲਾ ਗਿਆ।

'ਟੋਨੀ ਕਿਵੇਂ ਅਚਾਨਕ ਕੰਮ ਛੱਡ ਗਿਆ?'

'ਸਕੌਟ ਤੈਨੂੰ ਉਹਦੇ ਮੂਡ ਦਾ ਪਤਾ ਈ ਐ। ਵੈਸੇ ਉਹ ਆਵਦਾ ਕੰਮ ਪੂਰਾ ਕਰ ਗਿਆ।' ਕਲਾਈਵ ਨੇ ਕੁਰਸੀ ਨੂੰ ਢੋਅ ਲਾਉਂਦਿਆਂ ਕਿਹਾ।

'ਉਹਨੂੰ ਕਿਸੇ ਖਾਸ ਕੰਮ ਵਾਸਤੇ ਰੱਖਿਆ ਸੀ, ਮੈਨੂੰ ਪਤਾ ਨਹੀਂ ਸੀ।' ਸਕੌਟ ਨੇ ਹੈਰਾਨੀ ਨੂੰ ਲੁਕਾਉਂਦਿਆਂ ਕਿਹਾ।

'ਤੈਨੂੰ ਤਾਂ ਪਤਾ ਈ ਆ ਸਕੌਟ ਕਿ ਹੁਣ ਲੜਾਈ ਗੋਲੀਆਂ ਨਾਲੋਂ ਵੱਧ 'ਸਾਈਬਰ ਵਾਇਰਸ' ਨਾਲ ਲੜੀ ਜਾਂਦੀ ਐ। ਇਕ ਦੇਸ਼ ਦੂਜੇ ਦੇ ਸਕਿਉਰਟੀ ਕੰਮਪਿਊਟਰਾਂ ਨੂੰ 'ਹੈਕ' ਕਰਨ ਦੀ ਕੋਸ਼ਿਸ਼ ਕਰਦਾ ਤੇ ਅਪਰਾਧੀ ਪੁਲੀਸ ਦੇ ਕੰਪਿਊਟਰਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਆ। ਆਪਣੇ ਦਫ਼ਤਰ ਦੇ ਕੰਪਿਊਟਰਾਂ ਨੂੰ ਵੀ ਕਿਸੇ ਨੇ ਹੈਕ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਕੰਮ ਵਾਸਤੇ ਹੀ ਟੋਨੀ ਨੂੰ ਸੱਦਿਆ ਸੀ। ਉਸ ਨੇ ਆਪਣੇ ਕੰਪਿਊਟਰ ਸੁਰੱਖਿਅਤ ਕਰ ਦਿੱਤੇ। ਸ਼ੁਕਰਵਾਰ ਏਥੇ ਆਇਆ ਕਹਿੰਦਾ ਕੰਮ ਖਤਮ ਹੋ ਗਿਆ ਤੇ ਮੈਂ ਕਿਤੇ ਹੋਰ ਕੰਮ ਕਰਨਾ ਐ। ਆਪਣੇ ਸੁਭਾਅ ਅਨੁਸਾਰ ਇਸ ਤੋਂ ਵੱਧ ਉਹਨੇ ਕੋਈ ਗੱਲ ਨੀ ਕੀਤੀ।'

ਸਕੌਟ ਨੂੰ ਹੁਣ ਕੋਈ ਖਾਸ ਹੈਰਾਨੀ ਵਾਲੀ ਗੱਲ ਨਹੀਂ ਸੀ ਰਹੀ।

## 11

ਸ਼ੇਰਾ ਹੀਥਰੋ ਏਅਰਪੋਰਟ ਪਹੁੰਚਿਆ ਤਾਂ ਬਾਹਰ ਬੱਦਲ-ਬਾਈ ਸੀ ਪਰ ਮੀਂਹ ਨਹੀਂ ਸੀ ਪੈ ਰਿਹਾ। ਸਰਦੀ ਦੀ ਰੁੱਤ ਅਜੇ ਜਵਾਨੀ ਵਿਚ ਨਹੀਂ ਸੀ ਪਹੁੰਚੀ। ਪੰਜਾਬ ਵਿਚ ਤਾਂ ਅਜੇ ਗਰਮੀ ਸੀ ਪਰ ਸ਼ੇਰੇ ਨੇ ਲੰਡਨ ਦੀ ਸਰਦੀ ਬਾਰੇ ਸੋਚ ਕੇ ਇਕ ਜੈਕਟ ਬਾਹਰ ਰੱਖ ਲਈ ਸੀ। ਪਹਿਲਾਂ ਉਸ ਨੇ ਨਾਜਰ ਨੂੰ ਏਅਰਪੋਰਟ ਤੋਂ ਫ਼ੋਨ ਕਰਨ ਬਾਰੇ ਸੋਚਿਆ ਪਰ ਮੌਸਮ ਸੁਕ-ਪਕਾ ਹੋਣ ਕਰਕੇ ਮਨ ਬਦਲ ਲਿਆ। ਉਸ ਨੇ ਬੱਸ ਫੜੀ ਤੇ ਬਾਥ ਰੋਡ ’ਤੇ ਸੜਕ ਦੇ ਐਧਰ ਓਧਰ ਵੇਖਣ ਲੱਗਾ। ਹੀਥਰੋ ਦੇ ਨੇੜੇ ਹੀ ਇਕ ਨਵਾਂ ਰੈਸਟੋਰੈਂਟ ‘ਲਿਟਲ ਸ਼ੈਫ’ ਖੁੱਲ੍ਹ ਗਿਆ ਸੀ। ਪਹਿਲਾਂ ਹੰਸਲੋ ਵੈਸਟ ਅਮਰੀਕਨ ਰੈਸਟੋਰੈਂਟ ‘ਵਿੰਪੀ’ ਖੁੱਲ੍ਹਿਆ ਹੋਇਆ ਸੀ। ਏਥੇ ਦੇ ਬਰਗਰ ਤੇ ਚਿਪਸ ਫਰਾਈ ਬਹੁਤ ਸੁਆਦਲੇ ਸਨ। ਬੈਠ ਕੇ ਖਾਣ ਲਈ ਕੁਰਸੀਆਂ ਲੱਗੀਆਂ ਸਨ ਤੇ ਖਾਣਾ ਘਰੇ ਵੀ ਲਿਜਾਇਆ ਜਾ ਸਕਦਾ ਸੀ। ਹੁਣ ਲੋਕ ਮੱਛੀ ਤੇ ਚਿਪਸ ਤੱਕ ਹੀ ਸੀਮਤ ਨਹੀਂ ਸਨ ਰਹੇ। ਵਿੰਪੀ ਵਿਚ ਤਾਂ ਸ਼ੇਰੇ ਨੇ ਵੀ ਖਾਣਾ ਖਾਧਾ ਸੀ। ਇਹ ਲਿਟਲ ਸ਼ੈਫ ਵੀ ਉਸ ਨੂੰ ਵਿੰਪੀ ਵਰਗਾ ਹੀ ਲੱਗਿਆ।

ਘਰ ਦੇ ਨੇੜੇ ਦੇ ਬੱਸ ਸਟਾਪ ’ਤੇ ਉੱਤਰ ਕੇ ਪੰਜ ਸੱਤ ਮਿੰਟਾਂ ਵਿਚ ਘਰ ਪਹੁੰਚ ਗਿਆ। ਸ਼ਾਮ ਦੇ ਚਾਰ ਕੁ ਵੱਜੇ ਸਨ। ਦਰਵਾਜ਼ਾ ਖੁੱਲ੍ਹਿਆ ਤਾਂ ਗੁਰਦੇਵ ਦੌੜਦਾ ਹੇਠਾਂ ਆ ਗਿਆ।

‘ਮੈਂ ਆਖਿਆ ਕੌਣ ਆ ਗਿਆ ਐਸ ਵੇਲੇ?’ ਸ਼ੇਰਾ ਨਿੱਕੀ ਜਿਹੀ ਸੈਟੀ ’ਤੇ ਬੈਠ ਗਿਆ ਤੇ ਘਰ ਨੂੰ ਓਪਰਾ ਜਿਹਾ ਵੇਖਣ ਲੱਗਾ।

‘ਸੌਰੀ ਜਾਰ ਮੈਂ ਤੈਨੂੰ ਜਗਾ ’ਤਾ।’

‘ਮੈਂ ਤਾਂ ਜਾਗਦਾ ਈ ਸੀ। ਭੈਣ ਜੀ ਹੋਰਾਂ ਦਾ ਤਾਂ ਬਹੁਤ ਮਾੜਾ ਹੋਇਆ। ਕੀ ਗੱਲ ਬਣੀ?’

‘ਜਿਥੇ ਰੱਬ ਰੱਖੇ ਉਥੇ ਈ ਰਹਿਣਾ ਪੈਂਦਾ। ਕੀ ਪਤਾ ਉੱਪਰਲੇ ਨੇ ਕੀ ਕੀ ਸੋਚਿਆ ਹੋਇਆ।’ ਕਹਿੰਦਿਆਂ ਉਸ ਨੇ ਸਾਰੀ ਵਾਪਰੀ ਘਟਨਾ ਸੁਣਾ ਦਿੱਤੀ ਜਿਸ ਨੂੰ ਹੁਣ ਤੱਕ ਪਤਾ ਨਹੀਂ ਕਿੰਨੀ ਵਾਰ ਦੁਹਰਾਅ ਚੁੱਕਿਆ ਸੀ।

‘ਮੈਂ ਚਾਹ ਬਣਾਉਣਾ।’ ਬਿਨਾਂ ਉਸ ਦਾ ਜਵਾਬ ਉਡੀਕਿਆਂ ਗੁਰਦੇਵ ਚਾਹ ਬਣਾਉਣ ਲੱਗਿਆ। ਚਾਹ ਪੀਂਦਿਆਂ ਉਹਨਾਂ ਨੇ ਕੰਮ ਦੀਆਂ, ਪੰਜਾਬ ਦੀਆਂ ਪਤਾ ਨਹੀਂ ਕਿੰਨੀਆਂ ਈ ਗੱਲਾਂ ਕੀਤੀਆਂ।

‘ਮੈਂ ਰੋਟੀ ਬਣਾ ਕੇ ਰੱਖ ਦਿੰਨਾ ਤੂੰ ਜਦੋਂ ਜੀ ਕੀਤਾ ਖਾ ਲਈਂ।’ ਗੁਰਦੇਵ ਨੇ ਕਿਹਾ।

‘ਨਹੀਂ ਮੈਂ ਅੱਜ ਨਾਜਰ ਵੱਲ ਜਾਊਂਗਾ। ਉਹਨੇ ਰੋਟੀ ਖਾਧੇ ਬਿਨਾਂ ਤਾਂ ਆਉਣ ਈ ਨੀ ਦੇਣਾ।’

ਮੂੰਹ ਹੱਥ ਧੋ ਕੇ ਉਹ ਨਾਜਰ ਵੱਲ ਚਲਾ ਗਿਆ। ਸ਼ਾਮ ਦੇ ਸੱਤ ਕੁ ਵੱਜੇ ਸਨ ਜਦੋਂ ਉਹ ਨਾਜਰ ਦੀ ਦੁਕਾਨ 'ਤੇ ਪਹੁੰਚ ਗਿਆ। ਨਾਜਰ ਕਿਸੇ ਗਾਹਕ ਨੂੰ ਭੁਗਤਾ ਰਿਹਾ ਸੀ। ਉਸ ਨੂੰ ਵੇਖ ਕੇ ਉਹ ਜਲਦੀ ਨਾਲ ਕਾਊਂਟਰ ਦੇ ਪਿੱਛੇ ਤੋਂ ਅੱਗੇ ਆ ਗਿਆ ਤੇ ਸ਼ੇਰੇ ਨੂੰ ਜੱਫੀ ਪਾ ਲਈ। ਉਹ ਦੋਵੇਂ ਕਾਊਂਟਰ ਦੇ ਪਿੱਛੇ ਖੜ੍ਹ ਗਏ। ਹੁਣ ਦੁਕਾਨ ਦਾ ਸਮਾਂ ਉਸ ਨੇ ਅੱਠ ਵਜੇ ਤੱਕ ਕਰ ਦਿੱਤਾ ਸੀ। ਸ਼ੇਰੇ ਨੇ ਵੇਖਿਆ ਦੁਕਾਨ ਵਾਹਵਾ ਖੁੱਲ੍ਹ ਗਈ ਸੀ ਤੇ ਸਮਾਨ ਵੀ ਬਹੁਤ ਸੀ। ਇਕ ਹੋਰ ਸਟਾਫ ਵੀ ਕੰਮ ਕਰ ਰਿਹਾ ਸੀ। ਨਾਜਰ ਨੇ ਘੰਟੀ ਮਾਰੀ ਤਾਂ ਪਲਾਂ ਵਿਚ ਪ੍ਰੀਤੋ ਹੇਠਾਂ ਆ ਗਈ। ਸ਼ੇਰੇ ਨੂੰ ਵੇਖ ਕੇ ਉਹ ਹੈਰਾਨ ਹੋ ਗਈ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਖੜ੍ਹ ਗਈ।

'ਪ੍ਰੀਤੋ ਅੱਧਾ-ਅੱਧਾ ਕੱਪ ਚਾਹ ਦਾ ਈ ਬਣਾ ਲੈ। ਮੈਂ ਵੀ ਅੱਜ ਚਾਹ ਨੀ ਪੀਤੀ।' ਪ੍ਰੀਤੋ ਫਲੈਟ ਵਿਚ ਚਲੀ ਗਈ ਤੇ ਚਾਹ ਬਣਾ ਲਿਆਈ। ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹੇ।

ਅੱਠ ਵੱਜਣ ਤੋਂ ਕੁਝ ਮਿੰਟ ਪਹਿਲਾਂ ਹੀ ਨਾਜਰ ਨੇ ਸ਼ਟਰ ਖਿੱਚ ਦਿੱਤੇ। ਪੂਰੇ ਅੱਠ ਵਜੇ ਦੁਕਾਨ ਬੰਦ ਕਰਕੇ ਉਹ ਫਲੈਟ ਵਿਚ ਚਲੇ ਗਏ। ਉਹਨਾਂ ਕੋਲ ਹੀ ਪ੍ਰੀਤੋ ਵੀ ਆ ਬੈਠੀ।

'ਵੀਰ ਜੀ ਸ਼ਿੰਦਰ ਭੈਣ ਦਾ ਤਾਂ ਬਹੁਤ ਮਾੜਾ ਹੋਇਆ।' ਪ੍ਰੀਤੋ ਨੇ ਗੱਲ ਸ਼ੁਰੂ ਕੀਤੀ।

ਸ਼ੇਰੇ ਨੇ ਸਾਰੀ ਕਹਾਣੀ ਫਿਰ ਤੋਂ ਦੁਹਰਾ ਦਿੱਤੀ। ਦੋਵੇਂ ਜੀ ਮਨੋਂ ਆਪਣਾ ਦੁੱਖ ਜ਼ਾਹਰ ਕਰਦੇ ਰਹੇ। ਬੱਚੇ ਦੂਸਰੇ ਕਮਰੇ ਵਿਚ ਬੈਠੇ ਪੜ੍ਹ ਰਹੇ ਸਨ। ਉਹ ਸ਼ੇਰੇ ਨੂੰ ਫਤਹਿ ਬੁਲਾ ਕੇ ਵਾਪਿਸ ਕੰਮ ਕਰਨ ਲੱਗੇ ਸਨ।

'ਕਿਵੇਂ ਚਲਦੀ ਆ ਨਿਆਣਿਆਂ ਦੀ ਪੜ੍ਹਾਈ?'

'ਹੁਣ ਤਾਂ ਚੱਲ ਪੇ ਲਗਦੇ ਐ। ਅੰਗਰੇਜ਼ੀ ਨੂੰ ਵਾਹਵਾ ਮੂੰਹ ਮਾਰਨ ਲੱਗਗੇ।' ਨਾਜਰ ਨੇ ਉਹਨਾਂ ਵੱਲ ਵੇਖਦਿਆਂ ਕਿਹਾ।

'ਚੰਗਾ ਜਾਰ ਜੇ ਪੜ੍ਹ ਜਾਣ, ਨਹੀਂ ਤਾਂ ਸਾਡੇ ਆਲੀ ਜੂਨ ਈ ਕੱਟਣੀ ਪੈਣੀ ਆ।'

'ਆਪਾਂ ਆਵਦੇ ਵੱਲੋਂ ਤਾਂ ਕਸਰ ਨੀ ਛੱਡਦੇ, ਪੜ੍ਹਨਾ ਤਾਂ ਇਹਨਾਂ ਨੇ ਈ ਆ।' ਕਹਿ ਕੇ ਨਾਜਰ ਰਸੋਈ ਵਿਚੋਂ ਗਲਾਸ ਤੇ ਪਾਣੀ ਲੈ ਆਇਆ। ਬੋਤਲ ਕੱਢ ਕੇ ਪੈਗ ਬਣਾਉਣ ਲੱਗਿਆ।

'ਦੁਖ ਵੀ ਆ, ਪਰ ਜ਼ਿੰਦਗੀ ਤਾਂ ਚਲਦੀ ਈ ਰਹਿਣੀ ਚਾਹੀਦੀ ਆ।'

ਉਹਨਾਂ ਨੇ ਘੁੱਟਾਂ ਭਰਨੀਆਂ ਸ਼ੁਰੂ ਕੀਤੀਆਂ ਤਾਂ ਪ੍ਰੀਤੋ ਮੂੰਗਫਲੀ ਤੇ ਕਾਜੂ ਦੋਂਹ ਕੌਲੀਆਂ ਵਿਚ ਪਾ ਕੇ ਰੱਖ ਗਈ। ਉਂਝ ਉਸ ਨੇ ਕੌੜੀਆਂ ਜਿਹੀਆਂ ਨਜ਼ਰਾਂ ਨਾਲ ਨਾਜਰ ਨੂੰ ਵੇਖਿਆ।

ਦੂਜਾ ਪੈਗ ਲਾ ਕੇ ਸ਼ੇਰਾ ਚੁੱਪ ਜਿਹਾ ਸੀ। ਨਾਜਰ ਨੇ ਉਸ ਵੱਲ ਇੰਝ ਵੇਖਿਆ ਜਿਵੇਂ ਪੁੱਛ ਰਿਹਾ ਹੋਵੇ ਕੀ ਗੱਲ ਐ?

'ਮੈਂ ਇਕ ਗੱਲ ਕਰਨੀ ਸੀ ਤੇਰੇ ਨਾਲ।'

'ਦੱਸ--।' ਨਾਜਰ ਚੇਤਨ ਹੋ ਕੇ ਬੈਠ ਗਿਆ।

'ਗੱਲ ਇਉਂ ਐ ਬਈ ਮੈਨੂੰ ਸ਼ਿੰਦਰ ਦੇ ਮਾਂ ਪਿਉ ਵੀ ਤੇ ਮੇਰੇ ਘਰਦੇ ਵੀ ਬਹੁਤ ਜ਼ੋਰ ਪਾਉਣ ਲੱਗੇ ਬਈ ਮੈਂ ਆਵਦੀ ਰੋਟੀ ਪਕਦੀ ਕਰਾਂ। ਮੈਂ ਵੀ ਸੋਚਿਆ ਬਈ ਨਿੱਤ ਆਉਣਾ ਜਾਣਾ ਕਿਹੜਾ ਸੌਖਾ। ਉਹਨਾਂ ਨੇ ਸ਼ਿੰਦਰ ਦੀ ਛੋਟੀ ਭੈਣ ਦਾ ਰਿਸਤਾ ਕਰਤਾ ਤੇ ਮੈਂ ਮਨਜੂਰ ਕਰ ਲਿਆ। ਸੋਲਾਂ ਪਾਸ ਆ। ਨੰਦ ਵੀ ਕਰਾ ਲੇ--।' ਕਹਿ ਕੇ ਸ਼ੇਰਾ ਚੁੱਪ ਹੋ ਗਿਆ। ਨਾਜਰ ਨੀਵੀਂ ਪਾਈ ਸੋਚਣ ਲੱਗਾ ਤੇ ਪ੍ਰੀਤੋ ਦੇ ਮੂੰਹ ਦਾ ਰੰਗ ਬਦਲ ਗਿਆ। ਉਹ ਚੁੱਪ ਜਿਹੀ ਰਸੋਈ ਵਿਚ ਖੜ੍ਹੀ ਰਹੀ।

'ਚਲੋ ਜਿਵੇਂ ਵੀ ਠੀਕ ਲੱਗਿਆ ਹੋ ਗਿਆ।' ਨਾਜਰ ਨੂੰ ਪਤਾ ਨਹੀਂ ਸੀ ਲੱਗ ਰਿਹਾ ਉਹ ਕੀ ਗੱਲ ਕਰੇ।

ਖਾਣਾ ਖਾ ਕੇ ਸ਼ੇਰਾ ਤਾਂ ਚਲਾ ਗਿਆ। ਬੱਚੇ ਸੌਂ ਗਏ। ਪ੍ਰੀਤੋ ਦੇ ਮਨ ਵਿਚ ਕੁਝ ਟੁੱਟ ਗਿਆ ਸੀ। ਉਸ ਨੂੰ ਸ਼ੇਰਾ ਕੋਈ ਹੋਰ ਬੰਦਾ ਲੱਗਾ। ਉਸ ਨੂੰ ਪਤਾ ਸੀ ਹੁਣ ਇਹ ਸ਼ੇਰਾ ਤੇ ਪਹਿਲਾਂ ਵਾਲਾ ਸ਼ੇਰਾ ਉਸ ਲਈ ਕਦੇ ਇਕ ਨਹੀਂ ਹੋ ਸਕਦੇ।

'ਅਜੇ ਉਹਦਾ ਤਾਂ ਵਿਚਾਰੀ ਦਾ ਸਿਵਾ ਵੀ ਠੰਡਾ ਨੀ ਹੋਇਆ ਤੇ ਇਹ ਨੰਦ ਲੈਣ ਨੂੰ ਤਿਆਰ ਹੋ ਗਿਆ।'

'ਪਰ ਉਹਦੇ ਸਹੁਰਿਆਂ ਨੇ ਜ਼ੋਰ ਪਾਇਆ ਕਰਕੇ--।'

'ਪਤਾ ਨੀ ਕਿਹੋ ਜੇ ਮਾਂ ਬਾਪ ਐ। ਪੜ੍ਹੀ ਲਿਖੀ ਤੇ ਨਰਮ ਉਮਰ ਦੀ ਕੁੜੀ ਕੀ ਸੋਚਕੇ ਉਹਨਾਂ ਨੇ ਗਲ ਮੜ੍ਹ 'ਤੀ। ਨਾ ਈ ਇਹਨੇ ਸੋਚਿਆ ਬਈ ਅੱਧੀ ਉਮਰ ਦੀ ਕੁੜੀ ਨਾਲ ਨੰਦ ਲੈਣ ਲਗਿਆਂ-। ਮੈਨੂੰ ਤਾਂ ਇਹ ਭੋਰਾ ਨੀ ਚੰਗਾ ਲੱਗਿਆ।'

## 12

ਟੋਨੀ ਦਾ ਵੀਕ ਐਂਡ 'ਤੇ ਬੌਕਸਿੰਗ ਦਾ ਮੈਚ ਸੀ। ਮੈਚ ਵੇਖਣ ਲਈ ਲੋਕ ਕੁਰਸੀਆਂ 'ਤੇ ਡਟੇ ਬੈਠੇ ਸਨ ਤੇ ਦੋਵਾਂ ਬੌਕਸਰਾਂ ਦੀ ਉਡੀਕ ਕਰ ਰਹੇ ਸਨ। ਪਹਿਲਾਂ ਰੈਫਰੀ ਆਇਆ ਤੇ ਉਸ ਨੇ ਲੰਬੀ ਸੀਟੀ ਮਾਰੀ। ਬੌਕਸਰਾਂ ਦੇ ਆਉਣ ਦਾ ਸਮਾਂ ਸੀ। ਪਹਿਲਾਂ ਟੋਨੀ ਆਇਆ ਤੇ ਉਹ ਲਾਲ ਕੋਨੇ ਵਿਚ ਖੜ੍ਹ ਗਿਆ। ਲੋਕਾਂ ਨੇ ਆਦਤਨ ਤਾੜੀਆਂ ਮਾਰੀਆਂ ਤੇ ਉਹ ਕਲਪਨਾ ਵਿਚ ਬਹੁਤ ਹਲਕਾ ਜਿਹਾ ਮੈਚ ਵੇਖਣ ਬਾਰੇ ਸੋਚਣ ਲੱਗੇ। ਬੱਚਿਆਂ ਦੇ ਖੇਲ੍ਹ ਵਰਗਾ। ਕਈਆਂ ਨੇ ਟੋਨੀ ਦੇ ਹਲਕੇ ਤੇ ਨਿੱਕੇ ਜਿਹੇ ਕੱਦ 'ਤੇ ਆਵਾਜ਼ੇ ਕਸੇ ਤੇ ਕਈਆਂ ਨੇ ਖਿੱਲੀ ਉਡਾਈ। ਕੁਝ ਅਜਿਹੇ ਵੀ ਸਨ ਜਿਹੜੇ ਉਸ ਨਾਲ ਹਮਦਰਦੀ ਰਖਦੇ ਸਨ। ਅਜੇ ਇਹ ਹੋ-ਹੱਲਾ ਚੱਲ ਹੀ ਰਿਹਾ ਸੀ ਤੇ ਟੋਨੀ ਆਪਣੇ ਦਸਤਾਨਿਆਂ ਵਾਲੇ ਹੱਥਾਂ ਨਾਲ ਹੱਥ ਉੱਚੇ ਕਰਕੇ ਲੋਕਾਂ ਦਾ ਧੰਨਵਾਦ ਕਰ ਰਿਹਾ ਸੀ ਕਿ ਨੀਲੇ ਕੋਨੇ ਵਾਲਾ ਬੌਕਸਰ ਵੀ ਰਿੰਗ (ਅਖਾੜੇ) ਵਿਚ ਆ ਗਿਆ। ਉਸ ਦਾ ਦਰਸ਼ਨੀ ਸਰੀਰ, ਗਠੀਲਾ ਤੇ ਡੌਲਿਆਂ ਦੀਆਂ ਮਛਲੀਆਂ ਜਿਵੇਂ ਪਾਣੀ ਵਿਚ ਤਰ ਰਹੀਆਂ ਹੋਣ। ਉਸ ਨੇ ਹੱਥ ਖੜ੍ਹੇ ਕਰਕੇ ਲੋਕਾਂ ਦਾ ਧੰਨਵਾਦ ਕੀਤਾ ਤੇ ਨੀਲੇ ਕੋਨੇ ਵਿਚ ਚਲਾ ਗਿਆ। ਲੋਕਾਂ ਵਿਚ ਕਈ ਕਿਸਮ ਦੀਆਂ ਆਵਾਜ਼ਾਂ ਆ ਰਹੀਆ ਸਨ। ਕਿਸੇ ਨੂੰ ਕੁਝ ਪਤਾ ਨਹੀਂ ਸੀ ਲੱਗ ਰਿਹਾ ਕਿ ਕੌਣ ਕੀ ਕਹਿ ਰਿਹਾ ਸੀ। ਰੈਫਰੀ ਨੇ ਉਹਨਾਂ ਨੂੰ ਰਿੰਗ ਦੇ ਵਿਚਕਾਰ ਆਉਣ ਦਾ ਇਸ਼ਾਰਾ ਕੀਤਾ ਤੇ ਉਹ ਰੈਫਰੀ ਦੇ ਸੱਜੇ ਖੱਬੇ ਖੜ੍ਹ ਗਏ। ਰੈਫਰੀ ਉਹਨਾਂ ਨੂੰ ਸੰਖੇਪ ਵਿਚ ਬੌਕਸਿੰਗ ਦੇ ਅਸੂਲਾਂ ਬਾਰੇ ਦੱਸ ਰਿਹਾ ਸੀ ਤੇ ਫਾਊਲ ਨਾ ਖੇਡਣ ਬਾਰੇ ਕਹਿ ਰਿਹਾ ਸੀ। ਟੋਨੀ ਜਿਵੇਂ ਡਾਂਸ ਕਰ ਰਿਹਾ ਹੋਵੇ। ਉਹ ਹਲਕਾ ਹਲਕਾ ਟੱਪੀ ਜਾ ਰਿਹਾ ਸੀ ਤੇ ਸਿਹਤਮੰਦ ਬੌਕਸਰ ਉਸ ਵੱਲ ਇੰਝ ਵੇਖ ਰਿਹਾ ਸੀ ਜਿਵੇਂ ਕਹਿ ਰਿਹਾ ਹੋਵੇ ਕਿ ਮਿੰਟ ਵੀ ਨਹੀਂ ਲੱਗਣਾ ਤੈਨੂੰ ਮਸਲ ਕੇ ਰੱਖ ਦਿਆਂਗਾ, ਜੋ ਸੱਚ ਵੀ ਸੀ। ਕਿਸੇ ਨੇ ਉੱਚੀ ਆਵਾਜ਼ ਵਿਚ ਕਿਹਾ, 'ਪਹਿਲਾਂ ਦੇਖੋ ਇਹਨਾਂ ਦਾ ਕੋਈ ਮੁਕਾਬਲਾ ਐ ਭਲਾ? ਮਿੰਨੀ ਨਾਲ ਟਰੱਕ ਦਾ ਮੁਕਾਬਲਾ ਕਰਾਉਣ ਲੱਗੇ ਆਂ। ਉਹਨੂੰ ਜੁਆਕ ਨੂੰ ਮਰਵਾਉਣਾ---।'

ਟੋਨੀ ਆਪਣੇ ਦੰਦਾਂ 'ਤੇ ਲੱਗੇ 'ਗਾਰਡ ਦੰਦਾਂ' ਨਾਲ ਹੱਸਣ ਦਾ ਯਤਨ ਕਰ ਰਿਹਾ ਸੀ। ਰੈਫਰੀ ਨੇ ਟੋਨੀ ਨੂੰ ਪੁੱਛਿਆ ਕਿ ਕੀ ਉਹ ਆਪਣੇ ਵਿਰੋਧੀ ਨਾਲ ਮੁਕਾਬਲਾ ਕਰਨਾ ਚਾਹੁੰਦਾ ਸੀ ਜਾਂ ਹਾਰ ਮੰਨਣ ਨੂੰ ਤਿਆਰ ਸੀ। ਟੋਨੀ ਨੇ ਆਪਣੇ ਖੱਬੇ ਹੱਥ ਦੀ ਹਥੇਲੀ 'ਤੇ ਸੱਜੇ ਹੱਥ ਦਾ ਮੁੱਕਾ ਮਾਰਿਆ ਜਿਸ ਦਾ ਮਤਲਬ ਸੀ ਉਹ ਲੜੇਗਾ। 'ਓਏ ਕਿਉਂ ਮੌਤ ਨੂੰ ਹਾਕਾਂ ਮਾਰਦਾਂ--।' ਕਈਆਂ ਦੀਆਂ ਆਵਾਜ਼ਾਂ ਆਈਆ। ਹੁਣ ਤੱਕ ਪਹਿਲੇ ਰਾਊਂਡ ਦੀ ਘੰਟੀ ਵੱਜ ਗਈ ਸੀ ਤੇ ਰੈਫਰੀ ਨੇ ਮੈਚ ਸ਼ੁਰੂ ਕਰਨ ਦਾ ਇਸ਼ਾਰਾ ਕਰ ਦਿੱਤਾ ਸੀ। ਲੋਕ

ਵੀ ਕੁਝ ਚੁੱਪ ਹੋ ਗਏ ਸਨ। ਟੋਨੀ ਦਾ ਵਿਰੋਧੀ ਗਰੂਰ ਨਾਲ ਸਿਰ ਉੱਚਾ ਕਰੀ ਰਿੰਗ ਦੇ ਵਿਚਕਾਰ ਆਇਆ ਜਿਥੇ ਟੋਨੀ ਐਕਸ਼ਨ ਵਿਚ ਸੀ ਤੇ ਪਹਿਲਾਂ ਵਾਂਗ ਹੀ ਟੱਪੀ ਜਾ ਰਿਹਾ ਸੀ। ਮੈਚ ਸ਼ੁਰੂ ਹੋਇਆ। ਟੋਨੀ ਦਾ ਵਿਰੋਧੀ ਉਸ ਤੋਂ ਘੱਟੋ ਘੱਟ ਛੇ ਸੱਤ ਇੰਚ ਉੱਚਾ ਸੀ। ਉਸ ਦੀਆਂ ਬਾਹਾਂ ਵੀ ਲੰਬੀਆਂ ਸਨ ਇਸ ਲਈ ਟੋਨੀ 'ਤੇ ਮੁੱਕੇ ਦਾ ਵਾਰ ਕਰਨਾ ਉਸ ਲਈ ਸੌਖਾ ਸੀ। ਟੋਨੀ ਉਸ ਦੀ ਪਹੁੰਚ ਤੋਂ ਥੋੜੀ ਦੂਰ ਰਹਿ ਕੇ ਟੱਪੀ ਜਾ ਰਿਹਾ ਸੀ। ਵਿਰੋਧੀ ਨੇ ਦੋ ਤਿੰਨ ਵਾਰ ਕੀਤੇ ਜੋ ਖਾਲੀ ਗਏ। ਅਚਾਨਕ ਟੋਨੀ ਨੇ ਗੇਂਦ ਵਾਂਗ ਬੁੜ੍ਹਕ ਕੇ ਵਿਰੋਧੀ ਦੇ ਨੱਕ 'ਤੇ ਮੁੱਕਾ ਮਾਰਿਆ ਤੇ ਅਜੇ ਉਸ ਨੇ ਪੈਰ ਥੱਲੇ ਲਾਏ ਹੀ ਸਨ ਇਕ ਵਾਰ ਫਿਰ ਬੁੜ੍ਹਕ ਕੇ ਇਕ ਹੋਰ ਮੁੱਕਾ ਜੜ ਦਿੱਤਾ ਜਿਹੜਾ ਵਿਰੋਧੀ ਦੀ ਅੱਖ ਦੇ ਥੱਲੇ ਵੱਜਿਆ। ਵਿਰੋਧੀ ਦੀ ਅੱਖ ਹੇਠ ਨੀਲਾ ਨਿਸ਼ਾਨ ਉਭਰ ਆਇਆ ਸੀ। ਉਸ ਦੇ ਪੈਰ ਇਕ ਵਾਰ ਤਾਂ ਉੱਖੜ ਗਏ ਪਰ ਉਹ ਡਿੱਗਣ ਤੋਂ ਬਚ ਗਿਆ।

ਲੋਕਾਂ ਵਿਚ ਜੋਸ਼ ਭਰ ਗਿਆ। ਬੱਲੇ ਓਹ ਨਿਕੂ, ਬੱਲੇ ਉਹ ਸ਼ੁਰਲੀ, ਓਹ ਤਿੱਖੀ ਤਲਵਾਰ ਵਰਗਾ—ਪਤਾ ਨਹੀਂ ਕੀ ਕੁਝ ਲੋਕ ਬੋਲਦੇ ਰਹੇ। ਸਾਰਾ ਮਹੌਲ ਬਦਲ ਗਿਆ ਸੀ। ਵਿਰੋਧੀ ਦਾ ਗਰੂਰ ਢੈਲਾ ਪੈ ਗਿਆ ਸੀ। ਟੋਨੀ ਦਾ ਸਵੈ-ਵਿਸ਼ਵਾਸ਼ ਵਧ ਗਿਆ ਸੀ। ਪਰ ਅਗਲੇ ਰਾਊਂਡ ਵਿਚ ਟੋਨੀ ਮਾਰ ਖਾ ਗਿਆ ਸੀ। ਫਿਰ ਵੀ ਲੋਕਾਂ ਨੂੰ ਖੁਸ਼ੀ ਸੀ ਕਿ ਉਹ ਡਿਗਿਆ ਨਹੀਂ ਤੇ ਮਾਰ ਖਾ ਕੇ ਵੀ ਖੜ੍ਹਾ ਸੀ।

ਅਖੀਰ ਤੱਕ ਮੁਕਾਬਲਾ ਚਲਦਾ ਰਿਹਾ। ਲੋਕਾਂ ਦੀ ਆਸ ਦੇ ਉਲਟ ਟੋਨੀ ਨੇ ਪੂਰਾ ਮੁਕਾਬਲਾ ਕੀਤਾ। ਭਾਵੇਂ ਉਹ ਨੰਬਰਾਂ 'ਤੇ ਹਾਰ ਗਿਆ ਸੀ ਪਰ ਲੋਕਾਂ ਦੀ ਨਜ਼ਰ ਵਿਚ ਅਸਲੀ ਜੇਤੂ ਟੋਨੀ ਸੀ। ਉਸ ਦਾ ਵਿਰੋਧੀ ਜਿੱਤ ਕੇ ਵੀ ਹਾਰਿਆ ਹੋਇਆ ਮਹਿਸੂਸ ਕਰ ਰਿਹਾ ਸੀ।

ਜਦੋਂ ਟੋਨੀ ਰਿੰਗ ਵਿਚੋਂ ਬਾਹਰ ਨਿਕਲਿਆ ਤਾਂ ਲੋਕਾਂ ਨੇ ਉਸ ਨੂੰ ਮੋਢਿਆਂ 'ਤੇ ਚੁੱਕ ਲਿਆ ਤੇ ਉਸ ਦਾ ਜੇਤੂ ਵਾਂਗ ਹੀ ਸਵਾਗਤ ਕੀਤਾ। ਕਿਸੇ ਨੇ ਇਹ ਸਾਰਾ ਮੈਚ ਰਿਕਾਰਡ ਕਰਕੇ ਸੋਸ਼ਲ ਮੀਡੀਏ 'ਤੇ ਪਾ ਦਿੱਤਾ ਸੀ ਤੇ ਹਜ਼ਾਰਾਂ ਲੋਕਾਂ ਨੇ ਇਹ ਮੈਚ ਦੇਖਿਆ ਤੇ ਦੇਖ ਰਹੇ ਸਨ।

ਟੋਨੀ ਨੂੰ ਵੱਡੇ ਤੜਕੇ ਜਾਗ ਆਈ ਤਾਂ ਉਸ ਨੇ ਸਦਾ ਵਾਂਗ ਆਦਤਨ ਲੈਪ ਟੌਪ ਨੂੰ ਪੱਟਾਂ ਵਿਚ ਰੱਖਿਆ ਤੇ ਖੋਲ੍ਹ ਲਿਆ। ਉਸ ਨੇ ਵੀ ਮੈਚ ਦਾ ਕੁਝ ਹਿੱਸਾ ਵੇਖਿਆ। ਫਿਰ ਉਹ ਈਮੇਲ ਤੇ ਹੋਰ ਮੈਸਿਜ ਵੇਖਣ ਲੱਗਾ। ਉਸ ਦੀ ਹੈਰਾਨੀ ਤੇ ਪ੍ਰਸੰਨਤਾ ਦੀ ਹੱਦ ਨਾ ਰਹੀ ਜਦੋਂ ਉਸ ਨੇ ਗੈਰੀ ਵਾਲੇ ਕੰਪਿਊਟਰ ਦੀਆਂ ਫਾਈਲਾਂ ਆਪਣੇ ਲੈਪ ਟੌਪ 'ਤੇ ਅਣਲੋਡ ਹੋਈਆਂ ਵੇਖੀਆਂ। ਇਸਦਾ ਮਤਲਬ ਕਿਸੇ ਨੇ ਗੈਰੀ ਦਾ ਕੰਪਿਊਟਰ ਖੋਲ੍ਹ ਲਿਆ ਸੀ। ਜਿਸ ਅਕਾਊਂਟ ਵਿਚ ਉਹ ਫਾਈਲਾਂ ਭੇਜੀਆਂ ਗਈਆਂ ਸਨ ਉਹ ਈਮੇਲ ਆਈ ਡੀ ਵੀ ਉਸ ਨੂੰ ਮਿਲ ਗਈ ਸੀ। ਟੋਨੀ ਉਸ ਈਮੇਲ ਨੂੰ ਖੋਲ੍ਹਣ ਲਈ ਕਾਹਲਾ ਸੀ। ਪਰ ਉਸ ਨੂੰ ਪਤਾ ਸੀ ਸਬਰ ਅਤੇ ਸਮਾਂ ਉਸ ਲਈ ਬਹੁਤ ਜ਼ਰੂਰੀ ਸੀ। ਹੁਣ ਉਸ

ਅਕਾਊਂਟ ਨੂੰ ਜਾਣ ਵਾਲੀ ਹਰ ਈਮੇਲ ਉਸ ਦੇ ਕੰਮਪਿਊਟਰ ਦੇ ਸੈਟ ਕੀਤੇ 'ਕੈਰੀਅਰ' ਰਾਹੀਂ ਜਾਵੇਗੀ ਤੇ ਉਹ ਹਰ ਈਮੇਲ ਨੂੰ ਪੜ੍ਹ ਸਕੇਗਾ। ਬਹੁਤ ਸੰਭਵ ਗੈਰੀ ਦੇ ਕਤਲ ਦਾ ਮਾਮਲਾ ਵੀ ਸੁਲਝ ਜਾਵੇ।

ਕੁਝ ਦਿਨਾਂ ਬਾਅਦ ਈਮੇਲ ਰਸੀਵ ਕਰਨ ਵਾਲੇ ਨੇ ਆਪਣਾ ਟੈਲੀਫ਼ੋਨ ਕਿਸੇ ਨੂੰ ਭੇਜਿਆ। ਟੋਨੀ ਨੇ ਉਹ ਨੰਬਰ ਨੋਟ ਕਰ ਲਿਆ। ਹੁਣ ਉਸ ਬੰਦੇ ਨੂੰ ਫ਼ੋਨ ਕਰਕੇ ਉਸ ਦੀ ਜਾਣਕਾਰੀ ਲੈਣ ਵਾਲੀ ਗੱਲ ਬਾਕੀ ਸੀ। ਟੋਨੀ ਨੇ ਪਹਿਲਾਂ ਈਮੇਲਾਂ ਦਾ ਨਿਰੀਖਣ ਕਰਨਾ ਜ਼ਰੂਰੀ ਸਮਝਿਆ। ਈਮੇਲਾਂ ਵਿਚੋਂ ਕੋਈ ਖਾਸ ਜਾਣਕਾਰੀ ਨਹੀਂ ਸੀ ਮਿਲੀ। ਵੈਸੇ ਵੀ ਈਮੇਲਾਂ ਇਕ ਅੱਧ ਦਿਨ ਪੁਰਾਣੀਆਂ ਹੀ ਸਨ।

ਉਸ ਨੇ ਟੈਲੀਫ਼ੋਨ ਨੰਬਰ ਦੀ ਵਰਤੋਂ ਕਰਦਿਆਂ ਉਸ ਦੀ 'ਲੋਕੇਸ਼ਨ' ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ। ਟੈਲੀਫ਼ੋਨ ਸੈਂਟਰ ਲੰਡਨ ਵਿਚ ਲੋਕੇਸ਼ਨ ਦਿਖਾ ਰਿਹਾ ਸੀ। ਟੋਨੀ ਸੋਚਣ ਲੱਗਾ। ਕਾਹਲੀ ਕਰਨ ਦੀ ਲੋੜ ਨਹੀਂ ਸੀ। ਈਮੇਲ ਆਈ ਡੀ ਉਸ ਕੋਲ ਸੀ। ਉਸ ਤੋਂ ਪਤਾ ਲਗਾਇਆ ਜਾਵੇ ਤੇ ਉਸ ਅਕਾਊਂਟ ਵਿਚ ਘੁਸ-ਪੈਂਠ ਕੀਤੀ ਜਾਵੇ। ਸੋਚਦਿਆਂ ਉਸ ਨੂੰ ਪਤਾ ਨਹੀਂ ਕਦੋਂ ਨੀਂਦ ਆ ਗਈ।

ਟੋਨੀ ਨੂੰ ਸੁਪਨੇ ਵਿਚ ਇਕ ਔਰਤ ਨਿੱਕੇ ਬੱਚੇ ਨੂੰ ਬਾਹਾਂ ਵਿਚ ਚੁੱਕੀ ਰੇਲਵੇ ਲਾਈਨ 'ਤੇ ਤੁਰੀ ਜਾਂਦੀ ਦਿਸੀ। ਉਹ ਸ਼ਹਿਰ ਤੋਂ ਬਾਹਰ ਵੱਲ ਗੱਡੀ ਦੀ ਲੀਹ ਦੇ ਨਾਲ ਨਾਲ ਤੁਰੀ ਜਾ ਰਹੀ ਸੀ। ਸਾਰੇ ਪਾਸੇ ਚੁੱਪ ਚਰਾਂ ਸੀ। ਨਿੱਕੀ ਨਿੱਕੀ ਕਣੀ ਦਾ ਮੀਂਹ ਪੈ ਰਿਹਾ ਸੀ। ਜ਼ਿੰਦਗੀ ਦਾ ਅੰਤ ਕਰਨ ਵਾਲੇ ਨੂੰ ਮੀਂਹ ਮਹਿਸੂਸ ਹੀ ਨਹੀਂ ਸੀ ਹੋ ਰਿਹਾ। ਬੱਚਾ ਉਸ ਦੀ ਛਾਤੀ ਨਾਲ ਲੱਗਿਆ ਨਿੱਘ ਮਹਿਸੂਸ ਕਰਦਾ ਸੌਂ ਰਿਹਾ ਸੀ। ਔਰਤ ਤੁਰੀ ਜਾ ਰਹੀ ਸੀ। ਉਸ ਦੇ ਪੈਰ ਚੱਲ ਰਹੇ ਸਨ ਪਰ ਉਸ ਦੀ ਸੋਚ ਰੁਕ ਗਈ ਸੀ। ਉਸ ਨੂੰ ਸਰਦੀ-ਗਰਮੀ, ਖ਼ੁਸ਼ੀ-ਗਮੀ, ਪਿਆਰ-ਨਫ਼ਰਤ ਕਿਸੇ ਵੀ ਚੀਜ਼ ਦਾ ਅਹਿਸਾਸ ਨਹੀਂ ਸੀ।

ਸਾਹਮਣਿਉਂ ਆਉਂਦੀ ਗੱਡੀ ਦਿਸੀ। ਗੱਡੀ ਦੇ ਪਹੀਆਂ ਦੀ ਖੜ-ਖੜ ਦੀ ਧਮਕ ਉਸ ਦੇ ਪੈਰਾਂ ਤੱਕ ਪਹੁੰਚ ਰਹੀ ਸੀ। ਕੰਨ ਪਾੜਵੀਂ ਗੱਡੀ ਦੀ ਚੀਕ ਨੇ ਘੂਕ ਸੁੱਤੇ ਬੱਚੇ ਨੂੰ ਡਰਾ ਦਿੱਤਾ ਤੇ ਉਸ ਨੇ ਵੀ ਗੱਡੀ ਦੀ ਚੀਕ ਵਾਂਗ ਹੀ ਉੱਚੀ ਚੀਕ ਮਾਰੀ। ਔਰਤ ਦੀ ਸੋਚ ਵਿਚ ਹਰਕਤ ਹੋਈ। ਉਸ ਦੀਆਂ ਭਾਵਨਾਵਾਂ ਨੂੰ ਬੱਚੇ ਦੀ ਚੀਕ ਨਾਲ ਪੈਦਾ ਹੋਈਆਂ ਤਰੰਗਾਂ ਨੇ ਛੇੜ ਦਿੱਤਾ। ਪੈਰਾਂ ਨਾਲ ਉਸ ਦੀ ਸੋਚ ਵੀ ਚੱਲਣ ਲੱਗੀ। ਬੱਚੇ ਲਈ ਉਸ ਦਾ ਪਿਆਰ ਠਾਠਾਂ ਮਾਰਨ ਲੱਗਾ। ਡਰ ਬਿਜਲੀ ਵਾਂਗ ਉਸ ਦੇ ਸਾਰੇ ਸਰੀਰ ਵਿਚ ਫੈਲ ਗਿਆ। ਅਚਾਨਕ ਬੱਚੇ ਦੀ ਜ਼ਿੰਦਗੀ ਉਸ ਲਈ ਕੁਲ ਦੁਨੀਆਂ ਭਰ ਨਾਲੋਂ ਕੀਮਤੀ ਲੱਗਣ ਲਗੀ। ਹਰ ਹਾਲਤ ਵਿਚ ਬੱਚੇ ਨੂੰ ਬਚਾਉਣਾ ਉਸ ਦੀ ਪਹਿਲ ਬਣ ਗਿਆ। ਉਸ ਦੀਆਂ ਬਾਹਾਂ ਨੇ ਬੱਚੇ ਨੂੰ ਆਪ ਮੁਹਾਰੇ ਘੁੱਟ ਲਿਆ। ਹੁਣ ਉਹ ਗੱਡੀ ਦੀ ਪਟੜੀ ਤੋਂ ਦੂਰ ਹੋ ਗਈ ਸੀ। ਗੱਡੀ ਵੱਲ ਉਸ ਨੇ ਪਿੱਠ ਕਰ ਲਈ ਤੇ ਬੱਚੇ ਨੂੰ ਹੋਰ ਵੀ ਘੁੱਟ ਲਿਆ। ਗੱਡੀ ਲੰਘ ਗਈ।

ਉਹ ਆਪਣੇ ਆਪ ਨੂੰ ਲਾਹਨਤਾਂ ਪਾਉਣ ਲੱਗੀ। ਤਕਲੀਫਾਂ ਅੱਗੇ ਸਿਰ ਝੁਕਾਅ ਕੇ ਉਹ ਕਿਉਂ ਬੇਗੁਨਾਹ ਮਸੂਮ ਨੂੰ ਆਪਣੇ ਨਾਲ ਹੀ ਮੌਤ ਦੇ ਗਲ ਬੰਨ੍ਹਣ ਲੱਗੀ ਸੀ? ਕਿਉਂ ਉਹ ਆਪਣੇ ਪਿਆਰੇ ਪਤੀ ਦੀ ਇਕੋ ਇਕ ਨਿਸ਼ਾਨੀ ਨੂੰ ਆਪਣੇ ਨਾਲ ਖਤਮ ਕਰਨ ਲਈ ਕਾਹਲੀ ਹੋ ਗਈ ਸੀ? ਸਵਾਲਾਂ ਦੀ ਲੜੀ ਨਾਲੋ ਨਾਲ ਜੁੜਦੀ ਜਾਂਦੀ ਸੀ ਜਿਸ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ। ਉਹ ਆਪਣੇ ਆਪ ਨੂੰ ਨਾ-ਮੁਆਫ ਕਰਨ ਯੋਗ ਗੁਨਾਹਗਾਰ ਸਮਝਣ ਲੱਗੀ।

ਉਹ ਘਰ ਪਹੁੰਚ ਗਈ ਤੇ ਬੱਚੇ ਨੂੰ ਆਪਣੇ ਬੈਡ 'ਤੇ ਲਿਟਾ ਕੇ ਉਸ ਕੋਲ ਬਹੁਤ ਦੇਰ ਤੱਕ ਬੈਠੀ ਰਹੀ।

ਟੋਨੀ ਦੀ ਅੱਖ ਖੁੱਲ੍ਹੀ ਤਾਂ ਉਸ ਨੇ ਆਸੇ-ਪਾਸੇ ਵੇਖਿਆ। ਉਥੇ ਤਾਂ ਕੋਈ ਵੀ ਨਹੀਂ ਸੀ। ਉਹ ਉੱਠ ਕੇ ਮੇਜ਼ 'ਤੇ ਪਈ ਆਪਣੇ ਮਾਂ ਪਿਉ ਦੀ ਤਸਵੀਰ ਕੋਲ ਚਲਾ ਗਿਆ। ਉਹਨਾਂ ਨੂੰ ਗਹੁ ਨਾਲ ਤਰਸ ਅਤੇ ਪਿਆਰ ਭਰੀਆਂ ਭਾਵਨਾਵਾਂ ਨਾਲ ਵੇਖਦਾ ਰਿਹਾ। ਇਕ ਵਾਰ ਫਿਰ ਉਸ ਦੇ ਦਿਮਾਗ ਵਿਚ ਉਹੀ ਪੁਰਾਣੀ ਫਿਲਮ ਘੁੰਮਣ ਲੱਗੀ ਜਿਹੜੀ ਪਹਿਲਾਂ ਵੀ ਬਹੁਤ ਵਾਰ ਉਸ ਦਾ ਸਾਥ ਦੇ ਚੁੱਕੀ ਸੀ। ਉਸ ਨੇ ਆਪਣੇ ਮਾਂ-ਪਿਉ ਦੀ ਫੋਟੋ 'ਤੇ ਹੱਥ ਫੇਰਿਆ ਤੇ ਮੁੜ ਕੇ ਫੋਟੋ ਮੇਜ਼ 'ਤੇ ਟਿਕਾ ਦਿੱਤੀ। ਮਾਂ ਦੀ ਵਾਰ ਵਾਰ ਦੁਹਰਾਈ ਕਹਾਨੀ ਇਕ ਵਾਰ ਫਿਰ ਉਸ ਦੇ ਸਾਹਮਣੇ ਆ ਗਈ।

ਇਹ ਫੋਟੋ ਟੋਨੀ ਦੇ ਅਕਾਊਂਟੈਂਟ ਪਿਉ ਹੈਰੀ ਸਮਿੱਥ ਦੀ ਸੀ ਜਿਸ ਨੇ ਰੰਧਾਵੇ ਵਾਲੇ ਕੇਸ ਵਿਚ ਆਤਮ-ਹੱਤਿਆ ਕਰ ਲਈ ਸੀ। ਪਤੀ ਦੀ ਮੌਤ ਤੋਂ ਬਾਅਦ ਉਸ ਦੀ ਮਾਂ ਢੇਰੀ ਢਾਹ ਬੈਠੀ ਸੀ। ਹਰ ਕਿਸਮ ਦੀਆਂ ਪ੍ਰੇਸ਼ਾਨੀਆਂ ਉਸ ਨੂੰ ਘੇਰੀ ਖੜ੍ਹੀਆਂ ਸਨ। ਘਰ ਦੇ ਕਰਜ਼ੇ ਦੀਆਂ ਉਹ ਕਿਸ਼ਤਾਂ ਨਹੀਂ ਸੀ ਦੇ ਸਕਦੀ ਤੇ ਘਰ ਬੈਂਕ ਨੇ ਕੁਰਕ ਕਰ ਲਿਆ ਸੀ। ਟੋਨੀ ਨੂੰ ਕਿਸੇ ਕੋਲ ਛੱਡ ਕੇ ਕੰਮ ਨਹੀਂ ਸੀ ਕਰ ਸਕਦੀ। ਇਹ ਕਿਹੜਾ ਇਕ ਦਿਨ ਦਾ ਕੰਮ ਸੀ। ਖਿਡਾਵੀ ਰੱਖਣ ਜੋਗੇ ਪੈਸੇ ਉਸ ਨੂੰ ਕੰਮ ਕਰਕੇ ਕਿੱਥੇ ਮਿਲਣੇ ਸਨ। ਸਰਕਾਰ ਤੋਂ ਮਿਲਦੇ ਭੱਤੇ ਨਾਲ ਮਸਾਂ ਗੁਜ਼ਾਰਾ ਹੁੰਦਾ। ਸੋਚ ਵਿਚਾਰ ਕੇ ਉਹ ਆਪਣੇ ਮਾਪਿਆਂ ਕੋਲ ਬਰਮਿੰਘਮ ਚਲੀ ਗਈ। ਟੋਨੀ ਦੀ ਸੰਭਾਲ ਵੀ ਹੋਈ ਜਾਂਦੀ ਤੇ ਸਭ ਤੋਂ ਵੱਡੀ ਗੱਲ ਟੋਨੀ ਨੂੰ ਇਕ ਪਰਿਵਾਰ ਮਿਲ ਗਿਆ ਸੀ।

ਟੋਨੀ ਦੀ ਮਾਂ ਨੇ ਕਿਸੇ ਹੋਰ ਬੰਦੇ ਨਾਲ ਘਰ ਵਸਾਉਣ ਦੀ ਕੋਸ਼ਿਸ਼ ਕੀਤੀ। ਜ਼ਿੰਦਗੀ ਅਤੇ ਸਰੀਰਕ ਲੋੜਾਂ ਦੇ ਨਾਲ ਹੀ ਟੋਨੀ ਦੀਆਂ ਲੋੜਾਂ ਵੀ ਸਨ। ਸਭ ਕੁਝ ਉਸ ਨੂੰ ਹੈਰੀ ਦੀ ਯਾਦ ਭੁਲਾ ਕੇ ਨਵੀਂ ਜ਼ਿੰਦਗੀ ਜਿਉਣ ਦੀ ਪ੍ਰੇਰਣਾ ਦਿੰਦਾ। ਉਸ ਨੇ ਦੋ ਕੁ ਰਿਸ਼ਤੇ ਬਣਾਏ ਵੀ ਪਰ ਉਹਨਾਂ ਨੂੰ ਬੂਰ ਨਾ ਪਿਆ। ਉਹ ਬੱਸ ਟੋਨੀ ਜੋਗੀ ਹੀ ਰਹਿ ਗਈ।

ਟੋਨੀ ਦਾ ਨਾਨਾ ਆਪਣੇ ਸਮੇਂ ਚੰਗਾ ਬੌਕਸਰ ਸੀ। ਹੁਣ ਉਹ ਬੱਚਿਆਂ ਨੂੰ ਬੌਕਸਿੰਗ ਸਿਖਾਉਂਦਾ। ਟੋਨੀ ਦਾ ਸਰੀਰ ਤਾਂ ਬੌਕਸਿੰਗ ਵਾਲਾ ਨਹੀਂ ਸੀ ਫਿਰ ਵੀ ਉਸ ਨੇ ਉਸ ਨੂੰ ਸਿਖਾਉਣਾ ਸ਼ੁਰੂ ਕਰ ਦਿੱਤਾ। ਛੇਤੀ ਉਸ ਨੂੰ ਪਤਾ ਲੱਗ ਗਿਆ, ਟੋਨੀ ਦਾ ਸਰੀਰ

ਤਾਂ ਨਿਰਾ ਸਟੀਲ ਦਾ ਬਣਿਆ ਹੋਇਆ ਸੀ। ਟੋਨੀ ਜੀ-ਜਾਨ ਨਾਲ ਸਿਖਦਾ ਤੇ ਉਸ ਦਾ ਨਾਨਾ ਸਦਾ ਉਸ ਨੂੰ ਉਸ ਤੋਂ ਵੱਡੇ ਮੁੰਡੇ ਨਾਲ ਲੜਨ ਦੀ ਪ੍ਰੇਰਣਾ ਦਿੰਦਾ। ਟੋਨੀ ਨਿੱਡਰ ਬਣ ਗਿਆ ਸੀ ਜਾਂ ਜਨਮ ਤੋਂ ਹੀ ਨਿੱਡਰ ਸੀ, ਇਹ ਕਹਿਣਾ ਮੁਸ਼ਕਲ ਸੀ।

ਸਕੂਲ ਵਿਚ ਟੋਨੀ ਚੁੱਪ ਚਾਪ ਬੈਠਾ ਰਹਿੰਦਾ। ਕਿਸੇ ਨਾਲ ਘੱਟ ਹੀ ਗੱਲ ਕਰਦਾ। ਬਹੁਤਾ ਸਮਾਂ ਕੰਪਿਊਟਰ ਸਿੱਖਣ ਲਈ ਲਾਇਬਰੇਰੀ ਵਿਚ ਬਿਤਾਉਂਦਾ। ਇਹ ਵੀ ਗੱਲ ਨਹੀਂ ਕਿ ਟੋਨੀ ਕਿਸੇ ਨਾਲ ਵੀ ਨਹੀਂ ਸੀ ਬੋਲਦਾ। ਕੈਲੀ ਕੂਮਜ਼ ਨਾਂ ਦੀ ਕੁੜੀ ਨਾਲ ਉਸ ਦੀ ਚੰਗੀ ਬਣਦੀ ਸੀ। ਉਹ ਉਸ ਨਾਲ ਗੱਲਾਂ ਕਰਦਾ ਤੇ ਉਹ ਇਕ ਦੂਜੇ ਦੇ ਚੰਗੇ ਦੋਸਤ ਸਨ। ਜਿੰਨਾ ਟੋਨੀ ਚੁੱਪ ਰਹਿੰਦਾ ਓਨਾ ਹੀ ਕੈਲੀ ਗਾਲੜੀ ਸੀ। ਸ਼ਾਇਦ ਟੋਨੀ ਤੋਂ ਵਧੀਆ ਸਰੋਤਾ ਕੈਲੀ ਨੂੰ ਹੋਰ ਕੋਈ ਮਿਲ ਵੀ ਨਹੀਂ ਸੀ ਸਕਦਾ। ਇਹ ਸੀ ਜਾਂ ਸ਼ਾਇਦ ਉਹ ਸੱਚੀਂ ਟੋਨੀ ਨੂੰ ਪਿਆਰ ਕਰਦੀ ਸੀ। ਟੋਨੀ ਨੂੰ ਨਹੀਂ ਸੀ ਪਤਾ। ਟੋਨੀ ਨੂੰ ਇਹ ਪਤਾ ਸੀ ਕਿ ਉਹ ਕੈਲੀ ਨੂੰ ਪਿਆਰ ਕਰਦਾ ਸੀ।

ਉਸ ਦੀ ਜਮਾਤ ਵਿਚ ਇਕ ਦਿਉ-ਕੱਦ ਮੁੰਡਾ ਸਾਰੀ ਕਲਾਸ ਨੂੰ ਡਰਾਉਂਦਾ ਰਹਿੰਦਾ ਸੀ। ਟੋਨੀ ਤਾਂ ਉਸ ਤੋਂ ਅੱਧਾ ਹੀ ਸੀ। ਟੋਨੀ ਦੀ ਚੁੱਪ ਨੇ ਕਦੇ ਉਸ ਨੂੰ ਟੋਨੀ ਨਾਲ ਕੋਈ ਛੇੜਖਾਨੀ ਕਰਨ ਤੋਂ ਰੋਕੀ ਰੱਖਿਆ। ਕੁਝ ਕੁ ਉਸ ਦੇ ਜੁੰਡੀ ਦੇ ਯਾਰ ਵੀ ਮੁੰਡਿਆਂ-ਕੁੜੀਆਂ ਨੂੰ ਤੰਗ ਕਰਦੇ ਰਹਿੰਦੇ ਤੇ ਮਾਰ-ਕੁੱਟ ਵੀ ਕਰ ਦਿੰਦੇ। ਸਾਰੀ ਕਲਾਸ ਉਸ ਤੋਂ ਡਰਦੀ ਸੀ। ਪਰ ਟੋਨੀ ਨੂੰ ਇਸ ਨਾਲ ਕੋਈ ਮਤਲਬ ਨਹੀਂ ਸੀ।

ਇਕ ਦਿਨ ਉਸ ਬੁਰਛੇ ਨੇ ਕੈਲੀ ਨੂੰ ਛੇੜ ਲਿਆ। ਕੈਲੀ ਨੇ ਉਸ ਨੂੰ ਗਾਲ੍ਹ ਕੱਢੀ ਤਾਂ ਉਸ ਨੇ ਉਸ ਨੂੰ ਧੱਕਾ ਦੇ ਦਿੱਤਾ। ਉਹ ਡਿੱਗ ਪਈ। ਟੋਨੀ ਨੇ ਆਪਣਾ ਬੈਗ ਮੋਢੇ ਤੋਂ ਲਾਹ ਕੇ ਸੁੱਟ ਦਿੱਤਾ ਤੇ ਉਸ ਦੇ ਸਾਹਮਣੇ ਲੱਤਾਂ ਚੌੜੀਆਂ ਕਰਕੇ ਖੜ੍ਹ ਗਿਆ।

'ਕੈਲੀ ਤੋਂ ਮੁਆਫੀ ਮੰਗ।' ਟੋਨੀ ਨੇ ਦ੍ਰਿੜ ਪਰ ਹੌਲੀ ਆਵਾਜ਼ ਵਿਚ ਕਿਹਾ। ਸਾਰੇ ਸੁਣ ਕੇ ਹੱਸ ਪਏ।

'ਮੁਆਫੀ ਮੰਗਾਂ—ਚਿੱਚੜਾ--।' ਕਹਿੰਦਿਆਂ ਉਸ ਨੇ ਟੋਨੀ ਨੂੰ ਵੀ ਧੱਕਾ ਦੇ ਦਿੱਤਾ। ਟੋਨੀ ਦਾ ਹਲਕਾ ਸਰੀਰ ਪਰ੍ਹੇ ਜਾ ਡਿੱਗਿਆ।

'ਟੋਨੀ ਦਫਾ ਕਰ ਇਹਨਾਂ ਨੂੰ --।' ਹਾਸੇ ਦੇ ਛਣਕਾਟੇ ਵਿਚ ਕੈਲੀ ਦੀ ਆਵਾਜ਼ ਸੁਣੀ ਪਰ ਟੋਨੀ ਨੇ ਅਣਸੁਣੀ ਕਰ ਦਿੱਤੀ।

ਟੋਨੀ ਧਰਤੀ ਤੋਂ ਗੇਂਦ ਵਾਂਗ ਬੁੜਕਿਆ ਤੇ ਪੂਰੇ ਜ਼ੋਰ ਨਾਲ ਉਸ ਨੇ ਆਪਣੇ ਦੁਸ਼ਮਣ ਦੀਆਂ ਲੱਤਾਂ ਦੇ ਵਿਚਕਾਰ ਢੁੱਡ ਜਾ ਮਾਰੀ। ਮੁੰਡਾ ਚੀਕਦਾ ਧਰਤੀ 'ਤੇ ਗੋਡਿਆਂ ਪਰਨੇ ਹੋ ਗਿਆ ਤੇ ਹੱਥ ਉਸ ਨੇ ਲੱਤਾਂ ਵਿਚਕਾਰ ਘੁੱਟੇ ਹੋਏ ਸਨ। ਸਿਰ ਉਸ ਦਾ ਤਕਰੀਬਨ ਧਰਤੀ ਨਾਲ ਲੱਗਾ ਹੋਇਆ ਸੀ ਜਿਵੇਂ ਮੱਥਾ ਟੇਕ ਰਿਹਾ ਹੋਵੇ। ਟੋਨੀ ਨੇ ਪੂਰੇ ਜ਼ੋਰ ਨਾਲ ਪੈਰ ਦੀ ਕਿੱਕ ਉਸ ਦੇ ਕੰਨ 'ਤੇ ਜੜ ਦਿੱਤੀ। ਉੱਚੀ ਚੀਕ ਸਭ ਨੂੰ ਸੁਣਾਈ ਦਿੱਤੀ। ਉਸ ਦੇ ਹੱਥ ਲੱਤਾਂ ਵਿਚੋਂ ਬਾਹਰ ਆ ਗਏ 'ਤੇ ਕੰਨ 'ਤੇ ਚਲੇ ਗਏ।

'ਆਈ ਐਮ ਸੌਰੀ ਟੋਨੀ—ਪਲੀਜ਼--।' ਉਹ ਮੁਆਫੀ ਮੰਗਣ ਲੱਗਾ। ਬਾਕੀ ਸਭ ਸੁੰਨ ਹੋਏ ਟੋਨੀ ਨੂੰ ਵੇਖਣ ਲੱਗੇ। ਟੋਨੀ ਨੇ ਬੈਗ ਚੁੱਕਿਆ ਤੇ ਕੈਲੀ ਦਾ ਹੱਥ ਫੜ ਕੇ ਸਾਬਤ ਕਦਮੀ ਕਲਾਸ ਰੂਮ ਵੱਲ ਚਲਾ ਗਿਆ। ਉਸ ਦਿਨ ਤੋਂ ਬਾਅਦ ਟੋਨੀ ਤੋਂ ਸਾਰੇ ਡਰਨ ਲੱਗੇ। ਉਹ ਬੁਰਛਾ ਵੀ ਕੰਨ ਭੰਨਣ ਲੱਗਾ।

ਟੋਨੀ ਦੇ ਮਾਮੇ ਨੇ ਉਸ ਨੂੰ ਇਕ ਪੁਰਾਣਾ ਕੰਪਿਊਟਰ ਦੇ ਦਿੱਤਾ। ਟੋਨੀ ਬਹੁਤ ਖੁਸ਼ ਹੋਇਆ। ਉਸ ਕੰਪਿਊਟਰ ਦੀ 'ਮੈਮੋਰੀ' ਬਹੁਤ ਥੋੜੀ ਤੇ ਸਪੀਡ ਬਹੁਤ ਧੀਮੀ ਸੀ। ਟੋਨੀ ਨੇ ਲਾਇਬਰੇਰੀ ਵਿਚੋਂ ਕਿਤਾਬ ਲਈ ਅਤੇ ਪੜ੍ਹ ਕੇ ਕੰਪਿਊਟਰ ਦੀ ਹਾਰਡ ਡਰਾਈਵ ਬਦਲ ਦਿੱਤੀ। ਕੰਪਿਊਟਰ 'ਰੀਬੂਟ' ਕੀਤਾ ਤੇ ਐਨ ਨਵਾਂ ਬਣਾ ਲਿਆ। ਮੈਮੋਰੀ ਵੀ ਵਧਾ ਲਈ। ਇਕ ਦਿਨ ਉਸ ਦੇ ਮਾਮੇ ਨੂੰ ਉਸ ਦਾ ਕੰਪਿਊਟਰ ਕਿਸੇ ਕਾਰਨ ਵਰਤਣਾ ਪਿਆ। ਉਹ ਹੈਰਾਨ ਹੋਇਆ ਕਿ ਟੋਨੀ ਦਾ ਪੁਰਾਣਾ ਕੰਪਿਊਟਰ ਉਸ ਦੇ ਨਵੇਂ ਕੰਪਿਊਟਰ ਤੋਂ ਬਹੁਤ ਤੇਜ਼ ਸਪੀਡ ਨਾਲ ਚਲਦਾ ਸੀ। ਜਦ ਉਸ ਨੇ ਮਾਮੇ ਨੂੰ ਕੀਤੀ ਤਬਦੀਲੀ ਬਾਰੇ ਦੱਸਿਆ ਤਾਂ ਉਹ ਹੈਰਾਨ ਹੋ ਗਿਆ। ਹੁਣ ਜਦ ਵੀ ਮਾਮੇ ਨੂੰ ਕੰਪਿਊਟਰ ਸਬੰਧੀ ਕੋਈ ਲੋੜ ਹੁੰਦੀ ਤਾਂ ਉਹ ਟੋਨੀ ਦੀ ਮਦਦ ਲੈਂਦਾ। ਹੌਲੀ ਹੌਲੀ ਉਸ ਦੇ ਮਾਮੇ ਦੇ ਮਿੱਤਰ ਵੀ ਉਸ ਤੋਂ ਕੰਮ ਕਰਵਾਉਣ ਲੱਗੇ ਤੇ ਉਸ ਦਾ ਖਰਚਾ ਪਾਣੀ ਨਿਕਲਣ ਲੱਗਾ।

ਕੈਲੀ ਲੰਡਨ ਦੀ ਕਿਸੇ ਯੂਨੀਵਰਸਟੀ ਵਿਚ ਦਾਖਲ ਹੋ ਗਈ ਸੀ ਤੇ ਟੋਨੀ 'ਕੀਲ ਯੂਨੀਵਰਸਟੀ' ਵਿਚ ਜਿਹੜੀ ਉਸ ਦੇ ਘਰ ਤੋਂ ਬਹੁਤੀ ਦੂਰ ਨਹੀਂ ਸੀ। ਉਸ ਨੇ ਤਾਂ ਆਈ ਟੀ ਦੀ ਡਿਗਰੀ ਕਰਨੀ ਸੀ ਤੇ ਉਹ ਪੂਰੀ ਦਿਲਚਸਪੀ ਲੈ ਕੇ ਪੜ੍ਹ ਰਿਹਾ ਸੀ। ਯੂਨੀਵਰਸਟੀ ਦੇ ਬਹੁਤ ਸਾਰੇ ਵਿਦਿਆਰਥੀ ਉਸ ਤੋਂ ਕੰਪਿਊਟਰ ਦਾ ਕੰਮ ਕਰਵਾਉਂਦੇ ਤੇ ਟੋਨੀ ਲੋੜ ਜੋਗੇ ਪੈਸੇ ਕਮਾ ਲੈਂਦਾ।

ਬੱਸ ਉਸ ਨੂੰ ਕੈਲੀ ਦਾ ਉਸ ਨਾਲ ਨਾ ਹੋਣਾ ਚੁਭਦਾ ਸੀ ਭਾਂਵੇਂ ਉਹ ਕਦੀ ਕਦੀ ਮਿਲਦੇ ਰਹਿੰਦੇ।

ਉਸ ਦੀ ਮਾਂ ਨੇ ਟੋਨੀ ਨੂੰ ਵਾਰ ਵਾਰ ਰੰਧਾਵੇ ਬਾਰੇ ਦੱਸਿਆ। ਦੁਨੀਆਂ ਵਿਚ ਉਸ ਨੂੰ ਇਕੋ ਇਕ ਦੁਸ਼ਮਨ ਦਿਸਦਾ-ਰੰਧਾਵਾ। ਜਦ ਵੀ ਉਹ ਕਦੀ ਬੌਕਸਿੰਗ ਕਰਦਾ ਤਾਂ ਉਹ ਵਿਰੋਧੀ ਨੂੰ ਰੰਧਾਵਾ ਹੀ ਸਮਝਦਾ ਤੇ ਉਸ ਨੂੰ ਜਿੱਤਣਾ ਉਸ ਦਾ ਨਿਸ਼ਾਨਾ ਹੁੰਦਾ।

ਡਿਗਰੀ ਬਾਅਦ ਉਸ ਨੇ ਆਪਣਾ ਸ਼ਹਿਰ ਛੱਡ ਦਿੱਤਾ। ਵੈਸੇ ਵੀ ਉਸ ਦੀ ਮਾਂ ਕੁਝ ਸਾਲ ਪਹਿਲਾਂ ਕੈਂਸਰ ਨਾਲ ਮਰ ਗਈ ਸੀ। ਨਾਨਾ ਨਾਨੀ ਵੀ ਨਹੀਂ ਰਹੇ ਸਨ। ਉਹ ਮਾਮੇ ਮਾਮੀ ਨੂੰ ਮਿਲ ਆਉਂਦਾ। ਪਰ ਇਥੇ ਰੰਧਾਵਾ ਸੀ ਤੇ ਟੋਨੀ ਦੀ ਉਸ 'ਤੇ ਨਜ਼ਰ ਸੀ।

## 13

ਸ਼ੇਰੇ ਨੇ ਇੰਡੀਆ ਤੋਂ ਆ ਕੇ ਨਵਾਂ ਕੰਮ ਲੱਭਣ ਦਾ ਯਤਨ ਕੀਤਾ। ਬੇਕਰੀ ਵਿਚ ਹੜਤਾਲ ਚੱਲ ਰਹੀ ਸੀ ਤੇ ਜਲਦੀ ਖਤਮ ਹੋਣ ਦੇ ਕੋਈ ਆਸਾਰ ਨਹੀਂ ਸਨ। ਵੈਸੇ ਵੀ ਸ਼ੇਰਾ ਉਸ ਕੰਮ ਤੋਂ ਅੱਕਿਆ ਮਹਿਸੂਸ ਕਰਦਾ ਸੀ। ਉਸ ਦਾ ਇਕ ਸਾਥੀ ਨੇੜੇ ਦੇ ਸ਼ਹਿਰ ਸਲੋਹ ਵਿਚ 'ਚਾਕਲੇਟ ਵਰਲਡ' ਵਿਚ ਕੰਮ ਕਰਦਾ ਸੀ। ਉਸ ਨੇ ਸ਼ੇਰੇ ਨੂੰ ਉਥੇ ਕੰਮ ਮਿਲ ਸਕਣ ਦੀ ਦੱਸ ਪਾਈ। ਉਸ ਦੇ ਦੱਸਣ ਅਨੁਸਾਰ ਇਸ ਅਮਰੀਕਨ ਫੈਕਟਰੀ ਵਿਚ ਚੰਗੇ ਪੈਸੇ ਮਿਲਦੇ ਸਨ। ਬਿਮਾਰੀ ਵੇਲੇ ਤਨਖਾਹ, ਸਲਾਨਾ ਛੁੱਟੀਆਂ ਤੇ ਪੈਨਸ਼ਨ ਵਰਗੇ ਫਾਇਦੇ ਵੀ ਸਨ। ਇਕੋ ਇਕ ਸਮੱਸਿਆ ਕੰਮ ਦੀਆਂ ਸ਼ਿਫਟਾਂ ਅਜੀਬ ਜਿਹੀਆਂ ਸਨ। ਤਿੰਨ ਦਿਨ ਸਵੇਰ, ਤਿੰਨ ਦਿਨ ਬਾਅਦ ਦੁਪਿਹਰ, ਤਿੰਨ ਦਿਨ ਰਾਤਾਂ ਦੀ ਸ਼ਿਫਟ ਹੁੰਦੀ। ਅਗਲੇ ਤਿੰਨ ਦਿਨ ਛੁੱਟੀ ਹੁੰਦੀ। ਲੋੜ ਅਨੁਸਾਰ ਛੁੱਟੀ ਵਾਲੇ ਦਿਨ ਓਵਰ ਟਾਈਮ ਵੀ ਮਿਲ ਜਾਂਦਾ। ਨਾਜਰ ਨੇ ਆਪਣੀ ਰਾਇ ਇਸ ਚੰਗੀ ਫੈਕਟਰੀ ਵਿਚ ਕੰਮ ਕਰਨ ਦੇ ਹੱਕ ਵਿਚ ਦਿੱਤੀ ਤੇ ਸ਼ੇਰਾ ਕੰਮ 'ਤੇ ਲੱਗ ਗਿਆ।

ਸ਼ੇਰੇ ਨੂੰ ਛੁੱਟੀ ਸੀ ਤੇ ਉਹ ਨਾਜਰ ਦੀ ਦੁਕਾਨ 'ਤੇ ਆ ਗਿਆ। ਸ਼ਾਮ ਦਾ ਵੇਲਾ ਸੀ ਤੇ ਸ਼ੇਰਾ ਬੀਅਰ-ਬੱਤਾ ਪੀਣ ਦੇ ਮੂਡ ਵਿਚ ਸੀ। ਗੱਲਾਂ ਕਰਦਿਆਂ ਨੂੰ ਮਾਸਟਰ ਅਤਰ ਸਿੰਘ ਵੀ ਪਹੁੰਚ ਗਿਆ। ਉਹ ਸ਼ੇਰੇ ਨੂੰ ਇਕ ਵਾਰ ਪਹਿਲਾਂ ਵੀ ਮਿਲ ਚੁੱਕਿਆ ਸੀ। ਦੁਕਾਨ ਬੰਦ ਕਰਕੇ ਉਹ ਪੱਬ ਨੂੰ ਚਲੇ ਗਏ। ਵੈਸੇ ਵੀ ਪ੍ਰੀਤੋ ਦੇ ਸੁਭਾਅ ਦੀ ਤਬਦੀਲੀ ਸ਼ੇਰੇ ਨੂੰ ਮਹਿਸੂਸ ਹੋ ਗਈ ਸੀ। ਉਹ ਘੱਟ ਹੀ ਨਾਜਰ ਦੇ ਘਰ ਜਾਂਦਾ। ਦੁਕਾਨ ਤੋਂ ਹੀ ਮੁੜਨ ਦੀ ਕੋਸ਼ਿਸ਼ ਕਰਦਾ। ਭਾਵਨਾਵਾਂ ਦਾ ਅਦਾਨ-ਪ੍ਰਦਾਨ ਸ਼ਬਦਾਂ ਦੇ ਅਦਾਨ-ਪ੍ਰਦਾਨ ਤੋਂ ਕਿਤੇ ਵੱਧ ਸੱਚਾ ਤੇ ਤਾਕਤਵਰ ਹੁੰਦਾ ਹੈ। ਇਹ ਸ਼ੇਰੇ ਨੂੰ ਹੁਣ ਪਤਾ ਲੱਗ ਗਿਆ ਸੀ।

ਪੱਬ ਵਿਚ ਉਹਨਾਂ ਨੇ ਆਪਣੀ ਪਸੰਦ ਦਾ ਟੇਬਲ ਮੱਲ ਲਿਆ। ਸਨਿਚਰਵਾਰ ਹੋਣ ਕਰਕੇ ਪੱਬ ਵਿਚ ਬਹੁਤ ਰੌਣਕ ਸੀ। ਅਜਿਹੀ ਰੌਣਕ ਕਦੇ ਕਦੇ ਲੜਾਈ ਝਗੜੇ ਨੂੰ ਵੀ ਜਨਮ ਦਿੰਦੀ ਸੀ। ਬਹੁਤ ਵਾਰ ਨਸਲੀ ਹਮਲੇ ਦਾ ਕਾਰਨ ਵੀ ਬਣ ਜਾਂਦੀ। ਪਰ ਸਿਆਣੇ-ਸੁਘੜ ਬੰਦੇ ਸਮੇਂ ਨੂੰ ਵਿਚਾਰ ਕੇ ਆਪਣਾ ਬਚਾ ਕਰ ਲੈਂਦੇ।

'ਕਹਿੰਦੇ ਐਸ ਪੱਬ ਦਾ ਗਮਨਾ ਆਪਣੇ ਬੰਦਿਆਂ ਨੂੰ ਪਸੰਦ ਨੀ ਕਰਦਾ।' ਸ਼ੇਰੇ ਨੇ ਘੁੱਟ ਭਰ ਕੇ ਗਲਾਸ ਮੇਜ਼ 'ਤੇ ਰੱਖਦਿਆਂ ਕਿਹਾ।

'ਹੁਣ ਤੱਕ ਤਾਂ ਕਦੇ ਕੋਈ ਪ੍ਰਾਬਲਮ ਨੀ ਆਈ, ਕਿਉਂ ਮਾਸਟਰ?' ਨਾਜਰ ਨੇ ਮਾਸਟਰ ਨੂੰ ਪੁੱਛਿਆ।

'ਕਈ ਵਾਰ ਲੋਕ ਬਾਤ ਦਾ ਬਤੰਗੜ ਬਣਾ ਲੈਂਦੇ ਆ। ਵੈਸੇ ਨਸਲੀ ਵਿਤਕਰੇ

ਦੀਆਂ ਜੜ੍ਹਾਂ ਤਾਂ ਹਰ ਮਨੁੱਖ ਦੇ ਅੰਦਰ ਹੀ ਹੁੰਦੀਆਂ। ਕਿਸੇ ਅੰਦਰ ਬਹੁਤੀਆਂ ਤੇ ਕਿਸੇ ਅੰਦਰ ਘੱਟ ਫੈਲੀਆਂ ਹੋਈਆਂ ਹੁੰਦੀਆਂ। ਜਿਹਦੇ ਅੰਦਰ ਘੱਟ ਫੈਲੀਆਂ ਹੁੰਦੀਆਂ ਉਹ ਆਪਣੇ ਵਰਤਾਅ ਨੂੰ ਸਾਵਾਂ ਰੱਖ ਲੈਂਦਾ। ਦੂਜਾ ਉਸ ਦਾ ਕੈਦੀ ਬਣ ਜਾਂਦਾ----। ਊਂ ਪਤਾ ਨੀ ਲਗਦਾ ਕਦੋਂ ਕਿਸੇ ਦੇ ਅੰਦਰ ਸ਼ੈਤਾਨ ਭੜਕ ਪਵੇ।' ਮਾਸਟਰ ਨੇ ਆਸੇ ਪਾਸੇ ਵੇਖਿਆ। ਕਈ ਏਸ਼ੀਅਨ ਬੰਦੇ ਬੈਠੇ ਬੀਅਰ ਪੀ ਰਹੇ ਸਨ ਤੇ ਮਿੱਤਰਾਂ ਨਾਲ ਗੱਲਾਂ ਮਾਰ ਰਹੇ ਸਨ।

'ਮਾਸਟਰ ਜੀ ਤੁਸੀਂ ਬਾਥ ਰੋਡ 'ਤੇ ਵੈਂਪੀ ਵਰਗਾ ਨਵਾਂ ਰੈਸਟੋਰੈਂਟ ਦੇਖਿਆ। ਲਗਦਾ ਉਹ ਵੀ ਅਮਰੀਕਨ ਆ।' ਸ਼ੇਰੇ ਦੀ ਉੱਤਸੁਕਤਾ ਅਜੇ ਵੀ ਜਿਉਂ ਦੀ ਤਿਉਂ ਸੀ।

'ਆਹੋ, 'ਲਿਟਲ ਸ਼ੈਫ'। ਦੇਖੋ ਜੰਗ ਬਾਅਦ ਦੁਨੀਆਂ ਦੇ ਹਾਲਾਤ ਬਦਲ ਗਏ ਐ। ਬਸਤੀਵਾਦ ਵਾਲਾ ਦੌਰ ਖਤਮ ਹੋ ਰਿਹਾ ਹੈ। ਹੁਣ ਕਿਸੇ ਦੇਸ਼ 'ਤੇ ਫੌਜੀ ਤਾਕਤ ਨਾਲ ਹਮਲਾ ਕਰਕੇ ਜਿੱਤਣਾ ਤੇ ਲੋਕਾਂ ਨੂੰ ਗੁਲਾਮ ਰੱਖ ਕੇ ਉਹਨਾਂ ਦੇ ਕੁਦਰਤੀ ਸਾਧਨ, ਉਪਜ ਤੇ ਕਿਰਤ ਦੀ ਲੁੱਟ ਵਾਲੀ ਗੱਲ ਬਹੁਤੀ ਦੇਰ ਨੀ ਚੱਲਣੀ। ਹੋਣਾ ਹੁਣ ਵੀ ਇਹੋ ਐ। ਸਰਮਾਏਦਾਰੀ ਢੰਗ ਤਰੀਕੇ ਬਦਲ ਰਹੀ ਐ। ਹੁਣ ਉਹ ਆਪਣੇ ਬਿਜਨਸ ਦਾ ਦੂਜੇ ਦੇਸ਼ਾਂ ਵਿਚ ਨਵੇਸ਼ ਕਰਕੇ ਵਿਸਥਾਰ ਕਰ ਰਹੀ ਐ। ਵਿਕਾਸ ਦਾ ਨਾਹਰਾ ਦੇ ਕੇ ਉਹ ਲੋਕਾਂ ਦੀਆਂ ਜੇਬਾਂ ਕੱਟਣ ਵੱਲ ਨੂੰ ਤੁਰ ਰਹੀ ਐ---।'

'ਪਰ ਐਥੇ ਤਾਂ ਕੋਈ ਬਹੁਤਾ ਫਰਕ ਨਹੀਂ ਪਿਆ ਲਗਦਾ?' ਸ਼ੇਰੇ ਨੇ ਹੋਰ ਸਵਾਲ ਦਾਗ ਦਿੱਤਾ।

'ਨਹੀਂ ਸ਼ੇਰ ਸਿੰਘ ਇਹ ਗੱਲ ਨੀ। ਜੰਗ ਤੋਂ ਪਹਿਲਾਂ ਔਰਤਾਂ ਦੀਆਂ ਸਕਰਟਾਂ ਲੰਮੀਆਂ, ਸਿਰਾਂ ਤੇ ਸਕਾਰਫ ਤੇ ਬਹੁਤਾ ਘਰੇਲੂ ਜਿਹਾ ਕੰਮ ਹੁੰਦਾ ਸੀ। ਜੰਗ ਵੇਲੇ ਆਦਮੀ ਜੰਗ ਵਿਚ ਚਲੇ ਗਏ ਤੇ ਔਰਤਾਂ ਨੇ ਖੇਤੀ, ਫੈਕਟਰੀਆਂ, ਡਰਾਈਵਿੰਗ ਕਰਕੇ ਢੋਅ-ਢੁਆਈ, ਗੱਲ ਕੀ ਸਾਰੇ ਕੰਮ ਕੀਤੇ। ਇਸ ਨਾਲ ਉਹਨਾਂ ਨੂੰ ਹੋਰ ਆਜ਼ਾਦੀ ਮਿਲ ਗਈ। ਹੁਣ ਔਰਤਾਂ ਦੀਆਂ ਸਕਰਟਾਂ ਸੁੰਗੜ ਕੇ ਗੋਡਿਆਂ ਤੋਂ ਉੱਤੇ ਤੱਕ ਰਹਿ ਗੀਆਂ, ਬਲਾਊਜਾਂ ਦੀਆਂ ਬਾਹਾਂ ਵੀ ਉੱਡ ਗਈਆਂ। ਸਿਰਾਂ ਦੇ ਸਕਾਰਫ ਦੀ ਲੋੜ ਵੀ ਨੀ। ਹਰ ਕੰਮ ਕਰਦੀਆਂ ਤੇ ਪੈਸੇ ਕਮਾ ਕੇ ਐਸ਼ ਵੀ ਕਰਦੀਆਂ। ਥਾਂ ਥਾਂ ਵਾਈਨ ਬਾਰਾਂ ਤੇ ਕਲੱਬਾਂ ਖੁੱਲ੍ਹੀ ਜਾਂਦੀਆਂ ਤੇ ਨਵੀਂ ਉਮਰ ਦੀਆਂ ਕੁੜੀਆਂ ਮੁੰਡਿਆਂ ਨਾਲ ਭਰੀਆਂ ਰਹਿੰਦੀਆਂ। ਸ਼ਰੇਆਮ ਸਿਗਰਟ ਪੀਂਦੀਆਂ। ਕਾਰਾਂ ਵਧੀ ਜਾਂਦੀਆਂ। ਸਰਕਾਰ ਨੇ ਹੁਣ ਨਵੀਆਂ ਸੜਕਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਐਮ ਵਨ ਮੋਟਰਵੇਅ ਬਣ ਚੁੱਕਿਆ। ਹੋਰ ਕਾਰਾਂ ਵਧਣਗੀਆਂ ਤੇ ਹੋਰ ਸੜਕਾਂ ਬਣਨਗੀਆਂ--।'

'ਪਰ ਥੋਡੀ ਗੱਲ ਵਚਾਲੇ ਆ, ਸਰਕਾਰ ਕੋਲ ਐਨੇ ਪੈਸੇ ਕਿਥੋਂ ਆਉਂਦੇ ਆ?' ਸ਼ੇਰੇ ਨੇ ਹੋਰ ਸਵਾਲ ਪੁੱਛ ਲਿਆ।

'ਬ੍ਰਿਟੇਨ ਦੀ ਸਰਕਾਰ ਨੇ ਅਮਰੀਕਾ ਤੋਂ ਕਰਜ਼ਾ ਲਿਆ ਹੋਇਆ। ਲੜਾਈ ਪਿੱਛੋਂ

ਅਮਰੀਕਾ ਨੇ ਪੱਛਮੀ ਯੂਰਪ ਨੂੰ ਬਥੇਰਾ ਕਰਜ਼ਾ ਦਿੱਤਾ। ਤੂੰ ਸੁਣਿਆ ਨੀ ਕੁਝ ਦਿਨ ਪਹਿਲਾਂ ਕਿਸੇ ਪੱਤਰਕਾਰ ਨੇ ਪ੍ਰਧਾਨ ਮੰਤਰੀ ਨੂੰ ਸਵਾਲ ਕੀਤਾ ਕਿ ਅਮਰੀਕਾ ਵੀਅਤਨਾਮ ਵਿਚ ਦਾੜ੍ਹੀ ਫਸਾਈ ਬੈਠਾ। ਏਸ ਲੜਾਈ ਨੂੰ ਸਾਰੀ ਦੁਨੀਆਂ ਨਿੰਦ-ਭੰਡ ਰਹੀ ਐ। ਬ੍ਰਿਟੇਨ ਕਿਉਂ ਨੀ ਇਸ ਲੜਾਈ ਖਿਲਾਫ ਬੋਲਦਾ? ਤਾਂ ਪ੍ਰਧਾਨ ਮੰਤਰੀ ਨੇ ਜਵਾਬ ਦਿੱਤਾ ਕਿ ਅਮਰੀਕਾ ਸਾਡਾ 'ਸ਼ਾਹ' ਐ। 'ਸ਼ਾਹ' ਦੇ ਖਿਲਾਫ ਬੋਲ ਕੇ ਤਾਂ ਦਿਵਾਲਾ ਕਢਾਉਣ ਵਾਲੀ ਗੱਲ ਐ।'

'ਅਮਰੀਕਾ ਐਨਾ ਪੈਸਾ ਵਿਆਜ ਖਾਤਰ ਈ ਲਾਈ ਜਾਂਦਾ ਐ?' ਨਾਜਰ ਦੀ ਵੀ ਗੱਲ-ਬਾਤ ਦਿਲਚਸਪੀ ਬਣ ਗਈ ਸੀ।

'ਦੇਖੋ ਦੁਨੀਆਂ ਵਿਚ ਹੁਣ ਦੋ ਮਾਡਲ ਐ। ਇਕ ਤਾਂ ਆਹ ਸਰਮਾਏਦਾਰੀ ਮਾਡਲ ਐ। ਹੰਢਿਆ ਵਰਤਿਆ ਪੁਰਾਣਾ ਮਾਡਲ। ਦੂਜਾ ਮਾਡਲ ਆ ਸਮਾਜਵਾਦੀ ਜਿਵੇਂ ਰੂਸ ਤੇ ਚੀਨ ਦਾ ਐ। ਜੰਗ ਬਾਅਦ ਰੂਸ ਨੇ ਪੂਰਬੀ ਯੂਰਪ ਵਿਚ ਵੀ ਆਵਦਾ ਮਾਡਲ ਲਾਗੂ ਕਰਤਾ। ਸਰਮਾਏਦਾਰ ਮਾਡਲ ਵਾਲੇ ਡਰਦੇ ਆ ਕਿਤੇ ਰੂਸ ਵਾਲਾ ਮਾਡਲ ਪੱਛਮੀ ਯੂਰਪ ਵਿਚ ਵੀ ਲੋਕ ਲਾਗੂ ਨਾ ਕਰ ਦੇਣ। ਏਸ ਲਈ ਲੋਕਾਂ ਨੂੰ ਸਹੂਲਤਾਂ ਦੇਣੀਆਂ ਤੇ ਨਾਲ ਈ ਵਿਕਾਸ ਦਾ ਮਾਡਲ ਬਣਾ ਕੇ ਪੇਸ਼ ਕਰਨ ਦੀ ਮਜਬੂਰੀ ਆ। ਲੰਡਨ 'ਚ ਤਾਂ ਪਹਿਲਾਂ ਤਬਦੀਲੀ ਆ ਗੀ। ਮਿਡਲੈਂਡ ਤੇ ਨੌਰਥ 'ਚ ਅਜੇ ਵੀ ਰਹਿਣ-ਸਹਿਣ ਦਾ ਪੁਰਾਣਾ ਢੰਗ ਐ। ਘਰਾਂ 'ਚ ਨਾ ਖਿੜਕੀਆਂ ਤੇ ਨਾ ਰੋਸ਼ਨਦਾਨ। ਟਾਇਲਟ ਬਾਥ ਵੀ ਨੀ। ਸਾਂਝੀਆਂ ਟਾਇਲਟਾਂ ਬਣੀਆਂ ਹੋਈਆਂ ਜਿਥੇ ਸਵੇਰੇ ਲੋਕ ਲਾਈਨ ਲਾ ਕੇ ਖੜ੍ਹੇ ਹੁੰਦੇ ਐ। ਘਰੋਂ ਈ ਟਾਇਲਟ ਟਿਸ਼ੂ ਲੈ ਕੇ ਜਾਂਦੇ ਐ ਜਾਂ ਪੁਰਾਣੇ ਅਖ਼ਬਾਰ ਵਰਤ ਲੈਂਦੇ ਐ। ਨਹਾਉਣ ਲਈ ਵੀ 'ਪਬਲਿਕ ਬਾਥ' ਐ। ਪੈਸੇ ਦਿਉ 'ਤੇ ਗਰਮ ਪਾਣੀ ਨਾਲ ਨਹਾ ਲੋ। ਹੁਣ ਉਥੇ ਵੀ ਨਵੇਂ ਘਰ ਬਣ ਰਹੇ ਆ। ਨਵੇਂ ਫਲੈਟ ਬਣ ਰਹੇ ਆ ਜਿਹਨਾਂ ਵਿਚ ਬਾਥ ਤੇ ਟਾਇਲਟਾਂ ਵੀ ਆ। ਹੁਣ ਰਾਤ ਨੂੰ ਬਾਲਟੀ ਨੀ ਰੱਖਣੀ ਪੈਂਦੀ ਕਮਰੇ 'ਚ। ਨਵੀਆਂ ਫਰਿਜਾਂ ਆ ਰਹੀਆਂ ਜਿਹਨਾਂ ਵਿਚ ਫਰੀਜਰ ਵੀ ਆ। ਨਾਜਰ ਸਿਉਂ ਵੀ ਜਲਦੀ ਫਰੀਜਰ ਆਲਾ ਸਮਾਨ ਵੇਚਣਾ ਸ਼ੁਰੂ ਕਰ ਦੇਊ ਮੈਨੂੰ ਲਗਦਾ।' ਮਾਸਟਰ ਨੇ ਗਲਾਸ ਖਾਲੀ ਕੀਤਾ ਤੇ ਸ਼ੇਰਾ ਗਲਾਸ ਭਰਾਉਣ ਕਾਊਂਟਰ 'ਤੇ ਪਹੁੰਚ ਗਿਆ।

'ਇੰਡੀਆ ਦਾ ਫੇਰ ਕਿਹੜਾ ਮਾਡਲ ਹੋਇਆ ਮਾਸਟਰ ਜੀ?' ਸ਼ੇਰੇ ਨੇ ਆਉਂਦਿਆਂ ਕਿਹਾ।

'ਇੰਡੀਆ ਦਾ ਮਾਡਲ ਉਹੀ ਆ ਜਿਹੜਾ ਅੰਗਰੇਜ਼ ਛੱਡ ਆਏ ਆ। ਪਰ ਨਹਿਰੂ ਪੰਚਸ਼ੀਲ ਯੋਜਨਾ ਵਰਗਾ ਕੁਝ ਕਰਕੇ ਰੂਸ ਦੀ ਨਕਲ ਕਰਕੇ ਵਿਚੇ ਸਮਾਜਵਾਦ ਦਾ ਭੁਲੇਖਾ ਪਾਉਣ ਦਾ ਯਤਨ ਕਰਦਾ। ਬਹੁਤਾ ਵਪਾਰ ਵੀ ਰੂਸ ਨਾਲ ਐ ਕਿਉਂਕਿ ਅਮਰੀਕਾ ਪਾਕਿਸਤਾਨ ਦੀ ਮਦਦ ਕਰ ਰਿਹਾ। ਸਿਆਸਤ ਤੈਨੂੰ ਪਤਾ ਬੜੀ

ਗੁੰਝਲਦਾਰ ਚੀਜ਼ ਆ। ਉਤੋਂ ਹੁਣ ਰੂਸ ਦੇ ਲੀਡਰ ਵੀ ਬਦਲੇ ਲਗਦੇ ਆ। ਖਰੁਸ਼ਚੋਵ ਕਹੀ ਜਾਂਦਾ ਇਨਕਲਾਬ ਵੋਟਾਂ ਨਾਲ ਵੀ ਆ ਸਕਦਾ ਜੋ ਸੰਭਵ ਨੀ ਲਗਦਾ।' ਮਾਸਟਰ ਨੇ ਗਲਾਸ ਅੱਧਾ ਕਰ ਦਿੱਤਾ।

'ਰੂਸੀ ਲੀਡਰਾਂ ਦੀ ਟੋਨ ਕਿਉਂ ਬਲਦਗੀ ਜੀ?'

'ਸਮਾਜਵਾਦ ਦਾ ਮਤਲਬ ਐ—ਨਿਰਸਵਾਰਥ ਹੋਣਾ, ਪਾਰਦਰਸ਼ੀ ਤੇ ਸਰਬੱਤ ਦੇ ਭਲੇ ਦਾ ਅਸੂਲ ਹਰ ਵਿਅੱਕਤੀ ਨੂੰ ਅਪਣਾਉਣਾ ਚਾਹੀਦਾ। ਪਰ ਮਨੁੱਖ ਹਜਾਰਾਂ ਸਾਲਾਂ ਤੋਂ ਹੀ ਲਾਲਾਚੀ ਹੈ। ਲਾਲਚ ਦਾ ਅੰਸ਼ ਮਨੁੱਖੀ ਫਿਤਰਤ ਦਾ ਅੰਗ ਐ ਤੇ ਖਤਮ ਨਹੀਂ ਹੋ ਸਕਦਾ। ਇਸ ਲਈ ਬੰਦਾ ਨਿਰਸਵਾਰਥ ਨਹੀਂ ਹੋ ਸਕਦਾ। ਨਿਰਸਵਾਰਥ ਹੋਏ ਬਿਨਾਂ ਸਰਬੱਤ ਦਾ ਭਲਾ ਨਹੀਂ ਕਰ ਸਕਦਾ। ਆਵਦੇ ਲਾਲਚ ਦਾ ਝੱਸ ਪੂਰਾ ਕਰਨ ਲਈ ਉਸ ਨੇ ਬੇਈਮਾਨੀ ਕਰਨੀ ਹੁੰਦੀ ਐ ਤੇ ਬੇਈਮਾਨੀ ਨੂੰ ਲੁਕਾਉਣ ਲਈ ਪਾਰਦਰਸ਼ਤਾ ਨੂੰ ਤਿਆਗ ਦਿੰਦਾ। ਇਹੋ ਕੁਝ ਰੂਸ ਵਿਚ ਹੋ ਰਿਹਾ ਲਗਦਾ। ਫੇਰ ਵੀ ਸਰਮਾਏਦਾਰੀ ਦੇ ਮੁਕਾਬਲਤਨ ਸਮਾਜਵਾਦ ਦਾ ਮਾਡਲ ਲੋਕਾਂ ਲਈ ਚੰਗਾ। ਚਲੋ ਹੁਣ ਚਲੀਏ ਬਹੁਤ ਦੇਰ ਹੋ ਗੀ---।' ਸਾਰਿਆਂ ਨੇ ਗਲਾਸ ਖਾਲੀ ਕੀਤੇ ਤੇ ਪੱਬ ਵਿਚੋਂ ਬਾਹਰ ਆ ਗਏ।

***

ਸ਼ੇਰੇ ਨੂੰ ਤਾਰ ਆਈ ਤਾਂ ਉਹ ਨਾਜਰ ਕੋਲ ਆ ਗਿਆ। ਅਗਲੇ ਦਿਨ ਜੀਤਾਂ ਤੇ ਰਾਜੂ ਆ ਰਹੇ ਸਨ। ਉਸ ਦਾ ਚਿਹਰਾ ਚਾਅ ਨਾਲ ਭਖਿਆ ਲਗਦਾ ਸੀ। ਉਸ ਦੀ ਖੁਸ਼ੀ ਆਪ ਮੁਹਾਰੀ ਡੁੱਲ੍ਹ-ਡੁੱਲ੍ਹ ਪੈ ਰਹੀ ਸੀ। ਦੁਕਾਨ ਬੰਦ ਕਰਕੇ ਉਹ ਫਲੈਟ ਵਿਚ ਚਲੇ ਗਏ।

'ਲੈ ਭਰਜਾਈ ਤੇਰੀ ਛੋਟੀ ਭੈਣ ਆ ਰਹੀ ਆ ਕੱਲ੍ਹ ਨੂੰ। ਵਧਾਈ ਹੋਵੇ।' ਸ਼ੇਰੇ ਨੇ ਬੈਠਦਿਆਂ ਕਿਹਾ।

'ਸਵਾ ਵਧਾਈਆਂ—ਰਾਜੂ ਵੀ ਨਾਲ ਈ ਆ ਰਿਹਾ।'

'ਤੇ ਹੋਰ ਕੀ।' ਨਾਜਰ ਨੇ ਬੀਅਰ ਦਾ ਡੱਬਾ ਸ਼ੇਰੇ ਨੂੰ ਫੜਾਇਆ।

'ਠੀਕ ਆ ਮੈਂ ਰੋਟੀ ਬਣਾ ਲੂੰ। ਤੁਸੀਂ ਰੋਟੀ ਏਥੇ ਈ ਖਾ ਲਿਉ। ਵਿਚਾਰੀ ਥੱਕੀ ਆਊ।' ਪ੍ਰੀਤੋ ਦੇ ਬੋਲਾਂ ਵਿਚ ਤਰਸ ਦੀ ਭਾਵਨਾ ਸੀ।

'ਜੋ ਹੁਕਮ--।' ਸ਼ੇਰੇ ਨੇ ਕੋਈ ਉਜਰ ਨਾ ਕੀਤਾ।

ਅਗਲੇ ਦਿਨ ਨਾਜਰ ਨਾਲ ਗਿਆ ਤੇ ਉਹ ਜੀਤਾਂ ਤੇ ਰਾਜੂ ਨੂੰ ਲੈ ਕੇ ਪਹਿਲਾਂ ਸ਼ੇਰੇ ਦੇ ਘਰ ਗਏ। ਉਥੇ ਉਹਨਾਂ ਦਾ ਸਮਾਨ ਰੱਖਿਆ ਤੇ ਫਿਰ ਨਾਜਰ ਦੇ ਘਰ ਆ ਗਏ। ਪ੍ਰੀਤੋ ਨੇ ਜੀਤਾਂ ਨੂੰ ਹਿੱਕ ਨਾਲ ਲਾ ਲਿਆ ਤੇ ਕਿੰਨਾ ਚਿਰ ਘੁੱਟੀ ਰੱਖਿਆ। ਫਿਰ ਉਸ ਨੇ ਰਾਜੂ ਨੂੰ ਘੁੱਟ ਲਿਆ ਤੇ ਉਸ ਨੂੰ ਚੁੰਮਿਆ। ਇਸ ਮਿਲਣੀ ਵਿਚ ਕੁਝ ਅਜਿਹਾ ਸੀ ਕਿ ਜੀਤਾਂ ਨੂੰ ਪ੍ਰੀਤੋ ਵੱਡੀ ਭੈਣ ਹੀ ਲੱਗੀ। ਇਕ ਦਮ ਉਹਨਾਂ ਵਿਚ ਕੋਈ ਭਾਵੁਕ ਜਿਹੀ ਸਾਂਝ ਬਣ ਗਈ ਸੀ।

ਰਾਜੂ ਬੱਚਿਆਂ ਕੋਲ ਚਲਾ ਗਿਆ। ਸ਼ੇਰਾ, ਰਾਜੂ ਨੂੰ ਉਹਨਾਂ ਦੇ ਸਕੂਲ ਹੀ ਦਾਖਲ ਕਰਵਾਉਣ ਦੀਆਂ ਗੱਲਾਂ ਕਰਨ ਲੱਗਾ। ਪੈਵ ਕੋਲੋਂ ਰਾਜੂ ਨੂੰ ਕੁਝ ਮਦਦ ਮਿਲ ਸਕਦੀ ਸੀ ਤੇ ਉਹਨਾਂ ਨਾਲ ਉਸ ਦਾ ਜੀਅ ਵੀ ਲੱਗਿਆ ਰਹਿਣਾ ਸੀ। ਇਸ ਦਾ ਫੈਸਲਾ ਵੀ ਹੋ ਗਿਆ।

ਜੀਤਾਂ ਦਾ ਦਿਲ ਨਾ ਲਗਦਾ। ਉਹ ਤੁਰ ਕੇ ਪ੍ਰੀਤੋ ਕੋਲ ਆ ਜਾਂਦੀ। ਦੁਕਾਨ ’ਤੇ ਖੜ੍ਹਦੀ ਤਾਂ ਅੰਗਰੇਜ਼ੀ ਵਿਚ ਗੋਰਿਆਂ ਨਾਲ ਕੁਝ ਕੁਝ ਗੱਲ ਕਰ ਲੈਂਦੀ। ਜਲਦੀ ਉਸ ਦੀ ਜਕ ਖੁੱਲ੍ਹ ਗਈ ਤੇ ਉਹ ਕਿਸੇ ਕੰਮ ਦੀ ਤਲਾਸ਼ ਬਾਰੇ ਸੋਚਣ ਲੱਗੀ। ਘਰ ਬੈਠ ਕੇ ਸਮਾਂ ਪਾਸ ਕਰਨਾ ਔਖਾ ਲਗਦਾ। ਉਸ ਨੇ ਸ਼ੇਰੇ ਨਾਲ ਗੱਲ ਕੀਤੀ ਤਾਂ ਸ਼ੇਰੇ ਨੇ ਮਿੰਟ ਕੁ ਸੋਚਿਆ।

‘ਮੈਂ ਆਵਦੇ ਕੰਮ ’ਤੇ ਈ ਪਤਾ ਕਰ ਲੈਨਾ। ਦੋਵੇਂ ’ਕੱਠੇ ਚਲੇ ਚੱਲਿਆ ਕਰਾਂਗੇ।’ ਜੀਤਾਂ ਚੁੱਪ ਕਰ ਗਈ।

ਅਗਲੇ ਦਿਨ ਉਸ ਨੇ ਪ੍ਰੀਤੋ ਤੇ ਨਾਜਰ ਨਾਲ ਰਾਇ ਕੀਤੀ।

‘ਜੀਤਾਂ ਮੇਰੀ ਸੁਣੇਂ ਤਾਂ ਕਿਸੇ ਦਫ਼ਤਰ ’ਚ ਕੰਮ ਲੱਭ। ਪੜ੍ਹਾਈ-ਲਖਾਈ ਦਾ ਫੈਦਾ ਤਾਂ ਹੋਵੇ। ਮੈਂ ਮਾਸਟਰ ਨੂੰ ਪੁੱਛੂੰ। ਉਹਨੂੰ ਵਾਹਵਾ ਜਾਣਕਾਰੀ ਹੁੰਦੀ ਐ।’ ਨਾਜਰ ਦੀ ਰਾਇ ਨਾਲ ਜੀਤਾਂ ਸਹਿਮਤ ਸੀ।

ਕੁਝ ਦਿਨਾਂ ਬਾਅਦ ਉਸ ਨੂੰ ਸੋਸ਼ਲ ਸਕਿਉਰਟੀ ਦੇ ਦਫ਼ਤਰ ਵਿਚ ਕੰਮ ਮਿਲ ਗਿਆ। ਉਹ ਕੰਮ ਨਾਲ ਖੁਸ਼ ਸੀ। ਨੌਂ ਵਜੇ ਤੋਂ ਪੰਜ ਵਜੇ ਤੱਕ ਦਾ ਕੰਮ ਸੀ ਤੇ ਬਣ-ਠਣ ਕੇ ਉਹ ਦਫ਼ਤਰ ਜਾਂਦੀ। ਉਸ ਦੇ ਸਵੈ-ਵਿਸ਼ਵਾਸ਼ ਨੂੰ ਵੀ ਹੁਲਾਰਾ ਮਿਲ ਗਿਆ ਸੀ।

## 14

'ਬੌਬ ਰੰਡਾਵੇ ਦੀ ਇਕ ਈਮੇਲ ਗੈਰੀ ਨੂੰ ਕੀਤੀ ਹੋਈ ਮਿਲੀ ਐ ਜਿਸ ਵਿਚ ਉਸ ਨੇ ਉਸ ਨੂੰ ਮਿਲਣ ਬਾਰੇ ਕਿਹਾ ਸੀ।' ਐਨ ਨੇ ਰਿਚਰਡ ਨੂੰ ਦੱਸਿਆ।

'ਦੋਵੇਂ ਬਿਜਨਸ ਮੈਨ ਹੋਣ ਕਰਕੇ ਮਿਲ ਲੈਂਦੇ ਹੋਣਗੇ। ਇਹ ਤਾਂ ਕੋਈ ਖਾਸ ਗੱਲ ਨੀ।'

'ਰਿਚਰਡ ਮੇਰੇ ਖਿਆਲ 'ਚ ਬੌਬ ਰੰਡਾਵੇ ਨੂੰ ਇੰਟਰਵਿਊ ਕਰਨਾ ਚਾਹੀਦਾ। ਸ਼ਾਇਦ ਕੋਈ ਸੁਰਾਗ ਮਿਲ ਜਾਵੇ।'

'ਤੂੰ ਉਹਨੂੰ ਮਿਲ ਲੈ। ਜੇ ਕੋਈ ਲੋੜ ਹੋਈ ਤਾਂ ਆਪਾਂ ਇਕ ਮੀਟਿੰਗ ਹੋਰ ਕਰ ਸਕਦੇ ਆਂ।'

'ਨਹੀਂ ਮੇਰਾ ਖਿਆਲ ਆਪਾਂ ਦੋਵਾਂ ਨੂੰ ਜਾਣਾ ਚਾਹੀਦਾ। ਆਪਾਂ ਇਕ ਹੋਰ ਕੰਮ ਵੀ ਕਰਾਂਗੇ---।' ਐਨ ਦੀਆਂ ਅੱਖਾਂ ਅਚਾਨਕ ਚਮਕੀਆਂ।

ਐਨ ਨੇ ਬੌਬ ਨੂੰ ਫ਼ੋਨ ਕੀਤਾ।

'ਮਿਸਟਰ ਰੰਡਾਵਾ, ਮੈਂ ਡਿਟੈਕਟਿਵ ਐਨ ਬੋਲ ਰਹੀ ਆਂ। ਤੁਹਾਡੇ ਨਾਲ ਗੈਰੀ ਦੇ ਕਤਲ ਸਬੰਧੀ ਕੁਝ ਗੱਲ ਕਰਨੀ ਸੀ।'

ਗੈਰੀ ਨੇ ਮਿੰਟ ਕੁ ਭਰ ਲਈ ਕੋਈ ਜਵਾਬ ਨਾ ਦਿੱਤਾ। ਐਨਾ ਰਿਚਰਡ ਵੱਲ ਵੇਖਣ ਲੱਗੀ।

'ਦੱਸੋ ਕਦੋਂ ਮਿਲਣਾ ਚਾਹੁੰਦੇ ਹੋ?'

'ਕੱਲ੍ਹ ਦੋ ਵਜੇ ਲੰਚ ਬਾਅਦ ਜੇ ਤੁਹਾਨੂੰ ਵਿਹਲ ਹੈ।'

'ਠੀਕ ਐ ਪਰ ਕਿੱਥੇ?'

'ਤੁਹਾਡੇ ਦਫ਼ਤਰ ਵਿਚ ਹੀ ਆ ਜਾਵਾਂਗੇ। ਬਹੁਤੀ ਦੇਰ ਤਾਂ ਲਗਣੀ ਨਹੀਂ ਵੈਸੇ ਵੀ ਅਸੀਂ ਸਿਵਲ ਡਰੈਸ ਵਿਚ ਹੀ ਹੋਵਾਂਗੇ।' ਉਸ ਨੇ ਹਾਂ ਕਰ ਦਿੱਤੀ।

ਉਹ ਬੌਬ ਦੇ ਦਫ਼ਤਰ ਪਹੁੰਚੇ ਤਾਂ ਉਸ ਨੇ ਉਹਨਾਂ ਨੂੰ ਅੰਦਰ ਬਿਠਾ ਕੇ ਦਰਵਾਜ਼ਾ ਬੰਦ ਕਰ ਦਿੱਤਾ। ਐਨ ਉਸ ਨੂੰ ਬਹੁਤ ਧਿਆਨ ਨਾਲ ਵੇਖ ਰਹੀ ਸੀ। ਉਸ ਨੂੰ ਪੁਲੀਸ ਦੀ ਟ੍ਰੇਨਿੰਗ ਵਿਚ ਸਿਖਾਇਆ ਗਿਆ ਸੀ ਕਿ ਸ਼ਬਦਾਂ ਦੇ ਨਾਲ ਹੀ ਬੰਦੇ ਦੇ ਹਾਵ-ਭਾਵ ਪੜ੍ਹਨੇ ਜ਼ਰੂਰੀ ਹੁੰਦੇ ਹਨ। ਬੌਬ ਉਹਨਾਂ ਤੋਂ ਅੱਖਾਂ ਚੁਰਾ ਰਿਹਾ ਲਗਦਾ ਸੀ। ਐਨ ਹੋਰ ਵੀ ਸਤਰਕ ਹੋ ਗਈ ਤੇ ਰਿਚਰਡ ਵੱਲ ਭਾਵਪੂਰਣ ਨਜ਼ਰਾਂ ਨਾਲ ਵੇਖਿਆ। ਕੁਝ ਦੇਰ ਸਧਾਰਨ ਗੱਲਾਂ ਕਰਨ ਬਾਅਦ ਰਿਚਰਡ ਨੇ ਪੁੱਛਿਆ।

'ਤੁਹਾਡੀ ਗੈਰੀ ਨਾਲ ਕਿੰਨੀ ਕੁ ਜਾਣ ਪਛਾਣ ਸੀ?'

'ਮੇਰਾ ਨੀ ਖਿਆਲ ਕਦੇ ਮੈਂ ਉਸ ਨੂੰ ਮਿਲਿਆ ਹੋਵਾਂ। ਸ਼ਾਇਦ ਕਦੇ ਕਿਸੇ ਪਾਰਟੀ ਵਿਚ ਹੈਲੋ ਹੋਈ ਹੋਵੇ, ਮੇਰੇ ਯਾਦ ਨਹੀਂ।'

'ਤੁਸੀਂ ਇਕ ਪ੍ਰਾਪਰਟੀ ਵਿਚ ਦਿਲਚਸਪੀ ਲੈ ਰਹੇ ਸੀ ਤਾਂ ਉਹ ਪ੍ਰਾਪਰਟੀ ਗੈਰੀ ਨੇ ਖਰੀਦ ਲਈ ਸੀ। ਉਸ ਦਿਨ ਬੋਲੀ 'ਤੇ ਤੁਸੀਂ ਉਸ ਨੂੰ ਵਧਾਈ ਦਿੱਤੀ ਹੋਵੇਗੀ।' ਐਨ ਦੀਆਂ ਅੱਖਾਂ ਪਲ ਵੀ ਉਸ ਦੇ ਮੂੰਹ ਤੋਂ ਪਾਸੇ ਨਹੀਂ ਸਨ ਹੋਈਆਂ।

'ਹੋ ਸਕਦਾ ਪਰ ਮੇਰੇ ਯਾਦ ਨਹੀਂ।'

'ਤੁਸੀਂ ਉਸ ਨਾਲ ਕਦੀ ਟੈਲੀਫ਼ੋਨ 'ਤੇ ਜਾਂ ਈਮੇਲ ਜ਼ਰੀਏ ਗੱਲ ਕੀਤੀ ਹੋਵੇ?'

'ਕਦੀ ਲੋੜ ਈ ਨਹੀਂ ਪਈ।'

'ਠੀਕ ਐ ਮਿਸਟਰ ਰੰਡਾਵਾ ਮਿਹਰਬਾਨੀ ਤੁਹਾਡੇ ਕੀਮਤੀ ਸਮੇਂ ਦੀ।' ਕੁਝ ਕੁ ਅਜਿਹੇ ਸਵਾਲ ਪੁੱਛ ਕੇ ਉਹ ਹੱਥ ਮਿਲਾ ਕੇ ਬਾਹਰ ਗੱਡੀ ਵਿਚ ਆ ਬੈਠੇ। ਉਹਨਾਂ ਨੇ ਇਕ ਦੂਜੇ ਵੱਲ ਵੇਖਿਆ।

'ਰਿਚਰਡ, ਮੈਨੂੰ ਲਗਦਾ ਬੌਬ ਝੂਠ ਬੋਲ ਰਿਹਾ। ਈਮੇਲ ਤਾਂ ਉਸ ਨੇ ਕੀਤੀ ਹੈ। ਮੇਰੇ ਕੋਲ ਸਬੂਤ ਹੈਗਾ। ਉਹ ਬੇਅਰਾਮ ਜਿਹਾ ਲਗਦਾ ਸੀ ਭਾਂਵੇਂ ਉਸ ਨੇ ਬੇਅਰਾਮੀ ਨੂੰ ਲੁਕਾਉਣ ਦਾ ਯਤਨ ਕੀਤਾ। ਮੈਂ ਉਸ ਦੇ ਮੇਜ਼ ਹੇਠ ਇਕ ਛੋਟਾ ਜਿਹਾ ਮਾਈਕਰੋਫ਼ੋਨ ਫਿੱਟ ਕਰ ਦਿੱਤਾ ਐ। ਸ਼ਾਇਦ ਕਦੀ ਕੋਈ ਕੰਮ ਦੀ ਗੱਲ ਸੁਣ ਜਾਵੇ।'

ਰਿਚਰਡ ਉਸ ਵੱਲ ਵੇਖ ਕੇ ਹੈਰਾਨੀ ਨਾਲ ਮੁਸਕਰਾਇਆ।

'ਆਪਾਂ ਇਸ 'ਤੇ ਅੱਖ ਰੱਖੀਏ। ਮੈਨੂੰ ਲਗਦਾ ਇਹ ਸਿੱਧਾ ਸਾਦਾ ਬੰਦਾ ਨਹੀਂ।'

'ਰਿਚਰਡ, ਜਿਹੜਾ ਬੰਦਾ ਫਰਾਡ ਵਿਚ ਕੈਦ ਕੱਟ ਚੁੱਕਿਆ ਹੋਵੇ ਉਸ ਤੋਂ ਬਹੁਤੀ ਭਲੇ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਉਹ ਹੋਰ ਵੀ ਖਚਰਾ ਤੇ ਫਰੇਬੀ ਬਣ ਗਿਆ ਹੋ ਸਕਦਾ।'

ਉਹ ਅਜੇ ਥੋੜੀ ਦੂਰ ਹੀ ਗਏ ਸਨ, ਐਨ ਦੇ ਟੈਲੀਫ਼ੋਨ 'ਤੇ ਸੰਕੇਤ ਆਇਆ। ਉਸ ਨੇ ਸਕਰੀਨ ਵੇਖੀ। ਬੌਬ ਕਿਸੇ ਨਾਲ ਫ਼ੋਨ 'ਤੇ ਗੱਲ ਕਰ ਰਿਹਾ ਸੀ ਤੇ ਐਨ ਦੇ ਫ਼ੋਨ ਨਾਲ ਮਾਈਕਰੋਫ਼ੋਨ ਜੁੜਿਆ ਹੋਇਆ ਸੀ। ਉਸ ਦੀ ਗੱਲ ਬਾਤ ਦਾ ਸਾਰ-ਅੰਸ਼ ਸਮਝ ਆਇਆ ਕਿ ਉਹ ਅਗਲੇ ਦਿਨ ਲੰਡਨ ਜਾ ਰਿਹਾ ਸੀ ਤੇ ਜਿਸ ਬੰਦੇ ਨਾਲ ਉਹ ਗੱਲ ਕਰ ਰਿਹਾ ਸੀ ਉਸ ਦੇ ਅੰਗਰੇਜ਼ੀ ਬੋਲਣ ਦੇ ਲਹਿਜੇ ਤੋਂ ਉਹ ਯੂਰਪੀਅਨ ਲਗਦਾ ਸੀ।

ਰਿਚਰਡ ਨੇ ਐਨ ਨੂੰ ਸਟੇਸ਼ਨ ਤੇ ਲਾਹ ਦਿੱਤਾ ਤੇ ਆਪ ਉਹ ਸਟੇਸ਼ਨ ਦੇ ਕਾਰ ਪਾਰਕ ਵਿਚ ਕਾਰ ਖੜ੍ਹੀ ਕਰਨ ਚਲਾ ਗਿਆ। ਐਨ ਨੇ ਵਾਲ ਖੁੱਲ੍ਹੇ ਛੱਡੇ ਹੋਏ ਸਨ ਜਿਹਨਾਂ ਨਾਲ ਉਸ ਦਾ ਅੱਧਾ ਚਿਹਰਾ ਢਕਿਆ ਹੋਇਆ ਸੀ। ਐਨਕਾਂ ਲਗਾਈਆਂ ਹੋਈਆਂ ਸਨ ਤੇ ਉਸ ਦੇ ਸਸਤੇ ਕੱਪੜੇ ਕਿਸੇ ਗਰੀਬ ਜਿਹੀ ਔਰਤ ਵਾਲੇ ਸਨ। ਉਸ ਦੀ ਪਹਿਚਾਨ ਕਰਨੀ ਔਖੀ ਸੀ। ਉਹ ਸਟੇਸ਼ਨ 'ਤੇ ਪਹੁੰਚ ਗਈ ਤੇ ਬੌਬ ਨੂੰ ਉਡੀਕਣ ਲੱਗੀ। ਬੌਬ ਨੂੰ ਦਸ ਕੁ ਵਜੇ ਸਟੇਸ਼ਨ 'ਤੇ ਆਉਣਾ ਚਾਹੀਦਾ ਸੀ। ਟੈਲੀਫ਼ੋਨ ਵਿਚਲੀ ਗੱਲ ਤੋਂ ਤਾਂ ਇਹੋ ਅੰਦਾਜ਼ਾ ਲਗਦਾ ਸੀ। ਸਵਾ ਦਸ ਵੱਜ ਗਏ ਸਨ ਪਰ ਅਜੇ ਉਹ ਆਇਆ ਨਹੀਂ ਸੀ। ਕਿਤੇ ਉਸ ਦਾ ਪ੍ਰੋਗਰਾਮ ਹੀ ਨਾ ਬਦਲ ਗਿਆ ਹੋਵੇ। ਰਿਚਰਡ ਨੇ ਬੌਬ ਦੇ ਸਟੇਸ਼ਨ 'ਤੇ ਪਹੁੰਚਣ ਬਾਅਦ ਹੀ ਸਟੇਸ਼ਨ 'ਤੇ ਆਉਣਾ ਸੀ। ਉਹ ਸਟੇਸ਼ਨ ਦੇ

ਸਾਹਮਣੇ ਬਣੇ ਹੋਟਲ ਦੀ ਰਿਸੈਪਸ਼ਨ 'ਤੇ ਖੜ੍ਹਾ ਉਸ ਦੀ ਉਡੀਕ ਕਰ ਰਿਹਾ ਸੀ।

ਸਾਢੇ ਦਸ ਵਜੇ ਬੌਬ ਆਇਆ ਤੇ ਆਪਣਾ ਕਰੈਡਿਟ ਕਾਰਡ ਵਰਤ ਕੇ ਪਲੈਟਫਾਰਮ 'ਤੇ ਜਾਣ ਲਈ ਗੇਟ ਖੋਲ੍ਹਿਆ ਤੇ ਤਿੰਨ ਨੰਬਰ ਪਲੈਟਫਾਰਮ 'ਤੇ ਚਲਾ ਗਿਆ। ਐਨ ਨੇ ਨਾਲ ਹੀ ਰਿਚਰਡ ਨੂੰ ਸੰਦੇਸ਼ ਪਾ ਦਿੱਤਾ। ਲੰਡਨ ਨੂੰ ਜਾਣ ਵਾਲੀਆਂ ਕਾਫੀ ਸਵਾਰੀਆਂ ਖੜ੍ਹੀਆਂ ਸਨ। ਭਾਵੇਂ ਜ਼ਿਆਦਾ ਭੀੜ ਵਾਲਾ ਸਮਾਂ ਲੰਘ ਗਿਆ ਸੀ। ਐਨ ਕੁਝ ਲੋਕਾਂ ਦੇ ਵਿਚਕਾਰ ਲੁਕਵੀਂ ਜਿਹੀ ਖੜ੍ਹ ਗਈ। ਬੌਬ ਆ ਕੇ ਗੱਡੀ ਦੀ ਉਡੀਕ ਕਰਨ ਲੱਗਾ। ਉਸ ਦਾ ਫ਼ੋਨ ਖੜਕਿਆ ਤੇ ਐਨ ਨੂੰ ਉਸ ਦੀ ਆਵਾਜ਼ ਸੁਣੀ, 'ਮੈਂ ਗੱਡੀ ਚੜ੍ਹਨ ਲੱਗਿਆਂ।' ਦੋ ਕੁ ਮਿੰਟ ਬਾਅਦ ਗੱਡੀ ਆ ਗਈ। ਐਨੇ ਨੂੰ ਰਿਚਰਡ ਵੀ ਪਹੁੰਚ ਗਿਆ 'ਤੇ ਉਹ ਤਿੰਨ ਦੀ ਥਾਂ ਚਾਰ ਨੰਬਰ ਪਲੈਟਫਾਰਮ 'ਤੇ ਗੱਡੀ ਦੀ ਉਡੀਕ ਕਰਨ ਲੱਗਾ। ਇਹਨਾਂ ਦੋਵਾਂ ਪਲੈਟਫਾਰਮਾਂ ਵਿਚਕਾਰ ਵੇਟਿੰਗ ਰੂਮ ਹੀ ਸਨ। ਜਦ ਗੱਡੀ ਆਈ ਤਾਂ ਰਿਚਰਡ ਦੌੜ ਕੇ ਲੰਡਨ ਜਾਣ ਵਾਲੀ ਗੱਡੀ ਦੇ ਪਿਛਲੇ ਡੱਬੇ ਵਿਚ ਚੜ੍ਹ ਗਿਆ। ਉਸ ਨੇ ਐਨ ਨੂੰ ਆਪਣੇ ਗੱਡੀ ਵਿਚ ਚੜ੍ਹਨ ਦਾ ਸੁਨੇਹਾ ਪਾ ਦਿੱਤਾ।

ਬੌਬ ਵਾਲੇ ਡੱਬੇ ਦੇ ਪਿਛਲੇ ਡੱਬੇ ਵਿਚ ਐਨ ਵੀ ਚੜ੍ਹ ਗਈ। ਤੇਜ਼ ਰਫਤਾਰ ਗੱਡੀ ਦੋ ਕੁ ਸਟੇਸ਼ਨਾਂ 'ਤੇ ਹੀ ਰੁਕੀ ਤੇ ਵੀਹ ਕੁ ਮਿੰਟਾਂ ਵਿਚ ਪੈਡਿੰਗਟਨ ਪਹੁੰਚ ਗਈ। ਜਦ ਉਹ ਪੈਡਿੰਗਟਨ ਉੱਤਰਿਆ ਤਾਂ ਐਨ ਵੀ ਉਸ ਤੋਂ ਵਿੱਥ ਰੱਖ ਕੇ ਭੀੜ ਵਿਚ ਰਲੀ ਮਿਲੀ ਉਸ ਦੇ ਪਿੱਛੇ ਹੀ ਉੱਤਰ ਗਈ। ਰਿਚਰਡ ਨੂੰ ਉਸ ਨੇ ਉਤਰਣ ਦਾ ਸੁਨੇਹਾ ਭੇਜ ਦਿੱਤਾ। ਰਿਚਰਡ ਨੇ ਤਾਂ ਉਹਨਾਂ ਤੋਂ ਡੇਢ ਦੋ ਸੌ ਕਦਮ ਪਿੱਛੇ ਰਹਿਣਾ ਸੀ ਤੇ ਲੋੜ ਅਨੁਸਾਰ ਹੀ ਐਨ ਨੇ ਉਸ ਨੂੰ ਬੁਲਾਉਣਾ ਸੀ।

ਬੌਬ ਤਿੰਨ ਮੋੜ ਮੁੜ ਕੇ ਯੌਰਕ ਸਟਰੀਟ 'ਤੇ ਪਹੁੰਚ ਗਿਆ। ਛੇ ਦੁਕਾਨਾਂ ਦੀ ਇਸ ਪਰੇਡ ਦੇ ਵਿਚਕਾਰ ਪੌੜੀਆਂ ਸਨ ਜੋ ਦੁਕਾਨਾਂ ਉਪਰ ਬਣੇ ਫਲੈਟਾਂ ਨੂੰ ਜਾਂਦੀਆਂ ਸਨ। ਉਹ ਪੌੜੀਆਂ ਚੜ੍ਹ ਗਿਆ। ਐਨ ਸਾਹਮਣੇ ਬਣੇ ਕੌਫੀ ਘਰ ਵਿਚ ਬੈਠ ਗਈ ਤੇ ਲਾਟੇ ਦਾ ਅਨੰਦ ਲੈਣ ਲੱਗੀ। ਦਿਖਾਵੇ ਲਈ ਉਹ ਆਪਣੇ ਟੈਲੀਫ਼ੋਨ ਨਾਲ ਰੁੱਝੀ ਹੋਈ ਸੀ। ਪਰ ਉਸ ਦੀ ਨਜ਼ਰ ਉਸ ਫਲੈਟ ਦੇ ਦਰਵਾਜ਼ੇ 'ਤੇ ਲੱਗੀ ਹੋਈ ਸੀ ਜਿਸ ਵਿਚ ਬੌਬ ਗਿਆ ਸੀ। ਅੱਧੇ ਕੁ ਘੰਟੇ ਬਾਅਦ ਉਹ ਬਾਹਰ ਆਇਆ ਤੇ ਨਾਲ ਹੀ ਇਕ ਕਤਰੀ ਦਾਹੜੀ ਵਾਲਾ ਤੀਹ ਪੈਂਤੀ ਸਾਲ ਦਾ ਬੰਦਾ ਸੀ ਜੋ ਉਸ ਨਾਲ ਬਾਹਰ ਖੜ੍ਹ ਕੇ ਕੁਝ ਮਿੰਟ ਗੱਲਾਂ ਕਰਦਾ ਰਿਹਾ। ਫਿਰ ਬੌਬ ਵਾਪਿਸ ਆ ਗਿਆ। ਐਨ ਨੇ ਰਿਚਰਡ ਨੂੰ ਮੈਸਿਜ ਪਾ ਦਿੱਤਾ ਜਿਸ ਨੇ ਬੌਬ ਨੂੰ ਵੇਖਣਾ ਸੀ ਕਿ ਉਹ ਵਾਪਿਸ ਜਾ ਰਿਹਾ ਸੀ ਜਾਂ ਲੰਡਨ ਵਿਚ ਹੀ ਕਿਧਰੇ ਹੋਰ ਪਾਸੇ ਜਾ ਰਿਹਾ ਸੀ। ਰਿਚਰਡ ਨੇ ਤਸੱਲੀ ਕਰ ਲਈ ਕਿ ਉਹ ਘਰ ਜਾ ਰਿਹਾ ਸੀ ਤੇ ਉਹ ਵਾਪਿਸ ਐਨ ਕੋਲ ਆ ਗਿਆ। ਉਹ ਦੋਵੇਂ ਕੌਫੀ ਪੀਣ ਲੱਗੇ।

ਉਹ ਜਾਣ ਲਈ ਬਾਹਰ ਨਿਕਲੇ। ਰਿਚਰਡ ਨੇ ਐਨ ਨੂੰ ਪੁੱਛਿਆ, 'ਆਪਾਂ ਫਲੈਟ ਵਿਚਲੇ ਬੰਦੇ ਨਾਲ ਗੱਲ ਕਰੀਏ।'

'ਪਰ ਆਪਣੇ ਕੋਲ ਗੱਲ ਕਰਨ ਦਾ ਬਹਾਨਾ ਕੀ ਐ?' ਉਹ ਅਜੇ ਸੋਚ ਹੀ ਰਹੇ ਸਨ ਕਿ ਇਕ ਕਾਰ ਆ ਕੇ ਉਹਨਾਂ ਦੇ ਸਾਹਮਣੇ ਰੁਕੀ। ਡਰਾਇਵਰ ਕਾਰ ਵਿਚ ਹੀ ਬੈਠਾ ਰਿਹਾ ਤੇ ਉਸ ਨੇ ਫ਼ੋਨ ਕੀਤਾ। ਦੋ ਕੁ ਮਿੰਟ ਵਿਚ ਹੀ ਫਲੈਟ ਦਾ ਬੂਹਾ ਖੁੱਲ੍ਹਿਆ ਤੇ ਇਕ ਕੁੜੀ ਬਾਹਰ ਆਈ। ਪੌੜੀਆਂ ਉੱਤਰ ਕੇ ਉਹ ਕਾਰ ਵਿਚ ਆ ਬੈਠੀ ਤੇ ਕਾਰ ਚਲੀ ਗਈ। ਐਨ ਤੇ ਰਿਚਰਡ ਨੇ ਇਕ ਦੂਜੇ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ।

ਕੁਝ ਦੇਰ ਉਹ ਅੰਦਾਜ਼ਾ ਲਗਾਉਂਦੇ ਰਹੇ। ਕੁੜੀ ਦੀ ਨਰਮ ਉਮਰ ਅਤੇ ਅੱਧਖੜ੍ਹ ਆਦਮੀ ਦੇ ਰਿਸ਼ਤੇ ਬਾਰੇ ਗੱਲਾਂ ਕਰਦੇ ਰਹੇ। ਇਹ ਸਭ ਕੁਝ ਠੀਕ ਨਹੀਂ ਸੀ ਲਗਦਾ। ਕੁੜੀ ਦਾ ਚਿਹਰਾ ਉਹਨਾਂ ਨੇ ਵੇਖਿਆ ਸੀ ਤਾਂ ਉਸ 'ਤੇ ਚਿੰਤਾ ਦੇ ਨਿਸ਼ਾਨ ਸਪੱਸ਼ਟ ਸਨ। ਉਹ ਸੋਚ ਰਹੇ ਸਨ ਕਿ ਕੁਝ ਦੇਰ ਉਡੀਕ ਕੀਤੀ ਜਾਵੇ। ਸ਼ਾਇਦ ਕੁੜੀ ਵਾਪਿਸ ਆ ਜਾਵੇ ਤੇ ਉਸ ਨਾਲ ਗੱਲ ਹੋ ਸਕੇ। ਕੁਝ ਦੇਰ ਬਾਅਦ ਫਲੈਟ ਵਾਲਾ ਆਦਮੀ ਪੌੜੀਆਂ ਉੱਤਰ ਰਿਹਾ ਸੀ। ਉਹ ਉਸ ਦੇ ਪਿੱਛੇ ਤੁਰ ਪਏ।

ਉਹ ਮੇਨ ਸੜਕ 'ਤੇ ਪਹੁੰਚ ਗਿਆ ਤੇ ਖੱਬੇ ਮੁੜ ਗਿਆ। ਇਸ ਸੜਕ 'ਤੇ ਕਾਫੀ ਦੁਕਾਨਾਂ ਸਨ ਤੇ ਪੱਬ ਤੇ ਰੈਸਟੋਰੈਂਟਾਂ ਦੀ ਭਰਮਾਰ ਸੀ। ਉਹ ਉਸ ਦੇ ਪਿੱਛੇ ਤੁਰੇ ਗਏ। ਅੱਗੇ ਉਹ ਇਕ ਕਲੱਬ ਵਿਚ ਚਲਾ ਗਿਆ ਜਿਸ ਦਾ ਨਾਂ ਉਹਨਾਂ ਨੇ ਨੋਟ ਕਰ ਲਿਆ, 'ਯੰਗ ਨਾਈਟ'। ਉਹ ਘੰਟਾ ਭਰ ਸੜਕ ਦੇ ਦੂਜੇ ਪਾਸੇ ਕਲੱਬ ਦੇ ਸਾਹਮਣੇ ਇਕ ਰੈਸਟੋਰੈਂਟ ਵਿਚ ਬੈਠੇ ਰਹੇ ਪਰ ਉਹ ਆਦਮੀ ਬਾਹਰ ਨਾ ਆਇਆ। ਉਸ ਸਮੇਂ ਤਾਂ ਕਲੱਬ ਤਕਰੀਬਨ ਖਾਲੀ ਹੀ ਹੋਵੇਗੀ ਇਸ ਲਈ ਅੰਦਰ ਜਾਣ ਦਾ ਕੋਈ ਫਾਇਦਾ ਨਹੀਂ ਸੀ। ਸੋ ਉਹ ਵਾਪਿਸ ਘਰ ਨੂੰ ਚੱਲ ਪਏ। ਸਕੌਟ ਨਾਲ ਸਾਰੀ ਗੱਲ ਦਾ ਵਿਚਾਰ ਕਰਨਾ ਜ਼ਰੂਰੀ ਸੀ।

***

ਸਕੌਟ ਤੀਜੀ ਵਾਰ ਰਿਸੈਪਸ਼ਨਿਸਟ ਨੂੰ ਮਿਲ ਰਿਹਾ ਸੀ। ਉਹ ਹੁਣ ਕੁਝ ਕੁ ਖੁੱਲ੍ਹ ਗਏ ਸਨ। ਸਕੌਟ ਨੂੰ ਉਹ ਚੰਗੀ ਲੱਗਣ ਲੱਗੀ ਸੀ। ਉਸ ਨੂੰ ਲਗਦਾ ਸੀ ਉਹ ਵੀ ਉਸ ਨੂੰ ਪਸੰਦ ਕਰਦੀ ਸੀ। ਸਕੌਟ ਨੇ ਉਸ ਨੂੰ ਆਪਣੇ ਪਰਿਵਾਰ ਬਾਰੇ ਕੁਝ ਨਹੀਂ ਸੀ ਦੱਸਿਆ। ਨਾ ਹੀ ਉਸ ਤੋਂ ਕੁਝ ਪੁੱਛਿਆ ਸੀ। ਪਰ ਉਸ ਨਾਲ ਨੇੜਤਾ ਉਸ ਨੂੰ ਪਸੰਦ ਸੀ। ਉਹਨਾਂ ਨੇ ਕੌਫੀ ਖਤਮ ਕੀਤੀ। ਹੁਣ ਤੱਕ ਸਕੌਟ ਨੂੰ ਉਸ ਕੋਲੋਂ ਕੋਈ ਖਾਸ ਜਾਣਕਾਰੀ ਨਹੀਂ ਸੀ ਮਿਲੀ। ਉਸ ਨੂੰ ਯਕੀਨ ਸੀ ਕਿ ਉਸ ਕੋਲ ਕੋਈ ਜਾਣਕਾਰੀ ਹੈ ਹੀ ਨਹੀਂ ਸੀ।

'ਮੇਰੇ ਨਾਲ ਸਟੋਰ ਵਿਚ ਚੱਲ ਮੈਂ ਕੁਝ ਸ਼ਾਪਿੰਗ ਕਰਨੀ ਐ।' ਉਸ ਨੇ ਕੁਝ ਅਜਿਹੇ ਨਖਰੇ ਨਾਲ ਕਿਹਾ ਕਿ ਸਕੌਟ ਨਾਂਹ ਨਾ ਕਰ ਸਕਿਆ। ਉਸ ਨੇ ਸ਼ਾਪਿੰਗ ਵਾਲੀ ਟੋਕਰੀ ਫੜੀ ਤੇ ਉਸ ਨਾਲ ਸਟੋਰ ਵਿਚ ਤੁਰਦਾ ਰਿਹਾ। ਉਹ ਚੀਜ਼ਾਂ ਚੁਕਦੀ ਤੇ ਟੋਕਰੀ ਵਿਚ ਰੱਖ ਦਿੰਦੀ। ਸਕੌਟ ਉਸ ਨਾਲ ਇੰਝ ਚੱਲ ਰਿਹਾ ਸੀ ਜਿਵੇਂ ਉਸ ਦਾ ਪਾਰਟਨਰ ਹੋਵੇ।

ਪੈਸੇ ਦੇ ਕੇ ਉਹ ਕਾਰ ਪਾਰਕ ਵਿਚ ਆ ਗਏ ਤੇ ਸਕੌਟ ਨੇ ਬੈਗ ਉਸ ਦੀ ਕਾਰ ਵਿਚ ਰੱਖ ਦਿੱਤੇ। ਉਸ ਤੋਂ ਛੁੱਟੀ ਲੈ ਕੇ ਆਪਣੀ ਕਾਰ ਵਿਚ ਆ ਬੈਠਾ। ਉਸ ਦਾ ਦਿਲ ਕਰਦਾ ਸੀ ਉਸ ਨੂੰ ਖਾਣੇ ਲਈ ਬਾਹਰ ਜਾਣ ਦਾ ਸੱਦਾ ਦੇਵੇ ਪਰ ਉਸ ਦੇ ਸਾਹਮਣੇ ਮੈਗੀ ਦਾ ਪਿਆਰਾ ਚਿਹਰਾ ਆਇਆ। ਬੱਚਿਆਂ ਦਾ ਪਿਆਰ ਤੇ ਉਹਨਾਂ ਦਾ ਭਵਿੱਖ। ਸਕੌਟ ਨੂੰ ਲੱਗਿਆ ਉਹ ਗਲਤੀ ਕਰ ਰਿਹਾ ਸੀ। ਉਸ ਨੂੰ ਆਪਣਾ ਆਪ ਅਪਰਾਧੀ ਲੱਗਿਆ ਤੇ ਉਸ ਨੇ ਫੈਸਲਾ ਕੀਤਾ ਉਹ ਮੁੜ ਕੇ ਰਿਸੈਪਸ਼ਨਿਸਟ ਨੂੰ ਨਹੀਂ ਮਿਲੇਗਾ।

ਸੋਚਦਾ ਉਹ ਘਰ ਪਹੁੰਚ ਗਿਆ। ਮੈਗੀ ਨੇ ਸਦਾ ਵਾਂਗ ਉਸ ਨੂੰ ਚੁੰਮਿਆ ਤੇ ਉਸ ਨੇ ਵੀ ਉਸ ਦੇ ਮੱਥੇ 'ਤੇ ਚੁੰਮਣ ਦਿੱਤਾ। ਬੱਚਿਆਂ ਨੇ ਉਸ ਨੂੰ ਜੱਫੀ ਪਾ ਕੇ 'ਜੀ ਆਇਆਂ' ਕਿਹਾ। ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਉਹ ਲਿਵਿੰਗ ਰੂਮ ਵਿਚ ਬੈਠੇ ਰਹੇ। ਕੁਝ ਦੇਰ ਬਾਅਦ ਬੱਚੇ ਆਪਣੇ ਆਪਣੇ ਕਮਰਿਆਂ ਵਿਚ ਚਲੇ ਗਏ।

'ਮੈਗੀ ਡਾਰਲਿੰਗ ਅੱਜ ਆਪਾਂ ਰੁਮਾਂਟਿਕ ਭੋਜਨ ਲਈ ਬਾਹਰ ਨਾ ਚੱਲੀਏ!'

'ਜ਼ਰੂਰ ਪਰ ਕੀ ਗੱਲ ਅੱਜ ਬੜਾ ਰੁਮਾਂਟਿਕ ਮੂਡ ਲਗਦਾ।' ਉਸ ਨੇ ਅੱਖਾਂ ਮਟਕਾਈਆਂ।

'ਵੈਸੇ ਈ ਜਾਂ ਸ਼ਾਇਦ ਤੂੰ ਈ ਅੱਜ ਬਹੁਤੀ ਸੁਹਣੀ ਲਗਦੀ ਐਂ।'

'ਥੈਂਕ ਯੂ, ਮੈਂ ਬੱਚਿਆਂ ਲਈ ਖਾਣਾ ਤਿਆਰ ਕਰ ਦੇਵਾਂ। ਪਰ ਜਾਣਾ ਕਿਥੇ ਐ?'

'ਤੂੰ ਦੱਸ, ਚਾਈਨੀਜ਼, ਇੰਡੀਅਨ, ਕੈਰੇਬੀਅਨ ਜਾਂ ਥਾਈ---।' ਮੈਗੀ ਸੋਚਣ ਲੱਗੀ।

'ਥਾਈ ਚਲਦੇ ਆਂ। ਮੇਡਨਹੈਡ।'

'ਠੀਕ ਤੂੰ ਡਰਿੰਕ ਲੈ ਲਵੀਂ ਮੈਂ ਤੇਰਾ ਡਰਾਈਵਰ।'

ਉਹ ਮੁਸਕਰਾਈ ਤੇ ਆਪਣੇ ਕੰਮ ਲੱਗੀ ਰਹੀ। ਕੁਝ ਦੇਰ ਬਾਅਦ ਉਸ ਨੇ ਭੋਜਨ ਤਿਆਰ ਕਰਕੇ ਓਵਨ ਵਿਚ ਰੱਖ ਦਿੱਤਾ ਤੇ ਦੋ ਗਲਾਸ ਤੇ ਵਾਈਨ ਦੀ ਬੋਤਲ ਲੈ ਆਈ।

'ਮੈਂ ਟੈਕਸੀ ਨੂੰ ਫ਼ੋਨ ਕਰ ਦਿੰਨੀ ਆਂ। ਰੁਮਾਂਸ ਲਈ ਦੋਂਹ ਦਾ ਹੋਣਾ ਜ਼ਰੂਰੀ ਐ।' ਗਲਾਸਾਂ ਵਿਚ ਵਾਈਨ ਪਾਉਂਦਿਆਂ ਉਸ ਨੇ ਕਿਹਾ।

ਅੱਠ ਕੁ ਵਜੇ ਉਹ ਟੈਕਸੀ ਵਿਚ ਬੈਠ ਕੇ ਚਲੇ ਗਏ। ਬੱਚੇ ਆਪਣੇ ਪ੍ਰੋਗਰਾਮ ਟੀ ਵੀ ਤੇ ਵੇਖਣ ਲੱਗੇ।

'ਸਮੇਂ ਸਿਰ ਸੌਂ ਜਾਣਾ ਐਵੇਂ ਟੀ ਵੀ ਅੱਗੇ ਹੀ ਨਾ ਬੈਠੇ ਰਿਹੋ।'

'ਠੀਕ ਐ ਮੰਮ ਤੁਸੀਂ ਅਨੰਦ ਲਵੋ।'

ਸਕੌਟ ਨੂੰ ਕੁਝ ਕੁ ਅਪਰਾਧੀ ਭਾਵਨਾ ਘਟ ਗਈ ਮਹਿਸੂਸ ਹੋਈ। ਉਹ ਦੋਵੇਂ ਬਹੁਤ ਪਿਆਰ ਨਾਲ ਬੈਠੇ ਗੱਲਾਂ ਕਰਦੇ ਰਹੇ। ਮੈਗੀ ਪਿਆਰ ਪਿਆਰ ਹੋਈ ਬੈਠੀ ਸੀ। ਖਾਣਾ ਉਹਨਾਂ ਨੂੰ ਪਸੰਦ ਆਇਆ ਤੇ ਉਹ ਖੁਸ਼ੀ ਖੁਸ਼ੀ ਘਰ ਆ ਗਏ। ਸੌਣ ਲੱਗੇ ਤਾਂ ਸਕੌਟ ਦੀ ਨਜ਼ਰ ਪੈਵ ਵਾਲੀ ਰਿਪੋਰਟ 'ਤੇ ਪਈ।

## 15

ਚਾਰ ਸਾਲ ਦਾ ਸਮਾਂ ਕਦੋਂ ਲੰਘ ਗਿਆ ਸ਼ੇਰੇ ਨੂੰ ਪਤਾ ਵੀ ਨਾ ਲੱਗਾ। ਜਦ ਕਦੇ ਉਹ ਇਸ ਸਮੇਂ ਬਾਰੇ ਜੀਤਾਂ ਨਾਲ ਗੱਲ ਕਰਦਾ ਤਾਂ ਉਹ ਕੋਈ ਜਵਾਬ ਨਾ ਦਿੰਦੀ। ਵੈਸੇ ਵੀ ਸ਼ੇਰਾ ਜਦ ਉਸ ਦਾ ਰਾਜੂ ਨਾਲ ਮੋਹ ਪਿਆਰ ਤੇ ਸਮਰਪਣ ਵੇਖਦਾ ਤਾਂ ਉਸ ਨੂੰ ਲਗਦਾ ਸ਼ਿੰਦਰ ਹੀ ਭੇਸ ਬਦਲ ਕੇ ਆ ਗਈ ਹੋਵੇ। ਪਰ ਜਦ ਉਹ ਉਸ ਦੇ ਦੂਜੇ ਪੱਖ ਬਾਰੇ ਸੋਚਦਾ ਤਾਂ ਉਸ ਦੀ ਖੁਸ਼ੀ ਵੀ ਸਰਦ ਤੇ ਖੁਸ਼ਕ ਹੋ ਜਾਂਦੀ। ਉਸ ਨਾਲ ਜੀਤਾਂ ਦਾ ਵਰਤਾਅ ਕਦੀ ਲੜਾਈ-ਝਗੜੇ ਵਾਲਾ ਨਹੀਂ ਹੋਇਆ ਸੀ। ਕਦੀ ਖਾਸ ਤਕਰਾਰ ਵੀ ਨਹੀਂ ਸੀ ਹੋਇਆ। ਪਰ ਸ਼ੇਰੇ ਨੂੰ ਜੀਤਾਂ ਦੇ ਜਜ਼ਬਾਤਾਂ ਵਿਚ ਕਦੀ ਗਰਮੀ ਤਾਂ ਦੂਰ ਨਿੱਘ ਵੀ ਮਹਿਸੂਸ ਨਹੀਂ ਸੀ ਹੋਇਆ। ਕਦੇ ਉਸ ਨੇ ਕੋਈ ਸ਼ਕਾਇਤ ਨਹੀਂ ਸੀ ਕੀਤੀ। ਕਦੀ ਇੰਡੀਆ ਨੂੰ ਯਾਦ ਨਹੀਂ ਸੀ ਕੀਤਾ। ਉਹ ਵਾਹ ਲਗਦੀ ਰਾਜੂ ਨੂੰ ਆਪਣੇ ਨਾਲ ਹੀ ਸੌਣ ਲਈ ਆਖਦੀ ਤੇ ਉਹ ਵੀ ਭੱਜ ਕੇ ਉਸ ਨਾਲ ਸੌਂ ਜਾਂਦਾ। ਸ਼ੇਰਾ ਇਕ ਪੈਗ ਹੋਰ ਲਾਉਂਦਾ ਤੇ ਕੁਝ ਵੀ ਨਾ ਸੋਚਣ ਦਾ ਯਤਨ ਕਰਦਾ।

ਜੀਤਾਂ ਸਵੇਰੇ ਅੱਠ ਕੁ ਵਜੇ ਰਾਜੂ ਨੂੰ ਨਾਲ ਲੈ ਕੇ ਘਰੋਂ ਨਿਕਲਦੀ। ਉਸ ਨੂੰ ਸਕੂਲ ਛੱਡਦੀ ਤੇ ਜਾਂ ਜੇ ਉਸ ਕੋਲ ਸਮਾਂ ਹੁੰਦਾ ਤੇ ਰਾਜੂ ਜ਼ਿਦ ਕਰਦਾ ਤਾਂ ਨਾਜਰ ਦੇ ਘਰ ਛੱਡ ਜਾਂਦੀ। ਪ੍ਰੀਤੋ ਬੱਚਿਆਂ ਨੂੰ ਸਕੂਲ ਛੱਡ ਜਾਂਦੀ। ਛੁੱਟੀ ਵੇਲੇ ਤਾਂ ਉਸ ਨੂੰ ਪ੍ਰੀਤੋ ਹੀ ਨਾਲ ਲੈ ਕੇ ਆਉਂਦੀ। ਜੇ ਤਾਂ ਸ਼ੇਰਾ ਘਰ ਹੁੰਦਾ ਤਾਂ ਉਹ ਉਸ ਨੂੰ ਘਰ ਲੈ ਜਾਂਦਾ ਨਹੀਂ ਤਾਂ ਜੀਤਾਂ ਕੰਮ ਤੋਂ ਬਾਅਦ ਉਸ ਨੂੰ ਘਰ ਲੈ ਜਾਂਦੀ। ਘਰ ਜਾ ਕੇ ਉਸ ਨੇ ਪਹਿਲਾਂ ਰਾਜੂ ਨੂੰ ਪੜ੍ਹਾਉਣਾ ਹੁੰਦਾ। ਫਿਰ ਉਹ ਖਾਣਾ ਬਣਾਉਣ ਲੱਗ ਜਾਂਦੀ। ਖਾਣਾ ਖਾਣ ਬਾਅਦ ਕਿਚਨ ਦੀ ਸਫ਼ਾਈ, ਕੱਪੜੇ ਪ੍ਰੈਸ ਕਰਨ ਬਗੈਰਾ ਵਾਲੇ ਕੰਮ ਕਰਦਿਆਂ ਉਸ ਨੂੰ ਨੌਂ ਵੱਜ ਜਾਂਦੇ। ਕਦੀ ਖ਼ਬਰਾਂ ਸੁਣ ਲੈਂਦੀ ਤੇ ਕਦੀ ਵੈਸੇ ਹੀ ਸੌਂ ਜਾਂਦੀ। ਵੀਕ ਐਂਡ ’ਤੇ ਘਰ ਦੀ ਸਫ਼ਾਈ, ਸ਼ੌਪਿੰਗ ਕਦੀ ਕਿਸੇ ਦੇ ਜਾਣਾ ਤੇ ਕਦੀ ਕੋਈ ਘਰ ਆ ਜਾਂਦਾ ਤਾਂ ਇੰਝ ਹੀ ਸਮਾਂ ਬੀਤ ਜਾਂਦਾ। ਨਾ-ਚਾਹੁੰਦਿਆਂ ਉਸ ਨੂੰ ਸ਼ੇਰੇ ਪ੍ਰਤੀ ਵੀ ਆਪਣੀਆਂ ਜ਼ਿੰਮੇਵਾਰੀਆਂ ਕਦੀ-ਕਦਾਈਂ ਨਿਭਾਉਣੀਆਂ ਪੈਂਦੀਆਂ। ਪਰ ਉਸ ਨੇ ਕਦੀ ਸ਼ਕਾਇਤ ਨਹੀਂ ਸੀ ਕੀਤੀ।

ਸ਼ੇਰੇ ਨੇ ਕਦੀ ਉਸ ਦੇ ਮਨ ਵਿਚ ਉੱਤਰਣ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਉਸ ਦੇ ਜਜ਼ਬਾਤ ਜਗਾਉਣ ਦਾ ਉਸ ਨੂੰ ਵੱਲ ਨਹੀਂ ਸੀ ਆਇਆ। ਆਪਣੀ ਉਮਰ ਅਤੇ ਅਣਪੜ੍ਹਤਾ ਉਸ ਨੂੰ ਸ਼ਾਇਦ ਕਦੇ ਕਦੇ ਹੀਣਤਾ ਦਾ ਅਹਿਸਾਸ ਕਰਾਉਂਦੀ ਹੋਵੇ ਪਰ ਉਸ ਦਾ ਮਰਦ ਹੋਣਾ ਤੇ ਇੰਗਲੈਂਡ ਵਿਚ ਹੋਣਾ ਉਸ ਨੂੰ ਹੀਣ-ਭਾਵਨਾ ਤੋਂ ਮੁਕਤ ਕਰ ਦਿੰਦਾ।

ਇਕ ਦਿਨ ਸ਼ੇਰੇ ਦੀ ਛੁੱਟੀ ਸੀ। ਉਹ ਵਿਹਲਾ ਘਰੇ ਬੈਠਾ ਸੀ ਤਾਂ ਉਹ ਹੰਸਲੋ ਨੂੰ

ਚਲਾ ਗਿਆ। ਉਸ ਨੇ ਜੀਤਾਂ ਨਾਲ ਲੰਚ ਸਮੇਂ ਚਾਹ-ਪਾਣੀ ਇਕੱਠਿਆਂ ਪੀਣ ਬਾਰੇ ਸੋਚਿਆ। ਉਹ ਹਾਈ ਸਟਰੀਟ 'ਤੇ ਚਲਾ ਗਿਆ। ਘੜੀ ਵੇਖੀ, ਇਕ ਵੱਜਣ ਵਿਚ ਕੁਝ ਮਿੰਟ ਰਹਿੰਦੇ ਸਨ। ਜੀਤਾਂ ਇਕ ਵਜੇ ਲੰਚ ਕਰਦੀ ਸੀ। ਲੰਚ ਕਰਨ ਉਸ ਨੇ ਵੀ ਹਾਈ ਸਟਰੀਟ 'ਤੇ ਹੀ ਜਾਣਾ ਹੁੰਦਾ। ਹਾਈ ਸਟਰੀਟ 'ਤੇ ਕਾਫੀ ਭੀੜ ਸੀ। ਸਾਹਮਣੀ ਸੜਕ 'ਤੇ ਜੀਤਾਂ ਦਾ ਦਫ਼ਤਰ ਸੀ। ਇਕ ਵਜੇ ਉਸ ਨੇ ਜੀਤਾਂ ਨੂੰ ਇਕ ਏਸ਼ੀਅਨ ਮੁੰਡੇ ਨਾਲ ਬਾਹਰ ਆਉਂਦਿਆਂ ਵੇਖਿਆ। ਸ਼ੇਰੇ ਦੇ ਸਰੀਰ ਵਿਚ ਝਰਨਾਹਟ ਫਿਰ ਗਈ। ਉਹ ਦੋਵੇਂ ਗੱਲਾਂ ਕਰਦੇ ਤੁਰੇ ਜਾ ਰਹੇ ਸਨ। ਸ਼ੇਰੇ ਨੇ ਵੇਖਿਆ ਕਦੀ ਕਦੀ ਉਹਨਾਂ ਦੇ ਮੋਢੇ ਵੀ ਘਸਰ ਜਾਂਦੇ। ਨੇੜੇ ਹੀ ਇਕ ਰੈਸਟੋਰੈਂਟ ਸੀ। ਉਹ ਉਥੇ ਚਲੇ ਗਏ। ਸੈਂਡਵਿਚ 'ਤੇ ਚਾਹ ਕੌਫੀ ਲੈ ਕੇ ਉਹਨਾਂ ਨੇ ਲੰਚ ਕੀਤਾ। ਅੱਧੇ ਘੰਟੇ ਬਾਅਦ ਉਹ ਗੱਲਾਂ ਕਰਦੇ 'ਤੇ ਹੱਸਦੇ ਦਫ਼ਤਰ ਚਲੇ ਗਏ। ਸ਼ੇਰਾ ਗੁੱਸੇ ਨਾਲ ਰਿੱਝਣ ਲੱਗਾ। ਉਸ ਨੂੰ ਲੱਗਾ ਜਿਵੇਂ ਜੀਤਾਂ ਦੂਸ਼ਤ ਹੋ ਗਈ ਹੋਵੇ।

ਉਹ ਘਰ ਨੂੰ ਆ ਰਿਹਾ ਸੀ ਪਰ ਉਸ ਦੇ ਮਨ ਵਿਚ ਚੈਨ ਨਹੀਂ ਸੀ। ਉਹ ਆਪਣੇ ਆਪ ਦਾ ਉਸ ਮੁੰਡੇ ਨਾਲ ਮੁਕਾਬਲਾ ਕਰਦਾ। ਸਾਲੇ 'ਚ ਕਿਹੜੀ ਮੇਰੇ ਨਾਲੋਂ ਚੰਗੀ ਗੱਲ ਆ? ਉਹਨੂੰ ਲਗਦਾ ਉਹ ਉਸ ਨਾਲੋਂ ਕੁਝ ਕੁ ਜਵਾਨ ਸੀ। ਪਰ ਸ਼ੇਰੇ ਕੋਲ ਘਰ ਸੀ। ਚੰਗੀ ਨੌਕਰੀ ਸੀ ਜਿਥੇ ਓਵਰ ਟਾਈਮ ਵੀ ਲੱਗਦਾ ਸੀ। ਪੜ੍ਹਾਈ ਈ ਘੱਟ ਐ। ਪਰ ਏਥੇ ਪੜ੍ਹਾਈ ਨਾਲ ਕੀ ਫਰਕ ਪੈਂਦਾ! ਜਨਾਨੀਆਂ ਦੀ ਗਿੱਚੀ ਪਿੱਛੇ ਮੱਤ---।

ਉਹ ਪਤਾ ਨਹੀ ਕੀ ਕੁਝ ਸੋਚਦਾ ਆਇਆ। ਘਰ ਆ ਕੇ ਉਸ ਨੂੰ ਨਵੀਂ ਸੋਚ ਨੇ ਘੇਰ ਲਿਆ। ਹੁਣ ਉਹ ਜੀਤਾਂ ਨਾਲ ਗੱਲ ਕਰੇ ਜਾਂ ਨਾ। ਜੀਤਾਂ ਨੂੰ ਪੁੱਛੇ ਬਈ ਓਸ ਬੰਦੇ ਨਾਲ ਉਹਦਾ ਕੀ ਰਿਸ਼ਤਾ ਸੀ? ਤੇ ਜਾਂ ਫੇਰ ਚੁੱਪ ਹੀ ਰਹੇ। ਸਾਲੀ ਦੇਖ ਕੇ ਮੱਖੀ ਨਿਗਲੀ ਵੀ ਨੀ ਜਾਂਦੀ। ਨਾਜਰ ਦੀ ਰਾਇ ਬਾਰੇ ਵੀ ਉਸ ਨੇ ਸੋਚਿਆ ਪਰ ਆਪ ਹੀ ਇਸ ਵਿਚਾਰ ਨੂੰ ਰੱਦ ਕਰ ਦਿੱਤਾ। ਘਰ ਦੀ ਗੱਲ ਬਾਹਰ ਨਿਕਲੀ ਤਾਂ ਸਮਝੋ ਇੱਜ਼ਤ ਮਿੱਟੀ 'ਚ ਰੁਲ ਗਈ।

ਸ਼ਾਮ ਤੱਕ ਉਸ ਨੂੰ ਕੁਝ ਸਮਝ ਨਾ ਆਈ। ਉਸ ਨੂੰ ਯਾਦ ਆਇਆ ਅੱਜ ਉਸ ਨੇ ਰਾਜੂ ਨੂੰ ਨਾਜਰ ਦੇ ਘਰੋਂ ਲੈ ਕੇ ਆਉਣਾ ਸੀ। ਉਹ ਜਲਦੀ ਨਾਲ ਉੱਠਿਆ ਤੇ ਚੱਕਮੇਂ ਪੈਰੀਂ ਨਾਜਰ ਦੀ ਦੁਕਾਨ ਵੱਲ ਨੂੰ ਤੁਰ ਪਿਆ। ਰਾਜੂ ਨੂੰ ਲੈ ਕੇ ਉਹ ਪੰਜ ਕੁ ਵਜਦੇ ਨੂੰ ਘਰ ਆ ਗਿਆ। ਸੋਚਦਾ ਉਹ ਸੋਫੇ 'ਤੇ ਪੈ ਗਿਆ। ਆਮ ਵਾਂਗ ਹੀ ਸਾਢੇ ਕੁ ਪੰਜ ਵਜਦੇ ਨੂੰ ਜੀਤਾਂ ਆ ਗਈ। ਕੱਪੜੇ ਬਦਲ ਕੇ ਉਹ ਰਾਜੂ ਨੂੰ ਪੜ੍ਹਾਉਣ ਲੱਗੀ।

ਸ਼ੇਰੇ ਦੇ ਬੇਚੈਨ ਮਨ ਨੂੰ ਹੋਰ ਤਾਂ ਕੁਝ ਨਾ ਸੁਝਿਆ। ਉਹਨੇ ਬੀਅਰ ਦਾ ਡੱਬਾ ਚੁੱਕ ਲਿਆ। ਬੀਅਰ ਪੀ ਕੇ ਬਕਾਰਡੀ ਦਾ ਪੈਗ ਪਾ ਲਿਆ। ਪਰ ਉਸ ਦੇ ਮਨ ਨੂੰ ਫਿਰ ਵੀ ਚੈਨ ਨਾ ਆਇਆ। ਜਦੋਂ ਨੂੰ ਜੀਤਾਂ ਨੇ ਰੋਟੀ ਬਣਾਈ ਤੇ ਪਾ ਕੇ ਉਸ ਨੂੰ ਫੜਾਉਣ ਲਈ ਲੈ ਕੇ ਗਈ, ਉਹ ਸੈਟੀ 'ਤੇ ਹੀ ਲੰਮਾ ਪਿਆ ਘੁਰਾੜੇ ਮਾਰ ਰਿਹਾ ਸੀ। ਜੀਤਾਂ

ਹੈਰਾਨ ਸੀ। ਉਸ ਨੇ ਉਸ ਨੂੰ ਜਗਾਉਣ ਲਈ ਹਿਲਾਇਆ ਪਰ ਉਹ ਨਾ ਜਾਗਿਆ। ਜੀਤਾਂ ਜਾ ਕੇ ਰਾਜੂ ਨਾਲ ਪੈ ਗਈ।

ਸਵੇਰ ਨੂੰ ਸ਼ੇਰੇ ਨੇ ਸੱਤ ਵਜੇ ਕੰਮ 'ਤੇ ਪਹੁੰਚਣਾ ਸੀ। ਉਹ ਆਮ ਵਾਂਗ ਘਰੋਂ ਨਿਕਲ ਗਿਆ। ਜੀਤਾਂ ਉੱਠੀ ਤਾਂ ਰਾਤ ਦੀ ਰੋਟੀ ਓਵੇਂ ਹੀ ਮੇਜ਼ 'ਤੇ ਪਈ ਸੀ। ਉਸ ਨੂੰ ਕੁਝ ਹੈਰਾਨੀ ਹੋਈ। ਉਹ ਸਵੇਰੇ ਕੰਮ 'ਤੇ ਜਾਣ ਦੀ ਦੌੜ-ਭੱਜ ਵਿਚ ਸਭ ਭੁੱਲ ਗਈ ਤੇ ਸਮੇਂ ਸਿਰ ਘਰੋਂ ਬਾਹਰ ਨਿਕਲ ਗਈ। ਸ਼ਾਮ ਨੂੰ ਘਰ ਆਈ ਤਾਂ ਸ਼ੇਰਾ ਘਰ ਨਹੀਂ ਸੀ, ਜ਼ਾਹਰ ਸੀ ਰਾਜੂ ਪ੍ਰੀਤੋ ਕੋਲ ਹੀ ਸੀ। ਉਹ ਉਸ ਵੱਲ ਨੂੰ ਚਲੀ ਗਈ।

ਬੱਚੇ ਬਾਹਰ ਖੇਡ ਰਹੇ ਸਨ। ਨਾਜਰ ਦੁਕਾਨ ਵਿਚ ਸੀ ਤੇ ਉਹ ਪ੍ਰੀਤੋ ਕੋਲ ਚਲੀ ਗਈ। ਪ੍ਰੀਤੋ ਨੇ ਸਦਾ ਵਾਂਗ ਉਸ ਦੀ ਆਉ-ਭਗਤ ਕੀਤੀ।

'ਕਿਵੇਂ ਰਿਹਾ ਤੇਰਾ ਦਿਨ ਜੀਤਾਂ, ਚਾਹ ਬਣਾਵਾਂ?'

'ਚਾਹ ਦੀ ਤਾਂ ਲੋੜ ਨੀ ਭੈਣ ਜੀ ਤੇ ਦਿਨਾਂ ਨੇ ਤਾਂ ਲੰਘੀ ਜਾਣਾ।' ਉਸ ਦੇ ਬੋਲਾਂ ਵਿਚ ਉਦਾਸੀ ਦੀ ਭਾਅ ਪ੍ਰੀਤੋ ਤੋਂ ਗੁੱਝੀ ਨਾ ਰਹੀ।

'ਕੀ ਗੱਲ ਸਭ ਠੀਕ ਐ, ਤੂੰ ਉਦਾਸ ਜੀ ਲਗਦੀ ਐਂ?'

ਜੀਤਾਂ ਕੁਝ ਦੇਰ ਚੁੱਪ ਬੈਠੀ ਰਹੀ। ਕਦੇ ਕਦੇ ਉਹ ਪ੍ਰੀਤੋ ਨਾਲ ਦਿਲ ਖੋਲ੍ਹ ਲੈਂਦੀ ਸੀ। ਕੁਝ ਦੇਰ ਉਹ ਸਾਹਮਣੇ ਵੱਲ ਘੂਰਦੀ ਰਹੀ। ਫਿਰ ਬੋਲੀ-

'ਭੈਣ ਜੀ ਕੁਝ ਲੋਕ ਜ਼ਿੰਦਗੀ ਦਿਮਾਗ ਨਾਲ ਜਿਉਂਦੇ ਐ ਤੇ ਕੁਝ ਦਿਲ ਨਾਲ। ਪਰ ਜ਼ਿੰਦਗੀ ਜਿਉਣ ਲਈ ਦੋਵਾਂ ਦੀ ਲੋੜ ਐ। ਮੇਰੇ ਘਰ 'ਚੋਂ ਦਿਲ ਗਾਇਬ ਐ।'

ਪ੍ਰੀਤੋ ਨੇ ਉਸ ਦਾ ਹੱਥ ਫੜ ਲਿਆ। ਉਸ ਨੂੰ ਜੀਤਾਂ ਦੀ ਪੜ੍ਹੀ ਲਿਖੀ ਗੱਲ ਤਾਂ ਭਾਂਵੇਂ ਥੋੜੀ ਸਮਝ ਆਈ ਸੀ ਪਰ ਅਰਥ ਉਸ ਨੂੰ ਪੂਰੇ ਸਮਝ ਆ ਗਏ ਸਨ। ਉਹ ਜੀਤਾਂ ਦਾ ਦੁੱਖ ਸਮਝਦੀ ਸੀ। ਉਸ ਕੋਲ ਜੀਤਾਂ ਨੂੰ ਖੁਸ਼ ਕਰਨ ਦੀ ਕੋਈ ਤਰਕੀਬ ਨਹੀਂ ਸੀ।

'ਸਭ ਕਿਸਮਤ ਦੀਆਂ ਗੱਲਾਂ ਜੀਤਾਂ। ਦਿਲ ਰੱਖ ਸਭ ਠੀਕ ਹੋ ਜੂ।'

'ਠੀਕ ਕੀ ਹੋ ਜੂ? ਸ਼ਿੰਦਰ ਚਲੀ ਗਈ, ਸਭ ਨੂੰ ਰਾਜੂ ਦੀ ਫਿਕਰ ਹੋਣ ਲੱਗੀ। ਰਾਜੂ ਨੂੰ ਮਤੇਈ ਨੇ ਸਾਂਭਣਾ ਨੀ। ਉਹਦੀ ਜੂਨ ਖਰਾਬ ਹੋ ਜੂ। ਗੱਲ ਠੀਕ ਵੀ ਸੀ। ਸਾਰੇ ਮੈਨੂੰ ਬਲੀ ਦਾ ਬੱਕਰਾ ਬਣਾਉਣ ਲਈ ਕਾਹਲੇ ਹੋ ਗਏ। ਕਿਸੇ ਨੇ ਨੀ ਸੋਚਿਆ ਬਈ ਮੇਰੀ ਜੂਨ ਨੀ ਖਰਾਬ ਹੋਊ? ਮੈਂ ਕਿਹਾ ਵੀ ਕਿ ਰਾਜੂ ਨੂੰ ਮੈਂ ਗੋਦ ਲੈ ਲਊਂ। ਉਸ ਨੂੰ ਪਾਲਣ ਦਾ, ਪੜ੍ਹਾਉਣ ਦਾ ਮੇਰਾ ਜ਼ਿੰਮਾ। ਉਹਦਾ ਪਿਉ ਕਹੇ ਇਹ ਨੀ ਹੋ ਸਕਦਾ। ਰਾਜੂ ਨੂੰ ਮੈਂ ਬਹੁਤ ਪਿਆਰ ਕਰਦੀ ਆਂ। ਮੈਂ ਵੀ ਚੁੱਪ ਹੋਗੀ। ਹੁਣ ਦੱਸ ਕੀ ਬਦਲ ਜੂ? ਮੈਨੂੰ ਪੜ੍ਹਨ ਲਿਖਣ ਦਾ ਕੀ ਫਾਇਦਾ ਹੋਇਆ?' ਜੀਤਾਂ ਉਧੜੀ ਜਾ ਰਹੀ ਸੀ।

'ਜੀਤਾਂ ਕਰਬਾਨੀ ਤਾਂ ਤੇਰੀ ਆ। ਸੈਂਤ ਰਾਜੂ ਮੁੱਲ ਪਾ ਦੇਵੇ। ਜ਼ਰੂਰ ਪਾਊ। ਲੈ ਮੈਂ ਚਾਹ ਬਣਾਵਾਂ। ਆ ਜਾ ਕਿਚਨ 'ਚ ਚੱਲੀਏ।'

'ਭੈਣ ਜੀ ਉਹ ਤਾਂ ਠੀਕ ਆ। ਹੋਰ ਦਸਾਂ ਸਾਲਾਂ ਨੂੰ ਰਾਜੂ ਤਾਂ ਸਿਆਣਾ ਹੋ

ਜਾਊ। ਉਹਨੂੰ ਮੇਰੀ ਲੋੜ ਨੀ ਰਹਿਣੀ ਤੇ ਮੇਰੀ ਸਾਰੀ ਉਮਰ---।'

ਪ੍ਰੀਤੋ ਚਾਹ ਬਣਾਉਣ ਲੱਗੀ। ਜੀਤਾਂ ਲਈ ਉਸ ਦੇ ਦਿਲ ਵਿਚ ਤਰਸ ਸੀ। ਉਹ ਕੁਝ ਵੀ ਬਦਲ ਨਹੀਂ ਸੀ ਸਕਦੀ। ਪਰ ਉਹ ਕੁਝ ਅਜਿਹਾ ਕਹਿਣਾ ਚਾਹੁੰਦੀ ਸੀ ਜਿਸ ਨਾਲ ਜੀਤਾਂ ਨੂੰ ਭੋਰਾ ਕੁ ਆਸਰਾ ਮਿਲ ਜਾਵੇ।

'ਦੇਖ ਹੋਰ ਤਾਂ ਹੁਣ ਨੀ ਕੁਸ ਹੋ ਸਕਦਾ। ਜੇ ਕਦੇ ਸ਼ੇਰਾ ਤੇਰੇ ਨਾਲ ਪੰਜ ਤਿੰਨ ਕਰੇ ਤਾਂ ਮੈਨੂੰ ਦੱਸੀਂ। ਮੈਂ ਉਹਦੇ ਕੰਨ ਜ਼ਰੂਰ ਫੜ ਸਕਦੀ ਆਂ।' ਪ੍ਰੀਤੋ ਨੇ ਮੁਸਕਰਾਉਣ ਦਾ ਯਤਨ ਕੀਤਾ।

'ਨਹੀਂ ਭੈਣ ਜੀ ਮੈਨੂੰ ਕੋਈ ਗਿਲਾ ਨਹੀਂ। ਜੋ ਮਰਜ਼ੀ ਕਰੇ। ਗਿਲੇ-ਸ਼ਿਕਵੇ ਤਾਂ ਉਸ ਨਾਲ ਹੁੰਦੇ ਐ ਜਿਹਦੇ ਨਾਲ ਦਿਲ ਦੀ ਸਾਂਝ ਹੋਵੇ।'

ਪ੍ਰੀਤੋ ਦੇ ਚਾਹ ਪਾਉਂਦੀ ਦੇ ਹੱਥ ਰੁਕ ਗਏ। ਉਹਨੂੰ ਜੀਤਾਂ 'ਤੇ ਹੋਰ ਵੀ ਤਰਸ ਆਇਆ ਤੇ ਉਸ ਨੇ ਚਾਹ ਛੱਡ ਕੇ ਜੀਤਾਂ ਨੂੰ ਜੱਫੀ ਵਿਚ ਘੁੱਟ ਲਿਆ। ਸ਼ਬਦ ਉਸ ਕੋਲ ਮੁੱਕ ਗਏ ਸਨ। ਸ਼ਬਦਾਂ ਦੀ ਥਾਂ ਅੱਥਰੂ ਬੋਲਣ ਲੱਗੇ। ਉਹ ਕੁਝ ਦੇਰ ਇੰਝ ਹੀ ਖੜ੍ਹੀਆਂ ਰਹੀਆਂ। ਫਿਰ ਪ੍ਰੀਤੋ ਨੇ ਚਾਹ ਵੱਲ ਧਿਆਨ ਦਿੱਤਾ। ਚਾਹ ਪੀ ਕੇ ਜੀਤਾਂ, ਰਾਜੂ ਨੂੰ ਲੈ ਕੇ ਘਰ ਆ ਗਈ। ਅੱਗੇ ਸ਼ੇਰਾ ਪਹਿਲਾਂ ਹੀ ਪੈਗ ਲਾਈ ਜਾ ਰਿਹਾ ਸੀ। ਉਹ ਬਿਨਾਂ ਕੁਝ ਕਹੇ ਰਾਜੂ ਲਈ ਖਾਣਾ ਤਿਆਰ ਕਰਨ ਲੱਗੀ।

ਇਕ ਦਿਨ ਸਵੇਰ ਦੀ ਸ਼ਿਫਟ ਬਾਅਦ ਸ਼ੇਰਾ ਘਰ ਆਇਆ ਤੇ ਰਾਜੂ ਨੂੰ ਸਕੂਲੋਂ ਲੈ ਕੇ ਅਚਾਨਕ ਜੀਤਾਂ ਨੂੰ ਕੰਮ ਤੋਂ ਲੈਣ ਲਈ ਕਾਰ ਵਿਚ ਚਲਾ ਗਿਆ। ਜਦ ਉਹਨੇ ਉਸ ਦੇ ਦਫ਼ਤਰ ਵੱਲ ਕਾਰ ਮੋੜੀ ਤਾਂ ਜੀਤਾਂ ਦਫ਼ਤਰ ਵਿਚੋਂ ਬਾਹਰ ਨਿਕਲ ਕੇ ਬੱਸ ਸਟਾਪ ਵੱਲ ਮੁੜਨ ਲੱਗੀ। ਉਸ ਨੇ ਜੀਤਾਂ ਨੂੰ ਆਵਾਜ਼ ਮਾਰੀ ਤੇ ਉਹ ਆ ਕੇ ਕਾਰ ਵਿਚ ਬੈਠ ਗਈ। ਰਾਜੂ ਨਾਲ ਉਹ ਨਿੱਕੀਆਂ ਨਿਕੀਆਂ ਗੱਲਾਂ ਕਰਦੀ ਤੇ ਸ਼ੇਰੇ ਦੇ ਪੁੱਛੇ ਆਮ ਜਿਹੇ ਸਵਾਲਾਂ ਦਾ ਜਵਾਬ ਦਿੰਦੀ, ਉਹ ਘਰ ਪਹੁੰਚ ਗਏ। ਸ਼ੇਰੇ ਦੀ ਨਜ਼ਰ ਨੇ ਉਸ ਬੰਦੇ ਨੂੰ ਬੱਸ ਸਟਾਪ 'ਤੇ ਖੜ੍ਹਾ ਵੇਖ ਲਿਆ ਸੀ। ਉਸ ਦੇ ਮਨ ਵਿਚ ਹੋਰ ਉਧੇੜ-ਬੁਣ ਸ਼ੁਰੂ ਹੋ ਗਈ। ਕਿਤੇ ਉਹ ਜੀਤਾਂ 'ਤੇ ਐਵੇਂ ਈ ਤਾਂ ਨੀ---।

'ਜੀਤਾਂ ਆਹ ਸਾਊਥਾਲ ਸਟੇਸ਼ਨ ਦੇ ਸਾਹਮਣੇ ਕਿਸੇ ਨੇ ਨਿੱਕਾ ਜਿਆ ਖੋਖਾ ਖੋਲ੍ਹ ਕੇ ਕਬਾਬ ਬਣਉਣੇ ਸ਼ੁਰੂ ਕੀਤੇ ਐ। ਆਪਾਂ ਵੀ ਲੈ ਚੱਲੀਏ।'

'ਦੇਖ ਲੋ ਜੇ ਜੀਅ ਕਰਦਾ ਐ ਤਾਂ।'

## 16

ਟੋਨੀ ਨੇ ਰੰਧਾਵੇ ਬਾਰੇ ਕਾਫੀ ਜਾਣਕਾਰੀ ਇਕੱਤਰ ਕਰ ਲਈ ਸੀ। ਰੰਧਾਵਾ ਸ਼ਹਿਰ ਦੇ ਬਾਹਰ ਇਕ ਛੋਟੇ ਜਿਹੇ ਪਿੰਡ ਵਿਚ ਰਹਿੰਦਾ ਸੀ। ਪਾਰਕ ਰੋਡ ਇਕ ਲੰਬੀ ਰੋਡ ਸੀ ਜਿਸ 'ਤੇ ਵੱਡੇ ਖੁੱਲ੍ਹੇ ਘਰ ਸਨ। ਇਸ ਵਿਚੋਂ ਡੇਲ ਰੋਡ ਨਿਕਲਦੀ ਸੀ ਤੇ ਰੰਧਾਵਾ ਚੌਥੇ ਘਰ ਵਿਚ ਚੜ੍ਹਦੀ ਵਾਲੇ ਪਾਸੇ ਰਹਿੰਦਾ ਸੀ। ਇਹਨਾਂ ਘਰਾਂ ਦੇ ਪਿੱਛੇ ਵੱਡੇ ਬਗੀਚੇ ਸਨ। ਬਗੀਚਿਆਂ ਦੇ ਅਖੀਰ 'ਤੇ ਉੱਚੇ ਦਰੱਖ਼ਤ ਤੇ ਦਰੱਖ਼ਤਾਂ ਦੇ ਪਿੱਛੇ ਇਕ ਫਾਰਮ ਸੀ ਜਿਹੜਾ ਘਰਾਂ ਵਿਚੋਂ ਦਿਸਦਾ ਨਹੀਂ ਸੀ। ਗੈਰੀ ਦਾ ਘਰ ਇਸੇ ਸੜਕ 'ਤੇ ਅੱਗੇ ਜਾ ਕੇ ਸੀ ਤੇ ਬੌਬ ਇਸੇ ਸੜਕ ਵਿਚੋਂ ਨਿਕਲਦੀ ਖੱਬੇ ਨੂੰ ਪਹਿਲੀ ਹੀ ਸੜਕ 'ਵਾਟਰਗੇਟ ਕਲੋਜ਼' ਦੇ ਸਿਰੇ 'ਤੇ ਰਹਿੰਦਾ ਸੀ।

ਰੰਧਾਵੇ ਨੇ ਪਿਛਲੇ ਸਾਲਾਂ ਵਿਚ ਕਈ ਲਿਮਟਿਡ ਕੰਪਨੀਆਂ ਬਣਾਈਆਂ ਤੇ ਬੈਂਕਾਂ ਤੋਂ ਕਰਜ਼ਾ ਲੈ ਕੇ ਤੇ ਸਪਲਾਇਰਾਂ ਤੋਂ ਸਮਾਨ ਲੈ ਕੇ ਇਹਨਾਂ ਕੰਪਨੀਆਂ ਦਾ ਦਿਵਾਲਾ ਕੱਢ ਦਿੱਤਾ ਸੀ। ਇਸ ਤਰ੍ਹਾਂ ਉਹ ਮੁਫ਼ਤ ਵਿਚ ਪੈਸੇ ਕਮਾ ਲੈਂਦਾ। ਬਾਅਦ ਵਿਚ ਸਰਕਾਰ ਨੇ ਡਾਇਰੈਕਟਰਾਂ ਨੂੰ ਜ਼ਿੰਮੇਵਾਰ ਬਣਾ ਦਿੱਤਾ ਤਾਂ ਰੰਧਾਵਾ ਕੰਮ ਕਰਦੇ ਲੋਕਾਂ ਨੂੰ ਡਾਇਰੈਕਟਰ ਬਣਾ ਦਿੰਦਾ। ਉਹਨਾਂ ਨੂੰ ਕੁਝ ਮਾਲੀ ਲਾਭ ਦੇ ਕੇ ਕੰਪਨੀਆਂ ਦਾ ਦਿਵਾਲਾ ਕੱਢ ਦਿੰਦਾ। ਉਹਨਾਂ ਲੋਕਾਂ ਕੋਲ ਕੁਝ ਖਾਸ ਹੁੰਦਾ ਨਹੀਂ ਸੀ। ਜੇ ਕਿਸੇ ਦਾ ਕੋਈ ਮਾੜਾ ਮੋਟਾ ਨੁਕਸਾਨ ਹੋ ਜਾਂਦਾ ਤਾਂ ਉਹ ਕੁਝ ਨਾ ਕੁਝ ਉਹਨਾਂ ਨੂੰ ਦੇ ਦਿੰਦਾ। ਹੁਣ ਰੰਧਾਵੇ ਦੀ ਜਾਇਦਾਦ ਤਕਰੀਬਨ ਦਸ-ਬਾਰਾਂ ਮਿਲੀਅਨ ਪਾਊਂਡ ਦੇ ਕਰੀਬ ਸੀ। ਪਰ ਰੰਧਾਵਾ ਅਜੇ ਵੀ ਗੈਰ ਕਨੂੰਨੀ ਕੰਮ ਕਰਦਾ ਸੀ ਤੇ ਬੌਬ ਦੀ ਉਸ ਨਾਲ ਸਦਾ ਸਹਿਮਤੀ ਹੁੰਦੀ।

ਰੰਧਾਵੇ ਦੀ ਪਤਨੀ ਸਿੱਧੀ ਸਾਦੀ ਘਰੇਲੂ ਔਰਤ ਸੀ। ਉਸ ਨੂੰ ਆਪਣੇ ਪਤੀ ਬਾਰੇ ਪੂਰਾ ਤਾਂ ਨਹੀਂ ਕੁਝ ਕੁਝ ਪਤਾ ਸੀ। ਉਹ ਰੱਬ ਅੱਗੇ ਅਰਦਾਸਾਂ ਕਰਦੀ ਰਹਿੰਦੀ ਕਿ ਉਸ ਦੇ ਗੁਨਾਹਾਂ ਨੂੰ ਮੁਆਫ਼ ਕਰ ਦੇਵੇ। ਉਸ ਨੂੰ ਪਤਾ ਸੀ ਉਸ ਦਾ ਪਤੀ ਸਿਰੇ ਦਾ ਤੀਵੀਂ-ਬਾਜ ਸੀ। ਉਹ ਦਿਲੋਂ ਬਹੁਤ ਦੁਖੀ ਹੁੰਦੀ ਪਰ ਉਸ ਅੱਗੇ ਬੋਲਣ ਦੀ ਉਸ ਵਿਚ ਹਿੰਮਤ ਨਹੀਂ ਸੀ।

ਰੰਧਾਵਾ ਪੁਰਾਣੀ ਕਿਸਮ ਦੇ ਲੋਕਾਂ ਵਿਚੋਂ ਸੀ। ਉਹ ਟੈਲੀਫ਼ੋਨ ਦੀ ਲੋੜ ਗੋਚਰੀ ਵਰਤੋਂ ਤਾਂ ਕਰ ਲੈਂਦਾ ਪਰ ਕੰਪਿਊਟਰ ਨੂੰ ਉਸ ਨੇ ਕਦੇ ਹੱਥ ਨਹੀ ਸੀ ਲਗਾਇਆ। ਉਸ ਦਾ ਕੰਮ ਬਹੁਤਾ ਜਾਂ ਤਾਂ ਬੌਬ ਕਰਦਾ ਸੀ ਤੇ ਜਾਂ ਉਸ ਦਾ ਸਟਾਫ। ਅਜੇ ਵੀ ਰੰਧਾਵਾ ਆਪ ਵੀ ਕੋਈ ਨਾ ਕੋਈ ਹੇਰਾ ਫੇਰੀ ਕਰਦਾ ਰਹਿੰਦਾ ਸੀ। ਟੋਨੀ ਕਿਵੇਂ ਨਾ ਕਿਵੇਂ ਉਸ ਨੂੰ ਮਿਲ ਕੇ ਉਸ ਨਾਲ ਜਾਣ-ਪਛਾਣ ਵੀ ਕਰਨੀ ਚਾਹੁੰਦਾ ਸੀ, ਜੋ ਉਸ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਲੈਣ ਲਈ ਜ਼ਰੂਰੀ ਸੀ।

ਟੋਨੀ ਨੇ ਰੰਧਾਵੇ ਦਾ ਪਿੱਛਾ ਕੀਤਾ ਤਾਂ ਉਸ ਨੂੰ ਦਿਲਚਸਪ ਗੱਲ ਇਹ ਲੱਗੀ ਕਿ ਉਹ ਹਰ ਐਤਵਾਰ ਗੁਰਦਵਾਰੇ ਜ਼ਰੂਰ ਜਾਂਦਾ ਸੀ। ਰੰਧਾਵੇ ਨਾਲ ਜਾਣ-ਪਛਾਣ ਦਾ ਗੁਰਦਵਾਰੇ ਚੰਗਾ ਮੌਕਾ ਮੇਲ ਬਣ ਸਕਦਾ ਸੀ। ਟੋਨੀ ਨੇ ਇਕ 'ਵੈਬ ਸਾਈਟ' ਬਣਾ ਕੇ ਕੰਪਿਊਟਰ ਰਿਪੇਅਰ ਦੀ ਮਸ਼ਹੂਰੀ ਪਾ ਦਿੱਤੀ। ਨਾਲ ਹੀ ਉਸ ਨੇ ਲਿਖ ਦਿੱਤਾ ਕਿ ਲੋਕਲ

ਚੈਰਿਟੀ ਅਤੇ ਧਾਰਮਿਕ ਸਥਾਨਾਂ ਦੇ ਕੰਪਿਊਟਰ ਦੀ ਰਿਪੇਅਰ ਮੁਫ਼ਤ ਕੀਤੀ ਜਾਵੇਗੀ। ਕੁਝ ਦਿਨਾਂ ਬਾਅਦ ਉਸ ਨੇ ਗੁਰਦਵਾਰੇ ਦੇ ਕੰਪਿਊਟਰ ਨੂੰ ਜਾਮ ਕਰ ਦਿੱਤਾ। ਉਹ ਉਮੀਦ ਕਰਦਾ ਸੀ ਕਿ ਉਸ ਦੀ ਮਸ਼ਹੂਰੀ ਨੂੰ ਵੇਖ ਕੇ ਸ਼ਾਇਦ ਉਸ ਨੂੰ ਸੱਦ ਲਿਆ ਜਾਵੇ ਤੇ ਸ਼ਾਇਦ ਰੰਧਾਵੇ ਨਾਲ ਮੁਲਾਕਤ ਹੋ ਜਾਵੇ। ਇਸ ਵੱਡੀ 'ਸ਼ਾਇਦ' ਨੇ ਉਸ ਨੂੰ ਰਾਤ ਭਰ ਸੌਣ ਨਾ ਦਿਤਾ। ਜੇ ਉਹਨਾਂ ਨੇ ਕਿਸੇ ਹੋਰ ਨੂੰ ਬੁਲਾ ਲਿਆ ਤਾਂ ਉਸ ਦਾ ਸਭ ਕੀਤਾ ਕਰਾਇਆ ਖੂਹ ਵਿਚ ਪੈ ਜਾਣਾ ਸੀ। ਟੋਨੀ ਨੇ ਗੁਰਦਵਾਰੇ ਦੇ ਕੰਪਿਊਟਰ 'ਤੇ ਅੱਖ ਰੱਖੀ।

ਅਗਲੇ ਦਿਨ ਕੋਈ ਕੰਪਿਊਟਰ ਨੂੰ ਰਿਪੇਅਰ ਕਰਨ ਦਾ ਯਤਨ ਕਰ ਰਿਹਾ ਸੀ। ਕੁਝ ਦੇਰ ਬਾਅਦ ਕੰਪਿਊਟਰ ਚਾਲੂ ਹੋ ਗਿਆ ਸੀ। ਟੋਨੀ ਸੋਚਣ ਲੱਗਾ ਕਿ ਹੁਣ ਕੀ ਕੀਤਾ ਜਾਵੇ? ਟੋਨੀ ਕੋਲ ਰੰਧਾਵੇ ਦਾ ਟੈਲੀਫ਼ੋਨ ਨੰਬਰ ਵੀ ਸੀ ਤੇ ਉਸ ਦੀ ਈ ਮੇਲ ਵੀ। ਟੋਨੀ ਨੇ ਗੁਰਦਵਾਰੇ ਦੇ ਕੰਪਿਊਟਰ 'ਤੋਂ ਕੁਝ ਕੁ ਕਮੇਟੀ ਮੈਂਬਰਾਂ ਦੇ ਨੰਬਰ ਲੈ ਕੇ ਉਹਨਾਂ ਨੂੰ ਵੀ ਐਡ ਭੇਜ ਦਿੱਤੀ। ਟੋਨੀ ਨੇ ਆਪਣੀ ਐਡ ਉਸ ਦੇ ਮੈਸਿਜ 'ਤੇ ਭੇਜ ਦਿੱਤੀ ਤੇ ਨਾਲ ਹੀ ਉਸ ਦੀ ਈਮੇਲ 'ਤੇ ਵੀ। ਇਕ ਦੋ ਦਿਨਾਂ ਬਾਅਦ ਟੋਨੀ ਨੇ ਕੰਪਿਊਟਰ ਨੂੰ ਫਿਰ ਤੋਂ ਜਾਮ ਕਰ ਦਿੱਤਾ। ਇਸ ਵਾਰ ਕਮੇਟੀ ਦੇ ਪ੍ਰਧਾਨ ਦਾ ਉਸ ਨੂੰ ਫ਼ੋਨ ਆ ਗਿਆ। ਟੋਨੀ ਨੇ ਐਤਵਾਰ ਨੂੰ ਉਹਨਾਂ ਦਾ ਕੰਮ ਕਰਨ ਦਾ ਸਮਾਂ ਨੀਯਤ ਕਰ ਲਿਆ। ਟੋਨੀ ਖੁਸ਼ ਸੀ।

ਐਤਵਾਰ ਨੂੰ ਮਿਥੇ ਸਮੇਂ ਉਹ ਗੁਰਦਵਾਰੇ ਪਹੁੰਚਿਆ। ਆਫ਼ਿਸ ਵਿਚ ਗਿਆ ਤਾਂ ਉਸ ਨੇ ਰੰਧਾਵੇ ਨੂੰ ਚੌੜਾ ਹੋਇਆ ਕੁਰਸੀ 'ਤੇ ਬੈਠਾ ਵੇਖਿਆ। ਉਸ ਨੇ ਸਭ ਨੂੰ ਸਾਂਝੀ ਜਿਹੀ ਹੈਲੋ ਕੀਤੀ ਤੇ ਆਪਣੀ ਜਾਣ-ਪਛਾਣ ਕਰਾਈ। ਰੰਧਾਵਾ ਬਿੱਲੀਆਂ ਅੱਖਾਂ ਅਤੇ ਸ਼ਰਾਰਤੀ ਮੁਸਕਾਨ ਨਾਲ ਟੋਨੀ ਵੱਲ ਵੇਖ ਰਿਹਾ ਸੀ। ਟੋਨੀ ਕੰਪਿਊਟਰ ਸਾਹਮਣੇ ਬੈਠ ਗਿਆ।

'ਸੁਣ ਮੁੰਡਿਆ, ਆਹ ਨਾ ਹੋਵੇ ਕੰਪਿਊਟਰ ਦੋਂਹ ਦਿਨਾਂ ਨੂੰ ਫੇਰ ਖੜ੍ਹ ਜੇ। ਕੰਮ ਪੱਕਾ ਕਰੀਂ। ਜੇ ਕੰਮ ਨਹੀਂ ਆਉਂਦਾ ਤਾਂ ਪਹਿਲਾਂ ਈ ਦੱਸ ਦੇ।' ਰੰਧਾਵਾ ਬੋਲਿਆ।

ਟੋਨੀ ਨੇ ਕੰਪਿਊਟਰ ਦੀ ਥਾਂ ਰੰਧਾਵੇ ਵੱਲ ਵੇਖਿਆ। ਉਸ ਦੇ ਬੁੱਲ੍ਹਾਂ 'ਤੇ ਨਿੱਕੀ ਜਿਹੀ ਵਿਅੰਗਮਈ ਮੁਸਕਰਾਹਟ ਸੀ।

'ਤੈਨੂੰ ਕੰਪਿਊਟਰ ਬਾਰੇ ਕਿੰਨ੍ਹਾ ਕੁ ਪਤਾ ਮੈਨੂੰ ਨੀ ਪਤਾ। ਪਰ ਜਿਸ ਕੰਪਿਊਟਰ ਨੂੰ ਮੇਰਾ ਹੱਥ ਲੱਗ ਜਾਵੇ ਉਹ ਕੰਪਿਊਟਰ ਮੁੜ ਕੇ ਛੇਤੀ ਕੀਤਿਆਂ ਖਰਾਬ ਨੀ ਹੁੰਦਾ। ਉਮਰ ਨਾਲ ਤਾਂ ਸਰ ਤੁਸੀਂ ਵੀ ਨਹੀਂ ਰਹਿਣਾ।' ਟੋਨੀ ਚੁੱਪ ਚਾਪ ਕੰਮ ਲੱਗ ਗਿਆ ਤੇ ਰੰਧਾਵੇ ਨੂੰ ਅਜਿਹੇ ਜਵਾਬ ਦੀ ਉਮੀਦ ਨਹੀਂ ਸੀ।

ਅੱਧੇ ਕੁ ਘੰਟੇ ਬਾਅਦ ਟੋਨੀ ਨੇ ਕੰਪਿਊਟਰ ਚਾਲੂ ਕਰ ਦਿੱਤਾ।

'ਲਉ ਤੁਹਾਡਾ ਕੰਪਿਊਟਰ ਠੀਕ ਐ। ਇਸ ਵਿਚ ਕੋਈ ਵਾਇਰਸ ਆ ਗਈ ਸੀ ਜੋ ਮੈਂ ਸਾਫ਼ ਕਰ ਦਿੱਤੀ ਐ।'

'ਤੇ ਜੇ ਤੇਰੇ ਘਰ ਪਹੁੰਚਣ ਤੋਂ ਪਹਿਲਾਂ ਈ ਫੇਰ ਵਾਇਰਸ ਆ ਗਈ ਤਾਂ--?' ਰੰਧਾਵਾ ਬੋਲਿਆ।

'ਉਸ ਦਾ ਇਲਾਜ ਵੀ ਮੈਂ ਕਰ ਦਿੱਤਾ ਐ। ਵਾਇਰਸ ਰੋਕਣ ਵਾਸਤੇ ਮੈਂ ਮੁਫ਼ਤ ਵਿਚ ਹੀ ਸਭ ਤੋਂ ਨਵਾਂ 'ਐਂਟੀ ਵਾਇਰਸ ਸਿਸਟਮ' ਫਿੱਟ ਕਰ ਦਿੱਤਾ ਹੈ। ਇਹ ਅਗਲੇ

ਤਿੰਨ ਕੁ ਸਾਲ ਤਾਂ ਕੋਈ ਸਮੱਸਿਆ ਨਹੀਂ ਦੇਣ ਲੱਗਾ। ਓਦੋਂ ਤੱਕ ਕੰਪਿਊਟਰ ਤੁਹਾਨੂੰ ਵੈਸੇ ਈ ਨਵਾਂ ਲੈਣਾ ਪੈਣਾ।'

ਰੰਧਾਵੇ ਨੂੰ ਇਹਨਾਂ ਗੱਲਾਂ ਦਾ ਖਾਸ ਪਤਾ ਨਹੀਂ ਸੀ। ਇਕ ਹੋਰ ਮੁੰਡਾ ਸੀ ਜਿਸ ਨੂੰ ਕੰਪਿਊਟਰ ਦੀ ਕੁਝ ਸਮਝ ਸੀ। ਉਸ ਨੇ ਗੱਲ ਸਮਝ ਕੇ ਟੋਨੀ ਦਾ ਧੰਨਵਾਦ ਕੀਤਾ। 'ਪੈਸੇ ਤਾਂ ਤੂੰ ਲੈਣੇ ਨੀ। ਚਾਹ ਦਾ ਕੱਪ ਜ਼ਰੂਰ ਪੀ ਕੇ ਜਾਈਂ। ਜੇ ਇੰਡੀਅਨ ਫੂਡ ਖਾ ਲੈਣਾ ਤਾਂ ਲੰਚ ਵੀ ਤਿਆਰ ਐ।' ਰੰਧਾਵੇ ਦੀ ਆਵਾਜ਼ ਵਿਚ ਹੁਣ ਟੋਨੀ ਲਈ ਸਤਿਕਾਰ ਸੀ।

ਉਹ ਚਾਹ ਪੀਣ ਬੈਠੇ। ਰੰਧਾਵਾ ਉਸ ਨੂੰ ਦੱਸ ਰਿਹਾ ਸੀ ਕਿ ਗੁਰਦਵਾਰੇ ਵਿਚ ਸਿਰ ਢਕ ਕੇ ਤੇ ਲੰਗਰ ਵਿਚ ਜੁੱਤੀ ਲਾਹ ਕੇ ਆਉਣਾ ਪੈਂਦਾ। ਇਹ ਗੁਰਦਵਾਰੇ ਦਾ ਨੇਮ ਹੈ। ਉਸ ਨੇ ਟੋਨੀ ਲਈ ਚਾਹ 'ਤੇ ਪਕੌੜੇ ਪਲੇਟ ਵਿਚ ਪਾ ਕੇ ਫੜਾ ਦਿੱਤੇ। ਉਹ ਲੰਗਰ ਵਿਚ ਕੁਰਸੀਆਂ ਮੱਲ ਕੇ ਬੈਠ ਗਏ।

'ਟੋਨੀ ਬੁਆਏ, ਸਾਨੂੰ ਤਾਂ ਏਸ ਨਵੀਂ ਤਕਨੀਕ ਦੀ ਜਾਣਕਾਰੀ ਘੱਟ ਈ ਆ। ਅਸੀਂ ਪੁਰਾਣੇ ਬੰਦੇ ਆਂ। ਫੇਰ ਵੀ ਬਿਜਨਿਸ ਵਿਚ ਤਾਂ ਕੰਪਿਊਟਰ ਬਿਨਾਂ ਸਰਦਾ ਨੀ ਤੇ ਤੇਰੇ ਅਰਗੇ ਬੰਦੇ ਦੀ ਲੋੜ ਵੀ ਪੈਂਦੀ ਰਹਿੰਦੀ ਆ।'

'ਮਿਸਟਰ ਰੰਡਾਵਾ ਮੈਂ ਕੰਮ ਗਰੰਟੀ ਨਾਲ ਕਰਦਾਂ। ਜੇ ਕਦੇ ਲੋੜ ਪਵੇ ਤਾਂ ਮੈਨੂੰ ਯਾਦ ਕਰ ਲੈਣਾ। ਵੈਸੇ ਬਹੁਤ ਸਾਰੇ ਬਿਜਨਸਮੈਨ ਕੰਪਿਊਟਰ ਅੱਪ-ਗਰੇਡ ਨੀ ਕਰਦੇ। ਅੱਜ ਕੱਲ੍ਹ ਹੈਕਿੰਗ ਬਹੁਤ ਹੋਣ ਲੱਗੀ ਆ। ਕੰਪਿਊਟਰ ਨੂੰ ਚੰਗੀ ਤਰ੍ਹਾਂ ਸੁਰੱਖਿਅਤ ਕਰਨਾ ਬਹੁਤ ਜ਼ਰੂਰੀ ਐ।' ਟੋਨੀ ਨੇ ਚਾਹ ਦਾ ਘੁੱਟ ਭਰਿਆ ਤੇ ਥੋੜ੍ਹਾ ਅੱਗੇ ਨੂੰ ਝੁਕ ਕੇ ਰੰਧਾਵੇ ਦੇ ਨੇੜੇ ਨੂੰ ਹੋ ਕੇ ਬੋਲਿਆ, 'ਬਿਜਨਿਸ ਵਿਚ ਮਾੜੀ ਮੋਟੀ ਟੈਕਸ-ਵੀ ਏ ਟੀ ਤਾਂ ਲਕੋਣੀ ਪੈਂਦੀ ਈ ਆ। ਜੇ ਵੀ ਏ ਟੀ ਵਾਲੇ ਥੋਡੇ ਕੰਪਿਊਟਰ ਨੂੰ ਖੋਲ੍ਹ ਲੈਣ ਤਾਂ---।' ਟੋਨੀ ਨੇ ਚਾਹ ਦਾ ਕੱਪ ਚੁੱਕਿਆ ਤੇ ਰੰਧਾਵੇ ਦੇ ਚਿਹਰੇ ਨੂੰ ਘੋਖਣ ਲੱਗਾ।

ਰੰਧਾਵਾ ਵੀ ਟੋਨੀ ਨੂੰ ਵੇਖ ਰਿਹਾ ਸੀ। ਉਹ ਸੋਚ ਰਿਹਾ ਸੀ ਟੋਨੀ ਦੀ ਗੱਲ ਕਿੰਨੀ ਸੱਚੀ ਸੀ? ਪਰ ਅਜੇ ਤੱਕ ਉਹਨੂੰ ਕਿਸੇ ਕਿਸਮ ਦੀ ਸਮੱਸਿਆ ਨਹੀਂ ਸੀ ਆਈ ਤੇ ਸਮੱਸਿਆ ਨੇ ਪੁੱਛ ਕੇ ਵੀ ਨਹੀਂ ਸੀ ਆਉਣਾ। ਉਸ ਨੇ ਸਦਾ ਹੀ ਆਪਣੇ ਫੈਸਲੇ ਆਪ ਕੀਤੇ ਸਨ। ਦੂਜਿਆਂ ਨੂੰ ਸਿਰਫ ਉਸ ਨੇ ਆਪਣੇ ਫੈਸਲੇ ਦੱਸੇ ਸਨ। ਬੌਬ ਨੂੰ ਨਵੀਂ ਟੈਕਨੋਲੋਜੀ ਦਾ ਕੁਝ ਪਤਾ ਸੀ। ਰੰਧਾਵੇ ਨੇ ਉਸ ਨਾਲ ਗੱਲ ਕਰਨ ਦੀ ਲੋੜ ਨਾ ਸਮਝੀ। ਉਸ ਨੇ ਟੋਨੀ ਨੂੰ ਮੁਸਕਰਾਹਟ ਦਿੱਤੀ।

'ਤੂੰ ਫੇਰ ਸਾਡੇ ਕੋਲੋਂ ਚਾਰਜ ਕੀ ਕਰੇਂਗਾ?'

'ਸਰ ਕੰਮ ਵੇਖ ਕੇ ਹੀ ਦੱਸ ਸਕਦਾਂ। ਵੈਸੇ ਮੈਂ ਬਹੁਤਾ ਲਾਲਚੀ ਬੰਦਾ ਨੀ। ਤੁਸੀਂ ਫਿਕਰ ਨਾ ਕਰੋ।'

'ਚੱਲ ਠੀਕ ਆ ਫੇਰ ਮੰਡੇ ਆ ਜੀਂ।' ਰੰਧਾਵੇ ਨੇ ਉਸ ਨੂੰ ਐਡਰੈਸ ਦੇ ਦਿੱਤਾ ਜਿਸ ਦਾ ਟੋਨੀ ਨੂੰ ਪਹਿਲਾਂ ਹੀ ਪਤਾ ਸੀ। ਟੋਨੀ ਆਪਣੇ ਆਪ 'ਤੇ ਵੀ ਹੈਰਾਨ ਸੀ। ਜਿੰਨਾ ਉਹ ਤਿੰਨ ਕੁ ਮਹੀਨੇ ਵਿਚ ਬੋਲਦਾ ਸੀ ਓਨਾ ਤਾਂ ਰੰਧਾਵੇ ਨਾਲ ਘੰਟੇ ਕੁ 'ਚ ਹੀ ਬੋਲ ਚੁੱਕਿਆ ਸੀ।

## 17

ਪੁਲੀਸ ਕਾਰ ਵਿਚ ਬੈਠਿਆਂ ਸ਼ੇਰੇ ਨੇ ਆਪਣੇ ਘਰ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਇੰਝ ਵੇਖਿਆ ਜਿਵੇਂ ਉਸ ਨੇ ਮੁੜ ਕੇ ਇਸ ਘਰ ਨੂੰ ਕਦੇ ਵੇਖਣਾ ਹੀ ਨਾ ਹੋਵੇ। ਉਸ ਨੂੰ ਪੁਲੀਸ ਨੇ ਘਰ ਵਿਚ ਹੀ ਦੋ ਵਾਰ ਪੁੱਛ-ਗਿੱਛ ਕੀਤੀ ਸੀ। ਉਸ ਦੀ ਕਹਾਣੀ ਪੁਲੀਸ ਨੂੰ ਜਚੀ ਨਹੀਂ ਸੀ। ਹੁਣ ਪੁਲੀਸ ਉਸ ਨੂੰ ਥਾਣੇ ਲੈ ਕੇ ਚੱਲੀ ਸੀ ਤੇ ਸ਼ੇਰੇ ਨੂੰ ਇਹ ਸ਼ੁਭ ਸ਼ਗਨ ਨਹੀਂ ਸੀ ਲੱਗਿਆ। ਪਿਛਲੇ ਦਿਨਾਂ ਵਿਚ ਲੋਕ ਅਫ਼ਸੋਸ ਕਰਨ ਆਏ ਸਨ। ਜੀਤਾਂ ਦਾ ਸਸਕਾਰ ਕਰਕੇ ਭੋਗ ਪਾ ਦਿੱਤਾ ਸੀ। ਸ਼ੇਰੇ ਨੇ ਆਪਣੇ ਆਪ ਨੂੰ ਵੱਧ ਤੋਂ ਵੱਧ ਤਰਸ ਦੇ ਪਾਤਰ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਲੋਕਾਂ ਨੇ ਗੱਲਾਂ ਪਿੱਠ ਪਿੱਛੇ ਕਰਨੀਆਂ ਹੁੰਦੀਆਂ, ਮੂੰਹ ’ਤੇ ਤਾਂ ਕੁਝ ਕਹਿਣਾ ਨਹੀਂ ਹੁੰਦਾ। ਸ਼ੇਰਾ ਆਪਣੇ ਆਪ ਵਿਚ ਬੇਇੱਜ਼ਤੀ ਮਹਿਸੂਸ ਕਰ ਰਿਹਾ ਸੀ ਕਿ ਲੋਕ ਜ਼ਰੂਰ ਕਹਿ ਰਹੇ ਹੋਣਗੇ, ਉਸ ਤੋਂ ਆਵਦੀ ਜਨਾਨੀ ਸਾਂਭੀ ਨਹੀਂ ਗਈ। ਸਭ ਤੋਂ ਵੱਧ ਉਸ ਨੂੰ ਪ੍ਰੀਤੋ ਤੋਂ ਡਰ ਲਗਦਾ। ਉਹ ਰਾਜੂ ਦਾ ਤਾਂ ਪਹਿਲਾਂ ਤੋਂ ਵੀ ਵੱਧ ਮੋਹ ਕਰਦੀ। ਪਰ ਉਸ ਨੇ ਸ਼ੇਰੇ ਨਾਲ ਜ਼ੁਬਾਨ ਵੀ ਸਾਂਝੀ ਨਹੀਂ ਸੀ ਕੀਤੀ। ਸਾਫ਼ ਸੀ ਉਹ ਉਸ ਨੂੰ ਗੁਨਾਹਗਾਰ ਸਮਝਦੀ ਸੀ। ਨਾਜਰ ਨੇ ਵੀ ਸਿਰ ਮਾਰਿਆ ਸੀ ਪਰ ਖੁੱਲ੍ਹ ਕੇ ਕੁਝ ਨਹੀਂ ਸੀ ਕਿਹਾ। ਲਗਦਾ ਸੀ ਸੱਚ ਦੇ ਨੰਗਾ ਹੋਣ ਦਾ ਸਮਾਂ ਆ ਗਿਆ ਸੀ।

ਪੁਲੀਸ ਦੀ ਕਾਰ ਤੁਰੀ ਤਾਂ ਇਕ ਵਾਰ ਫਿਰ ਉਸ ਨੇ ਉਸ ਬੰਦੇ ਨੂੰ ਆਪਣੀ ਕਲਪਨਾ ਵਿਚ ਆਪਣੇ ਘਰ ਤੋਂ ਬਾਹਰ ਨਿਕਲਦਿਆਂ ਦੇਖਿਆ।

ਉਸ ਦੀ ਕਾਰ ਦੇ ਪਿੱਛੇ ਇਕ ਹੋਰ ਪੁਲੀਸ ਕਾਰ ਸੀ। ਪੁਲੀਸ ਨੇ ਉਸ ਨੂੰ ਫਰੰਟ ਰੂਮ ਵਿਚ ਪੁੱਛ-ਗਿੱਛ ਕੀਤੀ ਸੀ। ਪੁਲੀਸ ਨੂੰ ਉਸ ਨੇ ਦੱਸਿਆ ਕਿ ਜਦੋਂ ਉਹ ਘਰ ਆਇਆ ਤਾਂ ਜੀਤਾਂ ਪੌੜੀਆਂ ਦੇ ਪੈਰਾਂ ਵਿਚ ਪਈ ਸੀ। ਉਹ ਸਿਹਤ ਠੀਕ ਨਾ ਹੋਣ ਕਰਕੇ ਰਾਤ ਦੀ ਸ਼ਿਫਟ ਤੋਂ ਛੁੱਟੀ ਲੈ ਕੇ ਸਾਢੇ ਕੁ ਬਾਰਾਂ ਵਜੇ ਹੀ ਘਰ ਆ ਗਿਆ ਸੀ। ਉਹ ਆਪਣੇ ਘਰ ਤੋਂ ਥੋੜੀ ਦੂਰੀ ’ਤੇ ਹੀ ਸੀ ਜਦੋਂ ਘਰ ਵਿਚੋਂ ਉਸ ਨੇ ਇਕ ਬੰਦੇ ਨੂੰ ਨਿਕਲਦਾ ਵੇਖਿਆ। ਉਹ ਉਸ ਬੰਦੇ ਦੇ ਪਿੱਛੇ ਭੱਜਿਆ ਪਰ ਉਹ ਦੌੜ ਗਿਆ। ਜਦ ਉਹ ਘਰ ਅੰਦਰ ਦਾਖਲ ਹੋਇਆ ਤਾਂ ਉਸ ਨੇ ਜੀਤਾਂ ਨੂੰ ਜ਼ਖਮੀ ਹਾਲਤ ਵਿਚ ਵੇਖਿਆ ਤੇ ਐਂਬੂਲੈਂਸ ਨੂੰ ਫ਼ੋਨ ਕਰ ਦਿੱਤਾ। ਐਕਸੀਡੈਂਟ ਹੋਣ ਕਰਕੇ ਪੁਲੀਸ ਆਪਣੇ ਆਪ ਹੀ ਐਂਬੂਲੈਂਸ ਤੋਂ ਵੀ ਮਿੰਟ ਕੁ ਪਹਿਲਾਂ ਆ ਗਈ ਸੀ। ਓਦੋਂ ਉਹ ਦਰਵਾਜ਼ੇ ਦੇ ਬਾਹਰ ਖੜ੍ਹਾ ਪੁਲੀਸ ਦੀ ਕਾਰ ਵੇਖ ਕੇ ਹੱਥ ਦਾ ਇਸ਼ਾਰਾ ਕਰ ਰਿਹਾ ਸੀ।

ਰਾਜੂ ਨੇ ਉਸ ਦਿਨ ਫੁੱਟਬਾਲ ਖੇਡਣਾ ਸੀ ਤੇ ਪੈਵ ਨਾਲ ਹੀ ਰਾਤ ਰਹਿਣਾ ਸੀ। ਇਹ ਕੋਈ ਨਵੀਂ ਗੱਲ ਨਹੀਂ ਸੀ। ਇੰਝ ਆਮ ਹੀ ਹੋ ਜਾਂਦਾ ਸੀ। ਜੀਤਾਂ ਘਰ ਵਿਚ

ਇਕੱਲੀ ਸੀ। ਉਸ ਬੰਦੇ ਦਾ ਨਾਂ ਤਾਂ ਸ਼ੇਰੇ ਨੂੰ ਪਤਾ ਨਹੀਂ ਸੀ ਪਰ ਉਸ ਨੇ ਜੀਤਾਂ ਦੇ ਸਹਿਕਰਮੀ ਨੂੰ ਪਛਾਣ ਲਿਆ ਸੀ। ਪੁਲੀਸ ਨੂੰ ਬੇਨਤੀ ਕਰਕੇ ਉਸ ਨੇ ਨਾਜਰ ਨੂੰ ਸੱਦ ਲਿਆ। ਨਾਜਰ ਉਸ ਦੀ ਕੀ ਮਦਦ ਕਰ ਸਕਦਾ ਸੀ? ਉਹ ਤਾਂ ਖੁਦ ਸਦਮੇ ਦਾ ਸ਼ਿਕਾਰ ਸੀ। ਇਕ ਗੱਲ ਤਾਂ ਸਾਫ਼ ਸੀ ਕਿ ਜੀਤਾਂ ਦੇ ਉਸ ਬੰਦੇ ਨਾਲ 'ਨਜਾਇਜ਼' ਸਬੰਧ ਸਨ। ਦੂਜੀ ਗੱਲ ਨਾਜਰ ਨੂੰ ਯਕੀਨ ਸੀ ਜੀਤਾਂ ਦਾ ਐਕਸੀਡੈਂਟ ਨਹੀਂ ਹੋਇਆ ਸਗੋਂ ਕਤਲ ਕੀਤਾ ਗਿਆ ਸੀ ਤੇ ਉਹ ਵੀ ਸ਼ੇਰੇ ਨੇ ਹੀ ਕੀਤਾ ਹੋ ਸਕਦਾ ਸੀ। ਸ਼ੇਰੇ ਦੇ ਬਿਆਨ ਕਿ ਉਸ ਦੇ ਅੰਦਰ ਆਉਣ ਤੋਂ ਪਹਿਲਾਂ ਜੀਤਾਂ ਪੌੜੀਆਂ ਹੇਠ ਡਿੱਗੀ ਪਈ ਸੀ ਨਾਜਰ ਨੂੰ ਯਕੀਨ ਨਹੀਂ ਬਨ੍ਹਾਉਂਦੇ ਸਨ। ਪੁਲੀਸ ਉਸ ਦੇ ਬਿਆਨ 'ਤੇ ਯਕੀਨ ਕਰਦੀ ਹੈ ਜਾਂ ਨਹੀਂ ਇਹ ਦੇਖਣਾ ਬਾਕੀ ਸੀ। ਨਾਜਰ ਨੂੰ ਪਤਾ ਸੀ ਪ੍ਰੀਤੋ ਨੇ ਉਸ 'ਤੇ ਯਕੀਨ ਨਹੀਂ ਸੀ ਕਰਨਾ।

ਜਦ ਪੁਲੀਸ ਨੇ ਪੁੱਛਿਆ, ਉਸ ਦੀ ਪਤਨੀ ਦਾ ਉਸ ਬੰਦੇ ਨੇ ਕਤਲ ਕਿਉਂ ਕੀਤਾ ਹੋਵੇਗਾ? ਤਾਂ ਸ਼ੇਰੇ ਨੇ ਮੋਢੇ ਛੰਡ ਦਿੱਤੇ ਸਨ। ਪੁਲੀਸ ਨੇ ਸੋਸ਼ਲ ਸਕਿਉਰਟੀ ਦੇ ਦਫ਼ਤਰ ਦੇ ਮੈਨੇਜਰ ਦਾ ਫ਼ੋਨ ਲੱਭ ਲਿਆ ਸੀ ਤੇ ਉਸ ਕੋਲੋਂ ਉਸ ਬੰਦੇ ਦਾ ਪਤਾ ਵੀ ਮਿਲ ਗਿਆ ਸੀ। ਪੁਲੀਸ ਵਾਲੇ ਉਸ ਬੰਦੇ ਜਿਸ ਦਾ ਨਾਂ ਅਸਲਮ ਭੱਟੀ ਸੀ, ਨੂੰ ਸਵੇਰ ਦੇ ਤਿੰਨ ਵਜੇ ਕਰੀਬ ਥਾਣੇ ਲੈ ਆਏ। ਅਸਲਮ ਨੇ ਜੀਤਾਂ ਨਾਲ ਆਪਣੇ ਸਬੰਧਾਂ ਦੀ ਕਹਾਣੀ ਬਿਆਨ ਕਰ ਦਿੱਤੀ ਸੀ। ਉਸ ਅਨੁਸਾਰ ਉਹ ਜੀਤਾਂ ਨੂੰ ਮਿਲ ਕੇ ਬਾਹਰ ਨਿਕਲਿਆ ਤੇ ਉਸ ਨੇ ਖੁਦ ਹੀ ਦਰਵਾਜ਼ਾ ਬੰਦ ਕੀਤਾ ਸੀ। ਜੀਤਾਂ ਨੂੰ ਉਪੱਰ ਬੈਡ ਰੂਮ ਵਿਚ ਹੀ ਛੱਡ ਕੇ ਆਇਆ ਸੀ। ਉਸ ਨੇ ਮੋੜ 'ਤੇ ਸ਼ੇਰੇ ਨੂੰ ਆਉਂਦੇ ਵੇਖਿਆ ਤਾਂ ਸ਼ੇਰੇ ਨੇ ਉਸ ਨੂੰ ਲਲਕਾਰਾ ਮਾਰਿਆ। ਉਹ ਭੱਜ ਗਿਆ। ਉਸ ਨੂੰ ਜੀਤਾਂ ਦੀ ਕੁੱਟ-ਮਾਰ ਹੋਣ ਦੀ ਤਾਂ ਉਮੀਦ ਸੀ। ਪਰ ਜੀਤਾਂ ਦਾ ਕਤਲ ਹੋ ਜਾਵੇਗਾ, ਇਹ ਉਸ ਨੇ ਸੋਚਿਆ ਤੱਕ ਨਹੀਂ ਸੀ। ਨਹੀਂ ਤਾਂ ਉਹ ਪੁਲੀਸ ਨੂੰ ਇਤਲਾਹ ਕਰ ਦਿੰਦਾ ਤੇ ਸ਼ਾਇਦ ਜੀਤਾਂ ਦੀ ਜਾਨ ਬਚ ਜਾਦੀ। ਪੁਲੀਸ ਨੇ ਉਸ ਨੂੰ ਨਿੱਜੀ ਜ਼ਮਾਨਤ 'ਤੇ ਛੱਡ ਦਿੱਤਾ ਤੇ ਲੋੜ ਪੈਣ 'ਤੇ ਹਾਜ਼ਰ ਹੋਣ ਨੂੰ ਕਿਹਾ ਸੀ।

ਪੁਲੀਸ ਨੇ ਅਸਲਮ ਤੇ ਜੀਤਾਂ ਨਾਲ ਕੰਮ ਕਰਦੇ ਲੋਕਾਂ ਤੋਂ ਵੀ ਪੁੱਛ-ਗਿੱਛ ਕੀਤੀ ਸੀ। ਅਸਲਮ ਵੱਲੋਂ ਜੀਤਾਂ ਦੇ ਕਤਲ ਦਾ ਕੋਈ ਕਾਰਨ ਨਹੀਂ ਸੀ ਲਗਦਾ। ਉਹ ਜੀਤਾਂ ਪ੍ਰਤੀ ਕਿੰਨਾ ਕੁ ਵਫ਼ਾਦਾਰ ਸੀ ਇਸ ਦਾ ਤਾਂ ਕੋਈ ਪਤਾ ਨਹੀਂ ਸੀ। ਹੋ ਸਕਦਾ ਉਹ ਜੀਤਾਂ ਨੂੰ ਵਰਤਦਾ ਹੀ ਹੋਵੇ। ਉਂਝ ਉਹ ਅਣ-ਵਿਆਹਿਆ ਸੀ। ਪੁਲੀਸ ਦੀ ਸ਼ੱਕ ਸ਼ੇਰੇ 'ਤੇ ਸੀ। ਉਸ ਨੇ ਜੀਤਾਂ ਦੇ ਅਸਲਮ ਨਾਲ ਸਬੰਧਾਂ ਕਰਕੇ ਹੀ ਉਸ ਨੂੰ ਕਤਲ ਕੀਤਾ ਹੋ ਸਕਦਾ ਸੀ। ਪੁਲੀਸ ਨੇ ਸ਼ੇਰੇ ਨੂੰ ਜੀਤਾਂ ਦੀਆਂ ਆਖਰੀ ਰਸਮਾਂ ਨਿਭਾਉਣ ਲਈ ਛੁੱਟੀ ਦੇਈ ਰੱਖੀ ਸੀ। ਵੈਸੇ ਸ਼ੇਰੇ 'ਤੇ ਪੁਲੀਸ ਨੇ ਨਿਗਾਹ ਰੱਖੀ ਹੋਈ ਸੀ। ਭੋਗ ਤੋਂ ਅਗਲੇ ਦਿਨ ਪੁਲੀਸ ਨੇ ਫਿਰ ਸ਼ੇਰੇ ਨੂੰ ਆ ਘੇਰਿਆ।

'ਜਦੋਂ ਤੂੰ ਘਰ ਅੰਦਰ ਦਾਖਲ ਹੋਇਆ ਤਾਂ ਜੀਤਾਂ ਕਿਥੇ ਪਈ ਸੀ?'

ਸ਼ੇਰੇ ਨੇ ਪੌੜੀਆਂ ਕੋਲ ਜਾ ਕੇ ਦੱਸਿਆ ਤਾਂ ਜੀਤਾਂ ਦੇ ਸਿਰ ਦੀ ਦੱਸੀ ਦਿਸ਼ਾ ਦਾ ਉਸ ਦੇ ਪਹਿਲਾਂ ਦੇ ਬਿਆਨ ਨਾਲੋਂ ਫਰਕ ਸੀ। ਪੁਲੀਸ ਅਫ਼ਸਰ ਨੇ ਧਿਆਨ ਨਾਲ ਉਸ ਵੱਲ ਵੇਖਿਆ। ਸ਼ੇਰੇ ਵਿਚ ਉਸ ਨੂੰ ਸਵੈ-ਵਿਸ਼ਵਾਸ਼ ਦੀ ਘਾਟ ਮਹਿਸੂਸ ਹੋਈ। ਉਸ ਨੇ ਸ਼ੇਰੇ ਨੂੰ ਫਿਰ ਦੁਹਰਾ ਕੇ ਪੁੱਛਿਆ ਤਾਂ ਸ਼ੇਰੇ ਨੇ ਫਿਰ ਤੋਂ ਉਹੀ ਬਿਆਨ ਦੇ ਦਿੱਤਾ। ਇੰਜ ਹੀ ਕੁਝ ਹੋਰ ਬਿਆਨਾਂ ਵਿਚ ਤਬਦੀਲੀ ਸੀ। ਨਿੱਕੀਆਂ-ਨਿੱਕੀਆਂ ਗੱਲਾਂ ਦਾ ਫਰਕ ਹੀ ਉਸ ਨੂੰ ਪੁਲੀਸ ਦੀ ਕਾਰ ਵਿਚ ਲੈ ਗਿਆ।

ਪੁਲੀਸ ਸਟੇਸ਼ਨ ਜਾ ਕੇ ਤਾਂ ਜਾਂਚ ਦੌਰਾਨ ਸ਼ੇਰਾ ਉਲਝ ਗਿਆ। ਉਸ ਨੂੰ ਸੱਚ ਦੱਸਣ ਲਈ ਮਜਬੂਰ ਹੋਣਾ ਪਿਆ। ਵੈਸੇ ਸ਼ੇਰਾ ਸੋਚਦਾ ਸੀ ਜੇ ਇੰਡੀਆ ਹੁੰਦੇ ਤਾਂ ਪੁਲੀਸ ਨੇ ਪੁੱਠਾ ਟੰਗ ਲੈਣਾ ਸੀ। ਚਲੋ ਕੁੱਟ ਤੋਂ ਤਾਂ ਬਚਾ ਹੋ ਗਿਆ। ਉਸ ਨੇ ਸਹੀ ਕਹਾਣੀ ਦੱਸ ਦਿੱਤੀ।

ਅਸਲਮ ਦੌੜ ਗਿਆ ਤਾਂ ਸ਼ੇਰਾ ਪੂਰੇ ਗੁੱਸੇ ਵਿਚ ਸੀ। ਉਸ ਨੇ ਗਾਲ੍ਹਾਂ ਕੱਢਦੇ ਨੇ ਜੀਤਾਂ ਨੂੰ ਧੌਣੋਂ ਜਾ ਫੜਿਆ ਤੇ ਮਾਰ-ਕੁੱਟ ਕਰਨੀ ਸ਼ੁਰੂ ਕਰ ਦਿੱਤੀ। ਜੀਤਾਂ ਚੀਕਣ ਲੱਗੀ ਤਾਂ ਸ਼ੇਰੇ ਨੇ ਉਸ ਦਾ ਮੂੰਹ ਹੱਥ ਨਾਲ ਬੰਦ ਕਰ ਦਿੱਤਾ। ਮੂੰਹ ਬੰਦ ਕਰਦੇ ਸਮੇਂ ਹੀ ਉਸ ਨੇ ਉਸ ਦੀ ਧੌਣ ਨੂੰ ਮਰੋੜਾ ਦੇ ਦਿੱਤਾ। ਮੁੜ ਕੇ ਉਸ ਨੂੰ ਪੌੜੀਆਂ 'ਤੇ ਆਪਣੇ ਸਹਾਰੇ ਖੜ੍ਹੀ ਕਰਕੇ ਧੱਕਾ ਦੇ ਦਿੱਤਾ ਤੇ ਐਂਬੂਲੈਂਸ ਨੂੰ ਫ਼ੋਨ ਕਰ ਦਿੱਤਾ। ਇਹ ਸਭ ਕੁਝ ਬਹੁਤ ਜਲਦੀ ਨਾਲ ਵਾਪਰਿਆ। ਜਦੋਂ ਪੁਲੀਸ ਆਈ ਤਾਂ ਉਹ ਉਸ ਨੂੰ ਫਰੰਟ ਰੂਮ ਵਿਚ ਲੈ ਗਈ। ਸਰਸਰੀ ਜਿਹੀ ਨਜ਼ਰ ਨਾਲ ਹੀ ਉਸ ਨੇ ਜੀਤਾਂ ਦੇ ਸਰੀਰ ਨੂੰ ਪੌੜੀਆਂ ਦੇ ਪੈਰਾਂ ਵਿਚ ਪਈ ਨੂੰ ਵੇਖਿਆ ਸੀ। ਹੁਣ ਜਦੋਂ ਉਹ ਯਾਦ ਕਰਦਾ ਤਾਂ ਉਸ ਨੂੰ ਪੱਕੀ ਤਰਾਂ ਯਾਦ ਨਾ ਆਉਂਦਾ। ਲੱਗੀਆਂ ਸੱਟਾਂ ਵਿਚ ਵੀ ਮੈਡੀਕਲ ਰਿਪੋਰਟ ਅਨੁਸਾਰ ਪੌੜੀਆਂ ਤੋਂ ਡਿੱਗਣ ਕਾਰਨ ਲਗੀਆਂ ਸੱਟਾਂ ਤੋਂ ਵੱਖਰੀਆਂ ਸੱਟਾਂ ਵੀ ਸਨ।

ਐਂਬੂਲੈਂਸ ਆਈ ਤਾਂ ਉਹਨਾਂ ਨੇ ਜੀਤਾਂ ਦੀ ਮੌਤ ਘੋਸ਼ਿਤ ਕਰ ਦਿੱਤੀ। ਪੁਲੀਸ ਨੇ ਫੋਟੋ ਖਿੱਚ ਲਈਆਂ ਸਨ ਤੇ ਮੁੱਢਲੀ ਕਾਰਵਾਈ ਕਰ ਲਈ ਸੀ। ਇਸ ਸਮੇਂ ਵੀ ਸ਼ੇਰਾ ਆਪਣਾ ਗੁੱਸਾ ਠੰਡਾ ਕਰਨ ਦਾ ਯਤਨ ਕਰ ਰਿਹਾ ਸੀ। ਉਸ ਨੇ ਆਪਣੇ ਆਪ ਨੂੰ ਬਹੁਤ ਅਫ਼ਸੋਸ ਅਤੇ ਬੇਬਸੀ ਦੀ ਹਾਲਤ ਵਿਚ ਪੇਸ਼ ਕਰਨ ਦਾ ਯਤਨ ਕੀਤਾ। ਪੁਲੀਸ ਨੇ ਉਸ ਨੂੰ ਕਤਲ ਦੇ ਕੇਸ ਵਿਚ ਚਾਰਜ ਕਰ ਲਿਆ ਸੀ। ਮੌਕੇ ਦਾ ਗਵਾਹ ਤਾਂ ਕੋਈ ਹੈ ਨਹੀਂ ਸੀ। ਅਸਲਮ ਦੀ ਗਵਾਹੀ ਸੀ ਜੋ ਸਾਬਤ ਕਰਦੀ ਸੀ ਕਿ ਜਦੋਂ ਉਹ ਜੀਤਾਂ ਕੋਲੋਂ ਆਇਆ ਤਾਂ ਉਹ ਜਿਉਂਦੀ ਸੀ। ਉਸ ਤੋਂ ਦੋ ਮਿੰਟਾਂ ਬਾਅਦ ਹੀ ਸ਼ੇਰਾ ਘਰ ਵਿਚ ਦਾਖਲ ਹੋਇਆ। ਜੀਤਾਂ ਦੀ ਮੌਤ ਪੌੜੀਆਂ ਤੋਂ ਡਿੱਗ ਕੇ ਹੋਈ ਕਹੀ ਗਈ ਸੀ। ਹੁਣ ਸਵਾਲ ਸੀ ਕਿ ਜੀਤਾਂ ਨੂੰ ਪੌੜੀਆਂ ਤੋਂ ਕਿਸ ਨੇ ਸੁੱਟਿਆ? ਅਸਲਮ ਨੇ ਜਾਂ ਸ਼ੇਰੇ ਨੇ? ਪੁਲੀਸ ਨੇ ਆਪਣੀ ਰਿਪੋਰਟ ਵਿਚ ਸ਼ੇਰੇ ਨੂੰ ਦੋਸ਼ੀ ਨਾਮਜਦ ਕੀਤਾ

ਸੀ। ਸਭ ਨੂੰ ਪਤਾ ਸੀ ਅਦਾਲਤ ਵਿਚ ਜਾ ਕੇ ਵਕੀਲ ਕੇਸ ਵਿਚ ਕਿੰਨੇ ਹੀ ਨੁੱਕਤੇ ਕੱਢ ਲੈਂਦੇ ਹਨ।

***

ਦੋਸ਼ੀ ਦਾ ਦੋਸ਼ ਅਦਾਲਤ ਵਿਚ ਸਾਬਤ ਹੋਵੇ ਜਾਂ ਨਾ ਉਸ ਤੋਂ ਪਹਿਲਾਂ ਹੀ ਉਹ ਖੁਦ ਆਪਣੀਆਂ ਨਜ਼ਰਾਂ ਵਿਚ ਦੋਸ਼ੀ ਤਾਂ ਹੁੰਦਾ ਹੀ ਹੈ। ਉਸ ਲਈ ਕਿਸੇ ਸਬੂਤ ਦੀ ਲੋੜ ਨਹੀਂ। ਉਸ ਨੂੰ ਖੁਦ ਨੂੰ ਪਤਾ ਹੁੰਦਾ ਹੈ। ਸੱਚ ਨੂੰ ਲੁਕਾਉਣ ਲਈ ਉਹ ਹੋਰ ਝੂਠ ਪੈਦਾ ਕਰਦਾ ਹੈ। ਪਰ ਆਪਣੇ ਆਪ ਕੋਲੋਂ ਫਿਰ ਵੀ ਨਹੀਂ ਲੁਕਾ ਸਕਦਾ। ਫਿਰ ਉਸ ਨੂੰ ਕੁਝ ਲੋਕ ਦੋਸ਼ੀ ਮੰਨਦੇ ਹਨ ਜਿਹਨਾਂ ਨੂੰ ਯਕੀਨ ਹੁੰਦਾ ਹੈ ਕਿ ਅਸਲ ਦੋਸ਼ੀ ਉਹੀ ਹੈ। ਉਹ ਉਹਨਾਂ ਸਾਹਮਣੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਨਹੀਂ ਕਰ ਸਕਦਾ। ਸ਼ੇਰੇ ਨੂੰ ਹੋਰ ਲੋਕਾਂ ਦੀ ਪ੍ਰਵਾਹ ਨਹੀਂ ਸੀ। ਪ੍ਰੀਤੋ ਦੀ ਪ੍ਰਵਾਹ ਸੀ। ਉਸ ਨੇ ਸਦਾ ਹੀ ਰਾਜੂ ਨੂੰ ਮਾਂ ਦਾ ਪਿਆਰ ਦਿੱਤਾ ਸੀ। ਹੁਣ ਵੀ ਰਾਜੂ ਨੂੰ ਉਸ ਨੇ ਆਪਣੇ ਘਰ ਵਿਚ ਰੱਖਿਆ ਸੀ। ਹੁਣ ਤਾਂ ਰਾਜੂ ਉਸ ਦਾ ਤੀਜਾ ਬੱਚਾ ਹੀ ਸੀ। ਸ਼ੇਰਾ ਇਸ ਲਈ ਉਸ ਦਾ ਦੇਣਦਾਰ ਵੀ ਸੀ। ਜੇ ਪ੍ਰੀਤੋ ਨਾ ਹੁੰਦੀ ਤਾਂ ਰਾਜੂ ਦਾ ਕੀ ਬਣਦਾ? ਉਹ ਚਾਹ ਕੇ ਵੀ ਪ੍ਰੀਤੋ ਅੱਗੇ ਝੂਠ ਨਹੀਂ ਸੀ ਬੋਲ ਸਕਦਾ। ਪਰ ਉਸ ਨੂੰ ਪਤਾ ਸੀ ਕਿ ਪ੍ਰੀਤੋ ਨੇ ਕਦੀ ਉਸ ਨੂੰ ਸਵਾਲ ਵੀ ਨਹੀਂ ਕਰਨਾ। ਇਹ ਹੋਰ ਵੀ ਦੁਖਦਾਈ ਸੀ। ਪ੍ਰੀਤੋ ਤੋਂ ਮੁਆਫ਼ੀ ਮੰਗਣ ਦਾ ਵੀ ਉਸ ਨੂੰ ਮੌਕਾ ਨਹੀਂ ਸੀ ਮਿਲਣਾ। ਸੋਚਾਂ ਤੋਂ ਖਹਿੜਾ ਛੁਡਾਉਣ ਲਈ ਉਸ ਨੇ ਸਿਰ ਝਟਕਿਆ।

ਸ਼ੇਰਾ ਜੇਲ੍ਹ ਵਿਚ ਸੀ ਤੇ ਆਪਣੇ ਵਕੀਲ ਨੂੰ ਅਗਲੀ ਤਰੀਕ ’ਤੇ ਜ਼ਮਾਨਤ ਕਰਾਉਣ ਲਈ ਜ਼ੋਰ ਪਾ ਰਿਹਾ ਸੀ। ਉਸ ਦਾ ਤਰਕ ਸੀ ਕਿ ਉਸ ਬਿਨਾਂ ਬੱਚੇ ਦੀ ਦੇਖ-ਭਾਲ ਕਰਨ ਵਾਲਾ ਕੋਈ ਹੋਰ ਨਹੀਂ ਸੀ। ਮਜਬੂਰਨ ਉਸ ਨੂੰ ਕਿਸੇ ਦੋਸਤ ਦੇ ਘਰ ਵਿਚ ਛੱਡਿਆ ਗਿਆ ਸੀ। ਵਕੀਲ ਨੂੰ ਵੀ ਬਹੁਤ ਉਮੀਦ ਸੀ ਕਿ ਅਜਿਹੀ ਹਾਲਤ ਵਿਚ ਜ਼ਮਾਨਤ ਹੋ ਜਾਵੇਗੀ।

ਤਰੀਕ ਵਾਲੇ ਦਿਨ ‘ਦਰਸ਼ਕ ਗੈਲਰੀ’ ਵਿਚ ਨਾਜਰ ’ਤੇ ਮਾਸਟਰ ਵੀ ਬੈਠੇ ਸਨ। ਜੱਜਾਂ ਦੇ ਪੈਨਲ ਦੇ ਸਾਹਮਣੇ ਇਕ ਪਾਸੇ ਸ਼ੇਰਾ ਤੇ ਉਸ ਦਾ ਵਕੀਲ ਤੇ ਬਰੈਸਟਰ ਬੈਠੇ ਸਨ ਦੂਜੇ ਪਾਸੇ ਸਰਕਾਰੀ ਵਕੀਲ ਤੇ ਬਰੈਸਟਰ ਬੈਠੇ ਸਨ। ਅੱਜ ਦੀ ਤਰੀਕ ਵਿਚ ਉਸ ਦੀ ਜ਼ਮਾਨਤ ਬਾਰੇ ਹੀ ਫੈਸਲਾ ਹੋਣਾ ਸੀ। ਮੁਕੱਦਮੇ ਦੀ ਤਰੀਕ ਮਿਲਣੀ ਸੀ ਤੇ ਅਦਾਲਤ ਨੇ ਉਸ ਸਮੇਂ ਤੱਕ ਆਮ ਜਨਤਾ ਵਿਚੋਂ ਜਿਊਰੀ ਚੁਣਨੀ ਸੀ।

ਸ਼ੇਰੇ ਨੇ ਨਾਜਰ ਤੇ ਮਾਸਟਰ ਵੱਲ ਵੇਖਿਆ। ਰਾਜੂ ਨੂੰ ਨਾਲ ਲਿਆਉਣ ਦੀ ਉਸ ਨੇ ਨਾਂਹ ਕਰ ਦਿੱਤੀ ਸੀ। ਵੈਸੇ ਵੀ ਅਦਾਲਤ ਵਿਚ ਬੱਚੇ ਨੂੰ ਲਿਆਉਣਾ ਮਨ੍ਹਾਂ ਸੀ। ਉਹਨਾਂ ਨੂੰ ਇਕ ਮਰੀਅਲ ਜਿਹੀ ਮੁਸਕਰਾਹਟ ਦਿੱਤੀ ਤੇ ਉਹਨਾਂ ਨੇ ਵੀ ਜਵਾਬੀ ਮੁਸਕਰਾਹਟ ਦੇ ਦਿੱਤੀ। ਜੱਜ ਨੇ ਬਚਾਉ ਪੱਖ ਦੇ ਵਕੀਲ ਜਾਣੀ ਸ਼ੇਰੇ ਦੇ ਵਕੀਲ ਨੂੰ ਆਪਣੀ ਦਲੀਲ ਰੱਖਣ ਲਈ ਕਿਹਾ।

ਸਰਕਾਰੀ ਵਕੀਲ ਨੇ ਨੋਟ ਬਣਾਉਣ ਲਈ ਆਪਣੀ ਨੋਟ ਬੁੱਕ ਖੋਲ੍ਹ ਲਈ ਤੇ ਬਰੈਸਟਰ ਨੇ ਵੀ ਆਪਣੇ ਜ਼ਰੂਰੀ ਨੋਟ ਲੈਣ ਦੀ ਤਿਆਰੀ ਕਰ ਦਿੱਤੀ ਸੀ। ਬਚਾਉ ਪੱਖ ਦਾ ਵਕੀਲ, ਬਰੈਸਟਰ ਨੂੰ ਲੋੜੀਂਦੇ ਕਾਗਜ਼ ਤੇ ਨੋਟਸ ਲੋੜ ਪੈਣ 'ਤੇ ਪੇਸ਼ ਕਰ ਰਿਹਾ ਸੀ।

'---ਇਸ ਦੁਰਘਟਨਾ ਨਾਲ ਸਭ ਤੋਂ ਵੱਧ ਪ੍ਰਭਾਵਤ ਉਹ ਬੱਚਾ ਹੋਇਆ ਹੈ ਜੋ ਪਹਿਲਾਂ ਮਾਂ ਤੇ ਫਿਰ ਮਾਂ ਵਰਗੀ ਮਾਸੀ ਤੋਂ ਬਿਨਾਂ ਰਹਿਣ ਲਈ ਮਜਬੂਰ ਹੋ ਗਿਆ। ਉਹ ਦੋਵੇਂ ਹੀ ਇਸ ਸੰਸਾਰ ਵਿਚ ਨਹੀਂ ਰਹੀਆਂ। ਪਰ ਉਸ ਦਾ ਪਿਉ ਜਿਸ 'ਤੇ ਉਸ ਬੱਚੇ ਦੀ ਮਾਸੀ ਦੇ ਕਤਲ ਦਾ ਦੋਸ਼ ਹੈ ਉਸ ਨੂੰ ਵੀ ਬੱਚੇ ਤੋਂ ਦੂਰ ਰਹਿਣ ਲਈ ਮਜਬੂਰ ਹੋਣਾ ਪਿਆ। ਬੱਚੇ ਦੇ ਜੀਵਨ ਵਿਚ ਮਾਂ ਪਿਉ ਦੀ ਮਹੱਤਤਾ ਦਾ ਸਭ ਨੂੰ ਪਤਾ ਹੈ। ਕੋਰਟ ਕੇਸ ਦੀ ਤਰੀਕ ਤੱਕ ਪਿਉ ਨੂੰ ਬੱਚੇ ਦੀ ਦੇਖ-ਭਾਲ ਕਰਨ ਲਈ ਜ਼ਮਾਨਤ ਦਿੱਤੀ ਜਾਵੇ। ਉਸ ਤੋਂ ਕਿਸੇ ਨੂੰ ਕੋਈ ਖ਼ਤਰਾ ਨਹੀਂ ਤੇ ਨਾ ਹੀ ਉਸ ਦੇ ਭਗੌੜਾ ਹੋਣ ਦਾ ਡਰ ਹੈ। ਉਸ ਦਾ ਪਾਸਪੋਰਟ ਜ਼ਬਤ ਕਰ ਲਿਆ ਜਾਵੇ--।'

ਬਰੈਸਟਰ ਨੇ ਆਪਣੀ ਦਲੀਲ ਦਿੱਤੀ ਤੇ ਧੰਨਵਾਦ ਕਰ ਕੇ ਬੈਠ ਗਿਆ। ਸਰਕਾਰੀ ਪੱਖ ਦਾ ਬਰੈਸਟਰ ਉੱਠਿਆ ਤੇ ਆਪਣੇ ਨੋਟਸ ਅੱਗੇ ਕੀਤੇ। ਉਸ ਨੇ ਜੱਜਾਂ ਦੇ ਪੈਨਲ ਵੱਲ ਵੇਖਦਿਆਂ ਮਾੜਾ ਜਿਹਾ ਸਿਰ ਖੁਰਕਿਆ ਤੇ ਫਿਰ ਸਿੱਧਾ ਹੋ ਕੇ ਖੜ੍ਹ ਗਿਆ। ਆਪਣੇ ਹੱਥ ਵਿਚ ਫੜੇ ਪੈਨ ਨੂੰ ਉਂਗਲਾ ਵਿਚ ਘੁਮਾਉਂਦਾ ਬੋਲਣ ਲੱਗਾ-

'ਯੂਅਰ ਔਨਰ—ਬੱਚੇ ਦੇ ਜੀਵਨ ਵਿਚ ਮਾਂ-ਪਿਉ ਦੀ ਭੂਮਿਕਾ ਮੁੱਖ ਹੁੰਦੀ ਹੈ ਤੇ ਬੱਚੇ ਨੂੰ ਉਸ ਦੇ ਮਾਪਿਆਂ ਤੋਂ ਵੱਖ ਨਹੀਂ ਕਰਨਾ ਚਾਹੀਦਾ। ਪਰ ਕਦੀ ਹਲਾਤ ਅਜਿਹੇ ਵੀ ਬਣ ਜਾਂਦੇ ਹਨ ਜਦ ਬੱਚੇ ਨੂੰ ਮਾਪਿਆਂ ਤੋਂ ਦੂਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਕੇਸ ਵਿਚ ਵੀ ਅਜਿਹੀ ਹੀ ਸਥਿਤੀ ਹੈ। ਮਾਂ/ਮਾਸੀ ਦੁਨੀਆਂ 'ਤੇ ਰਹੀ ਨਹੀਂ। ਪਿਉ ਉਸ ਦੇ ਕਤਲ ਦਾ ਜ਼ਿੰਮੇਵਾਰ ਮੰਨਿਆ ਗਿਆ ਹੈ ਜਿਸ ਦਾ ਅਦਾਲਤ ਨੇ ਆਉਣ ਵਾਲੇ ਸਮੇਂ ਵਿਚ ਫੈਸਲਾ ਕਰਨਾ ਹੈ। ਪਰ ਜਿਸ ਪਿਉ 'ਤੇ ਬੱਚੇ ਦੀ ਮਾਂ/ਮਾਸੀ ਦੇ ਕਤਲ ਦਾ ਦੋਸ਼ ਹੋਵੇ ਤੇ ਉਸ ਪਿਉ ਨੂੰ ਉਸ ਬੱਚੇ ਦੀ ਦੇਖ ਭਾਲ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਬੱਚੇ ਦੇ ਮਸੂਮ ਮਨ 'ਤੇ ਬੁਰੇ ਪ੍ਰਭਾਵ ਪੈਣ ਦਾ ਖਦਸ਼ਾ ਹੁੰਦਾ ਹੈ। ਅਜੇ ਬੱਚੇ ਨੂੰ ਜਾਂ ਕਿਸੇ ਹੋਰ ਨੂੰ ਉਸ ਦੇ ਨਿਰਦੋਸ਼ ਹੋਣ ਦਾ ਪਤਾ ਨਹੀਂ। ਬੱਚਾ ਜ਼ਰੂਰ ਬਹੁਤ ਸਾਰੇ ਸਵਾਲ ਪੁੱਛੇਗਾ ਜਾਂ ਸੋਚੇਗਾ। ਹੋ ਸਕਦਾ ਡਰਦਾ ਪੁੱਛੇ ਵੀ ਨਾ। ਇਹ ਉਸ ਮਸੂਮ ਲਈ ਮਾਨਸਿਕ ਸਜ਼ਾ ਹੋਵੇਗੀ।

ਦੂਸਰੀ ਗੱਲ ਬੱਚਾ ਜਿਸ ਪਰਿਵਾਰ ਵਿਚ ਰਹਿ ਰਿਹਾ ਹੈ ਉਹ ਉਸ ਪਰਿਵਾਰ ਵਿਚ ਰਚਿਆ ਮਿਚਿਆ ਹੈ। ਖੁਸ਼ ਹੈ। ਉਸ ਕੋਲ ਬੱਚਿਆਂ ਦਾ ਸਾਥ ਹੈ। ਸੋਸ਼ਲ ਵਰਕਰਾਂ ਦੀ ਰਿਪੋਰਟ ਅਨੁਸਾਰ ਉਹ ਪਰਿਵਾਰ ਉਸ ਦੀ ਬਹੁਤ ਚੰਗੀ ਦੇਖ-ਭਾਲ ਕਰ ਰਿਹਾ ਹੈ। ਉਸ ਪਰਿਵਾਰ ਵਿਚੋਂ ਵਾਪਿਸ ਪਿਉ ਕੋਲ ਲਿਆਉਣਾ ਤੇ ਜੇ ਉਹ ਦੋਸ਼ੀ ਸਾਬਤ ਹੁੰਦਾ ਹੈ ਤਾਂ ਫਿਰ ਤੋਂ ਉਸ ਬੱਚੇ ਲਈ ਕਿਸੇ ਪਾਲਕ ਪਰਿਵਾਰ ਦਾ ਪ੍ਰਬੰਧ ਕਰਨਾ

ਪਵੇਗਾ। ਇੰਝ ਬੱਚੇ ਦੀ ਭਲਾਈ ਦਾ ਨੁਕਸਾਨ ਹੋਵੇਗਾ। ਚਾਹੀਦਾ ਤਾਂ ਇਹ ਹੈ ਕਿ ਬੱਚੇ ਨੂੰ ਉਸ ਖੁਸ਼ ਮਹੌਲ ਵਿਚ ਰਹਿਣ ਦਿੱਤਾ ਜਾਵੇ ਤੇ ਪਰਿਵਾਰ ਨੂੰ ਸਰਕਾਰ ਮਾਲੀ ਮਦਦ ਦੇਵੇ----।' ਵਕੀਲ ਨੇ ਸੋਸ਼ਲ ਵਰਕਰਾਂ ਦੀ ਰਿਪੋਰਟ ਜੱਜ ਨੂੰ ਫੜਾ ਦਿੱਤੀ। ਜੱਜ ਉੱਠ ਕੇ ਕੋਰਟ ਨਾਲ ਬਣੇ ਆਪਣੇ ਦਫ਼ਤਰ ਵਿਚ ਚਲੇ ਗਏ ਤੇ ਅੱਧੇ ਘੰਟੇ ਬਾਅਦ ਵਾਪਿਸ ਆਉਣ ਲਈ ਕਿਹਾ। ਸ਼ੇਰੇ ਨੂੰ ਪੁਲੀਸ ਕੋਰਟ ਦੇ ਅੰਦਰੋਂ ਹੀ ਬਣੇ ਰਾਹ ਰਾਹੀਂ ਜੁੜਵੀਂ ਹਵਾਲਾਤ ਵਿਚ ਲੈ ਗਈ।

ਅੱਧੇ ਘੰਟੇ ਬਾਅਦ ਜੱਜ ਆਏ ਤੇ ਵੱਡੇ ਜੱਜ ਨੇ ਫੈਸਲਾ ਸੁਣਾ ਦਿੱਤਾ। ਸ਼ੇਰੇ ਦੀ ਜ਼ਮਾਨਤ ਨਾ-ਮਨਜ਼ੂਰ ਕਰ ਦਿੱਤੀ ਤੇ ਉਸ ਨੇ ਉਸ ਦੇ ਕਾਰਨਾਂ ਦਾ ਵਿਸਥਾਰ ਵੀ ਦਿੱਤਾ ਜਿਹੜੇ ਸਰਕਾਰੀ ਵਕੀਲ ਦੀ ਦਲੀਲ ਦੀ ਪ੍ਰੋੜ੍ਹਤਾ ਕਰਦੇ ਸਨ।

ਸ਼ੇਰੇ ਨੇ ਸਿਰ ਹੱਥਾਂ ਵਿਚ ਲੈ ਲਿਆ ਪਰ ਪੁਲੀਸ ਵਾਲੇ ਜਲਦੀ ਨਾਲ ਉਸ ਨੂੰ ਪਹਿਲਾਂ ਵਾਂਗ ਹੀ ਅੰਦਰੇ ਅੰਦਰ ਵਾਪਿਸ ਲੈ ਗਏ।

***

ਅਦਾਲਤ ਵਿਚ ਸ਼ੇਰੇ ਦੇ ਕੇਸ ਦੀ ਤਰੀਕ ਨਿਸ਼ਚਤ ਹੋ ਗਈ। ਅਦਾਲਤ ਨੇ ਪਹਿਲਾਂ ਇਕ ਜਿਊਰੀ ਬਣਾਉਣੀ ਸੀ ਜਿਸ ਦੀ ਆਮ ਲੋਕਾਂ ਵਿਚੋਂ ਹੀ ਚੋਣ ਹੁੰਦੀ ਹੈ। ਅਦਾਲਤ ਜਿਹਨਾਂ ਆਮ ਲੋਕਾਂ ਨੂੰ ਚਿੱਠੀਆਂ ਪਾ ਕੇ ਜਿਊਰੀ ਸਰਵਿਸ ਲਈ ਸਦ ਲੈਂਦੀ ਹੈ ਉਹ ਆਪਣੇ ਕੰਮ ਤੋਂ ਛੁੱਟੀ ਲੈ ਕੇ ਓਨੇ ਦਿਨਾਂ ਦੇ ਪੈਸੇ ਅਦਾਲਤ ਤੋਂ ਵਸੂਲ ਕਰ ਸਕਦੇ ਹਨ। ਜੇ ਕੋਈ ਮੈਂਬਰ ਕੇਸ ਵਿਚ ਸ਼ਾਮਲ ਕਿਸੇ ਵੀ ਧਿਰ ਨੂੰ ਜਾਣਦਾ ਹੋਵੇ ਤਾਂ ਉਹ ਜਿਊਰੀ ਵਿਚ ਨਹੀਂ ਬੈਠ ਸਕਦਾ।

ਸ਼ੇਰੇ ਦੇ ਕੇਸ ਦੀ ਜਿਊਰੀ ਵੀ ਬਣਾ ਲਈ ਸੀ। ਜੱਜ ਨੇ ਪਹਿਲੇ ਦਿਨ ਜਿਊਰੀ ਨੂੰ ਸੰਬੋਧਨ ਕੀਤਾ ਤੇ ਜਿਊਰੀ ਦੀਆਂ ਜ਼ਿੰਮੇਵਾਰੀਆਂ ਅਤੇ ਕਨੂੰਨ ਦੀ ਇਮਾਨਦਾਰੀ ਨਾਲ ਰਾਖੀ ਕਰਦਿਆਂ ਬਿਨਾਂ ਕਿਸੇ ਭੇਦ ਭਾਵ ਜਾਂ ਕਿਸੇ ਦੇ ਵੀ ਪ੍ਰਭਾਵ ਤੋਂ ਬਿਨਾਂ ਆਪਣੀ ਰਾਇ ਦੇਣ ਲਈ ਮਾਨਸਿਕ ਤੌਰ 'ਤੇ ਤਿਆਰ ਕਰਨ ਦਾ ਯਤਨ ਕੀਤਾ। ਜੱਜ ਨੇ ਕਿਹਾ ਕਿ ਬਹੁਤ ਵਾਰ ਸਬੂਤ ਅਪਰਾਧੀ ਦੇ ਹੱਕ ਜਾਂ ਵਿਰੋਧ ਵਿਚ ਹਨ, ਇਸ ਵਿਚਕਾਰ ਇਕ ਬਹੁਤ ਬਰੀਕ ਰੇਖਾ ਹੁੰਦੀ ਹੈ। ਸਭ ਤੋਂ ਪਹਿਲਾ ਫਰਜ਼ ਤਾਂ ਅਪਰਾਧੀ ਨੂੰ ਸਜ਼ਾ ਦੇਣ ਦਾ ਹੈ। ਪਰ ਜੇ ਸਬੂਤ ਸਪੱਸ਼ਟ ਨਾ ਹੋਣ ਤਾਂ ਬੇਗੁਨਾਹ ਨੂੰ ਅਪਰਾਧੀ ਕਹਿਣ ਦੀ ਥਾਂ ਸ਼ੱਕ ਦਾ ਫਾਇਦਾ ਦੇ ਕੇ ਬੇਗੁਨਾਹ ਹੀ ਮੰਨਣਾ ਚਾਹੀਦਾ ਹੈ। ਸਾਡਾ ਕਨੂੰਨ ਬੇਗੁਨਾਹ ਨੂੰ ਸਜ਼ਾ ਨਹੀਂ ਦੇ ਸਕਦਾ। ਜਿਊਰੀ ਦਾ ਫੈਸਲਾ ਸਰਬਸੰਮਤੀ ਨਾਲ ਹੋਵੇ ਤਾਂ ਉਸ ਲਈ ਵੱਧ ਸਮਾਂ ਵੀ ਲੱਗ ਜਾਵੇ ਤਾਂ ਵੀ ਫਿਕਰ ਨਹੀਂ।

ਗਿਆਰਾਂ ਮੈਂਬਰਾਂ ਦੀ ਜਿਊਰੀ ਵਿਚੋਂ ਕਿਸੇ ਖਾਸ ਹਾਲਤ ਵਿਚ 9-2 ਦੀ ਅਨੁਪਾਤ ਹੋਵੇ ਤਾ ਜੱਜ ਬਹੁਸਮਮਤੀ ਦੇ ਫੈਸਲੇ ਨੂੰ ਵੀ ਮੰਨ ਸਕਦਾ ਹੈ। ਨਹੀਂ ਤਾਂ ਕੇਸ ਦੁਵਾਰਾ ਸ਼ੁਰੂ ਕਰਨਾ ਪੈ ਸਕਦਾ ਹੈ।

ਕੇਸ ਸ਼ੁਰੂ ਹੋਇਆ ਤਾਂ ਪਹਿਲਾਂ ਪ੍ਰਾਸੀਕਿਊਟਰ ਨੇ ਕੇਸ ਰੱਖਿਆ ਤੇ ਫਿਰ ਬਚਾਅ ਦੇ ਪੱਖ ਦੇ ਵਕੀਲਾਂ ਨੇ ਆਪਣੀਆਂ ਦਲੀਲਾਂ ਦਿੱਤੀਆਂ। ਮੌਕੇ ਦਾ ਗਵਾਹ ਤਾਂ ਕੋਈ ਹੈ ਨਹੀਂ ਸੀ। ਪਰ ਪੋਸਟ ਮਾਰਟਮ ਦੀ ਰਿਪੋਰਟ, ਡਾਕਟਰ ਦੀ ਰਿਪੋਰਟ, ਪੁਲੀਸ ਅਫਸਰਾਂ ਦੇ ਬਿਆਨ ਤੇ ਦੋਵਾਂ ਪੱਖਾਂ ਦੇ ਵਕੀਲਾਂ ਦੇ ਸਵਾਲ ਜਵਾਬ।

ਜਦ ਅਸਲਮ ਗਵਾਹੀ ਦੇ ਰਿਹਾ ਸੀ ਤਾਂ ਆਪਣੇ ਵਕੀਲਾਂ ਨਾਲ ਕੁਰਸੀ ’ਤੇ ਬੈਠਾ ਸ਼ੇਰਾ ਕਚੀਚੀਆਂ ਲੈ ਰਿਹਾ ਸੀ। ਜੇ ਉਸ ਦਾ ਵੱਸ ਚਲਦਾ ਤਾਂ ਉਹ ਉਸ ਨੂੰ ਵੀ ਖਤਮ ਕਰ ਦਿੰਦਾ। ਅਸਲਮ ਵੀ ਡਰਿਆ ਜਿਹਾ ਕਟਹਿਰੇ ਵਿਚ ਖੜ੍ਹਾ ਬੋਲ ਰਿਹਾ ਸੀ ਕਦੀ ਕਦੀ ਉਸ ਦੀ ਜ਼ੁਬਾਨ ਕੰਬ ਜਾਂਦੀ।

ਦੋ ਹਫ਼ਤੇ ਕੇਸ ਚਲਦਾ ਰਿਹਾ ਤੇ ਅਖੀਰ ਜੱਜ ਨੇ ਜਿਊਰੀ ਨੂੰ ਵਿਚਾਰ ਕਰਨ ਲਈ ਭੇਜ ਦਿੱਤਾ। ਇਸ ਸਮੇਂ ਵਿਚ ਉਹ ਕਿਸੇ ਬਾਹਰਲੇ ਇਨਸਾਨ ਨਾਲ ਗੱਲ ਨਹੀਂ ਕਰ ਸਕਦੇ ਸਨ। ਆਪਸ ਵਿਚ ਹੀ ਵਿਚਾਰ ਕਰ ਸਕਦੇ ਸਨ। ਮੁਖ ਮੰਤਵ ਇਹ ਹੁੰਦਾ ਹੈ ਕਿ ਕਿਸੇ ਮੈਂਬਰ ’ਤੇ ਕਿਸੇ ਹੋਰ ਦੇ ਵਿਚਾਰਾਂ ਦਾ ਪ੍ਰਭਾਵ ਨਾ ਪਵੇ ਜਿਸ ਕਾਰਨ ਫੈਸਲਾ ਪ੍ਰਭਾਵਤ ਹੋ ਸਕਦਾ ਹੈ।

ਸੱਤ ਘੰਟੇ ਦੇ ਵਿਚਾਰ ਵਟਾਂਦਰੇ ਬਾਅਦ ਸਰਬਸੰਤੀ ਨਾਲ ਸ਼ੇਰੇ ਨੂੰ ਅਪਰਾਧੀ ਮੰਨਿਆ ਤੇ ਜੱਜ ਨੇ ਦੋ ਹਫਤੇ ਬਾਅਦ ਉਸ ਨੂੰ ਸਜ਼ਾ ਸੁਣਾ ਦਿੱਤੀ। ਸ਼ੇਰੇ ਦਾ ਰੋਣ ਨੂੰ ਦਿਲ ਕਰਦਾ ਸੀ ਪਰ ਉਸ ਨੇ ਆਪਣੇ ਆਪ ’ਤੇ ਜ਼ਬਤ ਰੱਖਿਆ। ਉਸ ਨੇ ਉਦਾਸ ਨਜ਼ਰਾਂ ਨਾਲ ਨਾਜਰ ਤੇ ਮਾਸਟਰ ਜੀ ਵੱਲ ਵੇਖਿਆ।

***

‘ਨਾਜਰ ਸਿਆਂ ਮੈਨੂੰ ਸ਼ੇਰੇ ਦੇ ਕੀਤੇ ’ਤੇ ਕਦੇ ਕਦੇ ਰੰਜ ਆਉਂਦਾ। ਜੇ ਉਹਨੇ ਸੱਚੀਂ ਇਹ ਕੀਤਾ ਹੋਇਆ ਤੇ ਮੇਰਾ ਦਿਲ ਮੰਨਦਾ ਬਈ ਇਹ ਉਸ ਦੀ ਕੀਤੀ ਈ ਐ।’ ਮਾਸਟਰ ਨੇ ਵਾਪਿਸੀ ’ਤੇ ਗੱਲ ਸ਼ੁਰੂ ਕਰ ਲਈ। ਇਸ ਵਿਸ਼ੇ ’ਤੇ ਉਹਨਾਂ ਨੇ ਕਈ ਵਾਰ ਗੱਲਾਂ ਕੀਤੀਆਂ ਸਨ। ਇਹ ਵੀ ਦੁਹਰਾਉਣ ਵਾਲੀ ਗੱਲ ਸੀ।

‘ਸਾਲਾ ਸਾਰਾ ਕੁਸ ਈ ਵਿਗੜ ਗਿਆ। ਘਰ ਈ ਖਤਮ ਹੋ ਗਿਆ ਸਮਝ। ਪਰ ਜੀਤਾਂ ਨੇ ਵੀ ਗਲਤੀ ਕੀਤੀ। ਬੰਦੇ ਨੂੰ ਇਹੋ ਜਿਹੇ ਸਮੇਂ ਸਬਰ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ। ਅੱਖੀਂ ਦੇਖ ਕੇ ਮੱਖੀ ਨੀ ਨਿਗਲੀ ਜਾਂਦੀ--।’

‘ਗਲਤੀ ਪਹਿਲਾਂ ਕਿਹਨੇ ਕੀਤੀ? ਪਹਿਲਾਂ ਤਾਂ ਜੀਤਾਂ ਦੇ ਮਾਪਿਆਂ ਨੇ ਕੀ ਵੇਖਿਆ? ਸ਼ੇਰਾ ਆਪਣਾ ਯਾਰ ਐ ਪਰ ਉਹ ਕਿਵੇਂ ਵੀ ਜੀਤਾਂ ਦੇ ਕਾਬਲ ਨਈਂ ਸੀ। ਤੂੰ ਹੋਰ ਦੱਸ ਯਾਰ ਜੇ ਜੀਤਾਂ ਦੀ ਥਾਂ ਕੋਈ ਰਿਸ਼ਤੇਦਾਰੀ ’ਚੋਂ ਉਹਨੂੰ ਕਿਸੇ ਅਣਪੜ੍ਹ, ਪੰਜਤਾਲੀ-ਪੰਜਾਹ ਸਾਲ ਦੀ ਵਿਧਵਾ ਔਰਤ ਦੀ ਦੱਸ ਪਾਉਂਦੇ ਫੇਰ ਭਲਾ ਸ਼ੇਰਾ ਮੰਨਦਾ?’ ਮਾਸਟਰ ਨੇ ਦਲੀਲ ਦਿੱਤੀ।

ਨਾਜਰ ਨੇ ਸਿਰ ਹਿਲਾਇਆ ਤੇ ਨਾਲ ਹੀ ਬੋਲਿਆ, ‘ਨਾ ਜੀ ਕਦੇ ਵੀ ਨਾ।’

'ਤੇ ਫੇਰ ਜੀਤਾਂ ਬਾਰੇ ਵੀ ਉਹਨੂੰ ਸੋਚਣਾ ਚਾਹੀਦਾ ਸੀ। ਇੰਗਲੈਂਡ ਦਾ ਵਸਨੀਕ ਹੋਣਾ ਕੋਈ ਡਿਗਰੀ ਨੀ। ਸਾਰੀ ਉਮਰ ਤਾਂ ਮੋਹ ਪਿਆਰ ਨਾਲ ਨਿਕਲਦੀ ਐ। ਜਿਥੇ ਕੁਸ ਵੀ ਸਾਂਝਾਂ ਨਾ ਹੋਣ ਉਥੇ ਭਲਾ ਕਿਵੇਂ ਪਿਆਰ ਬਣੂੰ ਤੇ ਕਿਵੇਂ ਸਮਝ ਬਣੂੰ? ਇਹਨਾਂ ਦਾ ਵੀ ਇਹੋ ਹਾਲ ਸੀ। ਪਹਿਲਾਂ ਗਲਤੀ ਜੀਤਾਂ ਨੇ ਨੀ ਸ਼ੇਰੇ ਤੇ ਬਾਕੀਆਂ ਨੇ ਕੀਤੀ। ਉਹਨਾਂ ਦੀ ਗਲਤੀ ਨੇ ਜੀਤਾਂ ਤੋਂ ਵੀ ਗਲਤੀ ਕਰਾ ਦਿੱਤੀ। ਜਾਂ ਇਹ ਵੀ ਸੰਭਵ ਐ ਬਈ ਜੀਤਾਂ ਨੇ ਅਚੇਤ ਹੀ ਬਦਲਾ ਲਿਆ ਹੋਵੇ ਤੇ ਉਸ ਬੰਦੇ ਨਾਲ ਸਬੰਧ ਉਸ ਦੇ ਬਦਲੇ ਦਾ ਸਿੱਟਾ ਹੋਣ। ਪਰ ਹਰ ਹਾਲਤ ਵਿਚ ਉਸ ਨੂੰ ਮੌਤ ਨਹੀਂ ਸੀ ਮਿਲਣੀ ਚਾਹੀਦੀ।'

ਨਾਜਰ ਮਾਸਟਰ ਨਾਲ ਸਹਿਮਤ ਵੀ ਸੀ। ਪਰ ਅੰਦਰੇ ਅੰਦਰ ਉਹ ਵੀ ਔਰਤ ਨੂੰ ਗੁਲਾਮ ਹੀ ਸਮਝਦਾ ਸੀ। ਜਗੀਰੂ ਸੋਚ ਉਸ 'ਤੇ ਵੀ ਭਾਰੂ ਸੀ। ਭਾਂਵੇਂ ਉਸ ਨੇ ਕਦੇ ਪ੍ਰੀਤੋ ਨਾਲ ਮਾਰ-ਕੁੱਟ ਨਹੀਂ ਸੀ ਕੀਤੀ ਤੇ ਉਸ ਨੂੰ ਸਤਿਕਾਰ ਨਾਲ ਬੁਲਾਉਂਦਾ ਸੀ। ਪਰ ਉਹ ਜੀਤਾਂ ਦੀ ਕਰਨੀ ਨੂੰ ਹਜ਼ਮ ਨਹੀਂ ਸੀ ਕਰ ਸਕਿਆ। ਮਾਸਟਰ ਦੀ ਦਲੀਲ ਦਾ ਉਸ ਕੋਲ ਜਵਾਬ ਨਹੀਂ ਸੀ।

'ਏਦੂੰ ਤਾਂ ਚੰਗਾ ਸੀ ਜੀਤਾਂ ਇਹਦੇ ਨਾਲ ਵਿਆਹ ਕਰਾਉਣ ਤੋਂ ਈ 'ਨਕਾਰੀ ਹੋ ਜਾਂਦੀ। ਆਵਦੀ ਜਾਨ ਵੀ ਗਈ ਤੇ ਇਹਦੀ ਵੀ ਉਮਰ ਖਰਾਬ ਹੋ ਜੂ।' ਨਾਜਰ ਦੇ ਜਵਾਬ ਵਿਚ ਉਲਾਂਭਾ ਸੀ।

'ਨਾਜਰ ਸਿਆਂ ਔਰਤ ਵਿਚਾਰੀ ਦੇ ਵੱਸ ਕੀ ਐ! ਜੇ ਧੱਕੇ ਨਾਲ ਨੀ ਮੰਨਦੀ ਤਾਂ ਮਾਂ-ਬਾਪ ਉਹਨੂੰ ਹੱਥ ਬੰਨ੍ਹ ਕੇ ਬਲੈਕਮੇਲ ਕਰਦੇ ਆ। ਉਹ ਤਾਂ ਵਿਚਾਰੀ ਕਿਸੇ ਨਾ ਕਿਸੇ ਟੋਏ ਟਿੱਬੇ 'ਚ ਧੱਕ ਈ ਦਿੱਤੀ ਜਾਂਦੀ ਐ। ਜੇ ਸ਼ੇਰੇ ਵਿਚ ਅਕਲ ਹੁੰਦੀ ਤਾਂ ਉਹਦੇ ਦਿਲ ਤੱਕ ਪਹੁੰਚਣ ਦੀ ਕੋਸਿਸ਼ ਕਰਦਾ ਜਿਹੜੀ ਉਹਨੇ ਨਹੀਂ ਕੀਤੀ।'

ਮਾਸਟਰ ਦੀਆਂ ਗੱਲਾਂ ਦਾ ਨਾਜਰ ਕੋਲ ਕੋਈ ਜਵਾਬ ਨਹੀਂ ਸੀ। ਗੱਲਾਂ ਕਰਦੇ ਉਹ ਦੁਕਾਨ 'ਤੇ ਪਹੁੰਚ ਗਏ। ਪ੍ਰੀਤੋ ਨੇ ਬਿਨਾਂ ਪੁੱਛਿਆਂ ਉਹਨਾਂ ਨੂੰ ਚਾਹ ਬਣਾ ਦਿੱਤੀ। ਪਰ ਉਸ ਨੇ ਸ਼ੇਰੇ ਬਾਰੇ ਕੁਝ ਨਾ ਪੁੱਛਿਆ।

## 18

ਐਨ ਆਪਣੇ ਘਰ ਕੰਪਿਊਟਰ ’ਤੇ ਕੰਮ ਕਰ ਰਹੀ ਸੀ ਜਦੋਂ ਉਸ ਦੇ ਟੈਲੀਫ਼ੋਨ ’ਤੇ ‘ਅਲਰਟ’ ਦੀ ਟੋਨ ਆਈ। ਉਸ ਨੇ ਫ਼ੋਨ ਆਨ ਕੀਤਾ। ਬੌਬ ਦੇ ਦਫ਼ਤਰ ਵਿਚ ਗੱਲ-ਬਾਤ ਚੱਲ ਰਹੀ ਸੀ। ਉਥੇ ਕਈ ਬੰਦੇ ਹਾਜ਼ਰ ਲਗਦੇ ਸਨ। ਉਸ ਨੇ ਰਿਚਰਡ ਤੇ ਸਕੌਟ ਨੂੰ ਮੈਸਿਜ ਪਾਇਆ ਤੇ ਆਪ ਕਾਰ ਲੈ ਕੇ ਫ਼ੋਨ ਆਨ ਕਰਕੇ ਬੌਬ ਦੇ ਦਫ਼ਤਰ ਦੇ ਨੇੜੇ ਪਹੁੰਚ ਗਈ। ਉਸ ਨੇ ਬੌਬ ਦੀ ਕੈਸ਼ ਐਂਡ ਕੈਰੀ ਵਿਚ ਖੜੀਆਂ ਗੱਡੀਆਂ ਦੇ ਰਜਿਸਟਰੇਸ਼ਨ ਨੰਬਰਾਂ ਦੀਆਂ ਫੋਟੋ ਖਿੱਚੀਆਂ। ਇੰਝ ਉਹ ਸਾਰੇ ਨਹੀਂ ਤਾਂ ਬਹੁਤੇ ਹਾਜ਼ਰ ਬੰਦਿਆਂ ਦਾ ਪਤਾ ਲਗਾ ਸਕਦੀ ਸੀ।

‘ਕਾਊਂਸਲ ਦੀਆਂ ਚੋਣਾਂ ਵਿਚ ‘ਫਿਊਚਰ ਪਾਰਟੀ’ ਦੀ ਜਿੱਤ ਦਾ ਪੂਰਾ ਡਰ ਐ। ਅਜਿਹਾ ਹੋਣ ਦੀ ਹਾਲਤ ਵਿਚ ਸਾਡੇ ਬਿਜਨਸ ਨੂੰ ਬਹੁਤ ਫਰਕ ਪਵੇਗਾ।’ ਮਿਸਟਰ ਰੰਧਾਵਾ ਬੋਲ ਰਿਹਾ ਸੀ।

‘ਪਾਰਟੀਆਂ ਬਣਦੀਆਂ ਰਹਿੰਦੀਆਂ ਤੇ ਜਿੱਤਦੀਆਂ ਵੀ ਰਹਿੰਦੀਆਂ। ਸੈਂਟਰ ਸਰਕਾਰ ਤਾਂ ਕੋਈ ਵੱਡੀ ਤਬਦੀਲੀ ਲਿਆ ਸਕਦੀ ਐ ਪਰ ਕਾਊਂਸਲ ਦੇ ਹੱਥ ਵੱਸ ਬਹੁਤਾ ਨਹੀਂ ਹੁੰਦਾ। ਵੈਸੇ ਮੈਂ ਹੱਕ ’ਚ ਆਂ ਕਿ ਫਿਊਚਰ ਪਾਰਟੀ ਨੂੰ ਹਰਾਉਣ ਦੀ ਹਰ ਕੋਸਿਸ਼ ਕੀਤੀ ਜਾਵੇ।’ ਕਿਸੇ ਹੋਰ ਦੀ ਆਵਾਜ਼ ਸੁਣਾਈ ਦਿੱਤੀ।

‘ਪਰ ਜੇ ਕਾਊਂਸਲ ਚਾਹੇ ਤਾਂ ਬਿਜਨਸ ਨੂੰ ਫਰਕ ਪਾ ਹੀ ਸਕਦੀ ਐ। ਗੈਰੀ ਨੇ ਪੂਰੀ ਤਿਆਰੀ ਕੀਤੀ ਹੋਈ ਸੀ। ਉਸ ਨੇ ਸਾਰੀ ਵਿਉਂਤ ਉਲੀਕੀ ਹੋਈ ਸੀ। ਆਵਦੀ ਕੰਪਨੀ ਵਿਚ ਤਾਂ ਉਸ ਨੇ ਆਪਣੀ ਸਕੀਮ ਲਾਗੂ ਵੀ ਕਰ ਦਿੱਤੀ ਸੀ---।’ ਬੌਬ ਬੋਲ ਰਿਹਾ ਸੀ ਤੇ ਐਨ ਦੇ ਕੰਨ ਖੜ੍ਹੇ ਹੋ ਗਏ।

‘ਕੀ ਸਕੀਮ ਲਾਗੂ ਕੀਤੀ ਆ?

‘ਘੱਟ ਤੋਂ ਘੱਟ ਤਨਖਾਹ ਲੈਣ ਵਾਲੇ ਵਰਕਰ ਤੋਂ ਡਾਇਰੈਕਟਰਾਂ ਦੀਆਂ ਤਨਖਾਹਾਂ ਸੌ ਗੁਣਾਂ ਤੋਂ ਵੀ ਵੱਧ ਹੁੰਦੀਆਂ। ਕਈ ਹਾਲਤਾਂ ਵਿਚ ਕਈ ਸੈਂਕੜੇ ਗੁਣਾ ਵੀ ਵੱਧ ਹੁੰਦੀਆਂ। ਗੈਰੀ ਨੇ ਆਪਣੀ ਕੰਪਨੀ ਵਿਚ ਘੱਟ ਤੋਂ ਘੱਟ ਤਨਖਾਹ ਵਾਲੇ ਵਰਕਰ ਤੋਂ ਵੱਧ ਤੋਂ ਵੱਧ ਤਨਖਾਹ ਦੀ ਅਨੁਪਾਤ ਦਸ ਗੁਣਾ ਮਿਥ ਦਿੱਤੀ। ਨਾਲ ਹੀ ਵਰਕਰਾਂ ਨੂੰ ਜੇ ਚਾਹੁਣ ਤਾਂ ਕੰਪਨੀ ਵਿਚ ਸ਼ੇਅਰ ਖਰੀਦਣ ਦੀ ਪੇਸ਼ਕਸ਼ ਕੀਤੀ।’

‘ਇਹ ਤਾਂ ਉਹਦੀ ਮਰਜ਼ੀ ਆ ਭਾਂਵੇਂ ਸਾਰਿਆਂ ਦੀ ਤਨਖਾਹ ਬਰਾਬਰ ਕਰ ਦੇਵੇ। ਆਪਾਂ ਆਪਣੀ ਮਰਜ਼ੀ ਨਾਲ ---।’

‘ਜੇ ਕੌਂਸਲ ਸਿੱਧੇ ਵਿੰਗੇ ਢੰਗ ਨਾਲ ਇਹ ਸ਼ਰਤ ਬਣਾ ਦੇਵੇ ਜਾਂ ਤੁਹਾਡੇ ਨਾਲ ਹੀ ਕਿਸੇ ਇਹੋ ਜਿਹੀ ਕੰਪਨੀ ਨੂੰ ਤੁਹਾਡੇ ਵਾਲੇ ਕੰਮ ਦੀ ਇਜਾਜ਼ਤ ਦੇ ਦੇਵੇ ਜਾਂ ਹੋਰ ਵੀ ਜੋ

ਉਹ ਕਰ ਸਕਦੇ ਹੋਣ ਕਰਨ ਤਾਂ ਫੇਰ ਫਰਕ ਪਊਗਾ ਈ। ਨਾਲੇ ਗੱਲ ਸਹੇ ਦੀ ਨਹੀਂ ਪਹੇ ਦੀ ਐ।' ਵੱਡਾ ਰੰਧਾਵਾ ਬੋਲਿਆ।

ਕੁਝ ਦੇਰ ਚੁੱਪ ਛਾਈ ਰਹੀ। ਸਭ ਆਪਣੀਆਂ ਦਲੀਲਾਂ ਦਿੰਦੇ ਰਹੇ।

'ਗੈਰੀ ਤਾਂ ਮਰ ਨੀ ਗਿਆ?' ਕਿਸੇ ਨੇ ਸਵਾਲ ਕੀਤਾ।

'ਆਹੋ ਉਹਦਾ ਕਤਲ ਹੋ ਗਿਆ।' ਬੌਬ ਦੇ ਬੋਲਾਂ ਵਿਚ ਬੇਪ੍ਰਵਾਹੀ ਸੀ।

'ਕਾਤਲ ਦਾ ਕੋਈ ਪਤਾ ਲੱਗਿਆ--?'

'ਨਹੀਂ ਅਜੇ ਤੱਕ ਨੀ। ਪਰ ਆਪਾਂ ਨੂੰ ਸੋਚਣਾ ਚਾਹੀਦਾ। ਜੇ ਹੋ ਸਕੇ ਤਾਂ ਜਿਹੜੇ ਬਾਕੀ ਦੇ ਫਿਊਚਰ ਪਾਰਟੀ ਦੇ ਲੀਡਰ ਐ ਉਹਨਾਂ ਨੂੰ ਮਿਲਿਆ ਜਾਣਾ ਚਾਹੀਦਾ। ਤਨਖਾਹਾਂ ਸਬੰਧੀ ਕੰਪਨੀਆਂ ਨੂੰ ਅਜ਼ਾਦ ਰਹਿਣਾ ਚਾਹੀਦਾ। ਵਰਕਰਾਂ ਨੂੰ ਸਿਰ ਨੀ ਚੜ੍ਹਾਉਣਾ ਚਾਹੀਦਾ। ਨਹੀਂ ਤਾਂ ਇਹ ਸਿਰ ਵਿਚ ਗਲੀਆਂ ਕਰਨਗੇ----।'

'ਗੈਰੀ ਦੀ ਕੰਪਨੀ ਤਾਂ ਚੰਗੀ ਕਮਾਈ ਕਰਦੀ ਆ। ਉਹਨੂੰ ਇਹ ਕਾਮਰੇਡੀ ਦੀ ਬਿਮਾਰੀ ਕਿਥੋਂ ਆ ਲੱਗੀ?'

'ਉਹਦੇ ਗਰੈਂਡਫਾਦਰ ਦਾ ਇਕ ਦੋਸਤ ਸੀ ਮਾਸਟਰ ਅਤਰ ਸਿੰਘ। ਉਹਨੇ ਗੈਰੀ ਦੇ ਪਿਉ ਪੈਵ ਸਹੋਤੇ ਨੂੰ 'ਪੁੱਠੀ ਮੱਤ' ਦਿਤੀ ਸੀ। ਮਾਸਟਰ ਆਪ ਸਾਰੀ ਉਮਰ ਟਰੇਡ ਯੂਨੀਅਨਾਂ 'ਚ ਧੱਕੇ ਖਾਂਦਾ ਰਿਹਾ।' ਰੰਧਾਵੇ ਨੇ ਜਵਾਬ ਦਿੱਤਾ।

ਕੁਝ ਦੇਰ ਬਾਅਦ ਮੀਟਿੰਗ ਖਤਮ ਹੋ ਗਈ ਤੇ ਕਾਰਾਂ ਵਿਚ ਬੈਠ ਕੇ ਲੋਕ ਜਾਣ ਲੱਗੇ। ਐਨ ਅਜੇ ਵੀ ਕਾਰ ਵਿਚ ਬੈਠੀ ਲੋੜ ਅਨੁਸਾਰ ਫੋਟੋ ਲੈ ਰਹੀ ਸੀ। ਟੈਲੀਫ਼ੋਨ 'ਚੋਂ ਫਿਰ ਆਵਾਜ਼ ਆਈ।

'ਇਹ ਗੈਰੀ ਆਲੇ ਕੇਸ ਬਾਰੇ ਫੇਰ ਤਾਂ ਨੀ ਪੁੱਛ ਪੜਤਾਲ ਕੀਤੀ ਕਿਸੇ ਨੇ।'

'ਨਹੀਂ, ਮੈਂ ਲੰਡਨ ਚੱਲਿਆਂ।' ਬੌਬ ਦੀ ਆਵਾਜ਼ ਸੀ। ਐਨ ਨੇ ਗੱਡੀ ਸਟਾਰਟ ਕੀਤੀ ਤੇ ਚੱਲ ਪਈ।

***

ਟੋਨੀ ਨੇ ਰੰਧਵੇ ਦੇ ਕੰਪਿਊਟਰ ਤੱਕ ਪਹੁੰਚ ਕੀਤੀ। ਜਿਥੇ ਉਸ ਨੇ ਕੰਪਿਊਟਰ ਵਿਚ ਕੁਝ ਕੁ ਸੁਰੱਖਿਆ ਦੇ ਪ੍ਰਬੰਧ ਕੀਤੇ ਉਥੇ ਉਸ ਨੇ ਆਪਣੀ ਪਹੁੰਚ ਵੀ ਬਣਾ ਲਈ ਸੀ। ਰੰਧਾਵੇ ਦੀਆਂ ਆਉਣ ਵਾਲੀਆਂ ਗੈਰ ਕਨੂੰਨੀ ਡਲਿਵਰੀਆਂ ਦਾ ਲੇਖਾ-ਜੋਖਾ ਉਸ ਨੂੰ ਮਿਲ ਗਿਆ ਸੀ। ਉਹਨਾਂ ਨੂੰ ਲੁਕਾਉਣ ਲਈ ਬਣਾਏ ਨਕਲੀ ਬਿੱਲ ਵੀ ਉਸ ਨੇ ਕਾਬੂ ਹੇਠ ਕਰ ਲਏ ਸਨ। ਹੁਣ ਤੋਂ ਹਰੇਕ ਆਉਣ ਜਾਣ ਵਾਲੀ ਈਮੇਲ ਟੋਨੀ ਦੇ 'ਇਨ ਬੌਕਸ' ਵਿਚ ਆਪਣੇ ਆਪ ਹੀ ਪਹੁੰਚ ਜਾਣੀ ਸੀ।

ਟੋਨੀ ਨੇ ਇਕ ਵਾਰ ਫਿਰ ਰੰਧਾਵੇ ਦੀ ਸੜਕ ਵੱਲ ਚੱਕਰ ਮਾਰਿਆ। ਫਿਰ ਉਹ ਨਾਲ ਦੀ ਸੜਕ 'ਤੇ ਬੌਬ ਦੇ ਘਰ ਵੱਲ ਚਲਾ ਗਿਆ। ਘਰ ਤੋਂ ਕੁਝ ਦੂਰ ਉਹ ਖੜ੍ਹਾ ਰਿਹਾ ਤੇ ਬੌਬ ਦੇ ਘਰ ਬਾਰੇ ਸੋਚਦਾ ਰਿਹਾ। ਅਚਾਨਕ ਉਸ ਨੂੰ ਸਾਹਮਣਿਉਂ ਕੋਈ

ਆਦਮੀ ਆਉਂਦਾ ਦਿਸਿਆ। ਟੋਨੀ ਹੈਰਾਨੀ ਨਾਲ ਵੇਖਣ ਲੱਗਾ। ਉਸ ਨੂੰ ਤਾਂ ਇਹ ਕਿਸੇ ਦਾ ਗਾਰਡਨ ਲੱਗਾ ਸੀ। ਧਿਆਨ ਨਾਲ ਵੇਖਿਆ ਤਾਂ ਉਹ ਆਦਮੀ ਇਕ ਪਤਲੇ ਜਿਹੇ ਰਾਹ ਵਿਚੋਂ ਦੀ ਸੜਕ ’ਤੇ ਆ ਗਿਆ। ਉਸ ਦੇ ਲੰਘਣ ਬਾਅਦ ਟੋਨੀ ਗੱਡੀ ਵਿਚੋਂ ਨਿਕਲਿਆ ਤੇ ਉਸ ਪਤਲੇ ਜਿਹੇ ਰਾਹ ਵੱਲ ਤੁਰ ਪਿਆ। ਟੋਨੀ ਅੱਗੇ ਗਿਆ ਤਾਂ ਇਹ ਗਲੀ ਗੈਰੀ ਦੇ ਘਰ ਦੇ ਤਕਰੀਬਨ ਸਾਹਮਣੇ ਨਿਕਲਦੀ ਸੀ। ਟੋਨੀ ਨੂੰ ਹੈਰਾਨੀ ਹੋਈ। ਉਸ ਨੇ ਵੀ ਇਹ ਹਰਿਆਵਲ ਵਿਚ ਗੁਆਚੀ ਗਲੀ ਵੱਲ ਧਿਆਨ ਹੀ ਨਹੀਂ ਦਿੱਤਾ ਸੀ। ਉਹ ਵਾਪਿਸ ਉਸ ਰਾਹ ਹੀ ਆਪਣੀ ਕਾਰ ਵੱਲ ਚਲਾ ਗਿਆ।

***

ਸਕੌਟ ਨੇ ਸਵੇਰੇ ਉੱਠ ਕੇ ਆਪਣੇ ਫ਼ੋਨ ’ਤੇ ਹੀ ਈ ਮੇਲ ਚੈਕ ਕੀਤੀ। ਉਸ ਦੀ ਆਪਣੀ ਨਵੀਂ ਬਣਾਈ ਈ ਮੇਲ ’ਤੇ ਇਕ ਅਣ-ਪੜ੍ਹੀ ਈ ਮੇਲ ਸੀ। ਟੋਨੀ ਬਿਨਾਂ ਇਸ ਦੀ ਆਈ ਡੀ ਹੋਰ ਕਿਸੇ ਕੋਲ ਨਹੀਂ ਸੀ। ਉਸ ਨੇ ਈ ਮੇਲ ਖੋਲ੍ਹੀ। ਇਹ ਈ ਮੇਲ ‘ਨੇਬਰ ਵਾਚ’ ਦੇ ਨਾਂ ਹੇਠ ਸੀ। ਸਕੌਟ ਨੇ ਖੋਲ੍ਹੀ ਤਾਂ ਇਸ ਵਿਚ ਇਕ ਵੀਡੀਓ ਸੀ। ਟੋਨੀ ਨੇ ਗੈਰੀ ਅਤੇ ਬੌਬ ਦੇ ਘਰ ਨੂੰ ਜੋੜਦੀ ਗਲੀ ਦੀ ਵੀਡੀਓ ਭੇਜੀ ਸੀ। ਸਕੌਟ ਨੂੰ ਹੈਰਾਨੀ ਹੋਈ। ਕਿਸੇ ਨੇ ਵੀ ਇਸ ਗਲੀ ਵੱਲ ਧਿਆਨ ਨਹੀਂ ਸੀ ਦਿੱਤਾ। ਇਹ ਕਿਵੇਂ ਹੋ ਸਕਦਾ ਸੀ? ਸਕੌਟ ਨੂੰ ਆਪਣੇ ਆਪ ’ਤੇ ਗੁੱਸਾ ਆਇਆ। ਉਸ ਨੇ ਰਿਚਰਡ ਤੇ ਐਨਾ ਨੂੰ ਈਮੇਲ ਪਾਈ ਅਤੇ ਇਸ ਗਲੀ ਦਾ ਨਿਰੀਖਣ ਕਰਨ ਲਈ ਕਿਹਾ।

ਅਗਲੇ ਦਿਨ ਸਕੌਟ ਵੀ ਉਥੇ ਚਲਾ ਗਿਆ। ਕੁਝ ਦੇਰ ਉਹ ਕਾਰ ਵਿਚ ਬੈਠਾ ਵੇਖਦਾ ਰਿਹਾ ਤੇ ਸੋਚਦਾ ਰਿਹਾ। ਫਿਰ ਉਹ ਗੱਡੀ ਵਿਚੋਂ ਉੱਤਰਿਆ ਤੇ ਗਲੀ ਵਿਚ ਚਲਾ ਗਿਆ। ਉਹ ਬੌਬ ਦੇ ਘਰ ਨੂੰ ਕੁਝ ਦੇਰ ਨਿਹਾਰਦਾ ਰਿਹਾ ਤੇ ਵਾਪਿਸ ਆ ਗਿਆ। ਉਹ ਸੋਚ ਰਿਹਾ ਸੀ ਕਾਤਲ ਲਈ ਇਸ ਗਲੀ ਵਿਚੋਂ ਦੀ ਲੰਘਣਾ ਕਿੰਨਾ ਸੌਖਾ ਸੀ ਤੇ ਉਸ ਨੂੰ ਕਿਸੇ ਨੇ ਵੇਖਣਾ ਵੀ ਨਹੀਂ ਸੀ। ਤੇ ਜੇ ਬੌਬ ਦਾ ਇਸ ਵਿਚ ਹੱਥ ਹੋਇਆ ਤਾਂ ਉਸ ਨੂੰ ਗੈਰੀ ਦੇ ਘਰੋਂ ਕਤਲ ਕਰਨ ਬਾਅਦ ਜਾਣਾ ਜਾਂ ਆਉਣਾ ਬਹੁਤ ਸੌਖਾ ਸੀ। ਉਸ ਨੂੰ ਇਕ ਵਾਰ ਫਿਰ ਉਸ ਦਿਨ ਦੀ ਵੀਡੀਉ ਰਿਕਾਰਡਿੰਗ ਦੇਖਣੀ ਪੈਣੀ ਸੀ। ਉਹ ਗੱਡੀ ਵਿਚ ਆ ਬੈਠਾ। ਉਸ ਨੇ ਗੱਡੀ ਤੋਰੀ ਤਾਂ ਉਸ ਨੇ ਬੌਬ ਦੇ ਘਰ ਵੱਲ ਗੱਡੀ ਮੋੜ ਲਈ। ਉਹ ਕੁਝ ਦੇਰ ਗੱਡੀ ਵਿਚ ਬੈਠਾ ਵੇਖਦਾ/ਸੋਚਦਾ ਰਿਹਾ। ਬੌਬ ਦੇ ਘਰ ਤੋਂ ਗਲੀ ਤੱਕ ਪਹੁੰਚਣ ਲਈ ਮਸਾਂ ਪੰਜ ਸੱਤ ਸੈਕਿੰਡ ਦਾ ਰਾਹ ਸੀ।

ਸਕੌਟ ਦੇ ਮਨ ਵਿਚ ਕਈ ਸਵਾਲ ਉੱਠੇ।

***

ਐਨਾ ਨੇ ਬੌਬ ਦੇ ਦਫ਼ਤਰ ਵਿਚ ਹੁੰਦੀ ਵਾਰਤਾਲਾਪ ਸੁਣੀ ਤਾਂ ਉਹ ਰਿਚਰਡ ਨੂੰ ਮਿਲਣ ਚਲੀ ਗਈ। ਉਸ ਨੇ ਰਿਚਰਡ ਨਾਲ ‘ਯੰਗ ਨਾਈਟ’ ਕਲੱਬ ਵਿਚ ਜਾਣ ਬਾਰੇ ਵਿਚਾਰ ਕੀਤੀ। ਬੌਬ ਵੀ ਜਾ ਰਿਹਾ ਸੀ। ਸ਼ਾਇਦ ਕੋਈ ਕੰਮ ਦੀ ਲੀਡ ਮਿਲ ਜਾਵੇ।

ਰਿਚਰਡ ਤੇ ਐਨ ਦੋਹਾਂ ਨੇ ਆਪਣਾ ਹੁਲੀਆ ਥੋੜ੍ਹਾ ਬਦਲ ਲਿਆ ਸੀ। ਰਿਚਰਡ ਨੇ ਐਨਕਾਂ ਲਗਾ ਲਈਆਂ ਸਨ ਤੇ ਸਿਰ 'ਤੇ ਭਾਰੇ ਘੁੰਗਰਾਲੇ ਵਾਲਾਂ ਦਾ ਵਿੱਗ ਰੱਖ ਲਿਆ ਸੀ। ਐਨ ਨੇ ਵੀ ਕਾਲੇ ਰੰਗ ਦਾ ਵਿੱਗ ਪਹਿਨਿਆ ਸੀ। ਬਾਕੀ ਦਾ ਡਰੈਸ ਵੀ ਉਹਨਾਂ ਨੇ ਬਦਲ ਲਿਆ ਸੀ। ਛੇਤੀ ਕੀਤਿਆਂ ਉਹਨਾਂ ਨੂੰ ਪਛਾਣ ਸਕਣਾ ਸੌਖਾ ਨਹੀਂ ਸੀ। ਵੈਸੇ ਵੀ ਬੌਬ ਬਿਨਾਂ ਤਾਂ ਹੋਰ ਕੋਈ ਉਹਨਾਂ ਨੂੰ ਜਾਣਦਾ ਨਹੀਂ ਸੀ।

ਨੌਂ ਕੁ ਵਜੇ ਸ਼ਾਮ ਨੂੰ ਉਹ ਕਲੱਬ ਵਿਚ ਪਹੁੰਚੇ ਤਾ ਰੰਗ ਬਰੰਗੀਆਂ ਰੌਸ਼ਨੀਆਂ ਨੱਚ ਰਹੀਆਂ ਸਨ। ਕਲੱਬ ਵਿਚ ਵਾਹਵਾ ਭੀੜ ਸੀ। ਉਹ ਕੰਧ ਨਾਲ ਲੱਗੀ ਸੀਟ 'ਤੇ ਜਾ ਬੈਠੇ। ਉਥੋਂ ਉਹ ਸਾਰੀ ਕਲੱਬ 'ਤੇ ਨਜ਼ਰ ਰੱਖ ਸਕਦੇ ਸਨ। ਵੇਟਰ ਨੂੰ ਉਹਨਾਂ ਨੇ ਡਰਿੰਕ ਦਾ ਆਰਡਰ ਦਿੱਤਾ ਤੇ ਉਹ ਇਕ ਦੂਜੇ ਨਾਲ ਸਟ ਕੇ ਬੈਠ ਗਏ। ਬੌਬ ਉਹਨਾਂ ਨੂੰ ਕਿਤੇ ਵੀ ਨਹੀਂ ਸੀ ਦਿਸਿਆ। ਸਭ ਲੋਕ ਨੱਚ ਟੱਪ ਰਹੇ ਸਨ। ਕੰਨ-ਪਾੜੂ ਸੰਗੀਤ ਚੱਲ ਰਿਹਾ ਸੀ। ਕੁਝ ਜੋੜੇ ਇਕ ਦੂਜੇ ਦੀਆਂ ਬਾਹਾਂ ਵਿਚ ਲਿਪਟੇ ਹੋਏ ਥਿਰਕ ਰਹੇ ਸਨ। ਕੁਝ ਕੁ ਅਜੇ ਬੈਠੇ ਸਨ। ਉਹਨਾਂ ਦੀ ਨਜ਼ਰ ਚੌਕਸੀ ਨਾਲ ਸਾਰੀ ਕਲੱਬ ਵਿਚ ਘੁੰਮ ਰਹੀ ਸੀ।

'ਐਨ ਕਾਂਊਟਰ ਵੱਲ ਧਿਆਨ ਨਾਲ ਵੇਖ।' ਰਿਚਰਡ ਨੇ ਐਨ ਦੇ ਬੁੱਲ੍ਹਾਂ 'ਤੇ ਹਲਕੇ ਜਿਹੇ ਬੁੱਲ੍ਹ ਰੱਖਦਿਆਂ ਕਿਹਾ। ਐਨ ਹੱਸੀ 'ਤੇ ਉਸ ਨੇ ਉਸ ਦੇ ਮੋਢੇ 'ਤੇ ਸਿਰ ਰੱਖ ਲਿਆ। ਹੁਣ ਉਹ ਕਾਊਂਟਰ ਨੂੰ ਨਿਰਖ ਨਾਲ ਵੇਖ ਰਹੀ ਸੀ। ਰਿਚਰਡ ਨੇ ਐਨ ਦੇ ਸਿਰ ਨਾਲ ਆਪਣਾ ਸਿਰ ਜੋੜ ਲਿਆ ਸੀ।

ਕੁਝ ਗਾਹਕ ਕਾਂਊਟਰ 'ਤੇ ਜਾਂਦੇ। ਜਦ ਉਹ ਸਿਗਰਟ ਮੰਗਦੇ ਤਾਂ ਉਹਨਾਂ ਨੂੰ ਸਿਗਰਟ ਪੇਸ਼ ਕੀਤੀ ਜਾਂਦੀ। ਬਹੁਤੇ ਲੈਣ ਤੋਂ ਨਾਂਹ ਕਰਕੇ ਦੂਜੇ ਡੱਬੇ ਵਿਚ ਪਈਆਂ ਸਿਗਰਟਾਂ ਵਿਚੋਂ ਸਿਗਰਟ ਲੈਣ ਦੀ ਬੇਨਤੀ ਕਰਦੇ। ਵੇਖਣ ਨੂੰ ਦੋਵਾਂ ਸਿਗਰਟਾਂ ਵਿਚ ਕੋਈ ਫਰਕ ਨਹੀਂ ਸੀ। ਘੱਟੋ ਘੱਟ ਦੂਰੋਂ ਤਾਂ ਕੋਈ ਫਰਕ ਨਹੀਂ ਸੀ ਲਗਦਾ। ਕੁਝ ਮਿੰਟਾਂ ਬਾਅਦ ਉਹਨਾਂ ਨੇ ਸਿਗਰਟ ਟਰਾਈ ਕਰਨ ਦੀ ਕੋਸ਼ਿਸ਼ ਕੀਤੀ। ਰਿਚਰਡ ਨੇ ਸਿਗਰਟ ਮੰਗੀ ਤਾਂ ਉਸ ਨੂੰ ਵੀ ਸਾਦੀ ਸਿਗਰਟ ਪੇਸ਼ ਕੀਤੀ ਗਈ। ਰਿਚਰਡ ਨੇ ਦੂਸਰੇ ਡੱਬੇ ਵੱਲ ਇਸ਼ਾਰਾ ਕੀਤਾ। ਬਾਰ ਮੈਨ ਨੇ ਉਸ ਨੂੰ ਉਹ ਸਿਗਰਟ ਦਿੱਤੀ ਤੇ ਦਸਾਂ ਦਾ ਨੋਟ ਟਿੱਲ ਵਿਚ ਸੁੱਟ ਲਿਆ। ਕਾਊਂਟਰ 'ਤੇ ਹੀ ਉਸ ਨੇ ਸਿਗਰਟ ਸੁਲਗਾ ਲਈ। ਇਸ ਧੂੰਏਂ ਦੀ ਸੁਗੰਧ ਤਮਾਕੂ ਦੇ ਧੂੰਏਂ ਨਾਲੋਂ ਵੱਖਰੀ ਸੀ। ਉਹ ਐਨ ਕੋਲ ਆ ਗਿਆ। ਉਸ ਨੇ ਇਕ ਹਲਕਾ ਜਿਹਾ ਕਸ਼ ਲਿਆ। ਉਸ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਉਹ 'ਡਰੱਗ' ਵਾਲੀ ਸਿਗਰਟ ਸੀ। ਉਹਨਾਂ ਦੋਵਾਂ ਨੇ ਧੂੰਆਂ ਅੰਦਰ ਲੰਘਾਏ ਬਿਨਾਂ ਸਿਗਰਟ ਪੀਣ ਦਾ ਵਿਖਾਵਾ ਕੀਤਾ।

'ਐਨ ਉਹ ਬੰਦਾ--।'

ਐਨ ਨੇ ਧਿਆਨ ਨਾਲ ਵੇਖਿਆ। ਜਿਸ ਬੰਦੇ ਨੂੰ ਬੌਬ ਉਸ ਦਿਨ ਫਲੈਟ ਵਿਚ ਮਿਲਿਆ ਸੀ ਉਹੀ ਆਦਮੀ ਬਾਰ ਦੇ ਨਾਲ ਬਣੇ ਬੂਹੇ ਵਿਚੋਂ ਦੀ ਲੰਘ ਗਿਆ। ਉਹ

ਕਿਥੇ ਗਿਆ, ਇਸ ਬਾਰੇ ਕੋਈ ਪਤਾ ਨਾ ਲੱਗਿਆ। ਹੋ ਸਕਦਾ ਇਹ ਕਲੱਬ ਦਾ ਦਫ਼ਤਰ ਹੋਵੇ ਜਾਂ ਸ਼ਾਇਦ ਪੌੜੀਆਂ ਹੋਣ ਜੋ ਪਹਿਲੀ ਮੰਜ਼ਿਲ ਲਈ ਬਣਾਈਆਂ ਗਈਆਂ ਹੋਣ! ਉਹ ਸੋਚਦੇ ਵਿਚਾਰਦੇ ਰਹੇ।

'ਸਰ ਤੁਸੀਂ ਰਾਤ ਲਈ ਕਮਰੇ ਕਿਰਾਏ 'ਤੇ ਵੀ ਦਿੰਦੇ ਹੋ?' ਐਨ ਨੇ ਆਪਣੀ ਕੂਲੀ ਮੁਸਕਰਾਹਟ ਨਾਲ ਪੁੱਛਿਆ।

ਬਾਰ ਮੈਨ ਨੇ ਜਵਾਬ ਦੇਣ ਦੀ ਥਾਂ ਆਪਣੇ ਆਪ ਨੂੰ ਰੁਝੇਵੇਂ ਵਿਚ ਹੋਣ ਦਾ ਦਿਖਾਵਾ ਕੀਤਾ। ਉਸ ਨੇ ਦੋ ਤਿੰਨ ਗਾਹਕਾਂ ਨੂੰ ਭੁਗਤਾਇਆ ਤੇ ਐਨ ਕੋਲ ਆ ਗਿਆ।

'ਮੁਆਫ ਕਰਨਾ ਮੈਂ ਥੋੜਾ ਬਿਜ਼ੀ ਸੀ। ਮੈਂ ਤੁਹਾਡੀ ਕੀ ਮਦਦ ਕਰ ਸਕਦਾਂ?'

'ਅਸੀਂ ਡਰਿੰਕ ਪੀਤੀ ਕਰਕੇ ਗੱਡੀ ਚਲਾ ਨੀ ਸਕਦੇ। ਕੀ ਸਾਨੂੰ ਇਕ ਕਮਰਾ ਕਿਰਾਏ 'ਤੇ ਮਿਲ ਸਕਦਾ?'

'ਸਾਡੇ ਕੋਲ ਅੱਠ ਦੱਸ ਕਮਰੇ ਹਨ ਪਰ ਅੱਜ ਕੋਈ ਵਿਹਲਾ ਨਹੀਂ। ਵੈਸੇ ਵੀ ਅਸੀਂ ਆਮ ਗਾਹਕਾਂ ਨੂੰ ਕਮਰੇ ਨਹੀਂ ਦਿੰਦੇ। ਕੁਝ ਕੁ ਪੱਕੇ ਗਾਹਕ ਹੀ ਹਨ ਜਿਹਨਾਂ ਨੂੰ ਅਸੀਂ ਕਿਰਾਏ 'ਤੇ ਦਿੰਦੇ ਹਾਂ।' ਬਾਰ ਮੈਨ ਨੇ ਨੀਝ ਲਾ ਕੇ ਐਨ ਨੂੰ ਵੇਖਦਿਆਂ ਜਵਾਬ ਦਿੱਤਾ।

ਐਨ ਵਾਪਿਸ ਰਿਚਰਡ ਕੋਲ ਆ ਬੈਠੀ। ਉਸ ਨੇ ਬਾਰ ਨਾਲ ਲਗਦੇ ਦਰਵਾਜ਼ੇ ਬਾਰੇ ਜਾਣਨਾ ਸੀ ਪਰ ਉਸ ਨੂੰ ਕੁਝ ਪਤਾ ਨਾ ਲੱਗਾ। ਵੱਡੀ ਗੱਲ ਬੌਬ ਵੀ ਨਹੀਂ ਸੀ ਆਇਆ।

ਇਕ ਆਦਮੀ ਹਰ ਟੇਬਲ 'ਤੇ ਜਾਂਦਾ। ਗੱਲਾਂ ਕਰਦਾ ਤੇ ਕੁਝ ਦੇਰ ਬਾਅਦ ਹੋਰ ਟੇਬਲ 'ਤੇ ਚਲਾ ਜਾਂਦਾ। ਉਹ ਅਸਲ ਵਿਚ ਕੁਝ ਵੇਚ ਰਿਹਾ ਸੀ ਤੇ ਆਪਣੇ ਖਾਸ ਗਾਹਕਾਂ ਕੋਲ ਹੀ ਜਾਂਦਾ ਸੀ। ਉਹਨਾਂ ਦੇ ਟੇਬਲ 'ਤੇ ਉਹ ਨਹੀਂ ਸੀ ਆਇਆ। ਐਨ ਨੇ ਉਸ ਦੀ ਫੋਟੋ ਖਿੱਚ ਲਈ।

***

ਟੋਨੀ ਨੇ ਰੰਧਾਵੇ ਦੀ ਈ ਮੇਲ ਚੈਕ ਕੀਤੀ। ਇਹ ਪੀ ਡੀ ਐਫ ਫਾਈਲ ਸੀ। ਪੜ੍ਹ ਕੇ ਟੋਨੀ ਉੱਠ ਕੇ ਬੈਠ ਗਿਆ।

---ਡਲਿਵਰੀ ਸ਼ਾਮ ਤੱਕ ਪਹੁੰਚ ਜਾਵੇਗੀ।

ਟੋਨੀ ਨੇ ਭੇਜੀ ਗਈ ਈ ਮੇਲ ਦਾ ਐਡਰੈਸ ਵੇਖਿਆ। ਇਹ ਕਿਸੇ ਈਸਟਰਨ ਯੂਰਪੀਨ ਦੇਸ਼ ਤੋਂ ਆਈ ਲਗਦੀ ਸੀ। ਕਿਥੋਂ ਆਈ ਨਾਲੋਂ ਉਸ ਨੂੰ ਡਲਿਵਰੀ ਵਿਚ ਕੀ ਆ ਰਿਹਾ ਸੀ, ਉਸ ਬਾਰੇ ਜਾਣਨ ਦੀ ਇੱਛਾ ਸੀ।

ਟੋਨੀ ਨੇ ਰੰਧਾਵੇ ਦੇ ਫ਼ੋਨ ਦੀ ਲੋਕੇਸ਼ਨ ਚੈਕ ਕੀਤੀ। ਉਹ ਘਰ ਹੀ ਸੀ। ਅਜੇ ਸਵੇਰ ਦੇ ਦਸ ਵੱਜੇ ਸਨ। ਉਹ ਘਰੋਂ ਦੇਰ ਨਾਲ ਹੀ ਨਿਕਲਦਾ ਸੀ। ਟੋਨੀ ਨੇ 'ਬਰਡ' ਨੂੰ ਰੰਧਾਵੇ ਦਾ ਫ਼ੋਨ ਤੇ ਈ ਮੇਲ ਭੇਜ ਕੇ ਉਸ ਬਾਰੇ ਜਾਂਚ ਕਰਨ ਦੀ ਬੇਨਤੀ ਕੀਤੀ। ਉਹ ਦੋਵੇਂ ਆਪਸ ਵਿਚ ਇਕ ਦੂਜੇ ਦੀ ਮਦਦ ਕਰਦੇ ਰਹਿੰਦੇ ਸਨ। ਬਰਡ ਵੀ ਆਪਣੇ ਕੰਮ ਵਿਚ ਬਹੁਤ ਮਾਹਰ ਸੀ। ਉਸ ਨੂੰ ਟੈਲੀਫ਼ੋਨ ਅਤੇ ਕੰਪਿਊਟਰ ਬਾਰੇ ਖਾਸ ਜਾਣਕਾਰੀ

ਸੀ। ਉਹ ਆਪਸ ਵਿਚ ਮਿਲਦੇ ਬਹੁਤ ਘੱਟ ਸਨ। ਪਰ ਇਕ ਦੂਜੇ ਦੀ ਜਦ ਵੀ ਲੋੜ ਪੈਂਦੀ ਬਿਨਾਂ ਝਿਜਕ ਮਦਦ ਲੈ ਲੈਂਦੇ। ਟੋਨੀ ਨੇ ਆਪ ਬੌਬ ਦੀ ਲੋਕੇਸ਼ਨ ਚੈਕ ਕੀਤੀ ਤਾਂ ਉਹ ਐਮ 25 ਮੋਟਰਵੇਅ ’ਤੇ ਸੀ। ਟੋਨੀ ਦੇ ਦਿਮਾਗ ਵਿਚ ਕਈ ਵਿਚਾਰ ਘੁੰਮਣ ਲੱਗੇ।

ਦੁਪਹਿਰ ਤੱਕ ‘ਬਰਡ’ ਨੇ ਜਾਣਕਾਰੀ ਦਿੱਤੀ ਕਿ ਈਮੇਲ ਰੁਮਾਨੀਆਂ ਤੋਂ ਆਈ ਸੀ। ਜਿਸ ਪਾਵਲ ਨਾਂ ਦੇ ਬੰਦੇ ਨੇ ਈ ਮੇਲ ਭੇਜੀ ਸੀ, ਉਹ ਕੱਚੀ ਉਮਰ ਦੀਆਂ ਕੁੜੀਆਂ ਦੀ ਸਮਗਲਿੰਗ ਕਰਦਾ ਸੀ। ਲੋੜਬੰਦ ਗਰੀਬ ਪਰਿਵਾਰਾਂ ਦੀਆਂ ਕੁੜੀਆਂ ਨੂੰ ਕਮਾਈ ਦਾ ਝਾਂਸਾ ਦੇ ਕੇ ਬ੍ਰਿਟੇਨ ਤੇ ਹੋਰ ਯੂਰਪੀਨ ਦੇਸ਼ਾਂ ਵਿਚ ਭੇਜਦਾ ਸੀ ਜਿਹਨਾਂ ਨੂੰ ਗੁਲਾਮ ਬਣਾ ਕੇ ਧੰਦੇ ਵਿਚ ਧਕੇਲ ਦਿੱਤਾ ਜਾਂਦਾ। ਉਹਨਾਂ ਦੇ ਘਰ ਕੁਝ ਨਾ ਕੁਝ ਪੈਸੇ ਭੇਜ ਦਿੱਤੇ ਜਾਂਦੇ। ਜਦ ਕੁੜੀਆਂ ਘਰ ਫ਼ੋਨ ਕਰਦੀਆਂ ਤਾਂ ਉਹਨਾਂ ਨੂੰ ਆਪਣੇ ਮਾਲਕਾਂ ਦੀ ਹਾਜ਼ਰੀ ਵਿਚ ਹੀ ਗੱਲ ਕਰਨੀ ਪੈਂਦੀ। ਉਹ ਆਪਣੇ ਬਾਰੇ ਕਿਸੇ ਨੂੰ ਕੁਝ ਵੀ ਦੱਸ ਨਹੀਂ ਸਨ ਸਕਦੀਆਂ। ਉਹਨਾਂ ਨੂੰ ਮਾਨਸਿਕ ਅਤੇ ਸਰੀਰਕ ਤਸੀਹੇ ਦੇ ਕੇ ਐਨਾ ਡਰਾ ਦਿੱਤਾ ਜਾਂਦਾ ਕਿ ਉਹ ਮੂੰਹੋਂ ਇਕ ਸ਼ਬਦ ਵੀ ਨਾ ਬੋਲ ਸਕਦੀਆਂ। ਇਹ ‘ਡਲਿਵਰੀ’ ਵੀ ਸ਼ਇਦ ਇਹੋ ਜਿਹੀ ਹੀ ਹੋ ਸਕਦੀ ਸੀ।

ਟੋਨੀ ਆਪਣੀ ਛੋਟੀ ਜਿਹੀ ‘ਵੌਕਸਵੈਗਨ ਪੋਲੋ’ ਕਾਰ ਵਿਚ ਜਾ ਰਿਹਾ ਸੀ। ਜਦ ਉਸ ਨੂੰ ਬਰਡ ਦੀ ਈਮੇਲ ਆਈ ਤਾਂ ਉਹ ਪਹਿਲੀ ਹੀ ਸਰਵਿਸ ’ਤੇ ਰੁਕ ਗਿਆ। ਈਮੇਲ ਪੜ੍ਹ ਕੇ ਉਸ ਨੇ ਵਿਚਾਰ ਕੀਤੀ। ਅਜੇ ਉਹ ਸੋਚ ਹੀ ਰਿਹਾ ਸੀ ਕਿ ਬਰਡ ਦੀ ਇਕ ਹੋਰ ਈਮੇਲ ਆ ਗਈ। ਉਸ ਵਿਚ ਉਸ ਨੇ ਯੰਗ ਨਾਈਟ ਕਲੱਬ ਦਾ ਪਤਾ ਲਿਖਿਆ ਸੀ। ਟੋਨੀ ਨੇ ਕਾਰ ਲੰਡਨ ਨੂੰ ਮੋੜ ਲਈ। ਦੱਸੀ ਕਲੱਬ ਦਾ ਪਤਾ ‘ਗੂਗਲ ਮੈਪ’ ਵਿਚ ਪਾਇਆ ਤੇ ਲੰਡਨ ਨੂੰ ਚੱਲ ਪਿਆ। ਨਾਲ ਹੀ ਉਸ ਨੇ ਆਪਣੀ ਫਰੈਂਡ ਕੈਲੀ ਨੂੰ ਫ਼ੋਨ ਕਰ ਲਿਆ।

‘ਅੱਜ ਦੀ ਸ਼ਾਮ ਮੇਰੇ ਨਾਲ ਬਿਤਾ ਸਕਦੀ ਐਂ? ਕਿੰਨੇ ਦਿਨ ਹੋ ਗਏ ਮਿਲਿਆਂ ਨੂੰ।’

‘ਤੂੰ ਆ ਜਾ ਮੈਂ ਤੈਨੂੰ ਐਡਰੈਸ ਟੈਕਸਟ ਕਰ ਦਿੰਨੀ ਆਂ।’

ਕੁਝ ਦੇਰ ਬਾਅਦ ਉਹ ਕੈਲੀ ਦੇ ਫਲੈਟ ਦੇ ਬਾਹਰ ਖੜ੍ਹਾ ਸੀ। ਆਪ ਉਹ ਘਰ ਨਹੀਂ ਸੀ। ਉਸ ਨੇ ਅੱਧੇ ਕੁ ਘੰਟੇ ਬਾਅਦ ਆਉਣਾ ਸੀ। ਉਸ ਦੀ ਫਲੈਟ ਵਿਚ ਰਹਿੰਦੀ ਸਹੇਲੀ ਨੇ ਟੋਨੀ ਨੂੰ ਚਾਹ ਪਿਲਾਈ ਤੇ ਕੁਝ ਦੇਰ ਗੱਲਾਂ ਕਰਦੀ ਰਹੀ। ਕੈਲੀ ਆਈ ਤਾਂ ਟੋਨੀ ਉਸ ਨੂੰ ਭੱਜ ਕੇ ਮਿਲਿਆ। ਕੈਲੀ ਨੇ ਲੰਡਨ ਰਹਿੰਦਿਆਂ ਕੁਝ ਹੋਰ ਵੀ ਅਸਥਾਈ ਜਿਹੇ ਸਬੰਧ ਬਣਾਏ ਸਨ। ਟੋਨੀ ਨੂੰ ਮਿਲ ਕੇ ਉਸ ਨੂੰ ਇਕ ਵਾਰ ਫਿਰ ਪੁਰਾਣੇ ਦਿਨ ਯਾਦ ਆ ਗਏ। ਕੁਝ ਦੇਰ ਬਾਅਦ ਉਸ ਦੀ ਸਹੇਲੀ ਉਹਨਾਂ ਨੂੰ ਇਕੱਲਿਆਂ ਛੱਡ ਕੇ ਚਲੀ ਗਈ। ਉਹ ਸ਼ਾਮ ਨੂੰ ਚਾਰ ਕੁ ਵਜੇ ਬਾਹਰ ਨਿਕਲੇ ਤੇ ‘ਆਫਟਰ ਨੂਨ ਟੀ’ ਲਈ ਚਲੇ ਗਏ। ਦੋ ਘੰਟੇ ਬਾਅਦ ਉਹ ਦੁਕਾਨਾਂ ਵਿਚ ਚੱਕਰ ਲਾਉਣ ਲੱਗੇ ਭਾਵੇਂ ਉਹਨਾਂ ਨੇ ਖਰੀਦਿਆਂ ਕੁਝ ਨਹੀਂ ਸੀ। ਅੱਠ ਕੁ ਵਜੇ ਉਹਨਾਂ ਨੇ ਟਰੇਨ ਫੜੀ ਤੇ ਕਲੱਬ ਨੂੰ ਚਲੇ

ਗਏ, ਟੋਨੀ ਨੇ ਕੈਲੀ ਨੂੰ ਕੁਝ ਨਹੀਂ ਸੀ ਦੱਸਿਆ।

ਜਦ ਉਹ ਨੌਂ ਕੁ ਵਜੇ ਕਲੱਬ ਵਿਚ ਪਹੁੰਚੇ ਤਾਂ ਵਾਹਵਾ ਰੰਗ ਬੱਝ ਚੁੱਕਿਆ ਸੀ। ਟੋਨੀ ਤਾਂ ਬੌਬ ਨੂੰ ਵੇਖਣਾ ਚਾਹੁੰਦਾ ਸੀ। ਉਸ ਨੇ ਉਸ ਦੀ ਲੋਕੇਸ਼ਨ ਚੈਕ ਕੀਤੀ। ਉਹ ਤਾਂ ਕਲੱਬ ਵਿਚ ਹੀ ਹੋਣਾ ਚਾਹੀਦਾ ਸੀ। ਟੋਨੀ ਦੀਆਂ ਅੱਖਾਂ ਚਾਰੇ ਪਾਸੇ ਦਾ ਐਕਸ-ਰੇਅ ਕਰ ਰਹੀਆਂ ਸਨ। ਬੌਬ ਕਿੱਥੇ ਹੋ ਸਕਦਾ ਸੀ? ਉਹ ਸੋਚ ਰਿਹਾ ਸੀ ਪਰ ਉਸ ਨੂੰ ਕੋਈ ਰਾਹ ਨਹੀਂ ਸੀ ਮਿਲ ਰਿਹਾ।

ਕੁਝ ਦੇਰ ਬਾਅਦ ਇਕ ਦਾਹੜੀ ਵਾਲਾ ਆਦਮੀ ਉਹਨਾਂ ਕੋਲ ਆਇਆ।

'ਸਰ ਤੁਹਾਨੂੰ ਬੌਸ ਨੇ ਬੁਲਾਇਆ।' ਟੋਨੀ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ ਤੇ ਕੈਲੀ ਵੱਲ ਵੀ।

'ਤੁਹਾਡੇ ਬੌਸ ਨੂੰ ਤਾਂ ਮੈਂ ਜਾਣਦਾ ਈ ਨੀ।'

'ਸਰ ਨੇ ਤੁਹਾਨੂੰ ਹੁਣੇ ਬੁਲਾਇਆ ਦਫ਼ਤਰ 'ਚ।' ਉਸ ਦੇ ਬੋਲਾਂ ਵਿਚ ਦ੍ਰਿੜਤਾ ਸੀ ਪਰ ਉਸ ਨੇ ਨਿਮਰਤਾ ਕਾਇਮ ਰੱਖੀ।

ਕੈਲੀ ਹੋਰ ਵੀ ਹੈਰਾਨ ਸੀ। ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਉਹ ਖੁਸ਼ ਹੋਵੇ ਜਾਂ ਡਰੇ। ਇਹ ਬੌਸ ਕੌਣ ਹੋਇਆ? ਟੋਨੀ ਸੀਟ ਤੋਂ ਖੜ੍ਹਾ ਹੋਇਆ ਤੇ ਕੈਲੀ ਨੂੰ ਕਿਹਾ, 'ਤੂੰ ਬੈਠ ਮੈਂ ਆਇਆ।'

'ਮੁਆਫ਼ ਕਰਨਾ ਉਹਨਾਂ ਨੇ ਤੁਹਾਨੂੰ ਦੋਵਾਂ ਨੂੰ ਬੁਲਾਇਆ।' ਉਲਝਣ ਜਿਹੀ ਵਿਚ ਉਹ ਵੀ ਉੱਠ ਖੜ੍ਹੀ। ਉਸ ਨੂੰ ਸਮਝ ਲੱਗ ਗਈ ਸੀ ਕਿ ਉਸ ਕੋਲ ਕੋਈ ਹੋਰ ਰਾਹ ਨਹੀਂ ਸੀ।

ਬਾਰ ਦੇ ਬਗਲ ਵਾਲੀ ਡੋਰ ਵਿਚੋਂ ਦੀ ਲੰਘ ਕੇ ਉਹ ਪੌੜੀਆਂ ਚੜ੍ਹਨ ਦੀ ਥਾਂ ਲਿਫਟ ਵਿਚ ਚੜ੍ਹ ਗਏ। ਟੋਨੀ ਦੇ ਦਿਮਾਗ ਵਿਚ ਬਹੁਤਾ ਫਿਕਰ ਕੈਲੀ ਦਾ ਸੀ। ਉਹ ਉਸ ਨੂੰ ਕਿਸੇ ਤਰ੍ਹਾਂ ਕਲੱਬ ਵਿਚੋਂ ਬਾਹਰ ਕੱਢਣਾ ਚਾਹੁੰਦਾ ਸੀ। ਆਉਣ ਵਾਲੇ ਪਲ ਉਸ ਨੂੰ ਸੁਖਾਵੇਂ ਨਹੀਂ ਸਨ ਲਗਦੇ।

ਲਿਫਟ ਰੁਕੀ ਤਾਂ ਉਸ ਬੰਦੇ ਨੇ ਉਹਨਾਂ ਨੂੰ ਬਾਹਰ ਆਉਣ ਦਾ ਇਸ਼ਾਰਾ ਕੀਤਾ। ਟੋਨੀ ਨੇ ਨਜ਼ਰ ਘੁੰਮਾਈ। ਸਾਰੇ ਕਮਰਿਆਂ ਦੇ ਦਰਵਾਜ਼ੇ ਬੰਦ ਸਨ। ਉਸ ਆਦਮੀ ਨੇ ਖੱਬੇ ਹੱਥ ਚੱਲਣ ਲਈ ਕਿਹਾ। ਆਪ ਉਹ ਉਹਨਾਂ ਦੇ ਪਿੱਛੇ ਸੀ। ਤੀਜੇ ਬੂਹੇ ਕੋਲ ਜਾ ਕੇ ਉਸ ਨੇ ਅੱਗੇ ਹੋ ਕੇ ਦਰਵਾਜ਼ਾ ਖੋਲ੍ਹਿਆ। ਟੋਨੀ ਅੰਦਰ ਚਲਾ ਗਿਆ ਤੇ ਉਸ ਦੇ ਪਿੱਛੇ ਕੈਲੀ ਸੀ। ਅੱਗੇ ਮੇਜ਼ ਦੇ ਦੂਜੇ ਪਾਸੇ ਰੰਧਾਵਾ ਬੈਠਾ ਸੀ। ਟੋਨੀ ਦਾ ਫਿਕਰ ਨਮਿਰਤ ਹੋ ਗਿਆ। ਰੰਧਾਵੇ ਨੇ ਉਸ ਨਾਲ ਹੱਥ ਮਿਲਾਇਆ ਤੇ ਟੋਨੀ ਨੇ ਕੈਲੀ ਦੀ ਜਾਣ-ਪਛਾਣ ਕਰਵਾਈ। ਟੋਨੀ ਸਮਝ ਗਿਆ 'ਸੀ ਸੀ ਟੀ ਵੀ ਕੈਮਰੇ' ਨਾਲ ਰੰਧਾਵੇ ਨੇ ਉਸ ਨੂੰ ਪਛਾਣ ਲਿਆ ਸੀ।

ਰੰਧਾਵੇ ਦੇ ਚਿਹਰੇ 'ਤੇ ਕੋਈ ਖ਼ਤਰੇ ਦੇ ਪ੍ਰਭਾਵ ਨਜ਼ਰ ਨਹੀਂ ਸਨ ਆ ਰਹੇ। ਉਹ

ਉਸ ਦੇ ਸਾਹਮਣੇ ਕੁਰਸੀਆਂ ’ਤੇ ਬੈਠ ਗਏ।

‘ਮਿਸਟਰ ਰੰਡਾਵਾ ਮੈਨੂੰ ਨੀ ਸੀ ਪਤਾ ਥੋਡੀ ਇਹ ਕਲੱਬ ਵੀ ਆ। ਮੈਂ ਤਾਂ ਕੈਲੀ ਨੂੰ ਮਿਲਣ ਆਇਆ ਸੀ ਤੇ ਅਸੀਂ ਸ਼ਾਮ ਇਸ ਕਲੱਬ ਵਿਚ ਆ ਗਏ। ਇਹ ਵੀ ਮੌਕਾ ਮੇਲ ਈ ਆ ਕਿ ਇਹ ਕਲੱਬ ਤੁਹਾਡੀ ਐ। ਵਧਾਈਆਂ।’ ਟੋਨੀ ਨੇ ਹੱਸਦਿਆਂ ਹੱਥ ਮਿਲਾਇਆ। ਉਸ ਨੇ ਰੰਡਾਵੇ ਦੇ ਮੂਡ ਨੂੰ ਨਾਪਣ ਦੀ ਕੋਸ਼ਿਸ਼ ਕੀਤੀ। ਉਹ ਉਸ ਨੂੰ ਆਮ ਵਾਂਗ ਹੀ ਲੱਗਿਆ।

‘ਕੀ ਪੀ ਰਹੇ ਐਂ?’ ਉਸ ਨੇ ਆਪਣੇ ਆਦਮੀ ਵੱਲ ਵੇਖਦਿਆਂ ਪੁੱਛਿਆ।

‘ਵਾਈਟ ਵਾਈਨ, ਮੀਡੀਅਮ ਪਲੀਜ਼।’

ਰੰਧਾਵੇ ਨੇ ਸਿਰ ਹਿਲਾਇਆ ਤੇ ਆਦਮੀ ਵਾਈਨ ਦੀ ਬੋਤਲ ਫਰਿਜ ਵਿਚੋਂ ਕੱਢ ਲਿਆਇਆ। ਉਸ ਨੇ ਹੀ ਦੋਂਹ ਗਲਾਸਾਂ ਵਿਚ ਵਾਈਨ ਪਾਈ ਤੇ ਰੰਧਾਵੇ ਨੇ ਹੱਥ ਦੇ ਇਸ਼ਾਰੇ ਨਾਲ ਉਹਨਾਂ ਨੂੰ ਵਾਈਨ ਪੀਣ ਦਾ ਇਸ਼ਾਰਾ ਕੀਤਾ। ਟੋਨੀ ਨੇ ਗਲਾਸ ਚੁੱਕਿਆ ਤੇ ਰੰਧਾਵੇ ਵੱਲ ਵੇਖਦਿਆਂ ਥੋੜਾ ਉੱਚਾ ਕਰਕੇ ਉਸ ਦਾ ਧੰਨਵਾਦ ਕੀਤਾ। ਫਿਰ ਉਹ ਵਾਈਨ ਦਾ ਘੁੱਟ ਭਰਨ ਲੱਗੇ। ਕੁਝ ਦੇਰ ਗੱਲਾਂ ਕਰਨ ਬਾਅਦ ਰੰਧਾਵੇ ਨੇ ਆਪਣੇ ਬੰਦੇ ਨੂੰ ਟੋਨੀ ਤੋਂ ਪੈਸੇ ਨਾ ਲੈਣ ਤੇ ਜੋ ਉਸ ਨੂੰ ਚਾਹੀਦਾ ਸੀ ਪੇਸ਼ ਕਰਨ ਨੂੰ ਕਿਹਾ। ਟੋਨੀ ਨੇ ਉਸ ਤੋਂ ਛੁੱਟੀ ਲਈ ਤੇ ਹਲਕੇ ਮਨ ਨਾਲ ਬਾਹਰ ਆ ਗਏ।

ਜਦੋਂ ਉਹ ਲਿਫਟ ਦੀ ਉਡੀਕ ਕਰ ਰਹੇ ਸਨ। ਲਿਫਟ ਆਈ ਤਾਂ ਉਸ ਵਿਚੋਂ ਤਿੰਨ ਕੁੜੀਆਂ ਤੇ ਇਕ ਆਦਮੀ ਬਾਹਰ ਨਿਕਲੇ। ਕੁੜੀਆਂ ਡਰੀ ਹਿਰਨੀ ਵਾਂਗ ਸੁੰਗੜੀਆਂ ਜਿਹੀਆਂ ਸਨ। ਬੰਦੇ ਦੇ ਚਿਹਰੇ ਤੋਂ ਬੇਸ਼ਰਮੀ ਤੇ ਜ਼ੁਲਮ ਬੇਪਰਦ ਹੋ ਰਿਹਾ ਸੀ।

ਟੋਨੀ ਨੂੰ ਬਹੁਤ ਹੱਦ ਤੱਕ ਯਕੀਨ ਹੋ ਗਿਆ ਸੀ ਕਿ ਇਹੋ ਹੀ ‘ਡਲਿਵਰੀ’ ਹੈ ਜਿਸ ਦੀ ਉਡੀਕ ਹੋ ਰਹੀ ਸੀ। ਅਗਲਾ ਕਦਮ ਚੁੱਕਣ ਲਈ ਉਸ ਨੂੰ ਬਹੁਤ ਸੋਚਣਾ ਪੈਣਾ ਸੀ।

# 19

ਜੇਲ੍ਹ ਦੇ ਮਹੌਲ ਬਾਰੇ ਸ਼ੇਰੇ ਨੇ ਜਾਂ ਤਾਂ ਲੋਕਾਂ ਤੋਂ ਸੁਣਿਆਂ ਸੀ ਜਾਂ ਕਿਸੇ ਫਿਲਮ ਵਿਚ ਕੁਝ ਸੀਨ ਵੇਖੇ ਸਨ। ਆਪ ਉਹ ਕੋਈ ਪੇਸ਼ਾਵਰ ਅਪਰਾਧੀ ਨਹੀਂ ਸੀ ਤੇ ਨਾ ਹੀ ਕਦੀ ਉਸ ਨੂੰ ਇਸ ਤੋਂ ਪਹਿਲਾਂ ਜੇਲ੍ਹ ਯਾਤਰਾ ਕਰਨ ਦੀ ਲੋੜ ਪਈ ਸੀ। ਭਾਰਤੀ ਜੇਲ੍ਹਾਂ ਨਾਲੋਂ ਲੰਡਨ ਦੀ ਜੇਲ੍ਹ ਕੁਝ ਸੁਖਾਵੀਂ ਸੀ ਪਰ ਜੇਲ੍ਹ ਤਾਂ ਜੇਲ੍ਹ ਹੀ ਸੀ। ਜੇਲ੍ਹ ਵਿਚ ਤਾਂ ਛੋਟੇ ਵੱਡੇ ਅਪਰਾਧੀ ਹੀ ਹੋਣੇ ਸਨ। ਸ਼ੇਰੇ ਨੂੰ ਉਹਨਾਂ ਨਾਲ ਘੁਲਣ-ਮਿਲਣ ਵਿਚ ਹਿਚਕਚਾਹਟ ਹੋ ਰਹੀ ਸੀ। ਪੰਜਾਬੀ ਬੰਦਿਆਂ ਦੀ ਘਾਟ ਵੀ ਸਮੱਸਿਆ ਸੀ।

ਪਹਿਲਾਂ ਉਸ ਨੂੰ ਜ਼ਮਾਨਤ ਹੋ ਜਾਣ ਦੀ ਪੱਕੀ ਉਮੀਦ ਸੀ। ਜ਼ਮਾਨਤ ਨਾ ਹੋਣ ਦਾ ਮਤਲਬ ਸੀ ਜੇਲ੍ਹ ਵਿਚ ਹੋਰ ਸਮਾਂ ਬਿਤਾਉਣਾ। ਜੇ ਉਹ ਬਰੀ ਵੀ ਹੋ ਜਾਂਦਾ ਤਾਂ ਵੀ ਅਜੇ ਕੋਰਟ ਵਿਚ ਕੇਸ ਜਾਣ ਨੂੰ ਛੇ ਮਹੀਨੇ ਲੱਗਣੇ ਸਨ। ਉਸ ਬਾਅਦ ਦੋ ਤਿੰਨ ਹਫ਼ਤੇ ਲਗਾਤਾਰ ਕੇਸ ਚੱਲਣਾ ਸੀ ਤੇ ਫਿਰ ਜਿਊਰੀ ਨੇ ਫੈਸਲਾ ਦੇਣਾ ਸੀ। ਜਿਊਰੀ ਦੇ ਫੈਸਲੇ ਅਨੁਸਾਰ ਜੱਜ ਨੇ ਜਾਂ ਤਾਂ ਸਜ਼ਾ ਸੁਣਾਉਣੀ ਸੀ ਜੇ ਜਿਊਰੀ ਉਸ ਨੂੰ ਬਰੀ ਕਰ ਦਿੰਦੀ ਤਾਂ ਜੱਜ ਨੇ ਵੀ ਉਸ ਨੂੰ ਬਰੀ ਹੀ ਕਰਨਾ ਸੀ। ਪਰ ਹੁਣ ਉਸ ਨੂੰ ਬਰੀ ਹੋਣ ਦੀ ਉਮੀਦ ਵੀ ਘੱਟ ਲਗਦੀ ਸੀ।

ਜੀਤਾਂ ਦੀ ਬੇਵਫਾਈ ਦਾ ਗੁੱਸਾ ਉਸ ਨੂੰ ਦਿਨ ਵਿਚ ਬਹੁਤ ਵਾਰ ਆਉਂਦਾ। ਇਹ ਉਸ ਨੂੰ ਆਪਣੀ ਅਤੇ ਆਪਣੇ ਪਰਿਵਾਰ ਦੀ ਬੇਇੱਜ਼ਤੀ ਲਗਦੀ। ਕਤਲ ਕਰਨ ਵਾਲੇ ਤਾਂ ਹੋਰ ਲੋਕ ਵੀ ਸਨ ਪਰ ਕਿਸੇ ਨੇ ਆਪਣੀ ਪਤਨੀ ਦਾ ਕਤਲ ਨਹੀਂ ਸੀ ਕੀਤਾ ਹੋਇਆ। ਅਜਿਹੀ ਗੱਲ ਵੈਸੇ ਵੀ ਇੰਗਲੈਂਡ ਵਿਚ ਘੱਟ ਵਾਪਰਦੀ ਸੀ। ਇਸ ਗੱਲ ਦਾ ਸ਼ੇਰੇ ਨੂੰ ਪਤਾ ਸੀ। ਇਸ ਕਰਕੇ ਉਹ ਆਪਣੀ ਪਤਨੀ ਦੇ ਕੀਤੇ ਕਤਲ ਨੂੰ ਖੁੱਲ੍ਹ ਕੇ ਨਾ ਮੰਨਦਾ। ਉਹ ਇਸ ਨੂੰ ਐਕਸੀਡੈਂਟ ਦਾ ਨਾਂ ਦਿੰਦਾ। ਪਰ ਉਸ ਦੇ ਮਨ ਵਿੱਚ ਜੀਤਾਂ ਦੇ ਕੀਤੇ ਪ੍ਰਤੀ ਹੱਦ ਦਰਜੇ ਦਾ ਗੁੱਸਾ ਸੀ।

ਕੁਝ ਸਮੇਂ ਬਾਅਦ ਉਸ ਦਾ ਗੁੱਸਾ ਕੁਝ ਕੁ ਹਲਕਾ ਹੋ ਗਿਆ। ਹੁਣ ਜੀਤਾਂ ਰਾਜੂ ਨੂੰ ਪਿਆਰਦੀ, ਨਹਾਉਂਦੀ, ਪੜ੍ਹਾਉਦੀ, ਖਿੜਾਉਂਦੀ ਵੱਖੋ ਵੱਖਰੇ ਰੂਪਾਂ ਵਿਚ ਦਿਸਦੀ। ਰਾਜੂ ਦਾ ਨਾਜਰ ਦੇ ਘਰ ਵਿਚ ਰਹਿਣਾ ਉਸ ਨੂੰ ਬੁਰਾ ਨਹੀਂ ਸੀ ਲਗਦਾ ਪਰ ਠੀਕ ਵੀ ਨਹੀਂ ਸੀ ਲਗਦਾ। ਉਹ ਰਾਜੂ ਦਾ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ ਜਿਸ ਦਾ ਪਿਉ ਜਿਉਂਦਾ ਹੋ ਕੇ ਵੀ ਉਸ ਤੋਂ ਦੂਰ ਬੈਠਾ ਸੀ। ਉਸ ਦਾ ਖਿਆਲ ਪਿੰਡ ਵੱਲ ਜਾਂਦਾ। ਪਿੰਡ ਦੇ ਲੋਕ ਕਿਹੋ ਜਿਹੀਆਂ ਗੱਲਾਂ ਕਰਦੇ ਹੋਣਗੇ। ਉਹਦੇ ਘਰ ਵਾਲੇ ਕੀ ਸੋਚਦੇ ਹੋਣਗੇ? ਸਭ ਤੋਂ ਵੱਧ ਉਸ ਨੂੰ ਸਹੁਰਿਆਂ ਬਾਰੇ ਸੋਚ ਕੇ ਤਕਲੀਫ਼ ਹੁੰਦੀ। ਉਹਨਾਂ ਨੇ ਸ਼ਿੰਦਰ ਦੀ ਥਾਂ ਜੀਤਾਂ ਉਸ ਦੀ ਝੋਲੀ ਪਾਈ ਸੀ। ਹੁਣ ਉਹਨਾਂ ਦੀ ਕਿਹੋ ਜਿਹੀ

ਹਾਲਤ ਹੋਵੇਗੀ? ਜਿਹਨਾਂ ਨੇ ਉਸ ਨੂੰ ਦੋ ਧੀਆਂ ਦਿੱਤੀਆਂ ਤੇ ਦੋਵੇਂ ਹੀ ਜੱਗ ਨੂੰ ਅਲਵਿਦਾ ਕਹਿ ਗਈਆਂ?

ਹੁਣ ਉਸ ਨੂੰ ਲਗਦਾ ਜਿਵੇਂ ਸ਼ਿੰਦਰ ਉਸ ਦੇ ਸੁਪਨੇ ਵਿਚ ਆਉਂਦੀ ਹੋਵੇ। ਉਸ ਦੇ ਹੱਥ ਸਦਾ ਢਾਕਾਂ 'ਤੇ ਹੁੰਦੇ। ਅੱਖਾਂ ਵਿਚੋਂ ਅੱਗ ਨਿਕਲਦੀ। ਉਸ ਦੇ ਚਿਹਰੇ 'ਤੇ ਅੰਤਾਂ ਦਾ ਗੁੱਸਾ ਹੁੰਦਾ। ਉਹ ਪੁੱਛਦੀ ਤੂੰ ਕਿਸ ਹੱਕ ਨਾਲ ਜੀਤਾਂ ਦਾ ਕਤਲ ਕੀਤਾ? ਜੀਤਾਂ ਨੂੰ ਰਾਜੂ ਖਾਤਰ ਭੇਜਿਆ ਸੀ ਤੇਰੇ ਖਾਤਰ ਨੀ। ਉਹ ਜਿਵੇਂ ਉਸ ਨੂੰ ਸਵਾਲ ਕਰ ਰਹੀ ਹੋਵੇ ਐਨੇ ਸਾਲ ਇਕੱਲਾ ਰਹਿ ਕੇ ਤੂੰ ਕਿਹੜਾ ਕਿਸੇ ਹੋਰ ਔਰਤ ਨਾਲ ਹਮਬਿਸਤਰੀ ਨੀ ਕੀਤੀ! ਜੀਤਾਂ ਦੇ ਜ਼ਜ਼ਬਾਤ ਉਸ ਨੂੰ ਇਕ ਛੱਲ ਵਾਂਗ ਬਹਾ ਕੇ ਲੈ ਗਏ ਤੇ ਤੂੰ ਉਹਦਾ ਕਤਲ ਕਰ ਦਿੱਤਾ। ਪਹਿਲਾਂ ਆਵਦੇ ਬਾਰੇ ਤਾਂ ਸੋਚਦਾ।

ਸ਼ੇਰਾ ਮਰਦ ਹੋਣ ਦਾ ਸਹਾਰਾ ਲੈਂਦਾ। ਔਰਤ ਦੀ ਇੱਜ਼ਤ ਤਾਂ ਹੈ ਈ ਪਤੀ-ਵਰਤਾ ਹੋਣ 'ਚ ਆ! ਜੀਤਾਂ ਨੇ ਆਵਦੀ ਆਣ-ਇੱਜ਼ਤ ਦਾ ਖੁਦ ਈ ਕਤਲ ਕਰ ਲਿਆ।

ਇਹੋ ਜਿਹੀਆਂ ਸੋਚਾਂ ਉਸ ਨੂੰ ਘੇਰੀ ਰਖਦੀਆਂ। ਉਸ ਨੂੰ ਹੁਣ ਜੀਤਾਂ 'ਤੇ ਓਨਾ ਗੁੱਸਾ ਨਹੀਂ ਸੀ ਆਉਂਦਾ ਪਰ ਉਹ ਉਸ ਨੂੰ ਮੁਆਫ਼ ਵੀ ਨਹੀਂ ਸੀ ਕਰ ਸਕਿਆ। ਹੁਣ ਉਸ ਦੇ ਮਨ ਵਿਚ ਹੋਰ ਸਵਾਲ ਉੱਠਦੇ। ਜੇ ਉਹ ਬਰੀ ਹੋ ਕੇ ਜਾਂ ਕੈਦ ਕੱਟ ਕੇ ਘਰ ਜਾਵੇਗਾ ਤਾਂ ਰਾਜੂ ਉਸ ਬਾਰੇ ਕੀ ਸੋਚੇਗਾ? ਕਿਤੇ ਅਜਿਹਾ ਤਾਂ ਨਹੀਂ ਹੋਵੇਗਾ ਕਿ ਰਾਜੂ ਉਸ ਨਾਲ ਕਲਾਮ ਹੀ ਨਾ ਕਰੇ! ਪੱਛਮੀ ਸਭਿਅੱਤਾ ਵਿਚ ਪਲਦਾ ਰਾਜੂ ਜੀਤਾਂ ਦੇ ਮਾਮਲੇ ਨੂੰ ਵੱਖਰੇ ਨਜ਼ਰੀਏ ਤੋਂ ਵੇਖੇਗਾ। ਸ਼ੇਰਾ ਦਿਨੋ ਦਿਨ ਉਦਾਸ ਰਹਿਣ ਲੱਗਿਆ।

ਸ਼ੇਰੇ ਦੇ ਮਨ ਵਿਚ ਆਇਆ ਤੇ ਉਸ ਨੇ ਜਿਨਾਂ ਕੁ ਉਸ ਨੂੰ ਪਾਠ ਯਾਦ ਸੀ, ਓਨਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਵਾਲ ਕੱਟਣੇ ਛੱਡ ਦਿੱਤੇ ਤੇ ਨਾਜਰ 'ਤੇ ਮਾਸਟਰ ਨੂੰ ਮਿਲਣ ਆਉਣ ਲਈ ਬੇਨਤੀ ਕੀਤੀ। ਨਾਜਰ ਨੂੰ ਉਸ ਨੇ ਪੱਗ ਲਿਆਉਣ ਲਈ ਵੀ ਕਹਿ ਦਿੱਤਾ।

'ਮਾਸਟਰ ਜੀ ਮੰਗਲਵਾਰ ਨੂੰ ਫੇਰ ਆਪਾਂ ਸ਼ੇਰੇ ਨੂੰ ਮਿਲਣ ਜਾਣਾ। ਹੋਰ ਤਾਂ ਉਹਨੇ ਕੁਸ ਨੀ ਕਿਹਾ ਲਿਆਉਣ ਨੂੰ। ਸ਼ੇਰੇ ਨੇ ਗੁਟਕਾ ਲਿਆਉਣ ਨੂੰ ਕਿਹਾ ਆਪਾਂ ਲੈ ਚੱਲਾਂਗੇ।' ਨਾਜਰ ਹੈਰਾਨ ਸੀ।

'ਸ਼ੇਰਾ ਤੇ ਗੁਟਕਾ—ਮੈਨੂੰ ਸਮਝ ਨੀ ਆਈ।'

'ਮੁਨੱਖ ਦਾ ਮਨ ਥਾਲੀ ਦੇ ਪਾਣੀ ਵਾਂਗ ਹੁੰਦਾ। ਜਦੋਂ ਮਨ ਟਿਕਾਣੇ ਨਾ ਰਹੇ ਤਾਂ ਉਹ ਕੋਈ ਸਹਾਰਾ ਭਾਲਦਾ। ਧਰਮ ਮਨੁੱਖ ਨੂੰ ਸਹਾਰਾ ਈ ਦਿੰਦਾ। ਨਾਜਰਾ ਬੰਦਾ ਜਦੋਂ ਬਦਲਣ ਲਗਦਾ ਉਹਦਾ ਪਤਾ ਨੀ ਲਗਦਾ। ਮੈਨੂੰ ਤਾਂ ਲਗਦਾ ਉਹ ਹੁਣ ਆਵਦੀ ਭੁੱਲ ਗੁਰੂ ਤੋਂ ਬਖਸ਼ਾਉਣਾ ਚਾਹੁੰਦਾ—ਊਂ ਭਾਵੇਂ ਉਹ ਮੰਨੇ ਨਾ।' ਮਾਸਟਰ ਮੁਸਕਰਾਇਆ।

'ਪਤਾ ਨੀ ਮਾਸਟਰ ਜੀ। ਘਰ ਤਾਂ ਪੱਟਿਆ ਗਿਆ। ਹੁਣ ਗੁਰੂ ਚਾਹੇ ਭੁੱਲ ਬਖਸ਼ ਦੇਵੇ ਚਾਹੇ ਨਾ।' ਨਾਜਰ ਨੇ ਹਾਉਕਾ ਭਰਿਆ।

ਉਹ ਸਮੇਂ ਸਿਰ ਜੇਲ੍ਹ ਵਿਚ ਮੁਲਾਕਾਤ ਲਈ ਪਹੁੰਚ ਗਏ। ਹੋਰ ਲੋਕ ਵੀ ਮੁਲਾਕਤਾਂ ਲਈ ਪਹੁੰਚੇ ਹੋਏ ਸਨ। ਕੈਦੀਆਂ ਦੇ ਵੱਖੋ ਵੱਖ ਰੰਗਾਂ ਦੇ ਕੱਪੜੇ ਪਾਏ ਹੋਏ ਸਨ। ਨਾਜਰ ਨੇ ਮਾਸਟਰ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੂੰ ਵੀ ਪਤਾ ਨਹੀਂ ਸੀ। ਮੁਲਕਾਤ ਦਾ ਸਮਾਂ ਹੋ ਗਿਆ ਤਾਂ ਉਹਨਾਂ ਨੂੰ ਸ਼ੇਰੇ ਨੂੰ ਮਿਲਣ ਲਈ ਲਿਜਾਇਆ ਗਿਆ। ਸ਼ੇਰੇ ਦੀ ਵਧੀ ਦਾਹੜੀ ਵੇਖ ਕੇ ਦੋਵੇਂ ਹੀ ਹੈਰਾਨ ਹੋ ਗਏ। ਵੈਸੇ ਵੀ ਉਸ ਦੇ ਚਿਹਰੇ 'ਤੇ ਅਜੀਬ ਜਿਹੀ ਗੰਭੀਰਤਾ ਤੇ ਅਸਥਿਰਤਾ ਸੀ ਜਿਸ ਨੂੰ ਮਾਸਟਰ ਨੇ ਸਮਝਣ ਦੀ ਕੋਸ਼ਿਸ਼ ਕੀਤੀ। ਪਰ ਅਸਫ਼ਲ ਰਿਹਾ।

'ਹੋਰ ਸੁਣਾ ਸ਼ੇਰ ਸਿਆਂ।' ਕਹਿ ਕੇ ਉਹਨਾਂ ਨੇ ਘਰ ਅਤੇ ਰਾਜੂ ਬਾਰੇ ਸਭ ਵਿਸਥਾਰ ਨਾਲ ਦੱਸਿਆ ਤੇ ਗੁਟਕਾ ਉਸ ਦੇ ਹਵਾਲੇ ਕਰ ਦਿੱਤਾ। ਉਸ ਨੇ ਗੁਟਕਾ ਮੱਥੇ ਨੂੰ ਛੁਹਾਇਆ ਤੇ ਸਤਿਕਾਰ ਨਾਲ ਫੜ ਲਿਆ।

'ਮਾਸਟਰ ਜੀ ਜੀਅ ਨੀ ਲਗਦਾ। ਮਨ ਓਦਰਿਆ ਜਿਆ ਰਹਿੰਦਾ। ਮੈਂ ਸੋਚਿਆ ਸ਼ੈਂਤ ਪਾਠ ਨਾਲ ਈ ਕੁਸ ਫਰਕ ਪੈ ਜੇ।' ਸ਼ੇਰੇ ਨੇ ਆਪਣਾ ਮਨ ਫਰੋਲਿਆ।

'ਆਹ ਤੂੰ ਚੰਗਾ ਕੀਤਾ ਜਿਹੜਾ ਪਾਠ ਕਰਨ ਲੱਗ ਗਿਆਂ। ਮਨ ਦੂਜੇ ਪਸੇ ਲੱਗ ਜਾਏ ਤਾਂ ਜੀਅ ਵੀ ਲੱਗਣ ਲੱਗ ਜਾਊ।'

'ਮੈਂ ਤਾਂ ਅੰਮ੍ਰਿਤ-ਪਾਣ ਕਰਨ ਦਾ ਮਨ ਬਣਾਈ ਬੈਠਾਂ। ਪਰ ਜੇਲ੍ਹ 'ਚ ਸੁੱਚਮ ਨੀ ਰਹਿੰਦੀ।'

'ਸ਼ੇਰ ਸਿਆਂ ਪਹਿਲਾਂ ਮਨ ਸੁੱਚਾ ਕਰਕੇ ਅੰਮ੍ਰਿਤਪਾਣ ਯੋਗ ਬਣਾਉਣਾ ਚਾਹੀਦਾ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਪਰਾਇਆ ਹੱਕ, ਊਚ ਨੀਚ, ਨਾ-ਬਰਾਬਰਤਾ ਵਰਗੀਆਂ ਮਲਾਮਤਾਂ 'ਤੇ ਕਾਬੂ ਪਾਉਣ ਲਈ ਸਾਧਨਾ ਕਰਨੀ ਚਾਹੀਦੀ ਆ। ਜਿਵੇਂ ਜਿਵੇਂ ਸਾਧਨਾ ਸਫ਼ਲ ਹੋਈ ਜਾਂਦੀ ਆ ਬੰਦੇ ਦਾ ਸਵੈ-ਵਿਸ਼ਵਾਸ਼ ਵਧਦਾ ਜਾਂਦਾ। ਬਹੁਤ ਔਖਿਆਈਆਂ ਵਿਚੋਂ ਦੀ ਗੁਜ਼ਰਨਾ ਪੈਂਦਾ ਸ਼ੇਰ ਸਿਆਂ—ਸਹੀ ਅਰਥਾਂ 'ਚ ਅੰਮ੍ਰਿਤਪਾਣ ਕਰਨ ਯੋਗ ਹੋਣ ਲਈ।'

'ਬਹੁਤ ਔਖੈ। ਸ਼ਿੰਦਰ ਈ ਨੀ ਖਹਿੜਾ ਛੱਡਦੀ। ਜਦੋਂ ਉਹਦੇ ਕੋਲ ਪਹੁੰਚਿਆ ਤਾਂ ਪਤਾ ਨੀ ਕੀ ਕਰੂ।' ਸ਼ੇਰਾ ਜਿਵੇਂ ਕਿਸੇ ਡੂੰਘੇ ਖੂਹ ਵਿਚੋਂ ਬੋਲ ਰਿਹਾ ਹੋਵੇ।

'ਢਾਹੂ ਸੋਚੀਦਾ ਨੀ ਤੇ ਨਾ ਈ ਗੱਲਾਂ ਕਰੀਦੀਆਂ। ਵਾਹ ਲਗਦੀ ਸ਼ਾਇਦ ਤੈਨੂੰ ਸਜ਼ਾ ਨਾ ਈ ਹੋਵੇ ਜਾਂ ਮਾੜੀ ਮੋਟੀ ਹੋ ਜੇ। ਵੈਸੇ ਵੀ ਏਸ ਦੇਸ਼ 'ਚ ਤਾਂ ਫਾਂਸੀ ਦੀ ਸਜ਼ਾ ਬੰਦ ਕੀਤੀ ਹੋਈ ਆ। ਤੂੰ ਚੰਗਾ ਸੋਚੇਂਗਾ ਤਾਂ ਮਨ ਵੀ ਚੰਗਾ ਮਹਿਸੂਸ ਕਰੂ।' ਮਾਸਟਰ ਨੇ ਉਸ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ।

'ਯਾਰ ਆਹ ਅੱਡੋ ਅੱਡ ਰੰਗਾਂ ਦੇ ਕੱਪੜੇ ਕਿਉਂ ਪਾਏ ਹੋਏ ਆ ਕੈਦੀਆਂ ਦੇ?' ਨਾਜਰ ਨੇ ਗੱਲ ਨੂੰ ਮੋੜਾ ਦਿੱਤਾ।

'ਸੰਤਰੀ ਰੰਗ ਤਾਂ ਬਹੁਤ ਭੈੜੇ ਵਰਤਾਅ ਵਾਲਿਆਂ ਲਈ ਆ ਤੇ ਨੀਲਾ ਚੰਗੇ ਚਾਲਚਲਣ ਆਲਿਆਂ ਵਾਸਤੇ ਆ। ਹਰਾ ਜਿਹਦਾ ਆਤਮ-ਹੱਤਿਆ ਕਰਨ ਦਾ ਖਤਰਾ ਹੋਵੇ।'

ਘੰਟੀ ਖੜਕੀ ਤੇ ਮੁਲਾਕਾਤ ਦਾ ਸਮਾਂ ਖਤਮ ਹੋ ਗਿਆ ਸੀ। ਇਕ ਵਾਰ ਫੇਰ ਉਸ ਨੂੰ ਬੇਫਿਕਰ ਰਹਿਣ ਦਾ ਰਸਮੀ ਜਿਹਾ ਸੁਨੇਹਾ ਦੇ ਕੇ ਉਹ ਬਾਹਰ ਆ ਗਏ।

ਕਾਰ ਪਾਰਕ ਵਿਚ ਗਏ ਤਾਂ ਦੋ ਵੱਡੀ ਉਮਰ ਦੀਆਂ ਔਰਤਾਂ ਆ ਰਹੀਆਂ ਸਨ। ਨਾਜਰ ਕਾਰ ਦੀ ਡੋਰ ਖੋਲ੍ਹਣ ਦੀ ਥਾਂ ਉਹਨਾਂ ਵੱਲ ਵੇਖਣ ਲੱਗਾ ਤਾਂ ਮਾਸਟਰ ਬੋਲਿਆ, 'ਆ ਜਾ ਅੰਦਰ, ਇਹਨਾਂ 'ਚੋਂ ਕੀ ਲਭਦਾਂ?'

'ਦੋਹਾਂ ਔਰਤਾਂ ਦੀਆਂ ਸਕਰਟਾਂ ਵੱਲ ਦੇਖੋ। ਇਕ ਦੀ ਗੋਡਿਆਂ ਤੋਂ ਵੀ ਉੱਤੇ ਐ ਤੇ ਦੂਜੀ ਦੀ ਪਿੰਜਣੀਆਂ ਤੋਂ ਥੱਲੇ।'

'ਆਹੋ ਜੀ ਹੁਣ ਸਮੇਂ ਬਦਲ ਗਏ ਐ। 62 ਤੋਂ ਬਾਅਦ ਬਹੁਤ ਤਬਦੀਲੀ ਆ ਰਹੀ ਆ। ਕਲਚਰ, ਫੈਸ਼ਨ, ਸੋਚ ਸਭ ਬਦਲ ਰਿਹੈ। ਲੰਡਨ ਦੇਖ ਲਾ ਨਵੀਆਂ ਅਸਮਾਨ ਛੋਹਦੀਆਂ ਬਿਲਡਿੰਗਾਂ ਵਾਲਾ ਸ਼ਹਿਰ ਬਣੀ ਜਾਂਦਾ। ਦੁਨੀਆਂ ਭਰ ਦੀ ਆਰਥਿਕ ਰਾਜਧਾਨੀ ਬਣਿਆ ਸਮਝ। ਰੇਲਾਂ ਦੀ ਥਾਂ ਕਾਰਾਂ ਲਈ ਜਾਂਦੀਆਂ। ਮਸ਼ੀਨਾਂ ਨਾਲ ਉਤਪਾਦਨ ਵਧੀ ਜਾਂਦਾ। ਕੰਮ ਧੰਦੇ ਦੀ ਹਾਲਤ ਚੰਗੀ ਆ। ਦੋ ਸਾਲ ਪਹਿਲਾਂ (1968) ਫੋਰਡ ਫੈਕਟਰੀ 'ਚ ਸਾਢੇ ਅੱਠ ਸੌ ਔਰਤਾਂ ਦੀ ਹੜਤਾਲ ਤਾਂ ਤੈਨੂੰ ਯਾਦ ਈ ਹੋਊ। ਉਹ ਮੰਗ ਕਰਦੀਆਂ ਸੀ ਕਿ ਜਦੋਂ ਅਸੀਂ ਕੰਮ ਆਦਮੀਆਂ ਵਾਲੇ ਕਰਦੀਆਂ ਤਾਂ ਸਾਡੀ ਤਨਖਾਹ ਵੀ ਬਰਾਬਰ ਚਾਹੀਦੀ ਐ। ਤਨਖਾਹ ਲਿੰਗ ਦੇ ਅਧਾਰ 'ਤੇ ਨੀ ਕੰਮ ਦੇ ਅਧਾਰ 'ਤੇ ਹੋਣੀ ਚਾਹੀਦੀ ਐ। ਹੁਣ ਦੇਖ ਲਾ ਸਰਕਾਰ ਨੂੰ ਕਨੂੰਨ ਬਣਾਉਣਾ ਪੈ ਗਿਆ। ਜਨਾਨੀਆਂ ਹੁਣ ਸਿਰਫ ਹਾਊਸ ਵਾਈਫ ਦੀ ਥਾਂ ਨੌਕਰੀ ਵੀ ਕਰਦੀਆਂ ਤੇ ਆਜ਼ਾਦੀ ਨਾਲ ਐਸ਼ ਕਰਦੀਆਂ। ਪਿਛਲੇ ਚਾਰ ਪੰਜ ਸਾਲਾਂ 'ਚ ਵਾਹਵਾ ਲੋਕ ਬਾਹਰਲੇ ਦੇਸ਼ਾਂ 'ਚ ਛੁੱਟੀਆਂ ਲਈ ਵੀ ਜਾਣ ਲੱਗ ਪਏ ਆ--।'

'ਆਹੋ ਜੀ ਬਦਲ ਤਾਂ ਆਪਣਾ ਸਾਊਥਾਲ ਬਰਾਡਵੇ ਵੀ ਕਿੰਨਾ ਗਿਆ। ਏਸ਼ੀਅਨਾਂ ਦੀਆਂ ਦੁਕਾਨਾਂ ਖੁੱਲ੍ਹਦੀਆਂ। ਆਪਾਂ ਵੀ ਤਿੰਨ ਕੁ ਹਫ਼ਤਿਆਂ 'ਚ ਬਰਾਡਵੇ 'ਤੇ ਚਲੇ ਜਾਣਾ। ਦੋ ਦਕਾਨਾਂ ਜੜੁੱਤ ਲੈ ਲਈਆਂ ਤੇ ਇਹਦਾ ਵੀ ਸੌਦਾ ਹੋ ਗਿਆ।' ਨਾਜਰ ਨੇ ਚਾਅ ਨਾਲ ਦੱਸਿਆ।

ਉਹ ਗੱਲਾਂ ਕਰਦੇ ਦੁਕਾਨ ਬੰਦ ਕਰਨ ਦੇ ਸਮੇਂ ਤੱਕ ਘਰ ਆ ਗਏ। ਦੁਕਾਨ ਅੱਗੇ ਕਾਰ ਖੜ੍ਹੀ ਕੀਤੀ ਤਾਂ ਰਾਜੂ ਦੁਕਾਨ ਵਿਚੋਂ ਭੱਜ ਕੇ ਆਇਆ, 'ਹੈਲੋ ਅੰਕਲ ਜੀ।' ਕਹਿੰਦਿਆਂ ਉਸ ਨੇ ਦੋਵਾਂ ਨਾਲ ਹੱਥ ਮਿਲਾਏ ਤੇ ਕਾਂਊਟਰ 'ਤੇ ਖੜ੍ਹੀ ਪ੍ਰੀਤੋ ਕੋਲ ਚਲਾ ਗਿਆ।

'ਮੰਮੀ ਮੈਂ ਖੜ੍ਹ ਜਾਨਾ ਹੁਣ ਤਾਂ ਅੰਕਲ ਆ ਗੇ। ਤੁਸੀਂ ਉੱਪਰ ਚਲੇ ਜਾਓ।' ਪ੍ਰੀਤੋ ਨੇ ਉਸ ਦੇ ਸਿਰ 'ਤੇ ਹੱਥ ਫੇਰਿਆ ਤੇ ਪੌੜੀਆਂ ਚੜ੍ਹ ਗਈ।

'ਮਾਸਟਰ ਜੀ ਰਾਜੂ ਪ੍ਰੀਤੋ ਨੂੰ ਤਾਂ ਮੰਮੀ ਕਹਿੰਦਾ ਤੇ ਮੈਨੂੰ ਅੰਕਲ ਨਾਲ ਈ ਸਾਰ ਦਿੰਦਾ।' ਨਾਜਰ ਨੇ ਮੋਹ ਨਾਲ ਉਸ ਵੱਲ ਵੇਖਦਿਆਂ ਕਿਹਾ।

ਰਾਜੂ ਦਾ ਮੂੰਹ ਸ਼ਰਮ ਨਾਲ ਲਾਲ ਹੋ ਗਿਆ ਸੀ। ਓਦੋਂ ਹੀ ਕੋਈ ਗਾਹਕ ਕਿਸੇ ਚੀਜ਼ ਦੇ ਪੈਸੇ ਦੇਣ ਲਈ ਕਾਂਊਟਰ 'ਤੇ ਆ ਗਿਆ ਤਾਂ ਰਾਜੂ ਉਸ ਨੂੰ ਸਰਵ ਕਰਨ ਲੱਗਾ।

'ਰਾਜੂ ਤੂੰ ਵੀ ਚਲਾ ਜਾਹ ਪੁੱਤ। ਅਸੀਂ ਵੀ ਆਏ ਦੁਕਾਨ ਬੰਦ ਕਰਕੇ।' ਨਾਜਰ ਨੇ ਰਾਜੂ ਨੂੰ ਵੀ ਛੁੱਟੀ ਕਰ ਦਿੱਤੀ।

'ਰਾਜੂ ਬਹੁਤ ਘੁੱਲ ਮਿਲ ਗਿਆ ਥੋਡੇ ਨਾਲ। ਚੰਗੀ ਗੱਲ ਐ।'

'ਮਾਸਟਰ ਜੀ ਰਾਜੂ ਤਾਂ ਸਾਨੂੰ ਪੈਵ ਅਰਗਾ ਈ ਆ। ਇਕ ਦਿਨ ਸੋਸ਼ਲ ਵਰਕਰ ਆਈ ਤੇ ਕਹਿੰਦੀ ਤੁਸੀਂ 'ਫੌਸਟਰ ਪੇਰੈਂਟਸ' ਐ ਤੇ ਸਰਕਾਰ ਤੋਂ ਪੈਸੇ ਵਸੂਲ ਕਰਨਾ ਥੋਡਾ ਹੱਕ ਬਣਦਾ। ਪ੍ਰੀਤੋ ਕਹਿੰਦੀ ਇਹਨੂੰ ਕਹਿ ਦਿਉ ਅਸੀਂ ਨੀ ਪੈਸਾ ਲੈਣਾ ਕੋਈ। ਇਹਦੇ ਬਾਰੇ ਮੁੜ ਕੇ ਕੋਈ ਗੱਲ ਨਾ ਕਰਨ। ਫਰਕ ਵੀ ਕੋਈ ਨੀ ਮਾਸਟਰ ਜੀ। ਇਹ ਦੋਵੇਂ ਮੁੰਡੇ ਇਕ ਕਮਰੇ 'ਚ ਸੌਂਦੇ ਆ, ਖੇਡਦੇ ਕੁਦਦੇ ਆ ਤੇ ਮੌਜ ਕਰਦੇ ਆ।'

ਨਾਜਰ ਸ਼ਟਰ ਬੰਦ ਕਰਨ ਲਈ ਬਾਹਰ ਚਲਾ ਗਿਆ। ਉਹ ਅਜੇ ਬੰਦ ਕਰ ਰਿਹਾ ਸੀ ਕਿ ਆਸਿਫ ਆ ਗਿਆ। ਹੈਰਾਨੀ ਨਾਲ ਨਾਜਰ ਨੇ ਉਸ ਨੂੰ ਜੱਫੀ ਪਾ ਲਈ ਤੇ ਇਕ ਬਚਪਨ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਮੁਸਕਰਾਉਣ ਲੱਗਾ। ਨੂਰੇ ਬਾਰੇ ਪੁੱਛਣ ਤੋਂ ਪਹਿਲਾਂ ਉਸ ਨੇ ਉਸ ਨੂੰ ਬੀਅਰ ਦਾ ਡੱਬਾ ਫੜਾ ਦਿੱਤਾ। ਦੁਕਾਨ ਬੰਦ ਕਰ ਦਿੱਤੀ ਤੇ ਤਿੰਨੇ ਬੀਅਰ ਦੀਆਂ ਚੁਸਕੀਆਂ ਲੈਣ ਲੱਗੇ।

'ਕਿਵੇਂ ਰਿਹਾ ਦੇਸ ਦਾ ਸਫਰ?'

'ਠੀਕ ਸੀ---ਪਰ ਤੇਰੇ ਵਾਸਤੇ ਕੋਈ ਚੰਗੀ ਖ਼ਬਰ ਨੀ।'

ਨਾਜਰ ਕੁਝ ਬੋਲਣ ਦੀ ਥਾਂ ਉਸ ਵੱਲ ਅੱਖਾਂ ਚੌੜੀਆਂ ਕਰੀ ਵੇਖਣ ਲੱਗਾ।

'ਨੂਰਾ ਤਾਂ ਵਿਚਾਰਾ ਪਾਕਿਸਤਾਨ ਪਹੁੰਚ ਨੀ ਸਕਿਆ ਰਾਹ 'ਚ ਈ ਮਾਰਿਆ ਗਿਆ ਸੀ। ਮੈਨੂੰ ਬਹੁਤ ਅਫਸੋਸ ਆ।'

'ਬਾਕੀ ਦਾ ਪਰਵਾਰ?'

'ਮਾਂ-ਪਿਉ ਠੀਕ ਪਹੁੰਚ ਗੇ ਸੀ। ਇਕ ਭੈਣ ਨੂੰ ਚੁੱਕ ਕੇ ਲੈ ਗਏ ਸੀ ਉਹਦਾ ਕੋਈ ਪਤਾ ਨੀ ਲੱਗਿਆ। ਦੂਜੇ ਦੋਵੇਂ ਭਰਾ ਠੀਕ ਆ।'

'ਪਰ ਉਹਨੇ ਗਰੀਬ ਨੇ ਕਿਸੇ ਦਾ ਕੀ ਵਿਗਾੜਿਆ ਸੀ?' ਨਾਜਰ ਬਹੁਤ ਉਦਾਸ ਹੋ ਗਿਆ ਸੀ। ਕੁਝ ਦੇਰ ਬਾਅਦ ਮਾਸਟਰ ਨੇ ਬਟਵਾਰੇ ਦੇ ਕਾਰਨਾਂ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਬਾਹਰ ਕਿਣਮਿਣ ਹੋਣ ਲੱਗੀ ਤੇ ਹਨ੍ਹੇਰਾ ਪੱਸਰਣ ਲੱਗਾ ਸੀ।

## 20

ਟੋਨੀ ਨੂੰ ਜਾਗ ਆਈ ਤਾਂ ਉਸ ਨੇ ਘੂਕ ਸੁੱਤੀ ਪਈ ਕੈਲੀ ਵੱਲ ਵੇਖਿਆ। ਉਹ ਕੁਝ ਦੇਰ ਉਸ ਦੇ ਦਿਲਕਸ਼ ਮੂੰਹ ਵੱਲ ਵੇਖਦਾ ਰਿਹਾ। ਉਹ ਉਸ ਦੀ ਨੀਂਦ ਖਰਾਬ ਨਹੀਂ ਸੀ ਕਰਨੀ ਚਾਹੁੰਦਾ। ਪਰ ਉਸ ਦੇ ਮਨ ਵਿਚ ਮੋਹ ਦੇ ਵਲਵਲੇ ਨੇ ਝੱਖੜ ਜਿਹਾ ਪੈਦਾ ਕਰ ਦਿੱਤਾ। ਉਹ ਆਪਣੇ ਆਪ ਨੂੰ ਰੋਕ ਨਾ ਸਕਿਆ ਤੇ ਪੋਲਾ ਜਿਹਾ ਸਿਰ ’ਤੇ ਚੁੰਮਣ ਦਿੱਤਾ। ਉਸ ਨੂੰ ਪਤਾ ਨਹੀਂ ਸੀ ਕਿ ਅਸਲ ਵਿਚ ਉਹ ਵੀ ਸੁੱਤੀ ਹੋਈ ਨਹੀਂ ਸੀ। ਉਹ ਜਾਗਦੀ ਹੋਈ ਸੌਣ ਦਾ ਬਹਾਨਾ ਬਣਾ ਕੇ ਟੋਨੀ ਨਾਲ ਬਿਤਾਈ ਸ਼ਾਮ ਬਾਰੇ ਸੋਚ ਰਹੀ ਸੀ। ਟੋਨੀ ਵੀ ਮਨ ਹੀ ਮਨ ਉਸ ਨੂੰ ਹਰ ਹਫ਼ਤੇ ਮਿਲਣ ਦਾ ਵਾਇਦਾ ਕਰ ਰਿਹਾ ਸੀ। ਕਾਫੀ ਦੇਰ ਬਾਅਦ ਉਹ ਫਿਰ ਇਕ-ਮਿਕ ਹੋ ਗਏ ਸਨ। ਜਦ ਟੋਨੀ ਨੇ ਉਸ ਦੇ ਸਿਰ ’ਤੇ ਚੁੰਮਣ ਦਿੱਤਾ ਤਾਂ ਕੈਲੀ ਨੇ ਆਪਣੀਆਂ ਬਾਹਾਂ ਉਸ ਦੇ ਗਲ ਦੁਆਲੇ ਵਲ ਲਈਆਂ।

‘ਜੇ ਚੁੰਮਣਾ ਈ ਆ ਤਾਂ ਕੰਜੂਸੀ ਨਾਲ ਨਾ ਚੁੰਮ।’ ਕਹਿੰਦਿਆਂ ਉਸ ਨੇ ਉਸ ਨੂੰ ਭਰਵਾਂ ਚੁੰਮਣ ਦਿੱਤਾ।

ਕੁਝ ਦੇਰ ਉਹ ਗੱਲਾਂ ਕਰਦੇ ਰਹੇ। ਪੁਰਾਣੀਆਂ ਨਵੀਆਂ ਯਾਦਾਂ ਨੂੰ ਫਰੋਲਦੇ ਰਹੇ। ਟੋਨੀ ਦੇ ਫ਼ੋਨ ’ਤੇ ‘ਅਲਰਟ’ ਦੀ ਘੰਟੀ ਵੱਜੀ। ਉਸ ਨੇ ਵੇਖਿਆ ਸਕੌਟ ਦੀ ਈ ਮੇਲ ਸੀ।

ਅੱਜ ਚਾਰ ਵਜੇ ਸ਼ਾਮ ਦਫ਼ਤਰ ਵਿਚ ਪੇਸ਼ ਹੋਵੋ।

ਟੋਨੀ ਹੈਰਾਨ ਸੀ ਪੇਸ਼ ਹੋਣ ਦਾ ਕੀ ਮਤਲਬ! ਉਹ ਕੈਲੀ ਨਾਲ ਇਸ ਬਾਰੇ ਕੋਈ ਗੱਲ ਕਰਨ ਦੀ ਥਾਂ ਉਸ ਨਾਲ ਨਿੱਜੀ ਗੱਲਾਂ ਕਰਨ ਲੱਗਾ। ਕੁਝ ਦੇਰ ਬਾਅਦ ਉਹ ਦੋਵੇਂ ਕਿਚਨ ਵਿਚ ਚਲੇ ਗਏ ਤੇ ਨਾਸ਼ਤਾ ਤਿਆਰ ਕਰਨ ਲੱਗੇ। ਕੌਫੀ ਪੀਂਦਿਆਂ ਟੋਨੀ ਨੇ ਉਸ ਨੂੰ ਸ਼ੁਕਰਵਾਰ ਆਪਣੇ ਕੋਲ ਸਲੋਹ ਆਉਣ ਦਾ ਸੱਦਾ ਦਿੱਤਾ ਤਾਂ ਉਸ ਨੇ ਹਾਂ ਕਰ ਦਿੱਤੀ। ਕੁਝ ਦੇਰ ਬਾਅਦ ਉਹ ਯੂਨੀਵਰਸਟੀ ਚਲੀ ਗਈ ਤੇ ਟੋਨੀ ਆਪਣੀ ਕਾਰ ਵਿਚ ਆ ਬੈਠਾ। ਰਸਤੇ ਵਿਚ ਕਈ ਵਾਰ ਉਸ ਨੂੰ ਸਕੌਟ ਦੀ ਈਮੇਲ ਦਾ ਖਿਆਲ ਆਇਆ ਤੇ ਗੁੱਸਾ ਵੀ। ਇਸ ਖਿਆਲ ਨੂੰ ਮਨੋ ਕੱਢ ਕੇ ਉਹ ਰੰਧਾਵੇ ਬਾਰੇ ਸੋਚਣ ਲੱਗਾ। ਉਸ ਨੂੰ ਬੌਬ ਕਿਸੇ ਵੱਡੇ ਖੇਲ੍ਹ ਦਾ ਖਿਡਾਰੀ ਲੱਗ ਰਿਹਾ ਸੀ। ਉਸ ਕੋਲ ਕੋਈ ਸਬੂਤ ਨਹੀਂ ਸੀ ਪਰ ਉਸ ਨੇ ਕਲੱਬ ਵਿਚ ਨਸ਼ੇ ਵਿਕਦੇ ਤਾਂ ਵੇਖੇ ਹੀ ਸਨ। ਮਾਲਕਾਂ ਦੀ ਮਿਲੀ ਭੁਗਤ ਬਿਨਾਂ ਇਹ ਸੰਭਵ ਨਹੀਂ ਸੀ। ਜੇ ਕਦੀ ਕੋਈ ਫਸ ਗਿਆ ਤਾਂ ਉਹ ਸਾਫ਼ ਬਚ ਜਾਣਗੇ ਕਿ ਉਹਨਾਂ ਨੂੰ ਤਾਂ ਕੁਝ ਪਤਾ ਹੀ ਨਹੀਂ। ਮੈਨੇਜਰ ਫਸ ਜਾਵੇਗਾ ਤੇ ਸ਼ਾਇਦ ਉਹ ਵੀ ਉਸ ਦੇ ਪਿਉ ਵਾਂਗ ਜੇਲ੍ਹ ਦੀਆਂ ਸੀਖਾਂ ਪਿੱਛੇ ਪਹੁੰਚ ਜਾਵੇ।

ਕੁੜੀਆਂ ਨੂੰ ਵੀ ਉਸ ਨੇ ਅੱਖੀਂ ਵੇਖਿਆ ਸੀ। ਈਸਟਰਨ ਯੂਰਪ, ਏਸ਼ੀਆ ਤੇ ਅਫਰੀਕਾ ਤੋਂ ਮਜਬੂਰ ਅਤੇ ਗਰੀਬ ਪਰਿਵਾਰਾਂ ਦੀਆਂ ਕੁੜੀਆਂ ਨੂੰ ਵਰਗਲਾ ਕੇ ਪੱਛਮੀ

ਯੂਰਪ ਵਿਚ ਲਿਆਂਦਾ ਜਾਂਦਾ ਤੇ ਉਹਨਾਂ ਤੋਂ ਮਜਬੂਰਨ ਧੰਦਾ ਕਰਵਾਇਆ ਜਾਂਦਾ। ਟੋਨੀ ਨੂੰ ਲਗਦਾ ਸੀ ਬੌਬ ਹੋਰ ਵੀ ਗੈਰਕਨੂੰਨੀ ਕੰਮ ਕਰਦਾ ਹੋਵੇਗਾ। ਉਹ ਉਸ ਬਾਰੇ ਹੋਰ ਜਾਣਕਾਰੀ ਲੈਣੀ ਚਾਹੁੰਦਾ ਸੀ।

ਉਸ ਨੂੰ ਸਭ ਤੋਂ ਬੌਬ ਦਾ ਖਾਸ ਬੰਦਾ ਉਹੀ ਲੱਗਿਆ ਜਿਹੜਾ ਉਸ ਨੂੰ ਰੰਧਾਵੇ ਦੇ ਦਫ਼ਤਰ ਵਿਚ ਲੈ ਕੇ ਗਿਆ ਸੀ। ਰੰਧਾਵਾ ਉਸ ਨੂੰ ਟੌਮਸ਼ ਕਹਿ ਰਿਹਾ ਸੀ ਤੇ ਕਦੇ ਟੌਮ ਕਹਿ ਕੇ ਵੀ ਸੰਬੋਧਨ ਕਰਦਾ। ਉਹ ਵੀ ਪੋਲਿਸ਼ ਸੀ। ਟੋਨੀ ਉਸ ਬਾਰੇ ਹੋਰ ਜਾਣਨਾ ਚਾਹੁੰਦਾ ਸੀ। ਪਰ ਇਸ ਵੇਲੇ ਤਾਂ ਸਕੌਟ ਨਾਲ ਨਿਬੜਨਾ ਸੀ। ਪਰ ਕੀ ਕਾਰਨ ਹੋ ਸਕਦਾ ਸੀ?

ਕਾਰ ਘਰ ਅੱਗੇ ਖੜ੍ਹੀ ਕਰਕੇ ਉਹ ਦਫ਼ਤਰ ਵੱਲ ਨੂੰ ਤੁਰ ਪਿਆ। ਪੰਦਰਾਂ ਮਿੰਟਾਂ ਦਾ ਰਸਤਾ ਸੀ। ਕਾਰ ਪਾਰਕ ਕਰਨ ਲਈ ਕੋਈ ਥਾਂ ਲੱਭਣੀ ਵੀ ਅੱਜ ਕੱਲ੍ਹ ਤਾਂ ਮੁਹਿੰਮ ਵਾਲੀ ਗੱਲ ਹੀ ਸੀ। ਇਕ ਘਰ ਵਿਚ ਜਿੰਨੇ ਡਰਾਇਵਰ ਓਨੀਆਂ ਕਾਰਾਂ। ਕਿਸੇ ਨੇ ਦੋ ਸੌ ਗਜ਼ ਵੀ ਜਾਣਾ ਹੋਵੇ ਤਾਂ ਤੁਰਨ ਦੀ ਥਾਂ ਕਾਰ ਵਿਚ ਛਾਲ ਮਾਰ ਕੇ ਬੈਠ ਜਾਂਦਾ। ਟੋਨੀ ਨੂੰ ਸਕੂਲ ਤੁਰ ਕੇ ਜਾਣਾ ਪੈਂਦਾ ਸੀ। ਹੋਰ ਵੀ ਬੱਚੇ ਤੁਰ ਕੇ ਆਉਂਦੇ ਸਨ। ਇਕ ਦੂਜੇ ਨਾਲ ਦੌੜਾਂ ਲਗਾਉਂਦੇ। ਖੇਡਦੇ ਕੁੱਦਦੇ। ਉਦੋਂ ਵੀ ਕਾਰਾਂ ਵਿਚ ਬਹੁਤ ਬੱਚੇ ਆਉਂਦੇ ਸਨ ਪਰ ਹੁਣ ਤਾਂ ਕੋਈ ਪੈਦਲ ਜਾਂਦਾ ਹੀ ਨਹੀਂ। ਟੋਨੀ, ਸਕੌਟ ਨਾਲ ਦਿਲੋਂ ਔਖਾ-ਸੌਖਾ ਹੁੰਦਾ ਦਫ਼ਤਰ ਪਹੁੰਚ ਗਿਆ। ਰਿਸੈਪਸ਼ਨ ’ਤੇ ਕੋਈ ਨਵੀਂ ਕੁੜੀ ਬੈਠੀ ਸੀ। ਟੋਨੀ ਨੇ ਉਸ ਨੂੰ ਸਕੌਟ ਨਾਲ ਆਪਣੀ ਮੀਟਿੰਗ ਬਾਰੇ ਦੱਸਿਆ ਤਾਂ ਉਸ ਨੇ ਉਸ ਨੂੰ ਬੈਠਣ ਦਾ ਇਸ਼ਾਰਾ ਕਰ ਦਿੱਤਾ। ਚਾਰ ਵੱਜਣ ਵਿਚ ਅਜੇ ਪੰਜ ਸੱਤ ਮਿੰਟ ਰਹਿੰਦੇ ਸਨ। ਠੀਕ ਚਾਰ ਵਜੇ ਸਕੌਟ ਆ ਗਿਆ।

‘ਹੈਲੋ ਟੋਨੀ, ਆ ਜਾਹ।’ ਕਹਿ ਕੇ ਉਹ ਅੱਗੇ ਤੁਰ ਪਿਆ ਤੇ ਟੋਨੀ ਪਿੱਛੇ। ਉਹ ਮੀਟਿੰਗ ਰੂਮ ਵਿਚ ਚਲੇ ਗਏ ਤੇ ਆਹਮਣੇ-ਸਾਹਮਣੇ ਕੁਰਸੀਆਂ ’ਤੇ ਬੈਠ ਗਏ।

‘ਅਫਸੋਸ ਐ ਤੈਨੂੰ ਇੰਝ ਬੁਲਇਆ ਗਿਆ। ਮੈਨੂੰ ਤੇਰੇ ਨਾਲ ਕੋਈ ਗਿਲਾ ਨਹੀਂ ਤੇ ਨਾ ਹੀ ਕੋਈ ਸ਼ੱਕ ਐ। ਸਾਡੇ ਇਕ ਡਿਟੈਕਟਿਵ ਇੰਸਪੈਕਟਰ ਨੇ ਲਿਖਤੀ ਸ਼ਿਕਾਇਤ ਕੀਤੀ ਹੈ ਕਿ ਤੂੰ ਰੰਧਾਵੇ ਦੇ ਕੇਸ ਵਿਚ ਉਹਨਾਂ ਲਈ ਅੜਿੱਕਾ ਬਣ ਰਿਹਾ ਹੈਂ। ਮੇਰੀ ਡਿਊਟੀ ਇਸ ਦੀ ਪੜਤਾਲ ਕਰਨ ਦੀ ਲਗਾਈ ਗਈ ਹੈ। ਕੀ ਤੂੰ ਰੰਧਾਵੇ ਦੀ ਕਲੱਬ ਵਿਚ ਗਿਆ ਸੀ?’

‘ਉਸ ਕਲੱਬ ਵਿਚ ਹੋਰ ਵੀ ਲੋਕ ਸਨ।’ ਟੋਨੀ ਨੇ ਰੁੱਖਾ ਜਵਾਬ ਦਿੱਤਾ।

‘ਪਰ ਉਹ ਰੰਧਾਵੇ ਨੂੰ ਉਸ ਦੇ ਦਫ਼ਤਰ ਵਿਚ ਮਿਲਣ ਨਹੀਂ ਸੀ ਗਏ।’

‘ਰੰਧਾਵੇ ਨੂੰ ਮਿਲਣਾ ਅਪਰਾਧ ਕਿਵੇਂ ਬਣ ਗਿਆ ਤੇ ਪੜਤਾਲ—ਹਾਅ!’

‘ਦੇਖ ਟੋਨੀ ਮੇਰੀ ਰਾਇ ਐ ਤੂੰ ਇਸ ਕੇਸ ਤੋਂ ਪਾਸੇ ਰਹੇਂ ਤਾਂ ਚੰਗਾ। ਮੈਂ ਨਹੀਂ ਚਾਹੁੰਦਾ ਤੇਰਾ ਕਿਸੇ ਤਰਾਂ ਵੀ ਇਸ ਕੇਸ ਨਾਲ ਸਬੰਧ ਜੁੜ ਜਾਵੇ।’

ਟੋਨੀ ਚੁੱਪ ਸੀ। ਉਸ ਅੱਗੇ ਸਵਾਲ ਇਹ ਸੀ ਕਿ ਉਥੇ ਕੌਣ ਸੀ ਜਿਸ ਨੇ ਉਸ ਨੂੰ ਰੰਧਾਵੇ ਨੂੰ ਮਿਲਦਿਆਂ ਵੇਖਿਆ ਸੀ?

ਸਕੌਟ ਨੇ ਉਸ ਨਾਲ ਕੁਝ ਕੁ ਗੱਲਾਂ ਹੋਰ ਕੀਤੀਆਂ ਜਿਹਨਾਂ ਦਾ ਟੋਨੀ ਨੇ ਜਾਂ ਤਾਂ ਜਵਾਬ ਦਿੱਤਾ ਹੀ ਨਾ ਜਾਂ ਹੂੰ ਹਾਂ ਕਰ ਛੱਡੀ। ਸਕੌਟ ਨੇ ਕੁਰਸੀ ਤੋਂ ਉੱਠਦਿਆਂ ਉਸ ਨੂੰ ਜਾਣ ਦੀ ਇਜਾਜ਼ਤ ਦਾ ਇਸ਼ਾਰਾ ਕਰ ਦਿੱਤਾ। ਟੋਨੀ ਵੀ ਉਠ ਖੜ੍ਹਾ ਹੋਇਆ ਤੇ ਦਰਵਾਜ਼ੇ ਤੱਕ ਪਹੁੰਚ ਗਿਆ। ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਉਸ ਨੇ ਨੀਝ ਨਾਲ ਸਕੌਟ ਨੂੰ ਵੇਖਿਆ, ‘ਬੌਬ ਨੂੰ ਤੂੰ ਜਿੰਨਾ ਕੁ ਅਪਰਾਧੀ ਸਮਝਦਾਂ ਉਹ ਉਸ ਤੋਂ ਕਿਤੇ ਵੱਡਾ ਖਿਲਾੜੀ ਐ।’ ਕਹਿ ਕੇ ਟੋਨੀ ਬਾਹਰ ਨਿਕਲ ਗਿਆ ਤੇ ਉਸ ਨੇ ਸਕੌਟ ਵੱਲ ਇਕ ਵਾਰ ਵੀ ਮੁੜਕੇ ਨਾ ਵੇਖਿਆ। ਸਕੌਟ ਖੜ੍ਹਾ ਹੈਰਾਨੀ ਨਾਲ ਉਸ ਦੀ ਪਿੱਠ ਵੇਖਦਾ ਰਿਹਾ। ਉਸ ਨੂੰ ਪਤਾ ਸੀ ਟੋਨੀ ਇਸ ਤੋਂ ਅੱਗੇ ਇਕ ਸ਼ਬਦ ਵੀ ਨਹੀਂ ਬੋਲੇਗਾ। ਪਰ ਟੋਨੀ ਰੰਧਾਵਿਆਂ ਵਿਚ ਕਿਉਂ ਦਿਲਚਸਪੀ ਲੈ ਰਿਹਾ? ਕੇਸ ਤਾਂ ਹੋਰ ਵੀ ਬਥੇਰੇ ਐ ਕਾਊਂਟੀ ਵਿਚ। ਜੇ ਉਸ ਨੂੰ ਸਿਰਫ ਸ਼ੌਕ ਹੀ ਹੈ ਤਾਂ ਕਿਸੇ ਹੋਰ ਕੇਸ ਵਿਚ ਵੀ ਦਿਲਚਸਪੀ ਲਵੇ, ਪਰ ਨਹੀਂ। ਇਹ ਪਹੇਲੀ ਸਕੌਟ ਨੂੰ ਸਮਝ ਨਹੀਂ ਸੀ ਆਉਣੀ ਤੇ ਉਹ ਕਲਾਈਵ ਕੋਲ ਚਲਾ ਗਿਆ।

ਟੋਨੀ ਨੇ ਸਮਾਂ ਵੇਖਿਆ। ਸਵਾ ਪੰਜ ਹੋ ਗਏ ਸਨ। ਉਹ ਰਸਤੇ ਵਿਚ ਪੈਂਦੇ ਪੱਬ ਅੰਦਰ ਚਲਾ ਗਿਆ। ਬੀਅਰ ਦਾ ਗਲਾਸ ਤੇ ਫਿਸ਼ ਅਤੇ ਚਿਪਸ ਦਾ ਆਰਡਰ ਦੇ ਕੇ ਉਹ ਰੰਧਾਵੇ ਨਾਲ ਆਪਣੀ ਮੀਟਿੰਗ ਬਾਰੇ ਸੋਚਣ ਲੱਗਾ। ਅਚਾਨਕ ਉਸ ਦੇ ਦਿਮਾਗ ਵਿਚ ਆਇਆ ਕਿ ਸਕੌਟ ਦੇ ਬੰਦਿਆਂ ਨੇ ਉਸ ਕਲੱਬ ਵਿਚ ਆਪਣੇ ਸੈਂਸਰ ਫਿੱਟ ਕੀਤੇ ਹੋਏ ਸਨ ਤੇ ਉਹਨਾਂ ਨੂੰ ਸਾਰੀ ਜਾਣਕਾਰੀ ਮਿਲ ਰਹੀ ਸੀ। ਉਹ ਸੋਚਣ ਲੱਗਾ ਭਲਾ ਸੈਂਸਰ ਤੇ ਕੈਮਰੇ ਕਿੱਥੇ ਕਿੱਥੇ ਫਿੱਟ ਕੀਤੇ ਹੋਏ। ਬੀਅਰ ਦੀਆਂ ਘੁੱਟਾਂ ਭਰਦਿਆਂ ਤੇ ਫਿਸ਼ ਚਿਪਸ ਦਾ ਸੁਆਦ ਲੈਂਦਿਆਂ ਉਹ ਗੰਭੀਰਤਾ ਨਾਲ ਸੋਚ ਰਿਹਾ ਸੀ। ਇਸ ਵਾਰ ਰੰਧਾਵੇ ਦੀ ਥਾਂ ਕਿਸੇ ਹੋਰ ਦੀ ਗਰੀਬ ਮਾਰ ਨਹੀਂ ਹੋਣੀ ਚਾਹੀਦੀ। ਇਸ ਲਈ ਉਸ ਨੂੰ ਕੀ ਕਰਨਾ ਚਾਹੀਦਾ ਹੈ?

ਸਾਢੇ ਸੱਤ ਵਜੇ ਤੱਕ ਉਹ ਖਾਣਾ ਖਾ ਕੇ ਤੇ ਦੋ ਗਲਾਸ ਬੀਅਰ ਦੇ ਪੀ ਕੇ ਬਾਹਰ ਆ ਗਿਆ ਤੇ ਘਰ ਨੂੰ ਚੱਲ ਪਿਆ। ਘਰ ਪਹੁੰਚ ਕੇ ਉਸ ਨੇ ‘ਇਨਕਰਿਪਟਡ’ ਸੁਨੇਹਾ ਬਰਡ ਨੂੰ ਭੇਜਿਆ। ‘ਯੰਗ ਨਾਈਟ ਕਲੱਬ ਦੀ ਨਿਗਰਾਨੀ ਦਾ ਜਲਦੀ ਹੀ ਪ੍ਰਬੰਧ ਕਰਕੇ ਮੈਨੂੰ ਲਿੰਕ ਭੇਜੋ। ਧੰਨਵਾਦ।’

ਟੋਨੀ ਨੂੰ ਪਤਾ ਸੀ ਇਹੋ ਜਿਹੇ ਕੰਮ ਦਾ ਮਾਹਰ ਤਾਂ ਬਰਡ ਹੀ ਸੀ। ਉਹ ਉਸ ਦੇ ਕੰਮ ਵਿਚ ਕੋਈ ਦਖਲ ਨਹੀਂ ਸੀ ਦੇਣਾ ਚਾਹੁੰਦਾ। ਉਹ ਬੇਫਿਕਰ ਹੋ ਕੇ ਲੈਪ ਟੌਪ ਲੈ ਕੇ ਬੈਠ ਗਿਆ ਤੇ ਹਰ ਰਾਤ ਵਾਂਗ ਦੇਰ ਨਾਲ ਸੁੱਤਾ।

ਤਿੰਨ ਦਿਨ ਬੀਤ ਗਏ ਪਰ ਬਰਡ ਵੱਲੋਂ ਕੋਈ ਜਵਾਬ ਨਹੀਂ ਸੀ ਆਇਆ। ਘਰੇ

ਹੱਥ ਤੇ ਹੱਥ ਰੱਖ ਕੇ ਬੈਠਣਾ ਤਾਂ ਗਲਤ ਸੀ। ਉਹ ਲੰਡਨ ਨੂੰ ਟਰੇਨ ਚੜ੍ਹ ਗਿਆ। ਅੱਜ ਉਹ ਕਲੱਬ ਦੇ ਅੰਦਰ ਜਾਣ ਦੀ ਥਾਂ ਬਾਹਰੋਂ ਹੀ ਨਿਗਰਾਨੀ ਕਰਦਾ ਰਿਹਾ। ਨੌਂ ਕੁ ਵਜੇ ਉਸ ਨੂੰ ਟੌਮਿਸ਼ ਕਲੱਬ ਵਿਚੋਂ ਬਾਹਰ ਨਿਕਲਦਾ ਦਿਸਿਆ। ਉਹ ਫਾਸਲਾ ਰੱਖ ਕੇ ਉਸ ਦੇ ਪਿੱਛੇ ਤੁਰ ਪਿਆ। ਉਹ ਕਲੱਬ ਦੀਆਂ ਪਿਛਲੀਆਂ ਸੜਕਾਂ 'ਤੇ ਚਲਾ ਗਿਆ ਤੇ ਇਕ ਫਲੈਟ ਵਿਚ ਦਾਖਲ ਹੋ ਗਿਆ। ਕੁਝ ਦੇਰ ਬਾਅਦ ਉਹ ਇਕ ਕੁੜੀ ਨੂੰ ਨਾਲ ਲੈ ਕੇ ਕਲੱਬ ਵਿਚ ਚਲਾ ਗਿਆ।

ਟੋਨੀ ਵਾਪਿਸ ਆਇਆ ਤੇ ਉਸ ਨੇ ਉਸ ਫਲੈਟ ਦੀ ਡੋਰ ਬੈਲ ਵਜਾ ਦਿੱਤੀ। ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ। ਟੋਨੀ ਨੀਚੇ ਆ ਗਿਆ। ਇਹ ਤਾਂ ਸੰਭਵ ਨਹੀਂ ਕਿ ਕੋਈ ਉਥੇ ਹੋਵੇ ਹੀ ਨਾ। ਪਰ ਇਹ ਸੰਭਵ ਸੀ ਕਿ ਕਿਸੇ ਨੂੰ ਬੂਹਾ ਖੋਲ੍ਹਣ ਦੀ ਆਗਿਆ ਹੀ ਨਾ ਹੋਵੇ। ਇਹ ਫਲੈਟ ਟੋਨੀ ਨੂੰ ਬਹੁਤ ਰਹੱਸਮਈ ਲੱਗਾ। ਕਾਫੀ ਉਡੀਕ ਬਾਅਦ ਉਹ ਘਰ ਆ ਗਿਆ। ਉਸ ਨੇ ਵੇਖਿਆ ਬਰਡ ਦਾ ਇਨਕਰਿਪਟਡ ਮੈਸਿਜ਼ ਸੀ। ਸਭ ਠੀਕ ਹੈ---ਅੱਗੇ ਉਸ ਨੇ ਸਾਰੀ ਜਾਣਕਾਰੀ ਦਿੱਤੀ ਹੋਈ ਸੀ। ਟੋਨੀ ਖੁਸ਼ ਸੀ।

ਟੋਨੀ ਕਲੱਬ ਵਿਚ ਹੁੰਦੀਆਂ ਗਤੀਵਿਧੀਆਂ ਨੂੰ ਗਹੁ ਨਾਲ ਵਾਚ ਰਿਹਾ ਸੀ। ਉਪਰਲੇ ਕਮਰੇ ਕੁਝ ਗਾਹਕਾਂ ਵਾਸਤੇ ਸਨ। ਉਹਨਾਂ ਨੂੰ ਉਹ ਨਵੀਆਂ ਕੁੜੀਆਂ ਪੇਸ਼ ਕਰਦੇ। ਟੋਨੀ ਨੇ ਹਿਸਾਬ ਲਾਇਆ ਕਿ ਜਦੋਂ ਤਕ ਨਵੀਂ ਕੁੜੀ ਕੰਮ ਵਿਚ ਖੁੱਭ ਨਹੀਂ ਜਾਂਦੀ ਤੇ ਉਸ ਦੇ ਦੌੜਨ ਦਾ ਖਤਰਾ ਹੁੰਦਾ ਹੋਵੇਗਾ ਉਦੋਂ ਤੱਕ ਉਸ ਤੋਂ ਕਲੱਬ ਵਿਚ ਹੀ ਧੰਦਾ ਕਰਾਇਆ ਜਾਂਦਾ ਹੋਵੇਗਾ। ਜਦੋਂ ਉਹ ਕਿਸੇ ਪਾਸੇ ਦੀ ਵੀ ਨਾ ਰਹੇ ਉਦੋਂ ਉਸ ਨੂੰ ਬਾਹਰ ਵੀ ਭੇਜ ਦਿੱਤਾ ਜਾਂਦਾ ਹੋਵੇਗਾ। ਪਰ ਟੋਨੀ ਨੂੰ ਅਜੇ ਕੋਈ ਪਤਾ ਨਹੀਂ ਸੀ ਕਿ ਉਹਨਾਂ ਕੋਲ ਕਿੰਨੀਆਂ ਕੁੜੀਆਂ ਗੁਲਾਮ ਬਣਾ ਕੇ ਰੱਖੀਆਂ ਹੋਈਆਂ ਸਨ।

***

ਉਹ ਕਲੱਬ ਦੀ ਨਿਗਰਾਨੀ ਵਿਚ ਦਿਲਚਸਪੀ ਲੈ ਰਿਹਾ ਸੀ। ਵੀਕ ਐਂਡ 'ਤੇ ਕੈਲੀ ਆ ਗਈ ਤੇ ਉਹ ਉਸ ਨੂੰ ਘੁਮਾਉਣ ਲਈ 'ਵਿੰਡਜ਼ਰ' ਲੈ ਗਿਆ। ਥੇਮਜ਼ ਦੇ ਕੰਢੇ ਇਟਾਲੀਅਨ ਰੈਸਟੋਰੈਂਟੇ ਵਿਚ ਖਾਣਾ ਖਾਣ ਚਲੇ ਗਏ। ਟੋਨੀ ਨੇ ਇਸ ਬਾਰੇ ਸੁਣਿਆ ਹੋਇਆ ਸੀ ਪਰ ਅੱਜ ਪਹਿਲੇ ਦਿਨ ਹੀ ਉਹ ਏਥੇ ਆਇਆ ਸੀ। ਖਾਣਾ ਵਾਕਿਆ ਹੀ ਬਹੁਤ ਸਵਾਦੀ ਸੀ ਤੇ ਰੈਸਟੋਰੈਂਟ ਦੀ ਦਿੱਖ ਵੀ ਸ਼ਾਨਦਾਰ ਸੀ। ਕੈਲੀ ਬਹੁਤ ਖੁਸ਼ ਸੀ।

'ਟੋਨੀ ਅੱਜ ਤਾਂ ਤੂੰ ਕਮਾਲ ਈ ਕਰ ਦਿੱਤੀ। ਅਜਿਹਾ ਖਾਣਾ ਮੈਂ ਕਦੇ ਪਹਿਲਾਂ ਨਹੀਂ ਖਾਧਾ, ਮਿਹਰਬਾਨੀ।'

'ਮੈਨੂੰ ਵੀ ਬਹੁਤ ਪਸੰਦ ਆਇਆ। ਵੈਸੇ ਤਾਂ ਤੇਰਾ ਸਾਥ ਹੋਵੇ ਤਾਂ ਹਰ ਥਾਂ ਚੰਗੀ ਲਗਦੀ ਐ।'

ਕੈਲੀ ਉਸ ਵੱਲ ਭਾਵ-ਪੂਰਤ ਨਜ਼ਰਾਂ ਨਾਲ ਵੇਖਣ ਲੱਗੀ। ਉਸ ਨੂੰ ਇਹ ਸ਼ਬਦ

ਟੋਨੀ ਦੇ ਦਿਲ ਵਿਚੋਂ ਨਿਕਲੇ ਸ਼ਬਦ ਲੱਗੇ। ਉਸ ਨੇ ਟੇਬਲ ਦੇ ਦੂਸਰੇ ਪਾਸੇ ਬੈਠੇ ਟੋਨੀ ਦਾ ਹੱਥ ਫੜ ਲਿਆ ਤੇ ਪਲੋਸਣ ਲੱਗੀ। ਟੋਨੀ ਨੂੰ ਸੁਖਦ ਅਹਿਸਾਸ ਹੋ ਰਿਹਾ ਸੀ। ਅੱਧੀ ਕੁ ਰਾਤ ਨੂੰ ਟੈਕਸੀ ਲੈ ਕੇ ਉਹ ਘਰ ਪਹੁੰਚ ਗਏ। ਸੋਮਵਾਰ ਸਵੇਰ ਕੈਲੀ ਨੂੰ ਉਹ ਸਟੇਸ਼ਨ ’ਤੇ ਛੱਡ ਆਇਆ।

ਅਜੇ ਉਸ ਨੇ ਕੰਪਿਊਟਰ ਚੁੱਕਿਆ ਹੀ ਸੀ ਕਿ ਉਸ ਨੇ ਬਰਡ ਦੀ ਈ ਮੇਲ ਵੇਖੀ, ‘ਟੀ ਵੀ ’ਤੇ ਖਬਰਾਂ ਵੇਖ ਹੁਣੇ।’

ਟੋਨੀ ਨੇ ਟੀ ਵੀ ਰਿਮੋਟ ਚੁੱਕਿਆ ਤੇ ਟੀ ਵੀ ਔਣ ਕਰਕੇ ਬੀ ਬੀ ਸੀ ਦੀਆਂ ਖ਼ਬਰਾਂ ਵਾਲਾ ਚੈਨਲ ਲਗਾ ਲਿਆ।

‘ਹੈਕਰਾਂ ਨੇ ਬ੍ਰਿਟੇਨ ਦੀ ਦਵਾਈਆਂ ਬਣਾਉਣ ਵਾਲੀ ਇਕ ਵੱਡੀ ਕੰਪਨੀ ਦਾ ਕੰਪਿਊਟਰ ਹੈਕ ਕਰ ਲਿਆ ਹੈ। ਹੈਕਰ ਕੰਪਨੀ ਤੋਂ ਵੱਡੀ ਰਕਮ ਮੰਗ ਰਹੇ ਹਨ। ਅਜੇ ਕੰਪਨੀ ਨੇ ਕੋਈ ਬਿਆਨ ਨਹੀਂ ਦਿੱਤਾ। ਲਗਦਾ ਕੰਪਨੀ ਸਮੱਸਿਆ ਨੂੰ ਖੁਦ ਹੀ ਨਜਿੱਠਣ ਦੀ ਕੋਸ਼ਿਸ਼ ਵਿਚ ਹੈ। ਕੁਝ ਸੁਰਾਗ ਮਿਲੇ ਹਨ ਕਿ ਹੈਕਰਾਂ ਦਾ ਸਬੰਧ ਰੂਸ ਨਾਲ ਹੈ ਪਰ ਅਜੇ ਅਧਿਕਾਰਤ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ--।’

ਟੋਨੀ ਹੈਰਾਨ ਸੀ। ਏਨੀ ਵੱਡੀ ਕੰਪਨੀ ਜਿਸ ਕੋਲ ਦਵਾਈਆਂ ਬਣਾਉਣ ਦੇ ਸੈਂਕੜੇ ਫਾਰਮੂਲੇ ਕੰਪਿਊਟਰਾਂ ਵਿਚ ਸਾਂਭੇ ਹੋਣਗੇ, ਉਸ ਦੇ ਕੰਪਿਊਟਰ ਵੀ ਸੁਰੱਖਿਅਤ ਨਹੀਂ। ਟੋਨੀ ਨੂੰ ਆਉਣ ਵਾਲੇ ਸਮੇਂ ਦਾ ਅਹਿਸਾਸ ਹੋਣ ਲੱਗਾ। ਹੁਣ ਇਹ ਦੁਨੀਆਂ ਵਿਚ ਲੜਾਈ ਦਾ ਫਰੰਟ ਬਣ ਰਿਹਾ ਸੀ। ਟੋਨੀ ਵੀ ਇਕ ਸਿਪਾਹੀ ਸੀ ਤੇ ਬਰਡ ਵੀ। ਉਸ ਨੇ ਫੈਸਲਾ ਕੀਤਾ ਬਰਡ ਨਾਲ ‘ਇਨਕਰੈਪਟਿਡ’ ਮੈਸਿਜ ਵਿਚ ਹੀ ਗੱਲ ਕਰੇਗਾ ਤਾਂ ਕਿ ਜਾਣਕਾਰੀ ਗਲਤ ਹੱਥਾਂ ਵਿਚ ਨਾ ਜਾ ਸਕੇ। ਉਹ ਮੈਸਿਜ ਲਿਖਣ ਲੱਗਿਆ— ਆਪਾਂ ਆਪਣੇ ਹਥਿਆਰ ਵਰਤਣ ਦਾ ਉਪਰਾਲਾ ਕਰੀਏ।

‘ਮੈਂ ਤਿਆਰੀ ਵਿਚ ਹਾਂ।’ ਬਰਡ ਨੇ ਜਵਾਬ ਦਿੱਤਾ।

ਉਹ ਆਮ ਤੌਰ ’ਤੇ ‘ਟੀਮ ਵਿਊਅਰ’ ਦੀ ਵਰਤੋਂ ਨਾਲ ਦੂਰ ਬੈਠੇ ਹੀ ਇਕ ਦੂਜੇ ਦੇ ਕੰਪਿਊਟਰ ਤੱਕ ਪਹੁੰਚ ਕਰ ਲੈਂਦੇ। ਅੱਜ ਉਹਨਾਂ ਨੇ ਹੋਰ ‘ਟੂਲ’ ਵਰਤਣਾ ਠੀਕ ਸਮਝਿਆ। ਟੀਮ ਵਿਊਅਰ ਬਹੁਤ ਆਮ ਵਰਤਿਆ ਜਾਣ ਲੱਗਾ ਸੀ। ਸ਼ਾਇਦ ਹੁਣ ਏਨਾ ਸੁਰੱਖਿਅਤ ਨਾ ਹੋਵੇ। ਸੋ ਉਹਨਾਂ ਨੇ ਨਵੀਂ ਐਪ ‘ਫਿਕਸ ਮੀ ਇਟ’ ਵਰਤਣ ਦਾ ਫੈਸਲਾ ਕੀਤਾ। ਨਵੀਂ ਹੋਣ ਕਰਕੇ ਬਹੁਤੇ ਲੋਕ ਅਜੇ ਵਰਤਣ ਨਹੀਂ ਸਨ ਲੱਗੇ। ਟੋਨੀ ਤੇ ਬਰਡ ਕੰਮ ਵਿਚ ਵਿਅੱਸਤ ਹੋ ਗਏ। ਹੁਣ ਉਹ ਦੂਰ ਬੈਠੇ ਇਕ ਦੂਜੇ ਦੇ ਕੰਪਿਊਟਰ ਦੇ ਸੰਪਰਕ ਵਿਚ ਸਨ ਅਤੇ ਮਿਲ ਕੇ ਕੰਮ ਕਰ ਰਹੇ ਸਨ।

ਉਹ ਹੈਕਰਾਂ ਨੂੰ ਲੱਭਣ ਦਾ ਯਤਨ ਕਰਨ ਲੱਗੇ। ਕੰਪਨੀ ਸਮੱਸਿਆ ਦੇ ਹੱਲ ਲਈ ਆਪਣੀ ਥਾਂ ’ਤੇ ਕੋਸ਼ਿਸ਼ ਕਰ ਰਹੀ ਸੀ। ਟੋਨੀ ਤੇ ਬਰਡ ਨੇ ਹੈਕਿੰਗ ਵਾਸਤੇ ਇਕ ਨਵਾਂ ਟੂਲ (ਸਾਫਟਵੇਅਰ) ਵਰਤਣ ਦਾ ਫੈਸਲਾ ਕੀਤਾ। ਉਹਨਾਂ ਦਾ ਤਜਰਬਾ ਅਤੇ ਗਿਆਨ

ਦਸਦਾ ਸੀ ਇਸ ਟੂਲ ਨਾਲ ਨਤੀਜੇ ਚੰਗੇ ਨਿਕਲਣਗੇ। ਸਭ ਤੋਂ ਪਹਿਲਾਂ ਉਹਨਾਂ ਨੇ ਹੈਕਰਾਂ ਦੇ ਕੰਪਿਊਟਰ ਨੂੰ ਹੈਕ ਕਰਨਾ ਸੀ। ਕਈ ਘੰਟਿਆਂ ਦੀ ਸਖ਼ਤ ਤੇ ਅਣਥਕ ਮਿਹਨਤ ਨਾਲ ਉਹ ਆਪਣੇ ਨਿਸ਼ਾਨੇ ਵਿਚ ਸਫ਼ਲ ਹੋ ਗਏ।

ਫਿਰ ਉਹਨਾਂ ਨੇ ਹੈਕਰਾਂ ਨਾਲ ਸੌਦਾ ਕਰਨ ਲਈ ਉਹਨਾਂ ਨਾਲ ਰਾਬਤਾ ਕਾਇਮ ਕੀਤਾ। ਹੈਕਰਾਂ ਨੂੰ ਜਦ ਆਪਣੇ ਕੰਪਿਊਟਰ ਦੇ ਹੈਕ ਹੋਣ ਦਾ ਪਤਾ ਲੱਗਾ ਤਾਂ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਬਰਡ ਨੇ ਇਸ ਸਮੇਂ ਵਿਚ ਕੰਪਨੀ ਨਾਲ ਵਾਰਤਾ ਅਰੰਭ ਕਰ ਦਿੱਤੀ। ਟੋਨੀ ਹੈਕਰਾਂ ਨੂੰ ਪੈਰਾਂ ਤੋਂ ਕੱਢਣ ਵਿਚ ਲੱਗਾ ਹੋਇਆ ਸੀ।

ਰਾਤ ਅੱਧੀ ਤੋਂ ਵੱਧ ਬੀਤ ਗਈ ਸੀ ਜਦੋਂ ਹੈਕਰਾਂ ਨਾਲ ਸੌਦਾ ਤਹਿ ਹੋਇਆ। ਹੈਕਰਾਂ ਨੇ ਆਪਣੀ ਦੁਕਾਨ ਬੰਦ ਕਰ ਦਿੱਤੀ। ਬਰਡ ਤੇ ਟੋਨੀ ਸਾਰੀ ਦੀ ਸਾਰੀ ਜਾਣਕਾਰੀ ਸਾਂਝੀ ਕਰਦੇ ਰਹੇ। ਕੰਪਨੀ ਨੂੰ ਬਲੈਕ ਮੇਲ ਕਰਨ ਦਾ ਉਹਨਾਂ ਦਾ ਕੋਈ ਇਰਾਦਾ ਨਹੀਂ ਸੀ। ਉਹਨਾਂ ਨੇ ਕੰਪਨੀ ਦੇ ਡਾਇਰੈਕਟਰ ਨੂੰ ਸਾਫ਼ ਸਾਫ਼ ਆਪਣੇ ਬਾਰੇ ਦੱਸ ਦਿੱਤਾ। ਡਾਇਰੈਕਟਰ ਨੇ ਉਹਨਾਂ ਨੂੰ ਕੰਪਨੀ ਵੱਲੋਂ ਬਣਦੇ-ਸਰਦੇ ਪੈਸੇ ਦੇ ਦਿੱਤੇ ਤੇ ਅੱਗੋਂ ਤੋਂ ਕੰਪਨੀ ਨੇ ਲੋੜ ਪੈਣ ’ਤੇ ਉਹਨਾਂ ਦੀਆਂ ਸੇਵਾਵਾਂ ਲੈਣ ਦਾ ਵਾਇਦਾ ਵੀ ਕਰ ਲਿਆ। ਹੈਕਰਾਂ ਕੋਲੋਂ ਉਹਨਾਂ ਨੂੰ ਕੁਝ ਮਿਲਣ ਦੀ ਉਮੀਦ ਨਹੀਂ ਸੀ ਤੇ ਨਾ ਹੀ ਮਿਲਿਆ। ਪਰ ਅੱਗੇ ਤੋਂ ਉਹਨਾਂ ਲੋਕਾਂ ਨੂੰ ਆਪਣਾ ਫਿਕਰ ਵੀ ਪੈ ਗਿਆ।

ਇਸ ਸਫ਼ਲਤਾ ਦੀ ਖੁਸ਼ੀ ਵਿਚ ਟੋਨੀ ਨੇ ਕੈਲੀ ਨੂੰ ਬੁਲਾਇਆ। ਉਸ ਨਾਲ ਆਪਣੀ ਕਾਮਯਾਬੀ ਸਾਂਝੀ ਕੀਤੀ। ਸ਼ਾਮ ਦਾ ਖਾਣਾ ਉਸ ਨੂੰ ਇਕ ਖਾਸ ਰੈਸਟੋਰੈਂਟ ਵਿਚ ਖਿਲਾਉਣ ਦਾ ਉਸ ਨੇ ਪਹਿਲਾਂ ਹੀ ਮਨ ਬਣਾਇਆ ਹੋਇਆ ਸੀ।

‘ਕੈਲੀ ਅੱਜ ਮੈਂ ਤੈਨੂੰ ਇਹੋ ਜਿਹੇ ਰੈਸਟੋਰੈਂਟ ਵਿਚ ਲੈ ਕੇ ਜਾਣਾ ਜਿਥੇ ਇਸ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਤੈਨੂੰ ਸਰਵ ਕਰੇਗੀ।’

‘ਟੋਨੀ ਗੱਪ ਥੋੜੀ ਜਿਹੀ ਛੋਟੀ ਹੁੰਦੀ ਤਾਂ ਮੈਂ ਮੰਨ ਲੈਣਾ ਸੀ। ਪਰ ਤੇਰੀ ਗੱਪ ਬਹੁਤੀ ਵੱਡੀ ਆ।’

‘ਆ ਜਾ ਗੱਡੀ ਵਿਚ ਬੈਠ ਤੇ ਤੈਨੂੰ ਆਪਣੀ ਮਰਜ਼ੀ ਦਾ ਜੁਰਮਾਨਾ ਕਰਨਾ ਜੇ ਮੈਂ ਠੀਕ ਹੋਇਆ ਤਾਂ।’

ਉਹ ਹੱਸਦੇ ਤੇ ਗੱਲਾਂ ਕਰਦੇ ਕਾਰ ਵਿਚ ਕੋਬਹਮ ਨਾਂ ਦੇ ਸਰੀ ਕਾਊਂਟੀ ਵਿਚ ਸਥਿਤ ਪਿੰਡ ਨੂੰ ਚੱਲ ਪਏ। ਕੈਲੀ ਨੂੰ ਤਾਂ ਇਸ ਏਰੀਏ ਦਾ ਪਤਾ ਹੀ ਨਹੀਂ ਸੀ। ਉਹ ਪੇਂਡੂ ਇਲਾਕਾ ਵੇਖ ਕੇ ਬਹੁਤ ਹੈਰਾਨੀ ਭਰੀ ਖੁਸ਼ੀ ਦਾ ਇਜ਼ਹਾਰ ਕਰ ਰਹੀ ਸੀ।

‘ਟੀ ਟੈਰਸ’ ਨਾਂ ਦੇ ਰੈਸਟੋਰੈਂਟ ਵਿਚ ਗਏ ਤਾਂ ਇਹ ਬਹੁਤ ਹੀ ਵੱਖਰੀ ਕਿਸਮ ਦਾ ਰੈਸਟੋਰੈਂਟ ਸੀ। ਇਕ ਰੋਬੋਟ ਜਿਸ ਦੀ ਸ਼ਕਲ ਯੂ ਕੇ ਦੀ ਸਾਬਕਾ ਪ੍ਰਧਾਨ ਮੰਤਰੀ ਨਾਲ ਮਿਲਦੀ ਸੀ ਉਸ ਨੇ ਉਹਨਾਂ ਨੂੰ ਜੀ ਆਇਆਂ ਕਿਹਾ। ਉਹਨਾਂ ਲਈ ਬੁੱਕ ਕੀਤੇ ਟੇਬਲ ਨੰਬਰ ’ਤੇ ਲੈ ਗਈ ਤੇ ਆਰਡਰ ਲੈ ਕੇ ਕਾਂਊਟਰ ’ਤੇ ਛੱਡ ਦਿੱਤਾ। ਕੁਝ ਦੇਰ ਬਾਅਦ

ਇਕ ਹੋਰ ਵੇਟਰ ਨੇ ਆਰਡਰ ਵਾਲੀ ਟਰੇਅ ਉਸ ਨੂੰ ਫੜਾ ਦਿੱਤੀ ਤੇ ਰੋਬੋਟ ਜਿਸ ਦਾ ਨਾਂ ਟਰੀਜ਼ਾ ਸੀ, ਟਰੇਅ ਉਹਨਾਂ ਦੇ ਟੇਬਲ ਤੱਕ ਲੈ ਗਈ।

ਖਾਣਾ ਖਾਂਦਿਆਂ ਉਹ ਟਰੀਜ਼ਾ ਦੇ ਪ੍ਰਧਾਨ ਮੰਤਰੀ ਹੋਣ ਤੇ ਖਾਣਾ ਸਰਵ ਕਰਨ 'ਤੇ ਬਹਿਸ ਕਰਦੇ ਹੱਸਦੇ ਰਹੇ। ਸੁਹਾਣੀ ਸ਼ਾਮ ਤੋਂ ਬਾਅਦ ਉਹ ਘਰ ਆ ਗਏ। ਟੋਨੀ ਦੇ ਮਨ ਵਿਚ ਹੋਰ ਵੀ ਬਹੁਤ ਕੁਝ ਸੀ ਜਿਸ ਬਾਰੇ ਉਸ ਨੇ ਕੈਲੀ ਨਾਲ ਕੋਈ ਗੱਲ ਨਾ ਕੀਤੀ।

***

ਕੈਲੀ ਦੇ ਜਾਣ ਬਾਅਦ ਟੋਨੀ ਨੇ ਬਰਡ ਨੂੰ ਈ ਮੇਲ ਭੇਜੀ ਜਿਸ ਵਿਚ ਉਸ ਨੇ ਫਿਊਚਰ ਲਿਵਿੰਗ ਕੰਪਨੀ ਨਾਲ ਹੋਈ ਗੱਲ-ਬਾਤ ਲਿਖੀ। ਉਸ ਨੇ ਇਸ ਕੰਪਨੀ ਦੀ ਇਕ ਦੁਕਾਨ ਨੂੰ ਪੂਰੀ ਤਰ੍ਹਾਂ ਨਾਲ ਕੰਪਿਊਟਰਾਈਜ਼ ਕਰਨਾ ਸੀ। ਜਿਸ ਵਿਚ ਕਿਸੇ ਕਾਮੇ ਦੀ ਲੋੜ ਹੀ ਨਾ ਹੋਵੇ। ਉਸ ਨੇ ਡਿਜ਼ੀਟਲ ਟੈਕਨਾਲੋਜੀ ਵਰਤ ਕੇ ਦੁਕਾਨ ਦਾ ਪੂਰਾ ਖਾਕਾ ਤਿਆਰ ਕੀਤਾ ਜੋ ਇੰਝ ਲਗਦਾ ਸੀ ਜਿਵੇਂ ਦੁਕਾਨ ਸਾਕਾਰ ਵੇਖਣ ਵਾਲੇ ਦੇ ਸਾਹਮਣੇ ਹੋਵੇ।

ਦਰਵਾਜ਼ੇ ਦੇ ਅੰਦਰ ਲੰਘਦਿਆਂ ਗਾਹਕ ਨੂੰ ਆਪਣਾ ਬੈਂਕ ਕਾਰਡ ਸਕੈਨ ਕਰਨਾ ਪੈਂਦਾ ਸੀ ਤੇ ਉਸ ਤੋਂ ਬਾਅਦ ਦੁਕਾਨ ਦਾ ਦਰਵਾਜ਼ਾ ਖੁੱਲ੍ਹ ਜਾਂਦਾ। ਸ਼ਾਪਿੰਗ ਵਾਲੀ ਟੋਕਰੀ ਵਿਚ ਗਾਹਕ ਲੋੜ ਅਨੁਸਾਰ ਚੀਜ਼ਾਂ ਰੱਖੀ ਜਾਂਦਾ। ਸਾਰੀਆਂ ਲਾਈਨਾਂ ਵਿਚੋਂ ਲੰਘ ਕੇ ਜਦ ਗਾਹਕ ਬਾਹਰ ਨਿਕਲਣ ਲਗਦਾ ਤਾਂ ਸਕੈਨਰ ਉਸ ਦੀ ਟੋਕਰੀ ਵਿਚ ਪਈਆ ਚੀਜ਼ਾਂ ਨੂੰ ਸਕੈਨ ਕਰ ਲੈਂਦਾ ਤੇ ਪੈਸੇ ਉਸ ਦੇ ਕਾਰਡ ਵਿਚੋਂ ਚਾਰਜ ਹੋ ਜਾਂਦੇ। ਜਦ ਪੈਸੇ ਦਾ ਭੁਗਤਾਨ ਹੋ ਜਾਂਦਾ ਤਾਂ ਬਾਹਰ ਨਿਕਲਣ ਵਾਲਾ ਦਰਵਾਜ਼ਾ ਖੁੱਲ੍ਹ ਜਾਂਦਾ। ਕਿਸੇ ਚੋਰੀ ਦਾ ਵੀ ਡਰ ਨਹੀਂ ਸੀ। ਸਟਾਫ ਦੀ ਵੀ ਲੋੜ ਨਹੀਂ ਸੀ। ਫਿਊਚਰ ਲਿਵਿੰਗ ਕੰਪਨੀ ਨੇ ਟੋਨੀ ਨੂੰ ਆਰਡਰ ਦੇ ਦਿੱਤਾ ਸੀ। ਉਹ ਬਰਡ ਨਾਲ ਮਿਲ ਕੇ ਕੰਮ ਕਰਨਾ ਚਾਹੁੰਦਾ ਸੀ। ਟੈਕਨਾਲੋਜੀ ਵਿਚ ਬਰਡ ਦੇ ਲਿੰਕ ਵੱਧ ਸਨ।

ਜਦ ਉਸ ਨੇ ਕੈਲੀ ਨੂੰ ਆਪਣੇ ਇਸ ਕੰਟਰੈਕਟ ਬਾਰੇ ਦੱਸਿਆ ਤਾ ਉਹ ਹੈਰਾਨ ਵੀ ਹੋਈ ਤੇ ਖੁਸ਼ ਵੀ।

ਪਰ ਉਹ ਰੰਧਾਵੇ ਬਾਰੇ ਭੁਲਿਆ ਨਹੀਂ ਸੀ। ਇਸ ਵੇਲੇ ਸਕੌਟ ਰਿਪੋਰਟ ਦੀ ਐਡਿਟਿੰਗ ਵਿਚ ਖੁੱਭਿਆ ਹੋਇਆ ਸੀ।

## 21

ਨਾਜਰ ਵਾਰ ਵਾਰ ਦੁਕਾਨ ਦੇ ਬੂਹੇ ਵੱਲ ਵੇਖਦਾ। ਗਾਹਕ ਤਾਂ ਅੰਦਰ ਆਉਂਦੇ ਹੀ ਰਹਿੰਦੇ ਪਰ ਉਸ ਨੂੰ ਉਡੀਕ ਸ਼ੇਰੇ ਦੀ ਸੀ। ਸ਼ੇਰੇ ਦੀ ਸਜ਼ਾ ਪੂਰੀ ਹੋ ਗਈ ਸੀ। ਨਾਜਰ ਨੇ ਤਾਂ ਉਸ ਨੂੰ ਜੇਲ੍ਹ ਤੋਂ ਹੀ ਲੈ ਜਾਣ ਲਈ ਕਿਹਾ ਸੀ ਪਰ ਸ਼ੇਰੇ ਨੇ ਉਸ ਨੂੰ ਰੋਕ ਦਿੱਤਾ। ਉਸ ਨੇ ਲੰਡਨ ਤੋਂ ਹੀ ਆਉਣਾ ਸੀ ਤੇ ਅੰਡਰਗਰਾਊਂਡ ਟਰੇਨ ਸਭ ਤੋਂ ਵਧੀਆ ਸਾਧਨ ਸੀ।

ਪਿਛਲੇ ਕੁਝ ਦਿਨਾਂ ਤੋਂ ਨਾਜਰ ਦੇ ਘਰ-ਪਰਿਵਾਰ ਵਿਚ ਥੋੜ੍ਹੀ ਚੁੱਪ ਵਰਤੀ ਹੋਈ ਸੀ। ਰਾਜੂ ਸ਼ੇਰੇ ਤੋਂ ਦੂਰ ਰਹਿਣਾ ਚਾਹੁੰਦਾ ਸੀ। ਉਸ ਨੇ 'ਡੁਰਹੈਮ' ਯੂਨੀਵਰਸਟੀ ਵਿਚ ਦਾਖਲਾ ਲੈ ਲਿਆ। ਇਹ ਸਕੌਟਲੈਂਡ ਦੇ ਨੇੜੇ ਸੀ। ਏਨੀ ਦੂਰੋਂ ਤਾਂ ਮਹੀਨੇ-ਦੋ ਮਹੀਨਿਆਂ ਬਾਅਦ ਹੀ ਆਇਆ ਜਾ ਸਕਦਾ ਸੀ। ਉਸ ਨੇ ਜਾਣ-ਬੁੱਝ ਕੇ ਐਨੀ ਦੂਰ ਰਹਿਣ ਦਾ ਮਨ ਬਣਾਇਆ ਸੀ।

ਪ੍ਰੀਤੋ ਆਪਣੀ ਥਾਂ ਦੁਖੀ ਸੀ। ਉਹ ਰਾਜੂ ਤੋਂ ਵੀ ਦੂਰ ਰਹਿਣ ਲਈ ਤਿਆਰ ਨਹੀਂ ਸੀ। ਰਾਜੂ ਨੂੰ ਵੀ ਘਰ ਦੀ ਯਾਦ ਸਤਾਉਂਦੀ ਰਹਿੰਦੀ। ਨਾਜਰ ਲਈ ਹਾਲਤ ਬਹੁਤ ਗੁੰਝਲਦਾਰ ਸੀ। ਸ਼ੇਰਾ ਉਸ ਦਾ ਦੋਸਤ ਸੀ। ਪਹਿਲੇ ਦਿਨਾਂ ਵਿਚ ਉਸ ਨੇ ਉਸ ਦੀ ਬਹੁਤ ਮਦਦ ਕੀਤੀ ਸੀ। ਦਿਲੋਂ ਉਹ ਜੀਤਾਂ ਨੂੰ ਵੀ ਸਹੀ ਨਹੀਂ ਸੀ ਸਮਝਦਾ। ਉਸ ਨੂੰ ਲਗਦਾ ਬੇਵਫਾ ਔਰਤ ਦਾ ਸ਼ੇਰੇ ਕੋਲ ਕੋਈ ਹੋਰ ਇਲਾਜ ਨਹੀਂ ਸੀ। ਭਾਰਤੀ ਕਲਚਰ ਦੀ ਸੋਚ ਉਸ ਦੇ ਮਨ ਵਿਚ ਡੂੰਘੀਆਂ ਜੜ੍ਹਾਂ ਕਰੀ ਬੈਠੀ ਸੀ। ਪ੍ਰੀਤੋ ਆਪਣੀ ਥਾਂ 'ਤੇ ਸਹੀ ਸੀ। ਉਸ ਲਈ ਵੀ ਅੱਜ ਇਮਤਿਹਾਨ ਦਾ ਦਿਨ ਸੀ।

ਪੰਜ ਕੁ ਵਜੇ ਨੂੰ ਇਕ ਜਾਣੀ ਪਛਾਣੀ ਸੂਰਤ ਦੁਕਾਨ ਦੇ ਅੰਦਰ ਦਾਖਲ ਹੁੰਦੀ ਦਿਸੀ। ਸ਼ੇਰੇ ਨੇ ਦਾਹੜੀ ਵਧਾਈ ਹੋਈ ਤੇ ਪੱਗ ਬੰਨ੍ਹੀ ਹੋਈ ਸੀ। ਉਸ ਦੀ ਤੋਰ ਵਿਚ ਸੁਸਤੀ ਤੇ ਪਹਿਲਾਂ ਵਾਲੀ ਚੜ੍ਹਤ ਗਾਇਬ ਸੀ। ਨਾਜਰ ਕਾਹਲੀ ਨਾਲ ਬਾਹਾਂ ਖੋਲ੍ਹੀ ਅੱਗੇ ਵਧਿਆ। ਸ਼ੇਰੇ ਦੇ ਮੂੰਹ ਤੋਂ ਵੀ ਗੰਭੀਰਤਾ ਗਾਇਬ ਹੋ ਗਈ ਸੀ। ਉਹ ਵੀ ਬਾਹਾਂ ਖੋਲ੍ਹੀ ਨਾਜਰ ਵੱਲ ਵਧਿਆ ਤੇ ਦੋਵੇਂ ਦੁਕਾਨ ਵਿਚ ਬਗਲਗੀਰ ਹੋਏ। ਲੋਕ ਉਹਨਾਂ ਵੱਲ ਹੈਰਾਨੀ ਨਾਲ ਦੇਖਣ ਲੱਗੇ। ਨਾਜਰ ਉਸ ਨੂੰ ਦੁਕਾਨ ਵਿਚ ਬਣੇ ਦਫ਼ਤਰ ਵਿਚ ਲੈ ਗਿਆ ਤੇ ਉਹ ਗੱਲਾਂ ਕਰਦੇ ਚਾਹ ਪੀਣ ਲੱਗੇ। ਦੇਸੀ ਬਣੀ ਚਾਹ ਹੁਣ ਐਨੇ ਸਾਲਾਂ ਬਾਅਦ ਸ਼ੇਰੇ ਨੂੰ ਪਸੰਦ ਨਹੀਂ ਸੀ ਆਈ।

'ਪੈਵ ਤੇ ਰਾਜੂ ਦਾ ਕੀ ਹਾਲ ਐ ਤੇ ਗੁੱਡੀ ਵੀ ਹੁਣ ਤਾਂ ਸੁੱਖ ਨਾਲ ਮੁਟਿਆਰ ਹੋ ਗਈ ਹੋਊਗੀ?'

'ਆਹੋ, ਮੁੰਡਾ ਵੇਖਿਆ ਹੋਇਆ ਪੰਜਾਬ। ਅਪਲਾਈ ਕਰਤਾ ਦੇਖੋ ਹੁਣ ਕਦੋਂ ਵੀਜ਼ਾ ਮਿਲਦਾ। ਮੁੰਡਾ ਆਵੇ ਤੇ ਵਿਆਹ ਕਰਕੇ ਸਿਰੋਂ ਭਾਰ ਲਾਹੀਏ।'

ਸ਼ੇਰਾ ਐਨੇ ਸਾਲ ਗੋਰੇ ਕੈਦੀਆਂ ਦੇ ਸਾਥ ਵਿਚ ਰਿਹਾ ਸੀ। ਉਸ ਦੀ ਬੋਲੀ, ਖਾਣ-ਪੀਣ, ਦੇ ਨਾਲ ਹੀ ਸੋਚ ਵੀ ਬਦਲ ਗਈ ਸੀ। ਨਾਜਰ ਉਸ ਨੂੰ ਪਿੰਡ ਦੀ ਸੱਥ ਵਿਚ ਬੈਠੇ ਕਿਸੇ ਬੁੱਢੇ ਵਰਗਾ ਲੱਗਿਆ।

'ਤੇ ਮੁੰਡੇ ਕਿਵੇਂ ਐ?'

'ਪੈਵ ਤਾਂ ਅਕਾਊਂਟੈਂਟ ਦਾ ਕੋਰਸ ਕਰਦਾ। ਬੱਸ ਆਖਰੀ ਸਾਲ ਆ। ਰਾਜੂ ਡੁਰਹੈਮ ਯੂਨੀਵਰਸਟੀ ਚਲਿਆ ਗਿਆ। ਫ਼ੋਨ ਕਰ ਲੈਂਦਾ ਆਵਦੀ ਮਾਂ ਨੂੰ ਜਾਂ ਭੈਣ ਨੂੰ। ਮੁੰਡੇ ਆਪਸ ਵਿਚ ਕਦੋਂ ਗੱਲ ਕਰਦੇ ਆ ਮੈਨੂੰ ਕੋਈ ਪਤਾ ਨੀ। ਊਂ ਉਹ ਇਕ ਦੂਜੇ ਦਾ ਵਸਾਹ ਨੀ ਕਰਦੇ। ਛੋਟੇ ਹੁੰਦੇ ਤਾਂ ਘੁਲਦੇ ਰਹਿੰਦੇ ਸੀ। ਹੁਣ ਸਿਆਣੇ ਹੋ ਕੇ ਦੋਵੇਂ ਬਾਹਰ-ਅੰਦਰ ਚਲੇ ਜਾਂਦੇ ਐ। ਕਦੇ ਫਿਲਮ ਦੇਖਣ, ਕਦੇ ਮੁੰਡਿਆਂ ਨਾਲ, ਕਦੇ ਜਿਮ --।'

ਸ਼ੇਰਾ ਕੋਈ ਜਵਾਬ ਦੇਣ ਲਈ ਲਫ਼ਜ ਲੱਭ ਰਿਹਾ ਸੀ ਪਰ ਉਸ ਨੂੰ ਮਿਲ ਨਹੀ ਰਹੇ ਸਨ। ਪ੍ਰੀਤੋ ਬਾਰੇ ਵੀ ਕੁਝ ਪੁੱਛਣ ਤੋਂ ਉਹ ਝਿਜਕ ਰਿਹਾ ਸੀ। ਪਰ ਉਸ ਨੇ ਪੁੱਛਿਆ ਤੇ ਨਾਜਰ ਨੇ ਸੰਖੇਪ ਜਿਹਾ ਹੀ ਜਵਾਬ ਦਿੱਤਾ।

'ਚੱਲ ਤੈਨੂੰ ਤੇਰੇ ਘਰ ਛੱਡ ਆਵਾਂ। ਨਹਾ ਧੋ ਕੇ ਅਰਾਮ ਕਰ ਮੈਂ ਤੈਨੂੰ ਨੌ ਕੁ ਵਜੇ ਮਿਲੂੰ, ਦੁਕਾਨ ਬੰਦ ਕਰਕੇ।' ਨਾਜਰ ਨੇ ਉਸ ਦਾ ਬੈਗ ਕਾਂਊਟਰ ਕੋਲੋਂ ਚੁੱਕਿਆ ਤੇ ਉਹ ਦੁਕਾਨ ਦੇ ਪਿੱਛੇ ਖੜ੍ਹੀ ਕਾਰ ਵਿਚ ਜਾ ਬੈਠੇ।

'ਰਾਜੂ ਨਾਲ ਜੇ ਗੱਲ ਹੋ ਜਾਂਦੀ ਤਾਂ ਚੰਗਾ ਸੀ।' ਸ਼ੇਰੇ ਨੇ ਧੀਮੀ ਆਵਾਜ਼ ਵਿਚ ਕਿਹਾ।

'ਅੱਜ ਸ਼ਾਮ ਨੂੰ ਫ਼ੋਨ ਆਊ ਤਾਂ ਉਹਨੂੰ ਕਹਾਂਗੇ ਫ਼ੋਨ ਕਰੇ। ਤੂੰ ਐਥੇ ਈ ਆ ਜਾਈਂ ਕੱਲ੍ਹ ਨੂੰ ਆਥਣੇ ਜੇ। ਮਾਸਟਰ ਨੂੰ ਵੀ ਸੱਦ ਲਾਂਗੇ ਤੇ ਰਾਜੂ ਨਾਲ ਗੱਲ ਵੀ ਹੋ ਜੂ। ਮੈਂ ਰੋਟੀ ਲੈ ਕੇ ਆਊਂ ਤੂੰ ਨਾ ਐਵੇਂ ਆਟੇ ਨਾਲ ਹੱਥ ਲਬੇੜੀਂ।'

ਨਾਜਰ ਉਸ ਨੂੰ ਉਸ ਦੇ ਘਰ ਛੱਡ ਆਇਆ। ਸ਼ੇਰੇ ਨੂੰ ਘਰ ਓਪਰਾ ਜਿਹਾ ਲੱਗਾ। ਪਹਿਲੀ ਨਜ਼ਰ ਉਸ ਦੀ ਪੌੜੀਆਂ ਦੇ ਪੈਰਾਂ ਵਿਚ ਗਈ ਜਿਥੇ ਜੀਤਾਂ ਦੀ ਲਾਸ਼ ਡਿੱਗੀ ਸੀ। ਉਸ ਦੇ ਚਿਹਰੇ ਦੇ ਹਾਵ-ਭਾਵ ਬਦਲ ਗਏ। ਕਿੰਨਾ ਕੁਝ ਹੀ ਉਸ ਦੀਆਂ ਯਾਦਾਂ ਵਿਚੋਂ ਦੀ ਲੰਘ ਗਿਆ। ਨਾਜਰ ਨੇ ਵੀ ਉਸ ਦੀ ਹਾਲਤ ਮਹਿਸੂਸ ਕੀਤੀ ਪਰ ਉਸ ਨੇ ਕੁਝ ਨਾ ਬੋਲਣਾ ਹੀ ਠੀਕ ਸਮਝਿਆ।

'ਦਾਰੂ ਕਿਹੜੀ ਪੀਣੀ ਆ? ਮੈਂ ਆਉਂਦਾ ਹੋਇਆ ਲੈ ਆਊਂ।' ਨਾਜਰ ਨੇ ਮਹੌਲ ਬਦਲਣ ਲਈ ਕਿਹਾ।

'ਦਾਰੂ ਤਾਂ ਹੁਣ ਕਦੇ ਪੀਤੀ ਨੀ। ਨਾ ਈ ਮਨ ਕਰਦਾ। ਮੈਂ ਸੋਚਦਾਂ ਹੁਣ ਕਾਹਨੂੰ ਸ਼ੁਰੂ ਕਰਨੀ ਆ।' ਸ਼ੇਰੇ ਨੇ ਹਾਉਕਾ ਲਿਆ।

'ਤੇਰੀ ਜਿਵੇਂ ਮਰਜ਼ੀ। ਚੱਲ ਤੂੰ ਨਹਾ-ਧੋ ਲਾ। ਮੈਂ ਮਿਲਦਾਂ ਫੇਰ।'

ਨਾਜਰ ਤਾਂ ਚਲਾ ਗਿਆ ਪਰ ਸ਼ੇਰੇ ਲਈ ਬੇਚੈਨੀ ਜਿਹੀ ਪੈਦਾ ਹੋ ਗਈ। ਉਹ ਉਸ ਘਰ ਵਿਚ ਰਹਿਣਾ ਹੀ ਨਹੀਂ ਸੀ ਚਾਹੁੰਦਾ। ਕਦੇ ਉਸ ਨੂੰ ਘਰ ਵਿਚ ਜੀਤਾਂ ਤੁਰੀ

ਫਿਰਦੀ ਦਿਸਦੀ ਤੇ ਕਦੇ ਰਾਜੂ ਚਾਂਬੜਾ ਪਾਉਂਦਾ ਦਿਸਦਾ। ਸ਼ੇਰਾ ਬਾਹਰ ਸੜਕ ’ਤੇ ਚਲਾ ਗਿਆ ਤੇ ਨੇੜੇ ਦੀਆਂ ਸੜਕਾਂ ’ਤੇ ਘੁੰਮਦਾ ਰਿਹਾ। ਅਖੀਰ ਘਰ ਆਉਣਾ ਹੀ ਪਿਆ ਤੇ ਉਹ ਨਾਜਰ ਦੀ ਉਡੀਕ ਕਰਨ ਲੱਗਾ। ਰਾਤ ਉਸ ਦੀ ਜਾਗਦਿਆਂ ਹੀ ਬੀਤੀ। ਉਸ ਨੂੰ ਲਗਦਾ ਜੇਲ੍ਹ ਵਿਚ ਸੌਖਾ ਸੀ ਤੇ ਚੈਨ ਵਿਚ ਸੀ।

ਨਾਜਰ ਦੇ ਘਰ ਵੀ ਰਾਤ ਦੇਰ ਤੱਕ ਵਾਰਤਾਲਾਪ ਚਲਦੀ ਰਹੀ। ਅਸਲ ਵਿਚ ਰਾਜੂ ਸ਼ੇਰੇ ਨਾਲ ਗੱਲ ਕਰ ਕੇ ਰਾਜ਼ੀ ਨਹੀਂ ਸੀ। ਪਰਿਵਾਰ ਦੇ ਬਾਕੀ ਮੈਂਬਰ ਉਸ ਨੂੰ ਪਿਉ ਨਾਲ ਕਿਸੇ ਹੱਦ ਤੱਕ ਰਿਸ਼ਤਾ ਰੱਖਣ ਲਈ ਜ਼ੋਰ ਪਾ ਰਹੇ ਸਨ। ਜੇ ਉਹ ਕਿਸੇ ਦੀ ਗੱਲ ਮੰਨ ਸਕਦਾ ਸੀ ਤਾਂ ਪ੍ਰੀਤੋ ਦੀ। ਨਾਜਰ ਵੀ ਜ਼ੋਰ ਦੇ ਕੇ ਕਹਿੰਦਾ ਤਾਂ ਉਸ ਨੇ ਜਵਾਬ ਨਹੀਂ ਦੇਣਾ ਸੀ। ਨਾਜਰ ਅਜਿਹਾ ਕਰਨਾ ਨਹੀਂ ਸੀ ਚਾਹੁੰਦਾ। ਉਸ ਦਾ ਸੁਭਾਅ ਹੀ ਨਹੀਂ ਸੀ। ਪ੍ਰੀਤੋ ਨੂੰ ਨਾਜਰ ਨੇ ਦੁਕਾਨ ਵਿਚ ਉਸ ਦੇ ਫ਼ੋਨ ਦੀ ਉਡੀਕ ਕਰਨ ਲਈ ਮਨਾ ਲਿਆ। ਨਾਜਰ ਨੂੰ ਡਰ ਸੀ ਕਿਤੇ ਸ਼ੇਰਾ ਗਲਤ ਹੀ ਨਾ ਸਮਝ ਲਵੇ ਕਿ ਉਸ ਦੇ ਮੁੰਡੇ ਨੂੰ ਉਹਨਾਂ ਨੇ ਹੱਥ ਵਿਚ ਕਰ ਲਿਆ ਸੀ।

ਸਵੇਰ ਵੇਲੇ ਸ਼ੇਰਾ ਜਲਦੀ ਹੀ ਘਰੋਂ ਬਾਹਰ ਨਿਕਲ ਆਇਆ। ਪਹਿਲਾਂ ਉਹ ਗੁਰਦਵਾਰੇ ਚਲਾ ਗਿਆ। ਕਾਫੀ ਦੇਰ ਪਾਠ ਸੁਣਦਾ ਰਿਹਾ ਤੇ ਲੰਗਰ ਛਕ ਕੇ ਨਾਜਰ ਦੀ ਦੁਕਾਨ ਵੱਲ ਚਲਾ ਗਿਆ। ਨਾਜਰ ਉਸ ਨੂੰ ਉਡੀਕ ਹੀ ਰਿਹਾ ਸੀ। ਕੁਝ ਦੇਰ ਬਾਅਦ ਮਾਸਟਰ ਵੀ ਆ ਗਿਆ। ਸ਼ੇਰੇ ਨੂੰ ਮਾਸਟਰ ਨਾਲ ਗੱਲਾਂ ਕਰਕੇ ਸਦਾ ਹੀ ਸਕੂਨ ਮਿਲਦਾ ਸੀ। ਰਸਮੀ ਸੁੱਖ-ਸਾਂਦ ਬਾਅਦ ਉਹ ਸ਼ੇਰੇ ਦੇ ਭਵਿੱਖ ਬਾਰੇ ਗੱਲ ਕਰਨਾ ਚਾਹੁੰਦਾ ਸੀ। ਉਸ ਤੋਂ ਪਹਿਲਾਂ ਹੀ ਸ਼ੇਰੇ ਨੇ ਆਪਣੀ ਗੱਲ ਸ਼ੁਰੂ ਕਰ ਲਈ।

‘ਮੈਂ ਘਰ ਬਦਲਣਾ ਜਿੰਨੀ ਜਲਦੀ ਹੋ ਸਕੇ। ਏਸ ਘਰ ਵਿਚ ਮੈਂ ਨੀ ਰਹਿ ਸਕਦਾ।’

ਮਾਸਟਰ ਤੇ ਨਾਜਰ ਨੇ ਘੋਖਵੀਆਂ ਨਜ਼ਰਾਂ ਨਾਲ ਸ਼ੇਰੇ ਵੱਲ ਵੇਖਿਆ। ਮਾਸਟਰ ਸ਼ੇਰੇ ਦੀ ਮਾਨਸਿਕ ਹਾਲਤ ਸਮਝ ਗਿਆ।

‘ਤੇਰੇ ਘਰ ’ਤੇ ਕੋਈ ਕਰਜ਼ਾ ਤਾਂ ਹੈ ਨੀ ਹੁਣ। ਤੂੰ ਵੇਚ ਕੇ ਹੋਰ ਲੈ ਲਾ। ਤਿੰਨ ਕੁ ਮਹੀਨੇ ਤਾਂ ਲੱਗ ਈ ਜਾਣਗੇ।’ ਨਾਜਰ ਨੇ ਜਵਾਬ ਦਿੱਤਾ।

‘ਤਿੰਨਾਂ ਮਹੀਨਿਆਂ ’ਚ ਤਾਂ ਮੈਂ ਪਾਗਲ ਹੋ ਜੂੰ।’ ਸ਼ੇਰੇ ਦੀ ਹਾਲਤ ਤਰਸਯੋਗ ਬਣੀ ਹੋਈ ਸੀ।

‘ਕੋਈ ਨਾ ਤੂੰ ਹੌਸਲਾ ਰੱਖ। ਆਪਾਂ ਕਿਰਾਏ ’ਤੇ ਕੋਈ ਕਮਰਾ ਲੱਭ ਲੈਨੇ ਆਂ ਤੇ ਘਰ ਵੇਚਣਾ ਲਾ ਦੇ ਨਾਲੇ ਖਰੀਦਣ ਲਈ ਘਰ ਲੱਭਣਾ ਸ਼ੁਰੂ ਕਰ। ਸਮਾਂ ਸਾਰੇ ਜ਼ਖਮ ਭਰ ਦਿੰਦਾ ਸ਼ੇਰ ਸਿਆਂ।’

‘ਮਾਸਟਰ ਜੀ ਕਿਸਮਤ ਈ ਮਾੜੀ ਐ। ਕਿਥੇ ਤੋਂ ਕਿਥੇ ਪਹੁੰਚ ਗਿਆਂ।’ ਸ਼ੇਰਾ ਨਿਮੋਝੂਣਾ ਹੋਇਆ ਨੀਵੀਂ ਪਾਈ ਬੈਠਾ ਸੀ।

‘ਸ਼ੇਰ ਸਿਆਂ ਕਿਸਮਤ ਨਾਂ ਦੀ ਕੋਈ ਬਲਾ ਨਹੀਂ ਹੁੰਦੀ। ਬੰਦਾ ਠੀਕ ਸਮੇਂ ਠੀਕ

ਫੈਸਲਾ ਕਰ ਲਵੇ ਤਾਂ ਪੌਂ ਬਾਰਾਂ, ਜੇ ਬੰਦਾ ਗਲਤ ਫੈਸਲਾ ਕਰ ਲਵੇ ਤਾਂ ਤਿੰਨ ਕਾਣੇ।' ਮਾਸਟਰ ਨੇ ਗੈਸ ਕੂਕਰ 'ਤੇ ਪਏ ਪਤੀਲੇ ਵੱਲ ਵੇਖਦਿਆਂ ਕਿਹਾ। ਨਾਜਰ ਸਮਝ ਗਿਆ ਉਹ ਚਾਹ ਪੀਣੀ ਚਾਹੁੰਦਾ ਸੀ।

'ਫੈਸਲੇ ਵੀ ਤਾਂ ਕੁਦਰਤ ਈ ਕਰਾਉਂਦੀ ਐ।'

'ਨਹੀਂ ਸ਼ੇਰ ਸਿਆਂ। ਬੰਦੇ ਵਿਚ ਮੁੱਖ ਰੂਪ ਵਿਚ ਦੋ ਹੀ ਭਾਵਨਾਵਾਂ-ਪਿਆਰ ਤੇ ਡਰ। ਡਰ ਦੀਆਂ ਉੱਪ ਭਾਵਨਾਵਾਂ ਸਭ ਨਾਂਹ ਪੱਖੀ ਭਾਵਨਾਵਾਂ ਐ ਜਿਵੇਂ ਈਗੋ, ਕ੍ਰੋਧ, ਲਾਲਚ ਆਦਿ----ਤੇ ਪਿਆਰ ਦੀਆ ਸਾਰੀਆਂ ਸਾਕਾਰਾਤਮਕ ਉੱਪ ਭਾਵਨਾਵਾਂ; ਸਚਾਈ, ਇਮਾਨਦਾਰੀ, ਸੰਤੁਸ਼ਟਤਾ, ਮੁਹੱਬਤ, ਦਿਆਲਤਾ ਬਗੈਰਾ। ਜੇ ਫੈਸਲਾ ਨਿਕਾਰਾਤਮਕ ਭਾਵਨਾਵਾਂ ਦੇ ਪ੍ਰਭਾਵ ਅਧੀਨ ਹੋਇਆ ਤਾਂ ਸਿੱਟੇ ਵੀ ਨਾਂਹ-ਪੱਖੀ ਹੋਣਗੇ। ਜੇ ਸਾਕਾਰਾਤਮਕ ਭਾਵਨਾਵਾਂ ਫੈਸਲੇ ਨੂੰ ਪ੍ਰਭਾਵਤ ਕਰਦੀਆਂ ਤਾਂ ਸਿੱਟੇ ਹਾਂ ਪੱਖੀ ਹੋਣਗੇ--।' ਮਾਸਟਰ ਬੋਲ ਰਿਹਾ ਸੀ ਤੇ ਸ਼ੇਰਾ ਸੋਚ ਰਿਹਾ ਸੀ। ਉਸ ਦੇ ਜ਼ਿਹਨ ਵਿਚ ਜੀਤਾਂ ਘੁੰਮ ਰਹੀ ਸੀ।

'ਮਾਸਟਰ ਜੀ ਗੱਲ ਤਾਂ ਥੋਡੀ ਠੀਕ ਆ ਪਰ ਸਾਡੀ ਸਮਝ 'ਚ ਨੀ ਆਉਣ ਵਾਲੀ।' ਨਾਜਰ ਬੋਲਿਆ।

'ਨਾਜਰ ਸਿੰਘ ਤੂੰ ਬਿਜਨਸ ਦਾ ਫੈਸਲਾ ਕੀਤਾ। ਤੇਰੇ ਅਵਚੇਤਨ ਵਿਚ ਤੇਰੇ ਪਰਿਵਾਰ ਨੂੰ ਖੁਸ਼ੀ ਤੇ ਸੁਖ ਦੇਣ ਦੀ ਭਾਵਨਾ ਸੀ। ਤੂੰ ਇਸ ਹਾਂ-ਪੱਖੀ ਭਾਵਨਾ ਕਾਰਨ ਸਫ਼ਲ ਹੋ ਗਿਆ। ਜੇ ਭਾਈ ਤੂੰ ਪਰਿਵਾਰ ਦੀ ਥਾਂ ਸਾਰੇ ਸਮਾਜ ਬਾਰੇ ਸੋਚਦਾ ਤਾਂ ਤੂੰ ਸੋਸ਼ਲ ਵਰਕਰ ਬਣ ਜਾਂਦਾ ਤੇ ਸਮਾਜ ਦੇ ਭਲੇ ਲਈ ਕੰਮ ਕਰਦਾ--।' ਨਾਜਰ ਨੇ ਸਿਰ ਹਿਲਾ ਕੇ ਸਹਿਮਤੀ ਪ੍ਰਗਟ ਕੀਤੀ। ਸ਼ੇਰਾ ਅਜੇ ਵੀ ਮਾਸਟਰ ਵੱਲ ਵੇਖ ਰਿਹਾ ਸੀ।

ਨਾਜਰ ਨੇ ਪਤੀਲਾ ਚੁੱਕਿਆ ਤੇ ਸਿੰਕ ਦੀ ਟੂਟੀ ਤੋਂ ਪਾਣੀ ਪਾਉਣ ਲੱਗਾ। ਇਸੇ ਵੇਲੇ ਪ੍ਰੀਤੋ ਅੰਦਰ ਦਾਖਲ ਹੋਈ।

'ਸਾ ਸ੍ਰੀ 'ਕਾਲ ਭਾ ਜੀ।' ਉਸ ਨੇ ਸ਼ੇਰੇ ਨੂੰ ਨਿਰਖ ਨਾਲ ਵੇਖਿਆ ਤੇ ਨਾਜਰ ਕੋਲ ਨੂੰ ਚਲੀ ਗਈ।

'ਤੁਸੀਂ ਬੈਠੋ ਚਾਹ ਮੈਂ ਬਣਾ ਦਿੰਨੀ ਆਂ। ਤੁਸੀਂ ਸਮੋਸੇ ਫੜ ਲਿਆਉ।'

ਨਾਜਰ ਬਾਹਰ ਚਲਾ ਗਿਆ।

'ਹੋਰ ਭਾਜੀ ਤੁਸੀਂ ਦੱਸੋ ਸਿਹਤ ਠੀਕ ਠਾਕ ਐ।' ਪ੍ਰੀਤੋ ਨੇ ਨਿੱਕੀਆਂ-ਨਿੱਕੀਆ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ ਪਰ ਗੱਲ ਬਹੁਤੀ ਅੱਗੇ ਨਹੀਂ ਸੀ ਤੁਰਦੀ। ਉਹ ਦੋਵੇਂ ਹੀ ਰਾਜੂ ਦੇ ਫ਼ੋਨ ਦੀ ਉਡੀਕ ਵਿਚ ਸਨ। ਸ਼ੇਰਾ, ਪ੍ਰੀਤੋ ਦੇ ਬਦਲੇ ਸੰਬੋਧਨ ਬਾਰੇ ਸੋਚ ਰਿਹਾ ਸੀ। ਪਹਿਲਾਂ ਉਹ ਉਸ ਨੂੰ ਵੀਰ ਜੀ ਕਹਿੰਦੀ ਸੀ। ਇਸ ਨਵੇਂ ਸੰਬੋਧਨ ਦੇ ਸ਼ਬਦੀ ਮਾਅਨੇ ਤਾਂ ਇਕ ਹੀ ਸਨ ਪਰ ਵੀਰ ਜੀ ਉਸ ਨੂੰ ਬਹੁਤ ਅਪਣਤ ਭਰਿਆ ਲਗਦਾ ਸੀ। ਭਾ ਜੀ ਕੋਈ ਰਸਮੀ ਜਿਹਾ ਓਪਰਾ ਸੰਬੋਧਨ ਲਗਦਾ। ਸ਼ੇਰੇ ਨੇ ਇਸ ਬਾਰੇ ਕੁਝ ਨਾ

ਕਹਿਣਾ ਹੀ ਠੀਕ ਸਮਝਿਆ।

ਚਾਹ ਖਤਮ ਕੀਤੀ ਤੇ ਚਾਰ ਵੱਜਣ ਵਾਲੇ ਸਨ। ਕਈ ਫ਼ੋਨ ਆਏ ਪਰ ਰਾਜੂ ਦਾ ਫ਼ੋਨ ਨਹੀਂ ਸੀ ਆਇਆ। ਚਾਹ ਪੀ ਕੇ ਵੀ ਪ੍ਰੀਤੋ ਉਹਨਾਂ ਕੋਲ ਬੈਠੀ ਰਹੀ। ਸ਼ੇਰਾ ਆਮ ਨਾਲੋਂ ਬਹੁਤਾ ਚੁੱਪ ਸੀ।

ਸਵਾ ਕੁ ਚਾਰ ਵਜੇ ਫ਼ੋਨ ਦੀ ਘੰਟੀ ਵੱਜੀ ਤਾਂ ਪ੍ਰੀਤੋ ਨੇ ਚੁੱਕਿਆ ਤੇ ਹੈਲੋ ਕਹੀ।

'ਹਾਂ ਪੁੱਤ ਅਸੀਂ ਸਭ ਠੀਕ ਆਂ ਤੂੰ ਦੱਸ--।'

'ਲੈ ਤੂੰ ਪਾਪਾ ਨਾਲ ਗੱਲ ਕਰ।' ਕਹਿ ਕੇ ਪ੍ਰੀਤੋ ਨੇ ਟੈਲੀਫ਼ੋਨ ਸ਼ੇਰੇ ਨੂੰ ਫੜਾ ਦਿੱਤਾ।

'ਹੈਲੋ ਪੁੱਤ--।'

'ਹੈਲੋ—ਕਿਵੇਂ ਆ ਤੁਸੀਂ ਠੀਕ ਐਂ?'

'ਹਾਂ ਪੁੱਤ ਠੀਕ ਆਂ। ਬੱਸ ਤੈਨੂੰ ਦੇਖਣ ਤੇ ਮਿਲਣ ਨੂੰ ਬਹੁਤ ਦਿਲ ਤਾਂਘਦਾ। ਕਦੋਂ ਆਏਂਗਾ?'

'ਦੋ ਕੁ ਹਫ਼ਤੇ ਤਾਂ ਨੀ ਆ ਹੋਣਾ। ਤੁਸੀਂ ਖਿਆਲ ਰੱਖਿਉ। ਚੰਗਾ ਬਾਏ।' ਕਹਿ ਕੇ ਉਸ ਨੇ ਫ਼ੋਨ ਕੱਟ ਦਿੱਤਾ। ਸ਼ੇਰੇ ਨੇ ਰਸੀਵਰ ਵੱਲ ਘੂਰਦਿਆਂ ਤੱਕਿਆ।

ਪ੍ਰੀਤੋ ਉਹਨਾਂ ਕੋਲੋਂ ਉੱਠ ਕੇ ਦੁਕਾਨ ਵਿਚ ਚਲੀ ਗਈ।

'ਰਾਜੂ ਤਾਂ ਕੁਸ ਰੁੱਖਾ ਜਿਆ ਈ ਬੋਲਿਆ।' ਸ਼ੇਰੇ ਨੇ ਨਾਜਰ ਵੱਲ ਵੇਖਦਿਆਂ ਸ਼ਕਾਇਤੀ ਲਹਿਜੇ ਵਿਚ ਕਿਹਾ।

ਮਾਸਟਰ ਨੇ ਕੁਝ ਦੇਰ ਚੁੱਪ ਚਾਪ ਉਸ ਵੱਲ ਵੇਖਿਆ ਜਿਵੇਂ ਸੋਚ ਰਿਹਾ ਹੋਵੇ ਕਿ ਕੁਝ ਕਹੇ ਜਾਂ ਨਾ ਕਹੇ। ਫਿਰ ਉਸ ਨੇ ਆਪਣੇ ਸੁਭਾਅ ਮੁਤਾਬਕ ਸੱਚੀ ਸੁੱਚੀ ਗੱਲ ਕਹਿਣ ਲਈ ਮੂੰਹ ਖੋਲ੍ਹਿਆ।

'ਸ਼ੇਰ ਸਿਆਂ ਬੱਚੇ ਸਿਰਫ ਜਨਮ ਦੇਣ ਨਾਲ ਈ ਆਵਦੇ ਨੀ ਬਣਦੇ। ਬੱਚਿਆਂ ਨਾਲ ਖੇਡਣਾ-ਕੁੱਦਣਾ ਤੇ ਬੱਚਿਆਂ ਨਾਲ ਬੱਚੇ ਬਣਨਾ ਪੈਂਦਾ। ਤੇਰੇ ਕੋਲ ਰਾਜੂ ਦਾ ਬਾਪ ਬਣਨ ਦਾ ਸਮਾਂ ਈ ਨੀ ਸੀ। ਤੈਨੂੰ ਉਹਤੋਂ ਦੂਰ ਰਹਿਣਾ ਪਿਆ। ਮਾਂ-ਮਛੋਹਰ ਦਾ ਪਿਉ ਈ ਮਾਂ ਬਣਦਾ। ਇਹ ਸਭ ਕਰਨ ਦਾ ਤੈਨੂੰ ਸਮਾਂ ਈ ਨੀ ਮਿਲਿਆ। ਇਹ ਫਰਜ਼ ਤਾਂ ਪ੍ਰੀਤੋ ਤੇ ਨਾਜਰ ਨੇ ਨਿਭਾਇਆ ਐ। ਤੇਰੀ ਗੈਰਹਾਜ਼ਰੀ ਵਿਚ ਇਹ ਹੀ ਉਹਦੇ ਮਾਂ ਪਿਉ ਸੀ ਤੇ ਅਜੇ ਵੀ ਹੈਗੇ। ਹੁਣ ਇਕ ਦਮ ਤਾਂ ਸਭ ਬਦਲ ਨੀ ਸਕਦਾ। ਤੂੰ ਉਹਦਾ ਅੱਜ ਭਾਂਵੇਂ ਪੰਜ ਪ੍ਰਤੀਸ਼ਤ ਈ ਪਿਉ ਐਂ। ਹੌਲੀ ਹੌਲੀ ਤੈਨੂੰ ਪੂਰਾ ਪਿਉ ਬਣਨ ਵਲ ਵਧਣਾ ਚਾਹੀਦਾ। ਲੰਮੇ ਸਬਰ ਵਾਲਾ ਕੰਮ ਆ---।' ਮਾਸਟਰ ਨੇ ਸਮਝਾਇਆ। ਸ਼ੇਰੇ ਨੂੰ ਲੱਗਿਆ ਮਾਸਟਰ ਠੀਕ ਕਹਿ ਰਿਹਾ ਸੀ। ਦਿਲ ਨੂੰ ਸਮਝਾਉਣਾ ਹੋਰ ਵੀ ਔਖੀ ਗੱਲ ਸੀ।

ਮਾਸਟਰ ਘਰ ਜਾਣ ਲਈ ਉੱਠਿਆ ਤਾਂ ਸ਼ੇਰਾ ਵੀ ਨਾਲ ਹੀ ਤੁਰ ਪਿਆ। ਉਹ ਗੱਲਾਂ ਕਰਦੇ ਸ਼ੇਰੇ ਦੇ ਘਰ ਆ ਗਏ। ਸ਼ੇਰੇ ਨੇ ਚਾਹ ਬਣਾ ਲਈ ਤੇ ਆਪਣਾ ਮਨ ਖੋਲ੍ਹਿਆ।

'ਮਾਸਟਰ ਜੀ ਆਏਂ ਲਗਦਾ ਜਿਵੇਂ ਸਾਰੇ ਰਾਹ ਬੰਦ ਹੋ ਗਏ ਹੋਣ। ਸਮਝ ਨੀ

ਆਉਂਦੀ ਕੀ ਕਰਾਂ? ਰਾਜੂ ਵੀ ਮੂੰਹ ਮੋੜ ਗਿਆ--।' ਉਸ ਦੀ ਚਾਹ ਮੇਜ਼ 'ਤੇ ਪਈ ਠੰਡੀ ਹੋ ਰਹੀ ਸੀ।

'ਸ਼ੇਰ ਸਿਆਂ ਆਪਣੇ ਕਹਿੰਦੇ ਆ ਨਾ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ। ਜੇ ਕੋਸ਼ਿਸ਼ ਕਰੀਏ ਤਾਂ ਖੁੱਲ੍ਹ ਜ਼ਰੂਰ ਜਾਂਦੀਆਂ। ਰਾਜੂ ਦੇ ਦਿਲ ਵਿਚ ਜਿਹੜੀ ਗੰਢ ਐ ਸੌਖੀ ਨੀ ਖੁੱਲ੍ਹਣੀ। ਮੈਂ ਉਹਨਾਂ ਤਿੰਨਾਂ ਬੱਚਿਆਂ ਦੀ ਹਿਸਾਬ ਪੜ੍ਹਾਉਣ ਵਿਚ ਮਦਦ ਕਰਦਾ ਰਿਹਾਂ। ਰਾਜੂ ਬਹੁਤ ਚੰਗਾ ਬੱਚਾ ਐ। ਉਹਨੇ ਵਕੀਲ ਬਣਨ ਦਾ ਫੈਸਲਾ ਕੀਤਾ ਤੇ ਬਣ ਵੀ ਜਾਣਾ। ਤੂੰ ਉਹਦੇ 'ਤੇ ਮਾਣ ਕਰ ਸਕਦਾਂ।' ਮਾਸਟਰ ਨੇ ਚਾਹ ਦੀ ਘੁੱਟ ਭਰੀ।

'ਮੈਂ ਤਾਂ ਗੁਰਦਵਾਰੇ ਜਾ ਕੇ ਸੇਵਾ ਕਰਨ ਬਾਰੇ ਸੋਚਿਆ। ਜਿਹੜੇ ਚਾਰ ਦਿਨ ਆ ਕਿਵੇਂ ਨਾ ਕਿਵੇਂ ਤਾਂ ਲੰਘਾਉਣੇ ਈ ਆ।'

'ਗੁਰਦਵਾਰੇ ਕਾਹਦੀ ਸੇਵਾ ਕਰੇਂਗਾ? ਲੋਕਾਂ ਨੂੰ ਲੰਗਰ ਛਕਾਏਂਗਾ, ਉਥੇ ਹੋਰ ਬਥੇਰੇ ਹੁੰਦੇ ਆ। ਜਾਂ ਕਮੇਟੀ ਦਾ ਮੈਂਬਰ ਬਣ ਕੇ ਭੰਡੀ-ਪ੍ਰਚਾਰ ਵਾਲੀ ਸਿਆਸਤ ਦਾ ਅੰਗ ਬਣੇਂਗਾ। ਗੁਰਦਵਾਰਿਆਂ ਵਿਚੋਂ ਲੋਕਾਂ ਨੂੰ ਨੈਤਿਕਤਾ ਦੀ ਸਿੱਖਿਆ ਮਿਲਣੀ ਚਾਹੀਦੀ ਐ। ਜੇ ਸਿੱਖਿਆ ਦੇਣ ਵਾਲਿਆਂ ਕੋਲ ਈ ਸਦਾਚਾਰਕ ਘਾਟ ਹੋਵੇ ਤਾਂ ਉਹ ਦੂਜਿਆਂ ਨੂੰ ਕੀ ਸਿੱਖਿਆ ਦੇਣਗੇ, ਹੈਂ?'

ਸ਼ੇਰੇ ਨੂੰ ਲੱਗਿਆ ਜਿਵੇਂ ਮਾਸਟਰ ਨੇ ਉਸ ਦੇ ਆਪਣੇ ਇਖਲਾਕ 'ਤੇ ਉਂਗਲ ਰੱਖ ਦਿੱਤੀ ਹੋਵੇ। ਉਸ ਨੂੰ ਆਪਣਾ ਆਪ ਹੋਰ ਵੀ ਹੀਣਾ ਲੱਗਿਆ। ਮਾਸਟਰ ਠੀਕ ਸੀ ਉਹ ਕਿਸੇ ਨੂੰ ਸਿੱਖਿਆ ਤਾਂ ਦੇ ਨਹੀਂ ਸੀ ਸਕਦਾ। ਉਸ ਨੂੰ ਤਾਂ ਆਪ ਨੂੰ ਸਿੱਖਿਆ ਦੀ ਲੋੜ ਸੀ।

'ਫੇਰ ਮੈਂ ਕੀ ਕਰਾਂ?'

'ਸ਼ੇਰ ਸਿਆਂ ਪ੍ਰੈਕਟੀਕਲ ਹੋਣਾ ਜ਼ਰੂਰੀ ਆ। ਪਹਿਲਾਂ ਤਾਂ ਕੰਮ ਲੱਭ ਤੇ ਦਸਾਂ ਨਹੁੰਆਂ ਦੀ ਕਿਰਤ ਕਰ। 'ਮੈਂ' ਤੋਂ ਉਪਰ ਉੱਠ ਕੇ ਦੁਨੀਆਂ ਵਿਚ ਬਹੁਤ ਕੁਝ ਕਰਨ ਵਾਲਾ ਐ। ਤੂੰ ਆਵਦੇ ਕਲੰਕ ਨੂੰ ਧੋਣਾ ਐ ਤਾਂ ਦੀਨ-ਦੁਖੀਏ ਦੀ ਮਦਦ ਕਰ ਸਕਦਾਂ। ਲੋਕਾਂ ਦੇ ਲੜ ਲਾ ਆਵਦੇ ਆਪ ਨੂੰ ਸੱਚੇ ਮਨੋਂ। ਸਾਰੇ ਰੱਬ ਅਸਲ 'ਚ ਮਨੁੱਖ ਦੇ ਅੰਦਰ ਈ ਵਸਦੇ ਆ। ਤੇਰੇ ਕਰਮ ਨਾਲ ਰਾਜੂ ਵੀ ਬਦਲ ਜੂ। ਹੌਸਲਾ ਤੇ ਸਬਰ ਰੱਖ।'

ਮਾਸਟਰ ਚਲਾ ਗਿਆ। ਜਿਵੇਂ ਜਿਵੇਂ ਸ਼ੇਰਾ ਉਸ ਦੀਆਂ ਗੱਲਾਂ ਬਾਰੇ ਸੋਚਦਾ ਉਸ ਨੂੰ ਲਗਦਾ ਜਿਵੇਂ ਮਾਸਟਰ ਉਹਦੇ ਲਈ ਜਿਉਣ ਦਾ ਰਾਹ ਖੋਲ੍ਹ ਗਿਆ ਹੋਵੇ। ਅਗਲੇ ਦਿਨ ਉਹ ਹਲਕੇ ਮਨ ਨਾਲ ਉੱਠਿਆ ਤੇ ਕੰਮ ਲਭਣ ਲਈ ਤੁਰ ਗਿਆ।

***

ਦੋ ਕੁ ਦਿਨ ਬਾਅਦ ਪ੍ਰੀਤੋ ਨੂੰ ਬੁਖਾਰ ਤੇ ਜ਼ੁਕਾਮ ਨੇ ਘੇਰ ਲਿਆ। ਦੋ ਤਿੰਨ ਦਿਨ ਉਹ ਘਰੇਲੂ ਨੁਸਖੇ ਵਰਤਦੀ ਰਹੀ ਪਰ ਉਸ ਦੀ ਹਾਲਤ ਚੰਗੀ ਨਾ ਹੋਈ। ਰਾਜੂ ਨੇ ਆਮ ਵਾਂਗ ਹੀ ਫ਼ੋਨ ਕੀਤਾ ਤਾਂ ਫ਼ੋਨ ਰਾਣੀ ਨੇ ਚੁੱਕਿਆ।

‘ਤੈਨੂੰ ਆ ਗਿਆ ਯਾਦ ਵੱਡਿਆ ਭੜਾਕੂਆ। ਘਰੇ ਵੀ ਕੋਈ ਭੈਣ, ਭਰਾ, ਮਾਂ, ਪਿਉ ਹੈਗਾ ਤੇਰਾ। ਕਿੱਥੇ ਸੀ ਐਨੇ ਦਿਨ? ਕਿੱਧਰੇ ਕਿਸੇ ਨਾਲ ਰੁੱਝ ਤਾਂ ਨੀ ਗਿਆ।’ ਉਹਦੀਆਂ ਅੱਖਾਂ ਵਿਚ ਸ਼ਰਾਰਤ ਸੀ।

‘ਮੈਂ ਕਿਸੇ ਨਾਲ ਨੀ ਰੁੱਝਿਆ ਤੇ ਜਦੋਂ ਕੋਈ ਇਹੋ ਜੀ ਗੱਲ ਹੋਈ ਪਹਿਲਾਂ ਤੈਨੂੰ ਦੱਸੂੰ।’

‘ਝੂਠ, ਪਹਿਲਾਂ ਤਾਂ ਪੈਵ ਦੇ ਕੰਨ ’ਚ ਖੁਸਰ-ਮੁਸਰ ਕਰੇਂਗਾ।’ ਕਹਿ ਕੇ ਉਹ ਖੁੱਲ੍ਹ ਕੇ ਹੱਸੀ।

‘ਮੰਮ ਕਿਥੇ ਆ?’

‘ਬੈਡ ’ਚ। ਚਾਰ ਦਿਨਾਂ ਦਾ ਬੁਖਾਰ ਤੇ ਜ਼ੁਕਾਮ ਐ ਤੇ ਡਾਕਟਰ ਦੇ ਨੀ ਗਈ। ਅੱਜ ਮਸਾਂ ਮੈਂ ਲੈ ਕੇ ਗਈ ਤੇ ਦੁਆਈ ਲਿਆਂਦੀ ਐ। ਅੱਗੇ ਨੀ ਮੰਮੀ ਨੂੰ ਕਦੇ ਐਨਾ ਬੁਖਾਰ ਹੋਇਆ।’

‘ਮੈਂ ਦੋ ਦਿਨ ਕੰਮ ’ਤੇ ਸੀ। ਇਕ ਮੁੰਡਾ ਛੁੱਟੀ ਗਿਆ ਸੀ ਤਾਂ ਮਾਲਕ ਨੇ ਮੈਨੂੰ ਬੁਲਾ ਲਿਆ। ਨਹੀਂ ਤਾਂ ਵੀਕ ਐਂਡ ’ਤੇ ਈ ਹੁੰਦਾ ਕੰਮ ਤਾਂ। ਮੈਂ ਫ਼ੋਨ ਵੀ ਨੀ ਕਰ ਸਕਿਆ।’

‘ਤੈਨੂੰ ਕੰਮ ਦੀ ਕੀ ਲੋੜ ਆ? ਘਰੋਂ ਪੈਸੇ ਨੀ ਮਿਲਦੇ? ਤੂੰ ਪੜ੍ਹਾਈ ਕਰ।’

‘ਠੀਕ ਐ ਬੌਸ। ਮੰਮੀ ਨਾਲ ਤਾਂ ਗੱਲ ਕਰਾ।’ ਉਹ ਫ਼ੋਨ ਛੱਡ ਕੇ ਮਾਂ ਦੇ ਕਮਰੇ ਵਿਚ ਚਲੀ ਗਈ। ਉਹਨਾਂ ਦੇ ਕਮਰੇ ਵਿਚ ਵੀ ਫ਼ੋਨ ਦੀ ਲਾਈਨ ਸੀ ਜਿਥੋਂ ਉਸ ਨੇ ਫ਼ੋਨ ਚੁੱਕ ਕੇ ਮਾਂ ਨੂੰ ਫੜਾਇਆ।

‘ਹੈਲੋ ਪੁੱਤ।’

‘ਮੰਮ ਕੀ ਗੱਲ ਹੋ ਗੀ। ਤੁਸੀਂ ਪਰਸੋਂ ਤਾਂ ਮੈਨੂੰ ਕੁਛ ਨੀ ਦੱਸਿਆ।’

‘ਵੇਹ ਕੁਸ ਨੀ ਹੋਇਆ ਮੈਨੂੰ। ਚਾਰ ਛਿੱਕਾਂ ਆ ਗੀਆਂ ਤਾਂ ਆਹ ਭੂਤਣੀ ਖਿੱਚ ਕੇ ਡਾਕਟਰ ਦੇ ਲੈ ਗੀ। ਤੂੰ ਨਾ ਫਿਕਰ ਕਰ। ਇਕ ਦੋਂਹ ਦਿਨਾਂ ਵਿਚ ਹੋ ਜੂੰ ਠੀਕ।’

ਸ਼ੁਕਰਵਾਰ ਨੂੰ ਨਾਜਰ ਦੁਕਾਨ ਬੰਦ ਕਰਕੇ ਘਰ ਪਹੁੰਚਿਆ ਤੇ ਪ੍ਰੀਤੋ ਦਾ ਪਤਾ ਕੀਤਾ। ਉਹ ਨਿੱਘੀ ਹੋਈ ਹੀਟਰ ਅੱਗੇ ਬੈਠੀ ਸੀ। ਪੈਵ ਆਪਣੇ ਕਮਰੇ ਵਿਚ ਸੀ ਤੇ ਰਾਣੀ ਮਾਂ ਨਾਲ ਗੱਲਾਂ ਮਾਰ ਰਹੀ ਸੀ। ਨਾਜਰ ਨੇ ਵੀ ਪੈਗ ਪਾ ਲਿਆਂਦਾ ਤੇ ਉਹਨਾਂ ਨਾਲ ਗੱਲਾਂ ਮਾਰਨ ਲੱਗਾ। ਦਰਵਾਜ਼ਾ ਖੁੱਲ੍ਹਣ ਦੀ ਆਵਾਜ਼ ਆਈ ਜਿਹੜੀ ਸਿਰਫ ਪ੍ਰੀਤੋ ਨੂੰ ਹੀ ਸੁਣੀ।

‘ਰਾਜੂ ਆ ਗਿਆ।’ ਪ੍ਰੀਤੋ ਨੇ ਕੰਬਲ ਪਾਸੇ ਸੁੱਟਿਆ ਤੇ ਉੱਠ ਖੜ੍ਹੀ ਹੋ ਗਈ। ਨਾਜਰ ਤੇ ਰਾਣੀ ਹੈਰਾਨੀ ਨਾਲ ਵੇਖਣ ਲੱਗੇ। ਉਹਨਾਂ ਨੂੰ ਦਰਵਾਜ਼ੇ ਦੇ ਖੁੱਲ੍ਹਣ ਦਾ ਵੀ ਅਹਿਸਾਸ ਨਹੀਂ ਸੀ ਹੋਇਆ। ਪ੍ਰੀਤੋ ਨੂੰ ਪਤਾ ਨੀ ਕਿਵੇਂ ਪਤਾ ਲੱਗਾ ਗਿਆ ਸੀ। ਅਗਲੇ ਪਲ ਮਾਂ ਪੁੱਤ ਇਕ ਦੂਜੇ ਦੀਆਂ ਬਾਹਾਂ ਵਿਚ ਸਨ।

ਪ੍ਰੀਤੋ ਨੂੰ ਪਤਾ ਸੀ ਰਾਜੂ ਵੀਕ ਐਂਡ ’ਤੇ ਕੰਮ ਛੱਡ ਕੇ ਆਇਆ ਸੀ ਉਹ ਵੀ ਸਿਰਫ ਉਸ ਦੀ ਖਾਤਰ। ਪ੍ਰੀਤੋ ਦੇ ਜਿਵੇਂ ਸਾਰੇ ਦੁੱਖ ਟੁੱਟ ਗਏ ਹੋਣ।

'ਬਿੰਦ ਕੁ ਪਹਿਲਾਂ ਤਾਂ ਮੰਮੀ ਦੀ 'ਵਾਜ਼ ਨੀ ਸੀ ਨਿਕਲਦੀ। ਹੁਣ ਮੁੰਡਾ ਆ ਗਿਆ ਤਾਂ ਕਿਵੇਂ ਗੱਲਾਂ ਮਾਰਦੀ ਐ।' ਰਾਣੀ ਬੋਲੀ ਤਾਂ ਪੈਵ ਵੀ ਨੀਚੇ ਆ ਗਿਆ।

ਗੱਲਾਂ ਗੱਲਾਂ ਵਿਚ ਹੀ ਨਾਜਰ ਨੇ ਰਾਜੂ ਨੂੰ ਸ਼ੇਰੇ ਨੂੰ ਮਿਲਣ ਜਾਣ ਲਈ ਕਿਹਾ ਤਾਂ ਰਾਜੂ ਨੇ ਨੀਵੀਂ ਪਾ ਲਈ।

'ਦੇਖ ਰਾਜੂ, ਅਸੀਂ ਤੇਰਾ ਦਿਲ ਵੀ ਸਮਝਦੇ ਆਂ ਤੇ ਉਹਦਾ ਵੀ। ਪੁੱਤ ਮੇਰੇ ਕਹੇ ਜ਼ਰੂਰ ਉਹਨੂੰ ਮਿਲ ਆ। ਉਹਨੂੰ ਚੈਨ ਆ ਜੂ। ਮੈਂ ਤੈਨੂੰ ਬਹੁਤਾ ਨੀ ਕਹਿੰਦੀ।'

'ਯੈਸ ਮੰਮ।' ਕਹਿ ਕੇ ਰਾਜੂ ਆਪਣੇ ਕਮਰੇ ਵਿਚ ਚਲਾ ਗਿਆ ਤੇ ਮਗਰੇ ਪੈਵ ਚਲਾ ਗਿਆ।

ਅਗਲੇ ਦਿਨ ਸ਼ੇਰਾ ਨਾਜਰ ਦੇ ਘਰੇ ਰਾਜੂ ਨੂੰ ਜੱਫੀ ਵਿਚ ਲਈ ਰੋ ਰਿਹਾ ਸੀ।

## 22

ਪੈਵ ਨੇ ਅਕਾਂਊਟੈਂਸੀ ਦੀ ਡਿਗਰੀ ਕਰ ਲਈ ਤੇ ਉਹ ਘਰ ਆ ਗਿਆ ਸੀ। ਦੋ ਚਾਰ ਦਿਨ ਲੰਘੇ ਤਾਂ ਨਾਜਰ ਨੇ ਉਸ ਨੂੰ ਸ਼ਾਮ ਨੂੰ ਆਪਣੇ ਕੋਲ ਸੱਦਿਆ।

'ਲੈ ਪੁੱਤ ਤੇਰੀ ਪੜ੍ਹਾਈ ਪੂਰੀ ਹੋ ਗਈ ਆ ਤੇ ਹੁਣ ਤੂੰ ਮੇਰਾ ਹੱਥ ਵਟਾ। ਮੈਥੋਂ ਤਾਂ ਇੰਡੀਆ ਵੀ ਨੀ ਜਾ ਹੁੰਦਾ। ਮੈਂ ਇਕ ਸਟੋਰ ਦੇਖਿਆ। ਸਲੋਹ ਸ਼ਹਿਰ ਵਿਚ ਵੀ ਆਪਣੇ ਬੰਦਿਆਂ ਦੀ ਅਬਾਦੀ ਵਧ ਰਹੀ ਆ। ਬੜੀ ਮੌਕੇ ਦੀ ਦੁਕਾਨ ਆ। ਗੋਰੇ ਤੋਂ ਖਾਸ ਨੀ ਚਲਦੀ। ਦੁਕਾਨ ਵੱਡੀ ਆ। ਆਪਾਂ ਸੇਲ ਚੰਗੀ ਕਰ ਲੈਣੀ ਐ। ਜੇ ਚਾਹੇਂ ਤਾਂ ਕੱਲ੍ਹ ਨੂੰ ਆਪਾਂ ਦੋਵੇਂ ਗੇੜਾ ਮਾਰ ਆਵਾਂਗੇ।'

'ਪਰ ਡੈਡ ਮੈਂ ਤਾਂ ਬਿਜਨਸ ਕਰਨਾ ਈ ਨੀ ਚਾਹੁੰਦਾ। ਮੈਂ ਤਾਂ ਪਹਿਲਾਂ ਕਿਸੇ ਫਰਮ ਨਾਲ ਕੰਮ ਕਰੂੰ ਤੇ ਫੇਰ ਆਵਦਾ ਦਫ਼ਤਰ ਖੋਲ੍ਹੂੰ।' ਨਾਜਰ ਦੀ ਗੱਲ ਵੀ ਅਜੇ ਪੂਰੀ ਨੀ ਸੀ ਹੋਈ ਕਿ ਪੈਵ ਨੇ ਵੱਟੇ ਵਾਂਗੂੰ ਜਵਾਬ ਕੱਢ ਮਾਰਿਆ।

'ਤੇਰਾ ਡਮਾਕ ਠੀਕ ਆ! ਜਿੰਨੇ ਤੂੰ ਸਾਰੇ ਹਫ਼ਤੇ 'ਚ ਕੰਮ ਕਰਕੇ ਕਮਾਉਣੇ ਆ ਓਨੇ ਤਾਂ ਅੱਧੇ ਦਿਨ 'ਚ ਈ ਬਣ ਜਾਇਆ ਕਰਨਗੇ। ਘਰ ਦਾ ਚਲਦਾ ਬਿਜਨਸ ਛੱਡ ਕੇ ਤੂੰ ਲੋਕਾਂ ਦੀ ਚਾਕਰੀ ਕਰੇਂਗਾ।' ਨਾਜਰ ਨੂੰ ਗੁੱਸਾ ਆ ਰਿਹਾ ਸੀ ਪਰ ਉਹ ਆਪਣੇ ਆਪ ਨੂੰ ਸੰਜਮ ਵਿਚ ਰੱਖਣ ਦੀ ਕੋਸ਼ਿਸ਼ ਵੀ ਕਰ ਰਿਹਾ ਸੀ।

'ਡੈਡ ਪੈਸਾ ਈ ਤਾਂ ਸਾਰਾ ਕੁਝ ਨੀ ਹੁੰਦਾ। ਤੁਸੀ ਸਵੇਰੇ ਨੌਂ ਵਜੇ ਘਰੋਂ ਨਿਕਲਦੇ ਆਂ ਤੇ ਆਥਣ ਨੂੰ ਨੌਂ ਤੋਂ ਵੀ ਬਾਅਦ ਮੁੜਦੇ ਆਂ। ਸੱਤੇ ਦਿਨ ਥੋਡਾ ਇਹੋ ਹਾਲ ਹੁੰਦਾ। ਅੱਜ ਤੱਕ ਤੁਸੀਂ ਕਦੇ ਇੰਡੀਆ ਤੋਂ ਬਿਨਾਂ ਹੋਰ ਕਿਤੇ ਛੁੱਟੀਆਂ ਕੱਟਣ ਨੀ ਗਏ। ਖਾਣ-ਪਹਿਨਣ ਦਾ ਥੋਨੂੰ ਕੋਈ ਸ਼ੌਕ ਨੀ। ਸ਼ੌਕ ਕੀ ਜਦੋਂ ਟੈਮ ਈ ਨੀ ਹੁੰਦਾ। ਜੇ ਮੇਰੀ ਮੰਨੋ ਤਾਂ ਦੁਕਾਨ ਵੇਚ ਦਿਉ ਤੇ ਹੁਣ ਐਸ਼ ਕਰੋ। ਦੁਨੀਆਂ ਨੂੰ ਘੁੰਮ ਫਿਰ ਕੇ ਦੇਖੋ।' ਪੈਵ ਨੇ ਕਦੇ ਐਨੀ ਖੁੱਲ੍ਹ ਨਾਲ ਗੱਲ ਨਹੀਂ ਸੀ ਕੀਤੀ।

'ਪੁੱਤ ਤੇਰਾ ਕਸੂਰ ਨੀ। ਤੈਨੂੰ ਬਣਿਆ ਬਣਾਇਆ ਮਿਲ ਗਿਆ ਸਾਰਾ ਕੁਸ। ਸਾਨੂੰ ਅਜੇ ਵੀ ਕੜਕਦੀ ਧੁੱਪ 'ਚ ਮੁੜ੍ਹਕੋ-ਮੁੜ੍ਹਕੀ ਹੋ ਕੇ ਕੰਮ ਕਰਦਿਆਂ ਦੇ ਦਿਨ ਯਾਦ ਆ। ਅਸੀਂ ਪੈਸੇ-ਪੈਸੇ ਨੂੰ ਤਰਸਦੇ ਸੀ ਤੇ ਤੁਸੀਂ ਭਾਈ 'ਟੁੱਕ' ਨੂੰ 'ਟੁੱਚ' ਈ ਦਸਦੇ ਆਂ।'

'ਆਈ ਐਮ ਸੌਰੀ ਡੈਡ, ਮੈਂ ਬਿਜਨਸ ਨੀ ਕਰ ਸਕਦਾ।' ਕਹਿ ਕੇ ਪੈਵ ਆਪਣੇ ਕਮਰੇ ਵਿਚ ਚਲਾ ਗਿਆ।

ਨਾਜਰ ਨੂੰ ਸਾਰੀ ਰਾਤ ਖਿਝ ਆਈ ਗਈ। ਉਸ ਨੇ ਬਹੁਤ ਕੁਝ ਸੋਚਿਆ ਸੀ। ਉਸ ਨੇ ਕਈ ਸਟੋਰ ਖੋਲ੍ਹਣ ਦਾ ਸੁਪਨਾ ਦੇਖਿਆ ਸੀ। ਪਰ ਪੈਵ ਨੇ ਉਸ ਦੇ ਸਾਰੇ ਸੁਪਨੇ ਢਹਿ-ਢੇਰੀ ਕਰ ਦਿੱਤੇ ਸਨ। ਸਟੋਰ 'ਤੇ ਵੀ ਉਹ ਉਖੜਿਆ ਜਿਹਾ ਰਿਹਾ। ਉਸ ਨੇ

ਮਾਸਟਰ ਨੂੰ ਫ਼ੋਨ ਕਰਕੇ ਵਾਜ ਮਾਰ ਲਈ। ਮਾਸਟਰ ਸਾਢੇ ਕੁ ਸੱਤ ਵਜੇ ਆ ਪਹੁੰਚਿਆ ਤੇ ਉਹ ਦਫ਼ਤਰ ਵਿਚ ਹੀ ਬੈਠ ਕੇ ਪੈਗ ਸਾਂਝਾ ਕਰਨ ਲੱਗੇ। ਗੱਲਾਂ ਕਰਦਿਆਂ ਨਾਜਰ ਨੇ ਆਪਣਾ ਮਨ ਹਲਕਾ ਕਰਨ ਲਈ ਗੱਲ ਚਲਾਈ।

'ਅੱਜ ਕੱਲ੍ਹ ਦੇ ਨਿਆਣਿਆਂ ਦੇ ਡਮਾਕ ਈ ਖਰਾਬ ਹੋਏ ਪਏ ਆ। ਉਹ ਸਾਡੇ ਆਲਾ ਕਹਿੰਦਾ ਮੈਂ ਬਿਜਨਸ ਨੀ ਕਰਨਾ, ਕੰਮ ਕਰਨਾ। ਸਰਦਾਰੀ ਛੱਡ ਕੇ ਮਜ਼ੂਰੀ ਕਰਨੀ ਆ।'

ਨਾਜਰ ਦੀ ਖਿੱਝ ਸਪੱਸ਼ਟ ਸੀ ਤੇ ਮਾਸਟਰ ਨੇ ਉਸ ਵੱਲ ਧਿਆਨ ਨਾਲ ਵੇਖਿਆ। ਉਸ ਨੂੰ ਪਤਾ ਲੱਗ ਗਿਆ, ਨਾਜਰ ਨੇ ਉਸ ਨੂੰ ਕਿਉਂ ਬੁਲਾਇਆ ਸੀ।

'ਕਿਹਦੀ ਗੱਲ ਕਰਦਾਂ, ਪੈਵ ਦੀ।'

'ਹੋਰ ਕੀ। ਪੜ੍ਹਾਈ ਪੂਰੀ ਕਰ ਲੀ। ਸੁਹਣਾ ਹੋ ਗਿਆ। ਘਰ ਦੇ ਚਲਦੇ ਕੰਮ 'ਚ ਹੱਥ ਵਟਾਉਣ ਦੀ ਥਾਂ ਮੈਨੂੰ ਮੱਤਾਂ ਦਿੰਦਾ ਅਖੇ ਦੁਕਾਨ ਵੇਚ ਕੇ ਸੈਰ ਸਪਾਟਾ ਕਰ।'

ਮਾਸਟਰ ਕੁਝ ਦੇਰ ਚੁੱਪ ਰਿਹਾ ਤੇ ਨਾਜਰ ਖਾਲੀ ਪਏ ਗਲਾਸ ਨੂੰ ਘੂਰਦਾ ਰਿਹਾ। ਮਾਸਟਰ ਨੇ ਖੰਗੂਰਾ ਮਾਰ ਕੇ ਗਲਾ ਸਾਫ਼ ਕੀਤਾ। ਨਾਜਰ ਦਾ ਧਿਆਨ ਉਸ ਵੱਲ ਖਿੱਚਿਆ ਗਿਆ। 'ਮੈਂ ਜਦੋਂ ਇੰਡੀਆ ਤੋਂ ਆਇਆ ਤਾਂ ਬਿਸਕੁਟਾਂ ਵਾਲੀ ਫੈਕਟਰੀ 'ਚ ਕੰਮ ਕਰਨ ਲੱਗ ਗਿਆ। ਬਣਦਾ ਤਾਂ ਉਥੇ ਹੋਰ ਵੀ ਕਈ ਕੁਝ ਸੀ ਪਰ ਸਾਰੇ ਬਿਸਕੁਟਾਂ ਆਲੀ ਫੈਕਟਰੀ ਈ ਕਹਿੰਦੇ ਸੀ। ਉਥੇ ਸਾਡੇ ਨਾਲ ਸਾਡੀ ਕੁ ਉਮਰ ਦਾ ਈ ਇਕ ਗੋਰਾ ਮੁੰਡਾ ਮੈਨੇਜਰ ਬਣ ਕੇ ਆ ਗਿਆ।'

'ਸਾਡੀ ਸ਼ਿਫਟ ਦਾ ਮੈਨੇਜਰ ਹੋਣ ਕਰਕੇ ਸਾਡੇ ਨਾਲ ਗੱਲਾਂ ਬਾਤਾਂ ਵੀ ਹੁੰਦੀਆਂ ਸੀ। ਇਕ ਦਿਨ ਸਾਡੀ ਮੀਟਿੰਗ ਸੀ ਤੇ ਉਹ ਸਾਨੂੰ ਹੈਲਥ, ਸੇਫਟੀ ਤੇ ਸਫ਼ਾਈ ਬਗੈਰਾ ਬਾਰੇ ਦੱਸ ਰਿਹਾ ਸੀ। ਗੱਲਾਂ ਕਰਦਾ ਕਹਿੰਦਾ ਕਿ ਉਹਦੇ ਪਿਉ ਦੀ ਫੈਕਟਰੀ ਆ ਤੇ ਸੱਤਰ ਬੰਦੇ ਕੰਮ ਕਰਦੇ ਆ। ਮੈਂ ਨਾਲ ਦੇ ਏਸ਼ੀਅਨ ਬੰਦੇ ਦੇ ਕੂਹਣੀ ਮਾਰੀ ਤੇ ਉਹਦੇ ਕੰਨ 'ਚ ਕਿਹਾ। ਫੇਰ ਏਥੇ ਕੀ ਕਰਦਾ? ਬਾਅਦ ਵਿਚ ਵੀ ਅਸੀਂ ਗੱਲਾਂ ਕਰਦੇ ਰਹੇ ਬਈ ਬੜੀਆਂ ਲੰਮੀਆਂ ਛੱਡੀ ਜਾਂਦਾ।'

ਮਾਸਟਰ ਨੇ ਗਲਾਸ ਵਿਚੋਂ ਘੁੱਟ ਭਰੀ ਤੇ ਗਲਾਸ ਮੇਜ਼ 'ਤੇ ਰੱਖ ਦਿੱਤਾ। ਨਾਜਰ ਦਾ ਪੂਰਾ ਧਿਆਨ ਉਹਦੇ ਵੱਲ ਸੀ।

'ਦੋ ਚਾਰ ਦਿਨਾਂ ਬਾਅਦ ਲੰਚ ਵੇਲੇ ਉਹ ਵੀ ਲੰਚ ਲੈ ਕੇ ਸਾਡੇ ਟੇਬਲ 'ਤੇ ਆ ਬੈਠਾ। ਮੇਰੇ ਉਹਦੀ ਕਹੀ ਉਹ ਗੱਲ ਯਾਦ ਆ ਗਈ ਤੇ ਮੈਂ ਉਹਨੂੰ ਪੁੱਛ ਲਿਆ ਕਿ ਤੇਰੇ ਪਿਉ ਦੀ ਫੈਕਟਰੀ ਆ ਤੇ ਤੂੰ ਉਥੇ ਕਿਉਂ ਨੀ ਕੰਮ ਕਰਦਾ? ਪਤਾ ਉਹਨੇ ਕੀ ਜਵਾਬ ਦਿੱਤਾ?' ਉਸ ਨੇ ਨਾਜਰ ਦੇ ਮੂੰਹ 'ਤੇ ਨਜ਼ਰਾਂ ਗੱਡਦਿਆਂ ਕਿਹਾ।

'ਕਹਿੰਦਾ ਕਿ ਉਹਦੇ ਪਿਉ ਨੇ ਉਸ ਨੂੰ ਕਿਹਾ ਕਿ ਜੇ ਮੈਂ ਤੈਨੂੰ ਏਥੇ ਆਵਦੀ ਫੈਕਟਰੀ 'ਚ ਕੰਮ 'ਤੇ ਲਾ ਤਾ ਤਾਂ ਤੂੰ ਅੱਜ ਈ ਬੌਸ ਬਣ ਜਾਣਾ। ਹੁਕਮ ਚਲਾਉਣ ਤੋਂ

ਪਹਿਲਾਂ ਹੁਕਮ ਮੰਨਣਾ ਸਿਖਣਾ ਜ਼ਰੂਰੀ ਆ। ਤੂੰ ਜਾਹ ਕਿਤੇ ਕੰਮ ਲੱਭ। ਸਾਲ ਦੋ ਸਾਲ ਤਜਰਬਾ ਕਰ, ਕੰਮ ਕਰਨਾ ਵੀ ਸਿੱਖ ਤੇ ਕਰਾਉਣਾ ਵੀ, ਫੇਰ ਤੂੰ ਆ ਕੇ ਫੈਕਟਰੀ ਚਲਾਈਂ। ਤੇ ਨਾਜਰ ਸਿਆਂ ਮੈਂ ਤਾਂ ਹੈਰਾਨ ਹੋ ਗਿਆ ਯਾਰ। ਆਪਾਂ ਤਾਂ ਨਿਆਣਿਆਂ ਨੂੰ ਵਗਾੜਦੇ ਆਂ। ਇੱਕੀਵਾਂ ਬਰਥ ਡੇ ਹੋਇਆ ਤੇ ਚਾਰ ਪੈਸੇ ਕੋਲ ਆ ਤਾਂ ਉਹਨੂੰ ਕਾਰ ਲੈ ਦਿਆਂਗੇ, ਨਵੀਂ ਨਕੋਰ। ਇੰਝ ਅਸੀਂ ਆਵਦੀ ਅਮੀਰੀ ਦਾ ਦਿਖਾਵਾ ਕਰਦੇ ਆਂ। ਮੁੰਡੇ 'ਕਾਕਾ ਜੀ' ਬਣ ਜਾਂਦੇ ਆ।' ਮਾਸਟਰ ਨੇ ਅਜੇ ਗੱਲ ਖਤਮ ਵੀ ਨਹੀਂ ਸੀ ਕੀਤੀ ਕਿ ਨਾਜਰ ਬੋਲ ਪਿਆ। 'ਆਪਾਂ ਤਾਂ ਜੀ ਇਹੋ ਜੀ ਕੋਈ ਹੋਸ਼ੀ ਹਰਕਤ ਨੀ ਕੀਤੀ। ਜੇ ਕੀਤੀ ਆ ਤਾਂ ਦੱਸੋ?'

'ਨਹੀਂ ਕੀਤੀ। ਤਾਂ ਈ ਤਾਂ ਬੱਚੇ ਸਹੀ ਆ। ਮੁੰਡੇ ਨੇ ਕੋਰਸ ਕਰ ਲਿਆ। ਉਹਨੂੰ ਕੰਮ ਦਾ ਅਨੁਭਵ ਕਰਨ ਦਿਉ। ਜੇ ਉਹਦੀ ਖੁਸ਼ੀ ਕੰਮ ਕਰਨ ਦੀ ਆ ਤਾਂ ਕਰਨ ਦਿਉ, ਬੱਚਿਆਂ ਨੂੰ ਅਜ਼ਾਦੀ ਦੇਣ ਦੀ ਆਪਣੇ ਸਭਿਆਚਾਰ 'ਚ ਰੀਤ ਈ ਨੀ ਹੈਗੀ। ਡਾਕਟਰ ਕਹੂ ਮੇਰਾ ਮੁੰਡਾ ਡਾਕਟਰ ਈ ਬਣੇ। ਅਸੀਂ ਨਿਆਣਿਆਂ ਨੂੰ ਮਜਬੂਰ ਕਰਦੇ ਆਂ ਬਈ ਆਹ ਪੜ੍ਹ, ਆਹ ਕੰਮ ਕਰ। ਉਹਨੂੰ ਆਪਣੇ ਫੈਸਲੇ ਲੈਣ ਦਿਉ। ਦੂਜੀ ਗੱਲ ਨਾਜਰ ਸਿਆਂ ਬੁਰਾ ਨਾ ਮਨਾਈਂ। ਆਪਾਂ ਤਾਂ ਪੈਸੇ ਕਮਾਉਣੇ ਈ ਸਿੱਖੇ ਆ ਉਹਨਾਂ ਨੂੰ ਆਪਣੇ 'ਤੇ ਖਰਚਣਾ, ਉਹਨਾਂ ਨਾਲ ਜ਼ਿੰਦਗੀ ਦਾ ਅਨੰਦ ਲੈਣਾ ਤਾਂ ਅਜੇ ਸਿਖਿਆ ਨੀ। ਅਗਲੀ ਪੀੜ੍ਹੀ ਨੇ ਪਹਿਲਾਂ ਈ ਸਿੱਖ ਲਿਆ। ਤੂੰ ਮੇਰੀ ਮੰਨ ਮੁੰਡੇ ਨੂੰ ਕਰਨ ਦੇ ਜੋ ਕਰਦਾ।'

ਨਾਜਰ ਨੂੰ ਮਾਸਟਰ ਤੋਂ ਉਮੀਦ ਸੀ ਕਿ ਉਹ ਪੈਵ ਨੂੰ ਸਮਝਾਏਗਾ। ਉਹ ਤਾਂ ਸਗੋਂ ਉਸ ਨੂੰ ਹੀ ਸਮਝਾਉਣ ਲੱਗਿਆ ਸੀ। ਏਸ ਵੇਲੇ ਨੂੰ ਦੁਕਾਨ ਬੰਦ ਕਰਨ ਦਾ ਸਮਾਂ ਹੋ ਗਿਆ ਸੀ ਤੇ ਉਹ ਘਰਾਂ ਨੂੰ ਚੱਲ ਪਏ।

ਨਾਜਰ ਅਗਲੇ ਦੋ ਤਿੰਨ ਦਿਨ ਇਸ ਬਾਰੇ ਸੋਚਦਾ ਰਿਹਾ ਪਰ ਉਸ ਦਾ ਮਨ ਪੈਵ ਨਾਲ ਸਹਿਮਤ ਨਾ ਹੋਇਆ। ਉਸ ਨੂੰ ਇਹ ਵੀ ਪਤਾ ਸੀ ਕਿ ਪੈਵ ਨੇ ਮੰਨਣਾ ਨਹੀਂ ਸੀ। ਉਹ ਚੁੱਪ ਜਿਹਾ ਰਹਿੰਦਾ।

ਇਕ ਦਿਨ ਉਹ ਘਰ ਆਇਆ ਤਾਂ ਪੈਵ ਨਾਜਰ ਤੇ ਪ੍ਰੀਤੋ ਕੋਲ ਆ ਬੈਠਾ।

'ਡੈਡ ਮੈਂ ਦੋ ਹਫ਼ਤਿਆਂ ਲਈ ਛੁੱਟੀਆਂ 'ਤੇ ਚੱਲਿਆਂ। ਪਹਿਲਾਂ ਅਸੀਂ ਫਲੋਰੀਡਾ ਜਾਵਾਂਗੇ। ਹਫ਼ਤੇ ਬਾਅਦ ਕਿਊਬਾ।' ਪੈਵ ਬੋਲਿਆ।

'ਮਰਜੀ ਕਰੋ। ਕਿਹੜਾ ਕਿਸੇ ਦੀ ਸੁਣਨੀ ਆ।' ਨਾਜਰ ਨੇ ਬਿਨਾਂ ਉਸ ਵੱਲ ਵੇਖਿਆਂ ਕਿਹਾ। ਪੈਵ ਪ੍ਰੀਤੋ ਵੱਲ ਵੇਖਣ ਲੱਗਾ ਪਰ ਉਹ ਉਸ ਵੱਲ ਵੇਖ ਨਹੀਂ ਸੀ ਰਹੀ। ਉਹ ਉੱਠ ਕੇ ਆਪਣੇ ਕਮਰੇ ਵਿਚ ਚਲਾ ਗਿਆ।

ਛੁੱਟੀਆਂ ਤੋਂ ਆ ਕੇ ਉਸ ਨੇ ਕੰਮ 'ਤੇ ਜਾਣਾ ਸ਼ੁਰੂ ਕਰ ਦਿੱਤਾ। ਨਾਜਰ ਅਜੇ ਵੀ ਉਸ ਨਾਲ ਖੁਸ਼ ਨਹੀਂ ਸੀ।

# 23

ਜੈਕੀ ਬਲੈਕ ਚਾਲੀ ਕੁ ਸਾਲਾਂ ਦੀ ਤਾਕਤਵਰ ਔਰਤ ਜਿਸ ਨੂੰ ਸ਼ੁਰੂ ਤੋਂ ਹੀ ਕਿੱਕ ਬੌਕਸਿੰਗ ਦਾ ਸ਼ੌਂਕ ਸੀ। ਦਸ ਕੁ ਸਾਲ ਦੀ ਉਮਰ ਤੋਂ ਉਸ ਨੇ ਕਿੱਕ ਬੌਕਸਿੰਗ ਸਿੱਖਣੀ ਸ਼ੁਰੂ ਕਰ ਦਿੱਤੀ। ਉਹ ਬਕਾਇਦਾ ਟ੍ਰੇਨਿੰਗ ਲੈਂਦੀ ਸੀ ਤੇ ਹਰ ਕਿਸੇ ਮੁਕਾਬਲੇ ਵਿਚ ਭਾਗ ਲੈਂਦੀ। ਜਦ ਕਦੀ ਉਸ ਤੋਂ ਵੱਡੀ ਤੇ ਤਕੜੀ ਕੁੜੀ ਨਾਲ ਉਸ ਦਾ ਮੁਕਾਬਲਾ ਹੁੰਦਾ ਤਾਂ ਉਸ ਨੂੰ ਚਾਅ ਚੜ੍ਹ ਜਾਂਦਾ। ਇਹ ਨਹੀਂ ਕਿ ਉਹ ਹਰ ਵਾਰ ਜਿੱਤਦੀ ਸੀ, ਉਸ ਨੂੰ ਜਿੱਤਣ ਨਾਲੋਂ ਸਿੱਖਣ ਅਤੇ ਆਪਣੇ ਸਵੈ-ਵਿਸ਼ਵਾਸ਼ ਵਿਚ ਵਾਧੇ ਦੀ ਖੁਸ਼ੀ ਹੁੰਦੀ।

ਬਾਈ ਸਾਲਾਂ ਦੀ ਉਮਰ ਵਿਚ ਉਹ ਪੁਲੀਸ ਵਿਚ ਭਰਤੀ ਹੋ ਗਈ। ਉਹ ਬਹੁਤ ਠੰਡੇ ਸੁਭਾਅ ਤੇ ਬਿਨਾਂ ਘਬਰਾਹਟ ਜਾਂ ਡਰ ਆਪਣਾ ਕੰਮ ਕਰਨ ਲਈ ਜਾਣੀ ਜਾਣ ਲੱਗੀ। ਅੱਜ ਕੱਲ੍ਹ ਉਹ ਸਕੌਟ ਦੀ ਟੀਮ ਵਿਚ ਹੀ ਕੰਮ ਕਰਦੀ ਸੀ।

ਬੌਬ ਬਾਰੇ ਸਕੌਟ ਨੂੰ ਯਕੀਨ ਸੀ ਕਿ ਉਸ ਦਾ ਨੈਟਵਰਕ ਲੰਮਾ-ਚੌੜਾ ਸੀ। ਟੋਨੀ ਦੇ ਕਹਿਣ ’ਤੇ ਉਸ ਨੂੰ ਹੋਰ ਵੀ ਯਕੀਨ ਹੋ ਗਿਆ। ਈਮੇਲਾਂ ਵਿਚੋਂ ਉਹਨਾਂ ਨੂੰ ਕੋਈ ਠੋਸ ਸਬੂਤ ਨਹੀਂ ਸੀ ਮਿਲਿਆ। ਟੋਨੀ ਵੀ ਹੁਣ ਕਾਫੀ ਰੁੱਝਿਆ ਲਗਦਾ ਸੀ। ਉਸ ਨੇ ਕਦੀ ਸਕੌਟ ਨਾਲ ਰਾਬਤਾ ਨਹੀਂ ਸੀ ਬਣਾਇਆ ਤੇ ਨਾ ਹੀ ਸਕੌਟ ਨੇ ਉਸ ਨਾਲ ਗੱਲ-ਬਾਤ ਕੀਤੀ ਸੀ। ਵੈਸੇ ਸਕੌਟ ਨੂੰ ਆਸ ਸੀ ਟੋਨੀ ਉਸ ਨਾਲੋਂ ਬੌਬ ਬਾਰੇ ਜ਼ਰੂਰ ਜ਼ਿਆਦਾ ਜਾਣਦਾ ਸੀ।

ਸਕੌਟ ਨੇ ਜੈਕੀ ਨਾਲ ਗੱਲ ਕੀਤੀ। ਬੌਬ ਦੇ ਗੈਰ ਕਨੂੰਨੀ ਕੰਮ-ਧੰਦੇ ਦਾ ਸਬੂਤ ਲੱਭਣ ਲਈ ਜੈਕੀ ਨੂੰ ਉਸ ਦੀ ਕਲੱਬ ਵਿਚ ਕੰਮ ਕਰਨ ਲਈ ਕਿਹਾ। ਜੈਕੀ ਤਿਆਰ ਹੋ ਗਈ। ਉਸ ਨੂੰ ਤਾਂ ਅਜਿਹੇ ਕੰਮ ਬਹੁਤ ਪਸੰਦ ਸਨ। ਜਿਥੇ ਕੋਈ ਖ਼ਤਰਾ ਹੋਵੇ ਤੇ ਲੜਾਈ-ਝਗੜਾ ਕਰਨ ਤੋਂ ਉਸ ਨੂੰ ਕੋਈ ਡਰ ਨਹੀਂ ਸੀ ਲਗਦਾ।

ਸਕੌਟ ਲੰਡਨ ਵਿਚ ਕਲੱਬ ਦੇ ਨੇੜੇ ਦੇ ਪੁਲੀਸ ਸਟੇਸ਼ਨ ਚਲਾ ਗਿਆ। ਉਥੇ ਉਸ ਨੇ ਬੌਬ ਬਾਰੇ ਲੋੜੀਂਦੀ ਜਾਣਕਾਰੀ ਸਾਂਝੀ ਕੀਤੀ ਤੇ ਮਦਦ ਲਈ ਲੋਕਲ ਪੁਲੀਸ ਨੂੰ ਬੇਨਤੀ ਕੀਤੀ।

ਸਵੇਰ ਦੇ ਸਾਢੇ ਤਿੰਨ ਵਜੇ ਕਲੱਬ ਦੇ ਬੰਦ ਹੋਣ ਬਾਅਦ ਲੈਜ਼ਲੀ ਨਾਂ ਦੀ ਕੁੜੀ ਬਾਹਰ ਨਿਕਲੀ। ਉਹ ਉਥੇ ਕੁਝ ਸਾਲਾਂ ਤੋਂ ਕੰਮ ਕਰਦੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਉਹ ਟੌਮਿਸ਼ ਦੇ ਨੇੜੇ ਸੀ ਤੇ ਕਲੱਬ ਦੇ ਕੁਝ ਨਾ ਕੁਝ ਭੇਦ ਉਹ ਜ਼ਰੂਰ ਜਾਣਦੀ ਸੀ। ਇਕ ਭੇਦ ਸਕੌਟ ਨੂੰ ਪਤਾ ਸੀ। ਉਹ ਕਲੱਬ ਵਿਚੋਂ ਥੋੜਾ ਨਸ਼ਾ ਤੇ ਨਸ਼ੇ ਵਾਲੀਆਂ ਸਿਗਰਟਾਂ ਚੋਰੀ ਕਰ ਕੇ ਲੈ ਜਾਂਦੀ ਸੀ।

ਲੈਜ਼ਲੀ ਅਜੇ ਕਲੱਬ ਤੋਂ ਸੌ ਕੁ ਗਜ਼ ਹੀ ਅੱਗੇ ਗਈ ਸੀ ਜਿਥੋਂ ਉਸ ਨੇ ਬੱਸ ਫੜਨੀ

ਸੀ ਕਿ ਇਕ ਕਾਰ ਉਸ ਦੇ ਨੇੜੇ ਆ ਕੇ ਰੁਕੀ। ਇਹ ਸਿਵਲ ਕਾਰ ਸੀ। ਕਾਰ ਵਿਚੋਂ ਤਿੰਨ ਆਦਮੀ ਤੇ ਇਕ ਔਰਤ ਹਵਾ ਦੇ ਬੁੱਲੇ ਵਾਂਗ ਬਾਹਰ ਨਿਕਲੇ ਤੇ ਲੈਜ਼ਲੀ ਨੂੰ ਘੇਰ ਲਿਆ। ਇਕ ਆਦਮੀ ਨੇ ਜੇਬ ਵਿਚੋਂ ਆਪਣਾ ਆਈ ਡੀ ਕਾਰਡ ਕੱਢਿਆ ਤੇ ਉਸ ਦੀਆਂ ਅੱਖਾਂ ਸਾਹਮਣੇ ਕੀਤਾ। 'ਪੁਲੀਸ' ਸ਼ਬਦ ਲੈਜ਼ਲੀ ਦੇ ਕੰਨਾਂ ਵਿਚ ਹਥੌੜੇ ਦੀ ਸੱਟ ਵਾਂਗ ਵੱਜਿਆ। ਉਸ ਦੇ ਚਿਹਰੇ 'ਤੇ ਹੈਰਾਨੀ ਅਤੇ ਡਰ ਦੇ ਭਾਵ ਸਪੱਸ਼ਟ ਦਿਸਣ ਲੱਗੇ।

'ਤੇਰਾ ਨਾਂ ਤੇ ਇਸ ਵੇਲੇ ਏਥੇ ਕੀ ਕਰ ਰਹੀ ਐਂ?'

'ਲੈਜ਼ਲੀ ਹੀਥ, ਮੈਂ ਯੰਗ ਨਾਈਟ ਕਲੱਬ ਵਿਚ ਕੰਮ ਕਰਦੀ ਆਂ।'

ਪੁਲੀਸ ਨੂੰ ਤਸੱਲੀ ਸੀ ਕਿ ਸਹੀ ਸ਼ਿਕਾਰ ਹੀ ਹੱਥ ਆਇਆ ਸੀ।

'ਤੇਰੇ ਕੋਲ ਕੋਈ ਗੈਰ-ਕਨੂੰਨੀ ਚੀਜ਼ ਹੈ?'

'ਕੀ ਮਤਲਬ?' ਕੁੜੀ ਦੀ ਆਵਾਜ਼ ਵਿਚੋਂ ਸਵੈ-ਭਰੋਸਾ ਨੌਂ ਦੋ ਗਿਆਰਾਂ ਹੋ ਗਿਆ ਸੀ।

'ਤੇਰੇ ਕੋਲ ਕੋਈ ਗੈਰ-ਕਨੂੰਨੀ ਚੀਜ਼ ਹੈ-ਹਾਂ ਜਾਂ ਨਾਂਹ।' ਇਸ ਵਾਰ ਉਸ ਨੂੰ ਸਵਾਲ ਵਿਚ ਸਖ਼ਤੀ ਮਹਿਸੂਸ ਹੋਈ।

'ਨਹੀਂ-।' ਉਸ ਨੇ ਮਸਾਂ ਹੀ ਕਿਹਾ।

ਪੁਲੀਸ ਅਫ਼ਸਰ ਨੇ ਮਹਿਲਾ ਅਫ਼ਸਰ ਨੂੰ ਸਿਰ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਲੈਜ਼ਲੀ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ।

ਸਭ ਤੋਂ ਪਹਿਲਾਂ ਉਸ ਦੇ ਹੈਂਡ ਬੈਗ ਵਿਚੋਂ ਸਿਗਰਟਾਂ ਦੀ ਡੱਬੀ ਕੱਢੀ ਤੇ ਪੁਲੀਸ ਅਫ਼ਸਰ ਨੂੰ ਫੜਾ ਦਿੱਤੀ। ਉਸ ਨੇ ਦਸਤਾਨੇ ਪਾ ਕੇ ਡੱਬੀ ਖੋਲ੍ਹੀ। ਪੰਜ ਸਿਗਰਟਾਂ ਨੂੰ ਉਸ ਨੇ ਵਾਰ ਵਾਰ ਸੁੰਘਿਆ ਤੇ ਦੋ ਨੂੰ ਪਾਸੇ ਕਰ ਲਿਆ। ਡੱਬੀ ਨੂੰ ਧਿਆਨ ਨਾਲ ਟਟੋਲਿਆ ਤਾਂ ਡੱਬੀ ਵਿਚੋਂ ਇਕ ਪੁੜੀ ਨਿਕਲ ਆਈ। ਖੋਲ੍ਹ ਕੇ ਸੁੰਘਿਆ ਤਾਂ ਬਿਨਾਂ ਸ਼ੱਕ ਉਹ 'ਏ ਕਲਾਸ' ਡਰੱਗ ਦੀ ਪੁੜੀ ਸੀ।

'ਤੈਨੂੰ ਕੁਝ ਵੀ ਕਹਿਣ ਦੀ ਲੋੜ ਨਹੀਂ ਪਰ ਜੇ ਕੁਝ ਕਿਹਾ ਤਾਂ ਉਹ ਤੇਰੇ ਖਿਲਾਫ਼ ਸਬੂਤ ਵਜੋਂ ਅਦਾਲਤ ਵਿਚ ਵਰਤਿਆ ਜਾ ਸਕਦਾ ਹੈ।'

ਅਫ਼ਸਰ ਨੇ ਕਨੂੰਨੀ ਕਾਰਵਾਈ ਪੂਰੀ ਕੀਤੀ। ਏਨੇ ਵਿਚ ਪੁਲੀਸ ਦੀ ਇਕ ਕਾਰ ਉਥੇ ਆ ਕੇ ਰੁਕੀ। ਉਹਨਾਂ ਨੂੰ ਦੂਸਰੇ ਅਫ਼ਸਰ ਨੇ ਸੁਨੇਹਾ ਪਾ ਕੇ ਸੱਦ ਲਿਆ ਸੀ।

ਲੈਜ਼ਲੀ ਨੂੰ ਕਾਰ ਵਿਚ ਪਿਛਲੀ ਸੀਟ 'ਤੇ ਬਿਠਾ ਲਿਆ ਤੇ ਦੋਵੇਂ ਪਾਸੀਂ ਪੁਲੀਸ ਵਾਲੇ ਬੈਠ ਗਏ। ਨੀਲੀਆਂ ਜਗਦੀਆਂ-ਬੁਝਦੀਆਂ ਬੱਤੀਆਂ ਨਾਲ ਕਾਰ ਚਲੀ ਗਈ।

ਸਕੌਟ, ਲੈਜ਼ਲੀ ਦੀ ਉਡੀਕ ਕਰ ਰਿਹਾ ਸੀ।

ਲੈਜ਼ਲੀ ਦੀ ਪੁੱਛ-ਗਿੱਛ ਸ਼ੁਰੂ ਹੋਈ ਜੋ ਸਕੌਟ ਇਕ ਹੋਰ ਲੋਕਲ ਅਫ਼ਸਰ ਦੀ ਮਦਦ ਨਾਲ ਕਰ ਰਿਹਾ ਸੀ।

'ਨਸ਼ਾ ਤੇ ਨਸ਼ੇ ਵਾਲੀਆਂ ਸਿਗਰਟਾਂ ਤੇਰੇ ਕੋਲੋਂ ਬਰਾਮਦ ਹੋਈਆਂ ਹਨ। ਇਹ ਕੇਸ

ਤਾਂ ਤੇਰੇ ’ਤੇ ਬਣਨਾ ਹੀ ਹੈ। ਇਸ ਨਾਲ ਹੀ ਚੋਰੀ ਦਾ ਕੇਸ ਵੀ ਬਣਨਾ ਹੈ। ਤੈਨੂੰ ਚੋਰੀ ਦੀ ਕੀ ਲੋੜ ਸੀ ਤੂੰ ਕਲੱਬ ਵਿਚ ਹੀ ਇਹਨਾਂ ਦੀ ਵਰਤੋਂ ਕਰ ਲੈਂਦੀ?’

‘ਅਸਲ ’ਚ ਇਹ ਮੇਰੇ ਬੁਆਏ ਫਰੈਂਡ ਲਈ ਆ। ਉਹਨੂੰ ਇਹ ਸਿਗਰਟਾਂ ਤੇ ਨਸ਼ਾ ਪਸੰਦ ਆ। ਇਹਨਾਂ ਨੂੰ ਵਰਤ ਕੇ ਕੁਝ ਦੇਰ ਲਈ ਦੁਨੀਆਂ ਬਹੁਤ ਪਿਆਰੀ ਲਗਦੀ ਆ। ਐਨੇ ਪੈਸੇ ਸਾਡੇ ਕੋਲ ਹੈ ਨਹੀਂ ਕਿ ਆਪ ਖਰੀਦ ਸਕੀਏ।’

ਸਕੌਟ ਨੂੰ ਕੁੜੀ ’ਤੇ ਤਰਸ ਆਇਆ। ਕਿੰਨੇ ਲੋਕ ਨਕਲੀ ਖੁਸ਼ੀ ਦੀ ਭਾਲ ਵਿਚ ਪੈਸੇ ਤੇ ਸਿਹਤ ਨੂੰ ਬਰਬਾਦ ਕਰਦੇ ਐ! ਉਹਨਾਂ ਦੇ ਵੀ ਕੋਈ ਵੱਸ ਨਹੀਂ। ਖੁਸ਼ੀ, ਜਿਸ ਦੇ ਉਹ ਹੱਕਦਾਰ ਹਨ, ਜਿਸ ਲਈ ਉਹ ਦਿਨ ਰਾਤ ਕੰਮ ਕਰਦੇ ਹਨ, ਪਰ ਇਹ ਸਿਸਟਮ ਦੀ ਕਮਜ਼ੋਰੀ ਹੈ ਕਿ ਉਹਨਾਂ ਨੂੰ ਨਸ਼ਿਆਂ ਰਾਹੀਂ ਖੁਸ਼ੀ ਪ੍ਰਾਪਤ ਕਰਨੀ ਪੈਂਦੀ ਹੈ।

ਪਰ ਇਹ ਸਮਾਂ ਤਰਸ ਦਾ ਨਹੀਂ ਸੀ।

‘ਤੇਰੇ ਕੋਲ ਦੋ ਹੀ ਰਾਹ ਐ। ਜਾਂ ਤਾਂ ਜੇਲ੍ਹ ਜਾਣ ਲਈ ਤਿਆਰ ਹੋ ਜਾਹ ਤੇ ਜਾਂ ਤੂੰ ਸਾਡੀ ਮਦਦ ਕਰ ਤੇ ਅਸੀਂ ਤੇਰੀ ਮਦਦ ਕਰਾਂਗੇ। ਹੁਣ ਅਰਾਮ ਕਰ ਤੇ ਸਵੇਰੇ ਗੱਲ ਕਰਾਂਗੇ।’ ਕਹਿ ਕੇ ਉਹ ਬਾਹਰ ਆ ਗਏ।

ਲੈਜ਼ਲੀ ਨੇ ਸਿਰ ਟੇਬਲ ’ਤੇ ਸੁੱਟ ਲਿਆ। ਉਸ ਨੇ ਅੱਧੀ ਹਾਰ ਮੰਨ ਲਈ ਸੀ।

***

ਲੈਜ਼ਲੀ ਦੇ ਫੜੇ ਜਾਣ ਦਾ ਸਕੌਟ ਨੇ ਜੈਕੀ ਨੂੰ ਸੁਨੇਹਾ ਭੇਜ ਦਿੱਤਾ। ਅਗਲੇ ਦਿਨ ਉਹ ਦੋ ਹੋਰ ਪੁਲੀਸ ਦੇ ਦੋਸਤਾਂ ਨਾਲ ਯੰਗ ਨਾਈਟ ਕਲੱਬ ਵਿਚ ਚਲੀ ਗਈ। ਉਸ ਨੇ ਆਪਣੀ ਦਿੱਖ ਬਿਲਕੁਲ ਹੀ ਬਦਲੀ ਹੋਈ ਸੀ। ਅੱਖਾਂ ’ਤੇ ਵੱਡੇ ਵੱਡੇ ਚਸ਼ਮੇ, ਖੁੱਲ੍ਹੇ ਜਿਹੇ ਕੱਪੜੇ, ਲੰਬੇ ਕਾਲੇ ਵਾਲ ਤੇ ਮੇਕ ਅੱਪ ਨੇ ਉਸ ਨੂੰ ਬਿਲਕੁਲ ਹੀ ਬਦਲ ਦਿੱਤਾ ਸੀ। ਦੋ ਕੁ ਘੰਟੇ ਵਿਚ ਉਸ ਨੇ ਕਲੱਬ ਬਾਰੇ ਮੋਟੀ ਜਿਹੀ ਜਾਣਕਾਰੀ ਇਕੱਤਰ ਕਰ ਲਈ ਸੀ। ਉਸ ਮਹੌਲ ਵਿਚ ਕੰਮ ਕਰਨ ਲਈ ਉਸ ਨੇ ਮਨੋ ਤਿਆਰ ਹੋਣਾ ਸੀ।

ਅਗਲੇ ਦਿਨ ਉਹ ਸਾਦੇ ਜਿਹੇ ਕੱਪੜੇ ਤੇ ਸਧਾਰਨ ਜਿਹੀ ਔਰਤ ਬਣ ਕੇ ਕੰਮ ਪੁੱਛਣ ਲਈ ਚਲੀ ਗਈ। ਉਸ ਨੇ ਆਪਣੇ ਸਡੌਲ ਜਿਸਮ ਨੂੰ ਪਿਛਲੀ ਸ਼ਾਮ ਵਾਂਗ ਲੁਕਾਉਣ ਦਾ ਯਤਨ ਨਹੀਂ ਸੀ ਕੀਤਾ ਸਗੋਂ ਕਿਸੇ ਹੱਦ ਤੱਕ ਬੇਲਗਾਮ ਛੱਡ ਰੱਖਿਆ ਸੀ। ਉਸ ਨੂੰ ਵੇਖ ਕੇ ਟੌਮਿਸ਼ ਉਸ ਵੱਲ ਵੇਖਦਾ ਹੀ ਰਹਿ ਗਿਆ। ਕਿਸੇ ਕੁੜੀ ਨੂੰ ਕੰਮ ’ਤੇ ਰੱਖਣ ਦੀ ਉਸ ਨੂੰ ਸਖ਼ਤ ਲੋੜ ਸੀ। ਜੈਕੀ ਤੋਂ ਉਸ ਦਾ ਨੈਸ਼ਨਲ ਇੰਸ਼ੋਰੈਂਸ ਨੰਬਰ ਅਤੇ ਉਸ ਦੀ ਸ਼ਨਾਖਤ ਲਈ ਪੇਪਰ ਮੰਗੇ ਤਾਂ ਉਸ ਨੇ ਟੌਮ ਦੇ ਅੱਗੇ ਰੱਖ ਦਿੱਤੇ। ਇਹ ਕਿਸੇ ‘ਲਿੰਡਾ ਹਾਰਪਰ’ ਨਾਂ ਦੀ ਔਰਤ ਦੇ ਸਨ ਜਿਸ ਦੀ ਉਮਰ ਜੈਕੀ ਦੇ ਬਰਾਬਰ ਹੀ ਸੀ। ਪੁਲੀਸ ਡਿਪਾਰਟਮੈਂਟ ਨੇ ਜੈਕੀ ਨੂੰ ਅੰਡਰਕਵਰ ਕੰਮ ਕਰਨ ਲਈ ਉਸ ਲਈ ਨਵੀਂ ਸ਼ਨਾਖਤ ਦਾ ਪ੍ਰਬੰਧ ਕੀਤਾ ਸੀ।

ਜੈਕੀ ਨੂੰ ਟੌਮ ਕੋਲ ਨਾਂਹ ਕਰਨ ਦਾ ਕੋਈ ਕਾਰਨ ਨਹੀਂ ਸੀ। ਜੈਕੀ ਕੰਮ ’ਤੇ ਜਾਣ ਲੱਗੀ।

## 24

ਸ਼ੇਰਾ ਹੌਲੀ ਹੌਲੀ ਫਿਰ ਤੋਂ ਸਮਾਜਿਕ ਜੀਵਨ ਦੇ ਵਹਾਅ ਵਿਚ ਵਹਿਣ ਲੱਗਾ ਸੀ। ਜੇਲ੍ਹ-ਜੀਵਨ ਹੁਣ ਉਸ ਦੀ ਯਾਦ ਦੇ ਪਿਛਵਾੜੇ ਚਲਿਆ ਗਿਆ ਸੀ। ਪਹਿਲਾਂ ਉਸ ਨੇ ਨਿੱਕੇ ਜਿਹੇ ਰੈਸਟੋਰੈਂਟ ਵਿਚ ਕੰਮ ਸ਼ੁਰੂ ਕੀਤਾ। ਦਿਨੋ ਦਿਨ ਉਸ ਦਾ ਸਵੈ-ਵਿਸ਼ਵਾਸ਼ ਵਧਦਾ ਗਿਆ। ਕੁਝ ਮਦਦ ਉਸ ਨੂੰ ਮੁੜ ਵਸੇਬੇ ਵਾਲੇ ਮਹਿਕਮੇ ਤੋਂ ਵੀ ਮਿਲੀ। ਦੋ ਤਿੰਨ ਕੰਮ ਬਦਲਣ ਬਾਅਦ ਉਹ ਫਿਰ ਤੋਂ ਚਾਕਲੇਟ ਵਾਲੀ ਫੈਕਟਰੀ ਵਿਚ ਕੰਮ ਕਰਨ ਲੱਗਾ ਸੀ ਤੇ ਖੁਸ਼ ਸੀ।

ਪੁਰਾਣਾ ਘਰ ਉਸ ਨੇ ਵੇਚ ਦਿੱਤਾ। ਉਸ ਘਰ ਤੋਂ ਕੁਝ ਸੜਕਾਂ ਛੱਡ ਕੇ ਉਸ ਨੇ ਹੋਰ ਘਰ ਖਰੀਦ ਲਿਆ। ਘਰ ਦੀ ਹਾਲਤ ਤਾਂ ਤਕਰੀਬਨ ਪਹਿਲਾਂ ਵਾਲੇ ਵਰਗੀ ਹੀ ਸੀ ਪਰ ਉਸ ਦੀਆਂ ਡਰਾਉਣੀਆਂ ਯਾਦਾਂ ਤੋਂ ਉਸ ਨੂੰ ਕੁਝ ਚੈਨ ਮਿਲ ਗਿਆ ਸੀ।

ਉਸ ਦੀ ਰਾਜੂ ਨਾਲ ਵੀ ਕੁਝ ਕੁ ਨੇੜਤਾ ਬਣ ਗਈ ਸੀ ਭਾਵੇਂ ਅਜੇ ਵੀ ਉਹਨਾਂ ਵਿਚ ਇਕ ਨਰੋਈ ਕੰਧ ਕਾਇਮ ਸੀ। ਮਾਸਟਰ ਦੇ ਕਹਿਣ ਅਨੁਸਾਰ ਧੀਮੀ ਚਾਲ ਦੀ ਤਬਦੀਲੀ ਦਾ ਉਸ ਨੂੰ ਅਹਿਸਾਸ ਹੋ ਰਿਹਾ ਸੀ।

ਵਾਲ ਉਸ ਨੇ ਫਿਰ ਤੋਂ ਕਟਾ ਦਿੱਤੇ ਸਨ ਤੇ ਦਾੜ੍ਹੀ ਵੀ ਸਫਾ ਚੱਟ ਕਰ ਦਿੱਤੀ। ਫੂਡ ਫੈਕਟਰੀ ਵਿਚ ਕੰਮ ਕਰਨ ਕਰਕੇ ਉਸ ਨੂੰ ਅਜਿਹਾ ਕਰਨਾ ਪੈਣਾ ਸੀ। ਵੈਸੇ ਵੀ ਹੁਣ ਉਹ ਸਮਾਜ ਵਿਚ ਰਹਿ ਕੇ ਗੁਰਦਵਾਰਿਆਂ ਦੇ ਲੀਡਰਾਂ ਦਾ ਰੋਲ ਸਮਝਣ ਲੱਗ ਪਿਆ, ਜਿਹੜੇ ਚੌਧਰਾਂ ਖਾਤਰ ਇਕ ਦੂਜੇ ’ਤੇ ਚਿੱਕੜ ਸੁਟਦੇ ਰਹਿੰਦੇ ਸਨ। ਉਸ ਨੂੰ ਉਹਨਾਂ ਤੋਂ ਕੋਈ ਭਲੇ ਦੀ ਉਮੀਦ ਨਹੀਂ ਸੀ। ਉਹ ਵੀ ਅਸਲ ਵਿਚ ਸਿਆਸੀ ਕਿਰਦਾਰ ਵਾਲੇ ਹੀ ਸਨ ਬੱਸ ਧਰਮ ਦਾ ਮਖੌਟਾ ਚਾੜ੍ਹਿਆ ਹੋਇਆ ਸੀ। ਕੈਦ ਹੋਣ ਤੋਂ ਪਹਿਲਾਂ ਉਸ ਨੇ ਇਹਨਾਂ ਧਾਰਮਿਕ ਲੀਡਰਾਂ ਵੱਲ ਕਦੀ ਧਿਆਨ ਹੀ ਨਹੀਂ ਸੀ ਦਿੱਤਾ।

ਮਾਸਟਰ ਨਾਲ ਉਹ ਹੁਣ ਜ਼ਿਆਦਾ ਸਮਾਂ ਗੁਜ਼ਾਰਦਾ। ਨਾਜਰ ਨੂੰ ਕੰਮ ’ਤੇ ਮਿਲ ਆਉਂਦਾ ਪਰ ਉਸ ਦੇ ਘਰ ਵੱਲ ਬਹੁਤ ਘੱਟ ਚੱਕਰ ਮਾਰਦਾ। ਵੈਸੇ ਵੀ ਨਾਜਰ ਕੰਮ ਤੋਂ ਲੇਟ ਆਉਂਦਾ ਸੀ। ਮਾਸਟਰ ਨਾਲ ਉਹ ਜਦ ਸਮਾਂ ਮਿਲਦਾ ਬੀਅਰ ਦਾ ਗਲਾਸ ਪੀ ਲੈਂਦਾ। ਵੈਸੇ ਉਸ ਨੂੰ ਹੁਣ ਬੀਅਰ-ਵਿਸਕੀ ਵਿਚ ਪਹਿਲਾਂ ਜਿੰਨੀ ਦਿਲਚਸਪੀ ਨਹੀਂ ਸੀ ਰਹੀ ਤੇ ਨਾ ਹੀ ਪੀ ਕੇ ਪੁਰਾਣੇ ਦਿਨਾਂ ਵਾਂਗ ਸਰੂਰ ਦਾ ਅਹਿਸਾਸ ਹੁੰਦਾ।

ਇਕ ਦਿਨ ਉਸ ਨੇ ਮਾਸਟਰ ਨਾਲ ਬੀਅਰ ਪੀਂਦਿਆਂ ਦਿਲ ਸਾਂਝਾ ਕੀਤਾ।

‘ਮਾਸਟਰ ਮੈਂ ਸੋਚਦਾ ਸੀ ਪਿੰਡ ਚੱਕਰ ਮਾਰ ਆਵਾਂ।’

ਮਾਸਟਰ ਨੇ ਜਵਾਬ ਦੇਣ ਦੀ ਥਾਂ ਬੀਅਰ ਦਾ ਗਲਾਸ ਚੁੱਕ ਲਿਆ ਤੇ ਸੋਚਦਿਆਂ ਘੁੱਟ ਭਰੀ। ਫਿਰ ਉਸ ਨੇ ਸੋਚਦਿਆਂ ਗਲਾਸ ਮੇਜ਼ ’ਤੇ ਰੱਖ ਦਿੱਤਾ।

'ਆਹੋ ਕੱਢਿਆ ਗੇੜਾ ਜੇ ਮਨ ਕਰਦਾ ਤਾਂ। ਪਰ ਖਿਆਲ ਰੱਖੀਂ ਤੇਰੇ ਹਾਲਾਤ ਹੁਣ ਬਦਲ ਗਏ ਆ।'

ਸ਼ੇਰਾ ਪਲ ਕੁ ਉਸ ਵੱਲ ਵੇਖਦਾ ਰਿਹਾ।

'ਕੀ ਮਤਲਬ?'

'ਜੀਤਾਂ ਦੇ ਮਾਂ ਪਿਉ ਤਾਂ ਸ਼ਾਇਦ ਹੁਣ ਨਾ ਹੀ ਹੋਣ। ਜੇ ਹੋਏ ਵੀ ਤਾਂ ਤੁਰਨ ਫਿਰਨ ਜੋਗੇ ਨੀ ਹੁਣੇ। ਪਰ ਉਹਦੇ ਭਰਾ ਭਤੀਜੇ ਤਾਂ ਹੈ ਈ। ਮੇਰਾ ਨੀ ਖਿਆਲ ਉਹ ਕੋਈ ਪੰਗਾ ਲੈਣਗੇ। ਪਰ ਫੇਰ ਵੀ ਕਿਤੇ ਅਣੀ-ਪਟੱਕੇ ਸ਼ਹਿਰ ਜਾਂ ਰਾਹ-ਖਹਿੜੇ ਬੰਦਾ ਮਿਲ ਜਾਵੇ ਤਾਂ ਹਾਲਾਤ ਔਕੜ ਵਾਲੇ ਵੀ ਬਣ ਸਕਦੇ ਆ। ਦੂਜਾ ਪਿੰਡ ਦੇ ਲੋਕ ਭਾਵੇਂ ਤੇਰੇ ਕੋਲੋਂ ਸੁੱਖ ਸਾਂਦ ਈ ਪੁੱਛਣ ਤੇਰੇ ਮਨ 'ਚ ਜਾਊ ਬਈ ਦਿਲ 'ਚ ਉਹ ਜੀਤਾਂ ਬਾਰੇ ਸੋਚਦੇ ਆ। ਕਈ ਤੇਰੇ ਹੱਕ 'ਚ ਹੋਣਗੇ ਤੇ ਕਈ ਵਿਰੋਧੀ।'

ਉਸ ਨੇ ਫਿਰ ਗਲਾਸ ਚੁੱਕਿਆ ਤੇ ਘੁੱਟ ਭਰ ਕੇ ਬੋਲਣ ਲੱਗਾ-

'ਬੁਰਾ ਨਾ ਮਨਾਈਂ। ਕਦੇ ਭਰਾ ਨਾਲ ਖਤ-ਪੱਤਰ ਹੋਇਆ ਵੀ ਆ?'

'ਆਹੋ ਮਾੜਾ ਮੋਟਾ ਚਲਦਾ। ਮਾਂ ਤਾਂ ਹੈ ਨੀ ਹੁਣ। ਮੈਂ ਵੀ ਘੱਟ ਈ ਲਿਖਦਾਂ।'

'ਜਦੋਂ ਤੂੰ ਗਿਆ ਤਾਂ ਪਹਿਲੀ ਗੱਲ ਉਹਦੇ ਮਨ 'ਚ ਜਾਊ ਬਈ ਤੂੰ ਜ਼ਮੀਨ ਦਾ ਹਿੱਸਾ ਵੰਡਾਉਣ ਆਇਆ।'

'ਨਈਂ ਮੇਰਾ ਇਹੋ ਜਿਆ ਕੋਈ 'ਰਾਦਾ ਨੀ।'

'ਚੰਗੀ ਗੱਲ ਆ। ਬਹੁਤੇ ਬੰਦੇ ਤਾਂ ਜਾ ਕੇ ਭਰਾਵਾਂ ਨਾਲ ਲੜਾਈ ਖੜ੍ਹੀ ਕਰ ਲੈਂਦੇ ਆ। ਜੱਟ ਨੂੰ ਜ਼ਮੀਨ ਛੱਡਣੀ ਜ਼ਿੰਦਗੀ ਛੱਡਣ ਬਰੋਬਰ ਈ ਹੁੰਦੀ ਆ। ਜੇ ਜਾਣਾ ਤਾਂ ਪਹਿਲਾਂ ਈ ਉਹਨੂੰ ਸਾਫ਼ ਕਰਦੇ। ਬੱਸ ਉਹ ਤੇਰੇ ਨਾਲ ਦਿਲੋਂ ਖੜ੍ਹਾ ਰਹੂ।'

ਸ਼ੇਰੇ ਨੇ ਇਹ ਕੁਝ ਸੋਚਿਆ ਹੀ ਨਹੀਂ ਸੀ। ਉਸ ਨੂੰ ਤਾਂ ਕ੍ਰਿਸਮਸ 'ਤੇ ਦੋ ਹਫ਼ਤੇ ਦੀਆਂ ਛੁੱਟੀਆਂ ਸਨ ਤੇ ਦੋ ਉਸ ਨੇ ਹੋਰ ਲੈ ਲੈਣੀਆਂ ਸਨ। ਕੁਝ ਵੀ ਸੀ ਜਨਮ-ਭੂਮੀ ਦਾ ਮੋਹ ਉਸ ਨੂੰ ਹਾਕਾਂ ਮਾਰ ਰਿਹਾ ਸੀ। ਪਰ ਮਾਸਟਰ ਦੀ ਗੱਲ ਸੁਣ ਕੇ ਉਹ ਫਿਰ ਤੋਂ ਡਾਵਾਂ ਡੋਲ ਹੋ ਗਿਆ।

ਮਾਸਟਰ ਨੇ ਉਸ ਦੇ ਮਨ ਨੂੰ ਸਮਝ ਲਿਆ ਸੀ ਤੇ ਉਹ ਗੱਲ ਨੂੰ ਬਦਲਣਾ ਚਾਹੁੰਦਾ ਸੀ।

'ਨਾਜਰ ਕਹਿੰਦਾ ਸੀ ਆਉਣ ਨੂੰ ਪਰ ਅਜੇ ਆਇਆ ਨੀ।' ਮਾਸਟਰ ਨੇ ਗੁੱਟ 'ਤੇ ਬੰਨ੍ਹੀ ਘੜੀ ਵੱਲ ਵੇਖਿਆ।

'ਅੱਛਾ ਮੇਰੇ ਨਾਲ ਤਾਂ ਗੱਲ ਨੀ ਹੋਈ ਕਈ ਦਿਨ ਹੋ ਗੇ। ਪਹਿਲਾਂ 'ਆਫਟਰਨੂਨ' ਵਾਲੀ ਸ਼ਿਫਟ ਸੀ ਤੇ ਅੱਜ ਸਵੇਰ ਰਾਤਾਂ ਖਤਮ ਹੋਈਆਂ।'

'ਲੈ ਆ ਗਿਆ।' ਮਾਸਟਰ ਨੇ ਨਾਜਰ ਨੂੰ ਪੱਬ ਦੇ ਬੂਹੇ ਅੰਦਰ ਲੰਘਦੇ ਨੂੰ ਵੇਖ ਲਿਆ ਸੀ। ਸ਼ੇਰਾ ਉਸ ਲਈ ਬੀਅਰ ਦਾ ਗਲਾਸ ਲੈਣ ਚਲਾ ਗਿਆ ਤੇ ਨਾਜਰ

ਮਾਸਟਰ ਕੋਲ ਕੁਰਸੀ ’ਤੇ ਬੈਠ ਗਿਆ।

ਬੀਅਰ ਪੀਂਦਿਆਂ ਉਹ ਆਮ ਜਿਹੀਆਂ ਗੱਲਾਂ ਕਰਦੇ ਰਹੇ। ਮਾਸਟਰ ਨੇ ਗੱਲ ਬਦਲੀ।

‘ਨਾਜਰ ਸਿਆਂ ਹੁਣ ਤਾਂ ਮੁੰਡੇ ਵਿਆਹੁਣ ਆਲੇ ਹੋ ਗੇ। ਰਾਜੂ ਵੀ ਲਾਅ ਕਰ ਆਇਆ। ਨੌਕਰੀ ਵੀ ਮਿਲ ਗਈ ਆ। ਦਿਖਾਉ ਕੋਈ ਵਿਆਹ ਤੇ ਪਾਈਏ ਭੰਗੜਾ।’ ਉਸ ਦੀਆਂ ਅੱਖਾਂ ਵੀ ਨੱਚ ਰਹੀਆਂ ਸਨ।

‘ਮਾਸਟਰ ਜੀ ਅਸੀਂ ਤਾਂ ਪੈਵ ਨੂੰ ਬਥੇਰਾ ਜੋਰ ਲਾਉਣੇ ਆ ਬਈ ਸਾਡੇ ਨਾਲ ਚੱਲ ਇੰਡੀਆ ਜਿਹੜੀ ਕੁੜੀ ਨਾਲ ਕਹੇਂਗਾ ਵਿਆਹ ਕਰ ਦਿਆਂਗੇ। ਨਹੀਂ ਤਾਂ ਸਾਡੇ ’ਤੇ ਰਹਿਣਦੇ ਅਸੀਂ ਕੋਈ ਚੰਗਾ ਖਾਨਦਾਨ ਤੇ ਚੰਗੀ ਪੜ੍ਹੀ-ਲਿਖੀ ਬੱਚੀ ਲੱਭ ਕੇ ਗੱਲ ਪੱਕੀ ਕਰ ਆਵਾਂਗੇ। ਵਿਆਹ ਏਥੇ ਕਰ ਲਮਾਂਗੇ। ਪਰ ਕੋਈ ਲੜ ਈ ਨੀ ਫੜਾਉਂਦਾ।’ ਨਾਜਰ ਨੇ ਰਾਜੂ ਦੀ ਥਾਂ ਪੈਵ ਦੀ ਹੀ ਗੱਲ ਕੀਤੀ। ਉਹ ਸ਼ੇਰੇ ਦੇ ਮਨ ਵਿਚ ਕੋਈ ਗਲਤ ਫਹਿਮੀ ਪੈਦਾ ਹੋਣ ਤੋਂ ਸਦਾ ਡਰਦਾ ਰਹਿੰਦਾ।

‘ਤੁਸੀਂ ਪੈਵ ਨੂੰ ਵੀ ਪੁੱਛੋ ਬਈ ਉਹਦਾ ਮਨ ਕੀ ਕਹਿੰਦਾ?’

‘ਨਿਆਣਿਆਂ ਨੂੰ ਇਹਨਾਂ ਗੱਲਾਂ ਬਾਰੇ ਬਹੁਤਾ ਪਤਾ ਨੀ ਹੁੰਦਾ। ਰਾਣੀ ਵੀ ਪਹਿਲਾਂ ਨਾਂਹ ਨੁੱਕਰ ਜੀ ਕਰਦੀ ਸੀ। ਹੁਣ ਦੇਖ ਲੋ ਮੌਜਾਂ ਕਰਦੀ ਆ।’

‘ਨਾਜਰ ਸਿਆਂ ਆਪਣੇ ’ਚ ਇਕ ਨੁਕਸ ਆ। ਅਸੀਂ ਨਿਆਣੇ ਏਥੇ ਪਾਲ ਲਏ, ਪੜ੍ਹਾ ਲਏ। ਪਰ ਉਹਨਾਂ ਦੇ ਵਿਆਹ ਸ਼ਾਦੀਆਂ ਵਰਗੇ ਮਸਲਿਆਂ ਬਾਰੇ ਆਪਣੀ ਐਨਕ ਨੀ ਬਦਲੀ। ਰਾਣੀ ਖੁਸ਼ ਆ, ਚੰਗੀ ਗੱਲ ਆ। ਪਰ ਜੇ ਉਹਦੇ ਮਨ ਦੀ ਗੱਲ ਸੁਣੀ ਜਾਂਦੀ ਤਾਂ ਉਹ ਹੋਰ ਵੀ ਖੁਸ਼ ਹੁੰਦੀ। ਪਰ ਕੁੜੀਆਂ ਦੀ ਜ਼ੁਬਾਨ ਤਾਂ ਅਸੀਂ ਗਹਿਣੇ ਲਈ ਹੋਈ ਆ। ਖੈਰ ਪੈਵ ਨੂੰ ਪੁੱਛ ਤਾਂ ਸਹੀ ਉਹ ਕੀ ਚਾਹੁੰਦਾ?’ ਮਾਸਟਰ ਦੀ ਆਵਾਜ਼ ਵਿਚ ਬੇਮਲੂਮ ਜਿਹੀ ਸਖ਼ਤੀ ਸੀ।

‘ਪੁੱਛਿਆ, ਹੁਣ ਥੋਡੇ ਤੋਂ ਤਾਂ ਕੋਈ ਲਕੋ ਨੀ। ਉਹਦੇ ਨਾਲ ਕੋਈ ਗੋਰੀ ਕੰਮ ਕਰਦੀ ਆ। ਉਹਦੇ ਨਾਲ ਵਿਆਹ ਕਰਾਉਣਾ ਚਾਹੁੰਦਾ। ਬਥੇਰਾ ਸਮਝਾਇਆ ਪਰ ਗੱਲ ਉਹਦੇ ਖਾਨੇ ਨੀ ਪੈਂਦੀ।’

‘ਨਾਜਰ ਸਿਆਂ, ਗੋਰੀ ਕੁੜੀ ਨਾਲ ਵਿਆਹ ਕਰਨ ’ਚ ਥੋਨੂੰ ਕੀ ਇਤਰਾਜ਼ ਆ? ਮੇਰਾ ਮਤਲਬ ਇਹਨਾਂ ਦੀ ਨਸਲ ਕਿਸੇ ਪੱਖੋਂ ਵੀ ਸਾਡੇ ਨਾਲੋਂ ਮਾੜੀ ਤਾਂ ਹੈ ਨੀ। ਪੈਵ ਨੇ ਏਥੇ ਰਹਿਣਾ, ਇਹੋ ਕਲਚਰ ਉਹਦੇ ਬੱਚਿਆਂ ਨੇ ਅਪਣਾਉਣਾ। ਉਹਨਾਂ ਨੇ ਕੀ ਆਪਾਂ ਵੀ ਏਥੇ ਈ ਰਹਿਣਾ। ਫੇਰ ਵਿਆਹ ਕਰਨ ’ਚ ਕੀ ਨੁਕਸਾਨ ਆ।’

‘ਮਾਸਟਰ ਜੀ ਤੁਸੀਂ ਸਿਆਣੇ ਐਂ। ਸਾਡੇ ਨਾਲ ਇਹਨਾਂ ਦੀ ਨੀ ਨਿਭਦੀ। ਇਹਨਾਂ ਦਾ ਕੀ ਪਤਾ ਕਦੋਂ ਛੱਡ ਕੇ ਤੁਰ ਜਾਣ।’

‘ਗਲਤ ਗੱਲ। ਫਰਕ ਐਨਾ ਕੁ ਆ ਬਈ ਅਸੀਂ ਇਕ ਦੂਜੇ ਦਾ ਸਿਰ ਪਾੜ ਕੇ ਵੀ ’ਕੱਠੇ ਰਹਿਨੇ ਆਂ। ਇਹ ਜਦੋਂ ਨਹੀਂ ਬਣਦੀ ਤਾਂ ਸਿਰ ਨੀ ਪਾੜਦੇ, ਆਵਦੇ-

ਆਵਦੇ ਰਾਹ ਚੁਣ ਲੈਂਦੇ ਆ। ਮੈਨੂੰ ਤਾਂ ਇਹ ਠੀਕ ਗੱਲ ਲਗਦੀ ਆ।'

ਪੱਬ ਦੀ ਘੰਟੀ ਵੱਜ ਗਈ ਸੀ। ਪੱਬ ਬੰਦ ਹੋਣ ਦਾ ਸਮਾਂ ਹੋ ਗਿਆ ਸੀ। ਅੱਧੇ ਘੰਟੇ ਵਿਚ ਸਭ ਨੇ ਪੱਬ ਖਾਲੀ ਕਰ ਦੇਣਾ ਸੀ। ਉਹਨਾਂ ਨੇ ਵੀ ਗਲਾਸ ਖਾਲੀ ਕੀਤੇ ਤੇ ਆਪਣੇ ਘਰਾਂ ਨੂੰ ਜਾਣ ਲਈ ਉੱਠ ਖੜ੍ਹੇ ਹੋਏ।

'ਨਾਜਰ ਸਿਆਂ, ਬੱਚਿਆਂ ਨੂੰ ਜਿੰਨਾ ਸਮਝਾਉਣਾ ਜ਼ਰੂਰੀ ਆ ਓਨਾ ਸਮਝਣਾ ਵੀ ਜ਼ਰੂਰੀ ਆ। ਜੇ ਉਹਨਾਂ 'ਤੇ ਆਵਦੇ ਫੈਸਲੇ ਠੋਸੀ ਜਾਂਵਾਂਗੇ ਤਾਂ ਬੱਚਿਆਂ ਦਾ ਬਾਗੀ ਹੋਣਾ ਬਹੁਤ ਸੰਭਵ ਐ। ਫੇਰ ਸਾਡੇ ਹੱਥ ਕੁਝ ਨਹੀਂ ਰਹਿੰਦਾ।'

ਨਾਜਰ ਦੇ ਦਿਮਾਗ ਵਿਚ ਸਾਰੀ ਰਾਤ ਮਾਸਟਰ ਦੀਆਂ ਗੱਲਾਂ ਘੁੰਮਦੀਆਂ ਰਹੀਆਂ। ਉਸ ਨੇ ਲੋਕਾਂ ਦੇ ਬੱਚਿਆਂ ਨੂੰ ਗੋਰਿਆਂ-ਕਾਲਿਆਂ ਨਾਲ ਅਵਾਰਾ ਫਿਰਦੇ ਵੇਖਿਆ ਸੀ। ਮਾਂ-ਪਿਉ ਤਾਂ ਪੈਸੇ ਕਮਾਉਣ ਲਈ ਫੈਕਟਰੀਆਂ ਵਿਚ ਓਵਰ ਟਾਈਮ ਲਗਾਉਂਦੇ ਰਹਿੰਦੇ ਤੇ ਬੱਚੇ ਅਵਾਰਾ ਘੁੰਮਦੇ ਰਹਿੰਦੇ। ਕਈ ਨਸ਼ੇ ਵਰਤਣ ਲੱਗੇ ਤੇ ਕਈ ਕੁੜੀਆਂ ਕੁਆਰੀਆਂ ਮਾਵਾਂ ਬਣ ਗਈਆਂ। ਨਾਜਰ ਸਿੰਘ ਅਜਿਹਾ ਕੁਝ ਨਹੀਂ ਸੀ ਚਾਹੁੰਦਾ।

ਸਵੇਰੇ ਜਾਗਿਆ ਤਾਂ ਪ੍ਰੀਤੋ ਨੂੰ ਵੀ ਜਗਾ ਲਿਆ। ਆਪਣੇ ਮਨ ਦੀ ਉਪਰਾਮਤਾ ਜ਼ਾਹਰ ਕੀਤੀ ਤੇ ਪੈਵ ਨਾਲ ਫੈਸਲਾ ਕਰਨ ਬਾਰੇ ਕਿਹਾ।

'ਗੋਰੀ ਨਾਲ ਆਪਣਾ ਗੁਜ਼ਾਰਾ ਨੀ ਹੁਣਾ। ਉਹਨੇ ਤਾਂ ਮੁੰਡੇ ਨੂੰ ਉਂਗਲ ਲਾ ਕੇ ਨਾਲ ਲੈ ਜਾਣਾ ਤੇ ਆਪਾਂ ਬੈਠੇ ਦੇਖਦੇ ਰਹਿ ਜਾਣਾ। ਮੈਂ ਤਾਂ ਕਹਿਨੀ ਆ ਪਿੰਡ ਕੋਠੀ ਪਾਈਏ। ਲੋਕਾਂ 'ਚ ਭੋਰਾ ਮਾਣ ਇੱਜ਼ਤ ਬਣੇ। ਫੇਰ ਮੁੰਡੇ ਦਾ ਵਿਆਹ ਕਰੀਏ।' ਪ੍ਰੀਤੋ ਨੇ ਹੋਰ ਹੀ ਸੁਪਨਾ ਉਜਾਗਰ ਕਰ ਦਿੱਤਾ ਸੀ।

'ਪ੍ਰੀਤੋ ਪਿੰਡ ਆਪਾਂ ਕਿਹੜਾ ਰਹਿਣਾ? ਮਸਾਂ ਦੋ ਹਫ਼ਤੇ ਹੁੰਦੇ ਆ ਤੇ ਭੱਜੇ-ਭੱਜੇ ਮੁੜ ਆਈਦਾ। ਜਿੰਨੇ ਕੋਠੀ 'ਤੇ ਲਾਉਣੇ ਆ ਉਹਦੇ ਵਿਆਜ ਨਾਲ ਤਾਂ ਸ਼ਹਿਰ ਹੋਟਲ ਵਿਚ ਰਹੀਏ। ਨਾ ਕੋਈ ਫਿਕਰ ਨਾ ਫਾਕਾ। ਨਾ ਸਾਂਭ ਸਭਾਈ ਦਾ ਪੰਗਾ।'

'ਤੇ ਨਾ ਈ ਪਿੰਡ 'ਚ ਇੱਜ਼ਤ।' ਪ੍ਰੀਤੋ ਨੇ ਨਹੋਰਾ ਮਾਰਿਆ

'ਤੂੰ ਮੁੱਖ ਮੁੱਦਾ ਤਾਂ ਭੁਲਾ ਈ ਦਿੱਤਾ। ਹੋਰ ਈ ਕਸੀਦਾ ਕੱਤਣ ਲਾਗੀ। ਐਤਵਾਰ ਨੂੰ ਮੁੰਡੇ ਨਾਲ ਗੱਲ ਕਰੀਏ। ਬਾਕੀ ਫੇਰ ਵੇਖੀ ਜਾਊ।' ਨਾਜਰ ਉੱਠ ਕੇ ਕੰਮ ਲਈ ਤਿਆਰ ਹੋਣ ਲੱਗਾ।

ਸਨਿਚਰਵਾਰ ਦੀ ਰਾਤ ਨੂੰ ਉਹ ਦੁਕਾਨ ਤੋਂ ਆਇਆ ਤਾਂ ਪ੍ਰੀਤੋ ਇਕੱਲੀ ਘਰ ਸੀ। ਦੋਵੇਂ ਮੁੰਡੇ ਹੀ ਘਰ ਨਹੀਂ ਸਨ। ਉਸ ਨੇ ਪੁੱਛਿਆ ਤਾਂ ਪ੍ਰੀਤੋ ਨੇ 'ਪਤਾ ਨੀ' ਕਹਿ ਦਿੱਤਾ। ਉਹ ਫੇਰ ਗੱਲਾਂ ਕਰਦੇ ਰਹੇ। ਉਹ ਉਹਨਾਂ ਨੂੰ ਉਡੀਕਦੇ ਵੀ ਸਨ ਤੇ ਫਿਕਰਮੰਦ ਵੀ ਸਨ।

ਰਾਤ ਦੇ ਡੇਢ ਕੁ ਵਜੇ ਮਲਕੜੇ ਬੂਹਾ ਖੁੱਲ੍ਹਿਆ ਤੇ ਉਹ ਅਛੋਪਲੇ ਅੰਦਰ ਆ ਗਏ। ਅੱਗੇ ਵੇਖਿਆ ਤਾਂ ਮਾਂ-ਪਿਉ ਉਹਨਾਂ ਦੀ ਉਡੀਕ ਵਿਚ ਬੈਠੇ ਸਨ।

'ਕਿਵੇਂ ਬਈ ਬੜਾ ਕਵੇਲਾ ਕਰ ਤਾ।'

'ਡੈਡ ਮੇਰੇ ਇਕ ਫਰਿੰਡ ਦਾ ਬਰਥਡੇ ਸੀ। ਅਸੀਂ ਉਥੇ ਚਲੇ ਗਏ ਸੀ ਤੇ ਲੇਟ ਤਾਂ ਫੇਰ ਹੋ ਈ ਜਾਈਦਾ।' ਪੈਵ ਨੇ ਜਵਾਬ ਦਿੱਤਾ ਤੇ ਰਾਜੂ ਚੁੱਪ ਰਿਹਾ।

'ਰੋਟੀ ਖਾਣੀ ਆ ਜਾਂ ਖਾ ਕੇ ਆਏ ਆਂ।' ਪ੍ਰੀਤੋ ਨੇ ਰੁੱਖਾ ਜਿਹਾ ਪੁੱਛਿਆ।

'ਖਾ ਕੇ ਆਏ ਆਂ। ਤੁਸੀਂ ਸੌਂ ਜਾਉ ਅਸੀਂ ਵੀ ਸੌਣ ਲੱਗੇ ਆਂ।'

ਸਵੇਰੇ ਉੱਠੇ ਤਾਂ ਨਾਜਰ ਨੇ ਪੈਵ ਨਾਲ ਗੱਲ ਚਲਾ ਲਈ।

'ਡੈਡ ਇੰਡੀਆ ਮੈਂ ਵਿਆਹ ਨੀ ਕਰਾਉਣਾ। ਮੈਨੂੰ ਪੜ੍ਹਨ ਦਾ ਕੀ ਫਾਇਦਾ ਜੇ ਮੈਂ ਇੰਡੀਆ ਈ ਵਿਆਹ ਕਰਾਉਣਾ ਸੀ?'

'ਕਿਉਂ ਇੰਡੀਆ ਕੁੜੀਆਂ ਪੜ੍ਹੀਆਂ-ਲਿਖੀਆਂ ਨੀ?' ਪ੍ਰੀਤੋ ਨੇ ਥੋੜੇ ਗੜ੍ਹਕੇ ਨਾਲ ਕਿਹਾ।

ਪੈਵ ਚੁੱਪ ਰਿਹਾ। ਉਸ ਦੇ ਚਿਹਰੇ 'ਤੇ ਉਲਝਣ ਸੀ। ਥੋੜੀ ਚੁੱਪ ਬਾਅਦ ਉਹ ਬੋਲਿਆ।

'ਮੈਂ ਇੰਡੀਆ ਵਿਆਹ ਨਹੀਂ ਕਰਾਉਣਾ। ਜੇ ਕਰਨਾ ਤਾਂ ਮੇਰੀ ਮਰਜ਼ੀ ਨਾਲ ਕਰੋ, ਨਹੀਂ ਤਾਂ ਮੈਂ ਬਿਨਾਂ ਵਿਆਹ ਤੋਂ ਈ ਠੀਕ ਆਂ।'

ਉਹਨਾਂ ਨੇ ਇਕ ਦੂਜੇ ਵੱਲ ਵੇਖਿਆ। ਕੁਝ ਦੇਰ ਲਈ ਉਹਨਾਂ ਦੀ ਜੀਭ ਠਾਕੀ ਗਈ।

'ਤੂੰ ਫੇਰ ਆਵਦੀ ਮਰਜੀ ਵੀ ਦੱਸ ਦੇਹ।' ਪ੍ਰੀਤੋ ਬੋਲੀ।

'ਮੇਰੇ ਨਾਲ ਕੁੜੀ ਕੰਮ ਕਰਦੀ ਐ। ਮੈਂ ਉਹਦੇ ਨਾਲ ਵਿਆਹ ਕਰਾਉਣਾ ਚਾਹੁੰਨਾ। ਮੈਨੂੰ ਪਤਾ ਤੁਸੀਂ ਗੋਰੀ ਨਾਲ ਵਿਆਹ ਕਰਕੇ ਖੁਸ਼ ਨੀ। ਪਰ ਮੈਂ ਉਹਦੇ ਬਿਨਾਂ ਕਿਸੇ ਹੋਰ ਬਾਰੇ ਸੋਚਿਆ ਵੀ ਨੀ।' ਕਹਿ ਕੇ ਉਹ ਆਪਣੇ ਕਮਰੇ ਵਿਚ ਚਲਾ ਗਿਆ।

ਉਹ ਦੋਵੇਂ ਨ-ਸ਼ਬਦ ਬੈਠੇ ਰਹੇ।

ਸਕੌਟ ਨੂੰ ਵਿਆਹ ਬਾਰੇ ਹੋ ਰਹੀ ਬਹਿਸ ਦੀ ਸਮਝ ਨਹੀਂ ਸੀ ਆ ਰਹੀ। ਨਾ ਹੀ ਉਸ ਨੂੰ ਪਤਾ ਲੱਗ ਰਿਹਾ ਸੀ ਕਿ ਪੈਵ ਨੇ ਆਪਣਾ ਫੈਸਲਾ ਲੈ ਕੇ ਵਿਆਹ ਕਿਉਂ ਨਾ ਕਰਾਇਆ। ਉਸ ਨੇ ਇਹ ਭਾਗ ਹੀ ਰਿਪੋਰਟ ਵਿਚੋਂ ਕੱਟ ਦਿੱਤਾ। ਵੈਸੇ ਵੀ ਕੇਸ ਨਾਲ ਇਸ ਦਾ ਕੋਈ ਸਬੰਧ ਨਹੀਂ ਸੀ ਬਣਦਾ।

ਉਹ ਸੋਚ ਹੀ ਰਿਹਾ ਸੀ ਕਿ ਟੈਲੀਫ਼ੋਨ ਦੀ ਘੰਟੀ ਵੱਜੀ।

## 25

ਰਿਚਰਡ ਤੇ ਐਨ ਉਸ ਨੂੰ ਮਿਲਣ ਲਈ ਆ ਰਹੇ ਸਨ। ਉਸ ਨੇ ਉਹਨਾਂ ਨਾਲ ਮੀਟਿੰਗ ਦਫ਼ਤਰ ਵਿਚ ਹੀ ਰੱਖੀ। ਉਹ ਉਹਨਾਂ ਦੀ ਉਡੀਕ ਕਰਨ ਲੱਗਾ।

'ਕੱਲ੍ਹ ਸ਼ਾਮ ਨੂੰ 'ਫਿਊਚਰ ਪਾਰਟੀ' ਨਾਂ ਦੀ ਇਕ ਅਣਜਾਣੀ ਜਿਹੀ ਸੰਸਥਾ ਦੀ ਮੀਟਿੰਗ ਸੀ। ਉਸ ਵਿਚ ਫਿਊਚਰ ਲਿਵਿੰਗ ਦੇ ਦੋਵੇਂ ਡਾਇਰੈਕਟਰ ਵੀ ਹਾਜ਼ਰ ਸਨ। ਮੀਟਿੰਗ ਖੁੱਲ੍ਹੀ ਸੀ ਪਰ ਕੋਈ ਪੱਚੀ ਤੀਹ ਲੋਕਾਂ ਦੀ ਹਾਜ਼ਰੀ ਸੀ।'

ਰਿਚਰਡ ਨੇ ਸਕੌਟ ਵੱਲ ਵੇਖਿਆ ਜਿਹੜਾ ਧਿਆਨ ਨਾਲ ਸੁਣ ਰਿਹਾ ਸੀ।

'ਦਰਅਸਲ ਇਹ ਸੰਸਥਾ ਗੈਰੀ ਨੇ ਸ਼ੁਰੂ ਕੀਤੀ ਸੀ। ਇਸ ਦੇ ਅਧਾਰ 'ਤੇ ਹੀ ਫਿਊਚਰ ਲਿਵਿੰਗ ਬਿਜਨਸ ਕਰ ਰਹੀ ਹੈ।'

'ਪਰ ਉਹ ਅਧਾਰ ਕੀ ਐ?'

'ਮੀਟਿੰਗ ਦੀ ਰਿਕਾਰਡਿੰਗ ਹੈਗੀ ਆ, ਸੁਣ ਲਵੋ। ਵੈਸੇ ਜੇ ਕੌਫੀ ਦਾ ਕੱਪ ਵੀ ਮਿਲ ਜਾਵੇ ਤਾਂ ਬਹੁਤ ਚੰਗਾ ਐ।' ਰਿਚਰਡ ਮੁਸਕਰਾਂਉਂਦਿਆਂ ਬੋਲਿਆ।

ਸਕੌਟ ਨੇ ਕੌਫੀ ਦਾ ਆਰਡਰ ਦੇ ਦਿੱਤਾ ਤੇ ਉਹ ਰਿਕਾਰਡਿੰਗ ਸੁਣਨ ਲਈ ਮੇਜ਼ ਦੁਆਲੇ ਬੈਠ ਗਏ।

'-----ਦੋਸਤੋ ਅੱਜ ਸਮੇਂ ਬਹੁਤ ਬਦਲ ਗਏ ਹਨ। ਸਮੇਂ ਨੇ ਤਾਂ ਬਦਲਣਾ ਹੀ ਹੁੰਦਾ। ਪਰ ਜੇ ਆਪਾਂ ਆਪਣੀ ਕੋਸ਼ਿਸ਼ ਕਰੀਏ ਤਾਂ ਹਾਲਾਤ ਅਤੇ ਸਮੇਂ ਨੂੰ ਆਪਣੇ ਅਨੁਸਰ ਢਾਲ ਸਕਦੇ ਹਾਂ ਜਿਹੜਾ ਵਿਸ਼ੇਸ਼ ਰੂਪ ਵਿਚ ਔਖਾ ਕੰਮ ਐ।

ਕੁਝ ਸਾਲ ਪਹਿਲਾਂ ਯੂਰਪ ਵਿਚ ਫੈਕਟਰੀਆਂ ਦੀ ਬਹੁਲਤਾ ਸੀ। ਕਾਰਖਾਨੇਦਾਰ ਫੈਟਰੀਆਂ ਚਲਾਉਂਦੇ ਸਨ। ਮਜ਼ਦੂਰ ਉਤਪਾਦਨ ਕਰਦੇ ਸਨ। ਮਸ਼ੀਨਾਂ ਚਲਾਉਣ ਲਈ ਵੀ ਮਜ਼ਦੂਰ ਚਾਹੀਦੇ ਸਨ। ਮਜ਼ਦੂਰ ਤੇ ਕਾਰਖਾਨੇਦਾਰ ਵਿਚ ਸਿੱਧਾ ਰਿਸ਼ਤਾ ਸੀ। ਮਜ਼ਦੂਰਾਂ ਦੀ ਮਿਹਨਤ ਦਾ ਮੁੱਲ ਘੱਟ ਮਿਲਦਾ ਤਾਂ ਉਹ ਕਾਰਖਾਨੇਦਾਰ ਤੋਂ ਮੰਗਾਂ ਮੰਗਦੇ। ਮਜ਼ਦੂਰ ਦੀ ਮਿਹਨਤ ਦਾ ਬਹੁਤਾ ਫਲ ਮਾਲਕ ਹੜੱਪ ਲੈਂਦਾ।

ਅੱਸੀਵਿਆਂ ਦੇ ਅਖੀਰ ਵਿਚ ਇਹ ਬਦਲਣਾ ਸ਼ੁਰੂ ਹੋ ਗਿਆ। ਫੈਕਟਰੀਆਂ ਯੂਰਪ ਵਿਚੋਂ ਅਲੋਪ ਹੋਣ ਲੱਗੀਆਂ ਤੇ ਚੀਨ ਵਰਗੇ ਸਸਤੀ ਮਜ਼ਦੂਰੀ ਵਾਲੀਆਂ ਥਾਵਾਂ 'ਤੇ ਚਲੀਆਂ ਗਈਆਂ। ਬ੍ਰਿਟੇਨ ਵਿਚ ਦਸ ਪ੍ਰਤੀਸ਼ਤ ਮਜ਼ਦੂਰ ਵਿਹਲੇ ਹੋ ਗਏ। ਵਿਸ਼ਵੀਕਰਨ ਦਾ ਰੌਲਾ ਪਿਆ। ਉਤਪਾਦਨ ਵਧ ਗਿਆ। ਵਧਣਾ ਹੀ ਸੀ ਕਿਉਂ ਜੋ ਮਸ਼ੀਨੀਕਰਨ ਵਿਚ ਇਨਕਲਾਬ ਆਇਆ। ਵਿਗਿਆਪਨ ਰਾਹੀਂ ਲੋਕਾਂ ਦੇ ਸੁਹਜ-ਸਵਾਦ ਬਦਲਣ ਦਾ ਸਿਲਸਿਲਾ ਚੱਲ ਪਿਆ। ਲੋਕਾਂ ਦੇ ਮਨਾਂ ਵਿਚ ਇਕੋ ਗੱਲ ਵਾਰ ਵਾਰ ਪੁਚਾਈ ਜਾਂਦੀ ਕਿ ਬਰਾਂਡਿਡ ਨਾਂ ਦੇ ਕੱਪੜੇ-ਲੱਤੇ ਪਾਉ ਤੇ ਤੁਹਾਡਾ ਮਾਣ-

ਤਾਣ, ਸਤਿਕਾਰ ਇਹਨਾਂ ਨਾਲ ਹੀ ਵਧੇਗਾ। ਨਵੇਂ ਮਾਡਲ ਦਾ ਫ਼ੋਨ ਖਰੀਦਣ ਵਾਸਤੇ ਲੋਕ ਸਾਰੀ ਸਾਰੀ ਰਾਤ ਸਟੋਰ ਦੇ ਦਰਵਾਜ਼ੇ ਵਿਚ ਖੜ੍ਹੇ ਰਹਿੰਦੇ ਹਨ। ਸਿਰਫ ਇਹ ਦੱਸਣ ਲਈ ਕਿ ਉਹ ਪਹਿਲਾ ਜਾਂ ਦੂਜਾ ਬੰਦਾ ਸੀ ਜਿਸ ਨੇ ਇਸ ਮਾਡਲ ਦਾ ਫ਼ੋਨ ਪਹਿਲਾਂ ਖਰੀਦਿਆ। ਲੋਕਾਂ ਨੂੰ ਚੇਤਨਾ ਤੇ ਚਿੰਤਨ ਤੋਂ ਦੂਰ ਰੱਖਣ ਦਾ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਜਾਣੀ ਲੋਕਾਂ ਦੀ ਆਰਥਿਕ ਹਾਲਤ ਤੇ ਪਹੁੰਚ ਹੀ ਨਹੀਂ ਬਦਲੀ ਸਗੋਂ ਉਹਨਾਂ ਦਾ ਕਲਚਰ ਵੀ ਬਦਲ ਦਿੱਤਾ ਹੈ।'

ਕੌਫੀ ਆ ਗਈ ਸੀ। ਰਿਕਾਰਡਿੰਗ ਚੱਲ ਰਹੀ ਸੀ। ਉਹਨਾਂ ਨੇ ਕੌਫੀ ਦੀਆਂ ਘੁੱਟਾਂ ਭਰੀਆਂ ਤੇ ਫਿਰ ਧਿਆਨ ਦੇਣ ਲੱਗੇ।

'--- ਹੁਣ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਵਿਸ਼ਵੀਕਰਨ ਤੋਂ ਉਹ ਫਾਇਦਾ ਨਹੀਂ ਹੋਇਆ ਜਿਸ ਦੀ ਉਮੀਦ ਸੀ। ਸਵਾਲ ਹੈ ਕਿਸ ਨੂੰ ਫਾਇਦਾ ਨਹੀਂ ਹੋਇਆ? ਮਜ਼ਦੂਰਾਂ ਜਾਂ ਆਮ ਲੋਕਾਂ ਨੂੰ ਤਾਂ ਹੋਣਾ ਹੀ ਨਹੀਂ ਸੀ। ਉਸ ਦਾ ਮਤਲਬ ਸਿਰਫ ਅਮੀਰ ਲੋਕਾਂ ਤੋਂ ਹੈ। ਹੁਣ ਅੰਤਰਰਾਸ਼ਟਰੀ/ਰਾਸ਼ਟਰੀ ਕੰਪਨੀਆਂ ਬਣਾਈਆਂ ਜਾ ਰਹੀਆਂ ਤੇ ਛੋਟੀਆਂ ਕੰਪਨੀਆਂ ਨੂੰ ਉਹ ਜਜ਼ਬ ਕਰ ਰਹੀਆਂ, ਵੱਡੇ ਸਟੋਰ ਛੋਟਿਆਂ ਨੂੰ ਖਾ ਰਹੇ ਹਨ। ਟਰੇਡ ਯੂਨੀਅਨਾਂ ਖਤਮ ਹੋ ਗਈਆਂ। ਪਹਿਲਾਂ ਦਫ਼ਤਰ ਨੂੰ ਘਰ ਲਿਜਾਣ ਤੋਂ ਵਰਜਿਆ ਜਾਂਦਾ ਸੀ ਹੁਣ ਲੋਕ ਦਫ਼ਤਰ ਨਾਲ ਚੁੱਕੀ ਫਿਰਦੇ ਹਨ। ਐਪਲ, ਐਮਾਜ਼ੋਨ, ਗੂਗਲ ਵਰਗੀਆਂ ਕੰਪਨੀਆਂ ਯੂਰਪ ਦੇ ਛੋਟੇ ਦੇਸ਼ਾਂ ਦੀਆਂ ਸਰਕਾਰਾਂ ਤੋਂ ਵੀ ਵੱਧ ਧਨ ਦੀਆਂ ਮਾਲਕ ਹਨ। ਹੁਣ ਇਹ ਕਾਰਪੋਰੇਟ ਜਗਤ ਲੋਕਾਂ ਵਿਚ ਅਮੀਰੀ ਗਰੀਬੀ ਦਾ ਪਾੜਾ ਬਹੁਤ ਤੇਜ਼ੀ ਨਾਲ ਵਧਾ ਰਿਹਾ ਹੈ। ਕਾਰਨ ਸਪੱਸ਼ਟ ਹੈ ਕਿ ਉਹਨਾਂ ਨੇ ਆਪਣੇ ਲਾਲਚ ਦੀਆਂ ਲਗਾਮਾਂ ਖੁੱਲ੍ਹੀਆਂ ਛੱਡ ਦਿੱਤੀਆਂ ਹਨ। ਸਾਨੂੰ ਜ਼ਿੰਮੇਵਾਰ ਸ਼ਹਿਰੀ ਹੋਣ ਨਾਤੇ ਕੋਈ ਅਜਿਹੇ ਕਦਮ ਚੁੱਕਣੇ ਚਾਹੀਦੇ ਹਨ ਕਿ ਇਸ ਪਾੜੇ ਨੂੰ ਘਟਾਇਆ ਜਾ ਸਕੇ। ਨਹੀਂ ਤਾਂ ਲੋਕ ਸ਼ਾਇਦ ਬਹੁਤਾ ਚਿਰ ਬਰਦਾਸ਼ਤ ਨਹੀਂ ਕਰਨਗੇ।'

ਬੁਲਾਰੇ ਨੇ ਪਾਣੀ ਦਾ ਗਲਾਸ ਚੁੱਕਿਆ ਤੇ ਘੁੱਟ ਭਰੀ। ਉਸ ਨੇ ਆਪਣੇ ਸਾਹਮਣੇ ਰੱਖੇ ਕਾਗਜ਼ ਵੱਲ ਵੇਖਿਆ ਤੇ ਆਪਣੀ ਗੱਲ ਜਾਰੀ ਰੱਖੀ।

'ਹੁਣ ਰੂਸ ਚੀਨ ਵਰਗਾ ਇਨਕਲਾਬ ਆਉਣ ਦੀ ਨੇੜ ਭਵਿੱਖ ਵਿਚ ਕੋਈ ਉਮੀਦ ਨਹੀਂ। ਸੰਚਾਰ ਸਾਧਨ ਬਦਲ ਗਏ, ਫੌਜੀ ਤਕਨੀਕ ਬਹੁਤ ਵਿਕਾਸ ਕਰ ਗਈ ਹੈ। ਜੇ ਦੇਖਿਆ ਜਾਵੇ ਤਾਂ ਲੋਕਾਂ ਦੀ ਸੋਚ ਵਿਚ ਵੀ ਬਦਲਾਅ ਆ ਗਿਆ ਹੈ। ਰੂਸ, ਚੀਨ ਦੇ ਇਨਕਲਾਬ ਨੂੰ ਅਸਫ਼ਲਤਾ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਉਹਨਾਂ ਦੇਸ਼ਾਂ ਨੇ ਮੁੜ ਘੁੜ ਕੇ ਸਰਮਾਏਦਾਰੀ ਰਾਜ ਪ੍ਰਬੰਧ ਨੂੰ ਅਪਣਾ ਲਿਆ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਲੋਕ ਨਿਹੱਥੇ ਹੋ ਗਏ ਹਨ। ਲੋਕਾਂ ਕੋਲ ਅੱਜ ਵੀ ਸ਼ਕਤੀ ਹੈ। ਸੰਚਾਰ ਸਾਧਨ ਜਿਥੇ ਸਰਕਾਰ ਲਈ ਲਾਹੇਬੰਦ ਹਨ ਉਥੇ ਲੋਕਾਂ ਲਈ ਵੀ ਫਾਇਦੇਮੰਦ ਹੋ ਸਕਦੇ ਹਨ। ਬੇਸ਼ਕ ਡੈਮੋਕਰੇਸੀ ਵਿਚ ਘਾਟਾਂ ਹਨ ਫਿਰ ਵੀ ਇਸ ਵੇਲੇ ਸਾਡੇ ਕੋਲ ਇਸ

ਤੋਂ ਕੋਈ ਚੰਗਾ ਰਾਜ ਪ੍ਰਬੰਧ ਦਾ ਮਾਡਲ ਨਹੀਂ ਹੈ। ਆਉ ਅਜੇ ਇਸੇ ਪ੍ਰਬੰਧ ਨੂੰ ਆਪਣੇ ਅਤੇ ਲੋਕਾਂ ਦੇ ਭਲੇ ਲਈ ਵਰਤਣ ਦਾ ਯਤਨ ਕਰੀਏ-----।'

ਸਕੌਟ ਨੇ ਰਿਚਰਡ ਵੱਲ ਵੇਖਿਆ ਤੇ ਐਨ ਆਪਣੇ ਫ਼ੋਨ 'ਤੇ ਕੁਝ ਪੜ੍ਹ ਰਹੀ ਸੀ। ਲਗਦਾ ਸੀ ਉਸ ਨੂੰ ਇਸ ਸਪੀਚ ਵਿਚ ਕੋਈ ਦਿਲਚਸਪੀ ਨਹੀਂ ਸੀ। ਸ਼ਾਇਦ ਇਸ ਕਰਕੇ ਕਿ ਉਹ ਪਹਿਲਾਂ ਹੀ ਇਹ ਸਪੀਚ ਸੁਣ ਚੁੱਕੀ ਸੀ।

'----ਅੱਜ ਵੱਡੀਆਂ ਕੰਪਨੀਆਂ ਵਿਚ ਤਨਖਾਹਾਂ ਵਿਚ ਬਹੁਤ ਵੱਡੇ ਪੱਧਰ ਦਾ ਵਿਤਕਰਾ ਹੈ। ਇਕ ਸਭ ਤੋਂ ਘੱਟ ਤਨਖਾਹ ਵਾਲੇ ਵਿਅੱਕਤੀ ਨਾਲੋਂ ਸਭ ਤੋਂ ਵੱਧ ਤਨਖਾਹ ਵਾਲਾ ਵਿਅੱਕਤੀ ਕਈ ਹਾਲਤਾਂ ਵਿਚ ਸੌ, ਦੋ ਸੌ, ਪੰਜ ਸੌ ਗੁਣਾਂ ਵੱਧ ਤਨਖਾਹ ਲੈਂਦਾ ਹੈ। ਕੁਝ ਅਜਿਹੀਆਂ ਵੀ ਕੰਪਨੀਆਂ ਹੋ ਸਕਦੀਆਂ ਹਨ ਜਿਹਨਾਂ ਵਿਚ ਇਹ ਵਿਤਕਰਾ ਇਸ ਤੋਂ ਵੀ ਵੱਡਾ ਹੋਵੇ। ਬਿਨਾਂ ਸ਼ੱਕ ਹਰ ਕਿਸੇ ਦੀਆਂ ਜ਼ਿੰਮੇਵਾਰੀਆਂ ਵਿਚ ਵੀ ਵੱਡਾ ਅੰਤਰ ਹੈ। ਫਿਰ ਵੀ ਇਹ ਤਨਖਾਹ ਦਾ ਅੰਤਰ ਬਹੁਤ ਵੱਡਾ ਅਤੇ ਗੈਰਜ਼ਰੂਰੀ ਹੈ। ਫਿਊਚਰ ਲਿਵਿੰਗ ਕੰਪਨੀ ਨੇ ਇਸ ਅੰਤਰ ਦੇ ਅਨੁਪਾਤ ਨੂੰ ਦਸ ਗੁਣਾ ਤੋਂ ਵੱਧ ਨਾ ਹੋਣ ਦੇਣ ਦਾ ਫੈਸਲਾ ਕੀਤਾ ਹੈ।'

'ਇਹ ਤਾਂ ਫੇਰ ਸਮਾਜਵਾਦ ਹੀ ਐ। ਇਹ ਤਾਂ ਸੰਭਵ ਨੀ---।'

'ਦੂਜੀਆਂ ਵੱਡੀਆਂ ਕੰਪਨੀਆਂ ਸਸਤਾ ਮਾਲ ਵੇਚ ਕੇ ਥੋਨੂੰ ਫੇਲ੍ਹ ਕਰ ਦੇਣਗੀਆਂ--।'

ਵਿਰੋਧ ਵਿਚ ਵੱਖੋ ਵੱਖ ਸਵਾਲ ਉੱਠਣ ਲੱਗੇ। ਸਪੀਕਰ ਨੇ ਕੁਝ ਦੇਰ ਲਈ ਚੁੱਪ ਧਾਰੀ ਰੱਖੀ। ਲੋਕਾਂ ਦੇ ਸਵਾਲਾਂ ਨੂੰ ਸੁਣਿਆ। ਥੋੜੀ ਦੇਰ ਬਾਅਦ ਰੌਲਾ ਘੱਟ ਹੋ ਗਿਆ ਤਾਂ ਉਸ ਨੇ ਫਿਰ ਆਪਣੀ ਗੱਲ ਜਾਰੀ ਰੱਖੀ।

'ਇਹ ਨਹੀਂ ਕਿ ਇਹ ਸਕੀਮ ਬਿਲਕੁਲ ਖਾਮੀ-ਰਹਿਤ ਹੈ। ਇਸ ਵਿਚ ਵੀ ਘਾਟਾਂ ਹਨ। ਦੂਰ ਦੀ ਸੋਚੋ। ਜੇ ਇਸੇ ਤਰ੍ਹਾਂ ਹੀ ਤਨਖਾਹ ਵਿਚ ਪਾੜ੍ਹਾ ਵਧਦਾ ਗਿਆ ਤਾਂ ਇਸ ਦੇ ਕੀ ਸਿੱਟੇ ਹੋਣਗੇ? ਲੋਕ ਕਦੋਂ ਤੱਕ ਸਹਿਣ ਕਰਨਗੇ। ਅੱਜ ਵੀ ਮੱਧ ਵਰਗ ਨੂੰ ਆਰਥਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੇ ਬੱਚੇ ਵੀ ਆਪਣਾ ਘਰ ਨਹੀਂ ਖਰੀਦ ਸਕਦੇ ਤੇ ਮਾਪਿਆਂ ਨਾਲ ਰਹਿਣ ਲਈ ਮਜਬੂਰ ਹਨ। ਰਬੜ ਨੂੰ ਜਦ ਬਹੁਤ ਦੂਰ ਤੱਕ ਖਿੱਚਿਆ ਜਾਂਦਾ ਹੈ ਤਾਂ ਉਹ ਅਖੀਰ ਖਿੱਚਣ ਵਾਲੇ ਦੇ ਹੱਥ ਨੂੰ ਹੀ ਸੱਟ ਮਾਰਦੀ ਹੈ। ਲੋਕਾਂ ਦਾ ਸਬਰ ਵੀ ਰਬੜ ਵਾਂਗ ਹੀ ਹੁੰਦਾ।'

ਹੁਣ ਕਮਰੇ ਵਿਚ ਸ਼ਾਂਤੀ ਸੀ। ਲੋਕ ਫਿਰ ਤੋਂ ਉਸ ਵੱਲ ਧਿਆਨ ਦੇਣ ਲੱਗੇ ਸਨ।

'ਆਪਾਂ ਏਥੇ ਸਮਾਜਵਾਦ ਬਾਰੇ ਗੱਲ ਨਹੀਂ ਕਰ ਰਹੇ। ਸਮਾਜਵਾਦ ਨੂੰ ਯੂਰਪ ਦੇ ਲੋਕ ਵੈਸੇ ਵੀ ਬਹੁਤੀ ਮਹੱਤਤਾ ਨਹੀਂ ਦਿੰਦੇ, ਸਗੋਂ ਨਕਾਰ ਚੁੱਕੇ ਹਨ। ਇਹ ਹਰਗਿਜ਼ ਸਮਾਜਵਾਦੀ ਦਰਸ਼ਨ ਨਹੀਂ ਹੈ। ਦੁੱਖ ਦੀ ਗੱਲ ਇਹ ਹੈ ਕਿ ਦੁਨੀਆਂ ਵਿਚ ਕਿਸੇ ਵੀ ਚੀਜ਼ ਦੀ ਅੱਜ ਕਮੀ ਨਹੀਂ ਹੈ। ਨਾ ਖੁਰਾਕ ਦੀ, ਨਾ ਕੱਪੜੇ ਦੀ ਤੇ ਨਾ ਹੀ ਕਿਸੇ ਹੋਰ

ਚੀਜ਼ ਦੀ। ਸਿਰਫ ਵੰਡ ਸਹੀ ਨਹੀਂ ਹੈ। ਇਹ ਸਾਧਨ ਕੁਝ ਹੱਥਾਂ ਵਿਚ ਇਕੱਠੇ ਕੀਤੇ ਜਾ ਰਹੇ ਹਨ ਤੇ ਆਮ ਲੋਕਾਂ ਨੂੰ ਉਸ ਵੰਡ ਵਿਚੋਂ ਕੁਝ ਨਹੀਂ ਮਿਲਦਾ। ਅਸੀਂ ਇਹਨਾਂ ਸਾਧਨਾ ਨੂੰ ਤੇ ਲੋੜੀਦੀਆਂ ਚੀਜ਼ਾਂ ਦੀ ਵੰਡ ਨੂੰ ਠੀਕ ਕਰਨ ਦਾ ਨਿਮਾਣਾ ਯਤਨ ਕਰ ਰਹੇ ਹਾਂ। ਲੋਕ ਚੰਗਾ ਜੀਵਨ ਜਿਉਣ ਲਈ ਆਰਥਿਕ ਲਾਭ ਚਾਹੁੰਦੇ ਹਨ ਤੇ ਇਹ ਉਹਨਾਂ ਦਾ ਮੌਲਿਕ ਅਧਿਕਾਰ ਵੀ ਹੈ। ਉਹ 'ਫੂਡ ਬੈਂਕਾਂ' 'ਤੇ ਨਿਰਭਰ ਨਹੀਂ ਕਰਨਾ ਚਾਹੁੰਦੇ। ਨਾ ਹੀ ਉਹ ਭੱਤਿਆਂ 'ਤੇ ਜਿਉਣਾ ਚਾਹੁੰਦੇ ਹਨ। ਉਹ ਆਪਣੀ ਮਿਹਨਤ ਨਾਲ ਆਪਣਾ ਜੀਵਨ ਨਿਰਬਾਹ ਕਰਨਾ ਚਾਹੁੰਦੇ ਹਨ।'

'ਉਹਨਾਂ ਨੂੰ ਰੋਕਦਾ ਕੌਣ ਐ?' ਕਿਸੇ ਨੇ ਪਿੱਛੋਂ ਉੱਚੀ ਆਵਾਜ਼ ਵਿਚ ਕਿਹਾ।

'ਆਮਦਨ-। ਆਉ ਪਹਿਲਾਂ ਉੱਠੇ ਸਵਾਲਾਂ ਬਾਰੇ ਵਿਚਾਰ ਕਰ ਲਈਏ।'

'ਪਹਿਲੀ ਗੱਲ ਤਾਂ ਕੰਪਨੀ ਦੇ ਹਿੱਸੇਦਾਰ ਵਰਕਰ ਵੀ ਬਣ ਸਕਦੇ ਹਨ ਤੇ ਆਮ ਲੋਕ ਵੀ। ਜਿਹੜਾ ਪੈਸਾ ਤਨਖਾਹਾਂ ਘੱਟ ਦੇਣ ਨਾਲ ਬਚੇਗਾ ਉਸ ਨਾਲ ਕੰਪਨੀ ਜ਼ਰੂਰੀ ਚੀਜ਼ਾਂ ਸਸਤੀਆਂ ਵੇਚ ਸਕਦੀ ਹੈ ਜਿਵੇਂ ਫਲ ਤੇ ਸਬਜ਼ੀਆਂ ਆਦਿ। ਸਿਹਤਮੰਦ ਖੁਰਾਕ ਖਾਣ ਨਾਲ ਲੋਕ ਨਿਰੋਗ ਰਹਿਣਗੇ ਤੇ ਸੈਂਕੜੇ ਮਿਲੀਅਨ ਪੌਂਡ ਸਾਡਾ ਸ਼ਹਿਰ ਲੋਕਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨ ਲਈ ਖਰਚਦਾ ਹੈ, ਉਹ ਬਚੇਗਾ। ਗਾਹਕ ਦੀ ਵਫ਼ਾਦਰੀ ਵੀ ਰੋਲ ਅਦਾ ਕਰਦੀ ਹੈ। ਵਰਕਰਾਂ ਦਾ ਹਿੱਸਾ ਹੋਣ ਕਰਕੇ ਉਹ ਵੀ ਵੱਧ ਜ਼ਿੰਮੇਵਾਰੀ ਨਾਲ ਕੰਮ ਕਰਨਗੇ। ਅਸੀਂ ਹਰ ਕਿਸਮ ਦੇ ਸਟੋਰ ਖੋਲ੍ਹਾਂਗੇ ਤੇ ਇਸ ਸ਼ਹਿਰ ਨੂੰ ਹੀ ਇਕਾਈ ਮੰਨਾਗੇ। ਇਸ ਸ਼ਹਿਰ ਵਿਚ ਹੀ ਸਟੋਰਾਂ ਨੂੰ ਸਫ਼ਲ ਕਰਨ ਦਾ ਯਤਨ ਕਰਾਂਗੇ ਤੇ ਉਹ ਹੋਣਗੇ---।'

'ਮੈ ਇਕ ਹੋਰ ਉਦਾਹਰਣ ਦੇਣੀ ਚਾਹੁੰਦਾ ਹਾਂ। ਉੱਨੀਵੀਂ ਸਦੀ ਵਿਚ ਇੰਗਲੈਂਡ ਵਿਚ ਕੋ-ਆਪਰੇਟਿਵ ਸਟੋਰ ਖੋਲ੍ਹੇ ਗਏ ਸਨ। ਉਹ ਕਾਮਯਾਬੀ ਨਾਲ ਚੱਲੇ ਵੀ ਸਨ। ਅਜੇ ਵੀ ਕੁਝ ਸਟੋਰ ਚੱਲ ਰਹੇ ਹਨ ਪਰ ਹੁਣ ਉਹਨਾਂ ਦਾ ਕੰਮ-ਢੰਗ ਬਦਲ ਗਿਆ ਹੈ। ਸੋ ਦੋਸਤੋ, ਸੋਚੋ ਤੇ ਫੈਸਲਾ ਕਰੋ। ਜੇ ਕੌਂਸਲ ਦੀਆਂ ਚੋਣਾਂ ਵਿਚ ਸਾਡੀ ਜਿੱਤ ਹੁੰਦੀ ਹੈ ਤਾਂ ਅਸੀਂ ਇਹੋ ਜਿਹੇ ਸਟੋਰਾਂ ਲਈ ਦੋਸਤਾਨਾ ਵਾਤਾਵਰਣ ਪੈਦਾ ਕਰਨ ਦੇ ਸਮਰੱਥ ਹੋਵਾਂਗੇ।

ਜਿਥੇ ਅਸੀਂ ਸਟੋਰਾਂ ਦੇ ਵਾਤਾਵਰਣ ਦੀ ਗੱਲ ਕਰ ਰਹੇ ਹਾਂ ਉਥੇ ਸਾਡੇ ਆਲੇ-ਦੁਆਲੇ ਦਾ ਵਾਤਾਵਰਣ ਵੀ ਦਿਨੋ ਦਿਨ ਵੱਡੀ ਪੱਧਰ 'ਤੇ ਪ੍ਰਦੂਸ਼ਤ ਹੋ ਰਿਹਾ ਹੈ। ਇਸ ਦਾ ਮੁੱਖ ਕਾਰਨ ਵੀ ਵੱਡੀਆਂ ਕੰਪਨੀਆਂ ਹੀ ਹਨ ਜਿਹੜੀਆਂ ਆਪਣੇ ਆਰਥਿਕ ਵਿਕਾਸ ਤੋਂ ਬਿਨਾਂ ਕਿਸੇ ਹੋਰ ਪਾਸੇ ਵੀ ਧਿਆਨ ਨਹੀਂ ਦਿੰਦੀਆਂ। ਬਰਾਜ਼ੀਲ, ਇੰਡੋਨੇਸ਼ੀਆ ਤੇ ਭਾਰਤ ਵਰਗੇ ਦੇਸ਼ਾਂ ਵਿਚ ਜੰਗਲਾਂ ਨੂੰ ਬੇਰਹਿਮੀ ਨਾਲ ਕੱਟਿਆ ਜਾ ਰਿਹਾ ਹੈ। ਇੰਡਸਟਰੀ ਦੀ ਗੈਰਜ਼ਿੰਮੇਵਾਰੀ ਤੇ ਲੋਕਾਂ ਦੇ ਮਾਡਰਨ ਰਹਿਣ-ਸਹਿਣ ਨੇ ਵਾਤਾਵਰਣ ਨੂੰ ਧੂੰਆਂ-ਧਾਰ ਕਰ ਦਿੱਤਾ ਹੈ। ਬਹੁਤ ਸਾਰੇ, ਜੀਵ ਜੰਤੂ ਖਤਮ ਹੋ ਗਏ ਹਨ। ਤਾਪਮਾਨ ਵਧ ਰਿਹਾ ਹੈ। ਜੇ ਇਹਨਾਂ ਅਲਾਮਤਾਂ ਵੱਲ ਧਿਆਨ ਨਾ ਦਿੱਤਾ

ਗਿਆ ਤਾਂ ਇਕ ਦਿਨ ਮਨੁੱਖੀ ਹੋਂਦ 'ਤੇ ਵੀ ਸਵਾਲੀਆਂ ਨਿਸ਼ਾਨ ਲੱਗ ਸਕਦਾ ਹੈ। ਵਾਤਾਵਰਣ ਦੇ ਬਚਾਉ ਲਈ ਵੀ ਸਾਨੂੰ ਵਪਾਰ ਦੇ ਢੰਗ ਤਰੀਕੇ ਬਦਲਣੇ ਚਾਹੀਦੇ ਹਨ ਤੇ ਇਹ ਉਸ ਦਿਸ਼ਾ ਵਿਚ ਇਕ ਛੋਟੀ ਕੋਸ਼ਿਸ਼ ਹੋਵੇਗੀ---।'

***

ਸ਼ਹਿਰ ਦੀਆਂ ਕੌਂਸਲ ਚੋਣਾਂ ਇਸ ਵਾਰ ਆਮ ਨਾਲੋਂ ਵੱਖ ਸਨ। ਪਹਿਲਾਂ ਇਹਨਾਂ ਚੋਣਾਂ ਵਿਚ ਆਮ ਲੋਕ ਬਹੁਤ ਘੱਟ ਦਿਲਚਸਪੀ ਲੈਂਦੇ ਸਨ। ਇਸ ਵਾਰ 'ਫਿਊਚਰ ਪਾਰਟੀ' ਨਾਂ ਦੇ ਗਰੁੱਪ ਨੇ ਦੋ ਹੀ ਮੁੱਦੇ ਮੁੱਖ ਰੂਪ ਵਿਚ ਉਛਾਲੇ ਸਨ, ਗਰੀਬੀ-ਅਮੀਰੀ ਵਿਚ ਪਾੜਾ ਤੇ ਵਾਤਾਵਰਣ ਦੀ ਸਫ਼ਾਈ। ਪਾਰਟੀ ਰਜਿਸਟਰ ਨਾ ਹੋਣ ਕਰਕੇ ਆਪਣੇ ਉਮੀਦਵਾਰ ਅਜ਼ਾਦ ਹੀ ਖੜ੍ਹੇ ਕੀਤੇ ਸਨ। ਗਰੀਬੀ ਅਮੀਰੀ ਦੇ ਪਾੜੇ ਨੂੰ ਘਟਾਉਣ ਲਈ ਜਿਹੜੀ ਪਾਲਸੀ ਉਹਨਾਂ ਨੇ ਪੇਸ਼ ਕੀਤੀ ਸੀ ਆਮ ਲੋਕਾਂ ਨੂੰ ਉਹ ਪਸੰਦ ਸੀ। ਲੋਕ ਜਦ ਵੀ ਕਿਤੇ ਮਿਲਦੇ ਜਾਂ ਚਾਰ ਦੋਸਤ ਵੀ ਇਕੱਠੇ ਹੁੰਦੇ ਤਾਂ ਇਹ ਵਿਸ਼ਾ ਜ਼ਰੂਰ ਵਿਚਾਰਿਆ ਜਾਂਦਾ। ਕੁਝ ਲੋਕ ਇਸ ਦੀ ਸਫ਼ਲਤਾ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਤੇ ਕੁਝ ਨੂੰ ਯਕੀਨਨ ਕੁਝ ਬਦਲਾਅ ਦੇ ਨਿਸ਼ਾਨ ਨਜ਼ਰ ਆਉਂਦੇ। ਕੁਝ ਲੋਕਾਂ ਦਾ ਵਿਚਾਰ ਸੀ ਕਿ ਇਸ ਵਿਚ ਲੋਕਾਂ ਦਾ ਤਾਂ ਕੋਈ ਨੁਕਸਾਨ ਨਹੀਂ ਸੀ ਤੇ ਇਸ ਵਾਰ ਇਸ ਨਵੇਂ ਗਰੁੱਪ ਨੂੰ ਮੌਕਾ ਦੇਣਾ ਚਾਹੀਦਾ ਹੈ। ਇਸ ਗਰੁੱਪ ਦੀ ਕੋਈ ਨੈਸ਼ਨਲ ਸਿਆਸੀ ਪਾਰਟੀ ਨਹੀਂ ਸੀ। ਇਹ ਆਜ਼ਾਦ ਰੂਪ ਵਿਚ ਹੀ ਚੋਣ ਲੜ ਰਹੇ ਸਨ।

ਇਸ ਦਾ ਵਿਰੋਧ ਕੁਦਰਤੀ ਰੰਧਾਵੇ ਵਰਗੇ ਲੋਕ ਬਹੁਤ ਜ਼ੋਰ-ਸ਼ੋਰ ਨਾਲ ਕਰ ਰਹੇ ਸਨ। ਅਸਲ ਵਿਚ ਤਾਂ ਰੰਧਾਵਾ ਵਿਰੋਧੀਆਂ ਦਾ ਲੀਡਰ ਸੀ। ਉਸ ਦੀ ਅਗਵਾਈ ਵਿਚ ਵੱਡੀਆਂ ਕੰਪਨੀਆਂ ਤੇ ਉਹਨਾਂ ਦੇ ਮੈਨਜਮੈਂਟ ਦੇ ਲੋਕ ਉਸ ਦਾ ਸਾਥ ਦੇ ਰਹੇ ਸਨ। ਇਕ ਪਾਰਟੀ ਜੋ ਵਪਾਰਕ ਲੋਕਾਂ ਦਾ ਸਦਾ ਹੀ ਸਾਥ ਦਿੰਦੀ ਰਹੀ ਤੇ ਦੇ ਰਹੀ ਸੀ, ਉਹ ਵੀ ਇਸ ਗਰੁੱਪ ਦੇ ਸਖ਼ਤ ਵਿਰੋਧੀ ਸਨ। ਦੂਜੀ ਵੱਡੀ ਰਾਸ਼ਟਰੀ ਪਾਰਟੀ ਇਸ ਗਰੁੱਪ ਦੇ ਹੱਕ ਤੇ ਵਿਰੋਧ ਵਿਚ ਵੰਡੀ ਹੋਈ ਸੀ। ਇਸ ਪਾਰਟੀ ਦੇ ਜਿਹੜੇ ਲੋਕ ਇਸ ਦੇ ਹੱਕ ਵਿਚ ਸਨ ਉਹ ਵੀ ਚੁੱਪ ਸਨ ਕਿਉਂਕਿ ਉਹ ਅਸਲ ਵਿਚ ਪਾਰਟੀ ਦੀ ਰਾਸ਼ਟਰੀ ਪਾਲਸੀ ਨਾਲ ਵਚਨਬੱਧ ਸਨ। ਲੋਕਲ ਚੋਣਾਂ ਵਿਚ ਹਾਰ ਜਿੱਤ ਨਾਲੋਂ ਉਹ ਰਾਸ਼ਟਰੀ ਚੋਣਾ ਬਾਰੇ ਵੱਧ ਸੋਚਦੇ ਸਨ।

ਨੈਸ਼ਨਲ ਚੋਣਾਂ ਵਿਚ ਤਾਂ ਟੀ ਵੀ ਤੇ ਬਹਿਸਾਂ ਹੁੰਦੀਆਂ ਸਨ ਪਰ ਲੋਕਲ ਚੋਣਾਂ ਵਿਚ ਗੱਲ ਰੇਡੀਓ ਤੱਕ ਹੀ ਸੀਮਤ ਹੁੰਦੀ ਸੀ ਜਾਂ ਲੋਕਲ ਅਖ਼ਬਾਰਾਂ ਵਿਚ ਇਸ਼ਤਿਹਾਰ ਤੇ ਇੰਟਰਵਿਊ ਬਗੈਰਾ ਛਪ ਜਾਂਦੀ। ਸਾਰੇ ਉਮੀਦਵਾਰ ਆਪਣੇ ਮੁੱਖ ਚੋਣ ਵਾਇਦਿਆਂ ਦੇ ਲੀਫਲੈਟ ਛਪਵਾ ਕੇ ਘਰਾਂ ਵਿਚ ਵੰਡਦੇ। ਕੁਝ ਵਰਕਰ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਖੜਕਾ ਕੇ ਉਹਨਾਂ ਨੂੰ ਆਪਣੇ ਪ੍ਰੋਗਰਾਮ ਬਾਰੇ ਦੱਸਦੇ ਤੇ ਉਹਨਾਂ ਨੂੰ ਆਪਣੇ ਲਈ ਵੋਟ ਦੇਣ ਦੀ ਬੇਨਤੀ ਕਰਦੇ। ਚੋਣਾਂ ਦਾ ਮਹੌਲ ਸ਼ਾਂਤ ਜਿਹਾ ਹੀ ਹੁੰਦਾ।

ਰੰਧਾਵੇ ਵਰਗੇ ਲੋਕ ਪਾਲਸੀ ਨਾਲੋਂ ਵਿਅੱਕਤੀਗਤ ਵਿਰੋਧ ’ਤੇ ਜ਼ਿਆਦਾ ਨਿਰਭਰ ਕਰਦੇ ਸਨ। ਇਕੋ ਇਕ ਵਿਰੋਧ ਜੋ ਉਹ ਕਰ ਰਹੇ ਸਨ ਉਹ ਇਹ ਸੀ ਕਿ ਜੇ ਚੰਗੇ ਮੈਨੇਜਰਾਂ ਤੇ ਡਾਇਰੈਟਰਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਤਨਖਾਹਾਂ ਨਹੀਂ ਮਿਲਣਗੀਆ ਤਾਂ ਉਹ ਹੋਰ ਦੇਸ਼ਾਂ ਵਿਚ ਕੰਮ ਲਈ ਚਲੇ ਜਾਣਗੇ ਤੇ ਦੇਸ਼ ਦਾ ਵਪਾਰ ਜਿਸ ਕਾਰਨ ਲੱਖਾਂ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ, ਉਹ ਬਾਹਰਲੀਆਂ ਕੰਪਨੀਆਂ ਦਾ ਮੁਕਾਬਲਾ ਕਰਨ ਯੋਗ ਨਹੀਂ ਰਹੇਗਾ ਤੇ ਦੇਸ਼ ਦੀ ਉਦਯੋਗਕ ਉਪਜ ਨੂੰ ਨੁਕਸਾਨ ਹੋਵੇਗਾ। ਕੁਝ ਕੁ ਵੋਟਰ ਵੀ ਅਜਿਹੀਆਂ ਗੱਲਾਂ ਨਾਲ ਪ੍ਰਭਾਵਤ ਹੋ ਜਾਂਦੇ।

ਵੋਟਾਂ ਵਾਲੇ ਦਿਨ ਚੋਣ ਬੂਥਾਂ ’ਤੇ ਵਾਹਵਾ ਰੌਣਕ ਸੀ। ਵੱਧ ਤੋਂ ਵੱਧ ਲੋਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਤ ਕੀਤਾ ਜਾ ਰਿਹਾ ਸੀ ਖਾਸ ਕਰਕੇ ਪੱਕੀਆਂ ਵੋਟਾਂ ਨੂੰ। ਸ਼ਾਮ ਨੂੰ ਦਸ ਵਜੇ ਚੋਣ ਬੂਥ ਬੰਦ ਹੋ ਗਏ ਤੇ ਵੋਟਾਂ ਦੀ ਗਿਣਤੀ ਲਈ ਉਮੀਦਵਾਰ ਤੇ ਉਹਨਾਂ ਦੇ ਸਹਿਯੋਗੀ ਕਮਿਊਨਿਟੀ ਹਾਲ ਵਿਚ ਪਹੁੰਚਣ ਲੱਗੇ। ਜਿਵੇਂ ਜਿਵੇਂ ਵੋਟਾਂ ਦੇ ਡੱਬੇ ਟੇਬਲਾਂ ’ਤੇ ਖਾਲੀ ਹੁੰਦੇ ਗਏ, ਗਿਣਤੀ ਲਈ ਬੈਠੇ ਲੋਕ ਵੱਖੋ ਵੱਖ ਵਾਰਡਾਂ ਦੀਆਂ ਵੋਟਾਂ ਦੀ ਗਿਣਤੀ ਵਿਚ ਬਿਜ਼ੀ ਹੋ ਗਏ। ਸਵੇਰ ਦੇ ਇਕ ਵਜੇ ਪਹਿਲਾ ਨਤੀਜਾ ਆਇਆ ਜਿਸ ਵਿਚ ‘ਆਜ਼ਾਦ’ ਉਮੀਦਵਾਰ ਦੀ ਵੱਡੀ ਹਾਰ ਹੋਈ ਤੇ ਜੇਤੂ ਰੰਧਾਵਾ ਮਾਰਕਾ ਲੋਕ ਖੁਸ਼ੀ ਮਨਾਉਣ ਲੱਗੇ। ਆਜ਼ਾਦ ਉਮੀਦਵਾਰ ਹਾਰ ਦੇ ਬਾਵਜੂਦ ਜੇਤੂ ਉਮੀਦਵਾਰ ਨੂੰ ਰਸਮੀ ਜਿਹੀ ਵਧਾਈ ਦੇ ਰਿਹਾ ਸੀ।

ਆਖਰੀ ਨਤੀਜਾ ਸਵੇਰ ਦੇ ਸੱਤ ਵਜੇ ਆਇਆ। ਹੁਣ ਤੱਕ ਅਜ਼ਾਦ ਉਮਦੀਵਾਰ ਅੱਧੀਆਂ ਸੀਟਾਂ ਜਿੱਤ ਚੁੱਕੇ ਸਨ। ਕੌਂਸਲ ’ਤੇ ਉਹਨਾਂ ਦੇ ਕੰਟਰੋਲ ਦੀ ਉਮੀਦ ਅਜੇ ਵੀ ਪੱਕੀ ਨਹੀਂ ਸੀ। ਸਭ ਇਸ ਆਖਰੀ ਨਤੀਜੇ ’ਤੇ ਨਿਰਭਰ ਕਰਦਾ ਸੀ। ਵੋਟਾਂ ਵੀ ਕਦੇ ਕਿਸੇ ਉਮੀਦਵਾਰ ਦੀਆਂ ਵਧ ਜਾਂਦੀਆ ਤੇ ਕਦੇ ਕਿਸੇ ਦੀਆਂ। ਅਖੀਰ ਵਿਚ ਫਿਰ ਤੋਂ ਗਿਣਤੀ ਹੋਈ। ਫਸਵੀਂ ਟੱਕਰ ਸੀ ਤੇ ਪੰਜ ਵੋਟਾਂ ਦਾ ਫ਼ਰਕ ਸੀ। ਤੀਜੀ ਵਾਰ ਫਿਰ ਗਿਣਤੀ ਹੋਈ ਤੇ ਫਾਈਨਲ ਨਤੀਜਾ ਸੱਤ ਵੱਜ ਕੇ ਵੀਹ ਮਿੰਟ ’ਤੇ ਸੁਣਾਇਆ ਗਿਆ ਜਿਸ ਵਿਚ ਛੇ ਵੋਟਾਂ ਨਾਲ ਅਜ਼ਾਦ ਉਮੀਦਵਾਰ ਜੇਤੂ ਕਰਾਰ ਦਿੱਤਾ ਗਿਆ। ਕੌਂਸਲ ਦਾ ਕੰਟਰੋਲ ਵੀ ਪਹਿਲੀ ਵਾਰ ‘ਫਿਊਚਰ ਪਾਰਟੀ’ ਦੇ ਹੱਥ ਵਿਚ ਆ ਗਿਆ।

ਹੁਣ ਆਉਣ ਵਾਲੇ ਸਮੇਂ ਵਿਚ ਉਹਨਾਂ ਨੇ ਆਪਣੇ ਵਾਇਦਿਆਂ ਨੂੰ ਪੂਰਾ ਕਰਨ ਦਾ ਯਤਨ ਕਰਨਾ ਸੀ ਤੇ ਵਿਰੋਧੀਆਂ ਨੇ ਉਹਨਾਂ ਦੀ ਹਰ ਕੋਸ਼ਿਸ਼ ਨੂੰ ਨਾਕਾਮਯਾਬ ਕਰਨਾ ਸੀ। ਅਸਲ ਜਿੱਤ-ਹਾਰ ਦਾ ਅਰੰਭ ਹੋ ਗਿਆ ਸੀ।

## 26

ਟੋਨੀ ਕਾਫੀ ਸਮੇਂ ਤੋਂ ਆਪਣੇ ਕੰਮ ਵਿਚ ਉਲਝਿਆ ਹੋਇਆ ਸੀ। ਜਿਸ ਦੁਕਾਨ ਵਿਚ ਉਹ 'ਡਿਜ਼ੀਟਲ ਟੈਕਨਾਲੋਜੀ' ਸਥਾਪਤ ਕਰ ਰਿਹਾ ਸੀ, ਇਹ ਕੰਮ ਬਹੁਤ ਜ਼ਿੰਮੇਵਾਰੀ ਵਾਲਾ ਸੀ। ਉਸ ਨੂੰ ਪਹਿਲਾਂ ਸਾਰੀ ਯੋਜਨਾ ਤਿਆਰ ਕਰਨੀ ਪਈ ਸੀ, ਉਸ ਬਾਅਦ ਉਸ ਨੂੰ ਸਭ ਕੁਝ 'ਬਰਡ' ਨਾਲ ਸਾਂਝਾ ਕਰਨਾ ਪਿਆ ਤੇ ਫਿਰ ਲੋੜ ਅਨੁਸਰ ਤਬਦੀਲੀਆਂ ਕਰਨੀਆਂ ਪਈਆਂ ਸਨ। ਹੁਣ ਬਹੁਤਾ ਕੰਮ ਟੈਕਨੀਸ਼ਨਾਂ ਦਾ ਸੀ। ਟੋਨੀ ਉਹਨਾਂ ਨੂੰ ਪ੍ਰਿੰਟ ਕੱਢ ਕੇ ਦੇ ਦਿੰਦਾ ਕਿ ਉਹਨਾਂ ਨੇ ਕੀ ਕਰਨਾ ਸੀ ਤੇ ਉਹ ਆਪਣਾ ਕੰਮ ਕਰੀ ਜਾਂਦੇ। ਟੋਨੀ ਨੇ ਦੁਕਾਨ ਦੇ ਇਕ ਕਮਰੇ ਨੂੰ ਆਪਣਾ ਦਫ਼ਤਰ ਬਣਾ ਲਿਆ ਸੀ ਜਿਥੇ ਉਹ ਆਪਣਾ ਕੰਮ ਵੀ ਕਰਦਾ ਰਹਿੰਦਾ ਤੇ ਜੇ ਟੈਕਨੀਸ਼ਨਾ ਨੇ ਕੋਈ ਪੁੱਛ ਦੱਸ ਕਰਨੀ ਹੁੰਦੀ ਤਾਂ ਉਹ ਉਹਨਾਂ ਦੀ ਮਦਦ ਵੀ ਕਰ ਦਿੰਦਾ। ਬਹੁਤ ਦਿਨਾਂ ਤੋਂ ਉਹ ਕੈਲੀ ਨੂੰ ਮਿਲ ਨਹੀਂ ਸੀ ਸਕਿਆ।

'ਹੈਲੋ ਕੈਲੀ ਅੱਜ ਕੀ ਕਰ ਰਹੀ ਐਂ ਸ਼ਾਮ ਨੂੰ।' ਇਕ ਦਿਨ ਚਾਰ ਕੁ ਵਜੇ ਉਸ ਨੇ 'ਟੈਕਸਟ' ਕੀਤਾ। ਹੁਣ ਟੈਲੀਫ਼ੋਨ ਕਰਨ ਦੀ ਥਾਂ ਲੋਕ ਟੈਕਸਟ ਮੈਸਿਜ ਹੀ ਪਾਉਂਦੇ।

'ਤੂੰ ਕਿਥੇ ਐਂ?'

'ਜੇ ਤੂੰ ਇਜਾਜ਼ਤ ਦੇਵੇਂ ਤਾਂ ਇਕ ਘੰਟੇ ਤੱਕ ਮੈਂ ਟਰੇਨ ਫੜ ਸਕਦਾਂ ਤੇ ਤੇਰੇ ਕੋਲ ਢਾਈ ਘੰਟਿਆਂ ਵਿਚ ਪਹੁੰਚ ਸਕਦਾਂ।'

'ਇਸ ਤੋਂ ਲੇਟ ਨਾ ਹੋਈਂ।' ਕੈਲੀ ਦਾ ਜਵਾਬ ਪੜ੍ਹ ਕੇ ਟੋਨੀ ਮੁਸਕਰਾਇਆ।

ਠੀਕ ਸਵਾ ਦੋ ਘੰਟੇ ਬਾਅਦ ਉਸ ਨੇ ਉਸ ਦੇ ਦਰਵਾਜ਼ੇ ਦੀ ਘੰਟੀ ਜਾ ਖੜਕਾਈ। ਉਹ ਜਿਵੇਂ ਉਸ ਦੀ ਹੀ ਉਡੀਕ ਕਰ ਰਹੀ ਹੋਵੇ। ਉਸ ਨੇ ਬੂਹਾ ਖੋਲ੍ਹਿਆ ਤੇ ਟੋਨੀ ਦੀ ਬਾਂਹ ਫੜ੍ਹ ਕੇ ਅੰਦਰ ਖਿੱਚ ਲਿਆ। ਅਗਲੇ ਪਲ ਉਹ ਉਸ ਦੀ ਹਿੱਕ ਨਾਲ ਸਿਰ ਲਗਾਈ ਖੜ੍ਹੀ ਸੀ।

'ਕੈਲੀ ਸ਼ਾਮ ਦਾ ਕੀ ਪ੍ਰੋਗਰਾਮ ਐ?'

'ਤੂੰ ਦੱਸ।' ਉਹ ਸੋਫ਼ੇ 'ਤੇ ਉਸ ਨਾਲ ਜੁੜ ਕੇ ਬੈਠੀ ਸੀ।

'ਮੈਂ ਸੋਚਦਾ ਸੀ 'ਯੰਗ ਨਾਈਟ' ਚੱਲੀਏ।'

'ਕਿਉਂ ਤੇਰਾ ਉਹ ਬੁਢੜਾ ਉਥੇ ਹੋਊ?'

'ਪਤਾ ਨਹੀਂ, ਪਰ ਮੇਰਾ ਉਸ ਨੂੰ ਮਿਲਣ ਦਾ ਕੋਈ ਇਰਾਦਾ ਨਹੀਂ।'

ਕੈਲੀ ਨੇ ਉਸ ਵੱਲ ਧਿਆਨ ਨਾਲ ਵੇਖਿਆ। ਉਸ ਨੇ ਦਾੜ੍ਹੀ ਵਧਾਈ ਹੋਈ ਸੀ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਅੱਜ ਕੱਲ੍ਹ ਦੇ ਬਹੁਤ ਸਾਰੇ ਨੌਜਵਾਨਾਂ ਵਿਚ ਇਹ ਫੈਸ਼ਨ ਸੀ। ਪਰ ਟੋਨੀ ਨੇ ਆਪਣੇ ਵਾਲਾਂ ਦਾ ਰੰਗ ਵੀ ਬਦਲਿਆ ਹੋਇਆ ਸੀ।

ਕੈਲੀ ਨੂੰ ਪਤਾ ਸੀ ਉਹ ਕਿਸੇ ਮਾਰ ਵਿਚ ਸੀ ਪਰ ਨਾ ਤਾਂ ਟੋਨੀ ਨੇ ਵਿਸਥਾਰ ਨਾਲ ਦੱਸਿਆ ਤੇ ਨਾ ਹੀ ਉਸ ਨੇ ਪੁੱਛਿਆ ਸੀ।

'ਟਰੇਨ 'ਤੇ ਜਾਣਾ ਪੈਣਾ।'

'ਠੀਕ ਆ ਆਉਂਦੇ ਹੋਏ ਆਮ ਟੈਕਸੀ ਦੀ ਥਾਂ 'ਊਵਰ' ਲੈ ਲਵਾਂਗੇ।' ਕੈਲੀ ਨੇ ਹਾਂ ਕਰਨ ਦੀ ਥਾਂ ਆਪਣੀ ਹਾਂ ਦੇ ਚੁੰਮਣ ਦੀ ਮੋਹਰ ਲਗਾ ਦਿੱਤੀ।

ਜਦ ਉਹ ਕਲੱਬ ਦੇ ਬੂਹੇ 'ਤੇ ਪਹੁੰਚੇ ਤਾਂ ਦਿਉ ਕੱਦ ਬੰਦਾ ਜਿਸ ਨੂੰ 'ਬਾਂਊਸਰ' ਕਹਿੰਦੇ ਸਨ, ਨੇ ਉਹਨਾਂ ਨੂੰ ਰੋਕ ਲਿਆ ਤੇ ਕਾਰਡ ਦੀ ਮੰਗ ਕੀਤੀ। ਟੋਨੀ ਨੇ ਪਹਿਲਾਂ ਹੀ ਕਾਰਡ ਕਿਸੇ ਹੋਰ ਨਾਂ ਦੀ ਵਰਤੋਂ ਕਰਕੇ ਬਣਾਇਆ ਹੋਇਆ ਸੀ ਤੇ ਕੈਲੀ ਨੂੰ ਉਹ ਆਪਣੇ ਨਾਲ ਮਹਿਮਾਨ ਵਜੋਂ ਲਿਆਇਆ ਸੀ। ਅੱਜ ਟੋਨੀ ਨੇ ਐਨਕਾਂ ਵੀ ਪਾਈਆਂ ਹੋਈਆਂ ਸਨ ਤੇ ਵਾਲ ਵੀ ਵੱਖਰੇ ਢੰਗ ਨਾਲ ਬਣਾਏ ਹੋਏ ਸਨ। ਬਾਂਊਸਰ ਨੇ ਮੋਟੀ ਧੌਣ ਤੇ ਵੱਡਾ ਸਾਰਾ ਸਿਰ ਹਿਲਾ ਕੇ ਉਹਨਾਂ ਨੂੰ ਅੰਦਰ ਜਾਣ ਦਾ ਇਸ਼ਾਰਾ ਕਰ ਦਿੱਤਾ। ਟੋਨੀ ਨੇ ਉਸ ਬੰਦੇ ਦਾ ਚਿਹਨ ਚੱਕਰ ਧਿਆਨ ਨਾਲ ਵੇਖਿਆ ਤੇ ਆਪਣੇ ਮਨ ਵਿਚ ਉਸ ਦਾ ਨਾਂ 'ਗਧਾ' ਰੱਖ ਲਿਆ। ਨਾਂ ਬਾਰੇ ਸੋਚ ਕੇ ਉਹ ਇਕ ਵਾਰ ਫਿਰ ਮੁਸਕਰਾਇਆ।

ਕਲੱਬ ਵਿਚ ਸਿਗਰਟਾਂ ਦਾ ਧੂੰਆਂ ਨਹੀਂ ਸੀ। ਕਨੂੰਨ ਪਬਲਿਕ ਥਾਂ 'ਤੇ ਸਿਗਰਟ ਪੀਣ ਦੀ ਹੁਣ ਮਨਾਹੀ ਕਰਦਾ ਸੀ। ਜਿਹਨਾਂ ਨੇ ਸਿਗਰਟ ਪੀਣੀ ਹੁੰਦੀ ਉਹ ਬਾਹਰ ਚਲੇ ਜਾਂਦੇ। ਪਰ ਫਿਰ ਵੀ ਕਲੱਬ ਦੀਆਂ ਜਗਦੀਆਂ-ਬੁਝਦੀਆਂ ਰੰਗਦਾਰ ਬੱਤੀਆਂ ਦੇ ਝਾਉਲੇ ਜਿਹੇ ਚਾਨਣ ਵਿਚ ਧੂੰਏਂ ਦਾ ਅੰਸ਼ ਸੀ। ਇਹ ਨਕਲੀ ਧੂੰਆਂ ਕਲੱਬ ਦੇ ਵਾਤਾਵਰਣ ਨੂੰ ਸਹੀ ਰੰਗਤ ਦੇਣ ਲਈ ਛੱਡਿਆ ਹੋਇਆ ਸੀ। ਸੰਗੀਤ ਉੱਚੀ ਆਵਾਜ਼ ਵਿਚ ਚੱਲ ਰਿਹਾ ਸੀ। ਕੁਝ ਜੋੜੇ ਨੱਚ ਰਹੇ ਸਨ ਤੇ ਬਹੁਤੇ ਇਕ ਦੂਜੇ ਦੀਆਂ ਬਾਹਾਂ ਵਿਚ ਗੁਆਚੇ ਹੋਏ ਸਨ। ਕਿਸੇ ਨੂੰ ਕਿਸੇ ਦੀ ਪ੍ਰਵਾਹ ਨਹੀਂ ਸੀ। ਟੋਨੀ ਨੇ ਆਪਣੀ ਪਸੰਦ ਦੀ ਸੀਟ ਲੱਭੀ ਤੇ ਕੈਲੀ ਲਈ ਕੁਰਸੀ ਖਿੱਚ ਕੇ ਉਸ ਨੂੰ ਬੈਠਣ ਲਈ ਮਦਦ ਕੀਤੀ। ਔਰਤ ਦਾ ਸਨਮਾਣ ਕਰਨ ਦੀ ਟੋਨੀ ਨੂੰ ਸੋਝੀ ਸੀ। ਕੈਲੀ ਸੋਚਦਿਆਂ ਮੁਸਕਰਾਉਂਦੀ ਬੈਠ ਗਈ।

ਟੋਨੀ ਨੇ ਕਲੱਬ ਦੇ ਹਰ ਕੋਨੇ ਵਿਚ ਨਜ਼ਰ ਮਾਰੀ ਜਿਵੇਂ ਉਹ ਸਕੈਨ ਕਰ ਰਿਹਾ ਹੋਵੇ। ਉਸ ਦੀ ਨਜ਼ਰ ਕਾਊਂਟਰ ਕੋਲ ਖੜ੍ਹੀ ਕੁੜੀ 'ਤੇ ਜੰਮ ਗਈ। ਵੇਟਰ ਕੁੜੀ ਉਸ ਨੂੰ ਜਾਣੀ-ਪਛਾਣੀ ਲੱਗੀ। ਉਸ ਨੇ ਹੋਰ ਨੀਝ ਨਾਲ ਵੇਖਿਆ। ਟੌਮਿਸ਼ ਨਾਲ ਗੱਲ ਕਰਦੀ ਉਹ ਮੁਸਕਰਾਈ। ਟੋਨੀ ਨੇ ਜੈਕੀ ਬਲੈਕ ਨੂੰ ਪਛਾਣ ਲਿਆ। ਉਸ ਨੂੰ ਤਸੱਲੀ ਹੋਈ ਕਿ ਸਕੌਟ ਅਸਲ ਵਿਚ ਰੰਧਾਵਿਆਂ ਦੀ ਪੈੜ ਨੱਪਣ ਲਈ ਗੰਭੀਰ ਕੋਸ਼ਿਸ਼ ਕਰ ਰਿਹਾ ਸੀ। ਇਹ ਵੀ ਸਪੱਸ਼ਟ ਸੀ ਉਹ ਬਿਨਾਂ ਸਬੂਤ ਉਹਨਾਂ ਨੂੰ ਫੜਨ ਨਹੀਂ ਲੱਗਾ। ਟੋਨੀ ਨੂੰ ਰੰਧਾਵਿਆਂ ਦੇ ਜੇਲ੍ਹ ਦੀਆਂ ਸੁਲਾਖਾਂ ਪਿੱਛੇ ਜਾਣ ਦੀ ਉਮੀਦ ਬੱਝ ਗਈ ਸੀ।

ਜੈਕੀ ਬਲੈਕ ਨੂੰ ਕਲੱਬ ਵਿਚ ਵੇਖ ਕੇ ਉਸ ਨੇ ਆਪਣੀ ਵਿਉਂਤ ਬਦਲ ਲਈ।

ਉਹ ਸਾਢੇ ਕੁ ਦਸ ਵਜੇ ਹੀ ਕਲੱਬ ਵਿਚੋਂ ਬਾਹਰ ਆ ਗਏ। ਊਵਰ ਲੈ ਕੇ ਉਹ ਕੈਲੀ ਦੇ ਫਲੈਟ ਵਿਚ ਪਹੁੰਚ ਗਏ।

'ਟੋਨੀ ਤੇਰੀ ਸ਼ਾਪ ਫਿਟਿੰਗ ਦਾ ਕੰਮ ਕਿਵੇਂ ਚੱਲ ਰਿਹਾ।'

'ਮੇਰੇ ਖਿਆਲ ਵਿਚ ਬਹੁਤ ਚੰਗਾ। ਪਹਿਲਾ ਕੰਮ ਕਰਕੇ ਮੈਨੂੰ ਕੁਝ ਸਮੱਸਿਆਵਾਂ ਦਾ ਖਦਸ਼ਾ ਸੀ ਪਰ ਅਜੇ ਤੱਕ ਠੀਕ ਹੀ ਹੈ।'

'ਫੇਰ ਹੋਰ ਵੀ ਕੋਈ ਕੰਮ ਲਾਈਨ ਵਿਚ ਲਗਾਇਆ ਹੋਇਆ?'

'ਕੈਲੀ ਡਾਰਲਿੰਗ, ਆਉਣ ਵਾਲਾ ਸਮਾਂ ਡਿਜ਼ੀਟਲ ਟੈਕਨਾਲੋਜੀ ਦਾ ਸਮਾਂ ਹੈ। ਦਿਨੋ ਦਿਨ ਸਭ ਨੇ ਹੀ ਦੁਕਾਨਾਂ ਨੂੰ ਇਸ ਟੈਕਨਾਲੋਜੀ ਨਾਲ ਲੈਸ ਕਰ ਦੇਣਾ। ਏਥੋਂ ਤੱਕ ਕੇ ਘਰਾਂ ਵਿਚ ਵੀ ਜਲਦੀ ਹੀ ਫਰਿਜ ਆ ਰਹੇ ਹਨ ਜਿਹਨਾਂ ਵਿਚ ਸਮਾਨ ਲੋੜ ਅਨੁਸਾਰ ਆਪਣੇ ਆਪ ਆਰਡਰ ਹੋ ਜਾਇਆ ਕਰੇਗਾ ਤੇ ਡਲਿਵਰੀ ਘਰ ਪਹੁੰਚ ਜਾਇਆ ਕਰੇਗੀ। ਕਿਚਨ ਵੀ ਘਰਾਂ ਵਿਚ 'ਰੋਬੈਟੀਕਲ' ਹੋਣਗੇ। ਜਦੋਂ ਤੂੰ ਚਾਹੇਂ ਟੈਲੀਫ਼ੋਨ ਤੋਂ ਹੀ ਖਾਣਾ ਤਿਆਰ ਕਰਨ ਦਾ ਆਰਡਰ ਕਰ ਦੇਣਾ ਤੇ ਘਰ ਆਉਂਦੀ ਨੂੰ ਖਾਣਾ ਤਿਆਰ ਹੋਵੇਗਾ। ਸਾਫ਼-ਸਫ਼ਾਈ ਵੀ ਰੌਬਿਟ ਹੀ ਕਰਨਗੇ। ਘਰ ਵਿਚ ਵੈਕੂਅਮ ਕਰਨ ਲਈ ਤਾਂ ਰੋਬੈਟੀਕਲ ਵੈਕੂਅਮ ਭਾਂਵੇਂ ਅੱਜ ਖਰੀਦ ਲਉ। ਏਵੇਂ ਹੀ ਘਾਹ ਕੱਟਣ ਵਾਲੀ ਰੋਬੈਟੀਕਲ ਮਸ਼ੀਨ ਵੀ ਆ ਗਈ ਹੈ---।' ਟੋਨੀ ਆਉਣ ਵਾਲੇ ਸਮੇਂ ਵਿਚ ਆ ਰਹੀਆਂ ਤਬਦੀਲੀਆਂ ਬਾਰੇ ਗੱਲਾਂ ਕਰਦਾ ਰਿਹਾ ਤੇ ਉਹ ਹੈਰਾਨ ਹੋਈ ਸੁਣਦੀ ਰਹੀ।

'ਟੋਨੀ ਜੇ ਸਾਰਾ ਕੰਮ ਹੀ ਇੰਝ ਹੋਣ ਲੱਗਿਆ ਤਾਂ ਮੇਰੇ ਵਰਗੀਆਂ ਕੀ ਕਰਨਗੀਆਂ?'

'ਪਿਆਰ--।' ਕਹਿੰਦਿਆਂ ਰੁਮਾਂਚਿਤ ਹੁੰਦਿਆਂ ਉਸ ਨੇ ਕੈਲੀ ਨੂੰ ਚੁੰਮਿਆ।

'ਤੂੰ ਅੱਜ ਦੇ ਸਮੇਂ ਅਨੁਸਾਰ ਸੋਚਦੀ ਹੈਂ। ਜਿਵੇਂ ਜਿਵੇਂ ਟੈਕਨਾਲੋਜੀ ਬਦਲੇਗੀ ਲੋਕਾਂ ਦੇ ਕੰਮ ਧੰਦੇ ਵੀ ਬਦਲ ਜਾਣਗੇ। ਪਹਿਲਾਂ ਲੋਕ ਫੈਕਟਰੀਆਂ ਵਿਚ ਕੰਮ ਕਰਦੇ ਸਨ ਤੇ ਹੁਣ ਸਰਵਿਸ ਇੰਡਸਟਰੀ ਵਿਚ। ਉਦੋਂ ਕਿਸੇ ਨੇ ਇਸ ਤਬਦੀਲੀ ਬਾਰੇ ਸੋਚਿਆ ਹੀ ਨਹੀਂ ਸੀ। ਇਕ ਗੱਲ ਯਾਦ ਰੱਖੋ। ਉਤਪਾਦਨ ਤਾਂ ਹੀ ਹੋਵੇਗਾ ਜੇ ਲੋਕ ਖਰੀਦਣਗੇ ਤੇ ਲੋਕ ਤਾਂ ਖਰੀਦਣਗੇ ਜੇ ਉਹਨਾਂ ਕੋਲ ਪੈਸੇ ਹੋਣਗੇ। ਨਹੀਂ ਤਾਂ ਵੱਡੀਆਂ ਵੱਡੀਆਂ ਕੰਪਨੀਆਂ ਵੀ ਫੇਲ੍ਹ ਹੋ ਜਾਣਗੀਆਂ---।'

ਉਹ ਦੇਰ ਤੱਕ ਗੱਲਾਂ ਕਰਦੇ ਕਰਦੇ ਸੌਂ ਗਏ।

## 27

ਸਰਦੀ ਦੇ ਦਿਨ ਤੇ ਬਾਹਰ ਰੁੱਖਾਂ ਦੇ ਪੱਤਿਆਂ ਤੋਂ ਪਾਣੀ ਦੀਆਂ ਬੂੰਦਾਂ ਡਿੱਗ ਰਹੀਆਂ ਸਨ। ਪਿਛਲੀ ਰਾਤ ਕਿਣ-ਮਣ ਹੋ ਰਹੀ ਸੀ। ਸਵੇਰੇ ਹੀ ਮੀਂਹ ਬੰਦ ਹੋਇਆ ਸੀ ਪਰ ਅਜੇ ਵੀ ਰੁੱਖਾਂ ਦੇ ਪੱਤੇ ਪਾਣੀ ਨਾਲ ਗੜੁੱਚ ਸਨ। ਸਰਦੀ ਨਾਲ ਲੜਨ ਲਈ ਹੀਟਿੰਗ ਨੇ ਕਮਰਕਸੇ ਕਰ ਲਏ ਸਨ। ਬੋਇਲਰ ਨੇ ਛੇ ਕੁ ਵਜੇ ਖੜਾਕ ਨਾਲ ਲੜਾਈ ਦਾ ਬਿਗਲ ਵਜਾ ਦਿੱਤਾ ਤਾਂ ਪ੍ਰੀਤੋ ਦੀ ਜਾਗ ਖੁੱਲ੍ਹ ਗਈ। ਉਸ ਨੇ ਬੈਡ ਵਿਚ ਪਈ ਨੇ ਆਦਤ ਅਨੁਸਾਰ ਰੱਬ ਦਾ ਨਾਂ ਲਿਆ ਤੇ ਫਿਰ ਉੱਠ ਕੇ ਹੇਠਾਂ ਰਸੋਈ ਵਿਚ ਚਲੀ ਗਈ। ਚਾਹ ਦਾ ਪਤੀਲਾ ਰੱਖ ਕੇ ਉਸ ਨੇ ਸ਼ੀਸ਼ੇ ਵਿਚੋਂ ਦੀ ਬਾਹਰ ਵੇਖਿਆ। ਅਜੇ ਹਨ੍ਹੇਰਾ ਸੀ। ਘਰ ਦੇ ਪਿਛਲੇ ਪਾਸੇ ਜਗਦੀ ਬੱਤੀ ਦੀ ਰੌਸ਼ਨੀ ਅੰਦਰ ਆ ਰਹੀ ਸੀ ਤੇ ਉਸ ਕਾਰਨ ਹੀ ਪਿਛਲੇ ਬਗੀਚੇ ਵਿਚ ਖੜ੍ਹੇ ਰੁੱਖ ਦੇ ਪੱਤਿਆਂ ਨਾਲੋਂ ਝੜ ਰਹੇ ਪਾਣੀ ਦੇ ਤੁਪਕੇ ਦਿਸ ਰਹੇ ਸਨ, ਜਿਵੇਂ ਦਰੱਖ਼ਤ ਰੋ ਰਿਹਾ ਹੋਵੇ।

ਚਾਹ ਬਣਾ ਕੇ ਉਹ ਦੋ ਕੱਪਾਂ ਵਿਚ ਪਾ ਕੇ ਆਪਣੇ ਬੈਡ ਰੂਮ ਵਿਚ ਲੈ ਗਈ। ਨਾਜਰ ਅਜੇ ਵੀ ਅੱਖਾਂ ਬੰਦ ਕਰੀ ਪਿਆ ਸੀ। ਵੈਸੇ ਉਸ ਨੂੰ ਪਤਾ ਸੀ, ਉਹ ਜਾਗਦਾ ਸੀ।

'ਉੱਠੋ ਨੀ ਅਜੇ।' ਉਸ ਨੇ ਚਾਹ ਦਾ ਕੱਪ ਉਸ ਦੇ ਸਿਰਹਾਣੇ ਪਏ ਮੇਜ਼ 'ਤੇ ਰੱਖਦਿਆਂ ਕਿਹਾ।

ਨਾਜਰ ਨੇ ਅਗਾੜੀ ਭੰਨੀ ਤੇ ਅੱਧਾ ਕੁ ਬਿਸਤਰ ਵਿਚ ਉੱਠ ਕੇ ਬੈਠ ਗਿਆ। ਚਾਹ ਦਾ ਕੱਪ ਚੁੱਕਿਆ ਤੇ ਚੁਸਕੀ ਲਈ।

'ਅੱਜ ਜੇ ਦੁਕਾਨ 'ਤੇ ਦਸ ਕੁ ਵਜੇ ਆ ਜਾਵੇਂ ਤਾਂ ਮੈਂ ਇਕ ਦੋ ਕੰਮ ਕਰਨੇ ਆ। ਬੈਂਕ ਮਨੇਜਰ ਨੂੰ ਮਿਲਣਾ ਗਿਆਰਾਂ ਵਜੇ, ਜ਼ਰੂਰੀ ਆ। ਇਕ ਬੰਦਾ ਸਟਾਫ ਦਾ ਵੀ ਘੱਟ ਆ।'

'ਠੀਕ ਆ।' ਕਹਿ ਕੇ ਪ੍ਰੀਤੋ ਨੇ ਚਾਹ ਪੀਣੀ ਜਾਰੀ ਰੱਖੀ। ਚਾਹ ਪੀ ਕੇ ਖਾਲੀ ਕੱਪ ਚੁੱਕ ਕੇ ਉਹ ਕਿਚਨ ਵਿਚ ਲੈ ਗਈ। ਨਾਜਰ ਬਾਥ ਰੂਮ ਚਲਾ ਗਿਆ।

ਨੌਂ ਕੁ ਵਜੇ ਸਾਰਿਆਂ ਨੇ ਨਾਸ਼ਤਾ ਕੀਤਾ।

'ਪੈਵ ਤੂੰ ਠੀਕ ਐਂ, ਚੁੱਪ ਜਿਆ ਲਗਦਾਂ!' ਪ੍ਰੀਤੋ ਨੇ ਪੁੱਛਿਆ।

'ਮੈਂ ਠੀਕ ਆਂ। ਕੰਮ ਬਾਰੇ ਕੁਝ ਸੋਚ ਰਿਹਾ ਸੀ।'

ਉਸ ਨੇ ਜਲਦੀ ਨਾਲ ਨਾਸ਼ਤਾ ਖਾਧਾ ਤੇ ਆਪਣੇ ਕਮਰੇ ਵਿਚ ਚਲਾ ਗਿਆ। ਰਾਜੂ ਕੰਮ 'ਤੇ ਜਾਣ ਲਈ ਆਪਣੀ ਕਾਰ ਵਿਚ ਜਾ ਬੈਠਾ। ਪ੍ਰੀਤੋ ਰਸੋਈ ਦਾ ਕੰਮ ਖਤਮ ਕਰਕੇ ਜਲਦੀ ਨਾਲ ਤਿਆਰ ਹੋ ਕੇ ਦੁਕਾਨ 'ਤੇ ਜਾਣ ਲਈ ਤਿਆਰੀ ਕਰਨ ਲੱਗੀ। ਨਾਜਰ ਦੁਕਾਨ ਨੂੰ ਤੁਰ ਪਿਆ। ਉਹ ਸਵੇਰੇ ਦੁਕਾਨ 'ਤੇ ਤੁਰ ਕੇ ਹੀ ਜਾਂਦਾ ਸੀ। ਬਹਾਨੇ ਨਾਲ ਉਸ ਦੀ ਸੈਰ ਵੀ ਹੋ ਜਾਂਦੀ। ਹੁਣ ਮੀਂਹ ਦੀ ਥਾਂ ਬੱਦਲਾਂ ਵਿਚੋਂ ਸੂਰਜ

ਬਾਹਰ ਆਉਣ ਦਾ ਯਤਨ ਕਰ ਰਿਹਾ ਸੀ। ਸੜਕਾਂ 'ਤੇ ਕਾਰਾਂ, ਬੱਸਾਂ ਦੀ ਭਗਦੜ ਮੱਚੀ ਹੋਈ ਸੀ। ਕੁਝ ਲੋਕ ਫੁੱਟਪਾਥ 'ਤੇ ਜਲਦੀ ਜਲਦੀ ਤੁਰੇ ਜਾ ਰਹੇ ਸਨ ਤੇ ਕੁਝ ਬੱਸ ਸਟਾਪ 'ਤੇ ਬੱਸਾਂ ਦੀ ਉਡੀਕ ਕਰ ਰਹੇ ਸਨ। ਕੋਈ ਕੋਈ ਸਾਇਕਲ, ਮੋਟਰ ਸਾਇਕਲ ਵੀ ਦਿਸ ਜਾਂਦਾ।

ਇਹ ਦਿਨ ਵੀ ਆਮ ਦਿਨਾਂ ਵਰਗਾ ਹੀ ਸੀ, ਨਾਜਰ ਲਈ। ਸਾਰਾ ਦਿਨ ਗਾਹਕਾਂ ਦੀ ਆਵਜਾਈ। ਦੁਕਾਨ ਲਈ ਸਮਾਨ ਦਾ ਆਰਡਰ, ਸਮਾਨ ਨੂੰ ਸ਼ੈਲਫਾਂ 'ਤੇ ਟਿਕਾਉਣਾ ਬਗੈਰਾ। ਪ੍ਰੀਤੋ ਘਰ ਚਲੀ ਗਈ ਸੀ। ਉਸ ਦਾ ਵੀ ਆਮ ਵਰਗਾ ਰੁਟੀਨ ਸੀ। ਉਸ ਨੇ ਕੱਪੜੇ ਧੋਣ ਲਈ ਮਸ਼ੀਨ ਵਿਚ ਪਾਉਣੇ ਸਨ। ਉਹ ਮੁੰਡਿਆਂ ਦੇ ਕਮਰਿਆਂ ਵਿਚੋਂ ਧੋਣ ਵਾਲੇ ਕੱਪੜੇ ਲੈਣ ਗਈ ਤਾਂ ਪੈਵ ਦੇ ਕਮਰੇ ਵਿਚ ਜਾ ਕੇ ਉਹ ਜਿਵੇਂ ਸੁੰਨ ਹੋ ਗਈ।

ਕਮਰੇ ਵਿਚ ਕੋਈ ਖਾਸ ਕੱਪੜਾ ਹੀ ਨਹੀਂ ਸੀ। ਖਾਲੀ ਕਮਰਾ ਭਾਂ ਭਾਂ ਕਰ ਰਿਹਾ ਸੀ। ਕੁਝ ਦੇਰ ਉਸ ਨੂੰ ਸਮਝ ਹੀ ਨਾ ਆਈ ਕਿ ਇਹ ਮਾਜਰਾ ਕੀ ਸੀ? ਜਦ ਉਸ ਨੂੰ ਸਮਝ ਆਈ ਤਾਂ ਉਹ ਬੈਡ 'ਤੇ ਢੇਰੀ ਢਾਹ ਕੇ ਬੈਠ ਗਈ। ਪੈਵ ਘਰੋਂ ਚਲਾ ਗਿਆ ਸੀ ਤੇ ਉਹ ਵੀ ਦੱਸੇ ਬਗੈਰ। ਇਸ ਤੋਂ ਵੱਡਾ ਸਦਮਾ ਉਸ ਨੂੰ ਜ਼ਿੰਦਗੀ ਵਿਚ ਕੋਈ ਨਹੀਂ ਸੀ ਲੱਗਾ। ਉਹ ਡਿਗਦੀ ਢਹਿੰਦੀ ਹੇਠਾਂ ਆ ਗਈ ਤੇ ਨਾਜਰ ਨੂੰ ਫ਼ੋਨ ਕਰਕੇ ਜਲਦੀ ਘਰ ਆਉਣ ਲਈ ਕਿਹਾ।

'ਪਰ ਗੱਲ ਤਾਂ ਦੱਸ, ਤੂੰ ਠੀਕ ਐਂ!'

'ਠੀਕ ਕਾਹਦੀ, ਘਰ ਉੱਜੜ ਗਿਆ ਆਪਣਾ--।' ਕਹਿ ਕੇ ਉਹ ਡੁਸਕਣ ਲੱਗੀ।

'ਕਹਾਣੇ ਨਾ ਪਾ, ਗੱਲ ਦੱਸ।' ਨਾਜਰ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

'ਪੈਵ ਘਰ ਛੱਡ ਕੇ ਚਲਾ ਗਿਆ। ਆਵਦਾ ਸਾਰਾ ਸਮਾਨ ਲੈ ਗਿਆ।'

'ਘਰ ਛੱਡ ਕੇ ਚਲਾ ਗਿਆ। ਕੁੜੀਆਂ ਤਾਂ ਘਰੋਂ ਭੱਜਦੀਆਂ ਸੁਣੀਆਂ ਸੀ ਆਹ ਤਾਂ ਨਮੀ ਗੱਲ ਈ ਆ। ਸਮਝੋਂ ਬਾਹਰ ਆ।' ਕਹਿ ਕੇ ਉਸ ਨੇ ਫ਼ੋਨ ਰੱਖ ਦਿੱਤਾ ਤੇ ਘਰ ਨੂੰ ਚੱਲ ਪਿਆ। ਰਸਤੇ ਵਿਚ ਉਸ ਨੇ ਸੋਚਿਆ ਤਾਂ ਗੱਲ ਉਸ ਨੂੰ ਸਮਝ ਆਉਣ ਲੱਗੀ।

ਉਹ ਘਰ ਪਹੁੰਚਿਆ ਤਾਂ ਰਾਣੀ ਵੀ ਆਈ ਹੋਈ ਸੀ। ਉਸ ਨੂੰ ਪ੍ਰੀਤੋ ਨੇ ਫ਼ੋਨ ਕਰਕੇ ਸੱਦ ਲਿਆ ਸੀ। ਪ੍ਰੀਤੋ ਦੀਆਂ ਗੱਲ੍ਹਾਂ 'ਤੇ ਹੰਝੂਆਂ ਦੀਆਂ ਧਾਰਾਂ ਦੇ ਨਿਸ਼ਾਨ ਦਿਸ ਰਹੇ ਸਨ। ਰਾਣੀ ਰੋ ਨਹੀਂ ਰਹੀ ਸੀ ਪਰ ਹੈਰਾਨੀ ਉਸ ਦੇ ਮੂੰਹ 'ਤੇ ਵੀ ਜੰਮੀ ਹੋਈ ਸੀ। ਨਾਜਰ ਉਹਨਾਂ ਦੇ ਸਾਹਮਣੇ ਜਾ ਬੈਠਾ।

'ਹੁਣ ਆਪਾਂ ਕੀ ਕਰੀਏ?' ਪ੍ਰੀਤੋ ਨੇ ਸਵਾਲ ਕੀਤਾ।

ਨਾਜਰ ਚੁੱਪ ਸੀ ਤੇ ਰਾਣੀ ਉਸ ਦੇ ਜਵਾਬ ਦੀ ਉਡੀਕ ਕਰ ਰਹੀ ਸੀ।

'ਰਾਣੀ ਤੈਨੂੰ ਪੈਵ ਨੇ ਕੁਸ ਕਿਹਾ?'

'ਨਾ ਡੈਡ ਘਰੋਂ ਜਾਣ ਬਾਰੇ ਉਸ ਨੇ ਮੈਨੂੰ ਕੁਜ ਨੀ ਕਿਹਾ।'

'ਗਿਆ ਤਾਂ ਉਹ ਆਵਦੀ ਓਸ ਗੋਰੀ ਕੋਲ ਈ ਆ।' ਨਾਜਰ ਬੋਲਿਆ।

'ਪਰ ਪਤਾ ਨੀ ਹੈ ਕਿਥੇ? ਆਪਾਂ ਜਾ ਕੇ ਲਿਆ ਵੀ ਨੀ ਸਕਦੇ।'

'ਮੰਮ-ਹੁਣ ਸਬਰ ਤੋਂ ਕੰਮ ਲਵੋ। ਜੇ ਉਹਨੇ ਮੁੜਨਾ ਹੁੰਦਾ ਤਾਂ ਉਹ ਜਾਂਦਾ ਈ ਕਿਉਂ?'

ਰਾਣੀ ਠੀਕ ਸੀ। ਉਹਨਾਂ ਦੋਵਾਂ ਜੀਆਂ ਨੂੰ ਪਤਾ ਸੀ। ਦੁੱਖ ਤਾਂ ਇਸ ਗੱਲ ਦਾ ਸੀ ਕਿ ਪੈਵ ਦੇ ਅਜਿਹਾ ਕਦਮ ਚੁੱਕਣ ਬਾਰੇ ਉਹਨਾਂ ਨੂੰ ਚਿੱਤ ਚੇਤਾ ਵੀ ਨਹੀਂ ਸੀ।

ਰਾਣੀ ਸ਼ਾਮ ਤੱਕ ਘਰੇ ਰਹੀ। ਉਸ ਨੇ ਹੀ ਰੋਟੀ ਤਿਆਰ ਕੀਤੀ। ਰਾਜੂ ਆਇਆ ਤਾਂ ਗਮਗੀਨ ਮਹੌਲ ਨੂੰ ਵੇਖ ਕੇ ਹੈਰਾਨ ਹੋ ਗਿਆ। ਉਸ ਦੇ ਕੁਝ ਪੁੱਛਣ ਤੋਂ ਪਹਿਲਾਂ ਹੀ ਪ੍ਰੀਤੋ ਨੇ ਸਵਾਲ ਦਾਗ ਦਿੱਤਾ।

'ਤੈਨੂੰ ਪੈਵ ਨੇ ਘਰ ਛੱਡਣ ਬਾਰੇ ਦੱਸਿਆ ਸੀ?'

ਰਾਜੂ ਨੇ ਆਪਣਾ ਕੰਮ ਵਾਲਾ ਬੈਗ ਮੋਢੇ ਤੋਂ ਲਾਹ ਕੇ ਮੇਜ਼ 'ਤੇ ਰੱਖਿਆ। ਰਸੋਈ ਵਿਚ ਗਿਆ ਤੇ ਨਾਜਰ ਲਈ ਵਿਸਕੀ ਦਾ ਪੈਗ ਬਣਾ ਲਿਆਇਆ।

'ਡੈਡ, ਮੰਮ, ਕੂਲ ਡਾਊਨ। ਡਰਿੰਕ ਲਵੋ ਡੈਡ।'

ਉਹ ਉਸ ਵੱਲ ਇਕ ਟੱਕ ਵੇਖ ਰਹੇ ਸਨ। ਰਾਜੂ ਨੇ ਕੋਈ ਜਵਾਬ ਨਹੀਂ ਸੀ ਦਿੱਤਾ। ਉਹ ਆਪਣੇ ਆਪ ਨੂੰ ਔਖੀ ਸਥਿਤੀ ਵਿਚ ਮਹਿਸੂਸ ਕਰ ਰਿਹਾ ਸੀ।

'ਮੇਰੀ ਗੱਲ ਦਾ ਜਵਾਬ ਦੇਹ।' ਪ੍ਰੀਤੋ ਨੇ ਸਖ਼ਤੀ ਨਾਲ ਕਿਹਾ।

'ਮੰਮ ਕਿੰਨੀ ਦੇਰ ਤੋਂ ਘਰ ਦਾ ਮਹੌਲ ਸਿਰਫ ਇਕ ਗੱਲ ਕਰ ਕੇ ਠੀਕ ਨਹੀਂ ਸੀ। ਪੈਵ ਦੇ ਵਿਆਹ ਕਾਰਨ। ਤੁਸੀਂ ਉਸ ਨੂੰ ਆਪਣੀ ਮਰਜ਼ੀ ਨਾਲ ਵਿਆਹ ਕਰਨ ਦੀ ਇਜਾਜ਼ਤ ਨਹੀਂ ਸੀ ਦੇ ਰਹੇ। ਉਸ ਦੇ ਦਿਲ ਨੂੰ ਸਮਝਣ ਦਾ ਯਤਨ ਨਹੀਂ ਕੀਤਾ। ਉਹ ਤੁਹਾਡੇ ਪਸੰਦ ਦੀ ਕੁੜੀ ਨਾਲ ਵਿਆਹ ਕਰਾ ਕੇ ਖੁਸ਼ ਨੀ। ਉਸ ਨੂੰ ਲਗਦਾ ਉਹ ਵਿਆਹ ਸਿਰੇ ਨੀ ਚੜ੍ਹਨਾ ਤੇ ਸ਼ਾਇਦ ਉਹਨੂੰ ਤਲਾਕ ਕਰਨਾ ਪੈ ਸਕਦਾ ਸੀ। ਤੁਸੀਂ ਦੱਸੋ ਉਹਦੇ ਕੋਲ ਹੋਰ ਕੀ ਰਾਹ ਸੀ?'

ਰਾਜੂ ਨੇ ਇਕ ਵਾਰ ਫਿਰ ਗਲਾਸ ਚੁੱਕ ਕੇ ਨਾਜਰ ਨੂੰ ਫੜਾਇਆ ਤੇ ਉਸ ਨੇ ਫੜ ਲਿਆ। ਰਾਜੂ ਨੂੰ ਕੁਝ ਕੁ ਰਾਹਤ ਦਾ ਅਹਿਸਾਸ ਹੋਇਆ।

'ਅਸੀਂ ਉਹਦੇ ਕੋਈ ਦੁਸ਼ਮਣ ਤਾਂ ਨੀ। ਉਹਦਾ ਈ ਭਲਾ ਸੋਚਦੇ ਸੀ। ਆਹ ਨੇਕ ਨਾਮੀ ਦਿੱਤੀ ਆ ਉਹਨੇ।' ਪ੍ਰੀਤੋ ਦੀਆਂ ਅੱਖਾਂ ਵਿਚ ਹੁਣ ਹੰਝੂਆਂ ਦੇ ਨਾਲ ਲਾਲ ਡੋਰੇ ਸਨ।

ਰਾਜੂ ਨੇ ਚੁੱਪ ਰਹਿਣਾ ਹੀ ਠੀਕ ਸਮਝਿਆ। ਨਾਜਰ ਨੇ ਪੈਗ ਇਕੋ ਸਾਹ ਪੀ ਲਿਆ ਸੀ ਤੇ ਰਾਜੂ ਉਸ ਲਈ ਹੋਰ ਪੈਗ ਲੈਣ ਚਲਾ ਗਿਆ। ਆਪਣੇ ਲਈ ਉਸ ਨੇ ਬੀਅਰ ਦਾ ਡੱਬਾ ਫਰਿਜ ਵਿਚੋਂ ਕੱਢ ਲਿਆ।

'ਮੰਮ ਰਾਜੂ ਦੀ ਗੱਲ ਨੂੰ ਧਿਆਨ ਨਾਲ ਸੁਣੋ। ਪੈਵ ਇਹ ਨੀ ਕਹਿੰਦਾ ਬਈ ਤੁਸੀਂ ਉਹਦੇ ਦੁਸ਼ਮਣ ਐਂ। ਪਰ ਉਸ ਨੇ ਜਿਸ ਕੁੜੀ ਨਾਲ ਉਮਰ ਗੁਜ਼ਾਰਨੀ ਆ ਉਹ ਉਹਦੇ ਪਸੰਦ ਦੀ ਹੋਣੀ ਚਾਹੀਦੀ ਐ।'

'ਇਹਨੂੰ ਕਿਹੜੀਆਂ ਲੂਲਾਂ ਲੱਗੀਆਂ ਜਿਹੜੀਆਂ ਹੋਰ ਕੁੜੀਆਂ ਦੇ ਨੀ। ਤੁਸੀਂ ਨੀ ਬੋਲਦੇ ਕੁਸ।' ਉਹ ਨਾਜਰ ਵੱਲ ਵੇਖਦਿਆਂ ਗੜ੍ਹਕੀ।

ਨਾਜਰ ਨੇ ਗਲਾਸ ਵੱਲ ਵੇਖਿਆ ਪਰ ਚੁੱਕਿਆ ਨਾ। ਰਾਜੂ ਨੇ ਡੱਬੇ ਵਿਚੋਂ ਬੀਅਰ ਦਾ ਘੁੱਟ ਭਰਿਆ। ਉਹ ਵੀ ਚੁੱਪ ਰਿਹਾ। ਨਾਜਰ ਸੋਚ ਰਿਹਾ ਸੀ।

'ਉਹਨੇ ਤਾਂ ਜੋ ਕਰਨਾ ਸੀ ਕਰ ਲਿਆ। ਹੁਣ ਆਪਾਂ ਕੀ ਕਰਨਾ ਸਵਾਲ ਤਾਂ ਇਹ ਆ!'

ਇਸ ਸਵਾਲ ਦਾ ਕਿਸੇ ਕੋਲ ਕੋਈ ਸਿੱਧਾ ਸਪੱਸ਼ਟ ਜਵਾਬ ਨਹੀਂ ਸੀ।

***

ਸ਼ਾਮ ਨੂੰ ਪੈਵ ਨੇ ਮਾਸਟਰ ਨੂੰ ਫ਼ੋਨ ਕੀਤਾ ਤੇ ਆਪਣੇ ਘਰੋਂ ਆਉਣ ਬਾਰੇ ਸਾਰੀ ਜਾਣਕਾਰੀ ਦੇ ਦਿੱਤੀ।

'ਅੰਕਲ ਮੈਨੂੰ ਬਹੁਤ ਦੁੱਖ ਵੀ ਆ ਤੇ ਮੈਨੂੰ ਪਤਾ ਮੰਮੀ ਨੇ ਤਾਂ ਰੋ ਕੇ ਬੁਰਾ ਹਾਲ ਕਰ ਲੈਣਾ। ਪਰ ਮੇਰੇ ਕੋਲ ਹੋਰ ਕੋਈ ਰਾਹ ਹੀ ਨਹੀਂ ਸੀ। ਹੁਣ ਮੈਂ ਚਾਹੁੰਨਾ ਮੰਮ ਡੈਡ ਅੱਗੇ ਹੋ ਕੇ ਵਿਆਹ ਕਰਨ ਤਾਂ ਚੰਗਾ ਐ। ਤੁਸੀਂ ਉਹਨਾਂ ਨਾਲ ਇਕ ਵਾਰ ਗੱਲ ਕਰਕੇ ਵੇਖੋ।'

'ਪੈਵ ਮੈਂ ਅਜੇ ਵੇਖਦਾਂ ਉਹ ਹੀ ਸ਼ਾਇਦ ਫ਼ੋਨ ਕਰ ਲੈਣ। ਫੇਰ ਮੈਨੂੰ ਗੱਲ ਕਰਨੀ ਸੌਖੀ ਹੋ ਜੂ। ਕੱਲ੍ਹ ਨੂੰ ਮੇਰੀ ਛੁੱਟੀ ਆ। ਮੈਂ ਕੱਲ੍ਹ ਨੂੰ ਦੁਕਾਨ 'ਤੇ ਜਾਊਂ।'

ਮਾਸਟਰ ਪੰਜਾਬ ਵਿਚ ਅਧਿਆਪਕ ਸੀ ਤੇ ਇੰਗਲੈਂਡ ਆ ਕੇ ਉਹ ਰਾਤਾਂ 'ਤੇ ਪੋਸਟ ਆਫਿਸ ਵਿਚ ਕੰਮ ਕਰਦਾ ਸੀ। ਪੰਜ ਰਾਤਾਂ ਕੰਮ ਤੇ ਇਕ ਰਾਤ ਦਾ ਓਵਰ ਟਾਈਮ ਵੀ ਬਹੁਤ ਵਾਰ ਮਿਲ ਜਾਂਦਾ।

ਅਗਲੇ ਦਿਨ ਗਿਆਰਾਂ ਕੁ ਵਜੇ ਉਸ ਨੇ ਲੰਬਾ ਕੋਟ ਪਹਿਨਿਆ ਤੇ ਘਰੋਂ ਬਾਹਰ ਨਿਕਲ ਗਿਆ। ਕਿੰਗਜ਼ਲੇ ਐਵੀਨਿਊ ਤੋਂ ਦੀ ਹੁੰਦਾ ਉਹ ਨੌਰਥ ਰੋਡ 'ਤੇ ਪੈ ਗਿਆ। ਪੁਲੀਸ ਸਟੇਸ਼ਨ ਲੰਘ ਕੇ ਸੜਕ ਦੇ ਦੂਜੇ ਪਾਸੇ ਸਾਹਮਣੇ ਮਾਰਕਿਟ ਸੀ। ਉਹ ਮਾਰਕਿਟ ਵਿਚ ਜ਼ਰੂਰ ਚੱਕਰ ਲਾਉਂਦਾ। ਉਸ ਨੂੰ ਇੰਝ ਲਗਦਾ ਜਿਵੇਂ ਉਹ ਪੰਜਾਬ ਦੇ ਕਿਸੇ ਮੇਲੇ ਵਿਚ ਫਿਰਦਾ ਹੋਵੇ। ਫਲ, ਸਬਜ਼ੀਆਂ, ਕੱਪੜੇ, ਖੁੱਲ੍ਹੇ ਕੱਪੜੇ, ਪਰਦੇ, ਗੱਲ ਕੀ ਮਾਰਕਿਟ ਵਿਚ ਹਰ ਚੀਜ਼ ਦੇ ਸਟਾਲ ਸਨ। ਮਾਸਟਰ ਨੇ ਸ਼ਾਪਿੰਗ ਤਾਂ ਘੱਟ ਹੀ ਕਰਨੀ ਹੁੰਦੀ। ਉਥੇ ਇਕ ਸਟਾਲ ਬਰਗਰ ਤੇ ਚਾਹ-ਕੌਫੀ ਦਾ ਵੀ ਸੀ। ਪਹਿਲਾਂ ਇਸ ਨੂੰ ਕੋਈ ਗੋਰਾ ਚਲਾਉਂਦਾ ਸੀ। ਹੁਣ ਇਹ ਕਿਸੇ ਇੰਡੀਅਨ ਨੇ ਲੈ ਲਿਆ। ਇੰਡੀਅਨ ਨੇ ਸਮੋਸੇ ਪਕੌੜੇ ਤੇ ਮਸਾਲਾ ਚਾਹ ਵੀ ਵੇਚਣੀ ਸ਼ੁਰੂ ਕਰ ਦਿੱਤੀ। ਮਾਸਟਰ ਨੂੰ ਇਹ ਚਾਹ ਬਹੁਤ ਪਸੰਦ ਸੀ। ਅੱਜ ਵੀ ਉਸ ਨੇ ਚਾਹ ਦਾ ਕੱਪ ਲਿਆ 'ਤੇ ਲੋਕਾਂ ਦੀ ਰੌਣਕ ਨੂੰ ਵੇਖਦਾ ਖੜ੍ਹਾ ਚੁਸਕੀਆਂ ਲੈਂਦਾ ਰਿਹਾ। ਖਾਲੀ ਕੱਪ ਉਸ ਨੇ ਕੂੜੇਦਾਨ ਵਿਚ ਸੁੱਟਿਆ ਤੇ ਬਰਡਵੇਅ ਵੱਲ ਨੂੰ ਚੱਲ ਪਿਆ।

ਮਾਰਕਿਟ ਵਿਚੋਂ ਬਾਹਰ ਨਿਕਲ ਕੇ ਖੱਬੇ ਮੁੜ ਕੇ ਵੱਡੀ ਸੜਕ 'ਤੇ ਦੁਕਾਨਾਂ ਹੀ ਹਨ।

ਲੇਡੀ ਮਾਰਗਰੇਟ ਰੋਡ ਵਾਲੀਆਂ ਲਾਈਟਾਂ ਲੰਘ ਕੇ ਸਾਊਥਾਲ ਬਰਾਡਵੇਅ ਸ਼ੁਰੂ ਹੋ ਜਾਂਦਾ ਹੈ। ਅੱਜ ਕੱਲ੍ਹ ਇਥੇ ਭਾਰਤੀ ਤੇ ਪਾਕਿਸਤਾਨੀ ਦੁਕਾਨਦਾਰਾਂ ਦਾ ਬੋਲਬਾਲਾ ਹੋ ਗਿਆ ਹੋਣ ਕਰਕੇ ਕਈ ਲੋਕ ਇਸ ਨੂੰ ਲਿਟਲ ਇੰਡੀਆ, ਪੰਜਾਬ ਜਾਂ ਲੁਧਿਆਣਾ, ਜਲੰਧਰ ਵਰਗੇ ਨਾਵਾਂ ਨਾਲ ਵੀ ਪੁਕਾਰਦੇ ਹਨ। ਮਾਸਟਰ ਨੇ ਸਾਰੀ ਹੁੰਦੀ ਤਬਦੀਲੀ ਆਪਣੀ ਅੱਖੀਂ ਵੇਖੀ। ਅੱਜ ਵੀ ਉਹ ਦੁਕਾਨਾਂ ਨੂੰ ਵੇਖਦਾ ਯਾਦ ਕਰਦਾ ਜਾ ਰਿਹਾ ਸੀ ਕਿ ਆਹ ਦੁਕਾਨ ਵਿਚ ਪਹਿਲਾਂ ਕੀ ਵਿਕਦਾ ਸੀ ਜਾਂ ਕਿਸ ਦੀ ਦੁਕਾਨ ਸੀ। ਆਦਮੀਆਂ ਦੇ ਕੱਪੜਿਆਂ ਦੀ ਦੁਕਾਨ ਅਜੇ ਵੀ ਗੋਰੇ ਹੀ ਚਲਾਉਂਦੇ ਸਨ। ਇਹ ਇਕ ਵੱਡੀ ਕੰਪਨੀ ਸੀ। ਇਹੋ ਜਿਹੇ ਹੋਰ ਵੀ ਕੁਝ ਸਟੋਰ ਸਨ ਜਿਹੜੇ ਅਜੇ ਭਾਰਤੀਆਂ ਨੇ ਖਰੀਦੇ ਨਹੀਂ ਸਨ। ਵੂਲਵਰਥ ਦੇ ਨਾਲ ਵਾਲੀ ਨਾਜਰ ਦੀ ਦੁਕਾਨ ਸੀ। ਉਹ ਦੁਕਾਨ ਵਿਚ ਚਲਾ ਗਿਆ।

'ਬੌਸ ਹੈਗਾ ਦਫ਼ਤਰ 'ਚ?' ਉਸ ਨੇ ਇਕ ਪੁਰਾਣੇ ਵਰਕਰ ਨੂੰ ਪੁੱਛਿਆ।

'ਹਾਂ ਜੀ। ਬੀਬੀ ਜੀ ਵੀ ਦਫ਼ਤਰ ਵਿਚ ਈ ਆ।'

ਮਾਸਟਰ ਨੇ ਦਰਵਾਜ਼ਾ ਖੜਕਾਇਆ। ਨਾਜਰ ਨੇ ਉਸ ਨੂੰ ਅੰਦਰ ਆਉਂਦਿਆਂ ਵੇਖ ਲਿਆ ਸੀ।

'ਆਜੋ ਨੰਘ ਆਉ।' ਕਹਿ ਕੇ ਨਾਜਰ ਨੇ ਪ੍ਰੀਤੋ ਵੱਲ ਵੇਖਿਆ।

ਸਤਿ ਸ੍ਰੀ ਅਕਾਲ ਕਹਿ ਕੇ ਉਹ ਕੁਰਸੀ 'ਤੇ ਬੈਠ ਗਿਆ।

'ਦਿਨ ਤਾਂ ਅੱਜ ਚੰਗਾ ਊਂ ਸਰਦੀ ਵਾਹਵਾ।'

'ਹਾਂ ਜੀ ਧੁੱਪ ਤਾਂ ਦੇਖੋ ਅੱਜ ਇੰਡੀਆ ਅਰਗੀ ਆ।' ਨਾਜਰ ਮੱਲੋਜੋਰੀ ਮੁਸਕਰਾਇਆ।

'ਭਾਜੀ ਚਾਹ ਬਣਾਵਾਂ।'

'ਨਹੀਂ ਭੈਣ ਜੀ ਮੈਂ ਮਾਰਕਿਟ 'ਚੋਂ ਚਾਹ ਪੀ ਕੇ ਆਇਆਂ।'

'ਫੇਰ ਸਾਡੇ ਵਾਸਤੇ ਵੀ ਲੈ ਆਉਣੀ ਸੀ।' ਨਾਜਰ ਨੇ ਹੱਸਦਿਆਂ ਕਿਹਾ।

'ਚਾਹੀਦਾ ਤਾਂ ਇਹੋ ਸੀ। ਬੱਸ ਐਵੇਂ ਘੌਲ ਕਰ ਗਿਆ।'

'ਅੱਜ ਛੁੱਟੀ ਐ।'

'ਆਹੋ। ਮੈਂ ਇੰਡੀਅਨ ਵਰਕਰਜ਼ ਅਸੋਸੀਏਸ਼ਨ ਦੇ ਦਫ਼ਤਰ ਚੱਲਿਆ ਸੀ। ਮੈਂ ਕਿਹਾ ਥੋਨੂੰ ਹੈਲੋ ਕਹਿ ਜਾਵਾਂ। ਉਥੇ ਤਾਂ ਛੇ ਵੱਜ ਜਾਣੇ ਆ।'

ਮਾਸਟਰ ਛੁੱਟੀ ਵਾਲੇ ਦਿਨ ਇਸ ਦਫ਼ਤਰ ਵਿਚ ਲੋਕਾਂ ਦੇ ਫਾਰਮ ਬਗੈਰਾ ਭਰਨ ਦੀ ਸੇਵਾ ਕਰਦਾ ਸੀ। ਨਾਜਰ ਨੂੰ ਵੀ ਪਤਾ ਸੀ।

ਉਹ ਕੁਝ ਦੇਰ ਬੈਠੇ ਗੱਲਾਂ ਮਾਰਦੇ ਰਹੇ ਪਰ ਉਹਨਾਂ ਨੇ ਪੈਵ ਸਬੰਧੀ ਕੋਈ ਗੱਲ ਨਾ ਕੀਤੀ।

'ਮੈਂ ਸ਼ਾਮ ਨੂੰ ਘਰੇ ਜਾਣ ਵੇਲੇ ਚੱਕਰ ਮਾਰੂੰ। ਜੇ ਤੂੰ ਵਿਹਲਾ ਹੋਇਆ ਤਾਂ। ਸ਼ੇਰਾ ਕੰਮ 'ਤੇ ਆ ਜਾਂ ਛੁੱਟੀ ਆ? ਕਈ ਦਿਨਾਂ ਤੋਂ ਉਹਦੇ ਨਾਲ ਵੀ ਗੱਲ ਨੀ ਹੋਈ।' ਮਾਸਟਰ ਨੇ ਉੱਠਦਿਆਂ ਪੁੱਛਿਆ।

'ਮੇਰਾ ਖਿਆਲ ਰਾਤਾਂ ਚਲਦੀਆਂ ਉਹਦੀਆਂ।'

ਨਾਜਰ ਵੀ ਮਾਸਟਰ ਨਾਲ ਹੀ ਬਾਹਰ ਆ ਗਿਆ ਸੀ, ਮਾਸਟਰ ਚਲਾ ਗਿਆ ਤੇ ਉਹ ਫੇਰ ਦਫ਼ਤਰ ਵਿਚ ਚਲਾ ਗਿਆ। ਉਹਨਾਂ ਦੇ ਦਿਮਾਗ ਵਿਚ ਪੈਵ ਹੀ ਪੈਵ ਸੀ।

ਪੰਜ ਕੁ ਵਜੇ ਅਚਾਨਕ ਰਾਣੀ ਤੇ ਰਾਜੂ ਆ ਗਏ।

'ਡੈਡ ਤੁਸੀਂ ਰਾਜੂ ਨਾਲ ਘਰ ਆ ਜੋ ਹੁਣੇ ਈ ਤੇ ਮੈਂ ਮੰਮ ਨੂੰ ਲੈ ਕੇ ਚਲਦੀ ਆਂ। ਮੈਂ ਫੇਰ ਵਾਪਸ ਵੀ ਮੁੜਨਾ।'

ਬਿਨਾਂ ਜਵਾਬ ਉਡੀਕਿਆਂ ਉਸ ਨੇ ਮਾਂ ਵੱਲ ਵੇਖਿਆ ਤੇ ਪ੍ਰੀਤੋ ਉੱਠ ਕੇ ਉਸ ਨਾਲ ਤੁਰ ਪਈ। ਕੁਝ ਮਿੰਟਾਂ ਬਾਅਦ ਮੈਨੇਜਰ ਨੂੰ ਦੁਕਾਨ ਬੰਦ ਕਰਨ ਬਾਰੇ ਆਦੇਸ਼ ਦੇ ਕੇ ਉਹ ਵੀ ਰਾਜੂ ਦੀ ਕਾਰ ਵਿਚ ਜਾ ਬੈਠਾ।

ਘਰ ਜਾਂਦਿਆਂ ਨੂੰ ਰਾਣੀ ਨੇ ਚਾਹ ਬਣਾ ਲਈ ਸੀ ਤੇ ਉਹ ਚਾਹ ਲੈ ਕੇ ਲਾਊਂਜ ਵਿਚ ਆ ਗਈ। ਕੱਪਾਂ ਵਿਚ ਚਾਹ ਪਾ ਕੇ ਫੜਾਉਂਦਿਆਂ ਉਸ ਨੇ ਗੱਲ ਚਲਾਈ।

'ਡੈਡ, ਮੰਮ ਆਪਾਂ ਨੂੰ ਇਸ ਗੱਲ ਨੂੰ ਸੁਲਝਾਉਣਾ ਚਾਹੀਦਾ। ਬਹੁਤੀ ਈਗੋ ਦੀ ਲੋੜ ਨੀ। ਸਹੀ ਸਟੈਪ ਲੈ ਲਿਆ ਜਾਵੇ ਤਾਂ ਗੱਲ ਸੰਭਲ ਸਕਦੀ ਆ।'

'ਅਸੀਂ ਕੀ ਕਰੀਏ? ਉਹ ਤਾਂ ਬੇਗਾਨਿਆਂ ਅੰਗੂੰ ਘਰੋਂ ਚੁੱਪ ਚਾਪ ਨਿਕਲ ਗਿਆ।' ਪ੍ਰੀਤੋ ਬੋਲੀ।

'ਜੋ ਹੋ ਗਿਆ ਉਹ ਤਾਂ ਹੋ ਗਿਆ। ਹੁਣ ਤੁਸੀਂ ਕੀ ਸੋਚਦੇ ਆਂ? ਵਿਆਹ ਤਾਂ ਉਹਨੇ ਕਰਨਾ ਈ ਆ। ਤੁਸੀਂ ਆਵਦੀ ਸਹਿਮਤੀ ਦੇ ਦਿਉ।' ਰਾਣੀ ਤੇ ਰਾਜੂ ਨੇ ਪਹਿਲਾਂ ਪਕਾਏ ਮਤੇ ਅਨੁਸਾਰ ਗੱਲ ਚਲਾਈ।

' 'ਲਾਦ ਦੇ ਸਿਰ 'ਤੇ ਮਾਪੇ ਉਡਦੇ ਆ। ਜੇ 'ਲਾਦ ਈ ਵਗਾਹ ਮਾਰੇ ਤਾਂ ਕੀ ਕੀਤਾ ਜਾਵੇ?' ਪ੍ਰੀਤੋ ਨੇ ਅੱਖਾਂ ਪੂੰਝੀਆਂ।

ਕੁਝ ਦੇਰ ਲਈ ਚੁੱਪ ਤਣ ਗਈ। ਉਹ ਬੇਮਤਲਬ ਬਾਹਰ ਫੁੱਟਪਾਥ ਵੱਲ ਵੇਖਣ ਲੱਗੇ। ਕੋਈ ਨਾ ਕੋਈ ਪੈਦਲ ਤੁਰਿਆ ਜਾਂਦਾ ਬੰਦਾ ਪਰਦਿਆਂ ਵਿਚੋਂ ਦੀ ਦਿਸ ਜਾਂਦਾ। ਸੂਰਜ ਛਿਪ ਚੁੱਕਿਆ ਸੀ ਪਰ ਅਜੇ ਬਾਹਰ ਚਾਨਣ ਸੀ।

'ਦੇਖੋ, ਮੇਰੇ ਖਿਆਲ 'ਚ ਤੁਸੀਂ ਪੈਵ ਨੂੰ ਫ਼ੋਨ ਕਰਕੇ ਆਉਣ ਲਈ ਕਹੋ। ਕੱਲ੍ਹ ਨੂੰ ਸਨਿਚਰਵਾਰ ਆ ਜਾਂ ਪਰਸੋਂ ਵੀ ਠੀਕ ਆ। ਨਾਲ ਉਹ ਮਿਸ਼ੇਲ ਨੂੰ ਵੀ ਲੈ ਕੇ ਆਵੇ। ਘੱਟੋ ਘੱਟ ਤੁਸੀਂ ਕੁੜੀ ਨੂੰ ਮਿਲ ਲਵੋ। ਜ਼ਿਦ ਕਰਕੇ ਉਹਨੂੰ ਦੂਰ ਨਾ ਕਰੋ। ਫੇਰ ਵੀ ਮੰਮ ਸਰਨਾ ਤਾਂ ਹੈਨੀ।' ਰਾਣੀ ਨੇ ਪੂਰੇ ਵਿਸ਼ਵਾਸ਼ ਨਾਲ ਕਿਹਾ। ਉਹਨਾਂ ਨੂੰ ਪਤਾ ਸੀ ਦੋਵਾਂ ਭੈਣ-ਭਰਾਵਾਂ ਦੀ ਇਕ ਗੱਲ ਸੀ।

ਕੁਝ ਦੇਰ ਫੇਰ ਚੁੱਪ ਤਣੀ ਰਹੀ।

'ਡੈਡ ਥੋਡਾ ਕੀ ਖਿਆਲ ਐ?' ਰਾਜੂ ਬੋਲਿਆ।

'ਮੇਰੇ ਖਿਆਲ ਵਿਚ ਤਾਂ ਉਹਨਾਂ ਨੂੰ ਬੁਲਾ ਲੈਣਾ ਚਾਹੀਦਾ। ਹੋਰ ਆਪਾਂ ਕਰ ਵੀ ਕੀ ਸਕਦੇ ਆਂ।'

'ਉਹ ਆ ਜੇ ਆਪੇ। ਹੁਣ ਅਸੀਂ ਉਹਦੀਆਂ ਮਿੰਨਤਾ ਕਰੀਏ।' ਪ੍ਰੀਤੋ ਅਜੇ ਵੀ ਵੱਟ ਖਾਈ ਬੈਠੀ ਸੀ।

'ਮੰਮ ਉਹ ਆ ਜੂ। ਪਰ ਆਹ ਨਾ ਹੋਵੇ ਤੁਸੀਂ ਉਹਨੂੰ ਜਾਂ ਮਿਸ਼ੇਲ ਨੂੰ ਚੰਗੀ ਤਰ੍ਹਾਂ ਬੁਲਾਉ ਨਾ। ਮੈਂ ਹੁਣੇ ਫ਼ੋਨ ਕਰ ਦਿੰਨੀ ਆਂ।' ਰਾਣੀ ਨੇ ਵਿਚਲਾ ਰਾਹ ਕੱਢਿਆ।

'ਸਾਨੂੰ ਹਲਕੇ ਕੁੱਤੇ ਨੇ ਨੀ ਵੱਢਿਆ ਹੋਇਆ ਬਈ ਐਵੇਂ ਕਿਸੇ ਦੇ ਗਲ ਪਈ ਜਾਵਾਂਗੇ।'

'ਠੀਕ ਆ ਫੇਰ। ਨਾਲੇ ਥੋਡੀ ਨੂੰਹ ਆ ਬਣਨ ਵਾਲੀ। ਚੰਗਾ ਵਰਤਾਅ ਕਰੋਂਗੇ ਤਾਂ ਉਹ ਵੀ ਚੰਗੀ ਰਹੂ।'

ਰਾਣੀ ਨੇ ਮੁਸਕਰਾਉਂਦਿਆਂ ਮਹੌਲ ਨੂੰ ਹਲਕਾ ਬਣਾਉਣ ਦਾ ਯਤਨ ਕੀਤਾ ਤੇ ਫ਼ੋਨ ਕੋਲ ਚਲੀ ਗਈ। ਉਸ ਨੇ ਪੈਵ ਦਾ ਨੰਬਰ ਘੁਮਾ ਲਿਆ।

'ਹਾਇ ਪੈਵ, ਆਹ ਲੈ ਡੈਡ ਨਾਲ ਗੱਲ ਕਰ।' ਰਾਣੀ ਨੇ ਫ਼ੋਨ ਨਾਜਰ ਨੂੰ ਫੜਾ ਦਿੱਤਾ।

'ਡੈਡ ਮੈਂ ਸੌਰੀ ਆਂ। ਪਰ ਮੈਂ ਝਿਜਕਦਾ ਥੋਡੇ ਨਾਲ ਬਹੁਤੀ ਗੱਲ ਨੀ ਕਰ ਸਕਿਆ।'

'ਸੌਰੀ ਦਿਆ ਲਗਦਿਆ। ਕੱਲ੍ਹ ਨੂੰ ਆ ਆਥਣੇ ਨਾਲੇ ਉਹਨੂੰ ਕੁੜੀ ਨੂੰ ਨਾਲ ਲੈ ਕੇ ਆਈਂ। ਕੱਲ੍ਹ ਨੂੰ ਈ ਪੱਟੂੰ ਤੇਰੇ ਕੰਨ।' ਨਾਜਰ ਨੇ ਨਕਲੀ ਗੁੱਸਾ ਦਿਖਾਇਆ।

'ਠੀਕ ਆ ਡੈਡ ਜਿਵੇਂ ਤੁਸੀਂ ਮਰਜ਼ੀ ਕਰ ਲਿਉ।'

ਰਾਣੀ ਤੇ ਰਾਜੂ ਨੂੰ ਹਾਲਤ ਐਨੀ ਜਲਦੀ ਸੁਖਾਵਾਂ ਮੋੜਾ ਲੈ ਜਾਣਗੇ, ਉਮੀਦ ਨਹੀਂ ਸੀ। ਪਰ ਹੁਣ ਤਾਂ ਪ੍ਰੀਤੋ ਨੇ ਵੀ ਸੰਜਮੀ ਜਿਹੀ ਮੁਸਕਰਾਹਟ ਦੇ ਦਿੱਤੀ ਸੀ।

ਰਾਣੀ ਆਪਣਾ ਬੈਗ ਚੁੱਕ ਕੇ ਜਾਣ ਲੱਗੀ।

'ਮੰਮ ਮੈਂ ਕੱਲ੍ਹ ਨੂੰ ਆ ਕੇ ਖਾਣਾ ਆਪੇ ਤਿਆਰ ਕਰ ਲਊਂ। ਤੁਸੀਂ ਤਿਆਰ ਹੋ ਕੇ ਖੁਸ਼ ਖੁਸ਼ ਰਿਹੋ।'

'ਨਾ ਸਾਨੂੰ ਉਹਦੀ ਗੱਲ ਸਮਝ ਆਵੇ ਤੇ ਨਾ ਉਹਨੂੰ ਸਾਡੀ। ਬਸ ਠੀਕ ਆ।'

ਰਾਣੀ ਚਲੀ ਗਈ। ਸਾਰਿਆਂ ਦੇ ਦਿਮਾਗ ਤੋਂ ਜਿਵੇਂ ਕੋਈ ਬੋਝ ਲਹਿ ਗਿਆ ਹੋਵੇ। ਰਾਜੂ ਵੀ ਖੁਸ਼ ਸੀ। ਉਸ ਨੇ ਨਾਜਰ ਨੂੰ ਵਿਸਕੀ ਲਿਆ ਫੜਾਈ।

'ਤੂੰ ਵੀ ਡੱਬਾ ਲੈ ਲੈਣਾ ਸੀ, ਜੇ ਬਕਾਰਡੀ ਲੈਣੀ ਤਾਂ ਉਹ ਲੈ ਲਾ।'

ਉਹ ਬੀਅਰ ਦਾ ਡੱਬਾ ਲੈ ਕੇ ਉਹਨਾਂ ਕੋਲ ਆ ਬੈਠਾ।

'ਸੁਣ ਵੇ ਤੂੰ ਨਾ ਇਹੋ ਜਿਆ ਕੁਸ ਕਰੀਂ। ਤੂੰ ਤਾਂ ਪੰਜਾਬਣ ਨਾਲ ਈ ਵਿਆਹ ਕਰਾਈਂ।'

ਰਾਜੂ ਸੁਣ ਕੇ ਪਲ ਕੁ ਲਈ ਹੈਰਾਨ ਜਿਹਾ ਉਸ ਵੱਲ ਵੇਖਦਾ ਰਿਹਾ।

'ਨਹੀਂ ਮੰਮ ਮੇਰਾ ਵਿਆਹ ਕਰਾਉਣ ਦਾ ਕੋਈ ਇਰਾਦਾ ਨੀ। ਮੇਰੀਆਂ ਅੱਖਾਂ ਅੱਗੇ ਮੇਰੀ ਮਾਸੀ ਫਿਰਦੀ ਆ। ਉਹਦੇ ਲਈ ਮੈਂ ਏਨੀ ਕੁਰਬਾਨੀ ਤਾਂ ਕਰ ਈ ਸਕਦਾਂ।' ਕਹਿ ਕੇ ਰਾਜੂ ਬੀਅਰ ਵਾਲਾ ਡੱਬਾ ਛੱਡ ਕੇ ਆਪਣੇ ਕਮਰੇ ਵਿਚ ਚਲਾ ਗਿਆ।

ਦੋਵੇਂ ਜੀਅ ਹੈਰਾਨ-ਪ੍ਰੇਸ਼ਾਨ ਇਕ ਦੂਜੇ ਵੱਲ ਵੇਖਣ ਲੱਗੇ। ਰਾਜੂ ਦੇ ਮਨ ਵਿਚ ਜੀਤਾਂ ਵਾਲੀ ਦੁਰਘਟਨਾ ਅਜੇ ਵੀ ਤਾਜ਼ਾ ਹੈ, ਉਹਨਾਂ ਨੂੰ ਇਸ ਦਾ ਕੋਈ ਇਲਮ ਨਹੀਂ

ਸੀ। ਨਾ ਹੀ ਪ੍ਰੀਤੋ ਰਾਜੂ ਨੂੰ ਦੁਖੀ ਕਰਨਾ ਚਾਹੁੰਦੀ ਸੀ। ਹੁਣ ਉਹ ਆਪਣੇ ਆਪ ਨੂੰ ਗੁਨਾਹਗਾਰ ਸਮਝਦੀ ਸੀ। ਉਹਨਾਂ ਨੇ ਇਕ ਦੂਜੇ ਵੱਲ ਵੇਖਿਆ। ਦੋਵੇਂ ਉੱਠੇ ਤੇ ਉਸ ਦੇ ਕਮਰੇ ਵਿਚ ਚਲੇ ਗਏ।

'ਮੈਂ ਸੌਰੀ ਆਂ ਪੁੱਤ। ਮੈਂ ਤਾਂ ਸਰਸਰੀ ਗੱਲ ਕੀਤੀ ਸੀ।' ਕਹਿੰਦਿਆਂ ਉਸ ਨੇ ਰਾਜੂ ਦਾ ਮੱਥਾ ਚੁੰਮਿਆ। ਉਸ ਨੂੰ ਜੱਫ਼ੀ ਪਾਈ। ਰਾਜੂ ਦੀਆਂ ਸਿੱਲੀਆਂ ਅੱਖਾਂ ਨੂੰ ਚੁੰਨੀ ਨਾਲ ਪੂੰਝਿਆ।

'ਰਾਜੂ ਬੀਤਿਆ ਟੈਮ ਨੀ ਹੱਥ ਆਉਂਦਾ ਹੁੰਦਾ। ਉਹਦੀ ਏਵੇਂ ਈ ਲਿਖੀ ਸੀ ਬੱਸ। ਤੂੰ ਨਾ ਦਿਲ ਖ਼ਰਾਬ ਕਰ। ਤੂੰ ਪੜ੍ਹ ਲਿਖ ਕੇ ਵਕੀਲ ਬਣ ਗਿਆਂ। ਉਹ ਜਿਥੇ ਵੀ ਆ ਤੈਨੂੰ ਦੇਖ ਕੇ ਖੁਸ਼ ਹੁੰਦੀ ਹੋਊ ਤੇ ਉਹ ਤੈਨੂੰ ਹਰ ਹਾਲਤ 'ਚ ਖੁਸ਼ ਦੇਖਣਾ ਚਾਹੁੰਦੀ ਆ। ਆ ਮੇਰਾ ਪੁੱਤ। ਪੈਗ ਲਾਈਏ।'

ਨਾਜਰ ਨੇ ਵੀ ਕੋਸ਼ਿਸ਼ ਕੀਤੀ। ਕੁਝ ਦੇਰ ਬਾਅਦ ਰਾਜੂ ਉਹਨਾਂ ਨਾਲ ਨੀਚੇ ਆ ਗਿਆ।

***

ਸ਼ਾਮ ਦੇ ਛੇ ਕੁ ਵਜੇ ਪੈਵ ਤੇ ਮਿਸ਼ੇਲ ਆਏ ਤਾਂ ਉਹਨਾਂ ਨੂੰ ਸਭ ਤੋਂ ਪਹਿਲਾਂ ਰਾਣੀ ਮਿਲੀ। ਮਿਸ਼ੇਲ ਦੇ ਹੱਥ ਵਿਚ ਗੁਲਾਬੀ ਫੁੱਲਾਂ ਦਾ ਗੁਲਦਸਤਾ ਸੀ ਜਿਸ ਦੇ ਫੁੱਲ ਉਸ ਦੀਆ ਗੱਲ੍ਹਾਂ ਨੂੰ ਛੋਂਹਦੇ ਹੋਣ ਕਰਕੇ ਉਸ ਦੀਆਂ ਗੱਲ੍ਹਾਂ ਹੋਰ ਵੀ ਗੁਲਾਬੀ ਲਗਦੀਆਂ ਸਨ। ਉਸ ਨੇ ਨਿਰਛਲ ਮੁਸਕਰਾਹਟ ਨਾਲ ਗੁਲਦਸਤਾ ਪ੍ਰੀਤੋ ਨੂੰ ਫੜਾਉਂਦਿਆਂ 'ਹੈਲੋ' ਕਹਿ ਕੇ ਉਸ ਨੂੰ ਜੱਫੀ ਪਾ ਲਈ। ਉਸ ਦੀ ਗੱਲ੍ਹ ਨਾਲ ਗੱਲ੍ਹ ਲਗਾ ਕੇ ਚੁੰਮਣ ਦਿੱਤਾ ਤੇ ਫਿਰ ਉਹ ਨਾਜਰ ਨੂੰ ਜੱਫੀ ਪਾਉਣ ਲਈ ਉਸ ਵਲ ਮੁੜੀ। ਨਾਜਰ ਨੇ ਹੈਰਾਨੀ ਅਤੇ ਝਿਜਕ ਨਾਲ ਉਸ ਦੇ ਸਿਰ 'ਤੇ ਹੱਥ ਫੇਰਿਆ। ਪੰਜਾਬੀ ਸਹੁਰਾ ਭਲਾ ਨੂੰਹ ਨੂੰ ਕਿਵੇਂ ਜੱਫੀ ਵਿਚ ਲੈ ਸਕਦਾ ਸੀ! ਰਾਜੂ ਨੇ ਦੂਰੋਂ ਹੀ ਉਹਨਾਂ ਨੂੰ ਹੱਥ ਖੜ੍ਹਾ ਕਰਕੇ ਹੈਲੋ ਕੀਤੀ। ਪਰ ਬਾਅਦ ਵਿਚ ਮਿਸ਼ੇਲ ਉਸ ਨੂੰ ਵੀ ਮਿਲਣ ਲਈ ਉਸ ਕੋਲ ਚਲੀ ਗਈ।

ਪੈਵ ਨੇ ਮੁਆਫੀ ਮੰਗਦੀ ਮੁਸਕਰਾਹਟ ਨਾਲ ਮਾਂ-ਬਾਪ ਦੋਵਾਂ ਨੂੰ ਵਾਰ ਵਾਰ ਜੱਫੀ ਪਾਈ ਤੇ ਨਾਲ ਹੀ ਮੈਂ 'ਸੌਰੀ ਆਂ' ਕਿਹਾ। ਰਾਣੀ ਤੇ ਰਾਜੂ ਪੂਰੀ ਚੌਕਸੀ ਨਾਲ ਹਾਲਾਤ ਤੇ ਨਜ਼ਰ ਰੱਖ ਰਹੇ ਸਨ। ਲੋੜ ਪੈਣ 'ਤੇ ਉਹਨਾਂ ਨੇ ਮਿਥੀ ਸਕੀਮ ਅਨੁਸਾਰ ਦਖਲ ਦੇ ਕੇ ਗੱਲਾਂ-ਬਾਤਾਂ ਦਾ ਸਿਲਸਿਲਾ ਬਦਲਣ ਦੀ ਕੋਸ਼ਿਸ਼ ਕਰਨੀ ਸੀ।

ਲੰਮੀ-ਲੰਝੀ ਤੇ ਸ਼ਮਕ ਜਿਹੀ ਮੁਟਿਆਰ ਮਿਸ਼ੇਲ ਨੇ ਨੀਲੀ ਪਤਲੂਨ ਨਾਲ ਚਿੱਟਾ ਬਲਾਊਜ਼ ਪਹਿਨਿਆ ਹੋਇਆ ਸੀ ਤੇ ਲੰਬਾ ਕਾਲਾ ਕੋਟ, ਜਿਹੜਾ ਉਸ ਨੇ ਲਾਹ ਕੇ ਸੋਫੇ ਦੀ ਬਾਂਹ 'ਤੇ ਰੱਖ ਲਿਆ। ਉਸ ਨੇ ਕੋਈ ਖਾਸ ਮੇਕ ਅੱਪ ਨਹੀਂ ਕੀਤੀ ਹੋਈ ਸੀ। ਉਸ ਦੀ ਸਾਦਗੀ ਹੀ ਉਸ ਦੇ ਸੁਹੱਪਣ ਨੂੰ ਨਿਖਾਰ ਰਹੀ ਸੀ। ਪ੍ਰੀਤੋ ਵੱਲ ਵੇਖਦਿਆਂ ਉਸ ਨੇ ਉਸ ਦਾ ਹੱਥ ਫੜ ਲਿਆ।

'ਮੰਮ ਯੂ ਲੁਕ ਸੋ ਬਿਉਟੀਫੁਲ।'

ਉਸ ਨੇ ਇਹ ਸ਼ਬਦ ਸਹੀ ਹੀ ਕਹੇ ਸਨ। ਪ੍ਰੀਤੋ ਸੱਚੀਂ ਬਹੁਤ ਸੁੰਦਰ ਲੱਗ ਰਹੀ ਸੀ। ਉਸ ਨੂੰ ਗੱਲ ਸਮਝ ਵੀ ਆ ਗਈ ਸੀ। ਆਪਣੀ ਤਰੀਫ ਸੁਣ ਕੇ ਉਸ ਦੇ ਚਿਹਰੇ ਦੇ ਪੱਠੇ ਢਿੱਲੇ ਹੋ ਗਏ ਸਨ ਤੇ ਉਹ ਮੁਸਕਾਰਾਈ, 'ਥੈਂਕ ਯੂ' ਕਹਿ ਕੇ ਇਕ ਵਾਰ ਫਿਰ ਮਿਸ਼ੇਲ ਵੱਲ ਵੇਖਿਆ। ਕੁੜੀ ਉਸ ਨੂੰ ਸੁਨੱਖੀ ਹੋਣ ਦੇ ਨਾਲ ਨਾਲ ਚੰਗੇ ਸੁਭਾਅ ਦੀ ਲੱਗੀ ਸੀ। ਪਰ ਉਹ ਅਜਿਹਾ ਕਹਿ ਨਹੀਂ ਸੀ ਸਕਦੀ।

'ਮਿਸ਼ੇਲ, ਇੰਗਲਿਸ਼ ਟੀ ਔਰ ਇੰਡੀਅਨ?' ਰਾਣੀ ਨੇ ਪੁੱਛਿਆ।

'ਆਈ ਲਾਈਕ ਇੰਡੀਅਨ ਟੀ ਪਲੀਜ਼, ਵਿਦ ਲਿਟਲ ਮਿਲਕ।'

ਰਾਣੀ ਨਾਲ ਉਸ ਨੇ ਪਹਿਲਾਂ ਵੀ ਚਾਹ ਪੀਤੀ ਸੀ। ਉਹ ਤਿੰਨ ਚਾਰ ਵਾਰ ਉਸ ਨੂੰ ਮਿਲ ਚੁੱਕੀ ਸੀ ਤੇ ਉਹ ਇਕ ਦੂਜੀ ਨੂੰ ਪਸੰਦ ਵੀ ਕਰਦੀਆਂ ਸਨ ਪਰ ਮਾਂ ਬਾਪ ਤੋਂ ਲੁਕਾ ਰੱਖਿਆ ਸੀ। ਰਾਜੂ ਤਾਂ ਉਸ ਨੂੰ ਕਈ ਵਾਰ ਮਿਲਿਆ ਸੀ। ਰਾਣੀ ਨੇ ਇਸ਼ਾਰੇ ਨਾਲ ਉਸ ਨੂੰ ਕਿਚਨ ਵਿਚ ਸੱਦ ਲਿਆ ਤੇ ਉਹ ਗੱਲਾਂ ਕਰਦੀਆਂ ਚਾਹ ਬਣਾਉਣ ਲੱਗੀਆਂ।

'ਨਾ ਤੂੰ ਚੋਰਾਂ ਅੰਗੂੰ ਭੱਜ ਗਿਆ ਤੈਨੂੰ ਸ਼ਰਮ ਨਾ ਆਈ।' ਪ੍ਰੀਤੋ ਨੇ ਗੁਬਾਰ ਕੱਢਿਆ।

'ਮੰਮ ਮੇਰਾ ਇਹੋ ਜਿਆ ਕੋਈ 'ਰਾਦਾ ਨੀ ਸੀ। ਪਰ ਮੈਨੂੰ ਲਗਦਾ ਸੀ ਤੁਸੀਂ ਕਿਸੇ ਪੰਜਾਬੀ ਕੁੜੀ ਨਾਲ ਮੈਨੂੰ ਬੰਨ੍ਹ ਦੇਣਾ ਤੇ ਫੇਰ ਕੰਮ ਹੋਰ ਖਰਾਬ ਹੋ ਜਾਣਾ ਸੀ।'

'ਅਸੀਂ ਕਿਹੜਾ ਤੇਰੇ ਦੁਸ਼ਮਣ ਆਂ, ਕੋਈ ਚੰਗੀ ਕੁੜੀ ਈ ਲਭਦੇ।'

ਦਰਅਸਲ ਪ੍ਰੀਤੋ ਦੇ ਭਰਾ ਨੇ ਕਿਸੇ ਕੁੜੀ ਦੀ ਦੱਸ ਪਾਈ ਸੀ। ਘਰ ਚੰਗਾ ਸੀ ਤੇ ਕੁੜੀ ਵੀ ਸੁਹਣੀ ਸੀ। ਉਹ ਕੁੜੀ ਦੀ ਫੋਟੋ ਉਡੀਕ ਰਹੇ ਸਨ ਤੇ ਫੋਟੋ ਦਿਖਾ ਕੇ ਉਹਨਾਂ ਨੇ ਪੈਵ ਨਾਲ ਗੱਲ ਪੱਕੀ ਕਰਨ ਦੀ ਠਾਣੀ ਹੋਈ ਸੀ।

'ਮੰਮ ਹਜ਼ਾਰਾਂ ਲੱਖਾਂ ਕੁੜੀਆਂ ਸੁਹਣੀਆਂ ਤੇ ਪੜ੍ਹੀਆਂ ਲਿਖੀਆਂ। ਪਰ ਮਿਸ਼ੇਲ ਇਕੋ ਐ ਜਿਸ ਨੂੰ ਮੈਂ ਪਿਆਰ ਕਰਦਾਂ ਤੇ ਉਹ ਮੈਨੂੰ। ਤੁਸੀਂ ਮੇਰੇ ਦਿਲ ਨੂੰ ਸਮਝਣ ਦਾ ਯਤਨ ਨਹੀਂ ਕਰਦੇ।'

ਪੈਵ ਦੀ ਗੱਲ ਨੇ ਉਹਨਾਂ ਨੂੰ ਚੁੱਪ ਕਰਾ ਦਿੱਤਾ। ਵੈਸੇ ਵੀ ਹੁਣ ਇਸ ਬਹਿਸ ਦਾ ਫਾਇਦਾ ਨਹੀਂ ਸੀ ਹੋਣਾ। ਪੈਵ ਨੇ ਸਪੱਸ਼ਟ ਸੰਕੇਤ ਦੇ ਦਿੱਤਾ ਸੀ। ਰਾਣੀ ਤੇ ਮਿਸ਼ੇਲ ਚਾਹ ਲੈ ਕੇ ਆ ਗਈਆਂ। ਚਾਹ ਦਾ ਸਮਾਨ ਮੇਜ਼ 'ਤੇ ਰੱਖ ਕੇ ਉਹ ਵੀ ਸੋਫੇ 'ਤੇ ਆਪਣੀ ਸੀਟ ਮੱਲ ਕੇ ਬੈਠ ਗਈਆਂ। ਰਾਣੀ ਨੇ ਚਾਹ ਕੱਪਾਂ ਵਿਚ ਪਾਉਂਦਿਆਂ ਗੱਲ ਬਦਲੀ।

'ਮਿਸ਼ੇਲ ਤੇਰੇ ਮੰਮ ਡੈਡ ਕੰਮ ਕਰਦੇ ਆ ਜਾਂ ਰਿਟਾਇਰ ਹੋ ਗਏ ਐ।'

'ਦੇ ਆਰ ਬੋਥ ਵਰਕਿੰਗ, ਮਾਈ ਮੰਮ ਇਜ਼ ਏ ਟੀਚਰ ਐਂਡ ਮਾਈ ਡੈਡ ਇਜ਼ ਸਿਵਲ ਇੰਜਨੀਅਰ।'

ਰਾਣੀ ਨੇ ਪੰਜਾਬੀ ਵਿਚ ਮਾਂ ਪਿਉ ਨੂੰ ਸਮਝਾਇਆ। ਉਹਨਾਂ ਦੀਆਂ ਚੰਗੀਆਂ ਨੌਕਰੀਆਂ ਤੇ ਪੜ੍ਹਾਈ ਲਿਖਾਈ ਨੇ ਨਾਜਰ 'ਤੇ ਜ਼ਰੂਰ ਚੰਗਾ ਪ੍ਰਭਾਵ ਪਾਇਆ। ਕੁੜੀ

ਦੇ ਸਲੀਕੇ ਦੀ ਉਸ ਨੂੰ ਹੁਣ ਪੂਰੀ ਸਮਝ ਲੱਗੀ ਸੀ। ਗੱਲਾਂ ਚਲਦੀਆਂ ਰਹੀਆਂ।

'ਡੈਡ ਬੀਅਰ ਜਾਂ ਵਿਸਕੀ?'ਰਾਜੂ ਨੇ ਪੁੱਛਿਆ।

'ਵਿਸਕੀ ਠੀਕ ਆ।'

'ਪੈਵ ਨੇ ਰਾਜੂ ਵੱਲ ਵੇਖਿਆ। ਬਕਾਰਡੀ ਤੇ ਕੋਕ।' ਦੋਵੇਂ ਮੁੰਡੇ ਡਰਿੰਕ ਲੈਣ ਕਿਚਨ ਵਿਚ ਚਲੇ ਗਏ ਜਿਥੇ ਰਾਣੀ ਤੇ ਮਿਸ਼ੇਲ ਪਹਿਲਾਂ ਹੀ ਹਾਜ਼ਰ ਸਨ। ਡਰਿੰਕ ਲੈ ਕੇ ਉਹ ਵਾਪਿਸ ਆਏ ਤਾਂ ਪ੍ਰੀਤੋ ਬੋਲੀ, 'ਵੇਹ ਇਹ ਤੇਰੀ ਸਿਗਟਾਂ ਤਾਂ ਨੀ ਪੀਂਦੀ?'

'ਨਹੀਂ ਮੰਮ ਨਾ ਇਹਦੇ ਮਾਂ-ਪਿਉ ਤੇ ਨਾਂ ਇਹ ਸਿਗਟਾਂ ਬਗੈਰਾ ਨੀ ਪੀਂਦੇ। ਇਹ ਕਦੇ ਕਦਾਈਂ ਸ਼ੈਮਪੇਨ ਦੇ ਦੋ ਘੁੱਟ ਤਾਂ ਲੈ ਲੈਂਦੀ ਆ।'

'ਜੇ ਇਹਦੇ ਨਾਲ ਈ ਏਹਨੇ ਵਿਆਹ ਕਰਨਾ ਤਾਂ ਵਿਆਹ ਗੁਰਦਾਰੇ ਹੋਊ।' ਪ੍ਰੀਤੋ ਨੇ ਸ਼ਰਤ ਰੱਖ ਦਿੱਤੀ।

'ਮੰਮ ਇਹ ਤਾਂ ਖੁਸ਼ ਹੋਣਗੇ। ਉਹ ਕਹਿੰਦੇ ਅਸੀਂ ਤਾਂ ਕੋਈ ਇੰਡੀਅਨ ਵਿਆਹ ਈ ਨੀ ਦੇਖਿਆ।'

'ਗੁਰਦਾਰੇ ਦਾ ਪਤਾ ਕਰੋ ਤੇ ਜਿੰਨੀ ਜਲਦੀ ਹੋ ਸਕਦਾ ਵਿਆਹ ਕਰ ਦੇਈਏ ਨਹੀਂ ਤਾਂ ਲੋਕਾਂ ਨੇ ਖਹਿੜਾ ਨੀ ਛੱਡਣਾ ਬਈ ਮੁੰਡਾ ਬਿਨਾਂ ਵਿਆਹ ਗੋਰੀ ਨਾਲ ਰਹਿੰਦਾ।' ਪ੍ਰੀਤੋ ਨੇ ਹਥਿਆਰ ਸੁੱਟ ਦਿੱਤੇ।

ਸ਼ਾਮ ਸੁਹਣੀ ਨਿਕਲ ਗਈ ਤੇ ਨਾਜਰ 'ਤੇ ਕੁੜੀ ਦਾ ਚੰਗਾ ਪ੍ਰਭਾਵ ਪਿਆ ਸੀ। ਉਸ ਨੇ ਇਸ ਦੀ ਪ੍ਰੌੜ੍ਹਤਾ ਵਿਚ ਕਿਹਾ ਕੁਝ ਨਹੀਂ ਸੀ।

***

ਵਿਸਾਖੀ ਤੋਂ ਕੁਝ ਦਿਨ ਪਹਿਲਾਂ ਉਹਨਾਂ ਨੇ ਵਿਆਹ ਰੱਖ ਲਿਆ। ਮਿਸ਼ੇਲ ਦੇ ਮਾਪਿਆਂ ਨੂੰ ਉਹ ਇਕ ਵਾਰ ਪੈਵ ਦੇ ਫਲੈਟ ਵਿਚ ਮਿਲੇ ਸਨ। ਕੁਝ ਕੁ ਬੋਲੀ ਦੀ ਸਮੱਸਿਆ ਕਾਰਨ ਬਹੁਤੀ ਗੱਲ ਬਾਤ ਨਹੀਂ ਸਨ ਕਰ ਸਕੇ। ਉਂਝ ਉਹਨਾਂ ਨੂੰ ਮਿਸ਼ੇਲ ਦੇ ਮਾਂ ਪਿਉ ਵੀ ਚੰਗੇ ਲੱਗੇ ਸਨ। ਬੀਤੇ ਸਮੇਂ ਵਿਚ ਉਹਨਾਂ ਨੇ ਆਪਣੇ ਆਪ ਨੂੰ ਇਸ ਵਿਆਹ ਲਈ ਤਿਆਰ ਕਰ ਲਿਆ ਸੀ। ਕੁਝ ਕੁ ਖਾਸ ਦੋਸਤਾਂ ਨੂੰ ਉਹ ਬਹਾਨੇ ਨਾਲ ਦੱਸਣ ਵੀ ਲੱਗ ਪਏ ਸਨ।

'ਵਿਸਾਖੀ ਨੂੰ ਵਿਆਹ ਕਰਨਾ ਪੈਵ ਦਾ। ਟੈਮ ਰੱਖਿਉ। ਤਰੀਕ ਪੱਕੀ ਕਰਕੇ ਥੋਨੂੰ ਦੱਸਾਂਗੇ। ਜਾਂ ਉਸ ਤੋਂ ਪਹਿਲਾ ਵਾਰ ਤੇ ਜਾਂ ਵਿਸਾਖੀ ਤੋਂ ਅਗਲਾ।'

'ਵਧਾਈਆਂ ਬਈ ਕਿਥੇ ਕੀਤਾ ਰਿਸ਼ਤਾ?'

'ਟੈਮ ਬਦਲ ਗਿਆ ਜੀ। ਹੁਣ ਤਾਂ ਨਿਆਣੇ ਆਪ ਈ ਆਵਦੀ ਮਰਜੀਂ ਦਾ ਸਾਥ ਲੱਭ ਲੈਣ ਚੰਗਾ ਐ। ਜ਼ਿੰਦਗੀ ਵੀ ਉਹਨਾਂ ਨੇ ਕੱਟਣੀ ਆ। ਸਾਡੇ ਆਲੇ ਟੈਮ ਤਾਂ ਹੁਣ ਰਹੇ ਨੀ। ਹੈ ਤਾਂ ਕੁੜੀ ਗੋਰੀ ਪਰ ਘਰਾਣਾ ਬਹੁਤ ਚੰਗਾ। ਵੱਡੀ ਗੱਲ ਬੱਚੇ ਖੁਸ਼ ਐ----।'

ਵਿਆਹ ਵਾਲੇ ਦਿਨ ਗੋਰੇ ਤਾਂ ਤੀਹ ਪੈਂਤੀ ਕੁ ਹੀ ਹਾਜ਼ਰ ਸਨ। ਉਹਨਾਂ ਦੇ

ਵਿਆਹਾਂ ਵਿਚ ਇਕੱਠ ਘੱਟ ਹੀ ਹੁੰਦਾ। ਨਾਜਰ ਨੇ ਵਾਹਵਾ ਰੌਣਕ ਕੀਤੀ ਸੀ। ਅਨੰਦ ਕਾਰਜ ਵੇਲੇ ਗੋਰੇ ਤਾਂ ਸਮੇਂ ਸਿਰ ਪਹੁੰਚ ਗਏ ਸਨ। ਪਰ ਨਾਜਰ ਹੋਰੀਂ ਘੰਟਾ ਭਰ ਲੇਟ ਹੋ ਗਏ। ਮਾਸਟਰ ਪਹਿਲਾਂ ਚਲਾ ਗਿਆ ਸੀ ਤਾਂ ਕਿ ਮਹਿਮਾਨਾਂ ਨੂੰ ਜੀ ਆਇਆਂ ਕਹਿ ਸਕੇ। ਉਸ ਨੇ ਜਦ ਮਿਸ਼ੇਲ ਦੇ ਪਿਉ ਨੂੰ ਵੇਖਿਆ ਤਾਂ ਝੱਟ ਪਛਾਣ ਲਿਆ।

'ਪੀਟਰ ਵਿਲੀਅਮਸਨ। ਤੁਸੀਂ ਮਿਸ਼ੇਲ ਨਾਲ ਕਿਵੇਂ ਸਬੰਧਤ ਐਂ?'

'ਮਿਸ਼ੇਲ ਮੇਰੀ ਧੀ ਆ। ਇਹ ਕੇਟੀ ਮੇਰੀ ਪਤਨੀ।' ਉਹਨਾਂ ਨੇ ਹੱਥ ਮਿਲਾਏ।

'ਆਪਾਂ ਬਲੇਅਰਪੀਚ ਦੇ ਕੇਸ ਦੇ ਸਬੰਧ ਵਿਚ ਕਿੰਨੀਆਂ ਈ ਮੀਟਿੰਗਾਂ ਵਿਚ ਮਿਲੇ ਆਂ ਪਰ ਇਹ ਨੀ ਸੀ ਪਤਾ ਕਿ ਮਿਸ਼ੇਲ ਤੇ ਪੈਵ ਨੇ ਸਾਨੂੰ ਹੋਰ ਵੀ ਨੇੜੇ ਲੈ ਆਉਣਾ।'

(ਬਲੇਅਰ ਪੀਚ ਇਕ ਟੀਚਰ ਸੀ ਜੋ ਐਂਟੀ ਨਾਜੀ ਲੀਗ ਦਾ ਸਰਗਰਮ ਮੈਂਬਰ ਸੀ। ਸਾਊਥਾਲ ਵਿਚ ਨਸਲਵਾਦੀਆਂ ਦੇ ਹਮਲੇ ਦੇ ਵਿਰੋਧ ਵਿਚ ਐਂਟੀ ਨਾਜੀ ਲੀਗ ਦੇ ਮੁਜ਼ਾਹਰੇ ਸਮੇਂ ਪੁਲੀਸ ਦੇ ਲਾਠੀ ਚਾਰਜ ਕਾਰਨ ਉਸ ਦੀ ਮੌਤ ਹੋ ਗਈ ਸੀ। ਇਸ ਕੇਸ ਦੀ ਪੈਰਵੀ ਐਂਟੀ ਨਾਜ਼ੀ ਲੀਗ ਨੇ ਕੀਤੀ ਸੀ।)

'ਕੇਟੀ, ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਤੁਸੀਂ ਨੀ ਪੀਟਰ ਨਾਲ ਮੀਟਿੰਗਾਂ ਵਿਚ ਜਾਂਦੇ?'

'ਇਹ ਟੀਚਰ ਯੂਨੀਅਨ ਦੀ ਮਿਡਲਸੈਕਸ ਏਰੀਏ ਦੀ ਸੈਕਟਰੀ ਆ। ਇਹਦੇ ਕੋਲ ਤਾਂ ਸਮਾਂ ਘੱਟ ਹੀ ਹੁੰਦਾ।'

'ਮੈਂ ਵੀ ਸੋਚਦਾ ਸੀ ਪੈਵ ਨੇ ਮਿਸ਼ੇਲ ਨੂੰ ਕਿਸੇ ਖਾਸ ਕਾਰਨ ਕਰਕੇ ਹੀ ਚੁਣਿਆ ਹੋਵੇਗਾ। ਮੈਂ ਉਸ ਨੂੰ ਸ਼ੁਰੂ ਤੋਂ ਮੈਥ ਪੜ੍ਹਾਉਂਦਾ ਰਿਹਾ ਹਾਂ। ਉਹ ਅਗਾਂਹਵਧੂ ਵਿਚਾਰਾਂ ਦਾ ਮਾਲਕ ਹੈ।'

'ਹਾਂ ਪੈਵ ਦੇ ਵਿਚਾਰ ਬਹੁਤ ਚੰਗੇ ਹਨ ਤੇ ਉਸ ਦੀ ਇਤਿਹਾਸ ਬਾਰੇ ਵੀ ਕਾਫੀ ਜਾਣਕਾਰੀ ਹੈ।'

ਗੁਰਦਵਾਰੇ ਦੇ ਹਾਲ ਵਿਚ ਬਰਾਤ ਵੀ ਆ ਗਈ ਸੀ। ਮਾਸਟਰ ਨੇ ਨਾਜਰ ਨੂੰ ਪੀਟਰ ਬਾਰੇ ਦੱਸਿਆ ਤਾਂ ਉਹ ਹੋਰ ਵੀ ਹੈਰਾਨ ਹੋਇਆ। ਉਸ ਨੇ ਨਾਜਰ ਦੀ ਜ਼ਿੰਮੇਵਾਰੀ ਪੀਟਰ ਨੂੰ ਸਾਰੀਆਂ ਰਸਮਾਂ ਬਾਰੇ ਦੱਸਣ ਦੀ ਦੇ ਦਿੱਤੀ।

ਅਨੰਦ ਕਾਰਜ ਬਾਅਦ ਇਕ ਸਕੂਲ ਦੇ ਹਾਲ ਵਿਚ ਪਾਰਟੀ ਦਾ ਪ੍ਰਬੰਧ ਕੀਤਾ ਗਿਆ ਸੀ। ਨਾਜਰ ਨੇ ਆਪਣੀ ਜਾਣ-ਪਛਾਣ ਵਾਲੇ ਕਾਫੀ ਲੋਕ ਬੁਲਾਏ ਹੋਏ ਸਨ। ਖਾਣ-ਪੀਣ ਵੀ ਮਨ ਪਸੰਦ ਦਾ ਸੀ ਤੇ ਲੋਕਾਂ ਨੇ ਖੂਬ ਭੰਗੜੇ ਪਾਏ। ਗੋਰਿਆਂ ਨੇ ਵੀ ਅਜਿਹੀ ਪਾਰਟੀ ਪਹਿਲਾਂ ਘੱਟ ਹੀ ਵੇਖੀ ਸੀ। ਪੈਵ ਨੇ ਵਾਈਨ ਵੀ ਲਿਆਂਦੀ ਹੋਈ ਸੀ। ਉਸ ਨੂੰ ਪਤਾ ਸੀ ਦੇਸੀ ਬੰਦੇ ਤਾਂ ਵਿਸਕੀ ਬਕਾਰਡੀ ਦੇ ਹੀ ਗਾਹਕ ਸਨ ਪਰ ਗੋਰੇ ਵਾਈਨ ਜ਼ਿਆਦਾ ਪਸੰਦ ਕਰਦੇ। ਸ਼ਾਮ ਨੂੰ ਪਾਰਟੀ ਤਾਂ ਪੰਜ ਵਜੇ ਤੱਕ ਚਲਦੀ ਰਹੀ। ਵਿਆਹੁਤਾ ਜੋੜਾ ਢਾਈ ਕੁ ਵਜੇ ਚਲਿਆ ਗਿਆ ਸੀ। ਉਹਨਾਂ ਨੇ ਇਟਲੀ ਦੇ ਸ਼ਹਿਰ

ਵੈਨਿਸ ਹਨੀਮੂਨ ਲਈ ਜਾਣਾ ਸੀ।

ਨਾਜਰ ਦੇ ਕੁਝ ਮਿੱਤਰ ਘਰ ਵੀ ਆ ਗਏ ਤੇ ਰਾਤ ਦੇਰ ਤੱਕ ਵਿਆਹ ਦਾ ਜਸ਼ਨ ਚਲਦਾ ਰਿਹਾ। ਪ੍ਰੀਤੋ ਸਹੇਲੀਆਂ ਨਾਲ ਗੱਲਾਂ ਕਰਦੀ, 'ਨਾ ਕੋਈ ਪਾਣੀ ਵਾਰਿਆ, ਨਾ ਕਿਸੇ ਨੇ ਡੋਲੀ ਲਾਹੀ ਤੇ ਨਾ ਕੋਈ ਹੋਰ ਰਸਮ ਰਿਵਾਜ। ਵਿਆਹ ਦਾ ਪੂਰਾ ਚਾਅ ਨੀ ਕੀਤਾ। ਚਲੋ ਉਹ ਜਾਣੇ ਨਿਆਣੇ ਖੁਸ਼ ਰਹਿਣ।'

## 28

ਲਿੰਡਾ ਹਾਰਪਰ ਬਣਨਾ ਜੈਕੀ ਲਈ ਬਹੁਤ ਔਖਾ ਸੀ। ਇਕ ਪੁਲੀਸ ਕਰਮਚਾਰੀ ਹੋ ਕੇ ਗੁਨਾਹ ਦੀ ਦੁਨੀਆਂ ਵਿਚ ਵਿਚਰਨਾ ਤੇ ਉਸ ਦਾ ਹਿੱਸਾ ਬਣਕੇ ਰਹਿਣਾ ਹੋਰ ਵੀ ਜ਼ਮੀਰ ਨੂੰ ਕੋਂਹਦਾ। ਪਰ ਗੁਨਾਹਗਾਰਾਂ ਨੂੰ ਸਜ਼ਾ ਦੇਣ ਲਈ ਇਹ ਸਭ ਕਰਨਾ ਜ਼ਰੂਰੀ ਸੀ। ਉਹ ਸੁਖਾਵੇਂ ਅੰਤਿਮ ਸਿੱਟਿਆਂ ਦੀ ਉਮੀਦ ਵਿਚ ਸਭ ਕੁਝ ਜਰ ਰਹੀ ਸੀ।

ਪਹਿਲਾਂ ਤਾਂ ਉਸ ਨੂੰ ਆਪਣੀ ਸਵੈ-ਭਰੋਸੇ ਵਾਲੀ ਭਲਵਾਨੀ ਚਾਲ ਨੂੰ ਬਦਲਣਾ ਪਿਆ। ਉਸ ਨੂੰ ਕੁੜੀਆਂ ਵਾਲੀ ਸੂਖਮਤਾ ਅਪਣਾਉਣ ਅਤੇ ਨਖਰੇ ਵਾਲੀ ਬੋਲ-ਚਾਲ ਦੀ ਆਦੀ ਹੋਣ ਲਈ ਸੁਚੇਤ ਯਤਨ ਕਰਨੇ ਪਏ। ਉਹ ਹਰ ਸਮੇਂ ਕੰਮ ’ਤੇ ਤਾਂ ਸੁਚੇਤ ਰਹਿੰਦੀ ਹੀ ਸੀ, ਘਰ ਵਿਚ ਵੀ ਉਸ ਨੇ ਆਪਣੀ ਇਸ ਆਦਤ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ।

ਕੰਮ ’ਤੇ ਤਾਂ ਉਸ ਨੂੰ ਕਈ ਮੁੰਡਿਆਂ ਦੇ ਕਾਮੁਕ ਇਸ਼ਾਰੇ ਵੀ ਹੱਸ ਕੇ ਟਾਲਣੇ ਪੈਂਦੇ। ਆਮ ਹਾਲਤਾਂ ਵਿਚ ਉਹਨਾਂ ਵਿਚੋਂ ਬਹੁਤੇ ਤਾਂ ਉਸ ਦੇ ਇਕ ਮੁੱਕੇ ਦੀ ਮਾਰ ਹੀ ਸਨ। ਉਸ ਨੂੰ ਸਕੌਟ ਦੇ ਬੋਲ ਯਾਦ ਆਉਂਦੇ, ‘ਪੁਲੀਸ ਦਾ ਕੰਮ ਹੀ ਅਜਿਹਾ ਹੈ। ਆਪਣੀ ਜ਼ਿੰਮਵਾਰੀ ਨਿਭਾਉਣ ਲਈ ਹਰ ਕਿਸਮ ਦੀ ਸਥਿਤੀ ਲਈ ਤਿਆਰ ਰਹਿਣਾ ਪੈਂਦਾ। ਇਹ ਵੀ ਇਕ ਚੰਗੇ ਅਫ਼ਸਰ ਦਾ ਵੱਡਾ ਗੁਣ ਹੈ।’ ਉਹ ਆਪਣੇ ਆਪ ਵਿਚ ਅਜਿਹਾ ਗੁਣ ਪੈਦਾ ਕਰਕੇ ਸੰਤੁਸ਼ਟ ਸੀ।

ਪਹਿਲਾਂ ਪਹਿਲ ਤਾਂ ਉਸ ਨੂੰ ਟਰੇਅ ਵਿਚ ਲੋਕਾਂ ਦਾ ਆਰਡਰ ਲਿਜਾਣ ਦਾ ਵੀ ਸਲੀਕਾ ਨਹੀਂ ਸੀ। ਜਲਦੀ ਹੀ ਉਹ ਇਕ ਹੰਢੀ ਵਰਤੀ ਵੇਟਰ ਵਾਂਗ ਕੰਮ ਕਰਨ ਲੱਗੀ। ਉਸ ਦਾ ਹੱਸਦਾ ਚਿਹਰਾ, ਸਬਰ, ਮਿਹਨਤੀ ਸੁਭਾਅ ਤੇ ਕੰਮ ਵਿਚ ਦਿਲਚਸਪੀ ਨੇ ਬੌਬ ਤੇ ਟੌਮ ਨੂੰ ਬਹੁਤ ਪ੍ਰਭਾਵਤ ਕੀਤਾ। ਹੁਣ ਉਸ ਨੂੰ ਕਦੀ ਕਦੀ ਕੁੜੀਆਂ ਨਾਲ ਮਿਲਣ ਦਾ ਮੌਕਾ ਵੀ ਮਿਲ ਜਾਂਦਾ।

ਇਕ ਦਿਨ ਇਕ ਨਵੀਂ ਆਈ ਕੁੜੀ ਰੋ ਰਹੀ ਸੀ ਤੇ ਟੌਮ ਉਸ ਨਾਲ ਔਖਾ ਭਾਰਾ ਹੋ ਰਿਹਾ ਸੀ। ਲਿੰਡਾ ਨੇ ਜਾ ਕੇ ਮੌਕਾ ਸਾਂਭਿਆ।

‘ਟੌਮ ਤੂੰ ਜਾਹ ਮੈਂ ਇਹਦੇ ਨਾਲ ਗੱਲ ਕਰਦੀ ਆਂ। ਤੈਨੂੰ ਔਰਤ ਦੇ ਦਿਲ ਦੀ ਥਾਹ ਪਾਉਣ ਦਾ ਵੱਲ ਨਹੀਂ।’ ਉਸ ਨੇ ਮੁਸਕਰਾਉਂਦਿਆਂ ਕਿਹਾ ਤੇ ਟੌਮ ਨੂੰ ਕਮਰੇ ਵਿਚੋਂ ਬਾਹਰ ਭੇਜ ਦਿੱਤਾ।

ਉਸ ਨੇ ਕੁੜੀ ਨੂੰ ਧਿਆਨ ਨਾਲ ਵੇਖਿਆ। ਉਸ ਦੀ ਮਸੂਮੀਅਤ ’ਤੇ ਉਹ ਸਿਰਫ ਤਰਸ ਹੀ ਕਰ ਸਕਦੀ ਸੀ ਤੇ ਅਜੇ ਉਸ ਦੀ ਕੋਈ ਮਦਦ ਨਹੀਂ ਸੀ ਕਰ ਸਕਦੀ। ਉਸ ਨੇ ਕੁੜੀ ਦੀ ਗੱਲ੍ਹ ’ਤੇ ਹੱਥ ਰੱਖ ਕੇ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ। ਕੁਝ ਦੇਰ

ਪਹਿਲਾਂ ਇਸੇ ਗੱਲ੍ਹ 'ਤੇ ਟੌਮ ਨੇ ਥੱਪੜ ਮਾਰਿਆ ਸੀ।

'ਤੂੰ ਅੰਗਰੇਜ਼ੀ ਸਮਝਦੀ ਐਂ?'

'ਥੋੜ੍ਹੀ।'

'ਮੇਰੇ ਖਿਆਲ ਵਿਚ ਤੂੰ ਹਾਲਤ ਨੂੰ ਸਮਝਦੀ ਨਹੀਂ। ਜੋ ਤੈਨੂੰ ਇਹ ਕਹਿੰਦਾ ਕਰਨਾ ਤਾਂ ਪੈਣਾ। ਮਨ ਮਾਰਨਾ ਪੈਣਾ। ਤੇਰੇ ਕੋਲ ਹੋਰ ਕੋਈ ਰਾਹ ਨੀ। ਜੇ ਨਹੀਂ ਮੰਨੇਂਗੀ ਤਾਂ ਜੁਲਮ ਵੀ ਸਹੇਂਗੀ ਤੇ ਆਖਰ ਵਿਚ ਉਹੀ ਕੁਝ ਕਰਨ ਲਈ ਮਜਬੂਰ ਵੀ ਹੋਏਂਗੀ----।' ਉਹ ਕੁੜੀ ਨੂੰ ਸਮਝਾਉਂਦੀ ਰਹੀ।

ਘੰਟੇ ਕੁ ਬਾਅਦ ਟੌਮ ਆਇਆ ਤੇ ਆ ਕੇ ਉਸ ਕੁੜੀ ਨੂੰ ਫਿਰ ਮੰਦਾ ਬੋਲਣ ਲੱਗਾ। ਅੱਗੋਂ ਕੁੜੀ ਵੀ ਉਸ ਨੂੰ ਜਵਾਬ ਦੇਣ ਲੱਗੀ। ਲਿੰਡਾ ਨੇ ਪੋਲਾ ਜਿਹਾ ਧੱਕਾ ਮਾਰ ਕੇ ਟੌਮ ਨੂੰ ਕਮਰੇ ਵਿਚੋਂ ਬਾਹਰ ਕੱਢ ਲਿਆ।

'ਮੈਨੂੰ ਚੌਵੀ ਘੰਟੇ ਦੇਹ। ਜੇ ਇਹ ਨਾ ਮੰਨੀ ਤਾਂ ਤੂੰ ਆਵਦਾ ਜ਼ੋਰ ਲਾ ਲਈਂ। ਪਰ ਕਿਸੇ ਦੀ ਜ਼ਮੀਰ ਮਾਰਨ ਲਈ ਜ਼ਹਿਰ ਹੀ ਕੰਮ ਨੀ ਕਰਦੀ। ਬਹੁਤ ਵਾਰ ਸ਼ਹਿਦ ਉਸ ਤੋਂ ਵੀ ਕਾਰਗਾਰ ਸਾਬਤ ਹੁੰਦਾ।' ਟੌਮ ਬਿਨਾਂ ਕੁਝ ਕਹੇ ਚਲਿਆ ਗਿਆ।

ਲਿੰਡਾ ਨੇ ਆਪਣੀ ਪੂਰੀ ਮਿਹਨਤ ਅਤੇ ਸਬਰ ਨਾਲ ਕੁੜੀ ਦੇ ਖਾਨੇ ਕੌੜੀ ਸਚਾਈ ਪਾ ਦਿੱਤੀ। ਅਣਮੰਨੇ ਦਿਲ ਨਾਲ ਉਹ ਟੌਮ ਦੇ ਕਹੇ ਅਨੁਸਾਰ ਕੰਮ ਕਰਨ ਲਈ ਤਿਆਰ ਹੋ ਗਈ। ਲਿੰਡਾ ਆਪਣੇ ਆਪ ਨੂੰ ਬੇਬੱਸ ਸਮਝਦੀ ਸੀ ਤੇ ਉਸ ਸਮੇਂ ਬੇਬੱਸ ਸੀ ਵੀ।

ਦੋ ਕੁ ਦਿਨ ਬਾਅਦ ਰੰਧਾਵਾ ਤੇ ਬੌਬ ਦੋਵੇਂ ਪਹੁੰਚ ਗਏ। ਬੌਬ ਦੀਆਂ ਲਲਚਾਈਆਂ ਅੱਖਾਂ ਸਦਾ ਉਸ ਦਾ ਪਿੱਛਾ ਕਰਦੀਆਂ ਰਹਿੰਦੀਆਂ। ਉਸ ਨੂੰ ਖਤਰਾ ਵੀ ਬੌਬ ਤੇ ਟੌਮ ਤੋਂ ਹੀ ਸੀ। ਟੌਮ ਉਸ ਨੂੰ ਸੱਦ ਕੇ ਦਫ਼ਤਰ ਵਿਚ ਲੈ ਗਿਆ। ਇਕ ਨਿੱਕੀ ਨਹੁੰ-ਕੱਟਣ ਵਾਲੀ ਕੈਂਚੀ ਉਸ ਨੇ ਆਪਣੀ ਜੇਬ ਵਿਚ ਲੁਕਾਈ ਹੋਈ ਸੀ।

'ਲਿੰਡਾ ਅਸੀਂ ਤੇਰੇ ਕੰਮ ਤੋਂ ਬਹੁਤ ਖੁਸ਼ ਆਂ ਤੇ ਤੇਰੀ ਤਨਖਾਹ ਵਧਾ ਰਹੇ ਆਂ—ਦਸ ਪ੍ਰਤੀਸ਼ਤ।' ਬੌਬ ਨੇ ਉਸ ਵੱਲ ਨੀਝ ਨਾਲ ਵੇਖਦਿਆਂ ਕਿਹਾ।

'ਮਿਹਰਬਾਨੀ—ਪਰ ਇਸ ਨਾਲ ਮੈਂ ਘਰ ਨਹੀਂ ਖਰੀਦ ਸਕਾਂਗੀ।'

ਉਸ ਦੇ ਜਵਾਬ ਨਾਲ ਉਹ ਪਲ ਕੁ ਲਈ ਚੁੱਪ ਹੋ ਗਏ। ਉਹਨਾਂ ਦੀਆਂ ਨਜ਼ਰਾਂ ਮਿਲੀਆਂ। ਲੋੜਵੰਦ ਲੋਕ ਉਹਨਾਂ ਦੇ ਜਾਲ ਵਿਚ ਜਲਦੀ ਫਸ ਜਾਂਦੇ ਸਨ ਤੇ ਲਿੰਡਾ ਉਹਨਾਂ ਨੂੰ ਲੋੜਵੰਦ ਲੱਗੀ।

'ਪੈਸੇ ਤਾਂ ਜਿੰਨੇ ਮਰਜ਼ੀ ਕਮਾ ਲੈ। ਪਰ ਲੋਕਾਂ ਨੂੰ ਟਰੇਅ ਵਿਚ ਬੀਅਰ ਵਿਸਕੀ ਵਰਤਾਅ ਕੇ ਤਾਂ ਏਨੇ ਕੁ ਹੀ ਬਣਦੇ ਆ।' ਟੌਮ ਬੋਲਿਆ।

'ਮੈਨੂੰ ਤੁਸੀਂ ਪੈਸੇ ਦਿਉ ਤੇ ਦੱਸੋ ਕੀ ਕੰਮ ਕਰਾਂ। ਕੁੜੀਆਂ ਨਾਲ ਤਾਂ ਮੇਰਾ ਵਰਤਾਅ ਤੁਸੀਂ ਦੇਖ ਈ ਲਿਆ। ਉਹਨਾਂ ਨੂੰ ਮੇਰੇ ਹਵਾਲੇ ਕਰ ਦਿਉ। ਉਹਨਾਂ ਨੂੰ ਧੰਦੇ ਲਈ ਤਿਆਰ ਕਰਨ ਦਾ ਜਿੰਮਾ ਮੇਰਾ। ਵੈਸੇ---।' ਉਸ ਨੇ ਬਾਕੀ ਦੇ ਵਾਕ ਨੂੰ ਹਵਾ

ਵਿਚ ਲਟਕਦਾ ਛੱਡ ਦਿੱਤਾ।

'ਵੈਸੇ ਕੀ?'

'ਨਹੀਂ ਕੁਝ ਨਹੀਂ। ਮੇਰੇ ਮਨ ਵਿਚ ਇਕ ਖਿਆਲ ਸੀ। ਪਰ ਮੈਂ ਤੁਹਾਡੀ ਅਜੇ ਵਿਸ਼ਵਾਸ਼-ਪਾਤਰ ਨਹੀਂ। ਸੋ ਚੁੱਪ ਹੀ ਭਲੀ ਐ।' ਉਹ ਉੱਠ ਕੇ ਜਾਣ ਲੱਗੀ। ਰੰਧਾਵੇ ਨੇ ਉਸ ਨੂੰ ਬੈਠਣ ਲਈ ਕਿਹਾ ਤੇ ਉਹ ਬੈਠ ਗਈ।

'ਵਿਸ਼ਵਾਸ਼ ਤਾਂ ਸਮੇਂ ਤੇ ਕੰਮ ਨਾਲ ਈ ਬਣਦਾ। ਤੂੰ ਆਵਦੀ ਗੱਲ ਦੱਸ।' ਬੌਬ ਬੋਲਿਆ।

'ਤੁਸੀਂ ਕੁੜੀਆਂ ਤੋਂ ਕਮਾਈ ਤਾਂ ਕਰਦੇ ਈ ਆਂ ਤੇ ਕਰੀ ਵੀ ਜਾਣੀ ਐ। ਉਹਨਾਂ ਦੀ ਕਮਾਈ ਦਾ ਕੁਝ ਹਿੱਸਾ ਉਹਨਾਂ ਦੇ ਘਰ ਭੇਜ ਦਿਆ ਕਰੋ ਤੇ ਹਫ਼ਤੇ ਵਿਚ ਇਕ ਅੱਧ ਵਾਰ ਉਹਨਾਂ ਦੀ ਘਰ ਗੱਲ ਕਰਾ ਦਿਆ ਕਰੋ ਤਾਂ ਉਹ ਕੰਮ ਹੋਰ ਵੀ ਖੁਸ਼ੀ ਨਾਲ ਕਰਨਗੀਆਂ। ਇਹ ਮੇਰਾ ਖਿਆਲ ਐ।'

'ਪਰ ਉਹ ਟੈਲੀਫ਼ੋਨ 'ਤੇ ਭੇਤ ਵੀ ਦੇ ਸਕਦੀਆਂ।'

'ਆਪਣੀ ਹਾਜ਼ਰੀ ਵਿਚ ਗੱਲ ਕਰਾਉ। ਪੈਸੇ ਭੇਜਣ ਨਾਲ ਉਹਨਾਂ ਦੇ ਮਾਪਿਆਂ ਨੂੰ ਤਸੱਲੀ ਹੋਊ ਕਿ ਕੁੜੀ ਕੰਮ ਕਰਦੀ ਆ ਤੇ ਉਹ ਹੋਰ ਲੋਕਾਂ ਕੋਲ ਵੀ ਗੱਲ ਕਰਨਗੇ।'

ਗੱਲ ਉਹਨਾਂ ਦੇ ਦਿਲ ਲੱਗ ਗਈ। ਉਹਨਾਂ ਨੇ ਇਸ ਦੀ ਜ਼ਿੰਮੇਵਾਰੀ ਵੀ ਲਿੰਡਾ ਨੂੰ ਹੀ ਦੇ ਦਿੱਤੀ।

ਵੱਡੀ ਸਫ਼ਲਤਾ ਵੱਲ ਇਹ ਉਸ ਦਾ ਪਹਿਲਾ ਕਦਮ ਸੀ ਤੇ ਉਹ ਖੁਸ਼ ਸੀ।

ਘਰ ਪਹੁੰਚ ਕੇ ਉਸ ਨੇ ਸਕੌਟ ਨੂੰ ਈ ਮੇਲ ਪਾਈ ਤੇ ਮਿਲਣ ਦਾ ਪ੍ਰੋਗਰਾਮ ਬਣਾਉਣ ਲਈ ਕਿਹਾ। ਉਸ ਨੂੰ ਜਵਾਬ ਆਇਆ, 'ਕੱਲ੍ਹ ਦੋ ਵਜੇ-ਨੌਵੇਟਿਲ ਹੋਟਲ ਹੈਮਰਸਮਿਥ।'

ਜੈਕੀ ਨੇ ਅੰਡਰ ਗਰਾਊਂਡ ਟਰੇਨ ਲਈ ਤੇ ਹੈਮਰਸਮਿਥ ਸਟੇਸ਼ਨ 'ਤੇ ਪਹੁੰਚ ਗਈ। ਉਸ ਨੇ ਸਮਾਂ ਵੇਖਿਆ ਤੇ ਹੋਟਲ ਵੱਲ ਚੱਲ ਪਈ। ਇਹ ਪੰਜ ਤਾਰਾ ਹੋਟਲ ਸੀ ਤੇ ਸਕੌਟ ਨੇ ਜਾਣ-ਬੁੱਝ ਕੇ ਹੀ ਚੁਣਿਆ ਸੀ। ਦੁਪਹਿਰ ਦੇ ਸਮੇਂ ਰੈਸਟੋਰੈਂਟ ਵਿਚ ਗਾਹਕ ਬਹੁਤ ਘੱਟ ਹੁੰਦੇ ਹਨ ਤੇ ਉਹ ਨਿਸ਼ਚਿੰਤ ਹੋ ਕੇ ਗੱਲ ਕਰ ਸਕਦੇ ਸਨ। ਜਦ ਜੈਕੀ ਪਹੁੰਚੀ ਤਾਂ ਸਕੌਟ ਬੈਠਾ ਕੁਝ ਪੜ੍ਹ ਰਿਹਾ ਸੀ। ਉਹ ਉਸ ਦੀ ਸਾਹਮਣੀ ਕੁਰਸੀ 'ਤੇ ਜਾ ਬੈਠੀ।

'ਆਹ ਜੈਕੀ--।' ਉਸ ਨੇ ਉੱਠ ਕੇ ਆਉ-ਭਗਤ ਵਜੋਂ ਉਸ ਦੀ ਗੱਲ੍ਹ 'ਤੇ ਚੁੰਮਣ ਦਿੱਤਾ।

'ਕਿਵੇਂ ਚੱਲ ਰਿਹਾ ਜੈਕੀ?'

'ਅਜੇ ਤੱਕ ਤਾਂ ਠੀਕ ਐ----।' ਜੈਕੀ ਨੇ ਉਸ ਨੂੰ ਸਾਰੀ ਰਿਪੋਰਟ ਦੇ ਦਿੱਤੀ।

'ਜੈਕੀ ਤੇਰਾ ਕੰਮ ਬਹੁਤ ਵਧੀਆ, ਤੇਰੀ ਮਿਹਰਬਾਨੀ। ਆਪਾਂ ਇਹਨਾਂ ਨੂੰ ਤਾਂ ਅੱਜ ਵੀ ਫੜ ਸਕਦੇ ਆਂ ਪਰ ਪੂਰੇ ਗਰੋਹ ਨੂੰ ਕਾਬੂ ਕਰਨ ਲਈ ਕੁਝ ਸਮਾਂ ਲੱਗਣਾ। ਆਪਾਂ ਨੂੰ ਪੋਲੈਂਡ ਤੇ ਹੋਰ ਪੂਰਬੀ ਯੂਰਪ ਦੇ ਗਰੋਹ ਦੇ ਲੀਡਰਾਂ ਦਾ ਪਤਾ ਚਾਹੀਦਾ। ਤੇਰੀ ਜਾਣਕਾਰੀ ਜੋ ਤੂੰ ਕੁੜੀਆਂ ਤੋਂ ਪ੍ਰਾਪਤ ਕਰ ਕੇ ਭੇਜੀ ਸੀ ਉਸ ਲਈ ਮੈਂ ਪੋਲੈਂਡ ਪੁਲੀਸ

ਨਾਲ ਗੱਲ ਕੀਤੀ ਤੇ ਉਹ ਹਰ ਕਿਸਮ ਦੀ ਮਦਦ ਕਰਨਗੇ। ਉਹਨਾਂ ਨੇ ਪਿੱਛਾ ਕਰਨਾ ਵੀ ਸ਼ੁਰੂ ਕਰ ਦਿੱਤਾ ਐ।' ਸਕੌਟ ਨੇ ਦੱਸਿਆ।

'ਮੈਂ ਖੁਦ ਪੋਲੈਂਡ ਜਾਣਾ ਚਾਹੁੰਨੀ ਆਂ। ਮੇਰੇ ਮਨ ਵਿਚ ਇਕ ਸਕੀਮ ਐ ਜੇ ਸਿਰੇ ਚੜ੍ਹ ਗਈ ਤਾਂ ਉਹ ਮੈਨੂੰ ਭੇਜਣਗੇ। ਪੋਲੈਂਡ ਵਿਚ ਆਪਣਾ ਵੀ ਕੋਈ ਏਜੰਟ ਹੋਵੇ ਤਾਂ ਚੰਗਾ ਐ।'

'ਤੂੰ ਠੀਕ ਕਿਹਾ। ਮੈਂ ਗਰਾਹਮ ਨਾਲ ਗੱਲ ਕੀਤੀ ਸੀ। ਉਸ ਦੀ ਗਰਲ ਫਰਿੰਡ ਪੋਲਿਸ਼ ਆ, ਉਹ ਕੰਮ ਕਰਨ ਲਈ ਤਿਆਰ ਐ। ਪਰਸੋਂ ਉਹ ਪੋਲੈਂਡ ਜਾ ਰਹੇ ਆ।'

ਉਹਨਾਂ ਨੇ ਸਾਰੀ ਗੱਲ ਤੈਅ ਕਰ ਲਈ ਸੀ। ਅਗਲੀ ਮੀਟਿੰਗ ਦਾ ਸਮਾਂ ਤੇ ਸਥਾਨ ਵੀ ਚੁਣ ਲਿਆ ਸੀ। ਜੈਕੀ ਉੱਠਣ ਲੱਗੀ ਤਾਂ ਸਕੌਟ ਨੇ ਉਸ ਨੂੰ ਰੋਕ ਲਿਆ।

'ਮੈਨੂੰ ਤੇਰਾ ਬਹੁਤ ਫਿਕਰ ਐ। ਜੇ ਉਹਨਾਂ ਨੇ ਤੇਰੇ 'ਤੇ ਕਿਸੇ ਕਿਸਮ ਦਾ ਹਮਲਾ ਕੀਤਾ ਤਾਂ ਤੇਰੀ ਸੁਰੱਖਿਆ ਖਤਰੇ ਵਿਚ ਪੈ ਸਕਦੀ ਹੈ। ਮੈਂ ਤੇਰੇ ਲਈ ਇਕ ਸੁਗਾਤ ਲਿਆਂਦੀ ਐ।'

ਉਸ ਨੇ ਜੇਬ ਵਿਚੋਂ ਇਕ ਛੋਟਾ ਜਿਹਾ ਪੈਕਟ ਕੱਢਿਆ ਤੇ ਜੈਕੀ ਨੂੰ ਫੜਾ ਦਿੱਤਾ। ਜੈਕੀ ਨੇ ਸਵਾਲੀਆ ਨਜ਼ਰਾਂ ਨਾਲ ਉਸ ਵੱਲ ਵੇਖਿਆ।

'ਇਹ 'ਟੇਜ਼ਰ' ਐ। ਹਮਲਾ ਹੋਣ ਦੀ ਸੂਰਤ ਵਿਚ ਜੇ ਤੇਰੀ ਸੁਰੱਖਿਆ ਖ਼ਤਰੇ ਵਿਚ ਹੋਵੇ ਤਾਂ ਇਸ ਦੀ ਵਰਤੋਂ ਕਰੀਂ। ਇਸ ਦੀ ਸੂਈ ਖੋਭ ਦੇਵੇਂ ਤਾਂ ਬੰਦਾ ਕੁਝ ਦੇਰ ਲਈ ਡਿੱਗ ਪੈਂਦਾ। ਇਸ ਵਿਚੋਂ ਬਿਜਲੀ ਦਾ ਕਰੰਟ ਨਿਕਲਦਾ। ਤੈਨੂੰ ਪਤਾ ਈ ਐ ਇਹਦੇ ਨਾਲ ਬੰਦੇ ਦੀ ਮੌਤ ਨੀ ਹੁੰਦੀ ਪਰ ਕੁਝ ਮਿੰਟਾਂ ਲਈ ਉਹ ਮਰਿਆਂ ਵਰਗਾ ਹੀ ਹੋ ਜਾਂਦਾ।' ਸਕੌਟ ਨੇ ਉਸ ਨੂੰ ਜਾਣਕਾਰੀ ਦਿੱਤੀ।

ਜੈਕੀ ਖੁਸ਼ ਸੀ। ਸਕੌਟ ਉਸ ਦਾ ਖਿਆਲ ਰੱਖ ਰਿਹਾ ਸੀ। ਹੁਣ ਉਸ ਦੀ ਨਿਡਰਤਾ ਉਸ ਦੇ ਚਿਹਰੇ 'ਤੇ ਸਪੱਸ਼ਟ ਦਿਸ ਰਹੀ ਸੀ।

ਉਹ ਦੋਵੇਂ ਹੀ ਸਟੇਸ਼ਨ ਵੱਲ ਨੂੰ ਚੱਲ ਪਏ।

ਸਕੌਟ ਨੇ ਰਿਪੋਰਟ ਅੱਗੇ ਪੜ੍ਹਨ ਲਈ ਟਰੇਨ ਵਿਚ ਬੈਠਣ ਤੱਕ ਉਡੀਕ ਕੀਤੀ।

## 29

ਸ਼ੇਰਾ ਮਾਸਟਰ ਤੇ ਨਾਜਰ ਨਾਲ ਬੈਠਾ ਬੀਅਰ ਪੀ ਰਿਹਾ ਸੀ। ਉਸ ਦੇ ਮਨ ਵਿਚ ਕਈ ਕੁਝ ਚੱਲ ਰਿਹਾ ਸੀ। ਸਭ ਤੋਂ ਵੱਡੀ ਗੱਲ ਉਸ ਨੂੰ ਕੰਮ ਤੋਂ ਜਵਾਬ ਮਿਲ ਰਿਹਾ ਸੀ। ਉਹ ਉਹਨਾਂ ਨਾਲ ਗੱਲ ਸਾਂਝੀ ਕਰਕੇ ਆਪਣੇ ਭਵਿੱਖ ਬਾਰੇ ਫੈਸਲਾ ਕਰਨਾ ਚਾਹੁੰਦਾ ਸੀ। ਇਸ ਲਈ ਉਹ ਚੁੱਪ ਜਿਹਾ ਬੈਠਾ ਰਿਹਾ।

'ਸ਼ੇਰ ਸਿਆਂ ਠੀਕ ਐਂ, ਕੁਸ ਚੁੱਪ ਜਿਹਾ ਲਗਦਾਂ।' ਨਾਜਰ ਨੇ ਉਸ ਵੱਲ ਵੇਖਦਿਆਂ ਸਵਾਲ ਕੀਤਾ।

'ਬੱਸ ਕੰਮ ਬਾਰੇ ਸੋਚ ਰਿਹਾ ਸੀ। ਸਾਡੀ ਬਹੁਤ ਸਾਰੇ ਲੋਕਾਂ ਦੀ ਛਾਂਟੀ ਕਰ ਰਹੇ ਆ।'

'ਛਾਂਟੀ-! ਥੋਡੇ ਤਾਂ ਕੰਮ ਠੀਕ ਠਾਕ ਸੀ।'

'ਆਹੋ। ਇਕ ਤਾਂ ਹੁਣ ਸਾਰੀਆਂ ਮਸ਼ੀਨਾਂ ਆਟੋਮੈਟਿਕ ਹੋ ਗੀਆਂ। ਜਿਥੇ ਸਾਡੇ ਡਿਪਾਰਟਮੈਂਟ 'ਚ ਸੱਠ ਬੰਦੇ ਕੰਮ ਕਰਦੇ ਸੀ ਹੁਣ ਸੱਤ ਰਹਿ ਗੇ। ਇਹੋ ਹਾਲ ਹੋਰ ਡਿਪਾਰਟਮੈਂਟਾਂ ਦਾ ਵੀ ਆ। ਨਵੇਂ ਬੰਦੇ ਰੱਖਣੇ ਤਾਂ ਕਈ ਸਾਲਾਂ ਤੋਂ ਉਹਨਾਂ ਨੇ ਬੰਦ ਕੀਤੇ ਹੋਏ ਆ। ਪਰ ਹੁਣ ਆਹ ਛਾਂਟੀ ਵਾਲੀ ਗੱਲ --। ਏਸ ਉਮਰ 'ਚ ਕਿੱਤੇ ਨੌਕਰੀ ਵੀ ਨੀ ਮਿਲਣੀ।'

'ਸ਼ੇਰ ਸਿਆਂ ਅਸਲ 'ਚ ਹੁਣ ਕਾਰਖਾਨੇਦਾਰ ਏਸ ਕੰਟਰੀ ਵਿਚ ਪੈਸੇ ਲਾਉਣ ਦੀ ਥਾਂ ਏਥੋਂ ਪੈਸੇ ਕੱਢੀ ਜਾਂਦੇ ਐ। ਹੁਣ ਤਾਂ ਚੀਨ ਵਰਗੇ ਮੁਲਕਾਂ ਵਿਚ ਜਿਥੇ ਮਜ਼ਦੂਰੀ ਸਸਤੀ ਆ ਉਥੇ ਲਾ ਰਹੇ ਆ।' ਮਾਸਟਰ ਨੇ ਜਵਾਬ ਦਿੱਤਾ।

'ਪਰ ਏਥੋਂ ਦੇ ਲੋਕ ਕੀ ਕਰਨਗੇ? ਬੇਰੁਜ਼ਗਾਰੀ ਦਿਨੋ ਦਿਨ ਵਧੀ ਜਾਂਦੀ ਆ। ਹੋਰ ਕੰਮ ਤਾਂ ਮਿਲਦੇ ਨੀ। ਕੰਮ ਤਾਂ ਨੌਜਵਾਨਾਂ ਨੂੰ ਨੀ ਮਿਲਦੇ ਸਾਡੇ ਅਰਗਿਆਂ ਨੂੰ ਕਿੱਥੇ ਮਿਲਣੇ ਆਂ।'

'ਉਹਨਾਂ ਨੂੰ ਕੀ ਲੱਗੇ ਬਈ ਥੋਡੇ ਨਾਲ ਕੀ ਵਾਪਰਦਾ। ਉਹਨਾਂ ਨੇ ਤਾਂ ਆਵਦਾ ਮੁਨਾਫਾ ਦੇਖਣਾ। ਸਰਕਾਰਾਂ ਉਹਨਾਂ ਦੇ ਹੱਕ 'ਚ ਆ। ਅੱਗੇ ਸੀਮਤ ਜਿਹੀ ਰਕਮ ਬਾਹਰ ਭੇਜ ਸਕਦੇ ਸੀ। ਹੁਣ ਤਾਂ ਅਟੈਚੀ ਨੋਟਾਂ ਦਾ ਭਰ ਕੇ ਬਾਹਰ ਲਿਜਾਣ ਦੀ ਖੁੱਲ੍ਹ ਦੇ ਦਿੱਤੀ ਆ। ਹਾਲ ਤਾਂ ਮੇਰੇ ਖਿਆਲ 'ਚ ਏਦੂੰ ਵੀ ਮਾੜੇ ਈ ਹੋਣਗੇ। ਸਾਇੰਸ ਨੇ ਤਾਂ ਦਿਨੋ ਦਿਨ ਤਰੱਕੀ ਕਰਨੀ ਈ ਆ। ਹੋਰ ਮਸ਼ੀਨਾਂ ਵੀ ਈਜ਼ਾਦ ਹੋਣਗੀਆਂ ਜਿਹਨਾਂ ਦਾ ਉਤਪਾਦਨ ਹੋਰ ਵੀ ਚੰਗਾ ਹੋਊ ।'

'ਪਰ ਮਾਸਟਰ ਜੀ ਲੋਕ ਫੇਰ ਵੀ ਇਹਨਾਂ ਨੂੰ ਈ ਵੋਟਾਂ ਪਾਈ ਜਾਂਦੇ ਆ। ਸਮਝ ਨੀ ਲਗਦੀ ਕਿਉ?'

'ਲੋਕ ਕੀ ਕਰਨ? ਕਿਸੇ ਨਾ ਕਿਸੇ ਨੂੰ ਤਾਂ ਉਹਨਾਂ ਨੇ ਵੋਟ ਪਾਉਣੀ ਹੀ ਹੋਈ।

ਦੂਸਰੀ ਪਾਰਟੀ ਵੀ ਕੀ ਲਈ ਬੈਠੀ ਆ ਉਹਨਾਂ ਵਾਸਤੇ। ਸਾਰੀਆਂ ਪਾਰਟੀਆ ਈ ਇਕ ਹੱਥ ਦਿੰਦੀਆਂ ਤੇ ਦੂਜੇ ਹੱਥ ਲੈ ਲੈਂਦੀਆਂ।'

ਗੱਲਾਂ ਚਲਦੀਆਂ ਰਹੀਆਂ ਤੇ ਮੁੜ ਘੁੜ ਕੇ ਸਾਊਥਾਲ ਦੀਆਂ ਕਾਊਂਸਲ ਚੋਣਾਂ ਤੋਂ ਹੋ ਕੇ ਗੁਰਦਵਾਰੇ ਦੀਆਂ ਚੋਣਾਂ ਤੇ ਇੰਡੀਆ ਤੱਕ ਪਹੁੰਚ ਗਈਆਂ। ਏਨੇ ਨੂੰ ਘਰ ਜਾਣ ਦਾ ਸਮਾਂ ਵੀ ਹੋ ਗਿਆ ਤੇ ਉਹ ਘਰ ਨੂੰ ਚਲੇ ਗਏ।

***

ਕੰਮ ਤੋਂ ਵਿਹਲਾ ਹੋ ਕੇ ਸ਼ੇਰੇ ਕੋਲ ਸਮਾਂ ਹੀ ਸਮਾਂ ਸੀ। ਕੰਮ ਮਿਲਣ ਦੀ ਕੋਈ ਬਹੁਤੀ ਉਮੀਦ ਨਹੀਂ ਸੀ। ਘਰੇ ਵੀ ਵਿਹਲੇ ਦਾ ਵਕਤ ਨਾ ਲੰਘਦਾ। ਕੁਝ ਦਿਨਾਂ ਦੀ ਸੋਚ-ਵਿਚਾਰ ਬਾਅਦ ਉਸ ਨੇ ਪੰਜਾਬ ਜਾਣ ਦਾ ਮਨ ਬਣਾ ਲਿਆ। ਸੀਟ ਬੁੱਕ ਕਰਾ ਕੇ ਉਸ ਨੇ ਨਾਜਰ ਨੂੰ ਦੱਸ ਦਿੱਤਾ ਤੇ ਰਾਜੂ ਨੂੰ ਫ਼ੋਨ ਕੀਤਾ।

'ਚਾਚੇ ਨੂੰ ਕੋਈ ਸੁੱਖ ਸੁਨੇਹਾ ਦੇਣਾ ਤੇ ਨਾਲੇ ਕੋਈ ਇੰਡੀਆ ਤੋਂ ਚੀਜ਼ ਮੰਗਾਉਣੀ ਆ ਤਾਂ ਉਹ ਵੀ ਦੱਸ ਦੇਹ।'

'ਨਹੀਂ ਸਭ ਠੀਕ ਆ। ਯੂ ਹੈਵ ਏ ਨਾਈਸ ਟਾਈਮ।' ਸੰਖੇਪ ਗੱਲ-ਬਾਤ ਬਾਅਦ ਉਸ ਨੇ ਫ਼ੋਨ ਕੱਟ ਦਿੱਤਾ। ਇਕ ਚੀਸ ਸ਼ੇਰੇ ਦੇ ਸਰੀਰ ਨੂੰ ਝਰਨਾਹਟ ਦੇ ਗਈ।

ਏਅਰਪੋਰਟ 'ਤੇ ਉਸ ਨੂੰ ਨਾਜਰ ਛੱਡ ਆਇਆ। ਉਹਨਾਂ ਨੇ ਏਅਰਪੋਰਟ 'ਤੇ ਚਾਹ ਦਾ ਕੱਪ ਪੀਤਾ ਤੇ ਜਦੋਂ ਸ਼ੇਰਾ ਡਿਪਾਰਚਰ ਗੇਟ ਵਿਚੋਂ ਦੀ ਅੰਦਰ ਲੰਘ ਗਿਆ ਤਾਂ ਨਾਜਰ ਘਰ ਨੂੰ ਆ ਗਿਆ।

ਪਿੰਡ ਪਹੁੰਚ ਕੇ ਸ਼ੇਰੇ ਨੂੰ ਲੱਗਿਆ ਜਿਵੇਂ ਉਹ ਕਿਸੇ ਹੋਰ ਹੀ ਪਿੰਡ ਪਹੁੰਚ ਗਿਆ ਹੋਵੇ। ਪਿੰਡ ਦਾ ਮੂੰਹ-ਮੱਥਾ ਬਦਲਿਆ ਹੋਇਆ ਸੀ। ਕਿੰਨੇ ਹੀ ਘਰ ਪੱਕੇ ਬਣ ਗਏ ਸਨ ਤੇ ਪਿੰਡ ਦੀ ਫਿਰਨੀ ਤੋਂ ਬਾਹਰ ਵੀ ਬਹੁਤ ਸਾਰੀ ਵਸੋਂ ਹੋ ਗਈ ਸੀ। ਆਪਣੇ ਘਰ ਦੀ ਨੁਹਾਰ ਵੀ ਬਦਲੀ ਹੋਈ ਸੀ। ਲੱਕੜ ਦੇ ਤਖਤੇ ਦੀ ਥਾਂ ਹੁਣ ਟੀਨ ਦੇ ਗੇਟ ਲੱਗੇ ਹੋਏ ਸਨ। ਕਮਰਿਆਂ ਅੱਗੇ ਉਹਨਾਂ ਨੇ ਵਰਾਂਡਾ ਛੱਤ ਲਿਆ ਸੀ ਤੇ ਦੋਹੀਂ ਪਾਸੀਂ ਬੈਠਕਾਂ ਬਣਾ ਲਈਆਂ ਸਨ। ਉਸ ਦਾ ਸਭ ਨੇ ਖੁੱਲ੍ਹੀਆਂ ਬਾਹਾਂ ਨਾਲ ਸਵਾਗਤ ਕੀਤਾ ਸੀ। ਉਸ ਦੀ ਭਰਜਾਈ ਵੀ ਉਸ ਨੂੰ ਖਿੜੇ ਮੱਥੇ ਮਿਲੀ ਸੀ। ਸਾਰਿਆਂ ਦੇ ਮੂੰਹਾਂ 'ਤੇ ਚਾਅ ਦੀ ਲੋਅ ਸਪੱਸ਼ਟ ਦਿਸ ਰਹੀ ਸੀ। ਉਸ ਦੇ ਦੋਵੇਂ ਭਤੀਜੇ ਵੀ ਅਜੇ ਵਿਆਹੇ ਨਹੀਂ ਸਨ। ਸ਼ੇਰਾ ਆਪਣੇ ਆਪ ਵਿਚ ਥੋੜ੍ਹਾ ਬੇਅਰਾਮ ਜਿਹਾ ਮਹਿਸੂਸ ਕਰ ਰਿਹਾ ਸੀ। ਉਸ ਨੂੰ ਖੁਦ ਨੂੰ ਸਮਝ ਨਹੀਂ ਸੀ ਆ ਰਹੀ ਕਿ ਆਖਰ ਅਜਿਹਾ ਕਿਉਂ ਸੀ। ਸ਼ਾਮ ਦੇ ਚਾਰ ਕੁ ਵੱਜੇ ਸਨ ਤੇ ਸਰਦੀ ਦਾ ਮੌਸਮ ਸੀ। ਪਰ ਅਜੇ ਧੁੱਪ ਚਮਕ ਰਹੀ ਸੀ। ਚਾਹ ਦਾ ਕੱਪ ਪੀ ਕੇ ਉਹ ਗੱਲਾਂ-ਬਾਤਾਂ ਕਰਦੇ ਰਹੇ। ਚੰਗੀ ਗੱਲ ਕਿਸੇ ਨੇ ਜੀਤਾਂ ਬਾਰੇ ਜਾਂ ਉਸ ਦੀ ਕੈਦ ਬਾਰੇ ਗੱਲ ਨਹੀਂ ਸੀ ਛੇੜੀ। ਭਾਂਵੇਂ ਉਹ ਮਹਿਸੂਸ ਕਰ ਰਿਹਾ ਸੀ ਕਿ ਸਭ ਦੇ ਦਿਮਾਗ ਵਿਚ ਇਹ ਗੱਲ ਸੀ। ਪਰ ਉਸ ਨੂੰ ਕੋਈ ਬਾਹਰ ਨਹੀਂ ਸੀ ਕੱਢ ਰਿਹਾ। ਉਹਦੇ ਲਈ

ਇਹ ਚੰਗਾ ਸੀ। ਇਹ ਇਕੋ ਇਕ ਅਜਿਹਾ ਵਿਸ਼ਾ ਸੀ ਜਿਸ ਬਾਰੇ ਉਹ ਗੱਲ ਕਰਨ ਜਾਂ ਸੁਣਨ ਤੋਂ ਕਤਰਾਉਂਦਾ ਸੀ।

ਸ਼ਾਮ ਹੋਈ ਤਾਂ ਉਸ ਦੇ ਭਤੀਜੇ ਨੇ ਘਰ ਦੀ ਬਣੀ ਸ਼ਰਾਬ ਦੀ ਬੋਤਲ ਅੱਗੇ ਲਿਆ ਰੱਖੀ। ਦੋਵੇਂ ਭਰਾ ਬਹੁਤ ਖੁਸ਼ ਤੇ ਭਾਵੁਕ ਲੱਗ ਰਹੇ ਸਨ।

'ਮੈਂ ਤਾਂ ਪੁੱਤਰਾ ਹੁਣ ਬਹੁਤ ਦੇਰ ਤੋਂ ਕਦੇ ਖਾਸ ਪੀਤੀ ਨੀ। ਬਸ ਬੀਅਰ ਕਦੇ ਕਦਾਈਂ ਪੀ ਲੈਨਾ।'

'ਇਹ ਸ਼ਰਾਬ ਨੀ ਦਾਰੂ ਐ। ਦੋਵੇਂ ਮੁੰਡੇ ਆਪ ਤਾਂ ਮੂੰਹ 'ਤੇ ਨੀ ਧਰਦੇ ਪਰ ਮੇਰੇ ਆਸਤੇ ਬਣਾ ਦਿੰਦੇ ਆ। ਬਣਾਉਂਦੇ ਵੀ ਬਹੁਤ ਚੰਗੀ ਆ। ਵੀਹ ਪੱਚੀ ਚੀਜ਼ਾਂ ਵਿਚ ਪਾਉਂਦੇ ਆ। ਤੂੰ ਜੇ ਸੌਂਹ ਨੀ ਪਾਈ ਹੋਈ ਤਾਂ ਘੁੱਟ ਕੁ ਪੀ ਕੇ ਵੇਖ। ਬੀਅਰ ਤਾਂ ਪਿੰਡੋਂ ਮਿਲਣੀ ਨੀ। ਕੱਲ੍ਹ ਨੂੰ ਸ਼ਹਿਰੋਂ ਮੰਗਾ ਲਾਂਗੇ।' ਤਾਰੇ ਨੇ ਸਿਫਾਰਸ਼ ਕੀਤੀ।

ਸ਼ੇਰੇ ਨੇ ਥੋੜ੍ਹੀ ਜਿਹੀ ਗਲਾਸ ਵਿਚ ਪਾ ਲਈ। ਉਸ ਨੂੰ ਲੌਂਗ ਲੈਚੀਆਂ ਦੀ ਮਿਲੀ-ਜੁਲੀ ਸੁਗੰਧ ਨੇ ਤਾਰੀਫ਼ ਕਰਨ ਲਈ ਮਜਬੂਰ ਕਰ ਦਿੱਤਾ।

'ਵਾਸ਼ਨਾ ਤਾਂ ਬਈ ਬਹੁਤ ਸੁਹਣੀ ਆ।'

'ਤਾਇਆ ਜੀ ਘੁੱਟ ਭਰ ਕੇ ਤਾਂ ਦੇਖੋ ਸੁਆਦ ਵੀ ਬਹੁਤ ਆ।'

ਸ਼ੇਰੇ ਨੇ ਘੁੱਟ ਭਰੀ। ਸੱਚੀਂ ਸ਼ਰਾਬ ਬਹੁਤ ਸੁਆਦ ਸੀ। ਉਸ ਨੂੰ ਦੇਸੀ ਸ਼ਰਾਬ ਵਾਲੀ ਖੁਸ਼ਕੀ ਵੀ ਮਹਿਸੂਸ ਨਹੀਂ ਸੀ ਹੋਈ। ਸੱਚੀਂ ਉਸ ਨੂੰ ਲੌਂਗ ਲੈਚੀਆਂ ਦਾ ਅਰਕ ਹੀ ਲਗਦਾ ਸੀ।

ਤਾਰੇ ਦੀ ਪਤਨੀ ਵੀ ਉਹਨਾਂ ਵਿਚ ਆ ਸ਼ਾਮਲ ਹੋਈ। 'ਵੀਰ ਜੀ ਜਦੋਂ ਰੋਟੀ ਖਾਣੀ ਹੋਈ ਦੱਸ ਦਿਉ, ਬੱਸ ਫੁਲਕੇ ਹੀ ਲਾਹੁਣੇ ਆ। ਦਾਲ ਸਬਜ਼ੀ ਤਿਆਰ ਐ।'

'ਜਦੋਂ ਸਾਰਿਆਂ ਨੇ ਖਾਣੀ ਹੋਈ ਮੈਂ ਵੀ ਨਾਲ ਈ ਖਾ ਲੂੰ। ਕੋਈ ਉਚੇਚ ਦੀ ਲੋੜ ਨੀ।'

'ਐਨੇ ਸਾਲਾਂ ਮਗਰੋਂ ਮਸਾਂ ਤੇਰਾ ਮੂੰਹ ਦੇਖਿਆ। ਸਾਨੂੰ ਤਾਂ ਜਦੋਂ ਦੀ ਤੇਰੀ ਚਿੱਠੀ ਆਈ ਸੀ ਉਦੋਂ ਦੀ ਚਾਅ ਨਾਲ ਨੀਂਦ ਨੀ ਸੀ ਆਉਂਦੀ।' ਤਾਰੇ ਦੀ ਆਵਾਜ਼ ਵਿਚ ਮਾੜੀ ਜਿਹੀ ਕੰਬਣੀ ਉਸ ਦੇ ਸ਼ਬਦਾਂ ਦੀ ਸਚਾਈ ਦਾ ਸਬੂਤ ਸੀ।

ਸੌਣ ਲਈ ਉਸ ਨੂੰ ਉਹਨਾਂ ਨੇ ਇਕ ਬੈਠਕ ਦੇ ਦਿੱਤੀ ਸੀ। ਸੁਹਣੇ ਤੇ ਸਾਫ਼ ਬਿਸਤਰ ਵਿਚ ਉਸ ਨੂੰ ਡੂੰਘੀ ਨੀਂਦ ਆਈ। ਸਵੇਰੇ ਦੋ ਕੁ ਵਜੇ ਉਸ ਦੀ ਅੱਖ ਖੁੱਲ੍ਹ ਗਈ। ਸਮੇਂ ਦੇ ਅੰਤਰ ਕਾਰਨ ਇਹ ਸਮੱਸਿਆ ਉਸ ਨੇ ਪਹਿਲਾਂ ਵੀ ਹੰਢਾਈ ਸੀ। ਉਸ ਨੇ ਥੋੜ੍ਹਾ ਪਾਣੀ ਪੀਤਾ ਤੇ ਫਿਰ ਸੌਣ ਦਾ ਯਤਨ ਕਰਨ ਲੱਗਾ। ਨੀਂਦ ਆ ਵੀ ਗਈ ਪਰ ਚਾਰ ਵਜੇ ਗੁਰਦਵਾਰੇ ਦੇ ਭਾਈ ਦੀ ਸਪੀਕਰ ਵਿਚੋਂ ਗੜ੍ਹਕਦੀ ਆਵਾਜ਼ ਨੇ ਉਸ ਨੂੰ ਜਗਾ ਦਿੱਤਾ। ਫਿਰ ਨੀਂਦ ਆਉਣ ਦਾ ਸਬੱਬ ਨਾ ਬਣਿਆ। ਜਦੋਂ ਨੂੰ ਉਸ ਨੂੰ ਨੀਂਦ ਆਉਣ ਲੱਗੀ ਓਦੋਂ ਨੂੰ ਤਾਰਾ ਉਸ ਕੋਲ ਬਿਸਤਰ ਵਿਚ ਆ ਬੈਠਾ। ਉਸ ਦਾ ਭਤੀਜਾ ਚਾਹ ਲੈ ਆਇਆ ਤੇ ਉਹ ਸਧਾਰਨ ਜਿਹੀਆਂ ਗੱਲਾਂ ਕਰਨ ਲੱਗੇ।

ਸਮਾਂ ਆਪਣੀ ਚਾਲ ਚੱਲ ਰਿਹਾ ਸੀ। ਸ਼ੇਰਾ ਪਿੰਡ ਵਿਚ ਘੱਟ ਹੀ ਗਿਆ ਸੀ। ਸੱਥ ਵਿਚ ਤਾਂ ਬਿਲਕੁਲ ਹੀ ਨਹੀਂ। ਤਾਰਾ ਸਦਾ ਉਸ ਦੇ ਨਾਲ ਹੀ ਰਹਿੰਦਾ। ਜਿਥੇ ਕਿਸੇ ਰਿਸ਼ਤੇਦਾਰੀ ਵਿਚ ਜਾਣਾ ਹੁੰਦਾ ਉਹ ਦੋਵੇਂ ਭਰਾ ਹੀ ਜਾਂਦੇ। ਅੰਦਰੋਂ ਸ਼ੇਰਾ ਥੋੜਾ ਜਿਹਾ ਚੇਤਨ ਵੀ ਸੀ। ਭਾਵੇਂ ਉਸ ਨੂੰ ਕਿਸੇ ਅਣਹੋਣੀ ਦਾ ਬਹੁਤਾ ਸੰਸਾ ਨਹੀਂ ਸੀ।

ਇਕ ਦਿਨ ਦੋਵੇਂ ਭਰਾ ਖੇਤ ਦਾ ਚੱਕਰ ਮਾਰਨ ਚਲੇ ਗਏ। ਤਾਰੇ ਨੇ ਜੀਤਾਂ ਦੀ ਗੱਲ ਛੇੜੀ ਤਾਂ ਸ਼ੇਰੇ ਨੇ ਉਸ ਦਾ ਹੁੰਗਾਰਾ ਨਾ ਭਰਿਆ। ‘ਲੀਰਾਂ ਦੀ ਖਿੱਦੋ ਫਰੋਲਣ ਦਾ ਕੀ ਲਾਭ।’ ਕਹਿ ਕੇ ਉਹ ਨੀਵੀਂ ਪਾਈ ਕੁਝ ਦੇਰ ਤੁਰੇ ਜਾਂਦੇ ਰਹੇ।

‘ਆਹ ਕਿੱਲਾ ਜਿਹੜਾ ਆਪਾਂ ‘ਕਮਲੇ ਜੰਟੇ’ ਕਿਆਂ ਤੋਂ ਲਿਆ।’ ਤਾਰੇ ਨੇ ਚੁੱਪ ਤੋੜੀ।

‘ਉਹ ਫੇਰ ਕੀ ਕਰਦੇ ਆ ਹੁਣ?’

‘ਕਰਨਾ ਕੀ ਆ। ਦਿਹਾੜੀਆਂ ਕਰਦੇ ਆ ਵਿਚਾਰੇ। ਮਾੜੇ ਜੱਟ ਦਾ ਹਾਲ ਤਾਂ ਬੁਰਾ ਈ ਆ।’

‘ਫਸਲ ਤਾਂ ਚੰਗੀ ਲਗਦੀ ਆ ਐਤਕੀਂ।

‘ਹਲੇ ਬਥੇਰੀਆਂ ਹਵਾਵਾਂ ਵਗਣੀਆਂ। ਫਸਲ ਤਾਂ ਘਰ ਪਹੁੰਚੇ ਤੋਂ ਈ ਆਵਦੀ ਬਣਦੀ ਆ।’

ਉਹ ਮੋਟਰ ਕੋਲ ਚਲੇ ਗਏ। ਫਸਲਾਂ ਤੇ ਖੇਤਾਂ ਦੀ ਚੁੱਪ ਨੇ ਸ਼ੇਰੇ ਨੂੰ ਸ਼ਾਂਤ ਜਿਹਾ ਕਰ ਦਿੱਤਾ। ਤਾਰਾ ਮੰਜਾ ਚੁੱਕ ਲਿਆਇਆ ਤੇ ਉਹ ਦੋਵੇਂ ਮੰਜੇ ’ਤੇ ਬੈਠ ਗਏ।

‘ਤਾਰਿਆ ਮੈਨੂੰ ਜ਼ਮੀਨ ਦੀ ਲੋੜ ਨੀ। ਜਦੋਂ ਤੂੰ ਮਰਜੀ ਕਾਗਜ ਪੱਤਰ ਬਣਾ ਲੈ ਤੇ ਮੈਂ ਸਾਈਨ ਕਰ ਦੂੰ।’

‘ਆਪਣੇ ਪਿੰਡ ਦੇ ਈ ਦੋ ਤਿੰਨ ਘਰ ਤਾਂ ਦੋਂਹ ਦੋਂਹ ,ਚਹੁੰ-ਚਹੁੰ ਕਿੱਲਿਆਂ ਕਰਕੇ ਇਕ ਦੂਜੇ ਨਾਲ ਮੂੰਹ ਵਿੰਗੇ ਕਰੀ ਫਿਰਦੇ ਆ। ਤੇਰੀ ਸ਼ਾਬਾਸ਼ੇ ਪਰ ਮੈਂ ਕੋਈ ਕਾਗਜ਼ ਨੀ ਬਣਾਉਣਾ। ਮੈਂ ਤਾਂ ਤੈਨੂੰ ਕਹਿਣ ਵਾਲਾ ਸੀ ਬਈ ਜੋ ਤੂੰ ਠੇਕਾ ਲੈਣਾ ਲੈ ਲਿਆ ਕਰ। ਅਸੀਂ ਸਾਰਿਆਂ ਨੇ ਇਹੋ ਫੈਸਲਾ ਕੀਤਾ ਸੀ।’

‘ਤਾਰਿਆ ਮੈਂ ਜ਼ਮੀਨ ਕਰਨੀ ਕੀ ਆ? ਰਾਜੂ ਨੇ ਆ ਕੇ ਵਾਹੁਣੀ ਨੀ। ਰਾਜੂ ਤਾਂ ਕੀ ਵਾਹੁਣੀ ਤਾਂ ਮੈਂ ਨੀ। ਮੈਨੂੰ ਖਾਣ ਜੋਗੀ ਪੈਨਸ਼ਨ ਮਿਲ ਜਾਇਆ ਕਰਨੀ ਆ। ਰਾਜੂ ਆਵਦਾ ਸੁਹਣਾ ਕਮਾਉਂਦਾ। ਲਾਲਚ ਦਾ ਤਾਂ ਕੋਈ ਅੰਤ ਨੀ।’

ਉਹ ਗੱਲਾਂ ਕਰਦੇ ਇਕ ਦੂਜੇ ਦੇ ਹੋਰ ਵੀ ਨੇੜੇ ਮਹਿਸੂਸ ਕਰਨ ਲੱਗੇ। ਇਮਾਨਦਾਰੀ ਤੇ ਨਿਸ਼ਕਾਮ ਪਿਆਰ ਨੇ ਉਹਨਾਂ ਵਿਚ ਅਣਮੁੱਲੀ ਨੇੜਤਾ ਪੈਦਾ ਕਰ ਦਿੱਤੀ ਸੀ।

‘ਇਕ ਕੰਮ ਮੈਂ ਕਰਨਾ ਚਾਹੁੰਨਾ। ਆਪਣੇ ਪਿੰਡ ’ਚੋਂ ਕੋਈ ਗਰੀਬ ਬੱਚਾ ਜਿਹੜਾ ਪੜ੍ਹਨ ਵਾਲਾ ਹੋਵੇ ਉਹਦੀ ਕਾਲਜ ਦੀ ਪੜ੍ਹਾਈ ਦਾ ਖਰਚਾ ਮੈਂ ਕਰੂੰ। ਹਰੇਕ ਸਾਲ ਇਕ ਬੱਚਾ ਚੁਣ ਲਿਆ ਕਰਨਾ। ਤਿੰਨ ਚਾਰ ਬੱਚੇ ਹੋਣਗੇ। ਏਨੇ ਕੁ ਪੈਸੇ ਮੈਂ ਖਰਚ ਸਕਦਾਂ।

ਇਕ ਖਿਆਲ ਰੱਖੀਂ ਆਪਾਂ ਤੇਰ-ਮੇਰ ਤੇ ਪਾਰਟੀਬਾਜ਼ੀ ਵਿਚ ਨੀ ਪੈਣਾ।'

'ਆਹ ਤਾਂ ਬਹੁਤ ਚੰਗਾ ਕੰਮ ਆ। ਇਕ ਕੰਮ ਹੋਰ ਆ ਕਰਨ ਆਲਾ ਜੇ ਤੂੰ ਗੁੱਸਾ ਨਾ ਕਰੇਂ।'

'ਉਹ ਕੀ?' ਸ਼ੇਰਾ ਹੈਰਾਨੀ ਨਾਲ ਉਸ ਵੱਲ ਵੇਖਣ ਲੱਗਿਆ।

'ਤੇਰਾ ਵੱਡਾ ਸਾਲਾ ਵਾਹਵਾ ਬਿਮਾਰ ਆ। ਕੈਂਸਰ ਦਸਦੇ ਆ। ਘਰੋਂ ਉਹ ਕਮਜੋਰ ਆ। ਆਖਰ ਆਪਣੀ ਰਿਸ਼ਤੇਦਾਰੀ ਸੀ ਤੇ ਦੇਖੀਏ ਤਾਂ ਅਜੇ ਵੀ ਨੀ ਮੁੱਕੀ। ਕੁਸ ਕਰ ਸਕਦਾਂ ਤੇ ਠੀਕ ਸਮਝੇਂ ਤਾਂ ਉਹਦੀ ਮਦਦ ਕਰ। ਬਹੁਤ ਲੋੜਵੰਦ ਆ। ਤਿੰਨ ਕੁੜੀਆਂ ਭਮੇਂ ਅੱਜ ਵਿਆਹ ਦੇਣ।'

ਸ਼ੇਰਾ ਸੋਚਣ ਲੱਗਾ। ਬਹੁਤ ਕੁਝ ਉਸ ਦੇ ਮਨ-ਮਸਤਕ ਵਿਚੋਂ ਦੀ ਗੁਜ਼ਰ ਗਿਆ। ਕੌੜੀਆਂ ਮਿੱਠੀਆਂ ਯਾਦਾਂ ਇਕ ਵਾਰ ਮੁੜ ਕੇ ਤਾਜ਼ਾ ਹੋ ਗਈਆਂ।

'ਆਪਣੀ ਮਦਦ ਉਹਨਾਂ ਨੇ ਲੈਣੀ ਨੀ।'

'ਪਤੈ। ਤੂੰ ਰਾਜੂ ਦੇ ਨਾਂ ਤੇ ਭੇਜ ਦੇਵੇਂ ਤਾਂ ਸ਼ਾਇਦ ਉਹ ਨਾਂਹ ਨੀ ਕਰਨਗੇ।'

ਸਾਰੀ ਰਾਤ ਸ਼ੇਰੇ ਦੇ ਮਨ ਵਿਚ ਕਿੰਨਾ ਕੁਝ ਚਲਦਾ ਰਿਹਾ। ਅਖੀਰ ਉਸ ਨੇ ਫੈਸਲਾ ਕਰ ਲਿਆ ਤੇ ਉਸ ਨੂੰ ਸਵੇਰੇ ਜਿਹੇ ਗੂੜ੍ਹੀ ਨੀਂਦ ਆ ਗਈ।

***

ਸ਼ੇਰੇ ਦੀ ਫਲਾਈਟ ਦੁਪਹਿਰ ਬਾਅਦ ਲੱਗੀ ਤੇ ਉਸ ਨੇ ਅੰਦਰੋਂ ਹੀ ਨਾਜਰ ਨੂੰ ਫ਼ੋਨ ਕਰ ਦਿੱਤਾ। ਰਾਜੂ ਚਲਦੇ ਹਫ਼ਤੇ ਕੰਮ 'ਤੇ ਹੋਣਾ ਸੀ। ਨਾਜਰ ਦੇ ਆਉਣ ਤੱਕ ਉਸ ਨੇ ਸਮਾਨ ਲੈ ਕੇ ਬਾਹਰ ਨਿਕਲ ਜਾਣਾ ਸੀ ਤੇ ਨਾਜਰ ਨੇ ਉਸ ਨੂੰ ਏਅਰਪੋਰਟ ਟਰਮੀਨਲ ਦੇ ਬਾਹਰੋਂ ਹੀ ਗੱਡੀ ਵਿਚ ਬਹਾ ਲੈਣਾ ਸੀ। ਨਾਜਰ ਤੋਂ ਪਹਿਲਾਂ ਸ਼ੇਰਾ ਬਾਹਰ ਨਿਕਲ ਆਇਆ ਤੇ ਉਸ ਨੂੰ ਦਸ ਕੁ ਮਿੰਟ ਉਡੀਕਣਾ ਪਿਆ। ਦੋਵੇਂ ਦੋਸਤ ਨਿੱਘ ਅਤੇ ਮੋਹ ਨਾਲ ਮਿਲੇ ਤੇ ਘਰ ਨੂੰ ਚੱਲ ਪਏ। ਰਾਹ ਵਿਚ ਸੁੱਖ-ਸਾਂਦ ਤੇ ਪਿੰਡ ਦੀਆਂ ਗੱਲਾਂ ਦੇ ਨਾਲ ਹੀ ਪੰਜਾਬ ਦੀਆਂ ਗੱਲਾਂ ਵੀ ਚਲਦੀਆਂ ਰਹੀਆਂ। ਨਾਜਰ ਉਸ ਨੂੰ ਦੁਕਾਨ 'ਤੇ ਹੀ ਲੈ ਗਿਆ।

ਦਫ਼ਤਰ ਵਿਚ ਬੈਠ ਕੇ ਉਹਨਾਂ ਨੇ ਖੁੱਲ੍ਹ ਕੇ ਪੰਜਾਬ ਦੀ ਹਾਲਤ ਤੇ ਸ਼ੇਰੇ ਦੇ ਪਰਿਵਾਰ ਬਾਰੇ ਗੱਲਾਂ ਕੀਤੀਆ। ਰਾਜੂ ਤੇ ਪੈਵ ਹੋਰਾਂ ਦੀ ਸੁੱਖ-ਸਾਂਦ ਤੇ ਕੰਮਾਂ ਧੰਦਿਆਂ ਦੀਆਂ ਗੱਲਾਂ ਕਰਦੇ ਰਹੇ।

'ਜੇ ਮੈਨੂੰ ਘਰ ਛੱਡ ਆਵੇਂ ਤਾਂ ਮੈਂ ਇਸ਼ਨਾਨ ਕਰਨਾ ਚਾਹੁੰਨਾ। ਜੇ ਕੋਈ ਕੰਮ ਆ ਤਾਂ ਕੋਈ ਕਾਹਲੀ ਵੀ ਨੀ।' ਸ਼ੇਰੇ ਨੂੰ ਆਪਣਾ ਆਪ ਸਵੱਛ ਨਹੀਂ ਸੀ ਲੱਗ ਰਿਹਾ।

'ਆਹੋ ਚੱਲ। ਆਪਾਂ ਦੁੱਧ ਬਰੈਡ ਬਗੈਰਾ ਚੁੱਕ ਲਈਏ। ਨਹੀਂ ਤਾਂ ਸਵੇਰੇ ਫੇਰ ਤੈਨੂੰ ਭੱਜਣਾ ਪੈਣਾ। ਰੋਟੀ ਆਥਣ ਨੂੰ ਐਧਰ ਈ ਖਾ ਲੀਂ।' ਨਾਜਰ ਨੇ ਉਸ ਨੂੰ ਸੱਦਾ ਦਿੱਤਾ।

'ਇਕ ਹੋਰ ਗੱਲ ਕਰਨੀ ਸੀ ਤੇਰੇ ਨਾਲ। ਰਾਜੂ ਦਾ ਵੱਡਾ ਮਾਮਾ ਬਮਾਰ ਆ।

ਸੁਣਿਆ ਹਾਲਤ ਮਾੜੀ ਈ ਆ। ਜੇ ਤੂੰ ਉਹਨੂੰ ਫ਼ੋਨ ਕਰੇਂ ਤੇ ਕਹੀਂ ਬਈ ਰਾਜੂ ਨੇ ਪੈਸੇ ਭੇਜਣ ਨੂੰ ਕਿਹਾ ਤਾਂ ਸ਼ੈਂਤ ਉਹ ਪੈਸੇ ਲੈ ਲੈਣ। ਮੈਂ ਕੱਲ੍ਹ ਕਲੋਤਰ ਨੂੰ ਪੈਸੇ ਤੈਨੂੰ ਫੜਾ ਜੂੰ।' ਸ਼ੇਰੇ ਨੇ ਨਾਜਰ ਨਾਲ ਅੱਖ ਮਿਲਾਉਣ ਤੋਂ ਬਿਨਾਂ ਹੀ ਕਿਹਾ।

ਕੁਝ ਦੇਰ ਚੁੱਪ ਪੱਸਰੀ ਰਹੀ।

'ਉਹਦਾ ਨੰਬਰ ਹੈਗਾ ਤਾਂ ਆਪਾਂ ਹੁਣੇ ਗੱਲ ਕਰ ਲੈਨੇ ਆਂ।'

ਸ਼ੇਰੇ ਨੇ ਉਸ ਅੱਗੇ ਆਪਣੀ ਫ਼ੋਨ ਨੰਬਰਾਂ ਵਾਲੀ ਜੇਬੀ ਡਾਇਰੀ ਕੱਢ ਕੇ ਰੱਖ ਦਿੱਤੀ।

ਨਾਜਰ ਨੇ ਫ਼ੋਨ ਘੁੰਮਾਇਆ। ਤਿੰਨ ਚਾਰ ਵਾਰ ਕੋਸ਼ਿਸ਼ ਕਰਨ ਬਾਅਦ ਫ਼ੋਨ ਮਿਲ ਗਿਆ। ਅੱਗੋਂ ਕਿਸੇ ਨੇ ਫ਼ੋਨ ਚੁੱਕਿਆ ਤਾਂ ਨਾਜਰ ਨੇ ਆਪਣਾ ਨਾਂ ਦੱਸਿਆ।

'ਐਥੇ ਆਏ ਵੇ ਆਂ ਬਾਈ ਜੀ।'

'ਨਹੀਂ ਜੀ। ਮੈਨੂੰ ਤਾਂ ਥੋਡੇ ਪਿੰਡ ਆਲਾ ਬਲਬੀਰ ਮਿਲਿਆ ਸੀ। ਉਹਨੇ ਦੱਸਿਆ ਬਈ ਤੁਸੀਂ ਢਿੱਲੇ ਆਂ। ਮੈਂ ਰਾਜੂ ਨੂੰ ਫ਼ੋਨ 'ਤੇ ਦੱਸਿਆ ਤਾਂ ਉਹ ਕਹਿੰਦਾ ਮੇਰੇ ਵੱਲੋਂ ਮਦਦ ਲਈ ਪੈਸੇ ਭੇਜ ਦਿਉ। ਮੈਂ ਪੁੱਛਣਾ ਸੀ ਬਈ ਪੈਸੇ ਬੈਂਕ ਰਾਹੀ ਭੇਜੀਏ ਕੁ ਬਲੈਕ 'ਚ ਠੀਕ ਆ।'

'ਬਾਈ ਜੀ ਰਾਜੂ ਦੀ ਬਹੁਤ ਸ਼ਾਬਾਸ਼ੇ। ਆਵਦਾ ਲਹੂ ਆਵਦਾ ਈ ਹੁੰਦਾ। ਉਹਨੂੰ ਕਿਹੋ ਕਦੇ ਗੱਲ ਈ ਕਰ ਲੇ। ਪੈਸੇ ਤਾਂ ਬਲੈਕ 'ਚ ਈ ਭੇਜ ਦੇਵੇ। ਸਾਡੇ ਕੋਲ ਬੈਂਕ 'ਚ ਰੱਖਣ ਜੋਗੇ ਹੁੰਦੇ ਈ ਨੀ। ਬੈਂਕ ਖਾਤਾ ਕੀ ਕਰਨਾ। ਪਰ ਆਪ ਨਾ ਔਖਾ ਹੋਵੇ।'

ਨਾਜਰ ਨੇ ਉਸ ਦੀ ਬਿਮਾਰੀ ਦੀਆਂ ਗੱਲਾਂ ਕੀਤੀਆਂ ਤਾਂ ਉਹ ਵੀ ਉਦਾਸ ਹੋ ਗਿਆ। ਸ਼ੇਰੇ ਦੇ ਇਸ ਫੈਸਲੇ ਨੇ ਉਸ ਦੇ ਦਿਲ ਵਿਚ ਸ਼ੇਰੇ ਲਈ ਹੋਰ ਵੀ ਥਾਂ ਬਣਾ ਦਿੱਤੀ ਸੀ। ਪੈਸੇ ਭੇਜਣ ਲਈ ਕਹਿ ਕੇ ਉਹ ਘਰ ਆ ਗਏ।

'ਹੁਣ ਰਾਜੂ ਨੂੰ ਕਿਵੇਂ ਦੱਸਣਾ?' ਸ਼ੇਰੇ ਨੇ ਪੁੱਛਿਆ।

'ਉਹਦੇ ਨਾਲ ਮੈਂ ਪ੍ਰੀਤੋ ਨੂੰ ਕਹੂੰ ਗੱਲ ਕਰਨ ਨੂੰ। ਤੂੰ ਬੇਸੰਸ ਹੋ ਜਾ।' ਸ਼ੇਰਾ ਸੱਚੀਂ ਬੇਫਿਕਰ ਹੋ ਗਿਆ ਸੀ।

ਸ਼ਾਮ ਨੂੰ ਉਹ ਨਾਜਰ ਵੱਲ ਚਲਾ ਗਿਆ। ਕੁਝ ਦੇਰ ਉਹ ਬੈਠੇ ਰਹੇ ਤੇ ਰਾਜੂ ਆਇਆ ਤਾਂ ਸ਼ੇਰੇ ਨੂੰ ਦੇਖ ਕੇ ਹੈਰਾਨ ਜਿਹਾ ਹੋ ਗਿਆ। ਉਸ ਨੇ ਸ਼ੇਰੇ ਨਾਲ ਹੱਥ ਮਿਲਾਇਆ ਤੇ ਚਾਚੇ ਦਾ ਹਾਲ ਚਾਲ ਪੁੱਛਿਆ।

'ਤੈਨੂੰ ਬਹੁਤ ਯਾਦ ਕਰਦੇ ਸੀ। ਕਹਿੰਦੇ ਸੀ ਮੁੰਡੇ ਦਾ ਵਿਆਹ ਕਰਨਾ ਤੇ ਰਾਜੂ ਨੂੰ ਜਰੂਰ ਬਰ ਜਰੂਰ ਸੱਦਣਾ।'

ਰਾਜੂ ਥੋੜੀ ਦੇਰ ਉਹਨਾਂ ਕੋਲ ਬੈਠਾ ਰਿਹਾ ਤੇ ਫਿਰ ਉੱਠ ਕੇ ਚਲਾ ਗਿਆ। ਸ਼ੇਰੇ ਨੇ ਵੀ ਨੀਂਦ ਦਾ ਬਹਾਨਾ ਲਗਾ ਕੇ ਜਲਦੀ ਖਾਣਾ ਖਾ ਲਿਆ ਤੇ ਘਰ ਆ ਗਿਆ।

ਉਸ ਦੇ ਜਾਣ ਬਾਅਦ ਰਾਜੂ ਤੇ ਪ੍ਰੀਤੋ ਆ ਬੈਠੇ। ਨਾਜਰ ਨੇ ਸ਼ੇਰੇ ਦੇ ਬੱਚਿਆਂ ਦੀ ਪੜ੍ਹਾਈ ਅਤੇ ਮਾਮੇ ਦੀ ਮਦਦ ਵਾਲੀ ਗੱਲ ਕੀਤੀ ਤਾਂ ਪ੍ਰੀਤੋ ਹੈਰਾਨ ਜਿਹੀ ਉਸ ਵੱਲ

ਵੇਖਣ ਲੱਗੀ। ਰਾਜੂ ਨੂੰ ਜਿਵੇਂ ਯਕੀਨ ਨਾ ਆਇਆ ਹੋਵੇ। ਨਾਜਰ ਕੁਝ ਕਹਿਣਾ ਚਾਹੁੰਦਾ ਸੀ ਪਰ ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ।

'ਬੀਤਿਆ ਟੈਮ ਤਾਂ ਨੀ ਹੱਥ ਆਉਂਦਾ ਹੁੰਦਾ। ਚਲੋ ਉਹਨੇ ਚੰਗੇ ਪਾਸੇ ਪੈਰ ਤਾਂ ਪੱਟਿਆ।' ਨਾਜਰ ਦੀ ਥਾਂ ਪ੍ਰੀਤੋ ਬੋਲੀ।

'ਗੁੱਸਾ ਬੰਦੇ ਨੂੰ ਬੇ-ਬਾਹਰਾ ਕਰ ਦਿੰਦਾ। ਤਾਂ ਈ ਤਾਂ ਬਾਣੀ 'ਚ ਲਿਖਿਆ ਬਈ ਕ੍ਰੋਧ ਮਾੜਾ।' ਨਾਜਰ ਨੇ ਟੋਣਾ ਲਾਇਆ।

'ਜੇ ਕੋਈ ਪਿੰਡ ਦੇ ਗਰੀਬ ਬੱਚਿਆਂ ਦੀ ਪੜ੍ਹਾਈ ਬਾਰੇ ਪ੍ਰੋਜੈਕਟ ਸ਼ੁਰੂ ਕੀਤਾ ਤਾਂ ਇਹ ਮਾਸੀ ਦੇ ਨਾਂ 'ਤੇ ਕੀਤਾ ਜਾਵੇ ਤਾਂ ਮੈਂ ਵੀ ਹਿੱਸਾ ਪਾਉਣ ਨੂੰ ਤਿਆਰ ਆਂ। ਉਹਦੇ ਨਾਂ 'ਤੇ ਟਰੱਸਟ ਬਣਾ ਲਿਆ ਜਾਵੇ।' ਰਾਜੂ ਗੰਭੀਰ ਮੁਦਰਾ ਵਿਚ ਬੋਲਿਆ।

'ਆਹ ਤਾਂ ਬਹੁਤ ਚੰਗੀ ਗੱਲ ਹੋਊ। ਤੂੰ ਆਪ ਡੈਡੀ ਨਾਲ ਗੱਲ ਕਰ।' ਨਾਜਰ ਨੇ ਰਾਇ ਦਿੱਤੀ।

ਪਰ ਰਾਜੂ ਅਜੇ ਚੁੱਪ ਸੀ।

ਸਕੌਟ ਨੇ ਘੜੀ ਵੇਖੀ। ਜੈਕੀ ਦੀ ਕੋਈ ਈ ਮੇਲ ਨਹੀਂ ਸੀ ਆਈ।

# 30

ਜੈਕੀ ਲਈ ਦਿਨ ਬਹੁਤਾ ਰੁਝੇਵੇਂ ਭਰਿਆ ਨਹੀਂ ਸੀ। ਚਲਦੇ ਹਫ਼ਤੇ ਕਲੱਬ ਵਿਚ ਗਾਹਕ ਘੱਟ ਆਉਂਦੇ ਹੋਣ ਕਰਕੇ ਬਹੁਤੀ ਭੱਜ-ਨੱਠ ਨਹੀਂ ਸੀ। ਅੱਜ ਦਾ ਦਿਨ ਕਿਸੇ ਕਾਰਨ ਬਹੁਤ ਮੰਦੇ ਵਾਲਾ ਸੀ ਜਿਵੇਂ ਗਾਹਕਾਂ ਨੇ ਹੜਤਾਲ ਕਰ ਦਿੱਤੀ ਹੋਵੇ। ਜੈਕੀ ਅਜਿਹੇ ਸਮੇਂ ਹੋਰ ਵੀ ਚੇਤੰਨ ਹੋ ਜਾਂਦੀ। ਅੱਜ ਵੀ ਉਸ ਨੂੰ ਟੌਮ ਦੀਆਂ ਅੱਖਾਂ ਵਿਚ ਇਕ ਖਾਸ ਕਿਸਮ ਦੀ ਵਾਰਤਾ ਪੜ੍ਹਨ ਨੂੰ ਮਿਲ ਰਹੀ ਸੀ। ਜੈਕੀ ਨੇ ਆਪਣੀ ਲੁਕਵੀਂ ਜੇਬ ਵਿਚ ਟੇਜ਼ਰ ਨੂੰ ਹੱਥ ਲਾ ਕੇ ਤਸੱਲੀ ਕੀਤੀ। ਭਾਂਵੇਂ ਇਸ ਨੂੰ ਉਸ ਨੇ ਆਖਰੀ ਹਥਿਆਰ ਵਜੋਂ ਹੀ ਵਰਤਣਾ ਸੀ।

'ਆ ਜਾ ਲਿੰਡਾ ਕੰਮ ਤਾਂ ਹੈ ਨੀ। ਆਹ ਲੈ ਵਾਈਨ ਦਾ ਗਲਾਸ ਪੀ ਲੈ।' ਟੌਮ ਦੇ ਬੁੱਲ੍ਹਾਂ 'ਤੇ ਅਦਿੱਖ ਜਿਹੀ ਮੁਸਕਰਾਹਟ ਸੀ।

'ਤੇਰੀ ਮਿਹਰਬਾਨੀ ਪਰ ਮੈਂ ਵਾਈਨ ਨਹੀਂ ਪੀਣੀ। ਮੈਂ ਜੂਸ ਲੈ ਲੈਨੀ ਆਂ।'

ਉਸ ਨੇ ਜੂਸ ਦੀ ਬੰਦ ਬੋਤਲ ਖੋਲ੍ਹ ਲਈ। ਉਹ ਟੌਮ 'ਤੇ ਯਕੀਨ ਨਹੀਂ ਸੀ ਕਰ ਸਕਦੀ। ਉਸ ਨੂੰ ਡਰ ਸੀ ਕਿਤੇ ਉਹ ਕੋਈ ਚੀਜ਼ ਵਾਈਨ ਵਿਚ ਮਿਲਾ ਕੇ ਨਾ ਦੇ ਦੇਵੇ ਤੇ ਉਸ ਨੂੰ ਬੇਹੋਸ਼ ਕਰ ਕੇ ਮਨ ਮਰਜ਼ੀ ਕਰ ਲਵੇ।

'ਮੈਂ ਤੈਨੂੰ ਕੁਸ ਕਹਿਣਾ ਸੀ।'

'ਬੋਲ।'

'ਦੇਖ ਲਿੰਡਾ, ਮੈਂ ਤੈਨੂੰ ਬਹੁਤ ਪਸੰਦ ਕਰਦਾਂ ਤੇ ਤੈਨੂੰ ਦਿਲੋਂ ਚਾਹੁੰਨਾ। ਏਸ ਕਰਕੇ ਹੀ ਮੈਂ ਤੇਰੇ ਲਈ ਵਾਈਨ ਲੈ ਕੇ ਆਇਆ ਸੀ।'

'ਟੌਮ ਸੁਣ, ਮੈਂ ਤੈਨੂੰ ਇਕ ਗੱਲ ਸਾਫ਼ ਕਰ ਦਿਆਂ। ਮੇਰੀ ਕਿਸੇ ਵੀ ਮਰਦ ਵਿਚ ਕੋਈ ਦਿਲਚਸਪੀ ਨਹੀਂ। ਆਦਮੀ ਮੈਨੂੰ ਚੰਗੇ ਨਹੀਂ ਲਗਦੇ। ਮੈਂ ਆਪਣੀ ਪਿਆਰੀ ਮਿੱਤਰ ਮਰੀਆ ਬਿਨਾਂ ਕਿਸੇ ਹੋਰ ਬਾਰੇ ਕਦੇ ਸੋਚਿਆ ਹੀ ਨਹੀਂ। ਮੇਰਾ ਖਿਆਲ ਹੈ ਅੱਜ ਬਾਅਦ ਇਸ ਸਬੰਧੀ ਕੋਈ ਹੋਰ ਗੱਲ ਕਰਨ ਦੀ ਲੋੜ ਨਹੀਂ।'

ਉਸ ਨੇ ਪੂਰੇ ਸਵੈ-ਵਿਸ਼ਵਾਸ਼ ਨਾਲ ਗੱਲ ਕੀਤੀ ਸੀ ਤੇ ਟੌਮ ਉਸ ਵੱਲ ਵੇਖਦਾ ਹੀ ਰਹਿ ਗਿਆ। ਕੁਝ ਪਲ ਉਸ ਨੂੰ ਕੋਈ ਗੱਲ ਨਾ ਆਉੜੀ।

'ਇਹ ਮਰੀਆ ਨੂੰ ਕਦੇ ਵੇਖਿਆ ਨੀ, ਨਾ ਈ ਤੂੰ ਇਹਦੇ ਬਾਰੇ ਕਦੇ ਕੋਈ ਗੱਲ ਕੀਤੀ।'

'ਮੈਂ ਤੇ ਮਰੀਆਂ ਕਈ ਸਾਲਾਂ ਤੋਂ ਇਕੱਠੀਆਂ ਰਹਿ ਰਹੀਆਂ ਤੇ ਸਾਡੇ ਪਿਆਰ ਸਬੰਧ ਵੀ ਓਨੇ ਸਾਲ ਹੀ ਪੁਰਾਣੇ ਐ। ਮਰੀਆ ਦਾ ਸ਼ੌਂਕ ਮਾਰਸ਼ਲ ਆਰਟ ਐ ਤੇ ਉਹ ਕਿਸੇ ਨਾ ਕਿਸੇ ਟੂਰਨਾਮੈਂਟ ਵਿਚ ਹਿੱਸਾ ਲੈਂਦੀ ਹੀ ਰਹਿੰਦੀ ਐ। ਇਸ ਵੇਲੇ ਉਹ ਇਟਲੀ ਗਈ ਹੋਈ ਆ। ਇਕ ਅੱਧ ਦਿਨ ਵਿਚ ਵਾਪਿਸ ਆ ਜਾਵੇਗੀ।'

ਜੈਕੀ ਨੂੰ ਇਹ ਸਭ ਅਚਾਨਕ ਸੁਝਿਆ ਸੀ। ਅੰਦਰੋਂ ਉਹ ਖ਼ੁਸ਼ ਸੀ ਤੇ ਉਸ ਨੂੰ ਉਮੀਦ ਸੀ ਟੌਮ ਹੁਣ ਉਸ ਵਿਚ ਕੋਈ ਦਿਲਚਸਪੀ ਨਹੀਂ ਲਵੇਗਾ। ਟੌਮ ਚੁੱਪ ਚਾਪ ਬੈਠਾ ਉਸ ਵੱਲ ਨੀਝ ਲਗਾ ਕੇ ਵੇਖ ਰਿਹਾ ਸੀ। ਪਿਛਲੇ ਦਰਵਾਜ਼ੇ ਵਿਚੋਂ ਦੀ ਬੌਬ ਦਾਖਲ ਹੁੰਦਾ ਹੋਇਆ ਦਿਸਿਆ ਤਾਂ ਜੈਕੀ ਉੱਠ ਖੜ੍ਹੀ ਹੋਈ। ਉਸ ਨੂੰ ਵੇਖ ਕੇ ਟੌਮ ਵੀ ਖੜ੍ਹਾ ਹੋ ਗਿਆ। ਉਸ ਨੇ ਬੌਬ ਨਾਲ ਹੱਥ ਮਿਲਾਇਆ ਤੇ ਜੈਕੀ ਨੇ ਹੈਲੋ ਕਿਹਾ।

'ਕੀ ਗੱਲ ਹੋਈ। ਕਲੱਬ ਤਾਂ ਖਾਲੀ ਹੀ ਪਈ ਆ ਅੱਜ।'

'ਪਤਾ ਨੀ ਲੋਕ ਕਿਧਰ ਮਰ ਗਏ ਆ ਅੱਜ।' ਟੌਮ ਨੇ ਆਪਣੀ ਖਿੱਝ ਜ਼ਾਹਰ ਕੀਤੀ।

'ਬੌਬ ਪੀਣ ਨੂੰ ਲਿਆਵਾਂ ਕੁਝ?'

'ਵਿਸਕੀ।'

ਉਹ ਕਾਊਂਟਰ ਦੇ ਪਿਛਲੇ ਪਾਸੇ ਵਿਸਕੀ ਲੈਣ ਚਲੀ ਗਈ। ਉਸ ਦੇ ਕੰਨ ਬੌਬ ਵੱਲ ਸਨ। ਉਹ ਗਲਾਸਾਂ ਦਾ ਖੜਾਕ ਵੀ ਨਹੀਂ ਕਰ ਰਹੀ ਸੀ। ਬੌਬ ਤੇ ਟੌਮ ਤਾਂ ਅੱਖਾਂ ਵਿਚ ਹੀ ਇਕ ਦੂਜੇ ਨੂੰ ਸੁਨੇਹਾ ਦੇ ਦਿੰਦੇ ਸਨ। ਉਸ ਨੇ ਬੌਬ ਨੂੰ ਵਿਸਕੀ ਲਿਆ ਫੜਾਈ।

ਬੌਬ ਵਿਸਕੀ ਦਾ ਪੈਗ ਲੈ ਕੇ ਲਿਫਟ ਵੱਲ ਚੱਲਿਆ ਤਾਂ ਪਿੱਛੇ ਹੀ ਟੌਮ ਤੁਰ ਪਿਆ। ਉਹ ਉਸ ਦੇ ਦਫ਼ਤਰ ਵਿਚ ਪਹੁੰਚ ਗਏ।

'ਕਿਵੇਂ ਫੇਰ ਲਿੰਡਾ ਨਾਲ ਗੱਲ ਬਣੀ ਨੀ।'

'ਨਹੀਂ ਕਹਿੰਦੀ ਬੰਦੇ ਮੈਨੂੰ ਪਸੰਦ ਨੀ ਤੇ ਉਹਦੇ ਕੋਲ ਮਰੀਆ ਨਾਂ ਦੀ ਕੋਈ ਕੁੜੀ ਹੈਗੀ।'

'ਬੰਦੇ ਦਾ ਇਹਨੇ ਸੁਆਦ ਨੀ ਵੇਖਿਆ ਹੋਣਾ।' ਬੌਬ ਦੇ ਬੁੱਲ੍ਹਾਂ 'ਤੇ ਵਿਅੰਗਮਈ ਮੁਸਕਰਾਹਟ ਸੀ।

'ਕੋਈ ਨੀ ਕਿਤੇ ਨਾ ਕਿਤੇ ਤਾਂ ਮੌਕਾ ਬਣੂੰ ਈ।' ਟੌਮ ਨੇ ਦੂਰ ਦੀ ਸੋਚੀ ਲਗਦੀ ਸੀ।

'ਖੈਰ ਅਜੇ ਆਪਣੇ ਕੋਲ ਸੋਚਣ ਵਾਲੀ ਗੱਲ ਆ ਕਿ ਲੰਡਨ ਤੋਂ ਬਾਹਰਲੀ ਨਸ਼ੇ ਦੀ ਮੰਗ ਨੂੰ ਕਿਵੇਂ ਪੂਰਾ ਕੀਤਾ ਜਾਵੇ?' ਬੌਬ ਨੇ ਸੋਚਦਿਆਂ ਗੰਭੀਰਤਾ ਨਾਲ ਉਸ ਵੱਲ ਵੇਖਿਆ।

'ਮੇਰੇ ਖਿਆਲ ਵਿਚ ਤਾਂ ਸਕੂਲ ਦੇ ਮੁੰਡਿਆਂ ਰਾਹੀਂ ਪੁਚਾਉਣ ਦਾ ਸਭ ਤੋਂ ਘੱਟ ਖਤਰਨਾਕ ਢੰਗ ਹੈ। ਹੁਣ ਤਾਂ ਹੋਰ ਵੀ ਢੰਗ ਕੱਢ ਲਿਆ। ਲੰਡਨ ਦੇ ਬਹੁਤੇ ਡੀਲਰ ਇਹੋ ਢੰਗ ਵਰਤਣ ਲੱਗੇ ਆ।'

'ਉਹ ਕਿਹੜਾ?' ਬੌਬ ਨੇ ਹੈਰਾਨ ਹੁੰਦਿਆਂ ਪੁੱਛਿਆ।

'ਮਾਲ ਨੂੰ ਸਰੀਰ ਵਿਚ ਲਕੋਇਆ ਜਾਵੇ। ਬੈਗ ਤੇ ਜੇਬਾਂ ਪੁਲੀਸ ਫਰੋਲੀ ਜਾਵੇ, ਕੁਸ ਲੱਭਣਾ ਈ ਨੀ।'

'ਸਰੀਰ 'ਚ ਕਿਵੇਂ?

'ਕੁਦਰਤ ਨੇ ਹਰ ਕਿਸੇ ਨੂੰ ਇਕ ਗਲੀ ਦਿੱਤੀ ਐ ਤੇ ਕੁੜੀਆਂ ਤਾਂ ਹੋਰ ਵੀ ਫਾਇਦੇਮੰਦ ਐ। ਉਹ ਦੁਗਣਾ ਸਟਾਕ ਲਕੋ ਸਕਦੀਆਂ।' ਟੌਮ ਨੇ ਸ਼ਰਾਰਤ ਨਾਲ

ਮੁਸਕਰਾਉਂਦਿਆਂ ਜਵਾਬ ਦਿੱਤਾ।

'ਤੇ ਪੈਸੇ ਵੀ ਰੋਲ ਕਰਕੇ ਉਵੇਂ ਈ ਲਕੋ ਲੈਂਦੇ ਐ?'

'ਹੋਰ ਕੀ। ਕੋਈ ਸਬੂਤ ਮਿਲਦਾ ਈ ਨੀ।'

ਬੌਬ ਨੂੰ ਇਸ ਢੰਗ ਦਾ ਪਤਾ ਸੀ। ਉਹ ਅਣਜਾਣ ਤਾਂ ਕਿਸੇ ਗੱਲ ਤੋਂ ਹੈ ਈ ਨਹੀਂ ਸੀ।

'ਨਵੇਂ ਸਕੂਲੀ ਬੱਚਿਆਂ ਨੂੰ ਤਿਆਰ ਕਰਨ ਦੀ ਕਿੰਨੀ ਕੁ ਸਮੱਸਿਆ ਐ?'

'ਖਾਸ ਕਿਸਮ ਦੇ ਘਰੇਲੂ ਹਾਲਾਤ ਵਾਲੇ ਲੋੜਵੰਦ ਬਥੇਰੇ ਬੱਚੇ ਮਿਲ ਜਾਂਦੇ ਐ। ਬੱਸ ਥੋੜਾ ਧਿਆਨ ਰੱਖਣ ਦੀ ਲੋੜ ਆ।'

'ਹੁਣ ਤਾਂ ਵੈਸੇ ਡਰੋਨ ਵੀ ਵਰਤ ਸਕਦੇ ਆਂ। ਪਰ ਇਹਦੇ ਲਈ ਹਰ ਥਾਂ ਠੀਕ ਨਹੀਂ। ਮੈਂ ਇਸ ਤਕਨੀਕ ਨੂੰ ਹੋਰ ਸੁਰੱਖਿਅਤ ਕਰਨ ਲਈ ਮਾਹਰਾਂ ਨੂੰ ਕਿਹਾ ਹੋਇਆ।'

'ਪੋਲੈਂਡ ਤੋਂ ਫ਼ੋਨ ਆਇਆ ਸੀ। ਦੋਵੇਂ ਕਿਸਮ ਦੀਆਂ ਡਲਿਵਰੀਆਂ ਜਲਦੀ ਮਿਲਣ ਦੀ ਆਸ ਐ। ਮੇਰੇ ਖਿਆਲ 'ਚ ਜੇ ਮੈਂ ਲਿੰਡਾ ਨੂੰ ਨਾਲ ਲੈ ਜਾਵਾਂ ਤਾਂ ਇਹ ਕੁੜੀਆਂ ਨੂੰ ਲੈ ਆਵੇ ਤੇ ਬਾਕੀ ਦਾ ਸਟਾਕ ਮੈਂ ਲੈ ਆਊਂ। ਵੈਸੇ ਵੀ ਆਏਂ ਲੱਗੂ ਜਿਵੇਂ ਅਸੀਂ ਜੋੜਾ ਹੋਈਏ। ਸ਼ੱਕ ਘੱਟ ਹੋਊ।'

'ਪਰ ਉਹ ਜਾਣ ਨੂੰ ਮੰਨ ਜਾਊ?'

'ਜੇ ਤੂੰ ਕਹੇਂ ਤਾਂ ਉਹ ਨਾਂਹ ਨੀ ਕਰਨ ਲੱਗੀ ਨਾਲੇ ਲਾਲਚ ਨਾਲ ਤਾਂ ਮੰਨ ਈ ਜਾਊ।'

'ਠੀਕ ਆ ਤੂੰ ਉਹਨੂੰ ਭੇਜ ਏਥੇ।'

ਕੁਝ ਦੇਰ ਬਾਅਦ ਲਿੰਡਾ ਇਕ ਹੋਰ ਵਿਸਕੀ ਬਣਾ ਕੇ ਟਰੇਅ ਵਿਚ ਰੱਖੀ ਬੌਬ ਦੇ ਦਫ਼ਤਰ ਵਿਚ ਦਾਖਲ ਹੋ ਗਈ।

'ਲਿੰਡਾ ਤੇਰੇ ਘਰ ਦਾ ਕੀ ਬਣਿਆ?'

'ਘਰ ਤਾਂ ਪੈਸਿਆਂ ਨਾਲ ਹੀ ਆਉਣਾ ਤੇ ਏਨੇ ਪੈਸੇ ਮੇਰੇ ਕੋਲ ਅਜੇ ਹੈ ਨੀ।'

'ਤੈਨੂੰ ਪੈਸੇ ਬਣਾਉਣ ਦਾ ਮੈਂ ਮੌਕਾ ਦੇ ਸਕਦਾਂ, ਜੇ ਤੂੰ ਤਿਆਰ ਐਂ ਤਾਂ।'

ਲਿੰਡਾ ਨੇ ਉਸ ਵੱਲ ਅੱਖਾਂ ਗੱਡ ਕੇ ਵੇਖਿਆ।

'ਪੋਲੈਂਡ ਜਾਣਾ ਤੇ ਦੋ ਕੁ ਕੜੀਆਂ ਨੂੰ ਤੈਂ ਲੈ ਕੇ ਆਉਣਾ।'

'ਕਦੋਂ ਜਾਣਾ ਹੋਊ?'

'ਏਨੀ ਕਾਹਲੀ ਨਾ ਚੱਲ। ਕੁਝ ਦਿਨਾਂ ਦੀ ਗੱਲ ਐ। ਤੇਰੇ ਨਾਲ ਟੌਮ ਵੀ ਜਾਊ। ਤੁਸੀਂ ਜਿਵੇਂ ਪਤੀ ਪਤਨੀ ਜਾਂ ਤੇਰੇ ਬੁਆਏ ਫਰਿੰਡ ਦਾ ਬਹਾਨਾ ਕਰਨਾ ਤਾਂ ਕਿ ਕਿਸੇ ਨੂੰ ਸ਼ੱਕ ਨਾ ਹੋਵੇ।'

'ਨਹੀਂ ਬੌਬ ਮੈਂ ਉਸ ਨਾਲ ਨਹੀਂ ਜਾ ਸਕਦੀ। ਉਸ 'ਤੇ ਮੈਨੂੰ ਯਕੀਨ ਨਹੀਂ। ਮੇਰਾ ਨਹੀ ਖਿਆਲ ਉਹ ਮੇਰੇ ਨਾਲ ਠੀਕ ਵਰਤਾਅ ਕਰੂ।' ਉਸ ਨੇ ਚਿਹਰੇ 'ਤੇ ਉਦਾਸੀ ਲਿਆਉਂਦਿਆਂ ਕਿਹਾ।

'ਤੇਰੇ ਨਾਲ ਉਹ ਕੋਈ ਗਲਤ ਵਰਤਾਅ ਨਹੀਂ ਕਰਨ ਲੱਗਾ। ਅਸਲ 'ਚ ਉਹਨੇ ਵੀ ਕੁਝ ਮਾਲ ਲੈ ਕੇ ਆਉਣਾ। ਇਸ ਲਈ ਉਸ ਦਾ ਜਾਣਾ ਜ਼ਰੂਰੀ ਆ।'

'ਬੌਬ, ਜੇ ਤੂੰ ਉਸ ਦੇ ਚੰਗੇ ਤੇ ਸੱਭਿਆ ਵਰਤਾਅ ਦੀ ਜੁੰਮੇਵਾਰੀ ਲੈ ਸਕਦਾਂ ਤਾਂ ਮੈਂ ਚਲੀ ਜਾਊਂ।'

'ਤੂੰ ਰੱਤੀ ਭਰ ਫਿਕਰ ਨਾ ਕਰ ਤੇ ਤਿਆਰੀ ਰੱਖੀਂ।' ਕਹਿੰਦਿਆਂ ਉਸ ਨੇ ਵਿਸਕੀ ਇਕ ਸਾਹ ਹੀ ਪੀ ਲਈ ਤੇ ਲਿੰਡਾ ਨੇ ਹਾਂ ਵਿਚ ਸਿਰ ਹਿਲਾਇਆ ਤੇ ਨੀਚੇ ਆ ਗਈ।

ਉਸ ਨੇ ਸਕੌਟ ਨੂੰ ਸਾਰੀ ਜਾਣਕਾਰੀ ਵੀ ਦੇਣੀ ਸੀ ਤੇ ਉਸ ਵੇਲੇ ਉਹ ਰਾਜੂ ਬਾਰੇ ਸੋਚ ਰਿਹਾ ਸੀ।

## 31

ਰਾਜੂ ਟਰੇਡ ਯੂਨੀਅਨ ਕਨੂੰਨ ਦਾ ਮਾਹਰ ਵਕੀਲ ਸੀ। ਜਿਸ ਫਰਮ ਵਿਚ ਉਹ ਕੰਮ ਕਰਦਾ ਸੀ ਉਹ ਟਰੇਡ ਯੂਨੀਅਨਾਂ ਦੇ ਸਰਕਾਰ ਜਾਂ ਕੰਪਨੀਆਂ ਨਾਲ ਚਲਦੇ ਝਗੜਿਆਂ ਦੀ ਅਦਾਲਤ ਵਿਚ ਨੁਮਾਇੰਦਗੀ ਕਰਦੀ ਸੀ। ਬ੍ਰਿਟੇਨ ਯੂਰਪੀਨ ਯੂਨੀਅਨ ਦਾ ਮੈਂਬਰ ਹੋਣ ਕਰਕੇ ਕਦੀ ਕੋਈ ਕੇਸ ਯੂਰਪ ਦੀ ਅਦਾਲਤ ਵਿਚ ਲੈ ਜਾਣੇ ਪੈਂਦੇ।

ਅੱਸੀਵਿਆਂ ਵਿਚ ਸਰਮਾਏਦਾਰੀ ਦੀ ਚਹੇਤੀ ਸਰਕਾਰ ਦੇ ਹੱਥ ਬ੍ਰਿਟੇਨ ਦੀ ਵਾਗਡੋਰ ਆ ਗਈ। ਸਭ ਤੋਂ ਪਹਿਲਾਂ ਉਹਨਾਂ ਨੇ ਟਰੇਡ ਯੂਨੀਅਨ ਦੀਆਂ ਤਾਕਤਾਂ ਘਟਾਉਣ ਲਈ ਕਨੂੰਨ ਬਣਾਉਣੇ ਸ਼ੁਰੂ ਕੀਤੇ। ਉਹਨਾਂ ਦਾ ਪ੍ਰਚਾਰ ਸੀ ਕਿ ਜਦ ਯੂਨੀਅਨਾਂ ਹੜਤਾਲ ਕਰ ਦਿੰਦੀਆਂ ਹਨ ਤਾਂ ਉਸ ਕਾਰਨ ਆਮ ਲੋਕਾਂ ਨੂੰ ਬਹੁਤ ਤਕਲੀਫ ਤੇ ਬੇਅਰਾਮੀ ਦਾ ਸਾਹਮਣਾ ਕਰਨਾ ਪੈਂਦਾ। ਦੇਸ਼ ਦੀ ਆਰਥਿਕਤਾ ਦਾ ਵੀ ਨੁਕਸਾਨ ਹੁੰਦਾ ਜਿਸ ਦੀ ਭਰਪਾਈ ਕਰਨ ਲਈ ਆਮ ਲੋਕਾਂ ਨੂੰ ਟੈਕਸ ਵੱਧ ਦੇਣਾ ਪੈਂਦਾ ਜਾਂ ਉਹਨਾਂ ਦੀਆਂ ਸਹੂਲਤਾਂ ਨੂੰ ਘਟਾਉਣਾ ਪੈਂਦਾ। ਪਾਰਲੀਮੈਂਟ ਵਿਚ ਉਸ ਪਾਰਟੀ ਦਾ ਬਹੁਮੱਤ ਹੋਣ ਕਰਕੇ ਉਹਨਾਂ ਨੂੰ ਕੋਈ ਵੀ ਕਨੂੰਨ ਪਾਸ ਕਰਾਉਣ ਵਿਚ ਕੋਈ ਸਮੱਸਿਆ ਨਹੀਂ ਸੀ।

ਇਹਨਾਂ ਦਿਨਾਂ ਵਿਚ ਹੀ ਖਾਣ-ਮਜ਼ਦੂਰਾਂ ਦੀ ਹੜਤਾਲ ਵੀ ਚੱਲ ਰਹੀ ਸੀ। ਕੁਝ ਦੇਰ ਪਹਿਲਾਂ ਸਰਕਾਰ ਨੇ ਇਕ ਵੱਡੀ ਕੋਇਲਾ ਖਾਣ ਬੰਦ ਕਰ ਦੇਣ ਦਾ ਐਲਾਨ ਕੀਤਾ ਸੀ ਜਿਸ ਨਾਲ ਬਹੁਤ ਸਾਰੇ ਮਜ਼ਦੂਰਾਂ ਦੀਆਂ ਨੌਕਰੀਆਂ ਖਤਮ ਹੋ ਜਾਣੀਆਂ ਸਨ। ਖਾਣਾਂ ਦੇ ਨੇੜੇ ਦੇ ਪਿੰਡ ਤਾਂ ਇਹਨਾਂ ਖਾਣਾਂ ਦੀਆਂ ਨੌਕਰੀਆਂ ’ਤੇ ਹੀ ਨਿਰਭਰ ਕਰਦੇ ਸਨ। ਖਾਣ-ਮਜ਼ਦੂਰਾਂ ਨੇ ਹੜਤਾਲ ਕਰਨ ਦੀ ਧਮਕੀ ਦਿੱਤੀ ਤਾਂ ਸਰਕਾਰ ਚੁੱਪ ਕਰ ਗਈ। ਕੋਇਲਾ ਬਿਜਲੀ ਪੈਦਾ ਕਰਨ ਲਈ ਬਹੁਤ ਜ਼ਰੂਰੀ ਸੀ ਤੇ ਸਰਕਾਰ ਨੂੰ ਪਤਾ ਸੀ ਜਾਂ ਤਾਂ ਖਾਣ-ਮਜ਼ਦੂਰਾਂ ਦੀਆਂ ਮੰਗਾ ਮੰਨਣੀਆਂ ਪੈਣਗੀਆਂ ਨਹੀਂ ਤਾਂ ਗੌਰਮਿੰਟ ਵੀ ਟੁੱਟ ਸਕਦੀ ਸੀ।

ਆਉਣ ਵਾਲੇ ਸਮੇਂ ਵਿਚ ਸਰਕਾਰ ਨੇ ਖਾਣ-ਮਜ਼ਦੂਰਾਂ ਦੀ ਹੜਤਾਲ ਰੋਕਣ ਲਈ ਕਈ ਕਦਮ ਉਠਾਏ। ਸਭ ਤੋਂ ਪਹਿਲਾਂ ਇਕ ਕਨੂੰਨ ਬਣਾਇਆ ਕਿ ਮਜ਼ਦੂਰਾਂ ਦੀਆਂ ਵੋਟਾਂ ਕਰਾ ਕੇ ਹੜਤਾਲ ਦੀ ਇਜਾਜ਼ਤ ਲੈਣੀ ਜ਼ਰੂਰੀ ਹੋਵੇਗੀ। ਸਿਰਫ ਕਮੇਟੀ ਹੀ ਹੜਤਾਲ ਦਾ ਫੈਸਲਾ ਨਹੀਂ ਕਰ ਸਕੇਗੀ। ਅਜਿਹਾ ਕਰਕੇ ਹੜਤਾਲ ਦੀ ਪ੍ਰਕਿਰਿਆ ਨੂੰ ਲੰਬਾ ਕਰਕੇ ਮਜ਼ਦੂਰਾਂ ਵਿਚ ਪਾੜਾ ਪਾਉਣ ਦਾ ਯਤਨ ਕੀਤਾ ਗਿਆ। ਦੂਸਰਾ ਸਰਕਾਰ ਨੇ ਆਪਣੇ ਆਪ ਨੂੰ ਲੰਬੇ ਸਮੇਂ ਦੀ ਲੜਾਈ ਲਈ ਤਿਆਰ ਕਰ ਲਿਆ। ਲੋੜ ਪੈਣ ’ਤੇ ਕੋਇਲਾ ਪ੍ਰਾਪਤ ਕਰਨ ਲਈ ਦਰਾਮਦ ਦੇ ਸਾਧਨ ਪੈਦਾ ਕਰ

ਲਏ। ਫਿਰ ਸਾਲ ਕੁ ਬਾਅਦ ਸਰਕਾਰ ਨੇ ਉਸ ਖਾਣ ਨੂੰ ਬੰਦ ਕਰਨ ਦਾ ਐਲਾਨ ਕਰ ਦਿੱਤਾ। ਮਜ਼ਦੂਰਾਂ ਨੇ ਹੜਤਾਲ ਕਰ ਦਿੱਤੀ। ਕੁਝ ਖਾਣਾਂ ਵਿਚ ਵੋਟਾਂ ਦੀ ਪ੍ਰਕਿਰਿਆ ਵੱਲ ਧਿਆਨ ਨਾ ਦਿੱਤਾ ਗਿਆ। ਸਰਕਾਰ ਨੇ ਅਦਾਲਤ ਵਿਚ ਕੇਸ ਕਰ ਦਿੱਤਾ। ਇਸ ਕੇਸ ਸਬੰਧੀ ਰਾਜੂ ਆਪਣੇ ਸਾਥੀ ਵਕੀਲਾਂ ਨਾਲ ਮੀਟਿੰਗਾਂ ਵਿਚ ਰੁਝਿਆ ਰਹਿੰਦਾ।

ਇਕ ਦਿਨ ਉਹ ਘਰ ਨੂੰ ਜਾ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਬੱਸ ਸਟਾਪ ’ਤੇ ਖੜ੍ਹੇ ਮਾਸਟਰ ਜੀ ਵੱਲ ਗਈ। ਉਸ ਨੇ ਕਾਰ ਰੋਕ ਕੇ ਉਹਨਾਂ ਨੂੰ ਕਾਰ ਵਿਚ ਬੈਠਣ ਲਈ ਆਵਾਜ਼ ਮਾਰ ਲਈ। ਉਹ ਕਾਰ ਵਿਚ ਆ ਬੈਠੇ।

‘ਆਹ ਤਾਂ ਰਾਜੂ ਰੰਗ ਲਾਤੇ ਤੂੰ। ਅੱਜ ਤਾਂ ਬੱਸਾਂ ਈ ਭਰੀਆਂ ਆਉਂਦੀਆਂ। ਪਤਾ ਨੀ ਲੋਕ ਕਿੱਧਰ ਨੂੰ ਚੱਲੇ ਆ। ਪਰ ਤੂੰ ਅੱਜ ਏਧਰ ਕਿਵੇਂ?’ ਰਾਜੂ ਦਾ ਦਫ਼ਤਰ ਇਸ ਪਾਸੇ ਨਹੀਂ ਸੀ ਪੈਂਦਾ।

‘ਸਾਡੀ ਮੀਟਿੰਗ ਸੀ ‘ਹੈਟਨ ਕਰਾਸ’ ਖਾਣਾਂ ਦੀ ਹੜਤਾਲ ਬਾਰੇ।’

‘ਸਰਕਾਰ ਹੈਗੀ ਸਰਮਾਏਦਾਰੀ ਦੀ। ਲੋਕਾਂ ਬਾਰੇ ਤਾਂ ਸੋਚਦੀ ਈ ਨੀ। ਐਨੇ ਮਜ਼ਦੂਰ ਕਿੱਧਰ ਨੂੰ ਜਾਣਗੇ ਭਲਾ?’ ਮਾਸਟਰ ਦੇ ਬੋਲਾਂ ਵਿਚ ਕ੍ਰੋਧ ਦਾ ਅੰਸ਼ ਮੌਜੂਦ ਸੀ।

‘ਜਾਣਾ ਕਿੱਥੇ ਆ ਜੀ ਸੋਸ਼ਲ ਸਕਿਉਰਟੀ ਤੇ ਬੇਰੁਜ਼ਗਾਰੀ ਭੱਤਾ ਲੈਣਾ ਪਊ।’ ਰਾਜੂ ਨੇ ਸੁਭਾਵਕ ਹੀ ਕਿਹਾ।

‘ਹਰ ਰੋਜ਼ ਇਹ ਕੋਈ ਨਾ ਕੋਈ ਨਵਾਂ ਸ਼ੋਸ਼ਾ ਛੱਡ ਦਿੰਦੇ ਐ। ਪੈਨਸ਼ਨ ’ਤੇ ਭੱਤਿਆਂ ’ਚ ਮਹਿੰਗਾਈ ਦੇ ਹਿਸਾਬ ਨਾਲ ਵਾਧਾ ਨਹੀਂ ਕਰਦੇ। ਕਈ ਇਕਲਾਪੇ ਬਜ਼ੁਰਗ ਤਾਂ ਪੈਸਿਆਂ ਦੀ ਘਾਟ ਕਰਕੇ ਘਰ ਵੀ ਗਰਮ ਨਹੀਂ ਕਰ ਸਕਦੇ। ਹੁਣ ਆਹ ਭੱਤਿਆਂ ’ਤੇ ਵੀ ਆਮਦਨ ਕਰ ਲਾਉਣਾ ਸ਼ੁਰੂ ਕਰਨ ਲੱਗੇ ਆ। ਅਸਲ ਤਾਂ ਇਹਨਾਂ ਨੂੰ ਸੋਸ਼ਲ ਸਕਿਉਰਟੀ ਮਜਬੂਰੀ ਵਿਚ ਹੀ ਸ਼ੁਰੂ ਕਰਨੀ ਪਈ। ਜਦੋਂ ਇਹਨਾਂ ਨੇ ਦੂਜੀ ਸੰਸਾਰ ਜੰਗ ਬਾਅਦ ਵੇਖਿਆ ਕਿ ਲੋਕ ਸਮਾਜਵਾਦ ਵੱਲ ਝੁਕ ਰਹੇ ਹਨ ਤਾਂ ਇਹਨਾਂ ਨੂੰ ਇਹ ਅੱਕ ਚੱਬਣਾ ਪਿਆ।’

‘ਪਰ ਅੰਕਲ ਜੀ ਸਮਾਜਵਾਦ ਵੱਲ ਲੋਕ ਝੁਕਣ ਕਿਉਂ ਲੱਗੇ ਸੀ?’

‘ਯੂਰਪ ਵਿਚ ਸੋਵੀਅਤ ਯੂਨੀਅਨ ਹੀ ਇਕ ਅਜਿਹਾ ਦੇਸ਼ ਸੀ ਜਿਥੇ ਸਿਹਤ ਸੇਵਾਵਾਂ, ਵਿਦਿਆ ਬਗੈਰਾ ਮੁਫ਼ਤ ਸੀ। ਬੇਰੁਜ਼ਗਾਰੀ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਲੋਕਾਂ ਦਾ ਰਹਿਣ-ਸਹਿਣ ‘ਜ਼ਾਰ’ ਦੇ ਸਮੇਂ ਤੋਂ ਕਿਤੇ ਚੰਗਾ ਹੋ ਗਿਆ ਸੀ। ਹਿਟਲਰ ਨੂੰ ਹਰਾਉਣ ਵਿਚ ਸੋਵੀਅਤ ਯੂਨੀਅਨ ਦਾ ਵੱਡਾ ਯੋਗਦਾਨ ਸੀ। ਸੰਸਾਰ ਜੰਗ ਬਾਅਦ ਇਹ ਖ਼ਬਰਾਂ ਬਾਹਰ ਆਉਣ ਲੱਗੀਆਂ ਸਨ। ਪਹਿਲਾਂ ਤਾਂ ਸੋਵੀਅਤ ਸੰਘ ਨੂੰ ਇਹਨਾਂ ਨੇ ਮਾਣਤਾ ਈ ਨੀ ਦਿੱਤੀ। ਜਦੋਂ ਲੋਕਾਂ ਦਾ ਝੁਕਾਅ ਦੇਖਿਆ ਤਾਂ ਇਹਨਾਂ ਨੇ ਵੀ ਸਹੂਲਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ।’

ਗੱਡੀ ਸ਼ਾਮ ਦੇ ਟਰੈਫਿਕ ਵਿਚ ਫਸੀ ਹੋਈ ਸੀ। ਰਾਜੂ ਨੂੰ ਮਾਸਟਰ ਦਾ ਨਾਲ ਹੋਣਾ

ਚੰਗਾ ਲੱਗ ਰਿਹਾ ਸੀ। ਇਕ ਤਾਂ ਗੱਲਾਂ-ਬਾਤਾਂ ਲਈ ਉਸ ਨੂੰ ਸਾਥ ਮਿਲ ਗਿਆ ਸੀ। ਵੈਸੇ ਵੀ ਮਾਸਟਰ ਸਦਾ ਕੰਮ ਅਤੇ ਗਿਆਨ ਦੀ ਗੱਲ ਹੀ ਕਰਦਾ। ਫਜ਼ੂਲ ਗੱਲਾਂ ਕਰਨ ਦਾ ਉਸ ਦਾ ਸੁਭਾਅ ਨਹੀਂ ਸੀ।

'ਪਰ ਹੁਣ ਤਾਂ ਇਥੋਂ ਦੇ ਕੀ ਯੂਰਪ ਦੇ ਲੋਕ ਵੀ ਸਮਾਜਵਾਦ ਦੇ ਖਿਲਾਫ ਐ।'

'ਰਾਜੂ ਦੁਨੀਆਂ 'ਤੇ ਸਦਾ ਹੀ ਸਰਮਾਏਦਾਰੀ ਦਾ ਕੰਟਰੋਲ ਰਿਹਾ ਹੈ। ਸਰਮਾਏਦਾਰੀ ਸਾਧਨ ਸੰਪਨ ਹੋਣ ਕਰਕੇ ਸਮਾਜਵਾਦ ਦੇ ਉਲਟ ਪ੍ਰਚਾਰ ਕਰਦੀ ਰਹੀ ਹੈ ਤੇ ਹੁਣ ਵੀ ਕਰ ਰਹੀ ਆ। ਕੁਝ ਸਮਾਜਵਾਦੀ ਦੇਸ਼ਾਂ ਨੇ ਵੀ ਮੌਕੇ ਦਿੱਤੇ। ਡੈਮੋਕਰੇਸੀ ਦਾ ਦੁਨੀਆਂ 'ਚ ਬੋਲਬਾਲਾ ਐ। ਵੈਸੇ ਇਹ ਸਦਾ ਹੀ ਸਰਮਾਏਦਾਰੀ ਦੇ ਹੱਕ ਵਿਚ ਭੁਗਤਦੀ ਐ। ਕੋਈ ਪਾਰਟੀ ਵੀ ਪੈਸੇ ਬਿਨਾਂ ਚੱਲ ਨਹੀਂ ਸਕਦੀ ਤੇ ਨਾ ਹੀ ਚੋਣਾ ਜਿੱਤ ਸਕਦੀ ਹੈ। ਅਖਬਾਰਾਂ, ਟੀ ਵੀ ਗੱਲ ਕੀ ਕੁੱਲ ਮੀਡੀਏ ਤੇ ਸਰਮਾਏਦਾਰੀ ਦਾ ਗਲਬਾ ਐ। ਤੇਰੇ ਮੇਰੇ ਵਰਗਾ ਤਾਂ ਟੀ ਵੀ ਸਟੇਸ਼ਨ ਚਲਾ ਨਹੀਂ ਸਕਦਾ। ਜਿਸ ਦੇ ਹੱਕ ਵਿਚ ਮੀਡੀਆ ਭੁਗਤਦਾ ਉਹੀ ਪਾਰਟੀ ਚੋਣਾਂ ਜਿੱਤਦੀ ਐ।'

'ਹਾਂ ਜੀ ਇਹ ਤਾਂ ਠੀਕ ਆ ਪਰ ਸਮਾਜਵਾਦੀ ਦੇਸ਼ਾਂ ਨੇ ਕਿਵੇਂ ਇਹਨਾਂ ਨੂੰ ਮੌਕਾ ਦਿੱਤਾ?'

'ਉਹ ਪਹਿਲਾਂ ਤਾਂ ਦੇਸ਼ ਦੀ ਕੋਈ ਖ਼ਬਰ ਨੀ ਬਾਹਰ ਆਉਣ ਦਿੰਦੇ। ਲੋਕਾਂ ਦੇ ਮੂੰਹਾਂ 'ਤੇ ਜਿੰਦਰੇ ਲੱਗੇ ਹੋਏ ਆ। ਜਿਹੜਾ ਗੁਪਤਚਰ ਵਿਭਾਗ ਵਿਦੇਸ਼ੀ ਤੇ ਦੇਸੀ ਜਸੂਸਾਂ ਤੇ ਅਪਰਧੀਆਂ ਨੂੰ ਪਕੜਨ ਵਾਸਤੇ ਸੀ ਉਸ ਨੇ ਆਪਣੇ ਹੀ ਨਾਗਰਿਕਾਂ ਦੀ ਜਸੂਸੀ ਕਰਨੀ ਸ਼ੁਰੂ ਕਰ ਦਿੱਤੀ। ਲੋਕ ਡਰਨ ਲੱਗੇ ਤੇ ਚੁੱਪ ਰਹਿਣ ਲੱਗੇ। ਵੱਡੇ ਅਫਸਰਾਂ ਵਿਚ ਬਥੇਰੀ ਵੱਢੀਖੋਰੀ ਚਲਦੀ ਆ। ਵਿਰੋਧੀਆਂ ਨੂੰ ਕਹਿਣ ਦਾ ਮੌਕਾ ਮਿਲ ਗਿਆ ਕਿ ਸਮਾਜਵਾਦੀ ਦੇਸਾਂ ਵਿਚ ਕੋਈ ਆਪਣੇ ਵਿਚਾਰ ਖੁੱਲ੍ਹ ਕੇ ਨਸ਼ਰ ਨਹੀ ਕਰ ਸਕਦਾ।'

'ਅੰਕਲ ਜੀ ਇਹ ਗੱਲ ਤਾਂ ਠੀਕ ਈ ਲਗਦੀ ਆ।'

'ਮੈਂ ਤੇਰੇ ਨਾਲ ਸਹਿਮਤ ਆਂ। ਉਹਨਾਂ ਨੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦਾ ਨਾਹਰਾ ਦਿਤਾ। ਤਾਨਾਸ਼ਾਹੀ ਵਿਚ ਲੋਕਾਂ ਦੀ ਰਾਇ ਲਈ ਹੀ ਨਹੀਂ ਜਾਂਦੀ। ਇਕ ਪਾਰਟੀ ਰਾਜ ਬਾਰੇ ਵੀ ਕੁਝ ਵਿਚਾਰਨਾ ਚਾਹੀਦਾ ਸੀ। ਸਮੇਂ ਨਾਲ ਉਹਨਾਂ ਨੂੰ ਬਦਲਣ ਦੀ ਲੋੜ ਸੀ। ਲੋਕਾਂ ਨੂੰ ਵਿਚਾਰ ਦੇਣ ਲਈ ਉਤਸ਼ਾਹਤ ਕਰਨਾ ਚਾਹੀਦਾ ਸੀ।'

'ਪਰ ਅੰਕਲ ਜੀ ਵੱਡੀ ਗੱਲ ਤਾਂ ਕਹਿੰਦੇ ਚੀਨ ਤੇ ਰੂਸ ਵਿਚ ਬਹੁਤ ਬੇਗੁਨਾਹ ਬੰਦੇ ਮਾਰੇ ਉਹਨਾਂ ਨੇ।'

'ਰਾਜੂ ਇਹ ਵੀ ਦੋਸ਼ ਲਗਦਾ। ਜਦੋਂ ਇਨਕਲਾਬ ਹੋਇਆ ਤਾਂ ਪੰਦਰਾਂ-ਸੋਲਾਂ ਸਾਲਾਂ ਤੋਂ ਵੱਧ ਉਮਰ ਦੇ ਲੋਕ ਤਾਂ ਖੁਦ ਦੀ ਮਾਲਕੀ ਵਾਲੇ ਸਮਾਜ ਵਿਚ ਰਹੇ ਹੀ ਸਨ ਤੇ ਮਾਲਕੀ ਉਹਨਾਂ ਲਈ ਮਾਣ ਅਤੇ ਗਰੂਰ ਦਾ ਸਾਧਨ ਸੀ। ਉਹਨਾਂ ਦੇ ਮਨਾਂ ਵਿਚੋ ਵਿਅੱਕਤੀਗਤ ਮਾਲਕੀ ਦਾ ਵਿਚਾਰ ਕੱਢਣ ਲਈ ਸਭਿਆਚਾਰਕ ਇਨਕਲਾਬ ਕੀਤਾ। ਪਰ ਉਸ ਦਾ ਅਮਲ ਸਹੀ ਨਹੀਂ ਹੋ ਸਕਿਆ ਤੇ ਲੋਕਾਂ ਦੇ ਕਤਲ ਤੇ ਕੈਦਾਂ ਦਾ ਸਿਲਸਿਲਾ

ਚੱਲਿਆ। ਇਹ ਸਟਾਲਨ ਦੇ ਜ਼ਮਾਨੇ ਵਿਚ ਵੀ ਵਾਪਰਿਆ ਤੇ ਮਾਓ ਦੇ ਵੀ।'

ਕਾਰਾਂ ਥੋੜੀਆਂ ਚੱਲਣ ਲੱਗੀਆਂ ਤਾਂ ਲਾਲ ਬੱਤੀਆਂ ਹੋ ਗਈਆਂ। ਲਾਲ ਬੱਤੀ ਤੇ ਖੜ੍ਹਿਆਂ ਮਾਸਟਰ ਨੇ ਚਾਰੇ ਪਾਸੇ ਵੇਖਿਆ ਜਿਵੇਂ ਹਵਾ ਵਿਚੋਂ ਆਪਣੀ ਸੋਚ ਦੇ ਹਰਫ ਫੜਨ ਦਾ ਯਤਨ ਕਰ ਰਿਹਾ ਹੋਵੇ। ਬੱਤੀਆਂ ਹਰੀਆਂ ਹੋਈਆਂ ਤਾਂ ਕਾਰ ਚੱਲ ਪਈ ਤੇ ਲਾਈਟਾਂ ਲੰਘ ਕੇ ਟਰੈਫਿਕ ਵੀ ਹਲਕਾ ਹੋ ਗਿਆ ਸੀ।

'ਵੈਸੇ ਤਾਂ ਸਰਮਾਏਦਾਰੀ ਨੇ ਆਪ ਕਿਹੜਾ ਘੱਟ ਗੁਜ਼ਾਰੀ ਐ। ਇਸੇ ਸਦੀ ਵਿਚ ਦੋ ਸੰਸਾਰ ਜੰਗਾਂ ਸਰਮਾਏਦਾਰੀ ਦੀ ਹੀ ਦੇਣ ਹਨ ਤੇ ਲੱਖਾਂ ਲੋਕਾਂ ਦਾ ਘਾਣ ਹੋਇਆ। ਹੁਣ ਵੀ ਕਿਸੇ ਨਾ ਕਿਸੇ ਖਿੱਤੇ ਵਿਚ ਇਹ ਸਿੰਗੜੀ ਖੜ੍ਹੀ ਰਖਦੇ ਆ। ਭਾਰਤ ਵਰਗੇ ਦੇਸ਼ਾਂ ਨੂੰ ਗੁਲਾਮ ਬਣਾ ਕੇ ਇਹਨਾਂ ਨੇ ਕਿੰਨੇ ਲੋਕਾਂ ਦਾ ਕਤਲ ਤੇ ਜੇਲ੍ਹਾਂ ਵਿਚ ਤੁੰਨਿਆ ਉਸ ਦੀ ਸਹੀ ਗਿਣਤੀ ਨਹੀਂ ਮਿਲ ਸਕਦੀ। ਫਾਂਸੀਆਂ ਤੇ ਚੜ੍ਹਾਉਣ ਲਈ ਕਾਲੇ ਕਨੂੰਨ ਬਣਾਏ। 1947 ਵਿਚ ਭਾਰਤ ਦੀ ਵੰਡ ਸਮੇਂ ਹੀ ਮਿਲੀਅਨ ਤੋਂ ਵੱਧ ਲੋਕ ਮਾਰੇ ਗਏ। ਇਹਨਾਂ ਦੀ ਪੈਸੇ ਲਈ ਹਵਸ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਗਰੀਬੀ ਤੇ ਭੁੱਖ ਮਰੀ ਦਾ ਸ਼ਿਕਾਰ ਬਣਾਇਆ। ਪਰ ਕੌਣ ਕਹੇ ਰਾਣੀ ਅੱਗਾ ਢਕ।'

ਗੱਲਾਂ ਕਰਦਿਆਂ ਉਹ ਮਾਸਟਰ ਦੇ ਘਰ ਅੱਗੇ ਜਾ ਰੁਕੇ।

'ਆ ਜਾ ਚਾਹ ਦਾ ਕੱਪ ਪੀ ਕੇ ਜਾਂਦਾ ਰਹੀਂ।'

'ਨਹੀਂ ਅੰਕਲ ਜੀ ਮੈਂ ਪਰਸੋਂ ਦਸ ਕੁ ਦਿਨਾਂ ਲਈ ਇੰਡੀਆ ਜਾਣਾ ਤੇ ਕਾਫੀ ਸਾਰਾ ਕੰਮ ਮੁਕਾਉਣਾ।'

'ਵਾਹ ਬਈ। ਦਿਲੀਉਂ ਕੌਣ ਲੈ ਕੇ ਜਾਊ। ਖਿਆਲ ਨਾਲ ਜਾਈਂ।'

'ਮੈਂ ਪਹਿਲਾਂ ਅਹਿਮਦਾਬਾਦ ਜਾਣਾ ਮੇਰੇ ਇਕ ਦੋਸਤ ਦਾ ਵਿਆਹ ਐ।' ਰਾਜੂ ਨੇ ਮਾਸਟਰ ਨਾਲ ਅੱਖਾਂ ਮਿਲਾਉਣ ਬਿਨਾਂ ਹੀ ਕਿਹਾ ਤੇ ਬਾਹਰ ਵੱਲ ਵੇਖਣ ਲੱਗਾ।

***

ਰਾਜੂ ਨਾਲ ਕੰਮ ਕਰਦੀ ਇਕ ਗੁਜਰਾਤੀ ਕੁੜੀ ਸ਼ੋਭਾ ਪਟੇਲ ਨਾਲ ਉਸ ਦੀ ਬਹੁਤ ਨੇੜਤਾ ਬਣ ਗਈ ਸੀ। ਉਸ ਕੁੜੀ ਨੇ ਫਰਮ ਬਦਲ ਲਈ ਤੇ ਕਿਸੇ ਹੋਰ ਕੰਪਨੀ ਵਿਚ ਕੰਮ ਕਰਨ ਲੱਗੀ। ਰਾਜੂ ਉਸ ਨੂੰ ਦੋ ਤਿੰਨ ਵਾਰ ਦਿਨ ਵਿਚ ਫ਼ੋਨ ਕਰਦਾ ਤੇ ਹਫ਼ਤੇ ਵਿਚ ਦੋ ਚਾਰ ਵਾਰ ਉਹ ਮਿਲਦੇ ਵੀ ਜ਼ਰੂਰ। ਪਰ ਸ਼ੋਭਾ ਜਦ ਉਸ ਨਾਲ ਭਵਿੱਖ ਬਾਰੇ ਗੱਲ ਚਲਾਉਂਦੀ ਤਾਂ ਰਾਜੂ ਜਿਵੇਂ ਸੁੰਨ ਹੋ ਜਾਂਦਾ। ਸ਼ੋਭਾ ਨੂੰ ਸ਼ੱਕ ਹੁੰਦੀ ਕਿ ਸ਼ਾਇਦ ਰਾਜੂ ਉਸ ਪ੍ਰਤੀ ਗੰਭੀਰ ਨਹੀਂ ਸੀ ਤੇ ਉਸ ਨਾਲ ਘਰ ਵਸਾਉਣ ਵਾਸਤੇ ਤਿਆਰ ਨਹੀਂ। ਜਦ ਸ਼ੋਭਾ ਉਸ ਦੇ ਫ਼ੋਨ ਦਾ ਜਵਾਬ ਨਾ ਦਿੰਦੀ ਤਾਂ ਉਹ ਉਸ ਦੇ ਦਫ਼ਤਰ ਅੱਗੇ ਪਹੁੰਚ ਜਾਂਦਾ ਤੇ ਸ਼ੋਭਾ ਨੂੰ ਨਾਲ ਲੈ ਕੇ ਹੀ ਉਥੋਂ ਤੁਰਦਾ। ਸ਼ੋਭਾ ਦੇ ਸਾਰੇ ਸ਼ੱਕ ਹਵਾ ਹੋ ਜਾਂਦੇ। ਉਹ ਓਦੋਂ ਤੱਕ ਆਪਣੇ ਮਾਂ-ਪਿਉ ਨਾਲ ਗੱਲ ਨਹੀਂ ਸੀ ਕਰ ਸਕਦੀ ਜਦੋਂ ਤੱਕ ਰਾਜੂ ਹਾਮੀ ਨਾ ਭਰਦਾ। ਵੈਸੇ ਉਸ ਦਾ ਪਰਿਵਾਰ ਪੜ੍ਹਿਆ ਲਿਖਿਆ ਤੇ ਖੁੱਲ੍ਹ-ਦਿਲਾ

ਸੀ। ਉਹਨਾਂ ਨੂੰ ਮਨਾਉਣ ਲਈ ਸ਼ੋਭਾ ਨੂੰ ਕੋਈ ਸਮੱਸਿਆ ਨਹੀਂ ਸੀ ਆਉਣੀ।

ਇਹਨੀ ਦਿਨੀ ਸ਼ੋਭਾ ਆਪਣੇ ਪਰਿਵਾਰ ਸਮੇਤ ਅਹਿਮਦਾਬਾਦ ਪਹੁੰਚੀ ਹੋਈ ਸੀ। ਉਹ ਉਸ ਦੇ ਚਾਚੇ ਦੇ ਮੁੰਡੇ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਆਏ ਸਨ। ਰਾਜੂ ਨੇ ਉਸ ਤੋਂ ਅਹਿਮਦਾਬਾਦ ਦਾ ਫ਼ੋਨ ਨੰਬਰ ਲੈ ਲਿਆ ਸੀ ਤੇ ਇਕ-ਦੋ ਵਾਰ ਉਸ ਨੂੰ ਫ਼ੋਨ ਕੀਤਾ ਵੀ ਸੀ। ਉਸ ਨੂੰ ਬਿਨਾਂ ਦੱਸੇ ਉਸ ਨੇ ਅਹਿਮਦਾਬਾਦ ਦੀ ਸੀਟ ਬੁੱਕ ਕਰਵਾ ਦਿੱਤੀ ਤੇ ਗਰੈਂਡ ਹੋਟਲ ਵਿਚ ਕਮਰਾ ਵੀ ਰਿਜ਼ਰਵ ਕਰ ਲਿਆ ਸੀ। ਘਰ ਵੀ ਉਸ ਨੇ ਆਪਣੇ ਦੋਸਤ ਦੇ ਵਿਆਹ ਦਾ ਹੀ ਬਹਾਨਾ ਲਗਾਇਆ ਸੀ।

ਰਾਤ ਅੱਧੀ ਬੀਤ ਚੁੱਕੀ ਸੀ ਜਦੋਂ ਰਾਜੂ ਟੈਕਸੀ ਰਾਹੀਂ ਗਰੈਂਡ ਹੋਟਲ ਪਹੁੰਚਿਆ। ਉਸ ਦਾ ਕਮਰਾ ਤਿਆਰ ਸੀ ਤੇ ਖਾਣ-ਪੀਣ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ। ਉਹ ਇਸ਼ਨਾਨ ਕਰ ਕੇ ਸੌਂ ਗਿਆ ਤੇ ਸਵੇਰੇ ਜਾਗ ਆਈ ਤਾਂ ਨੌਂ ਵੱਜ ਚੁੱਕੇ ਸਨ। ਉਹ ਰਿਸੈਪਸ਼ਨ ’ਤੇ ਗਿਆ ਤੇ ਟੈਲੀਫ਼ੋਨ ਕਰਨ ਦੀ ਬੇਨਤੀ ਕੀਤੀ।

‘ਹੈਲੋ।’ ਇਕ ਗੁਜਰਾਤੀ ਲਹਿਜੇ ਵਿਚ ਆਵਾਜ਼ ਸੁਣਾਈ ਦਿੱਤੀ।

‘ਸ਼ੋਭਾ ਨਾਲ ਗੱਲ ਕਰਨੀ ਸੀ।’

‘ਆਪ ਕੌਣ?’ ਉਸ ਦੀ ਪੰਜਾਬੀ ਸੁਣ ਕੇ ਸ਼ਾਇਦ ਅਗਲਾ ਜ਼ਰੂਰ ਹੈਰਾਨ ਹੋਇਆ ਹੋਵੇਗਾ।

‘ਮੈਂ ਉਸ ਨਾਲ ਕੰਮ ਕਰਦਾਂ ਤੇ ਮੇਰਾ ਨਾਮ ਰਾਜ ਹੈ।’

‘ਏਕ ਮਿੰਟ।’ ਕਹਿ ਕੇ ਫ਼ੋਨ ਦੇ ਰਸੀਵਰ ਨੂੰ ਮੇਜ਼ ’ਤੇ ਰੱਖਣ ਦੀ ਆਵਾਜ਼ ਸੁਣਾਈ ਦਿੱਤੀ।

ਕੁਝ ਮਿੰਟਾਂ ਬਾਅਦ ਸ਼ੋਭਾ ਦੀ ਉਨੀਂਦਰੀ ਆਵਾਜ਼ ਸੁਣਾਈ ਦਿੱਤੀ।

‘ਹੈਲੋ ਰਾਜ, ਸਬ ਠੀਕ ਤੋ ਹੈ ਨਾ।’

‘ਅਰੇ ਅਹਿਮਦਾਬਾਦ ਕਾ ਐਨਾ ਸੁੰਦਰ ਮੌਸਮ, ਠੀਕ ਤੋ ਹੈ ਹੀ।’

ਰਾਜੂ ਨੇ ਸਦਾ ਵਾਂਗ ਆਪਣੀ ਹਿੰਦੀ-ਪੰਜਾਬੀ ਵਿਚ ਜਵਾਬ ਦਿੱਤਾ। ਉਹ ਆਮ ਤਾਂ ਅੰਗਰੇਜ਼ੀ ਵਿਚ ਗੱਲ ਕਰਦੇ ਪਰ ਕਦੇ ਕਦੇ ਸ਼ੋਭਾ ਹਿੰਦੀ ਬੋਲਦੀ ਤਾਂ ਰਾਜੂ ਵੀ ਹਿੰਦੀ ਬੋਲਣ ਦੀ ਕੋਸ਼ਿਸ਼ ਕਰਦਾ।

‘ਕਿਆ ਬੋਲ ਰਹਾ ਹੈ। ਤੁਮਹੇਂ ਅਹਿਮਦਾਬਾਦ ਕੇ ਮੌਸਮ ਕਾ ਕੈਸੇ ਪਤਾ?’ ਸ਼ੋਭਾ ਹੈਰਾਨ ਸੀ।

‘ਅਰੇ ਮੈਂ ਗਾਂਧੀ ਪਲੇਸ ਮੇ ਗਰੈਂਡ ਹੋਟਲ ਕੇ ਸਿਕਸਟੀ ਵਨ ਨੰਬਰ ਕਮਰੇ ਵਿਚ ਆਂ ਤੇ ਰਾਤ ਆਇਆਂ। ਤੂੰ ਦੱਸ ਕਦੋਂ ਮਿਲ ਸਕਤੀ ਐਂ।’

‘ਹਾਫ ਐਨ ਆਵਰ ਐਂਡ ਇਫ ਯੂ ਆਰ ਨਾਟ ਦੇਅਰ ਆਈ ਵਿਲ ਕਿੱਲ ਯੂ।’

ਕਹਿ ਕੇ ਸ਼ੋਭਾ ਨੇ ਫ਼ੋਨ ਕੱਟ ਦਿੱਤਾ ਤੇ ਕੱਪੜੇ ਬਦਲ ਕੇ ਡਰਾਇਵਰ ਨੂੰ ਗਰੈਂਡ ਹੋਟਲ ਚੱਲਣ ਲਈ ਕਿਹਾ। ਉਹ ਦਿਲੋਂ ਖੁਸ਼ ਵੀ ਸੀ ਤੇ ਹੈਰਾਨ ਵੀ। ਉਸ ਦਾ ਦਿਲ

ਕਾਹਲਾ ਪਿਆ ਹੋਇਆ ਸੀ।

ਰਾਜੂ ਆਪਣੇ ਆਪ ਵਿਚ ਖੁਸ਼ ਸੀ। ਉਹ ਸੋਚਦਿਆਂ ਹੱਸਣ ਲੱਗਾ ਕਿ ਜੇ ਮੈਂ ਏਥੇ ਹੁੰਦਾ ਈ ਨੀ ਤਾਂ ਭਲਾ ਮੈਨੂੰ 'ਕਿੱਲ' ਕਿਵੇਂ ਕਰਦੀ।

ਅੱਧੇ ਘੰਟੇ ਤੋਂ ਪੰਜ ਕੁ ਮਿੰਟ ਬਾਅਦ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਿਆ। ਰਾਜੂ ਨੇ ਦਰਵਾਜ਼ਾ ਖੋਲ੍ਹਿਆ ਤੇ ਸ਼ੋਭਾ ਉਸ ਦੇ ਗਲੇ ਨੂੰ ਚਿੰਬੜ ਗਈ। ਉਹ ਜਿਵੇਂ ਉਸ ਦੇ ਗਲੇ ਨਾਲ ਝੂਟ ਰਹੀ ਹੋਵੇ ਤੇ ਉਹ ਓਵੇਂ ਹੀ ਜੱਫੀ ਵਿਚ ਕਸੇ ਬੈਡ 'ਤੇ ਢਹਿ ਪਏ।

'ਆਈ ਵਾਜ਼ ਨਾਟ ਐਕਸਪੈਕਟਿੰਗ ਯੂ ਐਟ ਆਲ।' ਉਸ ਨੇ ਭਰਵਾਂ ਚੁੰਮਣ ਦਿੰਦਿਆਂ ਕਿਹਾ।

'ਤੇਰੇ ਬਿਨਾਂ ਮੇਰਾ ਦਿਲ ਨਹੀਂ ਸੀ ਲਗਦਾ ਤੇ ਮੈਂ ਆ ਗਿਆ।' ਉਹਨਾਂ ਦੀ ਗਲਵਕੜੀ ਹੋਰ ਵੀ ਪੀਡੀ ਹੋ ਗਈ।

ਕਾਫੀ ਦੇਰ ਬਾਅਦ ਉਹ ਉੱਠੇ ਤੇ ਰਾਜੂ ਨੇ ਸ਼ੋਭਾ ਨੂੰ ਨਾਸ਼ਤਾ ਕਰਨ ਲਈ ਹੇਠਾਂ ਰੇਸਟੋਰੈਂਟ ਵਿਚ ਚੱਲਣ ਲਈ ਕਿਹਾ।

'ਨਹੀਂ ਗਾਡੀ ਬਾਹਰ ਹਮਾਰੀ ਵੇਟ ਕਰ ਰਹੀ ਹੈ ਔਰ ਹਮ ਘਰ ਚਲੇਂਗੇ ਅਭੀ।'

'ਪਰ ਮੇਰੇ ਬਾਰੇ ਕੀ ਕਹੇਂਗੀ?' ਰਾਜੂ ਥੋੜਾ ਫਿਕਰਮੰਦ ਸੀ।

'ਆਈ ਹੈਵ ਟੋਲਡ ਐਵਰੀਥਿੰਗ ਅਬਾਊਟ ਅੱਸ ਟੂ ਮਾਈ ਮੰਮ ਐਂਡ ਡੈਡ।'

'ਐਂਡ--?'

'ਲਿਸਨ ਇਟਸ ਮਾਈ ਲਾਈਫ ਐਂਡ ਆਈ ਵਿਲ ਮੇਕ ਮਾਈ ਡਸੀਜ਼ਿਨ। ਯੂ ਡੋਂਟ ਵਰੀ, ਕਮ ਆਣ।'

ਉਹ ਸ਼ੋਭਾ ਦੇ ਘਰ ਪਹੁੰਚੇ ਤਾਂ ਉਸ ਦੇ ਮਾਂ-ਬਾਪ ਨੇ ਉਸ ਦੀ ਆਉ-ਭਗਤ ਕੀਤੀ। ਉਸ ਦੇ ਬਾਕੀ ਰਿਸ਼ਤੇਦਾਰ ਵੀ ਖੁਸ਼ ਸਨ। ਰਾਜੂ ਕੁਝ ਦੇਰ ਵਿਚ ਹੀ ਉਹਨਾਂ ਨਾਲ ਘੁਲ ਮਿਲ ਗਿਆ ਸੀ। ਸ਼ੋਭਾ ਦਾ ਇਕ ਕਜ਼ਨ ਡਾਕਟਰ ਨਰੇਨ ਬਰਮਿੰਘਮ ਤੋਂ ਆਇਆ ਸੀ। ਉਸ ਨਾਲ ਰਾਜੂ ਦੀ ਕੁਝ ਜ਼ਿਆਦਾ ਹੀ ਮਿੱਤਰਤਾ ਹੋ ਗਈ।

ਸ਼ੋਭਾ ਵੀ ਉਹਨਾਂ ਕੋਲ ਆ ਬੈਠਦੀ ਤੇ ਕਦੀ ਔਰਤਾਂ ਵੱਲ ਚਲੀ ਜਾਂਦੀ। ਸ਼ਾਮ ਨੂੰ ਨਾਚ ਗਾਣਾ ਸ਼ੁਰੂ ਹੋਇਆ ਤਾਂ ਉਹ ਖੂਬ ਨੱਚੇ ਟੱਪੇ। ਗੁਜਰਾਤੀ ਭੋਜਨ ਦਾ ਉਸ ਨੇ ਦੋ ਤਿੰਨ ਵਾਰ ਲੰਡਨ ਵੀ ਸ਼ੋਭਾ ਨਾਲ ਸੇਵਨ ਕੀਤਾ ਸੀ ਪਰ ਅਹਿਮਦਾਬਾਦ ਦੇ ਭੋਜਨ ਦੇ ਸਵਾਦ ਦਾ ਅੰਤਰ ਸੀ।

ਵਿਆਹ ਵਿਚ ਵੀ ਰਾਜੂ ਨੇ ਪੂਰੀ ਹਾਜ਼ਰੀ ਲਗਵਾਈ। ਗੁਜਰਾਤੀ ਵਿਆਹ ਵਿਚ ਪੰਜਾਬੀ ਵਿਆਹ ਵਰਗੀ ਰੌਣਕ ਨਹੀਂ ਸੀ। ਸ਼ਰਾਬ-ਬੰਦੀ ਹੋਣ ਕਰਕੇ ਉਹ ਕੋਕ ਪੀ ਕੇ ਹੀ ਗੁਜ਼ਾਰਾ ਕਰ ਰਹੇ ਸਨ। ਵੈਸੇ ਵੀ ਰਾਜੂ ਸ਼ਰਾਬ ਦਾ ਬਹੁਤਾ ਸ਼ੌਕੀਨ ਨਹੀਂ ਸੀ। ਬੀਅਰ ਹੀ ਉਸ ਦੀ ਮਨਭਾਉਂਦੀ ਡਰਿੰਕ ਸੀ। ਪਰ ਸ਼ੋਭਾ ਦੇ ਸਾਥ ਵਿਚ ਸ਼ਰਾਬ ਦੀ ਉਸ ਨੂੰ ਲੋੜ ਹੀ ਨਹੀਂ ਸੀ। ਸ਼ੋਭਾ ਦੀ ਮੁਸਕਰਾਹਟ ਹੀ ਉਸ ਨੂੰ ਸਰੂਰ ਦੇ ਜਾਂਦੀ। ਉਸ

ਦੇ ਮਾਂ ਬਾਪ ਤੇ ਭਰਾ ਵੀ ਉਸ ਨਾਲ ਬਹੁਤ ਸਤਿਕਾਰ ਭਰਿਆ ਵਰਤਾਅ ਕਰ ਰਹੇ ਸਨ।

ਸ਼ੋਭਾ ਨੂੰ ਸਮਾਂ ਮਿਲਦਾ ਤਾਂ ਅਹਿਮਦਾਬਾਦ ਦੀ ਸੈਰ ਵੀ ਕਰਾ ਦਿੰਦੀ ਤੇ ਉਹ ਇਕੱਲ ਵਿਚ ਆਪਣਾ ਸਮਾਂ ਵੀ ਗੁਜ਼ਾਰ ਲੈਂਦੇ। ਸ਼ੋਭਾ ਨੂੰ ਕਹਿ ਕੇ ਉਸ ਨੇ ਚੰਡੀਗੜ੍ਹ ਦੀ ਸੀਟ ਬੁੱਕ ਕਰਵਾ ਦਿੱਤੀ ਤੇ ਫਲਾਈਟ ਦਿੱਲੀ ਤੋਂ ਬਦਲਣੀ ਪੈਣੀ ਸੀ। ਦਿੱਲੀ ਤੋਂ ਪੰਜਾਬ ਜਾਣ ਨਾਲੋਂ ਚੰਡੀਗੜ੍ਹ ਤੋਂ ਪਿੰਡ ਜਾਣਾ ਉਸ ਨੂੰ ਸੌਖਾ ਲਗਦਾ ਸੀ। ਆਪਣੇ ਚਾਚੇ ਨੂੰ ਉਸ ਨੇ ਚੰਡੀਗੜ੍ਹ ਪਹੁੰਚਣ ਲਈ ਕਹਿ ਦਿੱਤਾ।

ਵਿਆਹ ਤੋਂ ਚੌਥੇ ਦਿਨ ਰਾਜੂ ਦੀ ਫਲਾਈਟ ਸੀ। ਇਕ ਦਿਨ ਉਸ ਨੇ ਸ਼ੋਭਾ ਨਾਲ ਸੈਰ ਸਪਾਟਾ ਕਰਦਿਆਂ ਬਿਤਾਉਣਾ ਸੀ। ਉਸ ਨਾਲ ਸਮਾਂ ਗੁਜ਼ਾਰਨ ਦਾ ਨਸ਼ਾ ਜਿਹਾ ਉਸ ਨੂੰ ਪਹਿਲਾਂ ਹੀ ਮਹਿਸੂਸ ਹੋਣ ਲੱਗਾ।

ਸ਼ੋਭਾ ਅਗਲੇ ਦਿਨ ਦਸ ਕੁ ਵਜੇ ਨੂੰ ਪਹੁੰਚ ਗਈ। ਉਹ ਬਹੁਤ ਦੇਰ ਤੱਕ ਕਮਰੇ ਵਿਚ ਬੈਠੇ ਪਿਆਰ ਮੁਹੱਬਤ ਦੀਆਂ ਗੱਲਾਂ ਕਰਦੇ ਰਹੇ। ਲੰਚ ਦਾ ਸਮਾਂ ਹੋ ਗਿਆ ਸੀ ਤੇ ਸ਼ੋਭਾ ਨੇ ਘੜੀ ਦੇਖੀ। ਉੱਠਣ ਤੋਂ ਪਹਿਲਾਂ ਉਸ ਨੇ ਰਾਜੂ ਨਾਲ ਆਪਣੇ ਭਵਿੱਖ ਦੀ ਗੱਲ ਛੇੜ ਲਈ।

'ਹਮੇਂ ਭੀ ਅਭੀ ਸ਼ਾਦੀ ਕੇ ਬਾਰੇ ਮੇਂ ਡੀਸਾਈਡ ਕਰ ਲੇਨਾ ਚਾਹੀਏ।' ਉਸ ਨੇ ਰਾਜੂ ਦਾ ਹੱਥ ਸਹਿਲਾਉਂਦਿਆਂ ਤੇ ਅੱਖਾਂ ਵਿਚ ਪਿਆਰ ਦੀ ਖੁਮਾਰੀ ਨਾਲ ਸਵਾਲ ਕੀਤਾ।

ਰਾਜੂ ਦੀਆਂ ਬਾਹਾਂ ਢਿੱਲੀਆਂ ਹੋ ਗਈਆਂ ਜਿਵੇਂ ਉਹਨਾਂ ਵਿਚ ਜਿੰਦ ਜਾਨ ਹੀ ਨਾ ਹੋਵੇ। ਉਸ ਦੇ ਬੁੱਲ੍ਹ ਘੁੱਟੇ ਗਏ। ਚਿਹਰਾ ਕਸਿਆ ਗਿਆ ਤੇ ਉਹ ਬੈਡ ਤੋਂ ਉੱਠ ਕੇ ਖਿੜਕੀ ਕੋਲ ਚਲਿਆ ਗਿਆ ਜਿਵੇਂ ਸ਼ੋਭਾ ਤੋਂ ਅੱਖ ਚੁਰਾ ਰਿਹਾ ਹੋਵੇ। ਸ਼ੋਭਾ ਹੈਰਾਨ ਪ੍ਰੇਸ਼ਾਨ ਜਿਹੀ ਉਸ ਦੀ ਪਿੱਠ ਵੇਖਦੀ ਰਹੀ ਤੇ ਫਿਰ ਉੱਠ ਕੇ ਉਸ ਕੋਲ ਚਲੀ ਗਈ।

'ਰਾਜ ਕਿਆ ਬਾਤ ਹੈ, ਜਬ ਭੀ ਮੈਂ ਹਮਾਰੇ ਫਿਊਚਰ ਕੀ ਬਾਤ ਕਰਤੀ ਹੂੰ ਤੋਂ ਤੁਮ ਗੁਮ-ਸੁਮ ਹੋ ਜਾਤੇ ਹੋ। ਮੁਝੇ 'ਕਲੀਅਰ ਅਨਸਰ' ਚਾਹੀਏ।' ਸ਼ੋਭਾ ਜਿਵੇਂ ਮਿਥ ਕੇ ਆਈ ਹੋਵੇ।

ਰਾਜੂ ਚੁੱਪ-ਗੜੁੱਪ ਖੜ੍ਹਾ ਬਾਹਰ ਨੂੰ ਵੇਖ ਰਿਹਾ ਸੀ। ਸ਼ੋਭਾ ਨੇ ਉਸ ਦਾ ਹੱਥ ਫੜ ਲਿਆ ਤੇ ਉਸ ਦੇ ਮੂੰਹ ਵੱਲ ਵੇਖਣ ਲੱਗੀ। ਉਹ ਅਜੇ ਵੀ ਬਾਹਰ ਨੂੰ ਵੇਖ ਰਿਹਾ ਸੀ।

'ਤੁਮ ਮੁਝ ਸੇ ਸ਼ਾਦੀ ਨਹੀਂ ਕਰਨਾ ਚਾਹਤੇ ਤੋ ਸਾਫ਼ ਕਹੋ।'

ਰਾਜੂ ਨੇ ਉਸ ਦਾ ਹੱਥ ਘੁੱਟਿਆ ਤੇ ਉਸ ਦੇ ਸਿਰ ਨੂੰ ਚੁੰਮਿਆ। ਉਸ ਦੇ ਵਾਲਾਂ ਦੀ ਖੁਸ਼ਬੂ ਨੇ ਉਸ ਦੇ ਨੱਕ ਨੂੰ ਹੀ ਨਹੀਂ ਸਗੋਂ ਸਾਰੇ ਜਿਸਮ ਨੂੰ ਖੁਸ਼ਬੂ ਨਾਲ ਭਰ ਦਿੱਤਾ ਸੀ। ਪਰ ਉਸ ਦਾ ਮੂਡ ਬਹੁਤਾ ਨਾ ਬਦਲਿਆ।

'ਮੈ ਨੇ ਤੁਮ ਸੇ ਕੁਸ਼ ਪੂਛਾ ਹੈ।' ਉਸ ਨੇ ਉਸ ਨੂੰ ਮੋਢਿਆਂ ਤੋਂ ਫੜ ਕੇ ਆਪਣੇ ਵੱਲ ਨੂੰ ਘੁਮਾਇਆ। ਪਰ ਰਾਜੂ ਬੇਜਾਨ ਜਿਹਾ ਖੜ੍ਹਾ ਸਾਹਮਣੀ ਕੰਧ ਵੱਲ ਵੇਖਣ ਲੱਗਾ।

ਸ਼ੋਭਾ ਉਸ ਵੱਲ ਵੇਖਦੀ ਰਹੀ। ਉਸ ਦੇ ਮਨ ਵਿਚ ਖਿੱਝ ਵੀ ਪੈਦਾ ਹੋ ਰਹੀ ਸੀ ਤੇ ਪ੍ਰੇਸ਼ਾਨੀ ਵੀ। ਉਸ ਨੂੰ ਕੁਝ ਸਮਝ ਨਹੀਂ ਸੀ ਲੱਗ ਰਹੀ। ਨਾ ਉਸ ਨੂੰ ਸਮਝ ਆ ਰਹੀ ਸੀ

ਕਿ ਉਹ ਲੰਡਨ ਤੋਂ ਗੁਜਰਾਤ ਆ ਗਿਆ ਤੇ ਕਾਹਦੇ ਲਈ ਆਇਆ? ਸ਼ਾਇਦ ਪੰਜਾਬ ਜਾਣਾ ਹੋਵੇਗਾ ਤੇ ਮੇਰੇ ਕੋਲ ਮਿਲਣ ਵੀ ਆ ਗਿਆ। ਉਸ ਦੇ ਮਨ ਵਿਚ ਉਲਝਣ ਜਿਹੀ ਸੀ। ਨਾ ਤਾਂ ਉਸ ਨੂੰ ਰਾਜੂ ਦੇ ਪਿਆਰ 'ਤੇ ਬੇਯਕੀਨੀ ਸੀ ਤੇ ਨਾ ਹੀ ਉਸ ਨੂੰ ਵਿਸ਼ਵਾਸ਼ ਕਿ ਉਹਨਾਂ ਦਾ ਕਿੱਸਾ ਕਿਸੇ ਸਿਰੇ ਲੱਗੇਗਾ। ਕੁਝ ਮਿੰਟਾਂ ਬਾਅਦ ਜਦ ਰਾਜੂ ਟੱਸ ਤੋਂ ਮੱਸ ਨਾ ਹੋਇਆ ਤਾਂ ਉਹ ਗੁੱਸੇ ਵਿਚ ਕਮਰੇ ਵਿਚੋਂ ਬਾਹਰ ਨਿਕਲ ਗਈ ਤੇ ਘਰ ਨੂੰ ਚਲੀ ਗਈ।

ਸ਼ੋਭਾ ਘਰ ਪਹੁੰਚੀ ਤਾਂ ਉਹ ਖਿੱਝੀ ਹੋਈ ਸੀ ਤੇ ਉਸ ਦਾ ਮੂਡ ਸਭ ਨੇ ਵੇਖ ਲਿਆ ਸੀ। ਇਹ ਸਮਝਣਾ ਵੀ ਔਖਾ ਨਹੀਂ ਸੀ ਕਿ ਉਸ ਦੀ ਰਾਜੂ ਨਾਲ ਹੀ ਕੋਈ ਤੂੰ-ਤੂੰ, ਮੈਂ-ਮੈਂ ਹੋਈ ਹੋਵੇਗੀ। ਉਹ ਆਪਣੇ ਕਮਰੇ ਵਿਚ ਚਲੀ ਗਈ। ਨਿਰੇਨ ਨੇ ਉਸ ਨੂੰ ਧਿਆਨ ਨਾਲ ਵੇਖਿਆ ਪਰ ਕੁਝ ਕਿਹਾ ਨਾ । ਉਹ ਆਪ ਮਨੋਵਿਗਿਆਨੀ ਸੀ। ਅਜਿਹੀਆਂ ਸਮੱਸਿਆਵਾਂ ਨਾਲ ਉਸ ਦਾ ਵਾਹ ਪੈਂਦਾ ਰਹਿੰਦਾ ਸੀ। ਬਾਕੀ ਪਰਿਵਾਰ ਵੀ ਚੁੱਪ ਰਿਹਾ। ਚਾਰ ਕੁ ਵਜੇ ਚਾਹ ਪੀਣ ਲੱਗੇ ਤਾਂ ਨਿਰੇਨ ਨੇ ਸ਼ੋਭਾ ਨੂੰ ਵੀ ਬੁਲਾ ਲਿਆ।

ਚਾਹ ਪੀਂਦਿਆਂ ਨਿਰੇਨ ਨੇ ਸ਼ੋਭਾ ਨੂੰ ਪੁੱਛਿਆ, 'ਵੇਅਰ ਇਜ਼ ਰਾਜ ਬਾਈ ਦਾ ਵੇਅ?'

'ਪਰੋਬੇਬਲੀ ਇਨ ਹਿਜ਼ ਹੋਟਲ ਰੂਮ।' ਸ਼ੋਭਾ ਨੇ ਰੁੱਖਾ ਜਿਹਾ ਸੰਖੇਪ ਜਵਾਬ ਦਿੱਤਾ।

ਚਾਹ ਬਾਅਦ ਸਭ ਆਪਣੇ ਆਪਣੇ ਕੰਮ ਲੱਗ ਗਏ ਤਾਂ ਨਿਰੇਨ ਨੇ ਸ਼ੋਭਾ ਤੋਂ ਕਾਰਨ ਪੁੱਛਿਆ ਤਾਂ ਉਸ ਨੇ ਸਭ ਕੁਝ ਸਾਫ਼ ਦੱਸ ਦਿੱਤਾ। ਨਿਰੇਨ ਉਸ ਨੂੰ ਮਿਲਣ ਹੋਟਲ ਚਲਾ ਗਿਆ। ਰਾਜੂ ਨੇ ਦਰਵਾਜ਼ਾ ਖੋਲ੍ਹਿਆ ਤਾਂ ਨਿਰੇਨ ਨੂੰ ਵੇਖ ਕੇ ਹੈਰਾਨ ਹੋ ਗਿਆ। ਰਾਜੂ ਨੇ ਚਾਹ ਕਮਰੇ ਵਿਚ ਹੀ ਮੰਗਵਾ ਲਈ ਤੇ ਨਿਰੇਨ ਉਸ ਨਾਲ ਗੱਲਾਂ-ਬਾਤਾਂ ਕਰਨ ਲੱਗਿਆ। ਹੌਲੀ ਹੌਲੀ ਉਸ ਨੇ ਸ਼ੋਭਾ ਸਬੰਧੀ ਗੱਲ ਕੀਤੀ ਤਾਂ ਰਾਜੂ ਚੁੱਪ ਹੋ ਗਿਆ। ਨਿਰੇਨ ਸਮਝ ਗਿਆ ਕਿ ਉਸ ਦੇ ਮਨ ਵਿਚ ਕੋਈ ਗੰਢ ਹੈ ਜਿਸ ਨੂੰ ਖੋਲ੍ਹਣਾ ਜ਼ਰੂਰੀ ਸੀ।

ਨਿਰੇਨ ਤਜਰਬੇਕਾਰ ਮਨੋਵਿਗਿਆਨੀ ਸੀ। ਉਸ ਨੇ ਹੌਲੀ ਹੌਲੀ ਉਸ ਦੇ ਮਨ ਦੇ ਉਸ ਕੋਨੇ 'ਤੇ ਦਸਤਕ ਦਿੱਤੀ ਜਿਹੜਾ ਸਾਲਾਂ ਤੋਂ ਬੰਦ ਪਿਆ ਸੀ। ਹੁਣ ਉਸ ਨੂੰ ਖੋਲ੍ਹਣ ਦੀ ਜ਼ਰੂਰਤ ਸੀ। ਅਖੀਰ ਉਸ ਨੇ ਤਾਲੇ ਦੀ ਕੁੰਜੀ ਘੁਮਾ ਦਿੱਤੀ ਤੇ ਰਾਜੂ ਸਿਸਕਣ ਲੱਗਾ। ਉਸ ਨੇ ਆਪਣੀ ਮਾਸੀ-ਮਾਂ ਦੇ ਕਤਲ ਦਾ ਕਿੱਸਾ ਉਸ ਨੂੰ ਹੂਬਹੂ ਸੁਣਾ ਦਿੱਤਾ। ਨਿਰੇਨ ਨੇ ਉਸ ਨੂੰ ਦੱਸਿਆ ਕਿ ਉਹ ਉਸ ਨੂੰ ਸੰਮੋਹਿਕ ਨੀਂਦ ਵਿਚ ਲੋੜੀਂਦੇ ਸੁਝਾਅ ਦੇਵੇਗਾ ਜਿਹਨਾਂ ਨਾਲ ਉਸ ਦੇ ਅੰਤਰਮਨ 'ਤੇ ਉਸਾਰੂ ਪ੍ਰਭਾਵ ਪਵੇਗਾ। ਬਹੁਤ ਕਿਸਮ ਦੇ ਡਰ ਤੇ ਵਹਿਮ ਆਦਿ ਨੂੰ ਇਸ ਤਕਨੀਕ ਨਾਲ ਬਹੁਤ ਛੇਤੀ ਠੀਕ ਕੀਤਾ ਜਾ ਸਕਦਾ ਹੈ। ਜੇ ਰਾਜੂ ਚਾਹੇ ਤਾਂ ਉਸ ਨੂੰ ਪਹਿਲਾ ਸੈਸ਼ਨ ਓਸੇ ਵਕਤ ਹੀ ਦੇਵੇਗਾ। ਫਿਰ ਉਸ ਨੂੰ ਦੋ ਤਿੰਨ ਵਾਰ ਸ਼ਾਇਦ ਬਰਮਿੰਘਮ ਆਉਣਾ ਪਵੇਗਾ ਤੇ ਯਕੀਨਨ ਉਸ ਦੇ ਮਨ ਵਿਚ ਬਣੀ ਦੁਬਿਧਾ ਤੋਂ ਛੁਟਕਾਰਾ ਮਿਲ ਜਾਵੇਗਾ।

ਉਸ ਨੇ ਉਸ ਨੂੰ ਸੰਮੋਹਕ ਨੀਂਦ ਦੀ ਹਾਲਤ ਵਿਚ ਲਿਆਂਦਾ ਅਤੇ ਆਪਣੀ ਮਾਸੀ ਦੇ ਕਤਲ ਦਾ ਬਿੰਬ ਆਪਣੇ ਮਨ ਵਿਚ ਲਿਆਉਣ ਲਈ ਕਿਹਾ। ਫਿਰ ਉਸ ਬਿੰਬ ਵਿਚੋਂ ਸਾਰੇ ਰੰਗ ਮਨਫੀ ਕਰਕੇ ਉਸ ਨੂੰ ਕਾਲਾ-ਚਿੱਟਾ ਕਰਨ ਲਈ ਕਿਹਾ ਅਤੇ ਧੁੰਧਲਾ ਕਰਨ ਦਾ ਹੁਕਮ ਕੀਤਾ। ਫਿਰ ਉਸ ਨੂੰ ਦੂਰ, ਹੋਰ ਦੂਰ ਉਥੇ ਤੱਕ ਜਿਥੇ ਉਹ ਇਕ ਬਿੰਦੂ ਬਣ ਜਾਵੇ, ਲਿਜਾਣ ਨੂੰ ਕਿਹਾ। ਬਿੰਦੂ ਨੂੰ ਉਥੇ ਖਤਮ ਕਰਕੇ ਆਪਣੇ ਮਨ ਵਿਚ ਆਪਣੇ ਨਾਲ ਸ਼ੋਭਾ ਦੇ ਮੁਸਕਰਾਉਣ ਦਾ ਬਿੰਬ ਬਣਾਉਣ ਨੂੰ ਕਿਹਾ। ਬਿੰਬ ਵਿਚ ਰੰਗ ਭਰਨ, ਰੰਗਾਂ ਨੂੰ ਗੂੜ੍ਹਾ ਕਰਨ, ਹੋਰ ਚਮਕਦਾਰ ਕਰਨ ਆਪਣੇ ਐਨ ਸਾਹਮਣੇ ਨੇੜੇ ਲਿਆਉਣ ਲਈ ਕਿਹਾ।

ਅਜਿਹਾ ਕਰਕੇ ਉਹ ਉਸ ਦੇ ਮਨ ਵਿਚੋਂ ਮਾਂ-ਮਾਸੀ ਬਾਰੇ ਬਣੀ ਗੰਢ ਨੂੰ ਢਿੱਲਾ ਕਰਨ ਵਿਚ ਕਾਮਯਾਬ ਹੋ ਗਿਆ। ਜਦ ਉਸ ਨੂੰ ਸੰਮੋਹਕ ਨੀਂਦ ਵਿਚੋਂ ਜਗਾਇਆ ਗਿਆ ਤਾਂ ਰਾਜੂ ਬਹੁਤ ਤਾਜ਼ਾ ਅਤੇ ਖੁਸ਼ ਸੀ। ਉਸ ਦੇ ਚਿਹਰੇ ’ਤੇ ਕੋਈ ਉਲਝਣ ਜਾਂ ਤਣਾਅ ਨਹੀਂ ਸੀ। ਉਸ ਨੇ ਨਿਰੇਨ ਦਾ ਧੰਨਵਾਦ ਕੀਤਾ ਤੇ ਉਸ ਦੇ ਕਹਿਣ ’ਤੇ ਉਸ ਨਾਲ ਹੀ ਸ਼ੋਭਾ ਦੇ ਘਰ ਆ ਗਿਆ।

ਸ਼ੋਭਾ ਨੂੰ ਉਹ ਇੰਝ ਮਿਲਿਆ ਜਿਵੇਂ ਉਹਨਾਂ ਵਿਚ ਕੁਝ ਵਾਪਰਿਆ ਹੀ ਨਾ ਹੋਵੇ।

‘ਆਈ ਐਮ ਸੌਰੀ, ਪਲੀਜ਼ ਫਾਰਗੇਵ ਮੀ।’ ਉਸ ਨੇ ਸ਼ੋਭਾ ਅੱਗੇ ਮਮੂਲੀ ਜਿਹਾ ਸਿਰ ਝੁਕਾ ਕੇ ਕਿਹਾ।

ਉਹ ਵੀ ਹੈਰਾਨ ਜਿਹੀ ਮੁਸਕਰਾਈ ਤੇ ਸਾਰੇ ਖੁਸ਼ ਖੁਸ਼ ਖਾਣਾ ਖਾਣ ਲੱਗੇ।

ਅਗਲੇ ਦਿਨ ਰਾਜੂ ਚੰਡੀਗੜ੍ਹ ਨੂੰ ਰਵਾਨਾ ਹੋ ਗਿਆ ਤੇ ਸ਼ੋਭਾ ਨੇ ਹਫ਼ਤੇ ਬਾਅਦ ਲੰਡਨ ਵਾਪਿਸ ਆ ਜਾਣਾ ਸੀ।

***

ਚੰਡੀਗੜ੍ਹ ਪਹੁੰਚਿਆ ਤਾਂ ਪੁਲੀਸ ਦੀ ਧਾੜ ਖੜ੍ਹੀ ਸੀ। ਪਤਾ ਲੱਗਾ ਕਿ ਵਿਤ ਮੰਤਰੀ ਬਲਵੰਤ ਸਿੰਘ ਦਾ ਕਤਲ ਹੋ ਗਿਆ ਸੀ ਤੇ ਪੁਲੀਸ ਚੌਕਸੀ ਲਈ ਤਾਇਨਾਤ ਕੀਤੀ ਗਈ ਸੀ। ਉਸ ਦੇ ਚਾਚੇ ਨੇ ਮਸਾਂ ਹੀ ਉਸ ਨੂੰ ਲੱਭਿਆ ਤੇ ਉਹ ਕਾਰ ਵਿਚ ਆ ਬੈਠੇ।

‘ਰਾਜੂ ਚੰਗਾ ਹੋ ਗਿਆ ਕੋਈ ਪੰਗਾ ਨੀ ਖੜ੍ਹਾ ਹੋਇਆ। ਪੁਲੀਸ ਦਾ ਕੋਈ ਪਤਾ ਨੀ ਕਿਹਨੂੰ ਕੀ ਕਹਿ ਦੇਣ?’ ਉਸ ਦੇ ਚਾਚੇ ਨੇ ਤਸੱਲੀ ਮਹਿਸੂਸ ਕਰਦਿਆਂ ਕਿਹਾ।

ਉਹ ਪਿੰਡ ਪਹੁੰਚੇ ਤਾਂ ਦਿਨ ਅਜੇ ਖੜ੍ਹਾ ਸੀ। ਰਾਜੂ ਨੂੰ ਕੁਝ ਕੁਝ ਬਚਪਨ ਦੀਆਂ ਯਾਦਾਂ ਯਾਦ ਆਉਣ ਲੱਗੀਆਂ। ਪਿੰਡ ਹੁਣ ਬਹੁਤ ਬਦਲ ਗਿਆ ਸੀ।

ਸ਼ਾਮ ਨੂੰ ਖਾਣਾ ਖਾਂਦਿਆਂ ਉਸ ਨੇ ਚਾਚੇ ਨੂੰ ਅਗਲੇ ਦਿਨ ਸਕੂਲ ਚੱਲਣ ਲਈ ਕਿਹਾ। ਉਸ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ।

‘ਸਕੂਲ ਕੀ ਕੰਮ ਆ?’

‘ਚਾਚਾ ਜੀ ਮੈਂ ਮਾਸੀ ਦੇ ਨਾਂ ’ਤੇ ਇਕ ਟਰੱਸਟ ਖੋਲ੍ਹਣਾ ਚਾਹੁੰਨਾ ਤੇ ਲੋੜਵੰਦ

ਗਰੀਬ ਬੱਚਿਆਂ ਨੂੰ ਉੱਚ-ਵਿਦਿਆ ਲੈਣ ਵਿਚ ਮਦਦ ਕਰਨੀ ਚਾਹੁੰਨਾ।'

'ਪਰ ਤੇਰੇ ਡੈਡੀ ਨੇ ਪਹਿਲਾਂ ਈ ਇਹ ਤਾਂ ਸ਼ੁਰੂ ਕਰ ਲਿਆ ਐ।'

'ਠੀਕ ਐ। ਪਰ ਮੈਂ ਮਾਸੀ ਦੇ ਨਾਂ 'ਤੇ ਸ਼ੁਰੂ ਕਰਨਾ ਚਾਹੁੰਨਾ ਤੇ ਪੜ੍ਹੇ ਲਿਖੇ ਲੋਕਾਂ ਨੂੰ ਨਾਲ ਜੋੜਨਾ ਚਾਹੁੰਨਾ।' ਕਹਿ ਕੇ ਰਾਜੂ ਆਪਣੇ ਚਚੇਰੇ ਭਰਾਵਾਂ ਨਾਲ ਗੱਲਾਂ ਮਾਰਨ ਲੱਗਾ।

ਉਸ ਦੇ ਚਾਚੇ ਨੇ ਸ਼ੇਰੇ ਨੂੰ ਫ਼ੋਨ ਕਰ ਕੇ ਉਸ ਨੂੰ ਸਭ ਕੁਝ ਦੱਸਿਆ। ਕੁਝ ਚਿਰ ਸ਼ੇਰਾ ਚੁੱਪ ਸੁਣਦਾ ਰਿਹਾ। ਉਸ ਨੂੰ ਕੋਈ ਜਵਾਬ ਦੇਣਾ ਹੀ ਪੈਣਾ ਸੀ।

'ਠੀਕ ਆ ਕਰਨ ਦੇ ਜੋ ਉਹ ਕਰਦਾ। ਆਪਣੇ ਆਖੇ ਤਾਂ ਉਹਨੇ ਲੱਗਣਾ ਨੀ।'

ਅਗਲੇ ਦਿਨ ਸਕੂਲ ਜਾ ਕੇ ਉਸ ਨੇ ਹੈਡਮਾਸਟਰ ਨਾਲ ਆਪਣੀ ਗੱਲ ਸਾਂਝੀ ਕੀਤੀ। ਹੈਡ ਮਾਸਟਰ ਸਿਆਣਾ 'ਤੇ ਸਾਊ ਬੰਦਾ ਲਗਦਾ ਸੀ। ਉਸ ਨੇ ਬਹੁਤ ਉਤਸ਼ਾਹ ਨਾਲ ਆਪਣੇ ਯੋਗਦਾਨ ਦਾ ਵਚਨ ਦਿੱਤਾ। ਰਾਜੂ ਨੂੰ ਉਸ ਦੀ ਰਾਇ ਕਿ ਕੁਝ ਪੈਸੇ ਬੈਂਕ ਵਿਚ ਪੱਕੇ ਜਮ੍ਹਾਂ ਕਰਾ ਦਿੱਤੇ ਜਾਣ ਤੇ ਉਹਨਾਂ ਦੇ ਵਿਆਜ ਨਾਲ ਬੱਚਿਆਂ ਦੀ ਮਦਦ ਕੀਤੀ ਜਾ ਸਕੇਗੀ, ਪਸੰਦ ਆਈ। ਇਹ ਕੰਮ ਉਸ ਨੇ ਬਿਨਾਂ ਦੇਰੀ ਦੇ ਕਰਨ ਦਾ ਮਨ ਬਣਾ ਲਿਆ।

ਲੋਕਾਂ ਨੂੰ ਟਰੱਸਟ ਬਣਾਉਣ ਬਾਰੇ ਸਹੀ ਤਾਂ ਪਤਾ ਨਹੀਂ ਸੀ ਪਰ ਲੋਕਾਂ ਵਿਚ ਪ੍ਰਚੱਲਤ ਹੋ ਗਿਆ ਕਿ ਉਸ ਨੇ ਸਕੂਲ ਦੀ ਮਦਦ ਕੀਤੀ ਹੈ। ਉਸ ਕੋਲ ਗੁਰਦਵਾਰੇ, ਮੰਦਰ, ਧਰਮਸ਼ਾਲਵਾਂ ਬਗੈਰਾ ਲਈ ਚੰਦੇ ਲੈਣ ਆਉਣ ਵਾਲਿਆਂ ਦਾ ਤਾਂਤਾ ਲੱਗ ਗਿਆ। ਜਦ ਰਾਜੂ ਨੇ ਉਹਨਾਂ ਨੂੰ ਦੱਸਿਆ ਕਿ ਉਹ ਤਾਂ ਸਿਰਫ ਗਰੀਬਾਂ ਦੇ ਲਾਇਕ ਬੱਚਿਆਂ ਦੀ ਪੜ੍ਹਾਈ ਲਈ ਮਦਦ ਵਿਚ ਯਕੀਨ ਰਖਦਾ ਹੈ ਤਾਂ ਉਹ ਚੁੱਪ ਕਰ ਗਏ।

ਅਗਲੇ ਦਿਨ ਉਹ ਇਕੱਲਾ ਹੀ ਟੈਕਸੀ ਲੈ ਕੇ ਨਾਨਕੀ ਚਲਾ ਗਿਆ। ਉਸ ਨੇ ਇਕ ਰਾਤ ਉਥੇ ਵੀ ਰਹਿਣਾ ਸੀ। ਉਹ ਆਪਣੀ ਮਾਂ ਤੇ ਮਾਸੀ ਬਾਰੇ ਉਹਨਾਂ ਕੋਲੋਂ ਸੁਣਨਾ ਚਾਹੁੰਦਾ ਸੀ। ਬਿਮਾਰ ਮਾਮੇ ਦੀ ਵੀ ਮਦਦ ਕਰਨੀ ਚਾਹੁੰਦਾ ਸੀ। ਚਚੇਰੇ ਭਰਾ ਨੂੰ ਨਾਲ ਲਿਜਾ ਕੇ ਗੱਲਾਂ ਦੀ ਖੁੱਲ੍ਹ ਨਹੀਂ ਸੀ ਹੋ ਸਕਣੀ, ਵੈਸੇ ਵੀ ਉਹਨਾਂ ਨੇ ਜਾਣਾ ਹੀ ਨਹੀਂ ਸੀ।

ਮਾਮੇ ਦੀ ਸਿਹਤ ਬਹੁਤ ਨਜ਼ੁਕ ਹਾਲਤ ਵਿਚ ਸੀ। ਰਾਜੂ ਨੇ ਵੇਖ ਲਿਆ ਸੀ ਕਿ ਉਸ ਦੀ ਜ਼ਿੰਦਗੀ ਬਹੁਤੀ ਬਾਕੀ ਨਹੀਂ ਸੀ ਰਹੀ। ਉਸ ਨੇ ਦੱਸਿਆ ਕਿ ਦਵਾਈ ਤਾਂ ਚਲਦੀ ਐ ਪਰ ਫਾਇਦਾ ਕੋਈ ਖਾਸ ਨਹੀਂ।

'ਸ਼ਾਬਸ਼ ਭਾਈ ਜਿਹੜੀ ਤੂੰ ਮਦਦ ਕਰਤੀ ਨਹੀਂ ਤਾਂ ਆਹ ਚਾਰ ਦਿਨ ਵੀ ਨਸੀਬ ਨੀਂ ਸੀ ਹੁਣੇ।' ਮਾਮੇ ਨੇ ਉਸ ਦੀ ਪਿੱਠ 'ਤੇ ਆਪਣਾ ਕਮਜ਼ੋਰ ਹੱਥ ਫੇਰਦਿਆਂ ਕਿਹਾ।

'ਪਰ ਮੈਂ ਤਾਂ ਕੋਈ ਮਦਦ ਨੀ ਭੇਜੀ।' ਰਾਜੂ ਅੱਗੇ ਕੁਝ ਕਹਿਣ ਤੋਂ ਰੁਕ ਗਿਆ। ਉਸ ਨੂੰ ਨਾਜਰ ਨਾਲ ਹੋਈ ਗੱਲ ਯਾਦ ਆ ਗਈ ਸੀ।

'ਨਾਜਰ ਸਿਉਂ ਨੇ ਫ਼ੋਨ ਕਰਕੇ ਤਾਂ ਇਹੀ ਕਿਹਾ ਸੀ। ਫੇਰ ਕਿਹਨੇ ਭੇਜੀ ਹੋਈ? ਸ਼ੈਂਤ ਨਾਜਰ ਸਿਉਂ ਨੇ ਹੀ ਭੇਜ ਦਿੱਤੀ ਹੋਵੇ।' ਮਾਮਾ ਆਪਣੇ ਆਪ ਵਿਚ ਹੈਰਾਨ ਸੀ।

'ਵੱਡੀ ਗੱਲ ਆ ਥੋੜੀ ਦਵਾਈ ਬੂਟੀ ਚੱਲੀ ਜਾਂਦੀ ਆ। ਜੇ ਹੋਰ ਪੈਸੇ ਚਾਹੀਦੇ ਆ ਤਾਂ ਮੈਂ ਭੇਜ ਸਕਦਾਂ।' ਰਾਜੂ ਨੇ ਪੁੱਛਿਆ। ਪਰ ਮਾਮਾ ਚੁੱਪ ਰਿਹਾ।

ਰਾਤ ਨੂੰ ਉਸ ਦੀ ਮਾਂ ਤੇ ਮਾਸੀ ਬਾਰੇ ਕੁਝ ਕੁ ਗੱਲਾਂ ਹੋਈਆਂ ਪਰ ਸਭ ਸੰਖੇਪ ਵਿਚ ਹੀ ਬੋਲੇ। ਰਾਜੂ ਅਗਲੇ ਦਿਨ ਪਿੰਡ ਆ ਗਿਆ ਤੇ ਇਕ ਦਿਨ ਬਾਅਦ ਉਸ ਨੇ ਦਿੱਲੀ ਨੂੰ ਚਲੇ ਜਾਣਾ ਸੀ। ਦੋ ਦਿਨ ਦਿੱਲੀ ਘੁੰਮ ਕੇ ਉਸ ਨੇ ਵਾਪਿਸ ਲੰਡਨ ਪਹੁੰਚ ਜਾਣਾ ਸੀ।

ਸਕੌਟ ਜਦ ਰਾਜੂ ਬਾਰੇ ਸੋਚ ਰਿਹਾ ਸੀ ਤਾਂ ਉਸ ਦੇ ਦਿਮਾਗ ਵਿਚ ਰੰਧਾਵਾ ਵੀ ਘੁੰਮ ਰਿਹਾ ਸੀ।

## 32

ਚੋਣਾਂ ਬਾਅਦ ਨਵੀਂ ਕਾਊਂਸਲ ਨੂੰ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਵਿਰੋਧੀ ਪਾਰਟੀਆਂ ਪੂਰੇ ਜ਼ੋਰ-ਸ਼ੋਰ ਨਾਲ ਉਹਨਾਂ ਦੀ ਵਿਰੋਧਤਾ ਕਰ ਰਹੀਆਂ ਸਨ।

ਚੋਣਾਂ ਵਿਚ ਭਾਵੇਂ ਇਸ ਨਵੇਂ ਗਰੁੱਪ ਦੀ ਜਿੱਤ ਹੋਈ ਸੀ ਪਰ ਸਿਰਫ਼ ਦੋ ਕਾਊਂਸਲਰਾਂ ਦਾ ਬਹੁ- ਮੱਤ ਸੀ। ਇਕ ਅਜ਼ਾਦ ਕੌਂਸਲਰ ਉਹਨਾਂ ਨਾਲ ਜੁੜ ਗਿਆ ਸੀ ਤੇ ਇਕ ਮੈਂਬਰ ਉਹਨਾਂ ਦਾ ਪਹਿਲਾਂ ਹੀ ਵੱਧ ਸੀ। ਹੁਣ ਵਿਰੋਧੀ ਪਾਰਟੀਆਂ ਇਕ ਦੂਜੇ ’ਤੇ ਚਿੱਕੜ ਉਛਾਲਣ ਦੀ ਥਾਂ ਇਸ ਤੀਜੇ ਗਰੁੱਪ ਨੂੰ ਸਾਂਝੇ ਨਿਸ਼ਾਨੇ ’ਤੇ ਲੈ ਆਈਆਂ ਸਨ। ਰੰਧਾਵੇ ਵਰਗਿਆਂ ਦੀ ਸ਼ਹਿ ਨਾਲ ਚੁਣੇ ਹੋਏ ਵਿਰੋਧੀ ਪਾਰਟੀਆਂ ਦੇ ਕਾਊਂਸਲਰਾਂ ਨੇ ਚੁੱਪ ਸਮਝੌਤਾ ਕਰ ਲਿਆ ਸੀ ਤੇ ਉਸ ਅਨੁਸਾਰ ਹੀ ਕਾਰਵਾਈ ਹੋ ਰਹੀ ਸੀ। ਉਹ ਇਸ ਗਰੁੱਪ ਨੂੰ ਆਪਣਾ ਮੈਨੀਫਿਸਟੋ ਲਾਗੂ ਕਰਨ ਤੋਂ ਹਰ ਹਾਲਤ ਵਿਚ ਰੋਕਣਾ ਚਾਹੁੰਦੇ ਸਨ।

‘ਜੇ ਉਹਨਾਂ ਨੇ ਮੈਨੀਫਿਸਟੋ ਨੂੰ ਅੱਧਾ ਵੀ ਲਾਗੂ ਕਰ ਲਿਆ ਤਾਂ ਅਗਲੀਆਂ ਚੋਣਾਂ ਵਿਚ ਸਾਨੂੰ ਕਿਸੇ ਨੇ ਪੁੱਛਣਾ ਨੀ। ਇਹੋ ਜਿਹੀ ‘ਸਮਾਜਵਾਦੀ ਬਿਮਾਰੀ’ ਪਲੇਗ ਅੰਗੂੰ ਬਹੁਤ ਜਲਦੀ ਫੈਲਦੀ ਹੁੰਦੀ ਐ। ਚੰਗਾ ਐ ਪਹਿਲਾਂ ਇਹਨਾਂ ਨਾਲ ਨਜਿੱਠ ਲਈਏ----।’

ਰੰਧਾਵੇ ਨੇ ਚੁਣੀਂਦਾ ਕਾਊਂਸਲਰਾਂ ਨੂੰ ਇਕ ਰੈਸਟੋਰੈਂਟ ਵਿਚ ਖਾਣੇ ’ਤੇ ਬੁਲਾਇਆ ਤੇ ਕਾਨਫਰੰਸ ਰੂਮ ਵਿਚ ਖਾਣੇ ਦੇ ਨਾਲ ਨਾਲ ਇਸ ਨਵੇਂ ਗਰੁੱਪ ਨੂੰ ਕਿਵੇਂ ਤੰਗ ਪ੍ਰੇਸ਼ਾਨ ਕੀਤਾ ਜਾਵੇ ਤੇ ਕਿਵੇਂ ਉਹਨਾਂ ਦੇ ਕੰਮ ਵਿਚ ਅੜਿੱਕਾ ਡਾਹਿਆ ਜਾਵੇ, ਇਸ ’ਤੇ ਹੀ ਸਾਰੀ ਬਹਿਸ ਹੋ ਰਹੀ ਸੀ।

‘ਰੰਧਾਵਾ ਸਾਹਿਬ, ਜੇ ਕੋਈ ਕੰਪਨੀ ਆਪਣਾ ਸਟੋਰ ਖੋਲ੍ਹਣਾ ਚਾਹੇ ਤਾਂ ਉਹ ਰੋਕ ਨਹੀਂ ਸਕਣਗੇ। ਤੁਸੀਂ ਐਵੇਂ ਫਿਕਰ ਕਰ ਰਹੇ ਆਂ। ਥੋੜੇ ਸਮੇਂ ਵਿਚ ਇਹਨਾਂ ਨੇ ਖਿੰਡ-ਪੁੰਡ ਜਾਣਾ। ਪਾਰਟੀ ਡਸਿਪਲਿਨ ਬਿਨਾਂ ਇਹੋ ਜਿਹੀ ਥਾਂ ਥਾਂ ਦੀ ਠੀਕਰੀ ’ਕੱਠੀ ਨੀ ਰਹਿ ਸਕਦੀ।’ ਇਕ ਕਾਂਊਸਲਰ ਨੇ ਵਾਈਨ ਦਾ ਗਲਾਸ ਖਾਲੀ ਕਰਦਿਆਂ ਆਪਣੇ ਵਿਚਾਰ ਰੱਖੇ।

‘ਕਾਊਂਸਲਰ ਸਾਹਿਬ, ਇਹ ਤੁਸੀਂ ਕਿਵੇਂ ਕਹਿ ਸਕਦੇ ਆਂ! ਕੌਂਸਲ ਦੀ ਮਰਜ਼ੀ ਬਿਨਾਂ ਕਿਸੇ ਵੀ ਸਟੋਰ ਨੂੰ ਜ਼ਮੀਨ ਨਹੀਂ ਮਿਲ ਸਕਦੀ। ਸਟੋਰ ਬਣਾਉਣ ਵਾਸਤੇ ਪਲੈਨਿੰਗ ਦੀ ਲੋੜ ਐ ਤੇ ਕੌਂਸਲ ਪਲੈਨਿੰਗ ਦੀ ਨਾਂਹ ਕਰ ਸਕਦੀ ਆ, ਕੌਂਸਲ ਬਹੁਤ ਸਾਰੀਆਂ ਸ਼ਰਤਾਂ ਲਾ ਸਕਦੀ ਐ ਜਿਸ ਨਾਲ ਉਹਨਾਂ ਦੇ ਬਿਜਨਸ ਦਾ ਨੁਕਸਾਨ ਹੋ

ਸਕਦਾ। ਬਹੁਤ ਕੁਝ ਐ ਜੋ ਕੌਂਸਲ ਦੇ ਹੱਥ ਹੁੰਦਾ। ਵੱਡੇ ਸਟੋਰਾਂ ਨੂੰ ਇਸ ਸ਼ਹਿਰ ਵਿਚ ਥਾਂ ਹੀ ਨਾ ਮਿਲੇ ਤਾਂ ਉਹ ਕਿਵੇਂ ਆ ਸਕਣਗੇ। ਇਹ 'ਸਮਾਜਵਾਦੀ' ਆਪਣੇ ਸਸਤੇ ਸਟੋਰਾਂ ਨਾਲ ਨੁਕਸਾਨ ਕਰਨਗੇ।'

ਰੰਧਾਵੇ ਦੀ ਗੱਲ ਠੀਕ ਵੀ ਸੀ। ਕੌਂਸਲ ਕੋਲ ਬਹੁਤ ਸਾਰੀਆਂ ਸ਼ਕਤੀਆਂ ਹੋਣ ਕਰਕੇ ਉਹ ਇਕ ਫੈਸਲਾਕੁੰਨ ਤਾਕਤ ਸਿੱਧ ਹੋ ਸਕਦੀ ਸੀ ਤੇ ਇਹ ਸ਼ਕਤੀ ਇਸ ਵਾਰ ਬਹੁ-ਮੱਤ ਵਾਲੇ ਗਰੁੱਪ ਕੋਲ ਸੀ।

'ਫੇਰ ਕੀ ਕਰਨਾ ਚਾਹੀਦਾ?' ਇਕ ਹੋਰ ਕੌਂਸਲਰ ਨੇ ਪੁੱਛਿਆ।

'ਮੇਰੇ ਖਿਆਲ 'ਚ ਪਹਿਲਾਂ ਤਾਂ ਕੌਂਸਲ ਦੇ ਅਫ਼ਸਰਾਂ ਨੂੰ ਆਪਣੇ ਹੱਥ ਵਿਚ ਲਿਆ ਜਾਵੇ। ਕੰਮ ਤਾਂ ਉਹਨਾਂ ਨੇ ਹੀ ਕਰਨੇ-ਕਰਾਉਣੇ ਹੁੰਦੇ ਆ। ਜੇ ਉਹ ਟਾਲ ਮਟੋਲ ਕਰੀ ਜਾਣ ਤਾਂ ਲੋਕਾਂ ਦੇ ਕੰਮ ਨਾ ਹੋਣ ਤੇ ਲੋਕ ਆਪੇ ਇਹਨਾਂ ਦੇ ਉਲਟ ਹੋ ਜਾਣਗੇ। ਆਪਣੇ ਹੱਕ ਦੇ ਅਫ਼ਸਰਾਂ ਨੂੰ ਲਿਆਉ ਇਕ ਦਿਨ ਕੋਈ ਪਾਰਟੀ-ਸ਼ਾਰਟੀ ਕਰ ਦਿਆਂਗੇ---।' ਰੰਧਾਵੇ ਨੇ ਆਪਣੇ ਆਪ ਨੂੰ 'ਕਿੰਗ ਮੇਕਰ' ਸਮਝਦਿਆਂ ਆਪਣੀਆਂ ਭੂਰੀਆਂ ਮੁੱਛਾਂ 'ਤੇ ਹੱਥ ਫੇਰਿਆ।

ਅਗਲੇ ਦਿਨ ਤੋਂ ਹੀ ਅਫਸਰਾਂ ਨਾਲ ਨੇੜਤਾ ਕਰਨੀ ਸ਼ੁਰੂ ਕਰ ਦਿੱਤੀ। ਅੱਧ-ਪਚੱਧ ਤਾਂ ਉਹਨਾਂ ਦੇ ਨਾਲ ਜੁੜ ਹੀ ਗਏ। ਕੁਝ ਇਮਾਨਦਾਰ ਅਫ਼ਸਰ ਆਪਣਾ ਕੰਮ ਕਰਦੇ ਰਹੇ। ਪਰ ਜਿਹੜੇ ਟਾਲ ਮਟੋਲ ਕਰਨ ਲੱਗੇ ਸਨ ਉਹਨਾਂ ਦਾ ਕੰਮ ਪਿੱਛੇ ਪੈਣ ਲੱਗਾ। ਵੈਸੇ ਵੀ ਨਵੇਂ ਕੌਂਸਲਰਾਂ ਦਾ ਤਜਰਬਾ ਨਹੀਂ ਸੀ। ਉਹਨਾਂ ਨੂੰ ਸਿੱਖਣ ਲਈ ਸਮਾਂ ਚਾਹੀਦਾ ਸੀ ਤੇ ਸਿਖਾਉਣ ਵਾਲਾ ਕੋਈ ਹੈ ਨਹੀਂ ਸੀ। ਲੋਕਾਂ ਦੀ ਸ਼ਕਾਇਤਾਂ ਦਾ ਨਿਪਟਾਰਾ, ਪਲੈਨਿੰਗ ਦੇ ਕੰਮ ਵਿਚ ਦੇਰੀ ਵਰਗੇ ਕਾਰਨਾ ਕਰਕੇ ਲੋਕ ਉਹਨਾਂ ਅਫ਼ਸਰਾਂ ਨੂੰ ਮਿਲਦੇ ਤਾਂ ਉਹ ਨਵੇਂ ਕੌਂਸਲਰਾਂ ਵਿਚੋਂ ਬਣੇ ਚੇਅਰਮੈਨਾਂ ਤੇ ਕਮਿਸ਼ਨਰਾਂ ਜਾਂ ਕਿਸੇ ਕੈਬਨਿਟ ਮੈਂਬਰ 'ਤੇ ਨਿਕੰਮੇ ਹੋਣ ਦਾ ਦੋਸ਼ ਮੜ੍ਹ ਦਿੰਦੇ। ਸਿੱਟੇ ਵਜੋਂ ਲੋਕਾਂ ਵਿਚ ਵੀ ਚਰਚਾ ਸ਼ੁਰੂ ਹੋ ਗਈ ਤੇ ਕੰਮ ਵੀ ਪਿੱਛੇ ਪੈਣ ਲੱਗਾ। ਅਸਲੀ ਕੰਮ ਵੱਲ ਧਿਆਨ ਦੇਣ ਦੀ ਥਾਂ ਉਹਨਾਂ ਨੂੰ ਅਫ਼ਸਰਾਂ ਪਿੱਛੇ ਹੀ ਭੱਜ-ਨੱਠ ਕਰਨੀ ਪੈਂਦੀ। ਅਖੀਰ ਗਰੁੱਪ ਦੇ ਲੀਡਰ ਨੇ ਕੁਝ ਖਾਸ ਸਾਥੀਆਂ ਨਾਲ ਰਇ ਮਸ਼ਵਰਾ ਕੀਤਾ। ਭਰਵੀਂ ਬਹਿਸ ਬਾਅਦ ਅਫ਼ਸਰਾਂ ਨਾਲ ਸਖ਼ਤੀ ਵਰਤਣ ਦਾ ਫੈਸਲਾ ਲਿਆ ਗਿਆ। ਅਗਲੇ ਦਿਨਾਂ ਵਿਚ ਕੁਝ ਅਫ਼ਸਰਾਂ ਨੂੰ ਕਾਰਣ ਦੱਸੋ ਨੋਟਿਸ ਦਿੱਤੇ ਗਏ ਤੇ ਇਕ ਦੋ ਨੂੰ ਆਖਰੀ ਵਾਰਨਿੰਗ ਵੀ ਈ ਮੇਲ ਕਰ ਦਿੱਤੀ ਗਈ। ਹੌਲੀ ਹੌਲੀ ਕੰਮ ਠੀਕ ਠਾਕ ਚੱਲਣ ਲੱਗਾ।

ਰੰਧਾਵੇ ਨੇ ਇਕ ਹੋਰ ਸਕੀਮ ਕੁਝ ਖਾਸ ਮੈਂਬਰਾਂ ਨਾਲ ਸਾਂਝੀ ਕੀਤੀ। ਉਸ ਨੇ ਨਵੇਂ ਬਣੇ ਕਾਊਂਸਲਰਾਂ ਵਿਚੋਂ ਦੋ, ਤਿੰਨ, ਚਾਰ, ਜੋ ਵੀ ਸੰਭਵ ਹੋਣ, ਤੋੜਨ ਦਾ ਯਤਨ ਕਰਨ ਲਈ ਕਿਹਾ। ਉਹਨਾਂ ਨੂੰ 'ਮਾਲੀ ਮਦਦ' ਦੇ ਨਾਲ ਹੀ ਕੌਂਸਲ ਦਾ ਕੰਟਰੋਲ ਹੱਥ ਵਿਚ ਆਉਣ 'ਤੇ ਕੈਬਨਿਟ ਦੇ ਮੈਂਬਰ ਬਣਾਉਣ ਦਾ ਵਾਇਦਾ ਕੀਤਾ। ਉਸ ਦੇ

ਪਿਆਦਿਆਂ ਨੇ ਇਸ ਕੰਮ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਤੇ ਇਕ ਦਿਨ ਚਾਰ ਮੈਂਬਰਾਂ ਨੂੰ ਰੰਧਾਵੇ ਕੋਲ ਲੈ ਆਏ।

'ਦੇਖੋ ਸਿਆਸਤ ਬੜੀ ਤਿਲਕਵੀਂ ਸੜਕ ਹੁੰਦੀ ਐ। ਪਤਾ ਨੀ ਕਦੋਂ ਕਿਥੇ ਕੋਈ ਤਿਲਕ ਜਾਵੇ ਤੇ ਕਦੋਂ ਬਚ ਜਾਵੇ। ਅੱਜ ਸਮਾਂ ਐ ਅਸੀਂ ਮਦਦ ਕਰ ਸਕਦੇ ਆਂ। ਥੋਨੂੰ ਕੈਬਨਿਟ ਮੈਂਬਰ ਬਣਾ ਦਿਆਂਗੇ। ਲੋਕਾਂ ਵਿਚ ਥੋੜਾ ਅਸਰ ਵਧੂ ਤੇ ਉਹਨਾਂ ਦੇ ਕੰਮ ਵੀ ਕਰ ਸਕੋਗੇ। ਅਗਲੀ ਵਾਰ ਥੋਨੂੰ ਜਿਸ ਵਾਰਡ ਚੋਂ ਚਾਹੋ, ਟਿਕਟ ਦਿਆਂਗੇ। ਇਹ ਵੀ ਮੈਨੂੰ ਪਤਾ ਪੈਸਿਆਂ ਦੀ ਸਦਾ ਲੋੜ ਹੁੰਦੀ ਆ। ਉਹ ਤੁਸੀਂ ਜਿਵੇਂ ਕਹੋ ਕਰ ਲਵਾਂਗੇ।'

ਕਾਊਂਸਲਰ ਹੈਰਾਨੀ ਜਿਹੀ ਨਾਲ ਸੁਣਦੇ ਰਹੇ। ਪਰ ਜਵਾਬ ਵਿਚ ਉਹਨਾਂ ਨੇ ਏਨਾ ਹੀ ਕਿਹਾ ਕਿ ਜਿਵੇਂ ਤੁਸੀਂ ਕਹੋਗੇ ਉਵੇਂ ਕਰ ਲਵਾਂਗੇ। ਉਹ ਵਾਪਿਸ ਆ ਗਏ।

ਕੁਝ ਦਿਨਾਂ ਬਾਅਦ ਉਹ ਫਿਰ ਰੰਧਾਵੇ ਨੂੰ ਮਿਲੇ। ਰੰਧਾਵੇ ਨੇ ਉਹਨਾਂ ਨੂੰ ਫਿਰ ਤੋਂ ਪਹਿਲੀ ਹੀ ਪੇਸ਼ਕਸ਼ ਕੀਤੀ ਤੇ ਸਾਰਾ ਵਿਸਥਾਰ ਉਹਨਾਂ ਨੂੰ ਦਿੱਤਾ। ਉਹਨਾਂ ਨੇ ਉਸ ਨਾਲ ਹੱਥ ਮਿਲਾਏ ਤੇ ਵਾਪਿਸ ਆ ਗਏ।

ਉਹਨਾਂ ਦੀ ਟੈਲੀਫ਼ੋਨ 'ਤੇ ਰਿਕਾਰਡ ਕੀਤੀ ਵੀਡੀਓ ਉਹਨਾਂ ਨੇ ਪੁਲੀਸ ਨੂੰ ਭੇਜ ਦਿੱਤੀ ਤੇ ਪੁਲੀਸ ਨੇ ਕੁਰੱਪਸ਼ਨ ਦੇਣ ਅਤੇ ਕੁਰੱਪਸ਼ਨ ਲੈਣ ਲਈ ਉਕਸਾਉਣ ਦਾ ਰੰਧਾਵੇ 'ਤੇ ਕੇਸ ਦਰਜ ਕਰ ਲਿਆ। ਸਕੌਟ ਨੂੰ ਕੇਸ ਦੀ ਜਾਂਚ ਪੜਤਾਲ ਕਰਨ ਦਾ ਕੰਮ ਸੌਂਪ ਦਿੱਤਾ।

ਸਕੌਟ ਨੂੰ ਜੈਕੀ ਦੀ ਲੋੜ ਖਟਕੀ ਪਰ ਉਹ ਉਸ ਨੂੰ ਅਜੇ ਵਾਪਿਸ ਨਹੀਂ ਸੀ ਸੱਦ ਸਕਦਾ।

## 33

ਜੈਕੀ ਦੇ ਪੋਲੈਂਡ ਜਾਣ ਦਾ ਸਮਾਂ ਆ ਗਿਆ ਸੀ। ਉਸ ਨੂੰ ਸ਼ਾਮ ਤੱਕ ਆਪਣੇ ਕਾਗਜ਼-ਪੱਤਰ ਪਚਾਉਣ ਲਈ ਸਕੌਟ ਦਾ ਜਾਣਾ ਜ਼ਰੂਰੀ ਸੀ। ਉਸ ਨੇ ਜੈਕੀ ਨੂੰ ਕੁਝ ਖਾਸ ਜਾਣਕਾਰੀ ਵੀ ਦੇਣੀ ਸੀ। ਜੈਕੀ ਦੇ ਘਰ ਜਾਣਾ ਉਸ ਨੂੰ ਠੀਕ ਨਹੀਂ ਸੀ ਲੱਗ ਰਿਹਾ। ਉਸ ਨੇ ਕੋਈ ਰਿਸਕ ਲੈਣ ਦੀ ਥਾਂ ਜੈਕੀ ਨੂੰ ਉਸ ਦੇ ਘਰ ਦੇ ਨੇੜੇ ਹੀ ਇਕ ਛੋਟੇ ਜਿਹੇ ਰੈਸਟੋਰੈਂਟ ਵਿਚ ਸੱਦ ਲਿਆ ਜਿਥੇ ਉਹ ਤਕਰੀਬਨ ਹਰ ਬੰਦੇ 'ਤੇ ਨਜ਼ਰ ਰੱਖ ਸਕਦਾ ਸੀ।

ਮਿਥੇ ਸਮੇਂ ਉਹ ਉਥੇ ਪਹੁੰਚ ਗਿਆ ਪਰ ਜੈਕੀ ਅਜੇ ਆਈ ਨਹੀਂ ਸੀ। ਉਸ ਨੇ ਬਾਹਰ ਆ ਕੇ ਸਿਗਰਟ ਸੁਲਘਾ ਲਈ। ਕੁਝ ਦੇਰ ਬਾਅਦ ਜੈਕੀ ਆਉਂਦੀ ਦਿਸੀ ਪਰ ਉਸ ਦੀ ਬਦਲੀ ਤੋਰ ਨੂੰ ਪਹਿਲਾਂ ਉਹ ਪਛਾਣ ਹੀ ਨਹੀਂ ਸੀ ਸਕਿਆ। ਉਹ ਸਿਗਰਟ ਸੁੱਟ ਕੇ ਪੈਰ ਨਾਲ ਮਸਲ ਕੇ ਅੰਦਰ ਚਲਾ ਗਿਆ। ਜੈਕੀ ਉਸ ਦੇ ਸਾਹਮਣੇ ਆ ਬੈਠੀ।

'---ਆਹ ਲੈ ਤੇਰਾ ਪਾਸਪੋਰਟ ਲਿੰਡਾ ਹਾਰਪਰ ਦੇ ਨਾਂ 'ਤੇ, ਡਰਾਈਵਿੰਗ ਲਾਇਸੰਸ ਤੇ ਆਹ ਇਕ ਟੈਲੀਫ਼ੋਨ ਚਿੱਪ—ਇਸ ਵਿਚ ਬਹੁਤ ਖਾਸ ਨੰਬਰ ਨੇ। ਮੇਰਾ ਪ੍ਰਾਈਵੇਟ ਨੰਬਰ ਵੀ ਇਸ ਵਿਚ ਐ। ਤੂੰ ਕਿਸੇ ਵੇਲੇ ਵੀ ਇਸ ਨੰਬਰ 'ਤੇ ਮੇਰੇ ਨਾਲ ਰਾਬਤਾ ਬਣਾ ਸਕਦੀ ਐਂ। ਆਹ ਲੈ ਇਕ ਹੋਰ 'ਟੇਜ਼ਰ' ਇਹ ਤੇਰੀ ਸੁਰੱਖਿਆ ਲਈ ਜ਼ਰੂਰੀ ਐ।' ਸਕੌਟ ਨੇ ਵਾਈਨ ਦਾ ਘੁੱਟ ਭਰਦਿਆਂ ਉਸ ਨੂੰ ਲੋੜੀਂਦੀ ਜਾਣਕਾਰੀ ਦਿੱਤੀ।

'ਇਕ ਗੱਲ ਐ, ਜੇ ਵਾਪਿਸੀ 'ਤੇ ਕਸਟਮ ਵਾਲਿਆਂ ਨੇ ਤਲਾਸ਼ੀ ਵਿਚ ਸਾਨੂੰ ਫੜ ਲਿਆ ਤਾਂ ਸਮੱਸਿਆ ਬਣ ਸਕਦੀ ਆ।' ਜੈਕੀ ਨੇ ਆਪਣਾ ਫਿਕਰ ਜ਼ਾਹਰ ਕੀਤਾ।

'ਤੂੰ ਫਿਕਰ ਨਾ ਕਰ। ਜਦ ਵਾਪਿਸ ਆਉਣਾ ਹੋਇਆ ਤਾਂ ਮੈਨੂੰ ਮੈਸਿਜ ਪਾ ਦੇਵੀ ਜਾਂ ਫ਼ੋਨ ਕਰ ਦੇਵੀਂ। ਮੈਂ ਚਾਹੁੰਨਾ ਆਪਾਂ ਬਾਕੀ ਦੇ ਗਰੋਹ ਨੂੰ ਫੜ ਸਕੀਏ। ਟੌਮ ਜ਼ਰੂਰ ਆਪਣਾ 'ਪੈਕੇਜ' ਜਲਦੀ ਵੰਡਣ ਦੀ ਕੋਸ਼ਿਸ਼ ਕਰੇਗਾ। ਮੈ ਪੂਰੀ ਟੀਮ ਤਿਆਰ ਰੱਖਾਂਗਾ।'

ਉਹ ਕੁਝ ਦੇਰ ਗੱਲਾਂ ਕਰਕੇ ਆਪਣੇ ਆਪਣੇ ਰਾਹ ਪੈ ਗਏ।

ਅਗਲੀ ਸਵੇਰ ਮਿੱਥੇ ਸਮੇਂ ਟੌਮ ਨੇ ਉਸ ਦੀ ਡੋਰ ਕੀਤੀ। ਉਹ ਪਹਿਲਾਂ ਹੀ ਤਿਆਰ ਸੀ ਤੇ ਬਾਹਰ ਆ ਗਈ। ਟੌਮ ਸਵੇਰ ਦੇ ਟਰੈਫਿਕ ਤੋਂ ਪਹਿਲਾਂ ਨਿਕਲਣਾ ਚਾਹੁੰਦਾ ਸੀ ਵੈਸੇ ਵੀ ਉਸ ਦਾ ਰਸਤਾ ਲੰਬਾ ਸੀ। ਇਸ ਲਈ ਚਾਰ ਵਜੇ ਤੁਰਨ ਦਾ ਉਸ ਨੇ ਪ੍ਰੋਗਰਾਮ ਦਿੱਤਾ ਹੋਇਆ ਸੀ।

ਗੱਡੀ ਤੁਰੀ ਤਾਂ ਜੈਕੀ ਨੇ ਸੌਣ ਦਾ ਬਹਾਨਾ ਕੀਤਾ। ਉਹ ਟੌਮ ਨਾਲ ਘੱਟ ਤੋਂ ਘੱਟ ਗੱਲ ਕਰਨਾ ਚਾਹੁੰਦੀ ਸੀ। ਟੌਮ ਨੇ ਕੋਸ਼ਿਸ਼ ਕੀਤੀ ਪਰ ਉਸ ਨੇ ਕੋਈ ਜਵਾਬ ਨਾ ਦਿੱਤਾ। ਸਵਾ ਕੁ ਘੰਟੇ ਵਿਚ ਉਹ ਡੋਵਰ ਪਹੁੰਚ ਗਏ। ਟੌਮ ਨੇ ਸਵੇਰ ਦਾ ਫ਼ਾਇਦਾ

ਉਠਾਉਂਦਿਆਂ ਗੱਡੀ ਕਾਫੀ ਤੇਜ਼ ਰਫ਼ਤਾਰ ਨਾਲ ਚਲਾਈ ਸੀ।

ਫੈਰੀ ਵਿਚ ਗੱਡੀ ਚੜ੍ਹਾ ਕੇ ਉਹਨਾਂ ਨੇ ਹੇਠਲੀ ਛੱਤ 'ਤੇ ਬਣੀ ਪਾਰਕ ਵਿਚ ਖੜ੍ਹੀ ਕਰ ਦਿਤੀ। ਜੈਕੀ ਨੇ ਗੱਡੀ ਦੀ ਰਜਿਸਟਰੇਸ਼ਨ ਨੰਬਰ ਅਤੇ ਮਾਡਲ ਦਾ ਦਿਮਾਗੀ ਨੋਟ ਬਣਾ ਲਿਆ। ਜਦ ਉਹ ਯਾਤਰੀਆਂ ਵਾਲੀ ਛੱਤ 'ਤੇ ਗਏ ਤਾਂ ਉਹ ਔਰਤਾਂ ਦੀਆਂ ਟਾਇਲਟਾਂ ਵਿਚ ਚਲੀ ਗਈ ਤੇ ਸਕੌਟ ਨੂੰ ਗੱਡੀ ਦੀ ਜਾਣਕਾਰੀ ਦੇ ਦਿੱਤੀ। ਉਸ ਨੂੰ ਪਤਾ ਸੀ ਕਿ ਪਹਿਲਾਂ ਪਹੁੰਚੇ ਇਕ ਹੋਰ ਅੰਡਰਕਵਰ ਅਫ਼ਸਰ ਨੂੰ ਉਹ ਜਾਣਕਾਰੀ ਦੇ ਦੇਵੇਗਾ ਤੇ ਉਸ ਨੇ ਟੌਮ ਦਾ ਪਿੱਛਾ ਕਰਨ ਦਾ ਪ੍ਰਬੰਧ ਕਰਨਾ ਸੀ। ਟੌਮ ਦੀ ਗੱਡੀ ਵਿਚ ਜੈਕੀ ਨੇ ਸਕੌਟ ਦੀ ਦਿੱਤੀ ਚਿੱਪ ਸੀਟ ਹੇਠਾਂ ਫਿੱਟ ਕਰ ਦਿੱਤੀ ਸੀ। ਗੱਡੀ ਵਿਚ ਹੁੰਦੀ ਗੱਲਬਾਤ, ਗੱਡੀ ਦੀ ਲੋਕੇਸ਼ਨ ਬਗੈਰਾ ਸਾਰੀ ਜਾਣਕਾਰੀ ਸਕੌਟ ਨੂੰ ਪਹੁੰਚੀ ਜਾਣੀ ਸੀ। ਇਸ ਪੱਖ ਤੋਂ ਜੈਕੀ ਨਿਸ਼ਚਿੰਤ ਹੋ ਗਈ ਸੀ। ਬਾਹਰ ਆਈ ਤਾਂ ਅੱਗੇ ਟੌਮ ਖੜ੍ਹਾ ਸੀ।

'ਆ ਆਪਾਂ ਬ੍ਰੇਕਫਾਸਟ ਕਰ ਲਈਏ।'

ਜੈਕੀ ਨੇ ਸਿਰ ਹਿਲਾ ਕੇ ਸਹਿਮਤੀ ਦਿੱਤੀ ਤੇ ਉਸ ਦੇ ਪਿੱਛੇ ਚੱਲ ਪਈ। ਉਹ ਬਰੇਕ ਫਾਸਟ ਦਾ ਆਰਡਰ ਕਰ ਕੇ ਇਕ ਟੇਬਲ 'ਤੇ ਬੈਠ ਗਏ। ਬਰੇਕਫਾਸਟ ਕਰਦਿਆਂ ਫੈਰੀ ਵੀ ਚੱਲ ਪਈ ਸੀ। ਉਹ ਸਧਾਰਣ ਜਿਹੀਆਂ ਗੱਲਾਂ ਕਰਦੇ ਬਰੇਕਫਾਸਟ ਕਰਕੇ ਬਾਹਰ ਡੈਕ 'ਤੇ ਆ ਗਏ। ਬਾਹਰ ਧੁੱਪ ਸੀ ਪਰ ਸਰਦ ਹਵਾ ਨੇ ਉਹਨਾਂ ਨੂੰ ਅੰਦਰ ਜਾਣ ਲਈ ਮਜਬੂਰ ਕਰ ਦਿੱਤਾ।

ਰਸਤੇ ਵਿਚ ਉਹ ਦੋਵੇਂ ਵੱਖ ਵੱਖ ਸੋਚ ਰਹੇ ਸਨ। ਟੌਮ ਦੀ ਜੈਕੀ ਨੂੰ ਭੋਗਣ ਦੀ ਚਿਰਜੀਵੀ ਖਾਹਿਸ਼ ਪੂਰੀ ਹੋਣ ਵਿਚ ਕੁਝ ਘੰਟਿਆਂ ਦਾ ਸਮਾਂ ਰਹਿ ਗਿਆ ਸੀ। ਉਸ ਨੇ ਜੈਕੀ ਦਾ ਕਮਰਾ ਆਪਣੇ ਕਮਰੇ ਦੇ ਸਾਹਮਣੇ ਵਾਲਾ ਹੀ ਬੁੱਕ ਕਰਵਾ ਲਿਆ ਸੀ। ਉਸ ਦਾ ਯਕੀਨ ਸੀ ਜੈਕੀ ਉਸ ਨੂੰ ਰੋਕ ਨਹੀਂ ਸਕੇਗੀ ਤੇ ਉਸ ਲਈ ਇਹ ਟਰਿੱਪ ਯਾਦਗਾਰੀ ਸਾਬਤ ਹੋਵੇਗਾ। ਰਸਤੇ ਵਿਚ ਉਹ ਜੈਕੀ ਨਾਲ ਸਭਿਅੱਕ ਵਰਤਾਅ ਕਰ ਕੇ ਉਸ ਦਾ ਕੁਝ ਕੁ ਵਿਸ਼ਵਾਸ਼ ਜਿੱਤਣ ਦਾ ਯਤਨ ਵੀ ਕਰ ਰਿਹਾ ਸੀ।

ਜੈਕੀ ਨੂੰ ਵੀ ਪਤਾ ਸੀ ਜੋ ਕੁਝ ਟੌਮ ਦੇ ਮਨ ਵਿਚ ਚੱਲ ਰਿਹਾ ਸੀ। ਉਸ ਸਾਹਮਣੇ ਉਹਨਾਂ ਅਨੇਕਾਂ ਬੇਗੁਨਾਹ ਕੁੜੀਆਂ ਤੇ ਉਹਨਾਂ ਨੇ ਮਾਪਿਆਂ ਦੇ ਚਿਹਰੇ ਉਜਾਗਰ ਹੋ ਰਹੇ ਸਨ ਜਿਹੜੀਆਂ ਇਹਨਾਂ ਕਮੀਨੇ ਲੋਕਾਂ ਦਾ ਸ਼ਿਕਾਰ ਹੋ ਰਹੀਆਂ ਸਨ। ਉਹਨਾਂ ਮਾਸੂਮ ਬੇਗੁਨਾਹ ਬੱਚੀਆਂ ਨੂੰ ਬਚਾਉਣ ਲਈ ਉਹ ਹਰ ਕੁਰਬਾਨੀ ਕਰਨ ਲਈ ਤਿਆਰ ਸੀ। ਕਿਸੇ ਕਿਸੇ ਬੱਚੀ ਨਾਲ ਤਾਂ ਉਸ ਦਾ ਏਨਾ ਮੋਹ ਬਣ ਜਾਂਦਾ ਕਿ ਉਹ ਉਸ ਨੂੰ ਆਪਣੀ ਹੀ ਧੀ-ਭੈਣ ਲਗਦੀ। ਨਸ਼ਿਆਂ ਨੂੰ ਉਹ ਬੇਹੱਦ ਨਫ਼ਰਤ ਕਰਦੀ ਸੀ। ਲੋਕਾਂ ਦੀਆਂ ਮਜਬੂਰੀਆਂ ਅਤੇ ਮਜਬੂਰਾਂ ਨੂੰ ਵੇਚ ਕੇ ਇਹ ਆਪਣੇ ਭਵਿੱਖ ਨੂੰ ਰੌਸ਼ਨ ਕਰਨ ਦਾ ਕੋਝਾ ਯਤਨ ਕਰ ਰਹੇ ਹਨ। ਇਹ ਉਸ ਨੂੰ ਕਤਈ ਮਨਜ਼ੂਰ ਨਹੀਂ ਸੀ। ਸਭ ਤੋਂ ਵੱਡੀ ਗੱਲ ਉਸ ਨੂੰ ਆਪਣੇ ਆਪ 'ਤੇ ਭਰੋਸਾ ਸੀ। ਵੈਸੇ ਵੀ ਕੋਈ ਵੀ ਕੰਮ ਬਿਨਾਂ

ਜ਼ੋਖਮ ਲਏ ਤੋਂ ਤਾਂ ਸਿਰੇ ਨਹੀਂ ਚੜ੍ਹਦਾ, ਇਹ ਉਹ ਜਾਣਦੀ ਸੀ।

ਕਾਰ ਬੈਲਜੀਅਮ ਤੋਂ ਪੋਲੈਂਡ ਨੂੰ ਆਪਣੀ ਸਪੀਡ ’ਤੇ ਜਾ ਰਹੀ ਸੀ। ਇਹ ਤਕਰੀਬਨ ਬਾਰਾਂ ਘੰਟੇ ਦਾ ਸਫ਼ਰ ਸੀ ਤੇ ਜੈਕੀ ਅਤੇ ਟੌਮ ਨੇ ਵਾਰੀ ਵਾਰੀ ਕਾਰ ਚਲਾਉਣੀ ਸੀ। ਰਸਤੇ ਵਿਚ ਚਾਹ ਕੌਫੀ ਪੀਣ ਲਈ ਉਹ ਦੋ ਵਾਰ ਰੁਕੇ ਤੇ ਰਾਤ ਦੇ ਬਾਰਾਂ ਕੁ ਵਜੇ ਆਪਣੇ ਟਿਕਾਣੇ ਪਹੁੰਚ ਗਏ। ਹੋਟਲ ਵਿਚ ਪਹੁੰਚ ਕੇ ਉਹਨਾਂ ਨੇ ਚਾਬੀਆਂ ਲਈਆਂ ਤੇ ਆਪਣੇ ਕਮਰਿਆਂ ਵਿਚ ਚਲੇ ਗਏ। ਜੈਕੀ ਚੱਕਵੇਂ ਪੈਰੀਂ ਆਪਣੇ ਕਮਰੇ ਅੱਗੇ ਜਾ ਖੜ੍ਹੀ ਤੇ ਗੁਡ ਨਈਟ ਕਹਿ ਕੇ ਅੰਦਰੋਂ ਕੁੰਡੀ ਲਗਾ ਕੇ ਸੌਂ ਗਈ। ਟੌਮ ਵੀ ਚੁਪ ਚਾਪ ਆਪਣੇ ਕਮਰੇ ਵਿਚ ਚਲਾ ਗਿਆ।

ਸਵੇਰੇ ਟੌਮ ਨੇ ਉਸ ਦੇ ਕਮਰੇ ਦੀ ਡੋਰ ਖੜਕਾਈ। ਉਹ ਪਹਿਲਾਂ ਹੀ ਬਰੇਕਫਾਸਟ ਲਈ ਤਿਆਰ ਖੜ੍ਹੀ ਸੀ। ਉਸ ਨੇ ਕੁਝ ਦੇਰ ਜਾਣ-ਬੁੱਝ ਕੇ ਕੋਈ ਜਵਾਬ ਨਾ ਦਿੱਤਾ। ਉਸ ਨੂੰ ਪਤਾ ਸੀ ਕਿ ਕੁਝ ਦੇਰ ਬਾਅਦ ਉਡੀਕ ਕਰਦਾ ਬੰਦਾ ਬੇਅਰਾਮੀ ਮਹਿਸੂਸ ਕਰਨ ਲਗਦਾ ਹੈ ਤੇ ਆਮ ਤੌਰ ’ਤੇ ਦਰਵਾਜ਼ੇ ਤੋਂ ਥੋੜ੍ਹਾ ਪਿੱਛੇ ਹਟ ਜਾਂਦਾ ਹੈ ਜਾਂ ਦਰਵਾਜ਼ੇ ਅੱਗੇ ਟਹਿਲਣ ਲੱਗ ਜਾਂਦਾ ਹੈ। ਉਸ ਨੇ ਬੂਹੇ ਨੂੰ ਕੰਨ ਲਗਾ ਕੇ ਸੁਣਨ ਦਾ ਯਤਨ ਕੀਤਾ। ਕੋਈ ਗੱਲਾਂ ਕਰਦਾ ਉਸ ਦੇ ਕਮਰੇ ਦੇ ਅੱਗੇ ਦੀ ਲੰਘ ਰਿਹਾ ਸੀ। ਸ਼ਾਇਦ ਕੋਈ ਹੋਟਲ ਵਿਚ ਠਹਿਰ ਰਿਹਾ ਜੋੜਾ ਸੀ। ਉਸ ਵੇਲੇ ਹੀ ਜੈਕੀ ਨੇ ਡੋਰ ਖੋਲ੍ਹ ਦਿੱਤੀ ਤੇ ਉੱਚੀ ਆਵਾਜ਼ ਵਿਚ ਉਹਨਾਂ ਦਾ ਧਿਆਨ ਖਿੱਚਣ ਲਈ, ‘ਗੁਡ ਮਾਰਨਿੰਗ ਟੌਮ’ ਕਹਿੰਦਿਆਂ ਕਮਰੇ ਵਿਚੋਂ ਬਾਹਰ ਆ ਗਈ। ਟੌਮ ਦੇ ਚਿਹਰੇ ’ਤੇ ਉਲਝਣ ਦੇ ਪ੍ਰਭਾਵ ਵੇਖ ਕੇ ਉਹ ਅੰਦਰੇ ਅੰਦਰ ਮੁਸਕਰਾਈ ਤੇ ਲਿਫਟ ਵੱਲ ਨੂੰ ਤੁਰ ਪਈ। ਟੌਮ ਵੀ ਬੱਧਾ ਰੁੱਧਾ ਉਸ ਦੇ ਪਿੱਛੇ ਪਿੱਛੇ ਤੁਰ ਪਿਆ।

ਬਰੇਕਫਾਸਟ ਕਰਦਿਆਂ ਉਸ ਨੇ ਟੌਮ ਤੋਂ ਦਿਨ ਦਾ ਪ੍ਰੋਗਰਾਮ ਪੁੱਛਿਆ।

‘ਮੈ ਤਾਂ ਤੈਨੂੰ ਸ਼ਹਿਰ ਦਿਖਾਉਣਾ ਚਾਹੁੰਨਾ। ਤੈਨੂੰ ਵੀ ਪੋਲੈਂਡ ਦੀ ਸੁੰਦਰਤਾ ਦਾ ਪਤਾ ਲੱਗੇ।’

ਉਹ ਫਿੱਕਾ ਜਿਹਾ ਮੁਸਕਰਾਉਣ ਦਾ ਯਤਨ ਕਰ ਰਿਹਾ ਸੀ। ਜੈਕੀ ਨੇ ਮਹਿਸੂਸ ਕੀਤਾ ਉਹ ਆਪਣੀ ਖਿੱਝ ’ਤੇ ਪਰਦਾ ਪਾਉਣ ਦੀ ਨਾਕਾਮ ਕੋਸ਼ਿਸ਼ ਕਰ ਰਿਹਾ ਸੀ।

‘ਕੰਮ ਪਹਿਲਾਂ। ਸਮਾਂ ਮਿਲਿਆ ਤਾਂ ਜ਼ਰੂਰ ਪੋਲੈਂਡ ਦੀ ਸੁੰਦਰਤਾ ਵੀ ਦੇਖੀ ਜਾਵੇਗੀ।’

ਟੌਮ ਨੇ ਉਸ ਵੱਲ ਬਹੁਤ ਧਿਆਨ ਨਾਲ ਵੇਖਿਆ।

‘ਮੈਂ ਗੱਡੀ ਦਾ ਟਾਇਰ ਠੀਕ ਕਰਵਾਉਣ ਲਈ ਜਾਣਾ। ਉਸ ਵਿਚ ਪੰਚਰ ਐ। ਐਥੇ ਨੇੜੇ ਈ ਆ। ਕੱਲ੍ਹ ਨੂੰ ਵਾਪਿਸ ਲੈ ਲਵਾਂਗੇ। ਇਕ ਹੋਰ ਮੀਟਿੰਗ ਐ ਜਿਥੇ ਆਪਾਂ ਉਹਨਾਂ ਕੁੜੀਆਂ ਨੂੰ ਮਿਲਣਾ। ਕਮਰੇ ਵਿਚ ਹੋ ਕੇ ਬੱਸ ਨਿਕਲ ਚੱਲਾਂਗੇ।’

‘ਠੀਕ ਆ ਤੂੰ ਕਮਰੇ ਵਿਚ ਜਾ ਆ। ਮੈਂ ਤਾਂ ਕੁਝ ਲੈਣਾ ਨਹੀਂ ਕਮਰੇ ’ਚੋਂ। ਮੈਂ ਆਹ ਮੈਗਜ਼ੀਨ ਪੜ੍ਹ ਲੈਨੀ ਆ।’

ਉਸ ਨੇ ਅੰਗਰੇਜ਼ੀ ਦਾ ਮੈਗਜ਼ੀਨ ਚੁੱਕਦਿਆਂ ਕਿਹਾ। ਟੌਮ ਨੂੰ ਜਿਵੇਂ ਸਕਤਾ ਮਾਰ ਗਿਆ ਹੋਵੇ। ਉਹ ਮੈਗਜ਼ੀਨ ਵਿਚ ਮਗਨ ਹੋਣ ਦਾ ਬਹਾਨਾ ਕਰਨ ਲੱਗੀ ਤੇ ਟੌਮ ਕੁਝ ਦੇਰ ਬੈਠਾ ਰਿਹਾ ਫਿਰ ਉੱਠ ਕੇ ਚਲਾ ਗਿਆ।

ਕੁਝ ਮਿੰਟਾਂ ਬਾਅਦ ਟੌਮ ਵਾਪਿਸ ਆ ਗਿਆ। ਜੈਕੀ ਨੇ ਉਸ ਨੂੰ ਵੇਖ ਲਿਆ ਸੀ। ਉਸ ਨੇ ਪਹਿਲਾਂ ਵੀ ਹਾਲ ਵਿਚ ਧਿਆਨ ਮਾਰਿਆ ਸੀ ਤੇ ਅੰਡਰਕਵਰ ਅਫ਼ਸਰ ਨੂੰ ਪਛਾਣ ਲੈਣ ਦੀ ਕੋਸ਼ਿਸ਼ ਕੀਤੀ ਸੀ। ਪਰ ਉਸ ਨੂੰ ਕੋਈ ਅਜਿਹਾ ਬੰਦਾ ਨਹੀਂ ਸੀ ਦਿਸਿਆ। ਟੌਮ ਦੇ ਆਉਣ 'ਤੇ ਉਸ ਨੇ ਇਕ ਵਾਰ ਫਿਰ ਹਾਲ ਦਾ ਨਜ਼ਰਾਂ ਨਾਲ ਸਰਵੇਖਣ ਕੀਤਾ। ਹੁਣ ਵੀ ਉਸ ਨੂੰ ਕੋਈ ਅਜਿਹਾ ਬੰਦਾ ਨਹੀਂ ਸੀ ਦਿਸਿਆ। ਉਹ ਆਪਣਾ ਸਿਰ ਉੱਚਾ ਕਰੀ, ਆਪਣੇ ਮੋਢੇ ਅਕੜਾਈ, ਪੂਰੇ ਸਵੈ-ਵਿਸ਼ਵਾਸ਼ ਨਾਲ ਟੌਮ ਦੇ ਬਰਾਬਰ ਚੱਲ ਰਹੀ ਸੀ। ਉਸ ਦਾ ਆਤਮ-ਵਿਸ਼ਵਾਸ਼ ਟੌਮ ਦੀ ਖਿੱਝ ਨੂੰ ਹੋਰ ਵਧਾ ਰਿਹਾ ਸੀ।

ਕਾਰ ਕੋਲ ਪਹੁੰਚੇ ਤਾਂ ਟੌਮ ਨੇ ਕਾਰ ਦਾ ਤਾਲਾ ਖੋਲ੍ਹ ਦਿੱਤਾ। ਉਹ ਯਾਤਰੀ ਵਾਲੀ ਸੀਟ 'ਤੇ ਜਾ ਬੈਠੀ ਤੇ ਟੌਮ ਡਰਾਈਵ ਕਰਨ ਲੱਗਾ। ਉਸ ਦੀ ਅੰਗੂਠੀ ਵਿਚ ਸ਼ੀਸ਼ੇ ਦਾ ਨਗ ਲੱਗਿਆ ਹੋਇਆ ਸੀ। ਉਸ ਨੇ ਆਪਣਾ ਹੱਥ ਇਸ ਤਰ੍ਹਾਂ ਰੱਖਿਆ ਕਿ ਪਿੱਛੋਂ ਆਉਂਦੀਆਂ ਗੱਡੀਆਂ ਉਸ ਨੂੰ ਮੁੰਦਰੀ ਦੇ ਨਗ ਵਿਚ ਦਿਸ ਸਕਣ। ਉਹ ਗੱਲਾਂ ਕਰਕੇ ਟੌਮ ਦਾ ਧਿਆਨ ਪਿਛਲੀਆਂ ਗੱਡੀਆਂ ਤੋਂ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤੇ ਆਪ ਟੇਢੀ ਜਿਹੀ ਨਜ਼ਰ ਨਾਲ ਅੰਗੂਠੀ ਵਿਚ ਵੇਖ ਲੈਂਦੀ। ਜਦ ਉਹ ਪਾਰਕਿੰਗ ਵਿਚੋਂ ਬਾਹਰ ਨਿਕਲੇ ਤਾਂ ਇਕ ਹੋਰ ਗੱਡੀ ਪਾਰਕ ਵਿਚੋਂ ਤੁਰਨ ਲੱਗੀ ਸੀ। ਜੈਕੀ ਨੂੰ ਉਮੀਦ ਸੀ ਸ਼ਾਇਦ ਇਹੋ ਉਹ ਅੰਡਰਕਵਰ ਅਫ਼ਸਰ ਹੋਵੇ। ਪਰ ਉਸ ਨੂੰ ਪੱਕਾ ਪਤਾ ਨਹੀਂ ਸੀ।

ਉਹ ਸ਼ਹਿਰ ਤੋਂ ਕੁਝ ਦੂਰ ਨਿਕਲ ਆਏ ਸਨ। ਟੌਮ ਹੁਣ ਕੁਝ ਕੁ ਸ਼ਾਂਤ-ਚਿੱਤ ਲਗਦਾ ਸੀ। ਜੈਕੀ ਪੋਲੈਂਡ ਬਾਰੇ ਗੱਲਾਂ ਕਰ ਰਹੀ ਸੀ। ਉਸ ਨੇ ਵੇਖਿਆ ਪਿੱਛੇ ਕੁਝ ਦੂਰ ਉਹੀ ਕਾਰ ਆ ਰਹੀ ਸੀ। ਟੌਮ ਉਸ ਕਾਰ ਵੱਲੋਂ ਬੇਫਿਕਰ ਉਸ ਨਾਲ ਮਿੱਠੀਆਂ ਮਾਰ ਰਿਹਾ ਸੀ।

'ਜੇ ਤੂੰ ਬੁਰਾ ਨਾ ਮਨਾਵੇਂ ਤਾਂ ਮੈ ਇਕ ਨਿੱਜੀ ਗੱਲ ਤੇਰੇ ਕੋਲੋਂ ਪੁੱਛਣਾ ਚਾਹੁੰਨਾ।'

'ਟੌਮ ਤੂੰ ਜੋ ਮਰਜ਼ੀ ਪੁੱਛ। ਬੁਰਾ ਮਨਾਉਣ ਵਾਲੀ ਕਿਹੜੀ ਗੱਲ ਐ!'

'ਕੁਦਰਤ ਨੇ ਆਦਮੀ ਤੇ ਔਰਤ ਨੂੰ ਕਿਸੇ ਖਾਸ ਮਕਸਦ ਲਈ ਪੈਦਾ ਕੀਤਾ ਐ। ਜੇ ਦੋਨਾਂ ਵਿਚੋਂ ਇਕ ਨਾ ਹੋਵੇ ਤਾਂ ਮਨੁੱਖ ਜਾਤੀ ਅੱਗੇ ਨਹੀਂ ਵਧ ਸਕਦੀ। ਫੇਰ ਤੇਰਾ ਇਕ ਔਰਤ ਨਾਲ ਪਿਆਰ ਸਬੰਧ ਗੈਰ-ਕੁਦਰਤੀ ਹੋਇਆ ਨਾ। ਅਸਲ 'ਚ ਪਾਪ ਐ ਜੇ ਤੂੰ ਕ੍ਰਿਸਚੀਅਨ ਧਰਮ ਵਿਚ ਯਕੀਨ ਰਖਦੀ ਐਂ ਤਾਂ।'

ਜੈਕੀ ਅਜਿਹੇ ਸਵਾਲ ਲਈ ਤਿਆਰ ਨਹੀਂ ਸੀ। ਉਹ ਟੌਮ ਵੱਲ ਵੇਖ ਕੇ ਮੁਸਕਰਾਈ ਤੇ ਮਨੋ ਮਨ ਜਵਾਬ ਬਾਰੇ ਸੋਚਣ ਲੱਗੀ। ਕਾਲਪਨਿਕ ਮਰੀਆ ਨੂੰ ਧਿਆਨ ਵਿਚ ਲਿਆਂਦਾ ਜਿਸ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ।

'ਟੌਮ, ਕੋਈ ਵੀ ਸੱਚਾ ਸੁੱਚਾ ਰਿਸ਼ਤਾ ਗੈਰ ਕੁਦਰਤੀ ਨਹੀਂ ਹੁੰਦਾ। ਗੈਰ-ਕੁਦਰਤੀ ਰਿਸ਼ਤਾ ਤਾਂ ਉਹ ਹੁੰਦਾ ਜਿਹੜਾ ਧੱਕੇ ਨਾਲ ਬਣਾਇਆ ਜਾਂਦਾ। ਪਿਆਰ ਦਾ ਰਿਸ਼ਤਾ ਕੁਦਰਤੀ ਐ। ਚਾਹੇ ਉਹ ਇਨਸਾਨ ਦਾ ਇਨਸਾਨ ਨਾਲ ਹੋਵੇ ਜਾ ਇਨਸਾਨ ਦਾ ਕਿਸੇ ਪਾਲਤੂ ਜਾਨਵਰ ਨਾਲ ਤੇ ਜਾਂ ਬਨਸਪਤੀ ਨਾਲ। ਤੈਨੂੰ ਪਤਾ ਈ ਆ ਕਈ ਲੋਕ ਆਪਣੀ ਸਾਰੀ ਜਾਇਦਾਦ ਹੀ ਪਾਲਤੂ ਜਾਨਵਰਾਂ ਦੇ ਨਾਂ ਲਗਾ ਜਾਂਦੇ ਐ। ਇਹ ਪਿਆਰ ਕਰਕੇ ਈ ਐ ਨਾ। ਮਰੀਆ ਨਾਲ ਮੇਰਾ ਪਿਆਰ ਕੁਦਰਤੀ ਐ, ਧੱਕੇ ਵਾਲਾ ਨਹੀਂ। ' ਉਹ ਹਲਕਾ ਜਿਹਾ ਮੁਸਕਰਾਈ। ਉਸ ਨੂੰ ਆਪਣੇ ਜਵਾਬ ਨਾਲ ਤਸੱਲੀ ਸੀ।

ਇਹੋ ਜਿਹੀਆਂ ਗੱਲਾਂ ਕਰਦੇ ਉਹ ਟਾਇਰਾਂ ਵਾਲੀ ਦੁਕਾਨ ਵਿਚ ਪਹੁੰਚ ਗਏ। ਪਿੱਛੇ ਆ ਰਹੀ ਕਾਰ ਉਹਨਾਂ ਤੋਂ ਅੱਗੇ ਲੰਘ ਗਈ ਸੀ। ਟੌਮ ਨੇ ਜੈਕੀ ਨੂੰ ਕਾਰ ਵਿਚ ਹੀ ਬੈਠਣ ਲਈ ਕਿਹਾ ਤੇ ਆਪ ਅੰਦਰ ਚਲਾ ਗਿਆ। ਕੁਝ ਮਿੰਟਾਂ ਬਾਅਦ ਉਹ ਇਕ ਟਾਇਰ ਫਿਟਰ ਨਾਲ ਬਾਹਰ ਆਇਆ। ਉਸ ਨੇ ਇਕ ਸਪੇਅਰ ਵੀਲ ਕਾਰ ਵਿਚ ਰੱਖ ਦਿੱਤਾ ਤੇ ਪਹਿਲਾਂ ਵਾਲਾ ਕੱਢ ਲਿਆ। ਟੌਮ ਨੇ ਉਸ ਨੂੰ ਪੋਲਿਸ਼ ਵਿਚ ਕੁਝ ਕਿਹਾ ਤੇ ਉਹ ਕਾਰ ਸਟਾਰਟ ਕਰਕੇ ਸੜਕ ਵਿਚ ਰਿਵਰਸ ਕਰਕੇ ਵਾਪਿਸ ਚੱਲ ਪਿਆ। ਉਸ ਕਾਰ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ।

'ਹੁਣ ਆਪਾਂ ਮੀਟਿੰਗ ਲਈ ਜਾਣਾ?' ਜੈਕੀ ਨੇ ਪੁੱਛਿਆ।

'ਨਹੀਂ। ਟਾਇਰਾਂ ਵਾਲੀ ਦੁਕਾਨ ਵਿਚ ਉਸ ਦਾ ਫ਼ੋਨ ਆਇਆ ਸੀ। ਉਹ ਆਪਾਂ ਨੂੰ ਹੋਟਲ ਵਿਚ ਹੀ ਮਿਲੇਗਾ। ਆਪਾਂ ਸਾਰੀ ਗੱਲ ਉਸ ਨਾਲ ਏਥੇ ਹੀ ਕਰ ਲਵਾਂਗੇ। ਜੇ ਸਭ ਠੀਕ ਹੋ ਗਿਆ ਤਾਂ ਪਰਸੋਂ ਸਵੇਰੇ ਨਿਕਲ ਚੱਲਾਂਗੇ ਤੇ ਸ਼ਾਮ ਵਾਲੀ ਫੈਰੀ ਫੜ ਲਵਾਂਗੇ।'

'ਹਾਂ ਇਹ ਵੀ ਠੀਕ ਐ।'

ਜੈਕੀ ਨੂੰ ਕੁਝ ਪਤਾ ਨਹੀਂ ਸੀ ਕਿ ਟੌਮ ਦੇ ਦਿਮਾਗ ਵਿਚ ਕੀ ਚੱਲ ਰਿਹਾ ਸੀ। ਉਹ ਸੱਚ ਬੋਲ ਰਿਹਾ ਸੀ ਜਾਂ ਝੂਠ। ਪਰ ਉਹ ਉਸ 'ਤੇ ਨਿਰਭਰ ਸੀ। ਇਹ ਵੀ ਸੰਭਵ ਸੀ ਉਹ ਜਾਣ-ਬੁੱਝ ਕੇ ਹੋਟਲ ਵਿਚ ਜਾ ਰਿਹਾ ਹੋਵੇ। ਉਹ ਸੋਚਦਿਆਂ ਟੁੱਟਵੀਆਂ ਜਿਹੀਆਂ ਗੱਲਾਂ ਕਰਨ ਲੱਗੇ।

ਹੋਟਲ ਪਹੁੰਚਣ ਤੋਂ ਪਹਿਲਾਂ ਉਹ ਉਸ ਨੂੰ ਲੰਚ ਲਈ ਇਕ ਚੰਗੇ ਰੈਸਟੋਰੈਂਟ ਵਿਚ ਲੈ ਗਿਆ।

'ਆ ਤੈਨੂੰ ਸ਼ੁੱਧ ਪੋਲਿਸ਼ ਖਾਣਾ ਖਿਲਾਵਾਂ। ਤੂੰ ਪਸੰਦ ਕਰੇਂਗੀ।'

'ਤੇਰੀ ਮਿਹਰਬਾਨੀ।' ਕਹਿੰਦਿਆਂ ਉਹ ਉਸ ਦੇ ਨਾਲ ਚੱਲ ਪਈ।

ਖਾਣਾ ਵਾਕਿਆ ਬਹੁਤ ਸਵਾਦ ਸੀ। ਉਸ ਨੇ ਬੀਅਰ ਦੀ ਇਕ ਛੋਟੀ ਬੋਤਲ ਵੀ ਪੀ ਲਈ ਸੀ। ਟੌਮ ਹੁਣ ਖੁਸ਼ ਲਗਦਾ ਸੀ। ਜੈਕੀ ਨੇ ਵੀ ਆਮ ਵਰਗਾ ਵਰਤਾਅ ਜਾਰੀ ਰੱਖਿਆ। ਖਾਣਾ ਖਾ ਕੇ ਉਹ ਫਿਰ ਹੋਟਲ ਨੂੰ ਚੱਲ ਪਏ।

ਟੌਮ ਨੇ ਘੜੀ ਵੇਖੀ। 'ਲਗਦਾ ਆਪਾਂ ਲੇਟ ਹੋ ਜਾਵਾਂਗੇ। ਜਿਸ ਬੰਦੇ ਨੇ ਕੁੜੀਆਂ ਨੂੰ ਲੈ ਕੇ ਆਉਣਾ ਉਹ ਸਮੇਂ ਦਾ ਬਹੁਤ ਪਾਬੰਦ ਐ।' ਟੌਮ ਦੀ ਆਵਾਜ਼ ਵਿਚ ਕੁਝ ਕੁ ਕਾਹਲ ਦੀ ਝਲਕ ਸੀ।

'ਫੇਰ ਆਪਾਂ ਲੰਚ ਨਹੀਂ ਸੀ ਕਰਨਾ।' ਜੈਕੀ ਨੂੰ ਮਹਿਸੂਸ ਹੋਇਆ ਉਹ ਸ਼ਾਇਦ ਸੱਚ ਕਹਿ ਰਿਹਾ ਸੀ। ਟੌਮ ਨੇ ਕੋਈ ਜਵਾਬ ਨਾ ਦਿੱਤਾ।

ਉਹ ਹੋਟਲ ਪਹੁੰਚੇ ਤਾਂ ਟੌਮ ਤੇਜ਼ ਕਦਮਾਂ ਨਾਲ ਕਮਰੇ ਵੱਲ ਵਧਿਆ। ਜੈਕੀ ਵੀ ਉਸ ਦੇ ਪਿੱਛੇ ਸੀ। ਲੌਬੀ ਵਿਚ ਕੋਈ ਉਹਨਾਂ ਦੀ ਉਡੀਕ ਨਹੀਂ ਸੀ ਕਰ ਰਿਹਾ। ਟੌਮ ਨੇ ਸੁਖ ਦਾ ਸਾਹ ਲਿਆ। ਕਮਰੇ ਦਾ ਦਰਵਾਜ਼ਾ ਖੋਲ੍ਹਦਿਆਂ ਉਹ ਫ਼ੋਨ 'ਤੇ ਕਿਸੇ ਨਾਲ ਪੋਲਿਸ਼ ਵਿਚ ਗੱਲ ਕਰ ਰਿਹਾ ਸੀ। ਜੈਕੀ ਨੂੰ ਅੰਦਰ ਜਾਣ ਲਈ ਉਸ ਨੇ ਪਾਸੇ ਹੋ ਕੇ ਇਕ ਹੱਥ ਨਾਲ ਬੂਹਾ ਫੜੀ ਰੱਖਿਆ ਤੇ ਉਸ ਨੂੰ ਅੰਦਰ ਲੰਘ ਜਾਣ ਦਿੱਤਾ।

'ਉਹ ਪੰਜ ਸੱਤ ਮਿੰਟ ਵਿਚ ਆ ਰਹੇ ਆ। ਨੀਚੇ ਕਾਰ ਪਾਰਕ ਵਿਚ ਐ।'

ਜੈਕੀ ਅੰਦਰ ਲੰਘ ਗਈ ਤੇ ਟੌਮ ਨੇ ਡੋਰ ਬੰਦ ਕਰ ਦਿੱਤੀ। ਜੈਕੀ ਦਾ ਮੱਥਾ ਠਣਕਿਆ। ਕਿਤੇ ਉਹ ਝੂਠ ਹੀ ਨਾ ਬੋਲ ਰਿਹਾ ਹੋਵੇ। ਉਹ ਚੇਤਨ ਹੋ ਕੇ ਖੜ੍ਹ ਗਈ। ਉਸ ਦੀ ਪਿੱਠ ਬੈਡ ਵੱਲ ਸੀ ਤੇ ਉਹ ਟੌਮ ਦੀਆਂ ਹਰਕਤਾਂ ਨੂੰ ਬਹੁਤ ਧਿਆਨ ਨਾਲ ਵੇਖ ਰਹੀ ਸੀ। ਅਚਾਨਕ ਟੌਮ ਨੇ ਉਸ ਨੂੰ ਧੱਕਾ ਦਿੱਤਾ ਤੇ ਉਹ ਪਿੱਠ ਭਾਰ ਬੈਡ 'ਤੇ ਡਿੱਗ ਪਈ। ਟੌਮ ਅੱਗੇ ਵਧਣ ਲਈ ਹਿੱਲਿਆ ਹੀ ਸੀ ਕਿ ਜੈਕੀ ਨੇ ਦੋਵੇਂ ਪੈਰ ਜੋੜ ਕੇ ਉਸ ਦੇ ਢਿੱਡ ਵਿਚ ਮਾਰੇ। ਵੈਸੇ ਉਸ ਦਾ ਨਿਸ਼ਾਨਾ ਢਿੱਡ ਤੋਂ ਹੇਠਾਂ ਕਰਕੇ ਉਸ 'ਤੇ ਹਮਲਾ ਕਰਨ ਦਾ ਸੀ। ਟੌਮ ਅਚਾਨਕ ਵੱਜੀ ਕਿੱਕ ਨਾਲ ਪਿੱਛੇ ਹਟ ਗਿਆ। ਜੈਕੀ ਅੱਧਾ ਕੁ ਉੱਠ ਗਈ ਸੀ ਕਿ ਟੌਮ ਜਲਦੀ ਨਾਲ ਉਸ 'ਤੇ ਹਮਲਾਵਰ ਹੋ ਗਿਆ। ਇਸ ਵਾਰ ਉਸ ਨੇ ਜੈਕੀ ਦੀ ਸੰਘੀ ਨੂੰ ਕਾਬੂ ਕਰ ਲਿਆ ਸੀ। ਜੈਕੀ ਦਾ ਸਾਹ ਘੁੱਟ ਰਿਹਾ ਸੀ। ਖੱਬੇ ਹੱਥ ਨਾਲ ਉਹ ਟੌਮ ਦਾ ਹੱਥ ਸੰਘੀ ਤੋਂ ਹਟਾਉਣ ਦਾ ਯਤਨ ਕਰ ਰਹੀ ਸੀ। ਟੌਮ ਸੰਘੀ ਨੂੰ ਲੋੜ ਅਨੁਸਾਰ ਦਬਾ ਰਿਹਾ ਸੀ ਤਾਂ ਜੋ ਜੈਕੀ ਵਿਰੋਧ ਤਿਆਗ ਕੇ ਸਮਰਪਤ ਹੋ ਜਾਵੇ। ਜੈਕੀ ਨੇ ਸੱਜੇ ਹੱਥ ਨਾਲ ਆਪਣੀ ਪਤਲੂਨ ਦੀ ਜੇਬ ਵਿਚੋਂ ਟੇਜ਼ਰ ਕੱਢਿਆ ਤੇ ਟੌਮ ਦੀ ਬਾਂਹ ਵਿਚ ਖੋਭ ਦਿੱਤਾ। ਟੌਮ ਦੀ ਪਕੜ ਢਿੱਲੀ ਹੋ ਗਈ। ਬਿਜਲੀ ਦੇ ਕਰੰਟ ਨੇ ਉਸ ਦਾ ਸਰੀਰ ਝੂਠਾ ਕਰ ਦਿੱਤਾ ਸੀ। ਜੈਕੀ ਨੇ ਉਸ ਨੂੰ ਧੱਕਾ ਦਿੱਤਾ ਤੇ ਉਹ ਬੈਡ ਦੇ ਨਾਲ ਹੀ ਲੁੜ੍ਹਕ ਗਿਆ। ਜੈਕੀ ਉੱਠੀ ਤੇ ਇਕ ਜਬਰਦਸਤ ਘਸੁੰਨ ਉਸ ਦੇ ਮੂੰਹ ਤੇ ਜੜ ਦਿੱਤਾ। ਪਤਾ ਨਹੀਂ ਉਸ ਦੀ ਤਕਲੀਫ਼ ਟੌਮ ਨੇ ਮਹਿਸੂਸ ਕੀਤੀ ਜਾਂ ਨਹੀਂ। ਜੈਕੀ ਨੂੰ ਸਤੁੰਸ਼ਟਤਾ ਦਾ ਅਹਿਸਾਸ ਜ਼ਰੂਰ ਹੋਇਆ। ਉਸ ਨੇ ਲੰਬੇ ਸਾਹ ਲੈ ਕੇ ਆਪਣੇ ਆਪ ਨੂੰ ਸਾਂਵਾਂ ਕੀਤਾ।

ਜੈਕੀ ਨੂੰ ਪਤਾ ਸੀ ਕੁਝ ਮਿੰਟਾਂ ਲਈ ਟੌਮ ਇਸ ਤਰ੍ਹਾਂ ਨਿਢਾਲ ਹੀ ਰਹੇਗਾ। ਇਕ ਵਾਰ ਤਾਂ ਉਹ ਉਸ ਨੂੰ ਕਾਬੂ ਵਿਚ ਰੱਖਣ ਲਈ ਕਾਮਯਾਬ ਹੋ ਗਈ ਸੀ। ਉਸ ਨੂੰ ਕੁਝ

ਹੋਰ ਵੀ ਸੋਚਣਾ ਪੈਣਾ ਸੀ। ਉਹ ਉਸ ਦੇ ਸਾਹਮਣੇ ਕੁਰਸੀ 'ਤੇ ਬੈਠ ਗਈ ਤੇ ਹਿਕਾਰਤ ਭਰੀ ਨਜ਼ਰ ਨਾਲ ਉਸ ਨੂੰ ਵੇਖਣ ਲੱਗੀ।

ਕੁਝ ਸਮੇਂ ਬਾਅਦ ਟੌਮ ਦੇ ਸਰੀਰ ਵਿਚ ਹਰਕਤ ਹੋਈ। ਫਿਰ ਉਹ ਥੋੜ੍ਹਾ ਉੱਠ ਕੇ ਬੈਠ ਗਿਆ ਤੇ ਹੈਰਾਨੀ ਤੇ ਬੇਯਕੀਨੀ ਨਾਲ ਉਸ ਨੂੰ ਵੇਖਣ ਲੱਗਾ। ਜੈਕੀ ਉਸ ਦੇ ਸਾਹਮਣੇ ਬੈਠ ਗਈ। ਉਸ ਨੇ ਉਸ ਦਾ ਸੱਜੀ ਬਾਂਹ ਫੜੀ ਤੇ ਜ਼ੋਰ ਦਾ ਝਟਕਾ ਮਾਰਿਆ। ਨਾਲ ਹੀ ਟੌਮ ਦੀ ਚੀਕ ਨਿਕਲ ਗਈ। ਜੈਕੀ ਨੇ ਆਪਣਾ ਹੱਥ ਉਸ ਦੇ ਮੂੰਹ 'ਤੇ ਰੱਖ ਲਿਆ। ਟੌਮ ਦਾ ਮੋਢਾ ਨਿਕਲ ਗਿਆ ਸੀ ਤੇ ਇਹੋ ਜੈਕੀ ਕਰਨਾ ਚਾਹੁੰਦੀ ਸੀ।

'ਸ਼ੱਟ-ਅੱਪ ਨਹੀਂ ਤਾਂ ਦੂਜੀ ਬਾਂਹ ਦਾ ਵੀ ਇਹੋ ਹਾਲ ਹੋਊ। ਮੈਂ ਇਹ ਕੁਝ ਕਰਨਾ ਨਹੀਂ ਸੀ ਚਾਹੁੰਦੀ ਪਰ ਤੂੰ ਮੈਨੂੰ ਮਜਬੂਰ ਕਰ ਦਿੱਤਾ।'

'ਪਲੀਜ਼, ਮੈਨੂੰ ਮੁਆਫ ਕਰ ਤੇ ਹਸਪਤਾਲ ਲੈ ਚੱਲ। ਨਹੀਂ ਤਾਂ ਸਾਰਾ ਕੰਮ ਵਿਚੇ ਰਹਿ ਜਾਊਗਾ।' ਉਹ ਮਿੰਨਤਾਂ 'ਤੇ ਉੱਤਰ ਆਇਆ ਸੀ।

'ਉਹਨਾਂ ਲੋਕਾਂ ਨੇ ਕਦੋਂ ਆਉਣਾ?'

'ਸਵੇਰੇ ਬਹੁਤ ਜਲਦੀ ਤੇ ਉਸ ਵਕਤ ਹੀ ਆਪਾਂ ਚੱਲ ਪੈਣਾ। ਪਰ ਹੁਣ ਇਹ ਕਿਵੇਂ ਹੋਊ? ਮੈਂ ਟਾਇਰਾਂ ਵਾਲੀ ਦੁਕਾਨ 'ਤੇ ਵੀ ਜਾਣਾ।'

ਟੌਮ ਦੀਆਂ ਅੱਖਾਂ ਵਿਚ ਡਰ ਅਤੇ ਦਰਦ ਦਾ ਮਿਲਿਆ-ਜੁਲਿਆ ਪ੍ਰਭਾਵ ਸੀ। ਜੈਕੀ ਦੀਆਂ ਅੱਖਾਂ 'ਚੋਂ ਨਫ਼ਰਤ ਅਤੇ ਗੁੱਸੇ ਦੀ ਅੱਗ ਵਰ੍ਹ ਰਹੀ ਸੀ। ਉਸ ਨੇ ਇਕ ਹੋਰ ਘਸੁੰਨ ਉਸ ਦੇ ਜੜ ਦਿੱਤਾ, ਜਿਸ ਦੀ ਲੋੜ ਨਹੀਂ ਸੀ ਪਰ ਗੁੱਸੇ ਨੇ ਉਸ ਨੂੰ ਪਲ ਭਰ ਲਈ ਬੇਕਾਬੂ ਕਰ ਦਿੱਤਾ ਸੀ।

'ਸੁਣ—ਨਾ ਤਾਂ ਮੈਂ ਕਿਸੇ ਮਰੀਆ ਨੂੰ ਜਾਣਦੀ ਆਂ। ਮੇਰਾ ਆਪਣਾ ਬੁਆਏ ਫਰਿੰਡ ਐ ਤੇ ਉਹ ਬਹੁਤ ਚੰਗਾ ਬੌਕਸਰ ਐ। ਮੈਂ ਸੋਚਿਆ ਸੀ ਸ਼ਾਇਦ ਇਸ ਬਹਾਨੇ ਤੂੰ ਮੇਰਾ ਖਹਿੜਾ ਛੱਡ ਦੇਵੇਂ। ਪਰ ਜੇ ਤੂੰ ਹੁਣ ਮੈਨੂੰ ਹੱਥ ਲਾਉਣ ਦਾ ਵੀ ਯਤਨ ਕੀਤਾ ਤਾਂ ਤੇਰੇ ਨਾਲ ਬਹੁਤ ਬੁਰੀ ਹੋਊ। ਸਮਝਿਆ।' ਉਸ ਨੇ ਆਪਣੀ ਉਂਗਲ ਉਸ ਦੇ ਮੂੰਹ ਦੇ ਨੇੜੇ ਲਿਜਾ ਕੇ ਇਕ ਇਕ ਸ਼ਬਦ ਨਿਖਾਰ ਕੇ ਕਿਹਾ।

'ਮੈਂ ਮੁਾਫੀ ਚਾਹੁੰਨਾ। ਬਿਲਕੁਲ ਤੇਰੇ ਨਾਲ ਮੈਂ ਗਲਤ ਵਰਤਾਅ ਨੀਂ ਕਰਾਂਗਾ। ਪਲੀਜ਼।' ਉਸ ਦੀਆਂ ਅੱਖਾਂ ਵਿਚ ਵੀ ਨਰਮੀ ਅਤੇ ਬੇਨਤੀ ਦੇ ਭਾਵ ਆ ਗਏ ਸਨ।

'ਕਿੰਨੇ ਵਜੇ ਜਾਣਾ ਤੂੰ ਟਾਇਰ ਲੈਣ?'

'ਸਾਢੇ ਚਾਰ ਉੱਥੇ ਪਹੁੰਚਣਾ।'

'ਸਵੇਰੇ ਕਿੰਨੇ ਵਜੇ ਚੱਲਣਾ?'

'ਪੰਜ ਵਜੇ।'

'ਮੈਂ ਸਵੇਰੇ ਪੰਜ ਵਜੇ ਤੈਨੂੰ ਰਿਸੈਪਸ਼ਨ 'ਤੇ ਮਿਲੂੰ। ਕੋਈ ਪ੍ਰੋਗਰਾਮ ਵਿਚ ਤਬਦੀਲੀ ਹੋਈ ਤਾਂ ਮੇਰੇ ਕਮਰੇ ਵਿਚ ਰੁੱਕਾ ਲਿਖ ਕੇ ਸੁੱਟ ਦੇਵੀਂ।'

ਜੈਕੀ ਨੇ ਇਕ ਹੱਥ ਉਸ ਦੇ ਮੋਢੇ ’ਤੇ ਰੱਖਿਆ ਤੇ ਦੂਜੇ ਹੱਥ ਨਾਲ ਉਸ ਨੇ ਟੌਮ ਦੇ ਹੱਥ ਹੇਠ ਆਪਣਾ ਹੱਥ ਰੱਖਿਆ ਤੇ ਇਕ ਉੱਪਰ ਵੱਲ ਨੂੰ ਝਟਕਾ ਦਿੱਤਾ। ਉਸ ਦਾ ਮੋਢਾ ਥਾਂ ਸਿਰ ਬੈਠ ਗਿਆ ਸੀ। ਟੌਮ ਹੈਰਾਨ ਸੀ। ਅਜਿਹੀ ਕਾਰਾਗਰੀ ਦੀ ਉਸ ਨੂੰ ਜੈਕੀ ਤੋਂ ਆਸ ਨਹੀਂ ਸੀ। ਉਹ ਦਰਵਾਜ਼ਾ ਖੋਲ੍ਹ ਕੇ ਬਾਹਰ ਆ ਗਈ ਤੇ ਆਪਣੇ ਕਮਰੇ ਵਿਚ ਚਲੀ ਗਈ।

ਕਮਰੇ ਵਿਚ ਜਾ ਕੇ ਉਸ ਨੇ ਸਕੌਟ ਨਾਲ ਗੱਲ ਕੀਤੀ ਤੇ ਸਾਰੀ ਘਟਨਾ ਬਿਆਨ ਕੀਤੀ। ਟੌਮ ਦਾ ਟਾਇਰਾਂ ਵਾਲੀ ਦੁਕਾਨ ਬਾਰੇ ਤੇ ਬਾਕੀ ਸਾਰੇ ਪ੍ਰੋਗਰਾਮ ਬਾਰੇ ਉਸ ਨੂੰ ਦੱਸਿਆ।

‘ਤੂੰ ਫਿਕਰ ਨਾ ਕਰ। ਮੈਨੂੰ ਖੁਸ਼ੀ ਆ ਤੂੰ ਆਪਣੇ ਆਪ ਨੂੰ ਬਚਾ ਲਿਆ। ਟੌਮ ਸਾਡੀ ਨਜ਼ਰ ਵਿਚ ਆ। ਏਥੇ ਵੀ ਸਾਰਾ ਪ੍ਰਬੰਧ ਹੋ ਗਿਆ। ਅਜੇ ਵੀ ਤੂੰ ਚੌਕਸ ਰਹੀਂ--।’

ਸਕੌਟ ਨਾਲ ਗੱਲਾਂ ਕਰ ਕੇ ਉਸ ਨੂੰ ਤਸੱਲੀ ਹੋਈ।

***

ਸਵੇਰੇ ਸਮੇਂ ਸਿਰ ਜਾਗ ਕੇ ਜੈਕੀ ਨੇ ਆਪਣੀ ਤਿਆਰੀ ਕਰ ਲਈ। ਸਵਾ ਪੰਜ ਵਜੇ ਉਸ ਦੀ ਡੋਰ ’ਤੇ ਖੜਾਕ ਹੋਇਆ। ਕਮਰੇ ਵਿਚ ਇਕ ਨਜ਼ਰ ਮਾਰ ਕੇ ਉਸ ਨੇ ਤਸੱਲੀ ਕੀਤੀ ਕਿ ਉਹ ਕੋਈ ਚੀਜ਼ ਭੁੱਲੀ ਤਾਂ ਨਹੀਂ ਸੀ। ਦਰਵਾਜ਼ਾ ਖੋਲ੍ਹਿਆ ਤਾਂ ਟੌਮ ਪੰਜ ਸੱਤ ਕਦਮ ਦੂਰ ਖੜ੍ਹਾ ਸੀ। ਲੁਕਵੀਂ ਜਿਹੀ ਮੁਸਕਰਾਹਟ ਜੈਕੀ ਦੇ ਬੁੱਲ੍ਹਾਂ ’ਤੇ ਆਈ। ਟੌਮ ਬਿਨਾਂ ਕੁਝ ਕਹੇ ਉਸ ਦੇ ਅੱਗੇ ਚੱਲ ਪਿਆ।

ਹੋਟਲ ਵਿਚ ਚੁੱਪ ਚਰਾਂ ਸੀ। ਰਿਸੈਪਸ਼ਨ ’ਤੇ ਕੁਝ ਕੁ ਨਵੇਂ ਆਏ ਯਾਤਰੀ ਖੜ੍ਹੇ ਸਨ। ਟੌਮ ਨੇ ਆਪਣੇ ਕਮਰੇ ਦੀ ਚਾਬੀ ਫੜਾਈ ਤਾਂ ਜੈਕੀ ਨੇ ਵੀ ਕਾਊਂਟਰ ’ਤੇ ਰੱਖ ਦਿੱਤੀ। ਟੌਮ ਥੈਂਕ ਯੂ ਕਹਿ ਕੇ ਗੇਟ ਵੱਲ ਨੂੰ ਚੱਲ ਪਿਆ ਤਾਂ ਜੈਕੀ ਉਸ ਦੇ ਪਿੱਛੇ ਚੱਲ ਪਈ। ਟੌਮ ਨੇ ਚੈਕ-ਆਊਟ ਪਤਾ ਨਹੀਂ ਕਦੋਂ ਕਰ ਲਿਆ ਸੀ।

ਹੋਟਲ ਦੇ ਗੇਟ ਵਿਚੋਂ ਬਾਹਰ ਨਿਕਲੇ ਤਾਂ ਜੈਕੀ ਧੌਣ ਅਕੜਾਈ ਪੂਰੇ ਜਬ੍ਹੇ ਨਾਲ ਕਦਮ ਪੁੱਟਦੀ ਟੌਮ ਦੇ ਬਰਾਬਰ ਚੱਲ ਰਹੀ ਸੀ। ਉਹ ਕਾਰ ਕੋਲ ਪਹੁੰਚੇ ਤਾਂ ਇਕ ਆਦਮੀ ਨੇੜੇ ਹੀ ਪਾਰਕ ਹੋਈ ਕਾਰ ਵਿਚੋਂ ਬਾਹਰ ਨਿਕਲਿਆ। ਉਸ ਨਾਲ ਦੋ ਅੱਲੜ ਕੁੜੀਆਂ ਵੀ ਸਨ ਤੇ ਉਹ ਵੀ ਬਾਹਰ ਨਿਕਲ ਆਈਆਂ। ਜੈਕੀ ਨੇ ਉਸ ਆਦਮੀ ਨੂੰ ਅਤੇ ਕੁੜੀਆਂ ਨੂੰ ਨੀਝ ਨਾਲ ਦੇਖਿਆ। ਕੁੜੀਆਂ ਉਸ ਕੋਲ ਆ ਗਈਆਂ ਤੇ ਹੈਲੋ ਕਿਹਾ। ਉਹ ਖੁਸ਼ ਲੱਗ ਰਹੀਆਂ ਸਨ। ਨਵੀਂ ਜ਼ਿੰਦਗੀ ਦੇ ਉਹਨਾਂ ਨੇ ਪਤਾ ਨਹੀਂ ਕਿਹੋ ਜਿਹੇ ਸੁਪਨੇ ਵੇਖੇ ਸਨ। ਉਹਨਾਂ ਨੂੰ ਪਤਾ ਨਹੀਂ ਸੀ ਕਿ ਉਹ ਕਿਸੇ ਸਵਰਗ ਦੇ ਲਏ ਸਪਨਿਆਂ ਦੀ ਥਾਂ ਨਰਕ ਦਾ ਦਵਾਰ ਖੜਕਾਉਣ ਜਾ ਰਹੀਆਂ ਸਨ। ਜੈਕੀ ਨੇ ਆਪਣੇ ਭਾਵਾਂ ਨੂੰ ਦਬਾ ਲਿਆ ਤੇ ਉਸ ਨੇ ਮੁਸਕਰਾਹਟ ਨਾਲ ਕੁੜੀਆਂ ਦਾ ਸਵਾਗਤ ਕੀਤਾ। ਟੌਮ ਨੇ ਦੂਰੋਂ ਹੀ ਕਾਰ ਦਾ ਲੌਕ ਖੋਲ੍ਹ ਦਿੱਤਾ ਸੀ। ਕੁੜੀਆਂ ਨੇ ਆਪਣੇ ਬੈਗ ਡਿੱਗੀ ਵਿਚ

ਰੱਖੇ ਤਾਂ ਨਾਲ ਹੀ ਜੈਕੀ ਨੇ ਵੀ ਆਪਣਾ ਬੈਗ ਰੱਖ ਦਿੱਤਾ ਤੇ ਉਸ ਨੇ ਉਹਨਾਂ ਨੂੰ ਗੱਡੀ ਵਿਚ ਬੈਠਣ ਦਾ ਇਸ਼ਾਰਾ ਕੀਤਾ। ਬੈਠਣ ਸਾਰ ਉਸ ਨੇ ਜਲਦੀ ਨਾਲ ਸਕੌਟ ਨੂੰ ਸੰਖੇਪ ਸੁਨੇਹਾ ਭੇਜ ਦਿੱਤਾ।

ਟੌਮ ਉਸ ਬੰਦੇ ਨਾਲ ਪੋਲਿਸ਼ ਵਿਚ ਗੱਲ ਕਰ ਰਿਹਾ ਸੀ ਤੇ ਉਹ ਵੀ ਬਹੁਤ ਨੀਵੀਂ ਆਵਾਜ਼ ਵਿਚ। ਪੰਜ ਕੁ ਮਿੰਟ ਬਾਅਦ ਉਹ ਕਾਰ ਵਿਚ ਆ ਬੈਠਾ ਤੇ ਕੁੜੀਆਂ ਨੂੰ 'ਹੈਲੋ' ਕਹਿ ਕੇ ਕਾਰ ਸਟਾਰਟ ਕਰ ਲਈ।

ਜੈਕੀ ਨੇ ਕੁੜੀਆਂ ਨਾਲ ਮਮੂਲੀ ਜਿਹੀ ਗੱਲ ਕੀਤੀ ਤਾਂ ਉਹ ਮਾੜੀ ਮੋਟੀ ਅੰਗਰੇਜ਼ੀ ਬੋਲ ਸਕਦੀਆਂ ਸਨ। ਟੌਮ ਚੁੱਪ ਸੀ। ਕੁਝ ਦੂਰ ਜਾ ਕੇ ਉਸ ਨੇ ਕੁੜੀਆਂ ਨੂੰ ਸਮਝਾਉਣ ਵਾਂਗ ਕੁਝ ਗੱਲਾਂ ਪੋਲਿਸ਼ ਭਾਸ਼ਾ ਵਿਚ ਕਹੀਆਂ। ਕੁੜੀਆਂ ਸਿਰ ਮਾਰ ਕੇ 'ਹਾਂ' ਕਰਦੀਆਂ ਰਹੀਆਂ। ਜੈਕੀ ਚੁੱਪ ਬੈਠੀ ਸੋਚ ਰਹੀ ਸੀ ਕਿ ਉਸ ਦਾ ਕੋਈ ਖਾਸ ਰੋਲ ਤਾਂ ਹੈ ਨਹੀਂ ਸੀ। ਫਿਰ ਟੌਮ ਉਸ ਨੂੰ ਨਾਲ ਕਿਉਂ ਲੈ ਕੇ ਆਇਆ? ਕਿਸੇ ਨਾਲ ਮੀਟਿੰਗ ਵਿਚ ਵੀ ਉਹ ਸ਼ਾਮਲ ਨਹੀਂ ਸੀ। ਕੁੜੀਆਂ ਨਾਲ ਵੀ ਉਸ ਦੀ ਕੋਈ ਜਾਣ-ਪਛਾਣ ਪਹਿਲਾਂ ਨਹੀਂ ਸੀ ਕਰਾਈ ਗਈ। ਟੌਮ ਦਾ ਇਕੋ ਇਕ ਇਰਾਦਾ ਹੀ ਹੋ ਸਕਦਾ ਸੀ ਜੋ ਪੂਰਾ ਨਹੀਂ ਹੋ ਸਕਿਆ ਤੇ ਹੁਣ ਉਹ ਸ਼ਰਮ ਦਾ ਮਾਰਿਆ ਉਸ ਨਾਲ ਗੱਲ ਵੀ ਨਹੀਂ ਕਰ ਰਿਹਾ ਸੀ। ਦੂਜੇ ਪਾਸੇ ਸਕੌਟ ਨੂੰ ਕੁਝ ਨਾ ਕੁਝ ਜਾਣਕਾਰੀ ਦੇਣ ਵਿਚ ਉਹ ਕਾਮਯਾਬ ਰਹੀ ਸੀ। ਟੌਮ ਦੀ ਗੱਡੀ ਸਦਾ ਉਸ ਦੇ ਰਡਾਰ ਹੇਠ ਸੀ। ਲੰਡਨ ਪਹੁੰਚ ਕੇ ਹੀ ਪਤਾ ਲੱਗਣਾ ਸੀ ਕਿ ਸਕੌਟ ਨੂੰ ਕਿੰਨੀ ਕੁ ਕਾਮਯਾਬੀ ਹੋਈ ਤੇ ਉਹ ਇਹਨਾਂ ਮਸੂਮ ਕੁੜੀਆਂ ਨੂੰ ਬਚਾ ਸਕੇਗੀ ਜਾਂ ਨਹੀਂ। ਇਸ ਵੇਲੇ ਉਸ ਨੂੰ ਪੋਲੈਂਡ ਜਾਂ ਬੈਲਜੀਅਮ ਦੀ ਪੁਲੀਸ ਵੱਲੋਂ ਪੁੱਛ-ਗਿੱਛ ਕਰਨ ਦਾ ਧੁੜਕੂ ਲੱਗਾ ਹੋਇਆ ਸੀ। ਜੇ ਸ਼ੱਕ ਕਾਰਨ ਪੁਲੀਸ ਉਹਨਾਂ ਨੂੰ ਰੋਕ ਲਵੇ ਤਾਂ ਕਹਾਣੀ ਗੁੰਝਲਦਾਰ ਬਣ ਜਾਣੀ ਸੀ। ਉਸ ਦੀ ਬੱਚਤ ਤਾਂ ਹੋ ਹੀ ਜਾਣੀ ਸੀ ਪਰ ਲੰਡਨ ਦੇ ਅਤੇ ਪੋਲੈਂਡ ਦੇ ਗਿਰੋਹ ਨੂੰ ਫੜਨ ਵਿਚ ਕਾਮਯਾਬੀ ਯਕੀਨਨ ਨਹੀਂ ਸੀ ਰਹਿਣੀ।

'ਟੌਮ, ਜੇ ਪੁਲੀਸ ਨੇ ਰੋਕ ਕੇ ਪੁੱਛਿਆ ਤਾਂ ਆਪਣੇ ਜਵਾਬ ਵੱਖੋ ਵੱਖ ਨਹੀ ਹੋਣੇ ਚਾਹੀਦੇ।'

'ਤੂੰ ਤੇ ਮੈਂ ਵੀਕ ਐਂਡ ਗੁਜ਼ਾਰਨ ਲਈ ਆਏ ਸੀ। ਇਹ ਕੁੜੀਆਂ ਮੇਰੀ ਜਾਣ-ਪਛਾਣ ਵਿਚੋਂ ਹਨ। ਇਹਨਾਂ ਨਾਲ ਮੇਰੇ ਪਰਿਵਾਰਕ ਸਬੰਧ ਹਨ। ਇਹਨਾਂ ਨੇ ਲੰਡਨ ਜਾਣਾ ਸੀ ਤੇ ਅਸੀਂ ਇਹਨਾਂ ਨੂੰ ਲਿਫਟ ਦਿੱਤੀ ਐ। ਇਹੋ ਗੱਲ ਮੈਂ ਇਹਨਾਂ ਨੂੰ ਸਮਝਾ ਦਿੱਤੀ ਐ।' ਟੌਮ ਕੁਝ ਕੁ ਆਮ ਹਾਲਤ ਵਿਚ ਆ ਗਿਆ ਸੀ।

ਜੈਕੀ ਨੂੰ ਉਸ ਦੀ ਗੱਲ ਠੀਕ ਲੱਗੀ। ਇਸ ਤੋਂ ਚੰਗਾ ਬਹਾਨਾ ਕੋਈ ਹੋ ਹੀ ਨਹੀਂ ਸੀ ਸਕਦਾ। ਉਹ ਕੁਝ ਕੁ ਹੋਰ ਸੋਚਣ ਲੱਗੀ।

'ਕਮਰਿਆਂ ਦਾ ਬਿੱਲ ਇਕੋ ਦਿੱਤਾ ਹੈ ਜਾ ਅੱਡੋ ਅੱਡੀ।'

'ਦੋ ਥਾਈਂ ਤੇ ਕੈਸ਼।'

'ਮੇਰੇ ਵਾਲੇ ਕਮਰੇ ਦਾ ਬਿੱਲ ਪਾੜ ਦੇਹ। ਜੇ ਪੁੱਛ-ਗਿੱਛ ਹੋਈ ਤਾਂ ਇਹੋ ਕਹਿਣਾ ਹੈ ਕਿ ਅਸੀਂ ਇਕ ਹੀ ਕਮਰਾ ਬੁੱਕ ਕਰਾਇਆ ਸੀ ਤੇ ਇਕੋ ਕਮਰੇ ਵਿਚ ਹੀ ਰਹੇ।'

ਟੌਮ ਨੇ ਆਪਣੇ ਕੋਟ ਦੀ ਅੰਦਰਲੀ ਜੇਬ ਵਿਚੋਂ ਬਿੱਲ ਕੱਢ ਕੇ ਉਸ ਨੂੰ ਫੜਾ ਦਿੱਤੇ ਤੇ ਉਸ ਨੇ ਆਪਣੇ ਵਾਲੇ ਕਮਰੇ ਦਾ ਬਿੱਲ ਪਾੜ ਦਿੱਤਾ।

ਰਸਤੇ ਵਿਚ ਉਹ ਤਿੰਨ ਵਾਰ ਰੁਕੇ ਤੇ ਛੇ ਵਜੇ ਸ਼ਾਮ ਨੂੰ ਜੈਬਰਗ ਪਹੁੰਚ ਗਏ ਜਿਥੋਂ ਉਹਨਾਂ ਨੂੰ ਸਾਢੇ ਸੱਤ ਵਜੇ ਫੈਰੀ ਮਿਲ ਗਈ ਤੇ ਉਹ ਲੰਡਨ ਨੂੰ ਰਵਾਨਾ ਹੋ ਗਏ। ਟੌਮ ਦੇ ਨਾਲ ਜੈਕੀ ਵੀ ਖੁਸ਼ ਸੀ ਕਿ ਕੋਈ ਪੁੱਣ-ਛਾਣ ਨਹੀਂ ਸੀ ਹੋਈ।

ਸਕੌਟ ਨੂੰ ਉਸ ਨੇ ਮੈਸਿਜ ਪਾ ਦਿੱਤਾ ਤੇ ਬੀਅਰ ਦੀ ਛੋਟੀ ਬੋਤਲ ਦਾ ਅਨੰਦ ਲੈਂਦਿਆਂ ਕੁੜੀਆਂ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਲੱਗੀ। ਉਹ ਉਸ ਨੂੰ ਲੰਡਨ ਸਵਾਲ ਬਾਰੇ ਪੁੱਛ ਰਹੀਆਂ ਸਨ।

## 34

ਲੰਡਨ ਹਵਾਈ ਅੱਡੇ 'ਤੇ ਪਹੁੰਚ ਕੇ ਰਾਜੂ ਨੇ ਟੈਕਸੀ ਨੂੰ ਫ਼ੋਨ ਕਰ ਦਿੱਤਾ। ਘਰੋਂ ਕਿਸੇ ਨੂੰ ਸੱਦਣ ਨਾਲੋਂ ਟੈਕਸੀ ਵਾਲਾ ਸੌਦਾ ਉਸ ਨੂੰ ਸਸਤਾ ਲੱਗਿਆ। ਇਕ ਟੈਕਸੀ ਕੰਪਨੀ ਨਾਲ ਉਸ ਦਾ ਖਾਤਾ ਖੋਲ੍ਹਿਆ ਹੋਇਆ ਸੀ। ਉਸ ਦੇ ਕਾਰਡ ਦੀ ਜਾਣਕਾਰੀ ਕੰਪਨੀ ਕੋਲ ਰਿਕਾਰਡ ਕੀਤੀ ਹੋਈ ਸੀ। ਪੈਸੇ ਉਸ ਦੇ ਖਾਤੇ ਵਿਚੋਂ ਆਪਣੇ ਆਪ ਹੀ ਕੰਪਨੀ ਨੇ ਲੈ ਲੈਣੇ ਸਨ।

ਘਰ ਪਹੁੰਚਿਆ ਤਾਂ ਪੈਵ ਅਤੇ ਰਾਣੀ ਦੀਆਂ ਕਾਰਾਂ ਡਰਾਈਵ ਵਿਚ ਖੜ੍ਹੀਆਂ ਸਨ। ਉਹ ਮਨ ਹੀ ਮਨ ਮੁਸਕਰਾਇਆ। ਸ਼ਾਮ ਵਧੀਆ ਲੰਘੇਗੀ ਤੇ ਮਿਲਣ ਦਾ ਚਾਅ ਵੀ ਪੂਰਾ ਹੋ ਜਾਣਾ ਸੀ। ਉਸ ਨੇ ਡੋਰ ਬੈਲ ਕੀਤੀ ਤਾ ਰਾਣੀ ਨੇ ਦਰਵਾਜ਼ਾ ਖੋਲ੍ਹਿਆ।

'ਆਹਾ, ਆਹ ਤਾਂ ਪਾਰਟੀ ਬਣ ਗਈ। ਅਸੀਂ ਸਾਰੇ ਤੈਨੂੰ ਮਿਸ ਕਰ ਰਹੇ ਸੀ।' ਉਸ ਨੇ ਰਾਜੂ ਨੂੰ ਜੱਫ਼ੀ ਵਿਚ ਲੈਂਦਿਆਂ ਕਿਹਾ।

'ਪਾਰਟੀ, ਕਾਹਦੀ ਪਾਰਟੀ?' ਰਾਜੂ ਨੇ ਹੈਰਾਨੀ ਨਾਲ ਪੁੱਛਿਆ।

'ਮੁੰਡੇ ਦਾ ਚਾਚਾ ਪੁੱਛਦਾ ਕਾਹਦੀ ਪਾਰਟੀ।' ਪੈਵ ਨੇ ਆ ਕੇ ਉਸ ਨੂੰ ਜੱਫ਼ੀ ਪਾਈ। ਉਸ ਦੇ ਨਾਲ ਹੀ ਪ੍ਰੀਤੋ ਖੜ੍ਹੀ ਸੀ। ਉਹ ਵੀ ਉਸ ਨੂੰ ਘੁੱਟ ਕੇ ਹਿੱਕ ਨਾਲ ਲਾ ਲੈਣ ਲਈ ਬੇਸਬਰ ਸੀ।

'ਕਦੋਂ ਹੋਇਆ ਮੁੰਡਾ?'

'ਅੱਜ ਈ ਗਿਆਰਾਂ ਵਜੇ। ਤੂੰ ਮੈਨੂੰ ਉਸ ਦਿਨ ਦੱਸਿਆ ਨੀ ਫ਼ੋਨ 'ਤੇ ਕਿ ਤੂੰ ਅੱਜ ਆਉਣਾ।'

'ਮੈਂ ਸੋਚਿਆ ਸੀ ਕੁਝ ਦਿਨ ਹੋਰ ਲਾ ਲਵਾਂ ਫੇਰ ਮਨ ਬਦਲ ਗਿਆ।'

ਉਹ ਗੱਲਾਂ ਕਰਦੇ ਡਰਾਇੰਗ ਰੂਮ ਵਿਚ ਪਹੁੰਚ ਗਏ। ਉਥੇ ਮਾਸਟਰ ਜੀ ਤੇ ਸ਼ੇਰੇ ਦੇ ਨਾਲ ਹੀ ਨਾਜਰ ਦੇ ਕੁਝ ਹੋਰ ਦੋਸਤ ਬੈਠੇ ਸਨ। ਮਾਸਟਰ ਜੀ ਕੋਲ ਮਿਸ਼ੈਲ ਦਾ ਪਿਤਾ ਬੈਠਾ ਸੀ। ਸਭ ਨੇ ਰਾਜੂ ਨਾਲ ਹੱਥ ਮਿਲਾਇਆ। ਸ਼ੇਰਾ ਤੇ ਮਾਸਟਰ ਉੱਠ ਕੇ ਉਸ ਨੂੰ ਜੱਫ਼ੀ ਪਾ ਕੇ ਮਿਲੇ। ਨਾਜਰ ਕੁਝ ਦੇਰ ਉਸ ਦੀ ਪਿੱਠ 'ਤੇ ਹੱਥ ਫੇਰਦਾ ਰਿਹਾ। ਸ਼ੇਰਾ ਜਿਵੇਂ ਕੁਝ ਕਹਿਣਾ ਚਾਹੁੰਦਾ ਹੋਵੇ ਪਰ ਕਹਿ ਨਹੀਂ ਸੀ ਰਿਹਾ। ਰਾਜੂ, ਪੈਵ ਨਾਲ ਕਮਰੇ ਵਿਚੋਂ ਬਾਹਰ ਨਿਕਲ ਗਿਆ।

'ਬੀਅਰ ਪਾਵਾਂ?'

'ਪਹਿਲਾਂ ਇਹਨੂੰ ਸ਼ਾਵਰ ਲੈ ਲੈਣ ਦੇ। ਦੇਖ ਕਿੰਨੀ ਮੁਸ਼ਕ ਆਉਂਦੀ ਐ ਇਹਦੇ ਚੋਂ।'

ਰਾਣੀ ਦੀਆਂ ਅੱਖਾਂ ਵਿਚ ਸ਼ਰਾਰਤ ਸੀ। ਅਸਲ ਵਿਚ ਉਸ ਨੂੰ ਪਤਾ ਸੀ ਕਿ ਸਫ਼ਰ ਬਾਅਦ ਇਸ਼ਨਾਨ ਕਰਕੇ ਤਨ-ਮਨ ਨੂੰ ਸ਼ਾਂਤੀ ਦਾ ਅਹਿਸਾਸ ਹੁੰਦਾ ਹੈ। ਰਾਜੂ ਹੱਸਦਾ ਪੌੜੀਆਂ ਚੜ੍ਹ ਗਿਆ। ਆਪਣੇ ਕਮਰੇ ਵਿਚ ਜਾ ਕੇ ਉਸ ਨੇ ਅਟੈਚੀ ਰੱਖਿਆ

ਤੇ ਕੱਪੜੇ ਬਦਲਣ ਲਈ ਅਲਮਾਰੀ ਖੋਲ੍ਹ ਲਈ। ਫ਼ੋਨ ਦੀ ਘੰਟੀ ਵੱਜੀ। ਦੂਸਰੇ ਪਾਸੇ ਸ਼ੋਭਾ ਸੀ।

'ਕਦੋਂ ਆਇਆਂ।'

'ਬੱਸ ਹੁਣੇ ਈ। ਤੂੰ ਕਿਵੇਂ ਐਂ ਬੁਲਬੁਲ।'

ਉਹ ਕੁਝ ਦੇਰ ਗੱਲਾਂ ਕਰਦਾ ਰਿਹਾ ਤੇ ਫਿਰ ਸ਼ਾਵਰ ਵਿਚ ਚਲਾ ਗਿਆ। ਕੱਪੜੇ ਬਦਲ ਕੇ ਨੀਚੇ ਗਿਆ ਤਾਂ ਰਾਣੀ ਕਿਚਨ ਦੀ ਡੋਰ ਕੋਲ ਖੜ੍ਹੀ ਸੀ। ਉਸ ਦਾ ਮੂੰਹ ਗੰਭੀਰ ਸੀ ਤੇ ਸੱਜੇ ਹੱਥ ਦੀ ਮੁੱਠੀ ਬੰਦ ਕਰਕੇ ਉਸ ਨੇ ਬਾਂਹ ਨੂੰ ਸਾਹਮਣੇ ਵੱਲ ਸਿੱਧਾ ਕੀਤਾ ਤੇ ਹੱਥ ਦੀ ਪਹਿਲੀ ਉਂਗਲ ਨਾਲ ਉਸ ਨੂੰ ਆਪਣੇ ਕੋਲ ਆਉਣ ਦਾ ਇਕ ਤਰਾਂ ਨਾਲ ਹੁਕਮ ਦਿਤਾ। ਉਹ ਸਿੱਧਾ ਉਸ ਕੋਲ ਚਲਾ ਗਿਆ ਤੇ ਉਸ ਨੇ ਕਿਚਨ ਦਾ ਦਰਵਾਜ਼ਾ ਬੰਦ ਕਰ ਲਿਆ।

'ਇਹ ਬੁਲਬੁਲ ਕੌਣ ਐ ਤੇ ਉਸ ਦਾ ਅਸਲੀ ਨਾਂ ਕੀ ਐ?'

ਰਾਜੂ ਸਿਰ ਖੁਰਕਦਾ ਕੱਚੀ ਜਿਹੀ ਹਾਸੀ ਹੱਸਦਾ ਉਸ ਵੱਲ ਵੇਖਣ ਲੱਗਾ। ਉਹ ਸਮਝ ਗਿਆ ਕਿ ਰਾਣੀ ਕਿਸੇ ਕਾਰਨ ਉੱਪਰ ਗਈ ਹੋਵੇਗੀ ਤੇ ਉਸ ਨੇ ਗੱਲ-ਬਾਤ ਸੁਣ ਲਈ ਸੀ।

'ਤੇ ਤੂੰ ਮੈਨੂੰ ਹੁਣ ਤੱਕ ਦੱਸਿਆ ਕਿਉਂ ਨੀ? ਦੋ ਮਿੰਟ ਵਿਚ ਸਭ ਬੋਲਦੇ ਤੇ ਤੇਰਾ ਸਮਾਂ ਸ਼ੁਰੂ ਹੁੰਦਾ ਐ ਹੁਣ ਤੋਂ।' ਉਹ ਆਪਣੀ ਘੜੀ ਵੱਲ ਵੇਖਣ ਲੱਗੀ।

'ਉਹਦਾ ਨਾਂ ਸ਼ੋਭਾ ਐ ਤੇ ਮੇਰੇ ਨਾਲ ਕੰਮ ਕਰਦੀ ਐ। ਉਸ ਦੇ ਕਜ਼ਨ ਦੇ ਵਿਆਹ 'ਤੇ ਮੈਂ ਗਿਆ ਸੀ। ਤੇਰੇ ਨਾਲ ਗੱਲ ਕਰਨੀ ਸੀ ਪਰ ਮੈਂ ਅਜੇ ਆਪਣਾ ਮਨ ਨਹੀਂ ਸੀ ਬਣਾਇਆ। ਹੁਣ ਮੇਰਾ ਮਨ ਬਣ ਗਿਆ ਐ ਤੇ ਤੇਰੇ ਨਾਲ ਗੱਲ ਕਰਨ ਦਾ ਸਮਾਂ ਹੀ ਨਹੀਂ ਮਿਲਿਆ।'

'ਸੱਚ ਬੋਲ ਰਿਹਾ ਐਂ।'

'ਤੇਰੇ ਕੋਲ ਮੈਂ ਕਦੇ ਝੂਠ ਬੋਲਿਆ ਹੀ ਨੀ।'

'ਚੱਲ ਮੰਮੀ ਖੁਸ਼ ਹੋਊ ਬਈ ਅੰਗਰੇਜ਼ੀ ਬੋਲਣ ਵਾਲੀ ਦੀ ਥਾਂ ਪੰਜਾਬੀ ਤਾਂ ਨੀ ਗੁਜਰਾਤੀ ਬੋਲਣ ਵਾਲੀ ਆ ਰਹੀ ਐ।' ਉਹ ਮੁਸਕਰਾਈ।

ਪੈਵ ਨੇ ਬੀਅਰ ਦਾ ਗਲਾਸ ਉਸ ਨੂੰ ਲਿਆ ਫੜਾਇਆ।

'ਤੇਰੇ ਛੋਟੇ ਭਰਾ ਦੇ ਕਾਰਨਾਮੇ ਦਾ ਤੈਨੂੰ ਪਤਾ ਐ ਨਾ।'

'ਕਾਰਨਾਮਾ- ਮੈਂ ਸਮਝਿਆ ਨੀ।' ਪੈਵ ਸੱਚੀ ਹੈਰਾਨ ਸੀ।

'ਤੈਨੂੰ ਸ਼ੋਭਾ ਬਾਰੇ ਪਤਾ ਐ ਨਾ!'

ਉਹ ਹੈਰਾਨੀ ਜਿਹੀ ਨਾਲ ਰਾਜੂ ਵੱਲ ਵੇਖਣ ਲੱਗਾ।

'ਉਹਦੇ ਵੱਲ ਕੀ ਵੇਖਦਾਂ ਤੂੰ ਮੇਰੇ ਨਾਲ ਗੱਲ ਕਰ। ਦੋਵੇਂ ਭਰਾ ਮੈਨੂੰ ਤਾਂ ਘਰ ਦੀ ਮੈਂਬਰ ਸਮਝਦੇ ਈ ਨੀ।'

'ਨਹੀਂ ਇਹੋ ਜੀ ਕੋਈ ਗੱਲ ਨੀ। ਇਕ ਵਾਰ ਅਸੀਂ ਚਾਰੇ ਡਿਨਰ ਕਰਨ ਗਏ ਸੀ। ਮੈਂ ਈ ਪੈਵ ਨੂੰ ਕਿਹਾ ਸੀ ਕਿ ਮੇਰਾ ਮਨ ਨਹੀ ਬਣਿਆ ਤੇ ਅਜੇ ਤੇਰੇ ਨਾਲ ਗੱਲ ਨਾ ਕਰੇ। ਮੈਂ ਕਸੂਰਵਾਰ ਆਂ।' ਰਾਜੂ ਨੇ ਆਪਣੇ ਕੰਨ ਫੜ ਲਏ ਤੇ ਰਾਣੀ ਨੇ ਹੱਸ ਕੇ ਉਸ ਨੂੰ ਜੱਫ਼ੀ ਪਾ ਲਈ।

ਪਾਰਟੀ ਦੇਰ ਤੱਕ ਚਲਦੀ ਰਹੀ। ਉਸ ਨਾਲ ਮਾਈਨਰਾਂ ਦੀ ਹੜਤਾਲ ਬਾਰੇ ਮਾਸਟਰ ਨੇ ਗੱਲ ਕੀਤੀ।

'ਹੜਤਾਲ ਤਾਂ ਟੁੱਟ ਈ ਗਈ ਆ। ਮੇਰਾ ਖਿਆਲ ਐ ਇਹਦਾ ਅਸਰ ਬਹੁਤ ਗਲਤ ਪਊ। ਸਰਕਾਰ ਦੇ ਇਰਾਦੇ ਨੇਕ ਨਹੀਂ ਲਗਦੇ।'

'ਉਹ ਕਿਵੇਂ?'

'ਵਿਸ਼ਵ ਦੇ ਹਾਲਾਤ ਬਦਲਦੇ ਰਹਿੰਦੇ ਐ। ਜਿਹੜੇ ਦੇਸ਼ ਕਿਸੇ ਵੇਲੇ ਬਸਤੀਆਂ ਸੀ ਹੁਣ ਅਜ਼ਾਦ ਹੋ ਗਏ ਐ। ਉਹ ਕੁਝ ਨਾ ਕੁਝ ਸਮਾਨ ਬਾਹਰ ਭੇਜਣ ਲੱਗੇ ਆ। ਪੱਛਮੀ ਦੇਸ਼ਾਂ ਦਾ ਸਮਾਨ ਉਹਨਾਂ ਦੇ ਮੁਕਾਬਲੇ ਮਹਿੰਗਾ ਐ। ਇਹਨਾਂ ਨੇ ਸਮੇਂ ਤੋਂ ਪਹਿਲਾਂ ਹੀ ਕਦਮ ਚੁੱਕ ਲਿਆ। ਇਹ ਪਛੜੇ ਦੇਸ਼ਾਂ ਵਿਚ ਫੈਕਟਰੀਆਂ ਲਾਉਣ ਦੀਆਂ ਗੱਲਾਂ ਕਰਦੇ ਐ ਤੇ ਉਹਨਾਂ ਦੀ ਸਸਤੀ ਮਜ਼ਦੂਰੀ ਅਤੇ ਕੱਚੇ ਮਾਲ ਦਾ ਫਾਇਦਾ ਉਠਾਣਾ ਚਾਹੁੰਦੇ ਐ। ਉਹਨਾਂ ਦੇਸ਼ਾਂ ਨੂੰ ਆਪਣੀ ਆਰਥਿਕਤਾ ਚੰਗੀ ਹੋਣ ਦੀ ਉਮੀਦ ਐ। ਪਰ ਇਥੇ ਬੇਰੁਜ਼ਗਾਰੀ ਵਧੂਗੀ ਤੇ ਟਰੇਡ ਯੂਨੀਅਨਾਂ ਵੀ ਕਮਜ਼ੋਰ ਹੋਣਗੀਆਂ। ਜਦੋਂ ਫੈਕਟਰੀਆਂ ਨਾ ਰਹੀਆਂ ਤਾਂ ਇਹੋ ਹੋਊ---।'

ਕੁਝ ਦੇਰ ਬਾਅਦ ਖਾਣਾ ਲੱਗ ਗਿਆ ਤੇ ਖਾਣਾ ਖਾ ਕੇ ਸਭ ਘਰੋ ਘਰੀ ਚਲੇ ਗਏ।

ਹਫ਼ਤੇ ਕੁ ਬਾਅਦ ਰਾਜੂ ਵੀਕ-ਐਂਡ 'ਤੇ ਡਾਕਟਰ ਨਿਰੇਨ ਨੂੰ ਮਿਲਣ ਦਾ ਪ੍ਰੋਗਰਾਮ ਬਣਾ ਰਿਹਾ ਸੀ ਤਾਂ ਸ਼ੋਭਾ ਨੇ ਉਸ ਦੇ ਨਾਲ ਜਾਣ ਦਾ ਪ੍ਰਸਤਾਵ ਰੱਖ ਦਿੱਤਾ।

'ਪਰ ਤੂੰ ਆਪਣੇ ਘਰ ਕੀ ਕਹੇਂਗੀ?' ਰਾਜੂ ਫਿਕਰਮੰਦ ਸੀ।

'ਯਹੀ ਕਿ ਮੈਂ ਤੁਮਹਾਰੇ ਸਾਥ ਨਿਰੇਨ ਕੋ ਮਿਲਨੇ ਜਾ ਰਹੀ ਹੂੰ ਔਰ ਏਕ ਰਾਤ ਵਹੀਂ ਰੁਕੇਂਗੇ।'

'ਪਰ ਉਹ ਬੁਰਾ ਨਹੀਂ ਮਨਾਉਣਗੇ?'

'ਤੁਮ ਕਿਸ ਦੁਨੀਆਂ ਮੇਂ ਰਹਤੇ ਹੋ, ਮੈਨ। ਮੈਂ ਤੁਮਸੇ ਸ਼ਾਦੀ ਕਰ ਰਹੀ ਹੂੰ ਤੋ ਵੋ ਕਿਉਂ ਬੁਰਾ ਮਨਾਏਂਗੇ।'

ਰਾਜੂ ਆਪਣੇ ਘਰ ਪਰਿਵਾਰ ਬਾਰੇ ਸੋਚਣ ਲੱਗਾ। ਉਸ ਨੇ ਤਾਂ ਅਜੇ ਰਾਣੀ ਤੇ ਸ਼ੋਭਾ ਨੂੰ ਕੁਝ ਦੇਰ ਲਈ ਹੀ ਮਿਲਾਇਆ ਸੀ। ਸ਼ੋਭਾ ਤਾਂ ਰਾਣੀ ਨੂੰ ਪਸੰਦ ਸੀ ਪਰ ਘਰ ਵਿਚ ਇਸ ਦੀ ਕੀ ਪ੍ਰਤੀਕ੍ਰਿਆ ਹੋਵੇਗੀ, ਉਸ ਤੋਂ ਉਹ ਬਹੁਤ ਹੱਦ ਤੱਕ ਜਾਣੂੰ ਸੀ ਤੇ ਫਿਕਰਮੰਦ ਵੀ। ਰਾਜੂ ਨੂੰ ਪ੍ਰੀਤੋ ਦੀ ਬਹੁਤੀ ਚਿੰਤਾ ਸੀ। ਉਹ ਉਸ ਦਾ ਦਿਲ ਨਹੀਂ ਤੋੜਨਾ ਚਾਹੁੰਦਾ ਸੀ। ਉਹ ਦਿਲੋਂ ਉਸ ਦਾ ਬਹੁਤ ਅਹਿਸਾਨਮੰਦ ਸੀ ਜਿਸ ਨੇ ਮਾਂ ਦਾ ਪਿਆਰ ਉਸ ਨੂੰ ਦਿੱਤਾ ਸੀ ਤੇ ਦੇ ਰਹੀ ਸੀ। ਉਸ ਨੂੰ ਮਨਾਉਣ ਲਈ ਉਹ ਸਾਰਾ ਦਿਨ

ਸਕੀਮਾਂ ਘੜਦਾ ਰਹਿੰਦਾ ਪਰ ਉਸ ਨੂੰ ਕੋਈ ਰਾਹ ਨਹੀਂ ਸੀ ਮਿਲਿਆ।

ਸ਼ੋਭਾ ਤੇ ਰਾਜੂ ਨਿਰੇਨ ਨੂੰ ਮਿਲਣ ਚਲੇ ਗਏ। ਉਹਨਾਂ ਨੂੰ ਮਿਲ ਕੇ ਉਹ ਬਹੁਤ ਖੁਸ਼ ਹੋਇਆ। ਰਾਜੂ ਨੂੰ ਉਹ ਕਲਨਿਕ ਵਿਚ ਲੈ ਗਿਆ ਤੇ ਉਸ ਨਾਲ ਨਿਰੋਲ ਮਰੀਜ਼ ਵਾਂਗ ਹੀ ਵਰਤਾਅ ਕੀਤਾ ਤੇ ਇਕ ਵਾਰ ਫਿਰ ਉਸ ਨੂੰ ਸੰਮੋਹਿਕ ਨੀਂਦ ਵਿਚ ਲਿਜਾ ਕੇ ਸੁਝਾਅ ਦਿੱਤੇ।

ਘਰ ਆ ਕੇ ਉਹ ਦੋਸਤਾਂ ਵਾਂਗ ਵਿਚਰਦੇ ਰਹੇ ਤੇ ਖਾਣੇ ਬਾਅਦ ਉਸ ਨੇ ਸ਼ੋਭਾ ਤੇ ਰਾਜੂ ਨੂੰ ਉਹਨਾਂ ਦਾ ਕਮਰਾ ਦਿਖਾ ਦਿੱਤਾ। ਰਾਜੂ ਅਜੇ ਵੀ ਸ਼ਰਮ ਜਿਹੀ ਮਹਿਸੂਸ ਕਰ ਰਿਹਾ ਸੀ।

ਦੋ ਕੁ ਹਫ਼ਤੇ ਲੰਘੇ ਤਾਂ ਮਿਸ਼ੇਲ ਦੇ ਪਿਉ ਦਾ ਫ਼ੋਨ ਆਇਆ। ਫ਼ੋਨ ਰਾਜੂ ਨੇ ਚੁੱਕਿਆ। ਉਸ ਨੇ ਉਹਨਾਂ ਨੂੰ ਸਨਿਚਰਵਾਰ ਨੂੰ ਘਰ ਪਾਰਟੀ ’ਤੇ ਸੱਦਿਆ ਸੀ। ਰਾਜੂ ਨੇ ਉਸ ਨੂੰ ਹਾਂ ਕਰ ਦਿੱਤੀ ਤੇ ਪ੍ਰੀਤੋ ਨੂੰ ਦੱਸ ਦਿੱਤਾ। ਦੁਕਾਨ ਨੂੰ ਲੀਜ਼ ’ਤੇ ਦੇ ਕੇ ਨਾਜਰ ਵੀ ਬਹੁਤਾ ਸਮਾਂ ਘਰ ਵਿਚ ਹੀ ਗੁਜ਼ਾਰਦਾ ਜਾਂ ਸੈਰ ਸਪਾਟਾ ਕਰ ਆਉਂਦਾ। ਇਸ ਵੇਲੇ ਉਹ ਟੀ ਵੀ ਵੇਖ ਰਿਹਾ ਸੀ।

‘ਮਿਸ਼ੇਲ ਦੇ ਪਿਉ ਨੇ ਪਾਰਟੀ ਦਾ ਸੁਨੇਹਾ ਦਿੱਤਾ ਐ।’ ਪ੍ਰੀਤੋ ਬੋਲੀ।

‘ਦੋਹਤੇ ਦੀ ਪਾਰਟੀ ਕਰ ਰਹੇ ਆ। ਖੂਬ।’ ਨਾਜਰ ਨੇ ਟੀ ਵੀ ਤੋਂ ਅੱਖ ਨਾ ਚੁੱਕੀ।

ਮਿਥੇ ਦਿਨ ਰਾਜੂ ਨੂੰ ਨਾਲ ਲੈ ਕੇ ਉਹ ਪਾਰਟੀ ’ਤੇ ਚਲੇ ਗਏ। ਪੈਵ ਤੇ ਮਿਸ਼ੇਲ ਤਾਂ ਪਹਿਲਾਂ ਹੀ ਉਥੇ ਸਨ। ਉਹਨਾਂ ਬਿਨਾਂ ਸਭ ਗੋਰੇ ਲੋਕ ਸਨ। ਬੱਸ ਇਕ ਨੌਜਵਾਨ, ਪੰਦਰਾਂ ਕੁ ਸਾਲਾਂ ਦਾ ਮੁੰਡਾ ਡਰਿਆ ਜਿਹਾ ਇਕ ਕੋਨੇ ਵਿਚ ਖੜ੍ਹਾ ਸੀ। ਹੈਰਾਨੀ ਦੀ ਗੱਲ ਕਿ ਉਹ ਕਾਲਾ ਸੀ। ਉਹਨਾਂ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਮਿਸ਼ੇਲ ਦੀ ਮਾਂ ਕਿਚਨ ਵਿਚੋਂ ਆਈ ਤਾਂ ਮੁੰਡੇ ਦੇ ਮੱਥੇ ’ਤੇ ਪਿਆਰ ਨਾਲ ਚੁੰਮਣ ਦੇ ਕੇ ਉਸ ਦਾ ਹੱਥ ਫੜ ਕੇ ਉਹਨਾਂ ਕੋਲ ਲੈ ਆਈ।

‘ਇਹ ਮੇਰਾ ਪੁੱਤਰ ਐ ਤੇ ਨਾਈਜੀਰੀਆ ਰਹਿੰਦਾ। ਹੁਣ ਇਹ ਛੁੱਟੀਆਂ ਕੱਟਣ ਆਇਆ ਹੋਇਆ। ਇਸੇ ਖੁਸ਼ੀ ਵਿਚ ਅੱਜ ਪਾਰਟੀ ਰੱਖੀ ਐ।’

ਉਸ ਨੇ ਪੂਰੇ ਮਾਣ ਨਾਲ ਤੇ ਪਿਆਰ ਨਾਲ ਮੁੰਡੇ ਵੱਲ ਵੇਖਿਆ ਤੇ ਮੁਸਕਰਾਉਂਦਿਆਂ ਉਹਨਾਂ ਨੂੰ ਦੱਸਿਆ। ਉਹ ਹੈਰਾਨ ਤੇ ਉਸ ਤੋਂ ਵੀ ਵੱਧ ਪ੍ਰੇਸ਼ਾਨ ਸਨ। ਮੁੰਡਾ ਵੀ ਹੋਰ ਲੋਕਾਂ ਨੂੰ ਮਿਲਣ ਲੱਗਾ। ਪ੍ਰੀਤੋ ਨੇ ਰਾਜੂ ਦੇ ਕੰਨ ਵਿਚ ਕਿਹਾ।

‘ਕੀ ਕਹਿੰਦੀ ਸੀ ਇਹ ਇਹਦਾ ਮੁੰਡਾ ਆ। ਇਹ ਤਾਂ ਜਮ੍ਹਾ ਈ ਕਾਲਾ। ਮੈਨੂੰ ਸਮਝ ਨੀ ਆਉਂਦੀ?’

‘ਮੰਮ ਸਾਰੀ ਗੱਲ ਦਾ ਤਾਂ ਮੈਨੂੰ ਵੀ ਪਤਾ ਨੀ। ਪਰ ਪੈਵ ਨੂੰ ਪਤਾ ਹੋਊ।’

ਪ੍ਰੀਤੋ ਨੂੰ ਪਤਾ ਸੀ ਗੋਰੇ ਤਾਂ ਪੰਜਾਬੀ ਸਮਝ ਨਹੀਂ ਸਕਦੇ ਤੇ ਉਸ ਨੇ ਪੈਵ ਨੂੰ ਕੋਲ ਸੱਦਿਆ।

‘ਵੇ ਆਹ ਕਾਲਾ ਤੇਰੀ ਸੱਸ ਦਾ ਮੁੰਡਾ ਕਿਥੋਂ ਆ ਗਿਆ? ਪਹਿਲਾਂ ਤਾਂ ਕਦੇ

ਸੁਣਿਆ ਨੀ ਸੀ ਇਹਦੇ ਬਾਰੇ।'

ਪੈਵ ਨੇ ਧੀਮੀ ਆਵਾਜ਼ ਵਿਚ ਪੰਜਾਬੀ ਵਿਚ ਦੱਸਣਾ ਸ਼ੁਰੂ ਕੀਤਾ।

'ਮਿਸ਼ੇਲ ਦੇ ਮਾਂ-ਪਿਉ ਨਾਈਜੀਰੀਆ ਛੁੱਟੀਆਂ 'ਤੇ ਗਏ ਸੀ। ਇਹਨਾਂ ਦੁਆਲੇ ਬਹੁਤ ਸਾਰੇ ਬੱਚੇ ਪੈਸੇ ਮੰਗਣ ਲਈ ਇਕੱਠੇ ਹੋ ਗਏ। ਆਹ ਇਕ ਮੁੰਡਾ ਪਾਸੇ ਹੀ ਬੈਠਾ ਰਿਹਾ। ਉਹਨਾਂ ਨੂੰ ਇਹ ਬੱਚਾ ਪਿਆਰਾ ਵੀ ਲੱਗਿਆ ਤੇ ਸਾਊ ਵੀ। ਉਹਨਾਂ ਨੇ ਇਸ ਨੂੰ ਗੋਦ ਲੈ ਲਿਆ ਤੇ ਇਸ ਦੀ ਪੜ੍ਹਾਈ ਤੇ ਰਹਿਣ-ਸਹਿਣ ਦਾ ਖਰਚਾ ਦਿੰਦੇ ਰਹੇ। ਹੁਣ ਇਹ ਸੋਲਾਂ ਸਾਲਾਂ ਦਾ ਤੇ ਦਸਵੀਂ ਪਾਸ ਕਰ ਗਿਆ। ਇਸ ਨੂੰ ਪਹਿਲੀ ਵਾਰ ਇਥੋਂ ਦਾ ਵੀਜ਼ਾ ਮਿਲਿਆ ਤੇ ਇਹ ਮਿਲਣ ਆ ਗਿਆ। ਇਹਨਾਂ ਦੀ ਖੁਸ਼ੀ ਦਾ ਟਿਕਾਣਾ ਨੀ। ਇਸੇ ਲਈ ਪਾਰਟੀ ਕੀਤੀ ਆ।' ਪੈਵ ਨੇ ਸੰਖੇਪ ਵਿਚ ਬਿਆਨ ਕੀਤਾ। ਪ੍ਰੀਤੋ ਤੇ ਨਾਜਰ ਦੀ ਅਸਚਰਜਤਾ ਹੋਰ ਵੀ ਵਧ ਗਈ।

ਨਾਜਰ ਨੂੰ ਆਪਣੇ ਪਿੰਡ ਦੇ 'ਵਿਹੜੇ ਵਾਲੇ ਕਾਲੂ' ਦਾ ਖਿਆਲ ਆਇਆ। ਉਸ ਦੇ ਚਾਰ ਬੱਚੇ ਸਨ ਤੇ ਕਾਲੂ ਦੀ ਕੈਂਸਰ ਨਾਲ ਮੌਤ ਹੋ ਗਈ ਸੀ। ਭੋਰਾ ਭੋਰਾ ਨਿਆਣਿਆ ਦਾ ਢਿੱਡ ਭਰਨ ਲਈ ਉਸ ਦੀ ਪਤਨੀ ਨੂੰ ਬਹੁਤ ਜਦੋਜਹਿਦ ਕਰਨੀ ਪੈ ਰਹੀ ਸੀ। ਕਾਲੂ ਦੀ ਮੌਤ ਵੇਲੇ ਪੈਦਾ ਹੋਈ ਲੋਕਾਂ ਦੇ ਮਨਾਂ ਵਿਚਲੀ ਹਮਦਰਦੀ ਪਤਲੀ ਪੈਂਦੀ ਖਤਮ ਹੀ ਹੋ ਗਈ ਸੀ। ਹੁਣ ਉਸ ਨੂੰ ਬਹੁਤ ਅਣਚਾਹੇ ਤੇ ਅਨੈਤਿਕ ਸਮਝੌਤੇ ਕਰਨੇ ਪੈਂਦੇ ਸਨ ਤੇ ਹਰ ਸਮਝੌਤੇ ਵੇਲੇ ਉਸ ਅੱਗੇ ਸਭ ਤੋਂ ਪਹਿਲਾਂ ਬੱਚਿਆਂ ਦੇ ਢਿੱਡ ਦਾ ਸਵਾਲ ਹੁੰਦਾ। ਨਾਜਰ ਨੇ ਉਸ ਦੀ ਕੁਝ ਕੁ ਆਰਥਿਕ ਮਦਦ ਕੀਤੀ ਸੀ। ਹੁਣ ਨਾਜਰ ਦੇ ਮਨ ਵਿਚ ਸਵਾਲ ਸੀ ਕਿ ਕੀ ਭਲਾ ਉਹ ਕਾਲੂ ਦੇ ਕਿਸੇ ਨਿਆਣੇ ਨੂੰ ਗੋਦ ਲੈਣ ਬਾਰੇ ਸੋਚ ਵੀ ਸਕਦਾ ਸੀ? ਨਾਜਰ ਨੇ ਸਿਰ ਨੂੰ ਮਾੜਾ ਜਿਹਾ ਝਟਕਾ ਦਿੱਤਾ ਤੇ ਇਸ ਬੇਚੈਨ ਕਰਨ ਵਾਲੇ ਸਵਾਲ ਤੋਂ ਖਹਿੜਾ ਛੁਡਾਉਣ ਦਾ ਯਤਨ ਕੀਤਾ। ਚੰਗੇ ਭਾਗੀਂ ਉਸ ਦਾ ਕੁੜਮ ਵਿਸਕੀ ਦਾ ਪੈਗ ਬਣਾ ਕੇ ਉਸ ਨੂੰ ਫੜਾ ਗਿਆ ਤੇ ਕੁਝ ਦੇਰ ਗੱਲਾਂ ਕਰਦਾ ਰਿਹਾ। ਉਸ ਦੀਆਂ ਗੱਲਾਂ ਵਿਚ ਮੁੰਡੇ ਨੂੰ ਗੋਦ ਲੈਣ ਦੇ ਕਿਸੇ ਕਿਸਮ ਦੇ ਦਿਖਾਵੇ ਦੀ ਮਮੂਲੀ ਜਿਹੀ ਵੀ ਝਲਕ ਨਹੀਂ ਸੀ। ਬੱਸ ਦੋਵਾਂ ਜੀਆਂ ਦੇ ਚਿਹਰੇ 'ਤੇ ਅਦਭੁੱਤ ਜਿਹੀ ਪ੍ਰਸੰਨਤਾ ਦੀ ਚਮਕ ਸੀ।

ਉਹ ਘਰ ਨੂੰ ਵਾਪਿਸ ਆਏ ਤਾਂ ਨਾਜਰ ਦੇ ਮਨ ਵਿਚ ਉਹ ਕਾਲਾ ਮੁੰਡਾ ਤੇ ਗਰੀਬ ਕਾਲੂ ਦੇ ਨਿਆਣੇ ਇਕ ਕਤਾਰ ਵਿਚ ਖੜ੍ਹੇ ਸਨ।

ਸਵੇਰੇ ਰਾਜੂ ਜਾਗਿਆ ਤੇ ਚਾਹ ਦਾ ਕੱਪ ਲੈ ਕੇ ਟੀ ਵੀ 'ਤੇ ਖ਼ਬਰਾਂ ਸੁਣਨ ਲੱਗਾ। ਟੈਲੀਫ਼ੋਨ ਦੀ ਘੰਟੀ ਵੱਜੀ ਤਾਂ ਪ੍ਰੀਤੋ ਨੇ ਫ਼ੋਨ ਚੁੱਕ ਕੇ ਹੈਲੋ ਕੀਤੀ। ਦੂਜੇ ਪਾਸੇ ਤੋਂ ਕਿਸੇ ਨੇ ਫ਼ੋਨ ਕੱਟ ਦਿੱਤਾ। ਪ੍ਰੀਤੋ ਨੇ ਫ਼ੋਨ ਵੱਲ ਘੂਰੀ ਵੱਟਦਿਆਂ ਰਸੀਵਰ ਰੱਖ ਦਿੱਤਾ ਤੇ ਆਪਣੇ ਕੰਮ ਲੱਗ ਗਈ। ਕੁਝ ਦੇਰ ਬਾਅਦ ਫਿਰ ਫ਼ੋਨ ਦੀ ਘੰਟੀ ਵੱਜੀ। ਇਸ ਵਾਰ ਰਾਜੂ ਨੇ ਫ਼ੋਨ ਚੁੱਕਿਆ ਤੇ ਹੈਲੋ ਕੀਤੀ।

'ਬਾਰਾਂ ਵਜੇ ਰਘੂਵੰਸ਼ੀ ਰੈਸਟੋਟੈਂਟ ਮੇ। ਡੋਂਟ ਬੀ ਲੇਟ।' ਕਹਿ ਕੇ ਸ਼ੋਭਾ ਨੇ ਫ਼ੋਨ ਕੱਟ ਦਿੱਤਾ।

'ਵੇਹ ਕੀਹਦਾ ਫੂਨ ਐ?'

'ਮੇਰੇ ਦੋਸਤ ਦਾ ਐ ਮੰਮ। ਅਸੀਂ ਅੱਜ ਲੰਚ 'ਤੇ ਜਾਣਾ ਐ।'

'ਪਹਿਲਾਂ ਵੀ ਏਸੇ ਦੋਸਤ ਦਾ ਹੁਣਾ। ਮੇਰੇ ਨਾਲ ਤਾਂ ਗੱਲ ਨੀ ਕੀਤੀ।'

'ਉਹ ਗੋਰਾ ਐ ਮੰਮ, ਸ਼ਾਇਦ ਏਸ ਲਈ।'

ਨਾਜਰ ਬਿਨਾਂ ਕੁਝ ਬੋਲੇ ਮਨ ਹੀ ਮਨ ਮੁਸਕਰਾ ਰਿਹਾ ਸੀ। ਉਸ ਨੂੰ ਆਪਣੀ ਜਵਾਨੀ ਯਾਦ ਆ ਰਹੀ ਸੀ।

ਰਾਜੂ ਹੈਰਾਨ ਸੀ। ਉਹ ਸ਼ੋਭਾ ਨੂੰ ਦੋ ਦਿਨ ਪਹਿਲਾਂ ਮਿਲਿਆ ਸੀ। ਸ਼ੁਕਰਵਾਰ ਉਹਨਾਂ ਦੀ ਗੱਲ ਵੀ ਹੋਈ ਸੀ। ਅਚਾਨਕ ਇਹ ਮਿਲਣ ਵਾਲੀ ਗੱਲ ਉਸ ਨੂੰ ਸਮਝ ਨਾ ਆਈ। ਵੈਸੇ ਵੀ ਉਸ ਦੀ ਆਵਾਜ਼ ਵਿਚ ਕੁਝ ਕੁ ਘਬਰਾਹਟ ਦਾ ਅੰਸ਼ ਮਹਿਸੂਸ ਹੋਇਆ ਸੀ।

ਬਾਰਾਂ ਵਜੇ ਤੋਂ ਕੁਝ ਮਿੰਟ ਪਹਿਲਾਂ ਹੀ ਉਹ ਰਘੂਵੰਸ਼ੀ ਵਿਚ ਪਹੁੰਚ ਗਿਆ ਸੀ। ਇਹ ਰੈਸਟੋਰੈਂਟ ਸ਼ੋਭਾ ਦੇ ਘਰ ਤੋਂ ਨੇੜੇ ਹੀ ਸੀ। ਅਜੇ ਉਹ ਰੈਸਟੋਰੈਂਟ ਵਿਚ ਸ਼ੋਭਾ ਨੂੰ ਵੇਖਣ ਲਈ ਨਜ਼ਰ ਹੀ ਘੁਮਾ ਰਿਹਾ ਸੀ ਕਿ ਉਸ ਨੇ ਪਿੱਛੋਂ ਆ ਕੇ ਆਪਣੀ ਬਾਂਹ ਉਸ ਦੇ ਲੱਕ ਦੁਆਲੇ ਵਲ ਲਈ। ਉਹ ਇਕ ਕੋਨੇ ਵਿਚ ਇਕਾਂਤ ਜਿਹੀ ਵਿਚ ਬੈਠ ਗਏ।

'ਸਭ ਠੀਕ ਤਾਂ ਹੈ?'

'ਨਹੀਂ—ਸਭ ਗਲਤ -।' ਕਹਿੰਦਿਆਂ ਉਸ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਰਾਜੂ ਨੇ ਉਸ ਦਾ ਹੱਥ ਫੜ ਲਿਆ।

'ਕਿਆ ਗੱਲ ਹੈ। ਟੈਲ ਮੀ ਪਲੀਜ਼।'

ਬਹਿਰਾ ਆਇਆ ਤਾਂ ਰਾਜੂ ਨੇ ਜਲਦੀ ਨਾਲ ਚਾਹ ਅਤੇ ਛੋਲੇ ਪੂਰੀਆਂ ਦਾ ਆਰਡਰ ਕਰ ਕੇ ਉਸ ਨੂੰ ਤੋਰ ਦਿੱਤਾ ਤੇ ਸ਼ੋਭਾ ਵੱਲ ਦੇਖਣ ਲੱਗਾ। ਉਹ ਉਸ ਵੱਲ ਨੀਝ ਲਾ ਕੇ ਵੇਖ ਰਹੀ ਸੀ ਜਿਵੇਂ ਆਪਣੀ ਗੱਲ ਕਹਿਣ ਤੋਂ ਪਹਿਲਾਂ ਉਸ ਨੂੰ ਤੋਲ ਰਹੀ ਹੋਵੇ।

'ਆਈ ਐਮ ਪ੍ਰੈਗਨੈਂਟ।' ਉਸ ਨੇ ਬੰਬ ਸੁੱਟਣ ਵਾਂਗ ਕਿਹਾ।

'ਵੱਟ੍ਹ--।' ਰਾਜੂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ।

'ਆਈ ਵਾਜ਼ ਸਚਿਊਪਡ ਐਂਡ ਕੇਅਰਲੈਸ ਵੈਨ ਵੂਈ ਮੈਟ ਇਨ ਇੰਡੀਆ।'

ਹੁਣ ਰਾਜੂ ਨੂੰ ਸਭ ਸਮਝ ਆ ਗਿਆ। ਉਹ ਇਕ ਦੂਜੇ ਵੱਲ ਗੁਆਚੇ ਜਿਹੇ ਵੇਖਣ ਲੱਗੇ ਜਿਵੇਂ ਇਕ ਦੂਜੇ ਤੋਂ ਸਮੱਸਿਆ ਦੇ ਹੱਲ ਦੀ ਉਮੀਦ ਰੱਖਦੇ ਹੋਣ। ਰਾਜੂ ਭੌਂਚੱਕਿਆ ਬੈਠਾ ਸੀ।

'ਹਮੇਂ ਜਲਦੀ ਸ਼ਾਦੀ ਕਰਨੀ ਹੋਗੀ।' ਸ਼ੋਭਾ ਨੇ ਹੱਲ ਪੇਸ਼ ਕੀਤਾ।

'ਸ਼ਾਦੀ--।'

ਰਾਜੂ ਨੇ ਬੇਯਕੀਨੀ ਨਾਲ ਦੁਹਰਾਇਆ। ਸ਼ੋਭਾ ਨੂੰ ਲੱਗਿਆ ਜਿਵੇਂ ਰਾਜੂ ਉਸ ਦਾ ਸਾਥ ਦੇਣ ਤੋਂ ਹਿਚਕਚਾ ਰਿਹਾ ਹੋਵੇ।

'ਰਾਜ, ਮੈਂ ਇਸ ਬੱਚੇ ਕੋ ਜਨਮ ਦੂੰਗੀ, ਵਿਦ ਆਰ ਵਿਦਾਊਟ ਯੂਅਰ ਹੈਲਪ।'

ਬਹਿਰਾ ਉਹਨਾਂ ਦਾ ਆਰਡਰ ਲੈ ਕੇ ਆ ਗਿਆ ਤੇ ਉਹ ਚੁੱਪ ਹੋ ਗਏ। ਸ਼ੋਭਾ ਰਾਜੂ ਨੂੰ ਆਪਣੀਆਂ ਅੱਖਾਂ ਨਾਲ ਤੋਲ ਰਹੀ ਸੀ। ਬਹਿਰਾ ਗਿਆ ਤਾਂ ਰਾਜੂ ਬੋਲਿਆ।

'ਆਈ ਹੈਵ ਟੂ ਟਾਕ ਟੂ ਮਾਈ ਪੇਰੈਂਟਸ।'

'ਐਂਡ ਇਫ ਦੇ ਸੇ ਨੋ--।'

'ਤੁਮ ਗੁਰਦਾਵਾਰੇ ਵਿਚ ਸ਼ਾਦੀ ਕਰਨ ਨੂੰ ਤਿਆਰ ਹੋ।'

'ਆਈ ਡੋਂਟ ਕੇਅਰ ਰਾਜ। ਮੈਂ ਤੋ ਤੁਮਹਾਰੇ ਸਾਥ ਸ਼ਾਦੀ ਕੇ ਬਿਨਾਂ ਵੀ ਰਹਿ ਸਕਤੀ ਹੂੰ।'

ਰਾਜੂ ਨੂੰ ਪਤਾ ਸੀ ਸ਼ੋਭਾ ਜਾਂ ਉਸ ਦੇ ਘਰ ਵਾਲੇ ਕੋਈ ਖਾਸ ਧਾਰਮਿਕ ਨਹੀਂ ਸਨ। ਰਾਜੂ ਨੇ ਸ਼ੋਭਾ ਦਾ ਹੱਥ ਫੜਿਆ ਤੇ ਮੁਸਕਰਾ ਕੇ ਸ਼ੋਭਾ ਵੱਲ ਵੇਖਿਆ।

'ਹਮ ਦੋਨੋ ਹੀ ਸਚੂਪਿਡ ਥੇ। ਆਈ ਐਮ ਵਿਦ ਯੂ ਇਨ ਥਿੱਕ ਐਂਡ ਥਿਨ। ਪਲੀਜ਼ ਡੋਂਟ ਵਰੀ।'

ਰਾਜੂ ਨੇ ਬਹੁਤ ਪਿਆਰ ਤੇ ਵਿਸ਼ਵਾਸ਼ ਨਾਲ ਕਿਹਾ। ਸ਼ੋਭਾ ਦਾ ਉੱਡਿਆ ਰੰਗ ਫਿਰ ਤੋਂ ਗੁਲਾਬੀ ਹੋ ਗਿਆ। ਬੁੱਲਾਂ ਦੀ ਮੁਸਕਾਨ ਵਾਪਿਸ ਆ ਗਈ। ਉਸ ਦੇ ਚਿਹਰੇ 'ਤੇ ਤਣਾਅ ਖਤਮ ਹੋ ਗਿਆ ਤੇ ਰਾਜੂ ਉਸ ਨੂੰ ਬਹੁਤ ਪਿਆਰਾ ਲੱਗਣ ਲੱਗਾ। ਅਜੇ ਉਸ ਨੂੰ ਪਤਾ ਨਹੀਂ ਸੀ ਕਿ ਰਾਜੂ ਆਪਣੇ ਮਾਪਿਆਂ ਨੂੰ ਮਨਾ ਸਕੇਗਾ ਜਾ ਨਹੀਂ। ਜੇ ਉਹ ਨਾ ਮੰਨੇ ਤਾਂ ਕੀ ਉਹ ਵੀ ਆਪਣੇ ਭਰਾ ਪੈਵ ਵਾਂਗ ਹੀ ਕਦਮ ਚੁੱਕ ਸਕੇਗਾ! ਸ਼ੋਭਾ ਦੇ ਸ਼ੱਕ ਬਰਕਰਾਰ ਸਨ ਪਰ ਉਹ ਉਮੀਦ ਹੇਠ ਦਬ ਗਏ ਸਨ।

ਉਹ ਭਵਿੱਖ ਬਾਰੇ ਗੱਲਾਂ ਕਰਦੇ ਰਹੇ ਤੇ ਰਾਜੂ ਆਪਣੇ ਮਨ ਵਿਚ ਪ੍ਰੀਤੋ ਨਾਲ ਗੱਲ ਕਰਨ ਬਾਰੇ ਸਕੀਮਾਂ ਸੋਚਦਾ ਰਿਹਾ।

ਘਰ ਜਾਣ ਦੀ ਥਾਂ ਉਹ ਰਾਣੀ ਕੋਲ ਚਲਾ ਗਿਆ ਤੇ ਉਸ ਨੂੰ ਸਾਰੀ ਕਹਾਣੀ ਬਿਆਨ ਕਰ ਦਿੱਤੀ।

'ਆਈ ਕਾਂਟ ਬਲੀਵ ਇਟ।' ਰਾਣੀ ਨੇ ਸਿਰ ਮਾਰਿਆ। 'ਤੁਸੀਂ ਐਨੇ ਮੂਰਖ ਕਿਵੇਂ ਹੋ ਸਕਦੇ ਆਂ।' ਰਾਣੀ ਨੂੰ ਯਕੀਨ ਕਰਨਾ ਮੁਸ਼ਕਲ ਲਗਦਾ ਸੀ।

'ਬੱਸ ਜੋ ਹੋ ਗਿਆ ਉਹ ਤਾਂ ਮੂਰਖਤਾ ਹੈਗੀ ਈ ਆ। ਪਰ ਹੁਣ ਤਾਂ ਸਵਾਲ ਵਿਆਹ ਜਲਦੀ ਕਰਵਾਉਣ ਦਾ ਤੇ ਉਸ ਲਈ ਮੰਮੀ ਨੂੰ ਮਨਾਉਣਾ ਪੈਣਾ।'

'ਤੇ ਤੂੰ ਚਾਹੁੰਨਾ ਮੈਂ ਗੱਲ ਕਰਾਂ।'

'ਮੈਂ ਤੇਰੀ ਰਾਇ ਚਾਹੁੰਨਾਂ ਕਿ ਕਿਵੇਂ ਕੀਤਾ ਜਾਵੇ?'

ਰਾਣੀ ਚੁੱਪ ਸੀ। ਉਹ ਕਿਚਨ ਵਿਚ ਖੜ੍ਹੇ ਗੱਲਾਂ ਵੀ ਕਰ ਰਹੇ ਸਨ ਤੇ ਚਾਹ ਵੀ

ਬਣਾ ਰਹੇ ਸਨ। ਚਾਹ ਦੇ ਕੱਪ ਲੈ ਕੇ ਉਹ ਕਿਚਨ ਵਿਚ ਹੀ ਖੜ੍ਹੇ ਰਹੇ। ਬੱਚੇ ਟੀ ਵੀ ਵਿਚ ਮਸਤ ਸਨ ਤੇ ਰਾਣੀ ਦਾ ਪਤੀ ਦੁਕਾਨ ਵਿਚ ਖੜ੍ਹਾ ਸੀ। ਰਾਣੀ ਉਸ ਨੂੰ ਚਾਹ ਦਾ ਕੱਪ ਫੜਾ ਆਈ ਸੀ।

'ਰਾਜੂ ਤੂੰ ਸਿੱਧੀ ਮੰਮ ਨਾਲ ਗੱਲ ਕਰ ਜਾਂ ਪਹਿਲਾਂ ਡੈਡ ਨੂੰ ਬੀਅਰ ਦਾ ਗਲਾਸ ਪਿਲਾ ਲਿਆ।'

'ਬੀਅਰ ਦਾ ਗਲਾਸ!'

'ਤੂੰ ਬੀਅਰ ਦੇ ਬਹਾਨੇ ਪਹਿਲਾਂ ਡੈਡ ਨੂੰ ਮਨਾ ਲਵੇਂ ਤਾਂ ਮੰਮ ਨੂੰ ਮਨਾਉਣ ਸੌਖਾ ਹੋ ਜੂ।'

'ਬਰਿਲੀਐਂਟ—ਆਈ ਲਵ ਯੂ ਸਿਸ।' ਰਾਜੂ ਦੇ ਚਿਹਰੇ 'ਤੇ ਖੁਸ਼ੀ ਨੱਚਣ ਲੱਗੀ।

'ਐਨਾ ਵੀ ਖੁਸ਼ ਨਾ ਹੋ। ਮੰਮ ਅਜੇ ਮੰਨੀ ਨੀ।' ਰਾਣੀ ਨੇ ਹੱਸਦਿਆਂ ਕਿਹਾ।

ਸ਼ਾਮ ਦਾ ਵਕਤ ਸੀ ਤੇ ਰਾਜੂ ਨਾਜਰ ਨਾਲ ਗੱਲ ਕਰਨ ਦਾ ਬਹਾਨਾ ਲੱਭ ਰਿਹਾ ਸੀ। ਪ੍ਰੀਤੋ ਨਾਜਰ ਦੇ ਕੋਲ ਬੈਠੀ ਸੀ।

'ਡੈਡ ਬੀਅਰ ਦਾ ਗਲਾਸ ਪੀਣ ਦਾ ਮੂਡ ਹੈਗਾ।' ਰਾਜੂ ਨੇ ਨਾਜਰ ਵੱਲ ਵੇਖਦਿਆਂ ਪੁੱਛਿਆ।

'ਸਾਰਾ ਦਿਨ ਤਾਂ ਬਾਹਰ ਰਿਹੈਂ ਤੂੰ, ਹੁਣ ਬੀਅਰ ਪੀਣ ਭੱਜ ਜੋ। ਕਦੇ ਮੇਰੇ ਕੋਲ ਵੀ ਬੈਠ ਜਿਆ ਕਰੋ। ਘਰੇ ਪੀ ਲੋ ਬੀਅਰ।'

ਪ੍ਰੀਤੋ ਨੇ ਨਾਜਰ ਦੇ ਜਵਾਬ ਤੋਂ ਪਹਿਲਾਂ ਹੀ ਜਵਾਬ ਦੇ ਦਿੱਤਾ। ਨਾਜਰ ਵੀ ਖਸਿਆਣਾ ਜਿਹਾ ਹੱਸ ਕੇ ਚੁੱਪ ਹੋ ਗਿਆ ਤੇ ਰਾਜੂ ਦੀ ਬਣਾਈ ਯੋਜਨਾ ਧਰੀ ਧਰਾਈ ਰਹਿ ਗਈ। ਉਹ ਬੀਅਰ ਲੈਣ ਕਿਚਨ ਵਿਚ ਚਲਾ ਗਿਆ।

ਬੀਅਰ ਪੀਂਦੇ ਰਾਜੂ ਨੂੰ ਬੀਅਰ ਦਾ ਸਵਾਦ ਨਹੀਂ ਸੀ ਆ ਰਿਹਾ। ਉਸ ਦੇ ਸਾਹਮਣੇ ਸ਼ੋਭਾ ਆ ਜਾਂਦੀ ਤੇ ਉਹ ਜਿਵੇਂ ਉਸ ਨੂੰ ਅੱਖਾਂ ਦਿਖਾ ਰਹੀ ਹੋਵੇ। ਰਾਜੂ ਨੇ ਆਪਣੇ ਆਪ ਨੂੰ ਤਿਆਰ ਕੀਤਾ। ਉਹ ਉੱਠ ਕੇ ਪ੍ਰੀਤੋ ਕੋਲ ਚਲਾ ਗਿਆ ਤੇ ਉਸ ਦੀ ਬੁੱਕਲ ਵਿਚ ਸਿਰ ਰੱਖ ਲਿਆ।

'ਮੰਮ ਮੇਰੇ ਕੋਲੋਂ ਗਲਤੀ ਹੋ ਗਈ ਆ ਤੇ ਮੈਂ ਮੁਆਫੀ ਮੰਗਣਾ ਚਾਹੁੰਨਾ। ਪਰ ਗਲਤੀ ਫਿਰ ਵੀ ਸੁਧਰਨੀ ਨੀ। ਮੈਂ ਕਦੇ ਵੀ ਥੋਡਾ ਦਿਲ ਨੀ ਦਖਾਉਣਾ ਚਾਹੁੰਦਾ ਸੀ। ਮੈਂ ਥੋਡੇ ਕਹੇ ਅਨੁਸਾਰ ਪੰਜਾਬੀ ਕੁੜੀ ਨਾਲ ਵਿਆਹ ਕਰਨਾ ਚਾਹੁੰਦਾ ਸੀ। ਪਰ ਮੰਮ ਮੈਨੂੰ ਪਤਾ ਈ ਨੀ ਲੱਗਿਆ ਕਦੋਂ ਮੈਂ---।' ਕਹਿ ਕੇ ਰਾਜੂ ਕੋਲੋਂ ਜਿਵੇਂ ਸ਼ਬਦ ਮੁੱਕ ਗਏ।

'ਵੇਹ ਹੁਣ ਤੂੰ ਵੀ ਕੋਈ ਗੋਰੀ ਸਹੇੜ ਲੀ। ਸਾਡੀ ਤਾਂ ਕਿਸਮਤ ਈ ਮਾੜੀ ਆ। ਐਥੇ ਆ ਕੇ ਪੈਸੇ ਬਣਾ ਲੇ ਪਰ ਜੁਆਕ ਗੁਆ ਲੇ। ਦੱਸ ਕੀ ਚੰਦ ਚੜ੍ਹਾ ਆਇਆਂ ਤੂੰ।' ਪ੍ਰੀਤੋ ਦੇ ਨਾਲ ਹੀ ਨਾਜਰ ਵੀ ਟੀ ਵੀ ਵੇਖਣਾ ਭੁੱਲ ਗਿਆ।

'ਮੰਮ ਇਹ ਕੁੜੀ ਮੇਰੇ ਨਾਲ ਕੰਮ ਕਰਦੀ ਸੀ। ਪੰਜਾਬੀ ਥੋੜੀ ਬੋਲ ਵੀ ਲੈਂਦੀ ਆ

ਪਰ ਸਮਝ ਪੂਰੀ ਲੈਂਦੀ ਆ। ਆਪਾਂ ਸਿਖਾ ਲਾਂਗੇ ਪੰਜਾਬੀ ਤਾਂ। ਹਿੰਦੀ ਬੋਲ ਲੈਂਦੀ ਆ। ਗੁਜਰਾਤਣ ਐ। ਮੈਂ ਉਹਨੂੰ ਦੱਸ ਦਿੱਤਾ ਐ ਕਿ ਮੈਂ ਸਾਰੀ ਉਮਰ ਥੋਡੇ ਨਾਲ ਰਹਿਣਾ। ਨਿੱਕੇ ਹੁੰਦੇ ਦੀ ਤੁਸੀਂ ਮੇਰੀ ਦੇਖ ਭਾਲ ਕੀਤੀ, ਨਹੀਂ ਤਾਂ ਮੇਰਾ ਪਤਾ ਨੀ ਕੀ ਬਣਦਾ। ਹੁਣ ਮੈਂ ਥੋਨੂੰ ਛੱਡ ਕੇ ਨੀ ਜਾਣਾ ਜੋ ਮਰਜ਼ੀ ਹੋ ਜੇ। ਉਹ ਖੁਸ਼ ਆ। ਨਾਲੇ ਮੰਮ ਉਹ 'ਨੰਦ ਕਾਰਜ ਨੂੰ ਤਿਆਰ ਐ। ਤੁਸੀਂ ਆਵਦੇ ਚਾਅ ਪੂਰੇ ਕਰ ਲਿਓ--।' ਰਾਜੂ ਨੂੰ ਉਮੀਦ ਨੀ ਸੀ ਕਿ ਉਹ ਏਨੀ ਗੱਲ ਕਰ ਸਕੇਗਾ।

ਪ੍ਰੀਤੋ ਤੇ ਨਾਜਰ ਦੋਵੇਂ ਚੁੱਪ ਉਸ ਵੱਲ ਵੇਖ ਰਹੇ ਸਨ। ਉਹਨਾਂ ਦੀ ਚੁੱਪ ਰਾਜੂ ਲਈ ਬਹੁਤ ਭਾਰੀ ਹੋ ਰਹੀ ਸੀ। ਉਹ ਉਹਨਾਂ ਦੀ ਸਹਿਮਤੀ ਚਾਹੁੰਦਾ ਸੀ। ਸਹਿਮਤੀ ਬਿਨਾ ਸ਼ੋਭਾ ਨਾਲ ਵਿਆਹ ਕਰਾਉਣਾ ਉਹਨੂੰ ਗੁਨਾਹ ਵਾਂਗ ਲਗਦਾ। ਦੂਜੇ ਪਾਸੇ ਸ਼ੋਭਾ ਨਾਲ ਬੇਵਫਾਈ ਕਰਨਾ ਵੀ ਉਸ ਦੀ ਜ਼ਮੀਰ ਨੂੰ ਗਵਾਰਾ ਨਹੀਂ ਸੀ।

ਕੁਝ ਦੇਰ ਕਮਰੇ ਵਿਚ ਚੁੱਪ ਤਣੀ ਰਹੀ।

'ਅਸੀਂ ਤਾਂ ਤੇਰੇ ਵਾਸਤੇ ਪੰਜਾਬ ਤੋਂ ਕੁੜੀ ਲਭਦੇ ਫਿਰਦੇ ਸੀ। ਤੇਰਾ ਚਾਚਾ ਵੀ ਤੇ ਮਾਮਾ ਵੀ ਪੜ੍ਹੀਆਂ ਲਿਖੀਆਂ ਚੰਗੇ ਘਰਾਂ ਦੀਆਂ ਕੁੜੀਆਂ ਦੀਆਂ ਫੋਟੋ ਭੇਜ ਰਹੇ ਆ। ਤੂੰ ਉਹ ਫੋਟੋ ਦੇਖ ਲੀ ਇਕ ਅੱਧੇ ਦਿਨ 'ਚ ਆ ਜਾਣਗੀਆਂ---।' ਨਾਜਰ ਨੇ ਕਿਹਾ ਤਾਂ ਪ੍ਰੀਤੋ ਗਹਿਰ ਗੰਭੀਰ ਉਸ ਵੱਲ ਵੇਖ ਰਹੀ ਸੀ।

'ਪੰਜਾਬ ਦੀਆਂ ਕੁੜੀਆਂ 'ਚ ਕੀ ਨੁਕਸ ਆ? ਪੈਵ ਗੋਰੀ ਲਈ ਬੈਠਾ। ਮੈਨੂੰ ਤਾਂ ਧੁੜਕੂ ਲੱਗਿਆ ਰਹਿੰਦਾ ਬਈ ਪਤਾ ਨੀ ਕਦੋਂ ਛੱਡ ਕੇ ਚਲੀ ਜਾਊ। ਹੁਣ ਸੁੱਖ ਨਾਲ ਮੁੰਡਾ ਜੰਮਿਆ। ਪਹਿਲੀ ਗੱਲ ਤਾਂ ਉਹਨਾਂ ਨੇ ਸਾਡੇ ਕੋਲ ਛੱਡਣਾ ਈ ਨੀ। ਜੇ ਛੱਡਣਗੇ ਤਾਂ ਸਾਨੂੰ ਅੰਗਰੇਜ਼ੀ ਨੀ ਆਉਣੀ ਤੇ ਮੁੰਡੇ ਨੂੰ ਪੰਜਾਬੀ ਨੀ ਸਮਝ ਲਗਣੀ। ਦੱਸ ਅਸੀਂ ਉਹਦੇ ਨਾਲ ਕੀ ਗੱਲਾਂ ਕਰਾਂਗੇ ਤੇ ਕੀ ਖੇਡਾਂਗੇ---।' ਪ੍ਰੀਤੋ ਨੇ ਆਪਣਾ ਪੱਖ ਪੇਸ਼ ਕੀਤਾ।

'ਮੰਮ ਮਿਸ਼ੇਲ ਬਹੁਤ ਚੰਗੀ ਕੁੜੀ ਆ ਤੇ ਉਹਨਾਂ ਦਾ ਬਹੁਤ ਪਿਆਰ ਆ। ਛੱਡ-ਛੜਾਈ ਵਾਲਾ ਕੋਈ ਚੱਕਰ ਨੀ।'

'ਤੂੰ ਆਏਂ ਕਰ ਪੁੱਤ, ਆਵਦੇ ਡੈਡੀ ਨਾਲ ਗੱਲ ਕਰ। ਜੇ ਉਹ ਖੁਸ਼ ਆ ਤਾਂ ਅਸੀਂ ਵੀ ਨਾਲ ਈ ਆਂ।' ਪ੍ਰੀਤੋ ਨੇ ਡਿਪਲੋਮੇਸੀ ਵਰਤੀ।

'ਮੰਮ ਮੈਨੂੰ ਥੋਡੀ ਹਾਂ ਚਾਹੀਦੀ ਆ। ਮੈਂ ਕਿਸੇ ਤੋਂ ਨੀ ਪੁੱਛਣਾ।'

'ਨਾ, ਇਹ ਗੱਲ ਝੂਠੀ। ਫੈਸਲਾ ਤਾਂ ਤੇਰਾ ਡੈਡੀ ਈ ਕਰੂ। ਅਸੀਂ ਨਾਲ ਖੜਾਂਗੇ।'

ਰਾਜੂ ਨੂੰ ਸਮਝ ਆ ਗਈ ਸੀ। ਉਹ ਉਸ ਦੀ ਪਸੰਦ ਨਾਲ ਖੁਸ਼ ਨਹੀਂ ਸੀ। ਬਹੁਤੀ ਗੱਲ ਕਰਨ ਦੀ ਥਾਂ ਰਾਜੂ ਆਪਣੇ ਕਮਰੇ ਵਿਚ ਚਲਾ ਗਿਆ। ਉਸ ਦੇ ਦਿਮਾਗ ਵਿਚ ਤਰ੍ਹਾ ਤਰ੍ਹਾਂ ਦੇ ਵਿਚਾਰ ਆਉਣ ਲੱਗੇ ਤੇ ਉਹ ਦੇਰ ਰਾਤ ਤੱਕ ਸੌਂ ਨਾ ਸਕਿਆ।

ਸਕੌਟ ਨੇ ਪੜ੍ਹਦਿਆਂ ਮੈਸਿਜ਼ ਵੇਖਿਆ ਰਿਚਰਡ ਨੇ ਰੰਧਾਵੇ ਨੂੰ ਪੁਲੀਸ ਸਟੇਸ਼ਨ ਬਲਾਉਣ ਬਾਰੇ ਜਾਣਕਾਰੀ ਦਿੱਤੀ ਸੀ। ਸਕੌਟ ਨੇ ਸਮਾਂ ਵੇਖਿਆ ਤੇ ਤਿਆਰ ਹੋਣ ਲੱਗਾ।

# 35

ਰੰਧਾਵਾ ਆਪਣੇ ਰੁਟੀਨ ਅਨੁਸਾਰ ਜਿੰਮ ਤੋਂ ਆਇਆ ਤੇ ਬਰੇਕਫਾਸਟ ਉਸ ਦੀ ਪਤਨੀ ਨੇ ਮੇਜ਼ 'ਤੇ ਰੱਖ ਦਿੱਤਾ। ਸਾਢੇ ਕੁ ਨੌਂ ਵੱਜ ਚੁੱਕੇ ਸਨ। ਰੰਧਾਵਾ ਬੇਕਨ ਦਾ ਸਵਾਦ ਲੈ ਰਿਹਾ ਸੀ। ਅਚਾਨਕ ਉਸ ਦੇ ਮੋਬਾਇਲ ਦੀ ਘੰਟੀ ਵੱਜੀ। ਕੋਈ ਅਣਜਾਣ ਨੰਬਰ ਸੀ। ਉਸ ਨੇ ਦੋਚਿੱਤੀ ਜਿਹੀ ਵਿਚ ਹੈਲੋ ਕਹੀ ਤੇ ਮੂੰਹ ਵਿਚ ਪਾਈ ਬੁਰਕੀ ਨੂੰ ਜਲਦੀ ਨਾਲ ਚਬਾਇਆ।

'ਮਿਸਟਰ ਰੰਡਾਵਾ, ਡਿਟੈਕਟਿਵ ਰਿਚਰਡ ਬੋਲ ਰਿਹਾਂ। ਅੱਜ ਦੋ ਵਜੇ ਸਲੋਹ ਪੁਲੀਸ ਸਟੇਸ਼ਨ ਪਹੁੰਚਣਾ। ਅਸੀਂ ਤੁਹਾਡੇ 'ਤੇ ਲੱਗੇ ਦੋਸ਼ਾਂ ਦੀ ਜਾਂਚ ਪੜਤਾਲ ਕਰਨੀ ਚਾਹੁੰਦੇ ਹਾਂ।'

ਰੰਧਾਵੇ ਨੇ ਪਲੇਟ ਪਾਸੇ ਧੱਕ ਦਿੱਤੀ। ਉਸ ਨੂੰ ਦੋਸ਼ਾਂ ਬਾਰੇ ਕੁਝ ਕੁ ਪਤਾ ਸੀ। ਕਈ ਦਿਨ ਬੀਤ ਗਏ ਸਨ। ਉਸ ਨੂੰ ਲਗਦਾ ਸੀ ਪੁਲੀਸ ਸ਼ਾਇਦ ਕੇਸ ਨੂੰ ਠੱਪ ਕਰ ਦੇਵੇਗੀ।

'ਪਰ ਮੈਂ ਤਾਂ ਕੋਈ ਗਲਤ ਕੰਮ ਕੀਤਾ ਨਹੀਂ। ਮੈਂ ਬਹੁਤ ਰੁਝਿਆ ਹੋਇਆਂ। ਅੱਜ ਨਹੀਂ ਆ ਸਕਾਂਗਾ।'

'ਜੇ ਕੋਈ ਗੰਭੀਰ ਸਿਹਤ ਦੀ ਸਮੱਸਿਆ ਹੈ ਤਾਂ ਮੀਟਿੰਗ ਇਕ ਦੋ ਦਿਨ ਅੱਗੇ ਪਾ ਸਕਦੇ ਹਾਂ। ਉਸ ਦਾ ਠੋਸ ਸਬੂਤ ਤੁਹਾਨੂੰ ਪੇਸ਼ ਕਰਨਾ ਪਵੇਗਾ। ਨਹੀਂ ਤਾਂ ਅੱਜ ਦੋ ਵਜੇ। ਜੇ ਤੁਸੀਂ ਹਾਜ਼ਰ ਨਹੀਂ ਹੁੰਦੇ ਤਾਂ ਫਿਰ ਪੁਲੀਸ ਤੁਹਾਨੂੰ ਘਰੋਂ ਆ ਕੇ ਲਿਜਾਣ ਲਈ ਮਜਬੂਰ ਹੋਵੇਗੀ।' ਰਿਚਰਡ ਦੇ ਬੋਲਾਂ ਵਿਚ ਕਨੂੰਨੀ ਸਖਤੀ ਸੀ ਤੇ ਰੰਧਾਵੇ ਨੂੰ ਮਹਿਸੂਸ ਹੋਇਆ ਕਿ ਉਸ ਦਾ ਬਹਾਨਾ ਚੱਲ ਨਹੀਂ ਸਕੇਗਾ।

'ਠੀਕ ਆ ਮੈਂ ਪਹੁੰਚ ਜਾਵਾਂਗਾ ਪਰ ਮੈ ਆਪਣੇ ਵਕੀਲ ਨੂੰ ਨਾਲ ਲੈ ਕੇ ਆਊਂਗਾ।'

'ਉਹ ਤੁਹਾਡੀ ਮਰਜ਼ੀ। ਸ਼ੁਭ ਦਿਨ ਮਿਸਟਰ ਰੰਧਾਵਾ। ਦੋ ਵਜੇ ਮਿਲਦੇ ਆਂ।'

ਸਾਲਾ ਸ਼ੁਭ ਦਿਨ ਦਾ। ਰੰਧਾਵੇ ਨੇ ਮਨ ਹੀ ਮਨ ਗਾਹਲ ਕੱਢੀ। ਉਸ ਦਾ ਨਾਸ਼ਤਾ ਤੇ ਚਾਹ ਦਾ ਸਵਾਦ ਖਰਾਬ ਹੋ ਗਿਆ ਸੀ। ਉਸ ਨੇ ਬੌਬ ਨੂੰ ਫ਼ੋਨ ਕੀਤਾ ਤੇ ਉਸ ਬਾਅਦ ਵਕੀਲ ਨੂੰ।

ਦੋ ਵੱਜਣ ਤੋਂ ਪਹਿਲਾਂ ਹੀ ਰੰਧਾਵਾ ਆਪਣੇ ਵਕੀਲ ਨਾਲ ਪੁਲੀਸ ਸਟੇਸ਼ਨ ਪਹੁੰਚ ਗਿਆ। ਰਿਸੈਪਸ਼ਨ ਦੀ ਬਾਰੀ ਵਿਚ ਇਕ ਕੁੜੀ ਖੜ੍ਹੀ ਮੁਸਕਰਾਈ ਤੇ ਉਸ ਨੇ ਗੁੱਡ ਆਫਟਰ ਨੂਨ ਕਿਹਾ: 'ਦੱਸੋ ਮੈਂ ਤੁਹਡੀ ਕੀ ਸੇਵਾ ਕਰ ਸਕਦੀ ਹਾਂ?' ਉਸ ਨੇ ਅੰਗਰੇਜ਼ੀ ਵਿਚ ਬੋਲਦਿਆਂ ਰਸਮੀ ਮੁਸਕਰਾਹਟ ਦਿੱਤੀ।

'ਮੇਰੀ ਡਿਟੇਕਟਿਵ ਰਿਚਰਡ ਨਾਲ ਮੀਟਿੰਗ ਹੈ ਦੋ ਵਜੇ।' ਰੰਧਾਵੇ ਨੇ ਅੰਗਰੇਜ਼ੀ ਵਿਚ ਜਵਾਬ ਦਿੱਤਾ।

'ਤੁਹਾਡਾ ਨਾਂ ਪਲੀਜ਼?' ਕੁੜੀ ਨੇ ਕੰਪਿਊਟਰ ਦੀ ਸਕਰੀਨ ਨੂੰ ਖੋਲ੍ਹਦਿਆਂ ਪੁੱਛਿਆ।

'ਮਿਸਟਰ ਰੰਡਾਵਾ।'

ਠੀਕ ਹੈ। ਤੁਸੀਂ ਬੈਠੋ ਮੈਂ ਉਸ ਨੂੰ ਤੁਹਾਡੇ ਆਉਣ ਬਾਰੇ ਦੱਸ ਦਿੰਨੀ ਆਂ।'

ਥੈਂਕ ਯੂ ਕਹਿੰਦਿਆ ਉਹ ਆਪਣੇ ਵਕੀਲ ਨਾਲ ਕੁਰਸੀ 'ਤੇ ਬੈਠ ਗਿਆ ਜਿਥੇ ਪਹਿਲਾਂ ਵੀ ਚਾਰ ਪੰਜ ਆਦਮੀ ਬੈਠੇ ਉਡੀਕ ਕਰ ਰਹੇ ਸਨ। ਕੁੜੀ ਕੰਪਿਊਟਰ 'ਤੇ ਕੁਝ ਟਾਈਪ ਕਰਨ ਵਿਚ ਮਗਨ ਸੀ।

ਕੁਝ ਮਿੰਟਾਂ ਬਾਅਦ ਰਿਚਰਡ ਕੁੜੀ ਕੋਲ ਆਇਆ ਤੇ ਉਸ ਨੇ ਰੰਧਾਵੇ ਨੂੰ ਆਵਾਜ਼ ਦਿੱਤੀ। ਰੰਧਾਵਾ 'ਤੇ ਉਸ ਦਾ ਵਕੀਲ ਜਲਦੀ ਨਾਲ ਉੱਠੇ ਤੇ ਰਿਸੈਪਸ਼ਨ ਕੋਲ ਚਲੇ ਗਏ।

'ਕ੍ਰਿਪਾ ਕਰਕੇ ਕੋਈ ਸ਼ਨਾਖਤ ਦਿਖਾਉ।'

ਰੰਧਾਵੇ ਨੇ ਆਪਣਾ ਡਰਾਈਵਿੰਗ ਲਾਇਸੰਸ ਬਟੂਏ ਵਿਚੋਂ ਕੱਢਿਆ ਤੇ ਉਸ ਨੂੰ ਫੜਾ ਦਿੱਤਾ। ਤਸੱਲੀ ਕਰਕੇ ਰਿਚਰਡ ਨੇ ਦਰਵਾਜ਼ਾ ਖੋਲ੍ਹਿਆ ਤੇ ਉਹ ਉਸ ਦੇ ਪਿੱਛੇ ਚੱਲ ਪਏ।

ਰਿਸੈਪਸ਼ਨ ਬਿਨਾਂ ਸਾਰੇ ਦੇ ਸਾਰੇ ਦਫ਼ਤਰ ਤੇ ਕਮਰੇ ਪਿਛਲੇ ਪਾਸੇ ਸਨ ਜਿਹੜੇ ਬਾਹਰੋਂ ਦਿਸਦੇ ਨਹੀਂ ਸਨ। ਰੰਧਾਵਾ ਅੰਦਰ ਗਿਆ ਤਾਂ ਇਹ ਉਸ ਦਾ ਪਹਿਲਾ ਤਜਰਬਾ ਨਹੀਂ ਸੀ। ਪਹਿਲਾਂ ਵੀ ਉਹ ਪੁਲੀਸ ਸਟੇਸ਼ਨ ਦਾ ਚੱਕਰ ਲਗਾ ਚੁੱਕਿਆ ਸੀ। ਪੁਲੀਸ ਸਟੇਸ਼ਨ ਦੇ ਨਾਲ ਹੀ ਮੈਜਿਸਟਰੇਟ ਕੋਰਟ ਸੀ ਤੇ ਅੰਦਰੋ-ਅੰਦਰ ਹੀ ਪੁਲੀਸ ਦੇ ਸੈਲ ਵਿਚੋਂ ਦੀ ਅਪਰਾਧੀਆਂ ਨੂੰ ਕੋਰਟ ਵਿਚ ਲਿਜਾਇਆ ਜਾਂਦਾ ਸੀ।

ਰਿਚਰਡ ਨੇ ਇਕ ਕਮਰੇ ਦਾ ਦਰਵਾਜ਼ਾ ਖੋਲ੍ਹਿਆ। ਪਹਿਲਾਂ ਰੰਧਾਵੇ ਨੂੰ ਅੰਦਰ ਜਾਣ ਦਿੱਤਾ, ਫਿਰ ਉਸ ਦੇ ਵਕੀਲ ਨੂੰ, ਬਾਅਦ ਵਿਚ ਆਪ ਅੰਦਰ ਚਲਾ ਗਿਆ। ਬੂਹਾ ਆਪਣੇ ਆਪ ਬੰਦ ਹੋ ਗਿਆ। ਇਕ ਮੇਜ਼ ਦੇ ਦੋਵੇਂ ਪਾਸੀ ਆਹਮਣੇ-ਸਾਹਮਣੇ ਦੋ ਦੋ ਕੁਰਸੀਆਂ ਪਈਆਂ ਸਨ। ਰਿਚਰਡ ਨੇ ਇਸ਼ਾਰਾ ਕੀਤਾ ਤੇ ਰੰਧਾਵਾ ਤੇ ਉਸ ਦਾ ਵਕੀਲ ਕੁਰਸੀਆਂ 'ਤੇ ਬੈਠ ਗਏ। ਰਿਚਰਡ ਉਹਨਾਂ ਦੇ ਸਾਹਮਣੇ ਬੈਠ ਗਿਆ। ਪੰਜ ਕੁ ਮਿੰਟ ਬਾਅਦ ਦਰਵਾਜ਼ਾ ਖੁੱਲ੍ਹਿਆ ਤੇ ਸਕੌਟ ਅੰਦਰ ਆਇਆ। ਉਸ ਨੇ ਆਪਣੀ ਕੁਰਸੀ ਮੱਲ ਲਈ। ਇੰਟਰਵਿਊ ਸ਼ੁਰੂ ਕਰਨ ਤੋਂ ਪਹਿਲਾਂ ਰਿਚਰਡ ਨੇ ਕਨੂੰਨੀ ਸਟੇਟਮੈਂਟ ਦਿੱਤੀ ਤੇ ਇੰਟਰਵਿਊ ਸ਼ੁਰੂ ਕੀਤੀ।

'ਮਿਸਟਰ ਰੰਡਾਵਾ, ਤੁਸੀਂ ਕੁਝ ਕਾਊਂਸਲਰਾਂ ਨੂੰ ਪੈਸੇ ਦਾ ਲਾਲਚ ਦੇ ਕੇ ਪਾਰਟੀ ਛੱਡਣ ਲਈ ਉਕਸਾਇਆ। ਤੁਹਾਡੇ 'ਤੇ ਵੱਢੀ ਦੇਣ ਦੀ ਕੋਸ਼ਿਸ਼ ਕਰਨ ਤੇ ਵੱਢੀ ਲੈਣ ਲਈ ਉਕਸਾਉਣ ਦਾ ਦੋਸ਼ ਹੈ। ਕੀ ਤੁਸੀਂ ਇਸ ਦੋਸ਼ ਨੂੰ ਸਵੀਕਾਰ ਕਰਦੇ ਹੋ?' ਰਿਚਰਡ ਨੇ ਆਪਣੇ ਕੰਪਿਊਟਰ ਦੀ ਸਕਰੀਨ ਤੋਂ ਦੋਸ਼ ਪੜ੍ਹ ਕੇ ਸੁਣਾਏ।

'ਨਹੀਂ-।' ਕਹਿੰਦਿਆਂ ਰੰਧਾਵੇ ਦਾ ਮੂੰਹ ਕਸਿਆ ਗਿਆ। ਉਸ ਦੇ ਦਿਮਾਗ

ਵਿਚ ਉਹ ਕੌਂਸਲਰ ਆਏ ਜਿਹਨਾਂ ਨੂੰ ਉਸ ਨੇ ਵੱਢੀ ਦੇਣ ਦੀ ਕੋਸ਼ਿਸ਼ ਕੀਤੀ ਸੀ।

ਰਿਚਰਡ ਨੇ ਉਸ ਨੂੰ ਪੁੱਛਿਆ ਕਿ ਇਹਨਾਂ ਕਾਊਂਸਲਰਾਂ ਨੂੰ ਉਹ ਕਦੋਂ ਮਿਲਿਆ ਸੀ, ਕਿਥੇ ਮਿਲਿਆ ਸੀ, ਕੀ ਗੱਲਾਂ ਹੋਈਆਂ, ਹੋਰ ਉਥੇ ਕੌਣ ਸੀ? ਰਿਚਰਡ ਸਵਾਲ ਕਰ ਰਿਹਾ ਸੀ ਤੇ ਸਕੌਟ ਚੁੱਪ ਚਾਪ ਸੁਣ ਰਿਹਾ ਸੀ। ਇੰਟਰਵਿਊ ਰਿਕਾਰਡ ਹੋ ਰਹੀ ਸੀ। ਵਕੀਲ ਨੇ ਵਿਚ ਵਿਚ ਰਿਚਰਡ ਨੂੰ ਟੋਕਣ ਦੀ ਕੋਸ਼ਿਸ਼ ਕੀਤੀ। ਪਰ ਰਿਚਰਡ ਨੇ ਉਸ ਵੱਲ ਘੱਟ ਹੀ ਧਿਆਨ ਦਿੱਤਾ। ਕੋਈ ਦੋ ਘੰਟੇ ਦੀ ਇੰਟਰਵਿਊ ਵਿਚ ਰੰਧਾਵੇ ਨੇ ਪੈਸੇ ਦੇਣ ਦੀ ਗੱਲ ਤੋਂ ਇਨਕਾਰ ਕੀਤਾ। ਅਖੀਰ 'ਤੇ ਰਿਚਰਡ ਨੇ ਉਸ ਦੀ ਰਿਕਾਰਡ ਹੋਈ ਵੀਡੀਓ ਫਿਲਮ ਦਿਖਾਈ ਤਾਂ ਰੰਧਾਵੇ ਦਾ ਰੰਗ ਉੱਡ ਗਿਆ। ਉਸ ਦੇ ਵਕੀਲ ਨੇ ਦਖਲ ਦਿਤਾ।

'ਸੋਸ਼ਲ ਮੀਡੀਏ 'ਤੇ ਬਹੁਤ ਸਾਰੀ ਦਿੱਤੀ ਜਾਣਕਾਰੀ ਗਲਤ ਤੇ ਮਨਘੜ੍ਹਤ ਹੁੰਦੀ ਹੈ। ਅੱਜ ਕੱਲ੍ਹ ਕਿਸੇ ਦਾ ਸਿਰ ਲਾਹ ਕੇ ਕਿਸੇ ਦੂਜੇ ਦੇ ਲਾ ਦਿੰਦੇ ਆ ਤੇ ਕਿਸੇ ਇਕ ਦੇ ਕੱਪੜੇ ਦੂਜੇ ਦੇ ਪਾ ਦਿੰਦੇ ਆ। ਇਹ ਸਬੂਤ ਕੁਝ ਵੀ ਸਾਬਤ ਨਹੀਂ ਕਰ ਸਕਦਾ। ਮਿਸਟਰ ਰੰਧਾਵਾ ਸਤਿਕਾਰ ਯੋਗ ਵਿਅੱਕਤੀ ਹੈ। ਉਸ 'ਤੇ ਲਗਾਏ ਦੋਸ਼ਾਂ ਨਾਲ ਉਸ ਦੀ ਸਮਾਜ ਵਿਚ ਬਹੁਤ ਬਦਨਾਮੀ ਹੋਵੇਗੀ ਤੇ ਅਸੀਂ ਇਸ ਲਈ ਪੁਲੀਸ ਨੂੰ ਜ਼ਿੰਮੇਵਾਰ ਮੰਨਾਂਗੇ। ਮੈਂ ਬੇਨਤੀ ਕਰਦਾਂ ਕਿ ਇਸ ਕੇਸ ਨੂੰ ਏਥੇ ਹੀ ਬੰਦ ਕਰ ਦਿੱਤਾ ਜਾਵੇ 'ਤੇ ਮਿਸਟਰ ਰੰਧਾਵੇ ਨੂੰ ਹੋਰ ਪਰੇਸ਼ਾਨ ਨਾ ਕੀਤਾ ਜਾਵੇ।'

ਰੰਧਾਵੇ ਦੇ ਚਿਹਰੇ 'ਤੇ ਇਕ ਵਾਰ ਫਿਰ ਰੰਗਤ ਆ ਗਈ। ਉਸ ਦੀਆਂ ਮੁੱਛਾਂ ਹਿਲੀਆਂ ਤੇ ਉਸ ਨੂੰ ਯਕੀਨ ਹੋ ਗਿਆ ਕਿ ਉਸ ਖਿਲਾਫ ਕੋਈ ਕੇਸ ਸਾਬਤ ਨਹੀਂ ਹੋ ਸਕੇਗਾ।

ਰਿਚਰਡ ਨੇ ਸਕੌਟ ਵੱਲ ਵੇਖਿਆ। ਸਕੌਟ ਨੇ ਵਕੀਲ ਅਤੇ ਰੰਧਾਵੇ ਵੱਲ ਸਖ਼ਤ ਨਜ਼ਰਾਂ ਨਾਲ ਵੇਖਿਆ ਤੇ ਬੋਲਿਆ; 'ਪੁਲੀਸ ਨੂੰ ਸੋਸ਼ਲ ਮੀਡੀਏ ਬਾਰੇ ਪਤਾ ਹੈ। ਤੁਹਾਡੇ ਨਾਲ ਗੱਲ ਕਰਨ ਤੋਂ ਪਹਿਲਾ ਅਸੀਂ ਇਸ ਫਿਲਮ ਦੀ ਭਰੋਸੇਯੋਗਤਾ ਨੂੰ ਲੈਬਾਰਟਰੀ ਵਿਚ ਚੈਕ ਕਰਵਾ ਚੁੱਕੇ ਹਾਂ। ਮਿਸਟਰ ਰੰਧਾਵਾ ਤੁਹਾਨੂੰ ਪਹਿਲਾਂ ਦੱਸੇ ਅਪਰਾਧਾਂ ਦੇ ਦੋਸ਼ ਵਿਚ ਚਾਰਜ ਕੀਤਾ ਜਾਂਦਾ ਹੈ। ਕੱਲ੍ਹ ਸਵੇਰੇ ਤੁਹਾਨੂੰ ਮੈਜਿਸਟਰੇਟ ਕੋਰਟ ਵਿਚ ਪੇਸ਼ ਕੀਤਾ ਜਾਵੇਗਾ। ਤੁਸੀਂ ਆਪਣੀ ਜ਼ਮਾਨਤ ਲਈ ਅਰਜ਼ੀ ਦੇ ਸਕਦੇ ਹੋ। ਅੱਜ ਤੁਹਾਨੂੰ ਪੁਲੀਸ ਸੈਲ ਵਿਚ ਰਹਿਣਾ ਪਵੇਗਾ। ਮੀਟਿੰਗ ਚਾਰ ਵੱਜ ਕੇ ਸਤਾਈ ਮਿੰਟ 'ਤੇ ਸਮਾਪਤ ਕੀਤੀ ਜਾਂਦੀ ਹੈ।'

ਰੰਧਾਵੇ ਨੂੰ ਸਾਰੀ ਰਾਤ ਸੈਲ ਵਿਚ ਰਹਿਣਾ ਪਿਆ। ਉਹ ਬਹੁਤ ਬੇਇੱਜ਼ਤੀ ਮਹਿਸੂਸ ਕਰ ਰਿਹਾ ਸੀ। ਉਸ ਨੇ ਕਦੇ ਸੋਚਿਆ ਨਹੀਂ ਸੀ ਕਿ ਅਜਿਹੇ ਸਧਾਰਣ ਜਿਹੇ ਬੰਦੇ ਉਸ ਨੂੰ ਸੀਖਾਂ ਪਿੱਛੇ ਸੁੱਟ ਸਕਣਗੇ। ਸਾਰੀ ਰਾਤ ਉਹ ਉਹਨਾਂ ਤੋਂ ਬਦਲਾ ਲੈਣ ਦੀਆਂ ਵਿਉਂਤਾਂ ਗੁੰਦਦਾ ਰਿਹਾ।

ਸਵੇਰ ਨੂੰ ਗਿਆਰਾਂ ਵਜੇ ਉਸ ਨੂੰ ਕੋਰਟ ਵਿਚ ਪੇਸ਼ ਕੀਤਾ ਤਾਂ ਅਦਾਲਤ ਨੇ

ਉਸ ਨੂੰ ਜ਼ਮਾਨਤ ਦੇ ਦਿੱਤੀ। ਹੁਣ ਅਦਾਲਤ ਨੇ ਉਸ ਦੇ ਕੇਸ ਦੀ ਤਰੀਕ ਤਹਿ ਕਰਨੀ ਸੀ। ਜਦ ਅਦਾਲਤ ਵਿਚ ਕੇਸ ਚੱਲਿਆ ਤਾਂ ਉਸ ਦਾ ਫੈਸਲਾ ਹੋ ਜਾਣਾ ਸੀ। ਓਦੋਂ ਤੱਕ ਉਹ ਉਹਨਾਂ ਆਦਮੀਆਂ ਨੂੰ ਕੁਝ ਕਹਿਣ ਤੋਂ ਡਰਦਾ ਸੀ। ਅਜਿਹਾ ਕਰਕੇ ਕੇਸ ਉਸ ਦੇ ਉਲਟ ਹੋ ਸਕਦਾ ਸੀ।

ਰੰਧਾਵਾ ਅੰਦਰੇ-ਅੰਦਰ ਛਟਪਟਾ ਰਿਹਾ ਸੀ।

# 36

ਰਾਜੂ ਉਦਾਸ ਰਹਿੰਦਾ ਵੀ ਘਰੇ ਖੁਸ਼ ਰਹਿਣ ਦਾ ਦਿਖਾਵਾ ਕਰਦਾ। ਪ੍ਰੀਤੋ ਤੇ ਨਾਜਰ ਨੂੰ ਮਹਿਸੂਸ ਹੋਇਆ ਉਸ ਦੀ ਗੱਲ ਕੁੜੀ ਨਾਲ ਕੱਚੀ-ਪੱਕੀ ਹੀ ਸੀ। ਨਾਜਰ ਨੇ ਸ਼ੇਰੇ ਨਾਲ ਵੀ ਗੱਲ ਕੀਤੀ ਸੀ। ਉਹ ਵੀ ਬਹੁਤਾ ਖੁਸ਼ ਨਹੀਂ ਸੀ। ਪਰ ਰਾਜੂ ਨੂੰ ਕੁਝ ਕਹਿ ਵੀ ਨਹੀਂ ਸਕਦਾ ਸੀ।

'ਤੁਸੀਂ ਰੋਕੋ ਉਹਨੂੰ। ਇਹ ਉਮਰ ਇਹੋ ਜਿਹੀ ਈ ਹੁੰਦੀ ਆ। ਥੋਡੀ ਗੱਲ ਮੰਨ ਲਊ।'

ਸ਼ੇਰੇ ਨੂੰ ਪਤਾ ਸੀ ਕਿ ਰਾਜੂ ਪ੍ਰੀਤੋ ਦੀ ਗੱਲ ਨਹੀਂ ਸੀ ਟਾਲਦਾ। ਕੁਝ ਦਿਨਾਂ ਵਿਚ ਹੀ ਇੰਡੀਆ ਤੋਂ ਕੁੜੀਆਂ ਦੀਆਂ ਫੋਟੋ ਆ ਗਈਆਂ ਸਨ। ਰਾਜੂ ਅੱਗੇ ਉਹਨਾਂ ਨੇ ਮੇਜ਼ ਤੇ ਸਾਰੀਆਂ ਫੋਟੋ ਰੱਖ ਦਿੱਤੀਆਂ ਤੇ ਉਸ ਨੂੰ ਚੋਣ ਕਰਨ ਲਈ ਕਿਹਾ।

'ਆਏਂ ਤਾਂ ਕੀ ਪਤਾ ਲਗਦਾ। ਮਿਲ ਕੇ ਈ ਕੋਈ ਫੈਸਲਾ ਹੋ ਸਕਦਾ।' ਰਾਜੂ ਨੇ ਨਰਮੀ ਨਾਲ ਕਿਹਾ।

'ਤੂੰ ਇਕ ਦੀ ਥਾਂ ਦੋ ਕੁੜੀਆਂ ਪਸੰਦ ਕਰ ਭਾਂਵੇਂ ਤਿੰਨ। ਜਦੋਂ ਤੂੰ ਕਹੇਂਗਾ ਇੰਡੀਆ ਚਲੇ ਚਲਾਂਗੇ ਤੇ ਤੂੰ ਜਿਥੇ ਕਹੇਂਗਾ ਵਿਆਹ ਕਰ ਦਿਆਂਗੇ।' ਪ੍ਰੀਤੋ ਨੇ ਖੁਸ਼ ਹੁੰਦਿਆਂ ਕਿਹਾ।

ਰਾਜੂ ਚੁੱਪ ਬੈਠਾ ਰਿਹਾ। ਕੁਝ ਦੇਰ ਬਾਅਦ ਉਹ ਆਪਣੇ ਕਮਰੇ ਵਿਚ ਚਲਾ ਗਿਆ ਤੇ ਸ਼ੋਭਾ ਬਾਰੇ ਸੋਚਣ ਲੱਗਾ।

ਅਗਲੇ ਦਿਨ ਉਸ ਨੇ ਸ਼ੋਭਾ ਨੂੰ ਲੰਚ ਟਾਈਮ 'ਤੇ ਫ਼ੋਨ ਕੀਤਾ। ਉਹ ਅੱਜ ਦੋਵੇਂ ਅੰਗਰੇਜ਼ੀ ਵਿਚ ਗੱਲ ਕਰ ਰਹੇ ਸਨ।

'ਸ਼ੋਭਾ ਮੈਂ ਆਪਣੀ ਸਮੱਸਿਆ ਦਾ ਇਕੋ ਇਕ ਹੱਲ ਸੋਚ ਸਕਿਆਂ।'

'ਉਹ ਕੀ?'

'ਆਪਾਂ ਦੋਵੇਂ ਮਿਡਲੈਂਡ ਜਾਂ ਕਿਤੇ ਵੀ ਦੂਰ ਕੰਮ ਲੱਭੀਏ ਤੇ ਉਥੇ ਚਲੇ ਜਾਈਏ। ਵੀਕ ਐਂਡ 'ਤੇ ਆਪਾਂ ਦੋ ਰਾਤਾਂ ਘਰ ਰਹਿ ਕੇ ਸੰਡੇ ਫਿਰ ਵਾਪਿਸ। ਘਰਦਿਆਂ ਨੂੰ ਕੁਝ ਮੈਂ ਦੱਸਣਾ ਹੀ ਨਹੀਂ ਚਾਹੁੰਦਾ। ਪੈਵ ਤੇ ਰਾਣੀ ਨੂੰ ਵੀ ਨਹੀਂ।'

ਦੂਜੇ ਪਾਸੇ ਸ਼ੋਭਾ ਕੁਝ ਦੇਰ ਕੁਝ ਨਾ ਬੋਲੀ।

'ਸ਼ੋਭਾ।'

'ਹੂੰ, ਮੈਂ ਸੋਚ ਰਹੀ ਸੀ। ਤੂੰ ਸਪੱਸ਼ਟ ਕਿਉਂ ਨਹੀਂ ਕਹਿੰਦਾ ਕਿ ਮੈਂ ਬੱਚੇ ਦਾ ਪਿਉ ਬਣਨ ਵਾਲਾ ਹਾਂ ਤੇ ਹੋਰ ਕਿਸੇ ਨਾਲ ਵਿਆਹ ਨਹੀ ਕਰਾ ਸਕਦਾ।'

'ਕਹਿ ਸਕਦਾਂ। ਬਹੁਤ ਸੌਖਾ ਐ। ਪਰ ਉਹਨਾਂ ਦਾ ਮੇਰੇ 'ਤੇ ਬਹੁਤ ਅਹਿਸਾਨ ਐ ਤੇ ਮੈਂ ਉਹਨਾਂ ਨੂੰ ਦੁਖੀ ਨਹੀਂ ਦੇਖ ਸਕਦਾ। ਸਮਾਂ ਪੈ ਕੇ ਉਹਨਾਂ ਨੂੰ ਆਪੇ ਪਤਾ ਲੱਗ

ਜੂ। ਉਦੋਂ ਤੱਕ ਉਹਨਾਂ ਦਾ ਵਿਰੋਧ ਠੰਡਾ ਪੈ ਜੂ।’

ਸ਼ੋਭਾ ਨੂੰ ਉਸ ਦਾ ਮਾਪਿਆਂ ਲਈ ਸਤਿਕਾਰ ਚੰਗਾ ਲਗਦਾ ਪਰ ਉਸ ਨੂੰ ਇਹ ਅਣਹੋਣੀ ਜਿਹੀ ਗੱਲ ਲਗਦੀ। ਉਸ ਦੇ ਆਪਣੇ ਮਾਪੇ ਭਾਵੇਂ ਕਾਫੀ ਖੁੱਲ੍ਹੇ ਖਿਆਲਾਂ ਦੇ ਸਨ। ਫਿਰ ਵੀ ਏਨੀ ਵੱਡੀ ਗੱਲ ਸ਼ਾਇਦ ਨਾ ਹੀ ਮੰਨਣ।

‘ਸ਼ਾਦੀ ਦਾ ਕਿਵੇਂ ਕਰਾਂਗੇ?’

‘ਡਾਰਲਿੰਗ, ਮੈਨੂੰ ਕੋਈ ਫਰਕ ਨੀ ਪੈਂਦਾ। ਬੱਸ ਮੇਰੇ ਘਰਦਿਆਂ ਨੂੰ ਪਤਾ ਨਾ ਲੱਗੇ। ਜਿਹੋ ਜਿਹੀ ਵੀ ਜਿਥੇ ਵੀ ਚਾਹੇਂ ਮੈਂ ਖੁਸ਼ ਆਂ। ਮੇਰੇ ਵੱਲੋਂ ਤਾਂ ਭਾਵੇਂ ਰਜਿਸਟਰਡ ਮੈਰਿਜ ਈ ਕਰਾ ਲੈ। ਯਾਰ ਤਾਂ ਵੀ ਖੁਸ਼ ਐ।’

‘ਆਪਾਂ ਸਨਿਚਵਾਰ ਨੂੰ ਲੰਚ ਸਮੇਂ ਮਿਲਦੇ ਆਂ।’ ਕਹਿ ਕੇ ਸ਼ੋਭਾ ਨੇ ਲਾਈਨ ਕੱਟ ਦਿੱਤੀ।

ਰਾਜੂ ਤੇ ਸ਼ੋਭਾ ਦੋਵੇਂ ਹੀ ਆਪਣੀ ਆਪਣੀ ਥਾਂ ਇਸ ਅਜੀਬ ਜਿਹੇ ਪ੍ਰਬੰਧ ਬਾਰੇ ਸੋਚਦੇ ਰਹੇ। ਸ਼ੋਭਾ ਨੂੰ ਪਤਾ ਸੀ ਉਸ ਦੇ ਮਾਪੇ ਬਹੁਤਾ ਖੁਸ਼ ਨਹੀਂ ਹੋਣ ਲੱਗੇ। ਵੈਸੇ ਵੀ ਵਿਆਹ ਨੂੰ ਲੁਕਾਉਣਾ ਬਹੁਤ ਮੁਸ਼ਕਲ ਸੀ। ਪਰ ਉਹ ਕੁਝ ਨਾ ਕੁਝ ਸਮਝੌਤਾ ਕਰਨ ਨੂੰ ਵੀ ਤਿਆਰ ਸੀ।

ਸਨਿਚਵਾਰ ਨੂੰ ਉਹ ਨੌਰਥ ਹੈਰੋ ਹਾਈ ਸਟਰੀਟ ’ਤੇ ਇਕ ਇੰਡੀਅਨ ਰੈਸਟੋਰੈਂਟ ਵਿਚ ਮਿਲੇ। ਦੋਵਾਂ ਦੇ ਚਿਹਰਿਆਂ ’ਤੇ ਤਣਾਅ ਸੀ। ਗੱਲ ਸ਼ੋਭਾ ਨੇ ਹੀ ਸ਼ੁਰੂ ਕੀਤੀ।

‘ਮੇਰੇ ਮਾਂ-ਪਿਉ ਇਸ ਅਰੇਂਜਮੈਂਟ ਨਾਲ ਬਹੁਤੇ ਖੁਸ਼ ਨਹੀਂ।’

‘ਸ਼ੋਭਾ ਮੈਂ ਤੈਨੂੰ ਯਕੀਨ ਦਿਵਾਉਣਾ ਕਿ ਮੈਂ ਤੇਰੇ ਨਾਲ ਆਂ। ਮੈਂ ਤਾਂ ਤੈਨੂੰ ਉਹਨਾਂ ਦੇ ਨਾਲ ਹੀ ਰੱਖਣਾ ਚਾਹੁੰਦਾ ਸੀ। ਉਹਨਾਂ ਨੂੰ ਮੈਂ ਕਿਹਾ ਵੀ ਸੀ। ਪਰ ਉਹਨਾਂ ਦੇ ਦਿਮਾਗ ਵਿਚ ਇੰਡੀਆ ਤੋਂ ਪੰਜਾਬੀ ਕੁੜੀ ਲਿਆਉਣ ਦਾ ਭੂਤ ਸਵਾਰ ਐ। ਕੁਝ ਕੁ ਫੋਟੋ ਵੀ ਆਈਆਂ। ਵੈਸੇ ਉਹਨਾਂ ਵਿਚ ਫੋਟੋ ਸੁਹਣੀਆਂ।’ ਰਾਜੂ ਦੇ ਬੁੱਲਾਂ ’ਤੇ ਸ਼ਰਾਰਤ ਨੱਚਣ ਲੱਗੀ।

‘ਤਾਂ ਫੇਰ ਉਹਨਾਂ ’ਚੋਂ ਜਿਹੜੀ ਪਸੰਦ ਆ ਉਹਦੇ ਨਾਲ ਕਰਾ ਲੈ।’

‘ਤੇਰਾ ਮਤਲਬ ਦੋ ਜਾਣੀ ਇਕ ਉਹਦੇ ਨਾਲ ਇਕ ਤੇਰੇ ਨਾਲ। ਵਿਚਾਰ ਮਾੜਾ ਨਹੀਂ।’

‘ਤੈਨੂੰ ਲਤੀਫੇ ਸੁਝਦੇ ਆ ਤੇ ਮੇਰੀ ਜਾਣ ਨੂੰ ਬਣੀ ਹੋਈ ਐ। ਮੈਂ ਤਾਂ ਬਹੁਤ ਕਸੂਤੀ ਫਸ ਗਈ।’

‘ਸ਼ੋਭਾ ਪਲੀਜ਼, ਮੇਰੇ ’ਤੇ ਇਤਬਾਰ ਕਰ। ਆਪਾਂ ਤੇਰੇ ਘਰ ਵਿਆਹ ਕਰ ਲਵਾਂਗੇ। ਜੇ ਕਿਸੇ ਮੰਦਰ ’ਚ ਕਰਾਉਣਾ ਤਾਂ ਵੀ ਠੀਕ ਆ। ਇਹ ਤਾਂ ਇਕ ਰਸਮ ਈ ਆ। ਆਪਣੇ ਦੋਵਾਂ ਚੋ ਇਕ ਨੂੰ ਵੀ ਕੰਮ ਮਿਲ ਜਾਵੇ ਤਾਂ ਆਪਣੀ ਰੋਟੀ ਚੱਲੀ ਜਾਊ। ਮੈਨੂੰ ਪਤਾ ਇਹ ਔਖਾ ਤੇ ਮੈਂ ਵੀ ਇਹ ਨਹੀਂ ਚਾਹੁੰਦਾ। ਮੇਰੀ ਮਜਬੂਰੀ ਨੂੰ ਸਮਝ।’

ਰਾਜੂ ’ਤੇ ਉਸ ਨੂੰ ਤਰਸ ਆਇਆ। ਉਸ ਨੂੰ ਉਹ ਚੰਗਾ ਵੀ ਲੱਗਿਆ ਜਿਹੜਾ ਆਪਣੇ ਪਾਲਕ ਮਾਪਿਆਂ ਦਾ ਖਿਆਲ ਰੱਖਣ ਦਾ ਯਤਨ ਕਰ ਰਿਹਾ ਸੀ ਭਾਵੇਂ ਉਹ

ਉਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਸੀ। ਜੇ ਉਹ ਏਨੀ ਕੁਰਬਾਨੀ ਕਰ ਰਿਹਾ ਸੀ ਤਾਂ ਉਸ ਦੀ ਸਾਥਣ ਹੋਣ ਦੇ ਨਾਤੇ ਉਸ ਦਾ ਵੀ ਸਾਥ ਦੇਣ ਦਾ ਫਰਜ਼ ਬਣਦਾ ਸੀ।

'ਠੀਕ ਆ ਰਾਜ। ਮੈਂ ਤੇਰੇ ਨਾਲ ਆਂ। ਪਰ ਆਪਾਂ ਕਿਥੇ ਮੂਵ ਹੋਈਏ?'

'ਜਿਥੇ ਤੂੰ ਕਹੇਂ।'

'ਬਰਮਿੰਘਮ ਜਾਂ ਲੈਸਟਰ।'

ਰਾਜੂ ਕੁਝ ਦੇਰ ਸੋਚਣ ਲੱਗਾ। ਉਥੇ ਇੰਡੀਅਨ ਲੋਕ ਬਹੁਤ ਸਨ। ਕੰਮ ਤਾਂ ਮਿਲਣ ਦੇ ਮੌਕੇ ਵਧੀਕ ਸਨ ਪਰ ਕਿਸੇ ਨਾ ਕਿਸੇ ਜਾਣ-ਪਛਾਣ ਵਾਲੇ ਨਾਲ ਅਚਾਨਕ ਮੇਲ ਹੋਣ ਦਾ ਖਤਰਾ ਵੀ ਬਹੁਤਾ ਸੀ।

'ਵੈਸੇ ਤਾਂ ਤੇਰੀ ਮਰਜ਼ੀ ਆ। ਪਰ ਉਥੇ ਕਿਸੇ ਨਾ ਕਿਸੇ ਨੇ ਆਪਾਂ ਨੂੰ ਪਛਾਣ ਲੈਣਾ। ਮੈਂ ਤਾਂ ਕੈਂਬਰਿਜ ਜਾਣ ਬਾਰੇ ਸੋਚਿਆ ਸੀ।'

'ਤੂੰ ਤਾਂ ਪੂਰੀ ਸਕੀਮ ਤਿਆਰ ਕੀਤੀ ਹੋਈ ਐ। ਵੈਸੇ ਕੈਂਬਰਿਜ ਠੀਕ ਆ। ਕੰਮ ਬਾਰੇ ਪਤਾ ਕਰਨਾ ਪਊ।'

'ਮੈਂ ਪਤਾ ਕੀਤਾ। ਫੈਮਲੀ ਲਾਅ ਜਾਣੀ ਤੇਰੇ ਲਈ ਇਕ ਜੌਬ ਹੈਗੀ। ਚੰਗੀ ਫਰਮ ਐ। ਮੇਰੇ ਕੋਲ ਉਹਨਾਂ ਦੀ ਸਾਰੀ ਜਾਣਕਾਰੀ ਹੈਗੀ ਤੇ ਤੂੰ ਕੱਲ੍ਹ ਹੀ ਐਪਲੀਕੇਸ਼ਨ ਭੇਜਦੇ ਉਹਨਾਂ ਨੂੰ।'

'ਵਾਹ, ਜਾਣੀ ਤੂੰ ਚਾਹੁੰਨਾ ਮੈਂ ਕੰਮ ਕਰਾਂ ਤੇ ਤੂੰ ਘਰ ਬੈਠ ਕੇ ਖਾਵੇਂ।' ਸ਼ੋਭਾ ਵੀ ਹੁਣ ਖੁਸ਼ ਲਗਦੀ ਸੀ।

'ਜੇ ਤੈਨੂੰ ਜੌਬ ਮਿਲ ਗਈ ਤਾਂ ਮੇਰਾ ਵੀ ਕੋਈ ਨਾ ਕੋਈ ਪ੍ਰਬੰਧ ਹੋ ਜਾਊ।'

ਉਹਨਾਂ ਨੇ ਸਵਾਦ ਨਾਲ ਖਾਣਾ ਖਾਧਾ। ਦੋਵੇਂ ਖੁਸ਼ ਸਨ।

***

ਉਹ ਦੋ ਹਫ਼ਤੇ ਬਾਅਦ ਕੈਂਬਰਿਜ ਚਲੇ ਗਏ। ਸ਼ੋਭਾ ਨੂੰ ਜੌਬ ਮਿਲ ਗਈ ਸੀ ਤੇ ਉਹਨਾਂ ਨੇ ਇਕ ਹਫ਼ਤੇ ਲਈ ਇਕ ਹੋਟਲ ਵਿਚ ਕਮਰਾ ਲੈ ਲਿਆ ਸੀ। ਵਿਆਹ ਉਹਨਾਂ ਨੇ ਛੋਟਾ ਜਿਹਾ ਕੀਤਾ ਸੀ। ਸਿਵਲ ਮੈਰਿਜ ਕਰ ਕੇ ਸ਼ੋਭਾ ਦੇ ਘਰ ਹੀ ਪਾਰਟੀ ਕਰ ਲਈ। ਸਿਰਫ ਬਹੁਤ ਨਜ਼ਦੀਕੀ ਦੋਸਤ-ਰਿਸ਼ਤੇਦਾਰ ਹੀ ਸ਼ੋਭਾ ਦੇ ਪਰਿਵਾਰ ਨੇ ਸੱਦੇ ਸਨ। ਕੁਝ ਕੁ ਲੋਕਾਂ ਨੇ ਇਕ ਦੂਜੇ ਨਾਲ ਮੁੰਡੇ ਦੇ ਮਾਪਿਆਂ ਬਾਰੇ ਖੁਸਰ-ਫੁਸਰ ਕੀਤੀ ਵੀ। ਪਰ ਖੁੱਲ੍ਹ ਕੇ ਕਿਸੇ ਨੇ ਕੁਝ ਖਾਸ ਨਾ ਪੁੱਛਿਆ।

ਸ਼ੋਭਾ ਨੂੰ ਕੰਮ 'ਤੇ ਛੱਡ ਕੇ ਉਹ ਕੰਮ ਲੱਭਣ ਦੀ ਕੋਸ਼ਿਸ਼ ਕਰਦਾ, ਪਰ ਕੋਈ ਖਾਸ ਮਿਹਨਤ ਪੱਲੇ ਨਾ ਪਈ। ਇਕ ਦੋ ਥਾਵੀਂ ਜੌਬ ਮਿਲ ਰਹੀ ਸੀ ਪਰ ਤਨਖਾਹ ਬਹੁਤ ਘੱਟ ਸੀ।

ਵੀਰਵਾਰ ਦਾ ਦਿਨ ਸੀ ਤੇ ਰਾਜੂ ਇਕ ਛੋਟੀ ਜਿਹੀ ਸ਼ਾਪਿੰਗ ਪਰੇਡ ਵਿਚ ਕੁਝ ਖਾਣ ਲਈ ਰੁਕਿਆ ਤਾਂ ਇਕ ਦੁਕਾਨ ਬੰਦ ਪਈ ਸੀ ਤੇ ਕਿਰਾਏ 'ਤੇ ਲੱਗੀ ਹੋਈ ਸੀ। ਉਹ ਕੌਫੀ ਦੇ ਘੁੱਟ ਭਰਦਾ ਦੁਕਾਨ 'ਤੇ ਲੱਗੇ ਫੱਟੇ ਵੱਲ ਵੇਖਣ ਲੱਗਾ। ਕੌਫੀ ਪੀ ਕੇ ਉਸ

ਨੇ ਮੋਬਾਇਲ ਫ਼ੋਨ ਜੇਬ ਵਿਚੋਂ ਕੱਢਿਆ ਤੇ ਏਜੰਟ ਨਾਲ ਗੱਲ ਕੀਤੀ। ਉਹ ਸਿੱਧਾ ਹੋਟਲ ਵਿਚ ਪਹੁੰਚ ਗਿਆ ਤੇ ਇਕ ਯੋਜਨਾ ਉਸ ਦੇ ਦਿਮਾਗ ਵਿਚ ਸ਼ਕਲ ਅਖਤਿਆਰ ਕਰਨ ਲੱਗੀ।

ਸ਼ੋਭਾ ਦਾ ਦਫ਼ਤਰ ਹੋਟਲ ਤੋਂ ਪੰਦਰਾਂ ਕੁ ਮਿੰਟ ਪੈਦਲ ਵਾਟ ਸੀ। ਉਹ ਸ਼ੋਭਾ ਦੇ ਕੰਮ ਛੱਡਣ ਤੋਂ ਪਹਿਲਾਂ ਹੀ ਉਸ ਦੇ ਕੰਮ 'ਤੇ ਪਹੁੰਚ ਗਿਆ। ਉਹ ਦੋਵੇਂ ਤੁਰ ਕੇ ਆਉਂਦੇ ਤੇ ਉਹਨਾਂ ਦੀ ਸੈਰ ਵੀ ਹੋ ਜਾਂਦੀ।

'ਸ਼ੋਭਾ ਕੱਲ੍ਹ ਨੂੰ ਸਵਾ ਪੰਜ ਵਜੇ ਆਪਾਂ ਦੁਕਾਨ ਵੇਖਣ ਜਾਣਾ।'

ਰਾਜੂ ਨੇ ਸ਼ੋਭਾ ਦਾ ਹੱਥ ਆਪਣੇ ਹੱਥ ਵਿਚ ਲੈਂਦਿਆਂ ਦੱਸਿਆ।

'ਦੁਕਾਨ!'

'ਦੁਕਾਨ ਖਾਲੀ ਐ। ਏਜੰਟ ਨੇ ਦੱਸਿਆ ਦੁਕਾਨ ਦੇ ਪਿੱਛੇ ਕਿਚਨ 'ਤੇ ਸਿਟਿੰਗ ਰੂਮ ਐ। ਉਪਰ ਦੋ ਬੈਡਰੂਮ ਤੇ ਬਾਥ ਰੂਮ।'

'ਪਰ ਤੂੰ ਕਰਨਾ ਕੀ ਚਾਹੁੰਨਾ?'

'ਮੈਂ ਦੁਕਾਨ ਵਿਚ ਦਫ਼ਤਰ ਖੋਲ੍ਹਣ ਬਾਰੇ ਸੋਚ ਰਿਹਾ ਸੀ। ਰਹਿਣ ਵਾਸਤੇ ਆਪਣੇ ਕੋਲ ਥਾਂ ਵੀ ਹੈਗੀ। ਪਹਿਲੇ ਸਾਲ ਵਿਚ ਤਾਂ ਸੰਘਰਸ਼ ਕਰਨਾ ਪੈਣਾ ਪਰ ਹੋਲੀ ਹੌਲੀ ਕਲਾਇੰਟ ਮਿਲ ਜਾਣਗੇ। ਫੇਰ ਤੂੰ ਵੀ ਨਾਲ ਹੀ ਆ ਜਾਈਂ। ਤੇਰਾ ਕੀ ਖਿਆਲ ਐ?

ਸ਼ੋਭਾ ਕੁਝ ਨਾ ਬੋਲੀ। ਉਹ ਹੋਟਲ ਵਿਚ ਪਹੁੰਚ ਗਏ ਸਨ। ਰਾਜੂ ਨੇ ਚਾਹ ਬਣਾਈ ਤੇ ਦੋਵੇਂ ਗੱਲਾਂ ਕਰਦਿਆਂ ਚਾਹ ਪੀਣ ਲੱਗੇ। ਸ਼ੋਭਾ ਨੇ ਅਜੇ ਤੱਕ ਦਫ਼ਤਰ ਖੋਲ੍ਹਣ ਬਾਰੇ ਕੋਈ ਰਾਇ ਨਹੀਂ ਸੀ ਦਿੱਤੀ। ਰਾਜੂ ਨੇ ਵੀ ਉਸ ਨੂੰ ਕੁਝ ਨਾ ਪੁੱਛਿਆ।

ਸ਼ਾਮ ਨੂੰ ਉਹ ਖਾਣਾ ਖਾਣ ਚਲੇ ਗਏ। ਅਚਾਨਕ ਸ਼ੋਭਾ ਬੋਲੀ: 'ਮੇਰਾ ਖਿਆਲ ਐ ਤੈਨੂੰ ਕੋਸ਼ਿਸ਼ ਕਰਨੀ ਚਾਹੀਦੀ ਐ। ਫਰਮ ਦਾ ਨਾਂ ਮੈਂ ਸੋਚਿਆ, 'ਕ੍ਰਿਸਟੀ ਐਂਡ ਡੀਨ' ਰੱਖ ਲਈਏ।'

ਰਾਜੂ ਨੇ ਆਪਣਾ ਹੱਥ ਅੱਗੇ ਕੀਤਾ ਅਤੇ ਸ਼ੋਭਾ ਨੇ ਆਪਣਾ ਹੱਥ ਮੁਸਕਰਾਉਂਦਿਆਂ ਉਸ ਦੇ ਹੱਥ ਉੱਪਰ ਰੱਖ ਦਿੱਤਾ।

ਅਗਲੇ ਦਿਨ ਉਹਨਾਂ ਨੇ ਦੁਕਾਨ ਦੇਖੀ। ਕੁਝ ਕੁ ਕੰਮ ਕਰਨਾ ਪੈਣਾ ਸੀ। ਪਰ ਉਹਨਾਂ ਨੇ ਹਾਂ ਕਰ ਦਿੱਤੀ ਤੇ ਦੋ ਹਫ਼ਤਿਆਂ ਵਿਚ ਕੰਟਰੈਕਟ ਤਿਆਰ ਕਰਵਾ ਕੇ ਦੁਕਾਨ ਵਿਚ ਚਲੇ ਗਏ। ਸਭ ਤੋਂ ਪਹਿਲਾਂ ਉਹਨਾਂ ਨੇ 'ਕ੍ਰਿਸਟੀ ਐਂਡ ਡੀਨ ਸੋਲਿਸਟਰਜ਼' ਦਾ ਬੋਰਡ ਲਾਇਆ। ਦਫ਼ਤਰ ਨੂੰ ਸਜਾ-ਸੰਵਾਰ ਕੇ ਤੇ ਫਰਨੀਚਰ ਰੱਖ ਕੇ ਰਾਜੂ ਨੇ ਦਫ਼ਤਰ ਖੋਲ੍ਹ ਲਿਆ।

***

ਉਹਨਾਂ ਦੇ ਬੱਚਾ ਜੰਮਿਆ ਤੇ ਉਸ ਦਾ ਨਾਂ ਉਹਨਾਂ ਨੇ ਜੋਬਨ ਸਿੰਘ ਰੱਖਿਆ। ਰਾਜੂ ਇਹ ਖੁਸ਼ੀ ਸਾਰਿਆਂ ਨਾਲ ਸਾਂਝੀ ਕਰਨੀ ਚਾਹੁੰਦਾ ਸੀ ਪਰ ਕਰ ਨਹੀਂ ਸੀ ਸਕਦਾ।

ਜਦ ਉਹ ਕੈਂਬਰਿਜ ਜਾਣ ਲੱਗਿਆ ਤਾਂ ਉਸ ਦਾ ਬਹਾਨਾ ਸੀ ਕਿ ਉਸ ਦੀ ਫਰਮ ਨੇ ਉਸ ਨੂੰ ਸਾਲ ਵਾਸਤੇ ਨਵੇਂ ਦਫ਼ਤਰ ਵਿਚ ਭੇਜਿਆ ਸੀ। ਉਸ ਦੀ ਗੱਲ 'ਤੇ ਸਭ ਨੇ ਯਕੀਨ ਕਰ ਲਿਆ ਸੀ।

ਇਕ ਵਾਰ ਜਦ ਉਹ ਵੀਕ-ਐਂਡ 'ਤੇ ਆਇਆ ਤਾਂ ਰਾਣੀ, ਪੈਵ ਤੇ ਮਿਸ਼ੈਲ ਨਾਲ ਖਾਣਾ ਖਾਣ ਬਾਹਰ ਗਿਆ ਤਾ ਰਾਣੀ ਨੇ ਸ਼ੋਭਾ ਦੀ ਗੱਲ ਚਲਾ ਲਈ।

'ਰਾਜੂ ਜੇ ਤੂੰ ਸ਼ੋਭਾ ਨਾਲ ਵਿਆਹ ਕਰਾਉਣਾ ਤਾਂ ਸਾਫ਼ ਗੱਲ ਕਰ। ਅਸੀਂ ਤੇਰਾ ਸਾਥ ਦੇਣ ਨੂੰ ਤਿਆਰ ਆਂ। ਮੈਂ ਮੰਮੀ ਡੈਡੀ ਨੂੰ ਮਨਾ ਲੂੰ।'

'ਦੇਖੋ ਅੱਜ ਤੋਂ ਬਾਅਦ ਮੈਂ ਚਾਹੁੰਨਾ ਇਸ ਬਾਰੇ ਕਦੇ ਕੋਈ ਗੱਲ ਨਾ ਕੀਤੀ ਜਾਵੇ। ਜੇ ਤੁਸੀਂ ਮੇਰੇ ਤੇ ਏਨੀ ਮਿਹਰਬਾਨੀ ਕਰ ਦਿਉ ਤਾਂ ਮੈਂ ਤੁਹਾਡਾ ਬਹੁਤ ਦੇਣਦਾਰ ਹੋਵਾਂਗਾ।'

ਉਸ ਦੇ ਕਹਿਣ ਵਿਚ ਪਛਚਾਤਾਪ, ਦਰਦ, ਮਜਬੂਰੀ ਤੇ ਸਖ਼ਤੀ ਦੀ ਮਿਲਾਵਟ ਸੀ। ਉਹ ਉਸ ਵੱਲ ਹੈਰਾਨੀ ਨਾਲ ਵੇਖਦੇ ਰਹੇ। ਉਹਨਾਂ ਨੇ ਉਸ ਨੂੰ ਸ਼ੋਭਾ ਬਾਰੇ ਮੁੜ ਕੇ ਕਦੇ ਨਾ ਪੁੱਛਿਆ। ਰਾਣੀ ਨੂੰ ਜਦ ਵੀ ਉਹ ਮਿਲਦਾ ਤਾਂ ਸ਼ੋਭਾ ਦਾ ਦਰਦ ਉਸ ਦੇ ਮਨ ਵਿਚ ਮਲੋ-ਮੱਲੀ ਮਹਿਸੂਸ ਹੋਣ ਲੱਗਦਾ।

ਪ੍ਰੀਤੋ ਤੇ ਨਾਜਰ ਨੇ ਕਿੰਨੀ ਵਾਰ ਉਸ ਨੂੰ ਵਿਆਹ ਬਾਰੇ ਸਵਾਲ ਪਾਇਆ ਪਰ ਉਸ ਨੇ ਕੋਈ ਜਵਾਬ ਨਾ ਦਿੱਤਾ। ਇਕ ਚੁੱਪ, ਜਿਹੜੀ ਉਹਨਾਂ ਨੂੰ ਡਰਾਉਣੀ ਲਗਦੀ, ਉਸ ਦੇ ਆਸੇ ਪਾਸੇ ਖਿਲਰੀ ਹੁੰਦੀ। ਵੀਕ ਐਂਡ 'ਤੇ ਆਉਣ ਦਾ ਉਸ ਦਾ ਉਹੋ ਰੁਟੀਨ ਬਣਿਆ ਰਿਹਾ।

ਤਕਰੀਬਨ ਪੰਜ ਸਾਲ ਬੀਤ ਗਏ। ਇਕ ਵੀਕ ਐਂਡ 'ਤੇ ਜਦ ਉਹ ਆਇਆ ਤਾਂ ਸ਼ਾਮ ਨੂੰ ਸਾਰਾ ਪਰਿਵਾਰ ਇਕੱਠਾ ਹੋ ਗਿਆ। ਰਾਜੂ ਹੁਣ ਬੱਤੀ ਸਾਲਾਂ ਦਾ ਹੋ ਗਿਆ ਸੀ। ਪ੍ਰੀਤੋ ਤੇ ਨਾਜਰ ਨਾਲ ਸ਼ੇਰੇ ਨੇ ਕਈ ਵਾਰ ਗੱਲ ਕੀਤੀ। ਉਹਨਾਂ ਕੋਲ ਵੀ ਰਾਜੂ ਦੇ ਵਿਆਹ ਬਾਰੇ ਕੋਈ ਖ਼ਬਰ ਨਹੀਂ ਸੀ। ਨਾ ਰਾਜੂ ਨਾਂਹ ਕਰਦਾ ਸੀ ਤੇ ਨਾ ਹੀ ਹਾਂ। ਹੁਣ ਉਹ ਸ਼ੋਭਾ ਨਾਲ ਵਿਆਹ ਕਰਨ ਲਈ ਤਿਆਰ ਸਨ।

ਜਦ ਉਹ ਬੈਠੇ ਗੱਲਾਂ ਕਰ ਰਹੇ ਸਨ ਤੇ ਸ਼ੇਰਾ ਵੀ ਹਾਜ਼ਰ ਸੀ ਤਾਂ ਪ੍ਰੀਤੋ ਨੇ ਗੱਲ ਚਲਾਈ।

'ਦੇਖ ਰਾਜੂ, ਹੁਣ ਅਸੀਂ ਹੋਰ ਨੀ ਉਡੀਕ ਸਕਦੇ। ਬਹੁਤ ਹੋ ਗਿਆ। ਜੇ ਭਾਈ ਤੈਂ ਓਸ ਗੁਜਰਾਤਣ ਕੁੜੀ ਨਾਲ ਈ ਵਿਆਹ ਕਰਾਉਣਾ ਤਾਂ ਚੱਲ ਤੂੰ ਜਿੱਤਿਆ ਤੇ ਅਸੀਂ ਹਾਰੇ। ਸਾਨੂੰ ਉਹ ਵੀ ਮਨਜ਼ੂਰ ਆ। ਉਹਨੂੰ ਈ ਲੈ ਆ।'

ਪ੍ਰੀਤੋ ਦੇ ਕਹਿਣ ਦੀ ਦੇਰ ਸੀ ਕਿ ਸਾਰੀਆਂ ਅੱਖਾਂ ਉਸ 'ਤੇ ਜੰਮ ਗਈਆਂ। ਸਭ ਦੇ ਚਿਹਰੇ ਜਿਵੇਂ ਗਾਇਬ ਹੋ ਗਏ ਸਨ ਤੇ ਅੱਖਾਂ ਹੀ ਉਸ ਨੂੰ ਵਿੰਨ੍ਹ ਰਹੀਆਂ ਸਨ। ਰਾਜੂ ਫਸਿਆ ਮਹਿਸੂਸ ਕਰ ਰਿਹਾ ਸੀ। ਉਹ ਆਪ ਵੀ ਇਸ ਸੱਚ ਨੂੰ ਲੁਕਾਉਂਦਾ ਦੁਖੀ ਹੋਇਆ ਪਿਆ ਸੀ। ਉਸ ਦਾ ਦਿਲ ਕਰਦਾ ਉਹ ਵੀ ਸ਼ੋਭਾ ਨੂੰ ਤੇ ਜੋਬਨ ਨੂੰ ਨਾਲ

ਲਿਆਵੇ। ਜੋਬਨ ਨਾਜਰ ਤੇ ਪ੍ਰੀਤੋ ਨਾਲ ਖੇਡੇ। ਉਹ ਵੀ ਉਸ ਨੂੰ ਪਿਆਰ ਕਰਨ। ਘਰ ਵਿਚੋਂ ਰੁੱਸੇ ਹਾਸੇ ਫਿਰ ਤੋਂ ਪਰਤ ਆਉਣ। ਉਸ ਨੇ ਸਭ ਵੱਲ ਵਾਰੀ ਵਾਰੀ ਵੇਖਿਆ। ਸਭ ਚੁੱਪ ਸਨ।

'ਸ਼ੋਭਾ 'ਕੱਲੀ ਨਹੀਂ ਉਹਦੇ ਨਾਲ ਚਾਰ ਸਾਲ ਦਾ ਜੋਬਨ ਵੀ ਆਊਗਾ।'

ਸਾਰੇ ਹੈਰਾਨੀ ਨਾਲ ਉਸ ਨੂੰ ਵੇਖਣ ਲੱਗੇ। ਪ੍ਰੀਤੋ ਨੂੰ ਤਾਂ ਜਿਵੇਂ ਗੱਲ ਸਮਝ ਹੀ ਨਾ ਆਈ ਹੋਵੇ। ਸਭ ਤੋਂ ਪਹਿਲੀ ਕਿਲਕਾਰੀ ਰਾਣੀ ਨੇ ਮਾਰੀ।

'ਮੇਰਾ ਭਤੀਜਾ ਕਿੱਥੇ ਆ? ਤੈਨੂੰ ਤਾਂ ਮੈਂ ---।' ਕਹਿੰਦਿਆਂ ਉਸ ਨੇ ਇਕ ਮੁੱਕੀ ਰਾਜੂ ਦੇ ਮੋਢਿਆਂ ਵਿਚਕਾਰ ਜੜ੍ਹ ਦਿੱਤੀ। ਪੈਵ ਨੇ ਉੱਠ ਕੇ ਉਸ ਨੂੰ ਜੱਫੀ ਪਾ ਲਈ ਤੇ ਮਿਸ਼ੈਲ ਨੂੰ ਪੰਜਾਬੀ ਸਮਝ ਨਹੀਂ ਸੀ ਆਈ।

'ਕੀ ਵੇਹ। ਤੂੰ ਉਹਦੇ ਨਾਲ ਵਿਆਹ ਵੀ ਕਰਾ ਲਿਆ ਤੇ ਤੇਰਾ ਮੁੰਡਾ ਵੀ ਐ!' ਪ੍ਰੀਤੋ ਹੈਰਾਨੀ ਨਾਲ ਬੋਲੀ।

'ਮੁਆਫ ਕਰੀਂ ਮਾਂ। ਮੇਰੇ ਕੋਲ ਕੋਈ ਰਾਹ ਨਹੀਂ ਸੀ। ਜਦੋਂ ਮੈਂ ਉਸ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ ਤਾਂ ਓਦੋਂ ਉਹ ਪਰੇਗਨੈਂਟ ਸੀ ਤੇ ਮੈਂ ਉਸ ਨੂੰ ਛੱਡ ਨਹੀਂ ਸੀ ਸਕਦਾ। ਮੈਂ ਹੱਥ ਜੋੜ ਕੇ ਮੁਆਫੀ ਮੰਗਦਾ ਤੇ ਜੋ ਸਜ਼ਾ ਤੁਸੀਂ ਦੇਣੀ ਚਾਹੋ ਮੈਂ ਭੁਗਤਣ ਨੂੰ ਤਿਆਰ ਆਂ।'

'ਤੇਰਾ ਫ਼ੋਨ ਕਿਥੇ ਆ?' ਰਾਣੀ ਬੋਲੀ।

ਰਾਜੂ ਨੇ ਬਿਨਾਂ ਕੁਝ ਕਹੇ ਉਸ ਨੂੰ ਆਪਣਾ ਮੋਬਾਇਲ ਫ਼ੋਨ ਫੜਾ ਦਿੱਤਾ। ਰਾਣੀ ਨੇ ਸ਼ੋਭਾ ਦਾ ਨੰਬਰ ਮਿਲਾ ਲਿਆ।

'ਹੈਲੋ ਡਾਰਲਿੰਗ।' ਸ਼ੋਭਾ ਦੀ ਆਵਾਜ਼ ਸੁਣੀ।

'ਮੈਂ ਤੇਰੀ ਡਾਰਲਿੰਗ ਨੀ, ਨਣਾਨ ਬੋਲ ਰਹੀ ਆਂ। ਹੁਣੇ ਤਿਆਰ ਹੋ ਮੈਂ ਅੱਧੇ ਘੰਟੇ ਵਿਚ ਆਈ।' ਕਹਿ ਕੇ ਉਸ ਨੇ ਫ਼ੋਨ ਕੱਟ ਦਿੱਤਾ।

ਹੁਣ ਹੈਰਾਨ ਹੋਣ ਦੀ ਵਾਰੀ ਸ਼ੋਭਾ ਦੀ ਸੀ। ਪ੍ਰੀਤੋ ਜਾਂ ਨਾਜਰ, ਸ਼ੇਰੇ ਕੋਲ ਕੁਝ ਵੀ ਕਹਿਣ ਲਈ ਨਹੀਂ ਸੀ। ਫੈਸਲਾ ਰਾਣੀ ਨੇ ਕਰ ਦਿੱਤਾ ਸੀ। ਉਹਨਾਂ ਵਿਚ ਵਿਰੋਧ ਕਰਨ ਦੀ ਸ਼ਕਤੀ ਨਹੀਂ ਸੀ ਰਹੀ। ਪਰ ਅਜੇ ਵੀ ਸਦਮੇ ਵਿਚ ਬੈਠੇ ਸਨ।

'ਮੰਮ, ਡੈਡ, ਅੰਕਲ ਮੈਂ ਰਾਜੂ ਨਾਲ ਚੱਲੀ ਆਂ ਸ਼ੋਭਾ ਨੂੰ ਲੈਣ। ਤੁਸੀਂ ਪਾਣੀ ਵਾਰ ਕੇ ਉਸ ਦਾ ਪੈਰ ਅੰਦਰ ਪਵਾਉਣਾ। ਤਿਆਰੀ ਕਰ ਲਵੋ। ਚੱਲ ਵੇ ਉੱਠ।' ਉਸ ਨੇ ਰਾਜੂ ਦਾ ਹੱਥ ਫੜ ਲਿਆ।

## 37

ਟੋਨੀ ਦੀ ਪੰਜ ਵਜੇ ਜਾਗ ਖੁੱਲ੍ਹ ਗਈ। ਅਜਿਹਾ ਘੱਟ ਹੀ ਹੁੰਦਾ। ਉਹ ਅੱਠ ਕੁ ਵਜੇ ਉੱਠਣ ਵਾਲਾ ਬੰਦਾ ਸੀ। ਵੀਕ ਐਂਡ ’ਤੇ ਜਦ ਉਹ ਕੈਲੀ ਕੋਲ ਲੰਡਨ ਜਾਂਦਾ ਜਾਂ ਉਹ ਉਸ ਕੋਲ ਆ ਜਾਂਦੀ ਤਾਂ ਉਹਨਾਂ ਦੇ ਸੌਣ-ਜਾਗਣ ਦਾ ਕੋਈ ਸਮਾਂ ਨਹੀਂ ਸੀ ਹੁੰਦਾ। ਕਦੀ ਕਦੀ ਤਾਂ ਉਹ ਸਵੇਰ ਦੇ ਚਾਰ ਵਜੇ ਤੱਕ ਨਾ ਸੌਂਦੇ ਤੇ ਅਗਲੇ ਦਿਨ ਦੁਪਿਹਰ ਤੱਕ ਸੁੱਤੇ ਰਹਿੰਦੇ।

ਬਾਹਰ ਜ਼ੋਰ ਦੀ ਬਾਰਸ਼ ਹੋ ਰਹੀ ਸੀ। ਟੋਨੀ ਸਦਾ ਹੀ ਤਾਜ਼ਾ ਹਵਾ ਲਈ ਥੋੜੀ ਜਿਹੀ ਖਿੜਕੀ ਖੋਲ੍ਹ ਕੇ ਸੌਂਦਾ। ਤੇਜ਼ ਮੀਂਹ ਖਿੜਕੀਆਂ ਦੇ ਸ਼ੀਸ਼ੇ ’ਤੇ ਪੈਂਦਾ ਤਾਂ ਕੜ-ਕੜ ਦੀ ਆਵਾਜ਼ ਆ ਰਹੀ ਸੀ। ਟੋਨੀ ਨੂੰ ਜਾਗ ਆਈ ਤਾਂ ਉਸ ਨੇ ਮਾੜੀਆਂ ਜਿਹੀਆਂ ਅੱਖਾਂ ਖੋਲ੍ਹ ਕੇ ਵੇਖਿਆ ਤੇ ਨਾਲ ਹੀ ਬੰਦ ਕਰ ਲਈਆਂ। ਮੀਂਹ ਕਿਹੜਾ ਕੋਈ ਨਵੀਂ ਗੱਲ ਸੀ! ਜਾਗਦਿਆਂ ਪਹਿਲਾ ਖਿਆਲ ਉਸ ਨੂੰ ਕੈਲੀ ਦਾ ਆਇਆ। ਉਹ ਉਸ ਨੂੰ ਦਿਲੋਂ ਪਿਆਰ ਕਰਦਾ ਸੀ ਤੇ ਉਸ ਨਾਲ ਜ਼ਿੰਦਗੀ ਗੁਜ਼ਾਰਨ ਦਾ ਮਨ ਬਣਾ ਰਿਹਾ ਸੀ। ਕੈਲੀ ਵੀ ਉਸ ਨੂੰ ਹਰ ਰੋਜ਼ ਫ਼ੋਨ ਕਰਦੀ ਜਾਂ ਟੋਨੀ ਕਰ ਲੈਂਦਾ। ਵੀਕ ਐਂਡ ਹੀ ਉਹਨਾਂ ਨੂੰ ਮਿਲਣ ਲਈ ਠੀਕ ਬੈਠਦਾ ਸੀ। ਪਰ ਕਦੀ ਕਦੀ ਉਹ ਚਲਦੀ ਵੀਕ ਵਿਚ ਵੀ ਇਕੱਠੇ ਹੋ ਜਾਂਦੇ।

ਟੋਨੀ ਦੇ ਦਿਮਾਗ ਵਿਚ ਰੰਧਾਵੇ ਦਾ ਖਿਆਲ ਆਇਆ। ਹੁਣ ਉਸ ਵੱਲ ਉਹ ਬਹੁਤਾ ਧਿਆਨ ਨਹੀਂ ਸੀ ਦੇ ਰਿਹਾ। ਇਕ ਤਾਂ ਸਕੌਟ ਨੇ ਉਸ ਨੂੰ ਦੱਸ ਦਿੱਤਾ ਸੀ ਕਿ ਪੁਲੀਸ ਦੇ ਕੰਮ ਵਿਚ ਟੰਗ ਅੜਾਉਣੀ ਮਹਿੰਗੀ ਪੈ ਸਕਦੀ ਹੈ ਭਾਂਵੇਂ ਉਹ ਪੁਲੀਸ ਦੀ ਮਦਦ ਕਰਨ ਦਾ ਯਤਨ ਹੀ ਕਰ ਰਿਹਾ ਸੀ। ਦੂਸਰਾ ਜੈਕੀ ਬਲੈਕ ਦਾ ਕਲੱਬ ਵਿਚ ਹੋਣਾ ਉਸ ਲਈ ਤਸੱਲੀ ਵਾਲੀ ਗੱਲ ਸੀ। ਉਹ ਜ਼ਰੂਰ ਕੁਝ ਨਾ ਕੁਝ ਮੁੱਲਵਾਨ ਜਾਣਕਾਰੀ ਇਕੱਤਰ ਕਰ ਲਵੇਗੀ। ਤੀਸਰਾ ਉਹ ਆਪਣੇ ਕੰਮ ਵਿਚ ਬਹੁਤ ਰੁੱਝਿਆ ਹੋਇਆ ਸੀ। ਬਰਡ ਨਾਲ ਮਿਲ ਕੇ ਉਸ ਨੇ ਆਈ ਟੀ ਵਿਚ ਕਾਫੀ ਥਾਂ ਬਣਾ ਲਈ ਸੀ। ਉਸ ਨੇ ਕਮਾਈ ਵੀ ਚੰਗੀ ਕੀਤੀ ਸੀ। ਪਰ ਹੈਕਿੰਗ ਨਾਲ ਉਸ ਨੇ ਕਮਾਈ ਕਰਨ ਤੋਂ ਪਾਸਾ ਵੱਟੀ ਰੱਖਿਆ। ਜਿਹਨਾਂ ਕੰਪਨੀਆਂ ਨੂੰ ਉਸ ਦੀ ਮਦਦ ਦੀ ਲੋੜ ਹੁੰਦੀ ਤਾਂ ਉਹ ਉਹਨਾਂ ਤੋਂ ਆਪਣਾ ਮਿਹਨਤਾਨਾ ਵਸੂਲਦਾ। ਰੰਧਾਵੇ ਨਾਲ ਉਸ ਦੀ ਨਿੱਜੀ ਦੁਸ਼ਮਣੀ ਸੀ ਤੇ ਉਹ ਉਸ ਨੂੰ ਕਨੂੰਨੀ ਸਜ਼ਾ ਦਿਵਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ।

ਉਸ ਨੇ ਹਫ਼ਤੇ ਕੁ ਬਾਅਦ ਰੰਧਾਵੇ ਦੀਆਂ ਈਮੇਲਾਂ ਚੈਕ ਕੀਤੀਆਂ। ਕੁਝ ਖਾਸ ਨਵਾਂ ਨਹੀਂ ਸੀ। ਰੰਧਾਵੇ ਦੀ ਬਣਾਈ ਓਵਰਸੀਜ਼ ਕੰਪਨੀ ਦੀ ਜਾਣਕਾਰੀ ਉਸ ਕੋਲ ਪਹਿਲਾਂ ਹੀ ਮੌਜੂਦ ਸੀ। ਬਾਕੀ ਬਣਾਈਆਂ ਤੇ ਬੰਦ ਕੀਤੀਆਂ ਕੰਪਨੀਆਂ ਦਾ ਰਿਕਾਰਡ

ਵੀ ਉਸ ਨੇ ਇਕ ਵੱਖਰੀ ਸੁਰੱਖਿਅਤ ਈ ਮੇਲ ਵਿਚ ਸਾਂਭਿਆ ਹੋਇਆ ਸੀ। ਉਹ ਬੇਦਿਲੀ ਜਿਹੀ ਨਾਲ ਈਮੇਲ ਵੇਖਣ ਲੱਗਾ।

'ਆਹਾ ਦਿਲਚੱਸਪ!' ਕਹਿੰਦਿਆਂ ਉਸ ਦੇ ਚਿਹਰੇ 'ਤੇ ਰੌਣਕ ਆ ਗਈ।

ਰੰਧਾਵੇ ਨੇ ਸਾਲ ਕੁ ਪਹਿਲਾਂ ਘਰ ਦੀ ਸੁਰੱਖਿਆ ਲਈ ਸੀ ਸੀ ਟੀ ਵੀ ਕੈਮਰੇ ਲਗਵਾਏ ਸਨ। ਇਹ ਉਸ ਕੰਪਨੀ ਦੀ ਈਮੇਲ ਸੀ ਤੇ ਉਹਨਾਂ ਨੇ ਕੈਮਰਿਆਂ ਦੀ ਪਹਿਲੀ ਸਰਵਿਸ ਜੋ ਮੁਫ਼ਤ ਸੀ, ਲਈ ਦਸ ਕੁ ਦਿਨ ਠਹਿਰ ਕੇ ਆਉਣਾ ਸੀ। ਟੋਨੀ ਨੂੰ ਫੁਰਨਾ ਫੁਰਿਆ ਕਿ ਸ਼ਾਇਦ ਕੋਈ ਸੁਰਾਗ ਉਹਨਾਂ ਕੈਮਰਿਆਂ ਵਿਚ ਵੀ ਬੰਦ ਹੋ ਸਕਦਾ ਸੀ।

ਉਹ ਕੌਫੀ ਦਾ ਕੱਪ ਬਣਾਉਣ ਲਈ ਕਿਚਨ ਵਿਚ ਚਲਿਆ ਗਿਆ। ਉਸ ਦਾ ਮਨ ਦੁਗਣੀ-ਤਿਗਣੀ ਗਤੀ ਨਾਲ ਚੱਲ ਰਿਹਾ ਸੀ। ਕੌਫੀ ਦਾ ਕੱਪ ਲੈ ਕੇ ਉਹ ਆਪਣੇ ਬੈਡ 'ਤੇ ਆ ਬੈਠਾ ਤੇ ਕੌਫੀ ਦੀਆਂ ਚੁਸਕੀਆਂ ਲੈਣ ਲੱਗਾ। ਇਕ ਖਾਕਾ ਉਸ ਦੇ ਮਨ ਵਿਚ ਉਭਰਣ ਲੱਗਾ। ਕੌਫੀ ਉਸ ਨੂੰ ਹੋਰ ਵੀ ਸਵਾਦ ਲੱਗਣ ਲੱਗੀ।

ਉਸ ਨੇ ਕੈਮਰਾ ਕੰਪਨੀ ਨੂੰ ਜਵਾਬ ਵਿਚ ਇਕ ਈ ਮੇਲ ਪਾਈ ਕਿ ਉਹ ਜਾਣੀ ਰੰਧਾਵੇ ਦਾ ਪਰਿਵਰ ਛੁੱਟੀਆਂ ਲਈ ਬਾਹਰ ਜਾ ਰਿਹਾ ਸੀ ਤੇ ਮਾਰਚ ਦੇ ਅਖ਼ੀਰ ਤੱਕ ਵਾਪਿਸ ਆਉਣਗੇ। ਉਸ ਤੋਂ ਬਾਅਦ ਹੀ ਕੈਮਰਿਆਂ ਦੀ ਸਰਵਿਸ ਲਈ ਆਉਣ। ਇਹ ਵੀ ਲਿਖ ਦਿੱਤਾ ਕਿ ਉਹ ਏਅਰਪੋਰਟ ਤੋਂ ਹੀ ਈ ਮੇਲ ਕਰ ਰਹੇ ਹਨ ਤੇ ਜਿਥੇ ਉਹ ਜਾ ਰਹੇ ਹਨ ਉਥੇ ਵਾਈ ਫਾਈ ਸਰਵਿਸ ਨਹੀਂ ਹੋਵੇਗੀ ਤੇ ਉਹ ਈ ਮੇਲ ਤੱਕ ਪਹੁੰਚ ਨਹੀਂ ਕਰ ਸਕੇਗਾ।

ਬਰਡ ਨੂੰ ਈ ਮੇਲ ਕਰਕੇ ਉਸ ਨੇ ਦਿੱਤੇ ਸਮੇਂ ਅਨੁਸਾਰ ਇਕ ਇੰਜਨੀਅਰ ਨੂੰ ਭੇਜਣ ਲਈ ਕਹਿ ਦਿੱਤਾ ਤੇ ਮੌਨੀਟਰ ਵਿਚੋਂ ਪੁਰਾਣਾ ਸਿੰਮ ਕਾਰਡ ਕੱਢ ਕੇ ਨਵਾਂ ਪਾ ਦੇਣ ਲਈ ਕਿਹਾ। ਇਹ ਕੰਮ ਕੋਈ ਔਖਾ ਨਹੀਂ ਸੀ।

ਦਿੱਤੇ ਸਮੇਂ ਅਨੁਸਾਰ, ਗਲੇ ਵਿਚ ਆਈ ਡੀ ਕਾਰਡ ਲਟਕਾਈ ਤੇ ਵਰਦੀ ਪਾਈ, ਪੌੜੀ ਅਤੇ ਟੂਲ ਬੌਕਸ ਲੈ ਕੇ ਇੰਜਨੀਅਰ ਨੇ ਦਰਵਾਜ਼ੇ ਦੀ ਘੰਟੀ ਖੜਕਾਈ। ਮਿਸਿਜ਼ ਰੰਧਾਵੇ ਨੂੰ ਆਈ ਡੀ ਕਾਰਡ ਦਿਖਾਉਂਦਿਆਂ ਉਸ ਨੇ ਕੈਮਰਿਆਂ ਦੇ ਠੀਕ ਠਾਕ ਕੰਮ ਕਰਨ ਬਾਰੇ ਪੁੱਛਿਆ ਤਾਂ ਉਸ ਨੇ ਕੋਈ ਸ਼ਕਾਇਤ ਨਾ ਕੀਤੀ। ਇੰਜਨੀਅਰ ਨੇ ਜਾਲੇ ਬਗੈਰਾ ਸਾਫ਼ ਕਰ ਕੇ ਮੌਨੀਟਰ ਨੂੰ ਚੈਕ ਕਰ ਕੇ ਤਸੱਲੀ ਕਰਨ ਦਾ ਵਿਸ਼ਵਾਸ਼ ਦਿਵਾਇਆ। ਰੰਧਾਵਾ ਸ਼ਾਇਦ ਬਾਹਰ ਗਿਆ ਹੋਇਆ ਸੀ। ਦਸ ਗਿਆਰਾਂ ਵਜੇ ਉਹ ਆਪਣੀ ਕੈਸ਼ ਐਂਡ ਕੈਰੀ ਚਲਾ ਜਾਂਦਾ ਸੀ। ਇੰਜਨੀਅਰ ਨੇ ਪੰਦਰਾਂ ਵੀਹ ਮਿੰਟਾਂ ਵਿਚ ਆਪਣਾ ਕੰਮ ਕਰਕੇ ਇਕ ਫਾਰਮ 'ਤੇ ਮਿਸਿਜ਼ ਰੰਧਾਵਾ ਦੇ ਦਸਖਤ ਕਰਵਾ ਲਏ ਤੇ ਚਲਾ ਗਿਆ। ਟੋਨੀ ਉਸ ਨੂੰ ਬੇਸਬਰੀ ਨਾਲ ਉਡੀਕ ਰਿਹਾ ਸੀ। ਉਸ ਤੋਂ ਕਾਰਡ ਲੈ ਕੇ ਟੋਨੀ ਬਾਗੋ ਬਾਗ ਹੋ ਗਿਆ।

ਕਾਰਡ ਨੂੰ ਉਸ ਨੇ ਸੰਭਾਲ ਲਿਆ। ਉਸ ਨੂੰ ਚੈਕ ਕਰਨ ਲਈ ਸਮਾਂ ਚਾਹੀਦਾ

ਸੀ। ਅਜੇ ਉਹ ਕੰਪਿਊਟਰ ਖੋਲ੍ਹਣ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਦੇ ਵਕੀਲ ਦਾ ਫ਼ੋਨ ਆ ਗਿਆ।

'ਮਿਸਟਰ ਸਮਿਥ ਤੁਹਾਡੇ ਘਰ ਦੀ ਕੰਪਲੀਸ਼ਨ ਹੋ ਗਈ ਹੈ ਤੇ ਤੁਸੀਂ ਚਾਬੀਆਂ ਮੇਰੇ ਦਫ਼ਤਰ ਤੋਂ ਲੈ ਸਕਦੇ ਹੋ।' ਟੋਨੀ ਧੰਨਵਾਦ ਕਰਦਿਆਂ ਉਸ ਤੋਂ ਚਾਬੀਆਂ ਲੈਣ ਲਈ ਚਲਾ ਗਿਆ।

ਟੋਨੀ ਨੇ 'ਰਿਚਿੰਗ ਪਾਰਕ' ਪਿੰਡ ਵਿਚ ਘਰ ਲਿਆ ਸੀ। ਇਹ ਹਰੇਬਾਈ ਵਾਲਾ ਏਰੀਆ ਤੇ ਸ਼ਾਂਤ ਜਿਹੀਆਂ ਸੜਕਾਂ ਉਸ ਨੂੰ ਜਚ ਗਈਆਂ ਸਨ। ਉਹ ਕੈਲੀ ਨਾਲ ਅਜਿਹੇ ਵਾਤਾਵਰਣ ਵਿਚ ਹੀ ਰਹਿਣਾ ਚਾਹੁੰਦਾ ਸੀ। ਘਰ ਦੀ ਸਾਫ਼-ਸਫ਼ਾਈ ਕਰਕੇ ਹੀ ਕੈਲੀ ਨੂੰ ਘਰ ਵਿਚ ਅਚਾਨਕ ਲਿਆ ਕੇ ਹੈਰਾਨ ਕਰਨਾ ਸੀ। ਘਰ ਦੀ ਚਾਬੀ ਲੈ ਕੇ ਉਹ ਘਰ ਵੇਖਣ ਚਲਾ ਗਿਆ ਤੇ ਉਸ ਨੇ ਕਰਨ ਵਾਲੇ ਕੰਮਾਂ ਦੀ ਲਿਸਟ ਬਣਾ ਲਈ। ਬਿਲਡਰਾਂ ਨਾਲ ਉਸ ਨੇ ਪਹਿਲਾਂ ਹੀ ਗੱਲ ਕੀਤੀ ਹੋਈ ਸੀ।

***

ਰੰਧਾਵੇ ਦੇ ਘਰੋਂ ਲਿਆਂਦੇ ਸਿੰਮ ਦੀ ਕਈ ਦਿਨ ਲਗਾ ਕੇ ਉਸ ਨੇ ਘੋਖ ਪੜਤਾਲ ਕੀਤੀ ਤਾਂ ਉਸ ਨੂੰ ਸਦਮੇ ਵਰਗੀ ਹੈਰਾਨੀ ਹੋਈ। ਟੋਨੀ ਆਰਾਮ ਕੁਰਸੀ 'ਤੇ ਬੈਠਾ ਸੀ ਤੇ ਕੁਰਸੀ ਹਲਕਾ ਹਲਕਾ ਝੂਲ ਰਹੀ ਸੀ। ਟੋਨੀ ਦੇ ਦਿਮਾਗ ਵਿਚ ਬਣੀ ਵਿਉਂਤ ਵੀ ਕੁਰਸੀ ਦੇ ਨਾਲ ਹੀ ਝੂਲ ਰਹੀ ਸੀ। ਉਸ ਨੂੰ ਪਤਾ ਸੀ ਉਸ ਨੇ ਕੀ ਕਰਨਾ ਸੀ। ਫਿਰ ਵੀ ਉਸ ਦੀ ਜ਼ਮੀਰ ਦਵੰਦ ਵਿਚ ਫਸੀ ਹੋਈ ਸੀ। ਰੰਧਾਵੇ ਦੇ ਮੋਬਾਇਲ ਬੈਂਕਿੰਗ ਦੀ ਅਕਾਊਂਟ ਡਿਟੇਲ, ਪਾਸਵਰਡ, ਉਸ ਦੇ ਮੋਬਇਲ ਫ਼ੋਨ ਖੋਲ੍ਹਣ ਲਈ ਪਾਸਵਰਡ, ਸਭ ਉਸ ਕੋਲ ਸੀ। ਰੰਧਾਵੇ ਅਤੇ ਬੌਬ ਦੀ ਜਾਨ ਉਸ ਦੀ ਮੁੱਠੀ ਵਿਚ ਸੀ। ਆਰਥਿਕ ਪੱਖੋਂ ਉਹ ਰੰਧਾਵੇ ਨੂੰ ਕੰਗਾਲ ਤਾਂ ਨਹੀਂ ਸੀ ਕਰ ਸਕਦਾ ਪਰ ਵੱਡਾ ਨੁਕਸਾਨ ਕਰ ਸਕਦਾ ਸੀ।

ਉਸ ਨੇ ਅੱਖਾਂ ਬੰਦ ਕਰ ਲਈਆਂ। ਉਸ ਨੂੰ ਰੇਲ ਗੱਡੀ ਦੀ ਕੰਨ ਪਾੜਵੀਂ ਚੀਕ ਸੁਣਾਈ ਦਿੱਤੀ। ਮਾਂ ਉਸ ਨੂੰ ਛਾਤੀ ਨਾਲ ਘੁੱਟੀ ਡਰੀ ਡਰੀ ਖੜ੍ਹੀ ਸੀ। ਉਸ ਨੂੰ ਮਾਂ ਦੇ ਧੜਕਦੇ ਦਿਲ ਦੀ ਧੜਕਣ ਸੁਣਾਈ ਦਿੱਤੀ। ਆਪਣੇ ਬੱਚੇ ਦੀ ਜਾਨ ਦੇ ਖਤਰੇ ਕਾਰਨ ਪੈਦਾ ਹੋਈ ਕੰਬਣੀ ਮਹਿਸੂਸ ਹੋਈ।

ਟੋਨੀ ਦੀਆਂ ਅੱਖਾਂ ਖੁੱਲ੍ਹ ਗਈਆਂ। ਕੁਰਸੀ ਸਥਿਰ ਹੋ ਗਈ। ਸਾਹਮਣੇ ਦੀਵਾਰ ਤੇ ਟੰਗੀ ਪਿਤਾ ਦੀ ਤਸਵੀਰ ਦੀਆਂ ਅੱਖਾਂ ਵਿਚੋਂ ਉਸ ਨੂੰ ਹਰ ਰੋਜ਼ ਨਿਰਬਲਤਾ ਦਿਸਦੀ ਸੀ। ਪਰ ਅੱਜ ਨਿਰਬਲਤਾ ਦੀ ਥਾਂ ਨਿਰਮਲ ਤੱਕਣੀ ਦੀ ਚਮਕ ਦਿਸ ਰਹੀ ਸੀ। ਫਿਕਰਾਂ ਨਾਲ ਮਾਂ ਦੇ ਚਿਹਰੇ ਦੀ ਉਦਾਸੀ ਦੀ ਥਾਂ ਮਾਂ ਦੀ ਮਮਤਾ ਦਾ ਜਾਦੂ ਦਿਸ ਰਿਹਾ ਸੀ, ਜਿਸ ਨਾਲ ਮਾਂ ਦਾ ਚਿਹਰਾ ਚਮਕ ਰਿਹਾ ਸੀ। ਫੈਸਲਾ ਹੋ ਗਿਆ ਸੀ। ਇਸ ਵੇਲੇ ਹੀ ਕੈਲੀ ਦਾ ਫ਼ੋਨ ਆ ਗਿਆ।

'ਕੀ ਕਰ ਰਿਹੈਂ ਟੋਨੀ?'

'ਧਰਮ ਸੰਕਟ ਵਿਚੋਂ ਨਿਕਲਣ ਦਾ ਯਤਨ।'

'ਤੂੰ ਕਦੋਂ ਤੋਂ ਧਾਰਮਿਕ ਬਣ ਗਿਆ? ਕਦੇ ਮੈਂ ਤੇਰੇ ਮੂੰਹੋਂ ਬਾਈਬਲ ਜਾਂ ਜੀਸਜ਼ ਦਾ ਨਾਂ ਨਹੀਂ ਸੁਣਿਆ ਅੱਜ ਤੱਕ।'

'ਅਸਲ ਧਰਮ ਤਾਂ ਮਨੁੱਖ ਦੇ ਦਿਲ ਵਿਚ ਹੁੰਦਾ। ਕ੍ਰਿਸਚੀਅਨ, ਹਿੰਦੂ, ਸਿੱਖ, ਮੁਸਲਮਾਨ ਧਰਮਾਂ ਨੂੰ ਮੰਨਣ ਵਾਲੇ ਬਹੁਤ ਲੋਕ ਤਾਂ ਮਨੁੱਖ ਵੀ ਨੀ ਹੁੰਦੇ। ਕਦੋਂ ਤੋਂ ਰੌਲਾ ਪੈ ਰਿਹਾ ਕਿ ਚਰਚ ਦੇ ਪਾਦਰੀਆਂ ਨੇ ਬੱਚਿਆਂ ਨਾਲ ਬਦਫੈਦਲੀਆਂ ਕੀਤੀਆਂ। ਦੂਜੇ ਧਰਮਾਂ ਦੇ ਪਾਦਰੀ ਜਾਂ ਜੋ ਵੀ ਉਹ ਕਹੇ ਜਾਂਦੇ ਐ, ਉਹਨਾਂ ਵਿਚੋਂ ਵੀ ਬਥੇਰੇ ਇਹੋ ਕੁਝ ਕਰਦੇ ਆ। ਅਸਲ ਧਰਮ ਤਾਂ ਉਹੀ ਹੈ ਜੋ ਮਨੁੱਖ ਦੇ ਦਰਦ ਵਿਚ ਪਿਘਲਦਾ ਹੈ, ਜੋ ਮਨੁੱਖਤਾ ਦੀ ਸੇਵਾ ਕਰਦਾ ਹੈ ਤੇ ਇਹ ਧਰਮ ਬੰਦੇ ਦੇ ਦਿਲ ਵਿਚ ਹੀ ਹੋ ਸਕਦਾ, ਕਿਤਾਬਾਂ ਵਿਚ ਨਹੀਂ।'

ਟੋਨੀ ਬੜਾ ਤੂੰ ਅੱਜ ਫਿਲਾਸਫਰ ਬਣਿਆ ਹੋਇਆਂ। ਮੈਂ ਅੱਜ ਤੇਰੇ ਕੋਲ ਆਉਣ ਬਾਰੇ ਸੋਚ ਰਹੀ ਸੀ।'

'ਨਹੀਂ ਅੱਜ ਨਹੀਂ। ਮੈਂ ਬਹੁਤ ਰੁੱਝਿਆ ਹੋਇਆਂ। ਮੈਂ ਤੈਨੂੰ ਫ਼ੋਨ ਕਰਾਂਗਾ।' ਕਹਿ ਕੇ ਉਸ ਨੇ ਫ਼ੋਨ ਕੱਟ ਦਿੱਤਾ।

ਟੋਨੀ ਨੇ ਕੰਪਿਊਟਰ ਔਣ ਕੀਤਾ। ਰੰਧਾਵੇ ਦੇ ਓਵਰਸੀਜ਼ ਅਕਾਊਂਟ ਵਿਚੋਂ ਸੱਤਨਵੇਂ ਹਜ਼ਾਰ ਪਾਊਂਡ ਉਸ ਨੇ ਗਰੇਟ ਓਰਮੋਂਡ ਸਟਰੀਟ 'ਤੇ ਸਥਿਤ ਬੱਚਿਆਂ ਦੇ ਹਸਪਤਾਲ ਦੇ ਅਕਾਊਂਟ ਵਿਚ ਟਰਾਂਸਫਰ ਕਰ ਦਿੱਤਾ। ਰੈਫਰੈਂਸ ਉਸ ਨੇ 'ਗੁਪਤ ਦਾਨ' ਦਾ ਲਿਖ ਦਿੱਤਾ। ਉਸ ਨੂੰ ਖੁਸ਼ੀ ਹੋਈ। ਅਗਲੇ ਪੰਜ ਦਿਨਾਂ ਵਿਚ ਉਸ ਨੇ ਦਸ ਹੋਰ ਚੈਰਿਟੀਆਂ ਨੂੰ ਵੱਡੀਆਂ ਰਕਮਾਂ ਭੇਜ ਦਿੱਤੀਆਂ। ਰੰਧਾਵੇ ਦੇ ਅਕਾਊਂਟ ਵਿਚ ਪਿਆ ਚੋਰੀ ਦਾ ਪੈਸਾ ਅਰਥ ਲੱਗ ਗਿਆ ਸੀ। ਹੁਣ ਉਹ ਰੰਧਾਵੇ ਵੱਲੋਂ ਪ੍ਰਤੀਕ੍ਰਮ ਦਾ ਅੰਦਾਜ਼ਾ ਲਗਾ ਰਿਹਾ ਸੀ।

***

ਬੌਬ ਕਦੇ ਕਦੇ ਇਸ ਅਕਾਊਂਟ ਨੂੰ ਚੈਕ ਕਰਦਾ। ਇਹ ਅਕਾਊਂਟ ਬਹੁਤ ਘੱਟ ਵਰਤਿਆ ਜਾਂਦਾ। ਇਸ ਵਿਚੋਂ ਕਿਸੇ ਨੂੰ ਨਾ ਕਦੀ ਚੈਕ ਦਿੱਤਾ ਗਿਆ ਸੀ ਤੇ ਨਾ ਹੀ ਕਿਸੇ ਦੇ ਅਕਾਊਂਟ ਵਿਚ ਪੈਸੇ ਭੇਜੇ ਗਏ ਸਨ। ਸਿਰਫ ਜਮ੍ਹਾਂ ਹੀ ਕਰਾਏ ਜਾਂਦੇ। ਸੋ ਬਹੁਤਾ ਚੈਕ ਕਰਨ ਦੀ ਲੋੜ ਹੀ ਨਹੀਂ ਸੀ। ਅਚਾਨਕ ਜਦ ਉਸ ਨੇ ਅਕਾਊਂਟ ਵੇਖਿਆ ਤਾਂ ਉਸ ਨੂੰ ਧੱਕਾ ਲੱਗਿਆ ਤੇ ਅੱਖਾਂ 'ਤੇ ਵਿਸ਼ਵਾਸ਼ ਨਾ ਹੋਇਆ। ਉਸ ਨੇ ਰੰਧਾਵੇ ਨੂੰ ਪੁੱਛਿਆ। ਉਸ ਨੇ ਵੀ ਫ਼ੋਨ ਖੋਲ੍ਹ ਕੇ ਸਟੇਟਮੈਂਟ ਚੈਕ ਕੀਤੀ ਤਾਂ ਉਸ ਨੂੰ ਵੀ ਹੱਥਾਂ ਪੈਰਾਂ ਦੀ ਪੈ ਗਈ। ਬੌਬ ਮਿੰਟਾਂ ਵਿਚ ਉਸ ਕੋਲ ਪਹੁੰਚ ਗਿਆ।

'ਪਰ ਇਹ ਹੋਇਆ ਕਿਵੇਂ?' ਰੰਧਾਵੇ ਦੀ ਮਸਾਂ ਆਵਾਜ਼ ਨਿਕਲੀ।

ਬੌਬ ਨੇ ਬੈਂਕ ਨੂੰ ਫ਼ੋਨ ਕੀਤਾ ਕਿ ਉਹਨਾਂ ਦਾ ਅਕਾਊਂਟ ਹੈਕ ਹੋ ਗਿਆ ਹੈ।

ਮੈਨੇਜਰ ਨੇ ਉਸ ਨੂੰ ਟੈਲੀਫ਼ੋਨ ਹੋਲਡ ਕਰਨ ਲਈ ਕਿਹਾ। ਕੁਝ ਦੇਰ ਕੰਪਿਊਟਰ ਦੇ 'ਕੀ ਪੈਡ' 'ਤੇ ਵਜਦੀਆਂ ਉਂਗਲਾਂ ਦੀ ਆਵਾਜ਼ ਬੌਬ ਨੂੰ ਸੁਣਦੀ ਰਹੀ। ਬੇਅਰਾਮੀ ਵਿਚ ਬੌਬ ਦੀ ਸੱਜੀ ਲੱਤ ਹਿੱਲ ਰਹੀ ਸੀ। ਰੰਧਾਵਾ ਕਮਰੇ ਵਿਚ ਘੁੰਮ ਰਿਹਾ ਸੀ। ਉਸ ਨੂੰ ਲਗਦਾ ਸੀ ਮੈਨੇਜਰ ਪਤਾ ਨਹੀਂ ਕਿਉਂ ਏਨਾ ਸਮਾਂ ਲਗਾ ਰਿਹਾ ਸੀ।

'ਸਰ ਕਿਸੇ ਕਿਸਮ ਦੀ ਹੈਕਿੰਗ ਦਾ ਤਾਂ ਇਸ਼ਾਰਾ ਮਾਤਰ ਵੀ ਨਹੀਂ ਹੈ। ਪਾਸਵਰਡ ਦਾ ਸਿਰਫ ਤੁਹਾਨੂੰ ਪਤਾ ਹੈ ਤੇ ਪੈਸੇ ਚੈਰਿਟੀ ਅਕਾਊਂਟ ਵਿਚ ਹੀ ਗਏ ਹਨ। ਚੈਰਿਟੀਆਂ ਤੋਂ ਤਾਂ ਅਜਿਹੀ ਉਮੀਦ ਹੋ ਹੀ ਨਹੀਂ ਸਕਦੀ। ਫਿਰ ਵੀ ਮੈਂ ਸਾਡੇ ਆਈ ਟੀ ਡਿਪਾਰਟਮੈਂਟ ਨੂੰ ਹੋਰ ਘੋਖ ਕਰਨ ਲਈ ਕਹਿ ਰਿਹਾ ਹਾਂ ਤੇ ਤੁਹਾਡਾ ਅਕਾਊਂਟ ਫਰੀਜ਼ ਕਰ ਰਿਹਾ ਹਾਂ। ਅਕਾਊਂਟ ਓਦੋਂ ਤੱਕ ਫਰੀਜ਼ ਰਹੇਗਾ ਜਦੋਂ ਤੱਕ ਤੁਸੀਂ ਆਪਣੀ ਆਈ ਡੀ ਦੇ ਕੇ ਫਿਰ ਤੋਂ ਐਕਟੀਵੇਟ ਨਹੀਂ ਕਰ ਲੈਂਦੇ। ਜਿਉਂ ਹੀ ਆਈ ਟੀ ਡਿਪਾਰਟਮੈਂਟ ਵੱਲੋਂ ਰਿਪੋਰਟ ਮਿਲਦੀ ਹੈ ਮੈਂ ਤੁਹਾਨੂੰ ਫ਼ੋਨ ਕਰਾਂਗਾ। ਮੈਨੂੰ ਅਫ਼ਸੋਸ ਹੈ---।' ਮੈਨੇਜਰ ਦੀ ਗੱਲ ਖਤਮ ਹੋਣ ਤੋਂ ਪਹਿਲਾਂ ਹੀ ਬੌਬ ਨੇ ਲਾਈਨ ਕੱਟ ਦਿੱਤੀ।

ਉਹ ਦੋਵੇਂ ਸਿਰ ਫੜੀ ਬੈਠੇ ਸਨ। ਅਚਾਨਕ ਬਿਜਲੀ ਦੀ ਲਿਸ਼ਕ ਵਾਗ ਬੌਬ ਦੇ ਮਨ ਵਿਚ ਖਿਆਲ ਆਇਆ।

'ਜਿਹੜਾ ਬੰਦਾ ਥੋਡਾ ਕੰਪਿਊਟਰ ਠੀਕ ਕਰਨ ਵਾਲਾ, ਕਿਤੇ ਉਹਨੇ ਹੀ ਨਾ ਸਾਲੇ ਨੇ ਕੋਈ ਚੱਕਰ ਚਲਾਇਆ ਹੋਵੇ!'

'ਉਹ ਕਿਵੇਂ?'

'ਪਤਾ ਨੀ ਮੇਰਾ ਦਿਲ ਕਹਿੰਦਾ। ਹੋਰ ਕੋਈ ਬੰਦਾ ਥੋਡੇ ਕੰਪਿਊਟਰ ਦੇ ਨੇੜੇ ਵੀ ਨੀ ਲੱਗਿਆ। ਕਿਸੇ ਗਿਰੋਹ ਨੇ ਕੰਪਿਊਟਰ ਹੈਕ ਨੀ ਕੀਤਾ। ਇਕੋ ਇਕ ਬੰਦਾ ਉਹੀ ਐ ਜਿਹਨੇ ਥੋਡੇ ਕੰਪਿਊਟਰ ਤੱਕ ਪਹੁੰਚ ਕੀਤੀ ਐ।'

ਰੰਧਾਵੇ ਨੂੰ ਅਜਿਹੀਆਂ ਗੱਲਾਂ ਦੀ ਸਮਝ ਨਹੀਂ ਸੀ। ਉਹ ਚੁੱਪ ਸੀ। ਬੌਬ ਨੇ ਇਕ ਹੋਰ ਇੰਜਨੀਅਰ ਨੂੰ ਫ਼ੋਨ ਕਰਕੇ ਸਮੱਸਿਆ ਦੱਸੀ ਤੇ ਪੁੱਛਿਆ ਕਿ ਕੀ ਅਜਿਹਾ ਹੋ ਸਕਦਾ ਸੀ?

'ਸਰ ਜੇ ਕੋਈ ਚੰਗਾ ਜਾਣਕਾਰ ਹੈ ਤਾਂ ਉਹ ਬਹੁਤ ਕੁਝ ਕਰ ਸਕਦਾ। ਨਿਰਭਰ ਕਰਦਾ ਉਸ ਕੋਲ ਤੁਹਾਡੇ ਬਾਰੇ ਕਿੰਨੀ ਜਾਣਕਾਰੀ ਐ। ਤੁਸੀਂ ਆਪਣੇ ਸਾਰੇ ਪਾਸਵਰਡ ਹੁਣੇ ਬਦਲੋ---।'

ਬੌਬ ਨੇ ਆਪਣੀਆਂ ਤੇ ਰੰਧਾਵੇ ਦੇ ਫ਼ੋਨ ਅਤੇ ਈਮੇਲਾਂ ਦੇ ਪਾਸਵਰਡ ਬਦਲ ਦਿੱਤੇ। ਓਨਾ ਕੁ ਉਹ ਜਾਣਕਾਰ ਸੀ। ਹੁਣ ਉਸ ਦਾ ਗੁੱਸਾ ਟੋਨੀ ਵੱਲ ਮੁੜਿਆ।

'ਕਿਥੇ ਰਹਿੰਦਾ ਉਹ?'

ਰੰਧਾਵੇ ਨੇ ਅਜੇ ਉਸ ਦਾ ਐਡਰੈਸ ਤੇ ਉਸ ਦੀ ਕਾਰ ਦੀ ਨਿਸ਼ਾਨੀ ਮਸਾਂ ਦੱਸੀ ਹੀ ਸੀ ਕਿ ਬੌਬ ਆਪਣੀ ਕਾਰ ਵੱਲ ਭੱਜਿਆ ਜਾਂਦਾ ਗਾਹਲਾਂ ਕੱਢ ਰਿਹਾ ਸੀ: 'ਮੈਂ

ਫਕਨ ਬਾਸਟਰਡ ਨੂੰ ਜਿਉਂਦਾ ਨਹੀਂ ਛੱਡਣਾ।' ਉਹ ਤੇਜ਼ੀ ਨਾਲ ਕਾਰ ਟੋਨੀ ਦੇ ਘਰ ਵੱਲ ਭਜਾਉਣ ਲੱਗਾ।

ਡਾਇਮੰਡ ਰੋਡ ਵਿਚ ਬੌਬ ਨੇ ਕਾਰ ਮੋੜੀ ਤਾਂ ਉਸ ਵੇਲੇ ਹੀ ਰੰਧਾਵੇ ਦੀਆਂ ਦੱਸੀਆਂ ਨਿਸ਼ਾਨੀਆਂ ਵਰਗੀ ਕਾਰ ਡਾਇਮੰਡ ਰੋਡ ਵਿਚੋਂ ਬਾਹਰ ਨਿਕਲ ਕੇ ਖੱਬੇ ਮੁੜਨ ਲਈ ਉਡੀਕ ਕਰ ਰਹੀ ਸੀ। ਬੌਬ ਨੇ ਕਾਰ ਵਿਚ ਵੇਖਿਆ। ਟੋਨੀ ਨੂੰ ਉਸ ਨੇ ਪਛਾਣ ਲਿਆ। ਕਾਰ ਮੋੜ ਕੇ ਉਹ ਟੋਨੀ ਦਾ ਪਿੱਛਾ ਕਰਨ ਲੱਗਾ।

ਟੋਨੀ ਨੇ ਰਿਚਿੰਗ ਪਾਰਕ ਵਾਲੇ ਆਪਣੇ ਨਵੇਂ ਘਰ ਅੱਗੇ ਕਾਰ ਰੋਕ ਦਿੱਤੀ। ਥੋੜਾ ਚਿਰ ਉਹ ਕਾਰ ਵਿਚ ਬੈਠਾ ਘਰ ਨੂੰ ਅਣਮਿਉਂਦੀ ਖ਼ੁਸ਼ੀ ਨਾਲ ਵੇਖਦਾ ਰਿਹਾ। ਬੌਬ ਨੇ ਆਪਣੀ ਕਾਰ ਥੋੜੀ ਪਿੱਛੇ ਖੜ੍ਹੀ ਕਰ ਲਈ। ਟੋਨੀ ਕਾਰ ਵਿਚੋਂ ਨਿਕਲਿਆ ਤਾਂ ਬੌਬ ਨੇ ਲਲਕਾਰਾ ਮਾਰਿਆ: 'ਯੂ ਫਕਨ ਬਾਸਟਰਡ, ਮੈਂ ਤੇਰੀ ਧੌਣ ਮਰੋੜ ਦਿਆਂਗਾ।' ਕਹਿੰਦਿਆਂ ਉਹ ਟੋਨੀ ਵੱਲ ਭੱਜਿਆ।

ਟੋਨੀ ਤੋਂ ਅੱਠ ਇੰਚ ਉੱਚਾ ਤੇ ਦੁਗਣੀ ਤਾਕਤ ਵਾਲਾ ਦਿਸਦਾ ਬੌਬ ਜਦੋਂ ਨੂੰ ਉਸ ਕੋਲ ਪਹੁੰਚਿਆ, ਟੋਨੀ ਦਾ ਤਨ-ਮਨ ਹੋਰ ਸਭ ਕੁਝ ਭੁੱਲ ਕੇ ਸਿਰਫ ਆਪਣੇ ਪਿਉ ਦੀ ਆਤਮ-ਹੱਤਿਆ ਨੂੰ ਵੇਖ ਰਿਹਾ ਸੀ। ਰੇਲ ਗੱਡੀ ਦੀ ਚੀਕ ਇਕ ਵਾਰ ਫਿਰ ਉਸ ਦੇ ਕੰਨਾਂ ਵਿਚ ਗੂੰਜਣ ਲੱਗੀ। ਬੌਬ ਨੇੜੇ ਆਇਆ ਤਾਂ ਟੋਨੀ ਪਿੱਛੇ ਭੱਜਣ ਦੀ ਥਾਂ, ਜਿਸ ਦੀ ਬੌਬ ਨੂੰ ਉਮੀਦ ਸੀ, ਸਿਰ ਨਿਵਾ ਕੇ ਸਿੱਧਾ ਉਸ ਦੇ ਢਿੱਡ ਨਾਲ ਟਕਰਾ ਗਿਆ। ਬੌਬ ਦੇ ਪੈਰ ਉੱਖੜ ਗਏ ਤੇ ਇਸ ਅਚਾਨਕ ਹਮਲੇ ਨੇ ਉਸ ਨੂੰ ਲੜਖੜਾ ਦਿੱਤਾ। ਬੌਬ ਸੰਭਲਣ ਦਾ ਯਤਨ ਕਰ ਰਿਹਾ ਸੀ ਤਾਂ ਟੋਨੀ ਨੇ ਉਸ ਦੇ ਨੱਕ 'ਤੇ ਮੁੱਕਾ ਜੜ ਦਿੱਤਾ। ਬੌਬ ਹੋਰ ਗੁੱਸੇ ਨਾਲ ਭੜਕਿਆ। ਸੰਭਲ ਕੇ ਟੋਨੀ 'ਤੇ ਹਮਲਾ ਕਰਨ ਲੱਗਾ ਤਾਂ ਟੋਨੀ ਨੇ ਝੁਕ ਕੇ ਮਿੱਟੀ ਦੀ ਮੁੱਠੀ ਭਰ ਲਈ ਤੇ ਬੌਬ ਦੀਆਂ ਅੱਖਾਂ ਵਿਚ ਝੋਂਕ ਦਿੱਤੀ। ਬੌਬ ਅੱਖਾਂ ਮਲਣ ਲੱਗਾ। ਟੋਨੀ ਆਪਣੀ ਕਾਰ ਵਿਚ ਬੈਠ ਗਿਆ ਤੇ ਕਾਰ ਭਜਾ ਲਈ।

ਟੋਨੀ ਦਾ ਦਿਮਾਗ ਤੇਜ਼ੀ ਨਾਲ ਚੱਲ ਰਿਹਾ ਸੀ। ਉਸ ਨੇ ਟੈਕਸੀ ਨੂੰ ਫ਼ੋਨ ਕਰ ਦਿੱਤਾ ਤੇ ਸੇਂਟ ਪਾਲ ਐਵਨਿਊ 'ਤੇ ਸਥਿਤ ਟਾਇਰ ਰਿਪੇਅਰ ਦੀ ਦੁਕਾਨ ਅੱਗੇ ਉਡੀਕਣ ਲਈ ਕਿਹਾ। ਸੇਂਟ ਪਾਲ ਦੀ ਪਿਛਲੀ ਰੋਡ 'ਤੇ ਹੀ ਰੰਧਾਵੇ ਦਾ ਵੇਅਰ ਹਾਊਸ ਸੀ। ਉਸ ਤੋਂ ਥੋੜਾ ਅੱਗੇ ਆ ਕੇ ਇਕ ਐਲੀ (ਗਲੀ) ਸੇਂਟ ਪਾਲ ਐਵਿਨਿਊ ਵਿਚ ਜਾ ਮਿਲਦੀ ਸੀ। ਟੋਨੀ ਨੇ ਆਪਣੀ ਕਾਰ ਰੰਧਾਵੇ ਦੇ ਵੇਅਰ ਹਾਊਸ ਦੇ ਨੇੜੇ ਹੀ ਖੜ੍ਹੀ ਕਰ ਦਿੱਤੀ ਤੇ ਆਪ ਐਲੀ ਵਿਚੋਂ ਦੀ ਲੰਘ ਕੇ ਟੈਕਸੀ ਵਿਚ ਜਾ ਬੈਠਾ। 'ਡਾਇਮੰਡ ਰੋਡ ਪਲੀਜ਼।'

ਟੋਨੀ ਨੂੰ ਪਤਾ ਸੀ ਬੌਬ ਖੁਦ ਤਾਂ ਸ਼ਾਇਦ ਉਸ 'ਤੇ ਹਮਲਾ ਕਰਨ ਇਕੱਲਾ ਨਾ ਆਵੇ ਪਰ ਉਹ ਆਪਣੇ ਕਿਸੇ ਨਾ ਕਿਸੇ ਗੁਰਗੇ ਨੂੰ ਜ਼ਰੂਰ ਭੇਜੇਗਾ। ਕੁਝ ਮਿੰਟਾਂ ਵਿਚ ਹੀ ਉਹ ਘਰ ਪਹੁੰਚ ਗਿਆ।

'ਦੋ ਮਿੰਟ ਵਿਚ ਮੈਂ ਆਇਆ।' ਕਹਿ ਕੇ ਉਹ ਦੌੜ ਕੇ ਆਪਣੇ ਫਲੈਟ ਵਿਚ ਚਲਾ ਗਿਆ। ਜਲਦੀ ਜਲਦੀ ਜ਼ਰੂਰੀ ਸਮਾਨ ਚੁੱਕਿਆ ਤੇ ਇਕ ਬੈਗ ਵਿਚ ਥੁੰਨ ਲਿਆ। ਆਪਣਾ ਕੰਪਿਊਟਰ ਬੈਗ ਗਲੇ ਵਿਚ ਲਟਕਾ ਕੇ ਟੈਕਸੀ ਵਿਚ ਆ ਬੈਠਾ।

'ਏਅਰਪੋਰਟ ਟਰਮੀਨਲ ਥਰੀ।' ਟੈਕਸੀ ਚੱਲੀ ਤਾਂ ਟੋਨੀ ਦੀਆਂ ਨਜ਼ਰਾਂ ਬੌਬ ਦੀ ਕਾਰ ਨੂੰ ਢੂੰਡ ਰਹੀਆਂ ਸਨ।

***

ਬੌਬ ਜਦ ਵੇਅਰ ਹਾਊਸ ਪਹੁੰਚਿਆ ਤਾਂ ਰੰਧਾਵਾ ਪਹਿਲਾਂ ਹੀ ਉਸ ਦੀ ਬੇਚੈਨੀ ਨਾਲ ਉਡੀਕ ਕਰ ਰਿਹਾ ਸੀ। ਉਸ ਦੇ ਸੁੱਜੇ ਨੱਕ ਤੇ ਲਾਲ ਅੱਖਾਂ ਨੂੰ ਵੇਖ ਕੇ ਉਸ ਨੂੰ ਫਿਕਰ ਹੋਇਆ ਤੇ ਸਵਾਲੀਆ ਨਜ਼ਰਾਂ ਨਾਲ ਬੌਬ ਵੱਲ ਵੇਖਣ ਲੱਗਾ।

'ਉਹਦੀ ਕੁੱਤੇ ਦੀ ਕਾਰ ਤਾਂ ਏਥੇ ਖੜ੍ਹੀ ਐ। ਆਪ ਉਹ ਕਿੱਥੇ ਗਿਆ ਹੋਇਆ ਤੇ ਕਾਰ ਏਥੇ ਕਿਉਂ ਖੜ੍ਹੀ ਕਰ ਗਿਆ?' ਬੌਬ ਉਲਝਣ ਵਿਚ ਫਸ ਗਿਆ। ਰੰਧਾਵਾ ਹੈਰਾਨੀ ਨਾਲ ਬਾਹਰ ਨਿਕਲ ਕੇ ਕਾਰ ਨੂੰ ਵੇਖਣ ਲੱਗਾ।

'ਉਹ ਏਥੇ ਨੇੜੇ ਕਿਸੇ ਨੂੰ ਜਾਣਦਾ ਹੋਊ।' ਅਜੇ ਰੰਧਾਵੇ ਨੇ ਕਿਹਾ ਹੀ ਸੀ ਕਿ ਉਸ ਦੇ ਟੈਲੀਫ਼ੋਨ 'ਤੇ ਮੈਸਿਜ ਆਇਆ: 'ਹੈਲੋ ਰੰਧਾਵਾ-ਟੋਨੀ ਸਮਿੱਥ।'

'ਫਕਨ ਹਿੱਲ—ਕਾਂਟ ਬਲੀਵ ਇਟ, ਸਮਿੱਥ ਤਾਂ ਆਪਣਾ ਅਕਾਊਂਟੈਂਟ ਸੀ ਜਿਹੜਾ ਜੇਲ੍ਹ 'ਚ ਮਰ ਗਿਆ ਸੀ।' ਰੰਧਾਵੇ ਦਾ ਰੰਗ ਉੱਡ ਗਿਆ।

ਬੌਬ ਨੇ ਉਸ ਤੋਂ ਫ਼ੋਨ ਫੜਿਆ ਤੇ ਟੋਨੀ ਦੇ ਨੰਬਰ 'ਤੇ ਰਿੰਗ ਕੀਤੀ। ਟੈਲੀਫ਼ੋਨ ਬੰਦ ਆ ਰਿਹਾ ਸੀ। ਬੌਬ ਅਤੇ ਰੰਧਾਵੇ ਲਈ ਇਸ ਪਹੇਲੀ ਨੂੰ ਸਮਝਣਾ ਮੁਸ਼ਕਲ ਸੀ। ਬੌਬ ਨੇ ਟੌਮ ਨੂੰ ਫ਼ੋਨ ਕੀਤਾ। ਉਸ ਦਾ ਫ਼ੋਨ ਵੀ ਬੰਦ ਆ ਰਿਹਾ ਸੀ।

'ਟੌਮ ਤਾਂ ਰਾਤ ਪਹੁੰਚ ਗਿਆ ਸੀ। ਫ਼ੋਨ ਕਿਉਂ ਨੀ ਚੱਕਦਾ?'

ਅਜਿਹਾ ਵੀ ਪਹਿਲਾਂ ਕਦੇ ਨਹੀਂ ਸੀ ਵਾਪਰਿਆ। ਬੌਬ ਟੋਨੀ ਨੂੰ ਲੱਭਣ ਲਈ ਆਪਣੇ ਹੋਰ ਬੰਦਿਆਂ ਨੂੰ ਫ਼ੋਨ ਕਰਨ ਲੱਗਾ। ਟੌਮ ਤੋਂ ਜਵਾਬ ਨਾ ਮਿਲਣਾ ਉਸ ਲਈ ਫਿਕਰ ਦਾ ਕਾਰਨ ਸੀ।

## 38

ਫੈਰੀ ਡੋਵਰ ਪਹੁੰਚੀ ਤੇ ਟੌਮ ਅੱਗੇ ਲੱਗ ਕੇ ਕਾਰ ਵੱਲ ਚੱਲ ਪਿਆ। ਜੈਕੀ ਕੁੜੀਆਂ ਨਾਲ ਚੱਲ ਰਹੀ ਸੀ। ਸਕੌਟ ਨੂੰ ਉਸ ਨੇ ਜਾਣਕਾਰੀ ਪਹਿਲਾਂ ਹੀ ਭੇਜ ਦਿੱਤੀ ਸੀ। ਟੌਮ ਦੀ ਗੱਡੀ ਵਿਚ ਡਰੱਗ ਹੋਣ ਦਾ ਉਸ ਨੂੰ ਪਤਾ ਸੀ। ਪਰ ਉਹ ਚਾਹੁੰਦੀ ਸੀ ਕਿ ਉਹ ਕਸਟਮ ਵਿਚੋਂ ਬਾਹਰ ਨਿਕਲ ਜਾਣ ਤੇ ਲੰਡਨ ਦੇ ਡਰੱਗ ਡੀਲਰਾਂ ਨੂੰ ਪਕੜਿਆ ਜਾ ਸਕੇ। ਉਸ ਨੂੰ ਉਮੀਦ ਸੀ, ਸਕੌਟ ਨੇ ਕੋਈ ਨਾ ਕੋਈ ਪ੍ਰਬੰਧ ਕੀਤਾ ਹੋਵੇਗਾ। ਉਹ ਕੁੜੀਆਂ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਕਾਰ ਵਿਚ ਆ ਬੈਠੀ। ਟੌਮ ਉਸ ਨੂੰ ਥੋੜ੍ਹਾ ਘਬਰਾਇਆ ਲਗਦਾ ਸੀ। ਇਹ ਕੋਈ ਚੰਗੀ ਨਿਸ਼ਾਨੀ ਨਹੀਂ ਸੀ।

ਉਹ ਟੌਮ ਵੱਲ ਵੇਖ ਕੇ ਮੁਸਕਰਾਈ ਤੇ ਉਸ ਦੇ ਹੱਥ ’ਤੇ ਹੱਥ ਰੱਖ ਕੇ ਉਸ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ।

‘ਗੱਲਾਂ ਕਰ ਜਿਵੇਂ ਗਰਲ ਫਰਿੰਡ ਨਾਲ ਕਰੀਦੀਆਂ। ਘਬਰਾਉਣ ਦੀ ਲੋੜ ਨੀ। ਇੰਝ ਤਾਂ ਸ਼ੱਕ ਪੈਦਾ ਹੋ ਜਾਵੇਗੀ।’ ਉਸ ਨੇ ਮੁਸਕਰਾਉਂਦਿਆਂ ਕਿਹਾ।

ਟੌਮ ਉਸ ਵੱਲ ਵੇਖ ਕੇ ਮੁਸਕਰਾਇਆ ਤੇ ਉਹ ਆਮ ਜਿਹੀਆਂ ਗੱਲਾਂ ਕਰਨ ਲੱਗੇ। ਕਸਟਮ ਆਫ਼ੀਸਰ ਨੇ ਉਹਨਾਂ ਨੂੰ ਰੋਕ ਲਿਆ। ਕਿਥੋਂ ਆਏ ਹੋ, ਕਦੋਂ ਗਏ ਸਨ, ਕੀ ਰਿਸ਼ਤਾ ਹੈ? ਵਰਗੇ ਸਵਾਲ ਪੁੱਛਣ ਲੱਗੇ ਤਾਂ ਜਵਾਬ ਜੈਕੀ ਨੇ ਦਿੱਤੇ। ਉਹ ਪੂਰੇ ਸਵੈ-ਵਿਸ਼ਵਾਸ਼ ਨਾਲ ਗੱਲ ਕਰ ਰਹੀ ਸੀ।

‘ਤੁਸੀਂ ਕੋਈ ਸ਼ਾਪਿੰਗ ਕੀਤੀ ਹੈ?’

ਨਹੀਂ।’

‘ਬੂਟ ਖੋਲ੍ਹੋ।’ ਕਹਿੰਦਿਆਂ ਕਸਟਮ ਅਫ਼ਸਰ ਆਪਣੇ ਕੈਬਿਨ ਵਿਚੋਂ ਬਾਹਰ ਆ ਗਿਆ।

ਟੌਮ ਦੇ ਮੂੰਹ ਤੋਂ ਹਵਾਈਆਂ ਉੱਡਣ ਲੱਗੀਆਂ। ਜੈਕੀ ਨੇ ਅੱਖਾਂ ਨਾਲ ਹੀ ਉਸ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਤੇ ਆਪ ਕਾਰ ਵਿਚੋਂ ਬਾਹਰ ਆ ਗਈ। ਉਸ ਨੇ ਬੂਟ ਖੋਲ੍ਹਿਆ।

‘ਆਹ ਕੁੜੀਆਂ ਦੇ ਬੈਗ ਐ ਤੇ ਆਹ ਸਾਡੇ ਐ। ਤੁਸੀਂ ਖੋਲ੍ਹ ਕੇ ਵੇਖਣਾ ਚਾਹੁੰਦੇ ਹੋ?’ ਜੈਕੀ ਨੇ ਮੁਸਕਰਾਹਟ ਨਾਲ ਪੁੱਛਿਆ।

‘ਨਹੀਂ ਮੈਮ, ਇਸ ਦੀ ਕੋਈ ਜ਼ਰੂਰਤ ਨਹੀਂ।’ ਕਹਿੰਦਿਆਂ ਕਸਟਮ ਆਫ਼ੀਸਰ ਆਪਣੇ ਕੈਬਿਨ ਵੱਲ ਨੂੰ ਚੱਲ ਪਿਆ। ਜੈਕੀ ਹੱਸਦੀ ਕਾਰ ਵਿਚ ਆ ਬੈਠੀ ਤੇ ਟੌਮ ਦੇ ਚਿਹਰੇ ’ਤੇ ਲਾਲੀ ਚਮਕਣ ਲੱਗੀ। ਉਸ ਨੇ ਗੱਡੀ ਤੋਰ ਲਈ।

ਉਹਨਾਂ ਨੇ ਗੱਡੀ ਮੁੱਖ-ਸੜਕ ’ਤੇ ਪਾ ਲਈ। ਹੁਣ ਟੌਮ ਆਪਣੇ ਆਪ ਨੂੰ ਖਤਰੇ ਤੋਂ ਬਾਹਰ ਸਮਝਣ ਲੱਗਿਆ ਸੀ।

‘ਥੈਂਕ ਯੂ ਲਿੰਡਾ।’

ਜੈਕੀ ਨੇ ਮੁਸਕਰਾ ਕੇ ਉਸ ਵੱਲ ਵੇਖਿਆ।

'ਪਹਿਲਾਂ ਤਾਂ ਮੈਂ ਆਵਦੇ ਬੁਆਏ ਫਰਿੰਡ ਨੂੰ ਮੈਸਿਜ ਪਾਵਾਂ।'

ਉਸ ਨੇ ਫ਼ੋਨ ਬੈਗ ਵਿਚੋਂ ਕੱਢਿਆ ਤੇ ਸਕੌਟ ਨੂੰ ਸਭ ਠੀਕ ਹੈ ਲਿਖ ਦਿੱਤਾ। ਨਾਲ ਹੀ ਘੰਟੇ ਡੇਢ ਘੰਟੇ ਵਿਚ ਲੰਡਨ ਪਹੁੰਚਣ ਬਾਰੇ ਵੀ ਦੱਸ ਦਿੱਤਾ। ਉਹ ਵੀ ਹੁਣ ਖੁਸ਼ ਸੀ।

ਜਦ ਉਹ ਜੈਕੀ ਦੇ ਘਰ ਨੇੜੇ ਪਹੁੰਚੇ ਤਾਂ ਉਸ ਨੇ ਟੌਮ ਨੂੰ ਪੁੱਛਿਆ: 'ਇਹਨਾਂ ਕੁੜੀਆਂ ਦਾ ਕਿਵੇਂ ਕਰਨਾ?'

'ਤੈਨੂੰ ਘਰੇ ਛੱਡ ਕੇ ਇਹਨਾਂ ਨੂੰ ਮੈਂ ਨਾਲ ਲੈ ਜੂੰ। ਮੈਂ ਰਿਚਮੰਡ ਜਾਣਾ। ਇਕ ਅੱਧ ਦਿਨ ਉਥੇ ਰਹਿਣਾ। ਇਹਨਾਂ ਨਾਲ ਮੇਰਾ ਵੀ ਦਿਲ ਲੱਗਿਆ ਰਹੂ।' ਉਹ ਸ਼ਰਾਰਤੀ ਜਿਹੀ ਹਾਸੀ ਹੱਸਿਆ।

'ਤੇਰੀ ਮਰਜ਼ੀ। ਪਰ ਮੇਰੇ ਖਿਆਲ ਵਿਚ ਇਹ ਠੀਕ ਨਹੀਂ। ਪਹਿਲਾਂ ਇਹਨਾਂ ਨੂੰ ਥੋੜਾ ਤਿਆਰ ਕਰਨਾ ਚਾਹੀਦਾ। ਦੂਜਾ ਰਾਤ ਦੇ ਸਮੇਂ ਦੋ ਕੁੜੀਆਂ ਦੇ ਨਾਲ ਹੁੰਦਿਆਂ ਪੁਲੀਸ ਨੂੰ ਸ਼ੱਕ ਪੈ ਸਕਦਾ ਤੇ ਤੈਨੂੰ ਰਸਮੀ ਪੁੱਛ-ਗਿੱਛ ਲਈ ਰੋਕ ਸਕਦੇ ਐ। ਤਲਾਸ਼ੀ ਵੀ ਲੈ ਸਕਦੇ ਐ। ਅੱਜ ਇਹਨਾਂ ਨੂੰ ਮੇਰੇ ਕੋਲ ਛੱਡ ਦੇਹ। ਕੱਲ੍ਹ ਨੂੰ ਇਕ ਨੂੰ ਨਾਲ ਲੈ ਜਾਈਂ। ਅੱਗੇ ਤੇਰੀ ਮਰਜ਼ੀ।' ਜੈਕੀ ਨੇ ਬੇਪ੍ਰਵਾਹੀ ਨਾਲ ਕਿਹਾ।

ਜੈਕੀ ਦਾ ਟੌਮ 'ਤੇ ਪ੍ਰਭਾਵ ਇਕ ਲੀਡਰ ਵਰਗਾ ਬਣ ਗਿਆ ਸੀ। ਹੁਣ ਉਹ ਉਸ ਨੂੰ ਪਿੱਛ-ਲਗ ਨਹੀਂ ਸੀ ਲਗਦੀ। ਪਿਛਲੇ ਦਿਨਾਂ ਦੀਆਂ ਘਟਨਾਵਾਂ ਨੇ ਬਹੁਤ ਕੁਝ ਬਦਲ ਦਿੱਤਾ ਸੀ।

'ਠੀਕ ਐ। ਮੈਂ ਕੱਲ੍ਹ ਨੂੰ ਫ਼ੋਨ ਕਰੂੰ।'

ਜੈਕੀ ਸਿਰਫ ਮੁਸਕਰਾਈ।

ਜੈਕੀ ਦੇ ਘਰ ਅੱਗੇ ਟੌਮ ਨੇ ਗੱਡੀ ਰੋਕ ਦਿੱਤੀ ਤੇ ਉਹ ਕੁੜੀਆਂ ਨੂੰ ਨਾਲ ਲੈ ਕੇ ਘਰ ਵਿਚ ਦਾਖਲ ਹੋ ਗਈ। ਜੈਕੀ ਨੇ ਸਕੌਟ ਨੂੰ ਮੈਸਿਜ ਪਾ ਦਿੱਤਾ। ਕੁੜੀਆਂ ਨੂੰ ਉਸ ਨੇ ਇਕ ਕਮਰਾ ਦੇ ਦਿੱਤਾ ਤੇ ਉਹ ਦੋਵੇਂ ਇਕ ਬੈਡ 'ਤੇ ਪੈ ਗਈਆਂ।

ਪੁਲੀਸ ਟੌਮ ਦਾ ਪਿੱਛਾ ਕਰ ਰਹੀ ਸੀ।

***

ਟੌਮ ਸਵੇਰ ਦੇ ਕੋਈ ਦੋ ਕੁ ਵਜੇ ਰਿਚਮੰਡ ਪਹੁੰਚਿਆ। ਉਸ ਦਾ ਘਰ ਸੜਕ ਦੇ ਵਿਚਕਾਰ ਜਿਹੇ ਕਰਕੇ ਸੀ ਤੇ ਇਹ ਟੈਰਿਸ ਪ੍ਰਾਪਰਟੀ ਸੀ। ਉਸ ਦੇ ਘਰ ਦੇ ਨਾਲ ਲਗਦੀ ਗੈਰਜ ਵੀ ਸੀ। ਉਸ ਨੇ ਗੈਰਜ ਵਿਚ ਗੱਡੀ ਖੜ੍ਹੀ ਕਰ ਦਿੱਤੀ ਤੇ ਸੁੱਖ ਦਾ ਸਾਹ ਲਿਆ। ਆਪਣੇ ਗਾਹਕਾਂ ਨੂੰ ਉਸ ਨੇ ਮੈਸਿਜ ਪਾ ਦਿੱਤੇ ਤੇ ਪੈਕਿਜ ਲੈਣ ਆਉਣ ਲਈ ਸਮਾਂ ਨਿਸ਼ਚਤ ਕਰਨ ਲਈ ਕਿਹਾ। ਆਪ ਉਸ ਨੇ ਵਿਸਕੀ ਦਾ ਪੈਗ ਪਾਇਆ ਤੇ ਚੁਸਕੀਆਂ ਲੈਣ ਲੱਗਾ।

ਪੁਲੀਸ ਨੇ ਉਸ ਦੇ ਘਰ ਤੋਂ ਕੁਝ ਕੁ ਹਟਵੀਂ ਇਕ ਵੈਨ ਖੜ੍ਹੀ ਕਰ ਦਿੱਤੀ। ਇਸ ਵਿਚ ਕੈਮਰਾ ਫਿੱਟ ਕੀਤਾ ਹੋਇਆ ਸੀ। ਸੜਕ ਦੇ ਦੋਵਾਂ ਸਿਰਿਆਂ 'ਤੇ ਪੁਲੀਸ ਪਾਰਟੀਆਂ ਸਾਦੇ ਕੱਪੜਿਆਂ ਵਿਚ ਮੌਜੂਦ ਸਨ ਤੇ ਵਰਦੀਧਾਰੀ ਪੁਲੀਸ ਪਾਰਟੀ ਵੀ ਅਲਰਟ ਸੀ। ਟੌਮ ਦੇ ਘਰ ਦੀ ਪਿਛਲੀ ਸੜਕ 'ਤੇ ਸਥਿਤ ਘਰਾਂ ਦੇ ਬਗੀਚਿਆਂ ਦੀ ਪਿੱਠ ਇਹਨਾਂ ਘਰਾਂ ਦੇ ਬਗੀਚਿਆਂ ਨਾਲ ਲਗਦੀ ਸੀ। ਪੁਲੀਸ ਨੇ ਸਾਰੇ ਆਲੇ-ਦੁਆਲੇ ਦਾ ਨਿਰੀਖਣ ਕਰਕੇ ਲੋੜ ਅਨੁਸਾਰ ਟੌਮ ਦੇ ਘਰ ਨੂੰ ਘੇਰ ਲਿਆ।

ਸਵੇਰ ਦੇ ਚਾਰ ਵਜੇ ਇਕ ਕਾਰ ਟੌਮ ਦੇ ਘਰ ਦੇ ਬਾਹਰ ਰੁਕੀ। ਇਕ ਆਦਮੀ ਜਿਸ ਨੇ ਸੂਟ ਬੂਟ ਪਹਿਨਿਆ ਹੋਇਆ ਸੀ, ਟੌਮ ਦੇ ਘਰ ਵਿਚ ਦਾਖਲ ਹੋਇਆ। ਟੌਮ ਨੇ ਸਿਰ ਦਰਵਾਜ਼ੇ ਵਿਚੋਂ ਦੀ ਬਾਹਰ ਕੱਢ ਕੇ ਸੜਕ ਦੇ ਦੋਵੀਂ ਪਾਸੀਂ ਨਜ਼ਰ ਮਾਰੀ। ਸੁੰਨ-ਸਰਾਂ ਰਾਤ ਵਿਚ ਕੋਈ ਵੀ ਸੜਕ 'ਤੇ ਨਹੀਂ ਸੀ। ਅੱਧੇ ਕੁ ਘੰਟੇ ਬਾਅਦ ਆਦਮੀ ਬਾਹਰ ਨਿਕਲਿਆ ਤੇ ਆਪਣੀ ਕਾਰ ਵਿਚ ਬੈਠ ਗਿਆ। ਵੈਨ ਵਿਚ ਬੈਠੇ ਕੈਮਰਾ ਮੈਨ ਨੇ ਗੱਡੀ ਦੀ ਜਾਣਕਾਰੀ ਪੁਲੀਸ ਪਾਰਟੀ ਨੂੰ ਦਿੱਤੀ। ਜਦ ਕਾਰ ਸੜਕ ਦੇ ਸਿਰੇ 'ਤੇ ਪਹੁੰਚੀ ਤਾਂ ਪੁਲੀਸ ਪਾਰਟੀ ਨੇ ਉਸ ਨੂੰ ਘੇਰ ਲਿਆ। ਸਭ ਏਨਾ ਅਚਾਨਕ ਵਾਪਰਿਆ ਕਿ ਕਾਰ ਦੇ ਡਰਾਇਵਰ ਤੇ ਨਾਲ ਬੈਠੀ ਸਵਾਰੀ ਨੂੰ ਸੰਭਲਣ ਦਾ ਮੌਕਾ ਵੀ ਨਾ ਮਿਲਿਆ। ਉਹਨਾਂ ਨੂੰ ਕਾਰ ਵਿਚੋਂ ਕੱਢ ਕੇ ਨੇੜੇ ਹੀ ਖੜ੍ਹੀ ਇਕ ਵੈਨ ਵਿਚ ਲਿਜਾਇਆ ਗਿਆ ਤੇ ਤਲਾਸ਼ੀ ਲਈ ਗਈ। ਸਵਾਰ ਕੋਲੋਂ ਦੋ ਪੈਕਿਟ ਮਿਲੇ ਤੇ ਦੋਵਾਂ ਦੇ ਟੈਲੀਫ਼ੋਨ ਜ਼ਬਤ ਕਰ ਲਏ ਗਏ। ਪੁਲੀਸ ਨੇ ਦੋਵਾਂ ਨੂੰ ਪੁਲੀਸ ਸਟੇਸ਼ਨ ਦੇ ਸੈਲ ਵਿਚ ਬੰਦ ਕਰ ਦਿੱਤਾ ਤੇ ਨਵੀਂ ਪਾਰਟੀ ਆ ਹਾਜ਼ਰ ਹੋਈ।

ਸਵੇਰ ਦੇ ਅੱਠ ਕੁ ਵਜੇ ਤੱਕ ਤਿੰਨ ਆਦਮੀਆਂ ਨੂੰ ਗ੍ਰਿਫਤਾਰ ਕਰ ਕੇ ਪੁਲੀਸ ਸਟੇਸ਼ਨ ਪਹੁੰਚਾ ਦਿਤਾ ਗਿਆ ਤੇ ਨੌਂ ਵਜੇ ਪੁਲੀਸ ਨੇ ਟੌਮ ਦੇ ਘਰ ਨੂੰ ਘੇਰ ਕੇ ਦਰਵਾਜ਼ਾ ਖੜਕਾਇਆ। ਟੌਮ ਨੇ ਬੈਡ-ਰੂਮ ਦੀ ਖਿੜਕੀ ਵਿਚੋਂ ਦੀ ਬਾਹਰ ਵੇਖਿਆ ਤਾਂ ਉਸ ਨੂੰ ਸਭ ਕੁਝ ਸਪੱਸ਼ਟ ਹੋ ਗਿਆ। ਉਹ ਪੌੜੀਆਂ ਉੱਤਰਿਆ ਤੇ ਕਿਚਨ ਦਾ ਦਰਵਾਜ਼ਾ ਖੋਲ੍ਹ ਕੇ ਬਗੀਚੇ ਵਿਚੋਂ ਦੀ ਭੱਜਣ ਲਈ ਬਾਹਰ ਨਿਕਲਿਆ ਤਾਂ ਅੱਗੇ ਤਿੰਨ ਪੁਲੀਸ ਅਫਸਰਾਂ ਨੇ ਉਸ ਨੂੰ ਦਬੋਚ ਲਿਆ। ਉਸ ਦਾ ਫ਼ੋਨ ਚੈਕ ਕੀਤਾ ਤਾਂ ਦੋ ਹੋਰ ਆਦਮੀਆਂ ਦੇ ਆਉਣ ਦੇ ਸੁਨੇਹੇ ਸਨ। ਟੌਮ ਦੇ ਘਰ ਦੀ ਤਲਾਸ਼ੀ ਲਈ ਗਈ। ਗੈਰਜ ਵਿਚ ਕਾਰ ਦੇ ਸਪੇਅਰ ਵੀਲ੍ਹ ਵਿਚੋਂ ਹਵਾ ਕੱਢੀ ਹੋਈ ਸੀ। ਪਰ ਉਸ ਵਿਚ ਕੋਈ ਡਰੱਗ ਨਹੀਂ ਸੀ।

ਪੁਲੀਸ ਦੀ ਜਾਣਕਾਰੀ ਅਨੁਸਾਰ ਉਸ ਕੋਲ ਹੋਰ ਡਰੱਗ ਵੀ ਸਨ। ਉਹਨਾਂ ਨੇ ਕਾਰ ਦੀ ਤਲਾਸ਼ੀ ਲਈ। ਕਾਰ ਦੇ ਬੂਟ ਦੀ ਦਰੀ ਚੁੱਕੀ ਤਾਂ ਫਲੋਰ 'ਤੇ ਟੀਨ ਦੀ ਨਕਲੀ ਪਰਤ ਜੜੀ ਹੋਈ ਸੀ। ਉਸ ਨੂੰ ਖੋਲ੍ਹਿਆ ਤਾਂ ਕਈ ਪੈਕਿਟ ਉਹਨਾਂ ਦੇ ਹੱਥ ਲੱਗ ਗਏ। ਕਾਫੀ ਸਾਰਾ ਕੈਸ਼, ਡਰੱਗ ਤੇ ਟੌਮ ਨੂੰ ਲੈ ਕੇ ਪੁਲੀਸ ਚਲੀ ਗਈ ਤੇ ਚਾਰ ਅਫ਼ਸਰ ਉਸ ਦੇ ਘਰ ਵਿਚ ਆਉਣ ਵਾਲਿਆਂ ਦੀ ਉਡੀਕ ਕਰਨ ਲੱਗੇ। ਉਹਨਾਂ ਵਿਚੋਂ ਇਕ

ਦਬੋਚਿਆ ਗਿਆ ਪਰ ਦੂਸਰਾ ਕਿਸੇ ਕਾਰਨ ਨਾ ਪਹੁੰਚਿਆ ਤੇ ਬਚ ਗਿਆ।

ਇਸੇ ਦਿਨ ਦੁਪਹਿਰ ਬਾਅਦ ਪੁਲੀਸ ਨੇ ਕਲੱਬ ਵਿਚ ਛਾਪਾ ਮਾਰਿਆ ਤੇ ਕਲੱਬ ਨੂੰ ਸੀਲ ਕਰ ਦਿੱਤਾ। ਕਈ ਕੁੜੀਆਂ ਬਰਾਮਦ ਕੀਤੀਆਂ ਗਈਆਂ ਤੇ ਕਲੱਬ ਦੀ ਪਿਛਲੀ ਸੜਕ ਦੇ ਫਲੈਟ ਵਿਚੋਂ ਵੀ ਕੁੜੀਆਂ ਬਰਾਮਦ ਹੋਈਆਂ। ਰੰਧਾਵਿਆਂ ਦੇ ਘਰ 'ਤੇ ਛਾਪੇ ਮਾਰੇ ਤਾਂ ਬੌਬ ਦੌੜ ਗਿਆ ਪਰ ਰੰਧਾਵੇ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਅਗਲੇ ਦਿਨਾਂ ਵਿਚ ਪੁਲੀਸ ਨੇ ਲੰਡਨ ਤੇ ਆਸ ਪਾਸ ਦੇ ਇਲਾਕਿਆਂ ਵਿਚ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਕੀਤੀਆਂ ਅਤੇ ਇਕ ਵੱਡੇ ਖਤਰਨਾਕ ਗਿਰੋਹ ਨੂੰ ਕਾਬੂ ਕਰ ਲਿਆ। ਪੋਲੈਂਡ ਅਤੇ ਰੋਮਾਨੀਆ ਵਿਚ ਵੀ ਗ੍ਰਿਫ਼ਤਾਰੀਆਂ ਹੋਈਆਂ।

ਕੁੜੀਆਂ ਨੂੰ ਪੁਲੀਸ ਨੇ ਡਾਕਟਰੀ ਅਤੇ ਮਾਨਸਿਕ ਸਹਾਇਤਾ ਲਈ ਸੋਸ਼ਲ ਸਰਵਿਸਜ਼ ਦੇ ਅਧਿਕਾਰੀਆਂ ਦੀ ਨਿਗਰਾਨੀ ਵਿਚ ਭੇਜ ਦਿੱਤਾ।

ਬੌਬ ਦਾ ਦੌੜਨਾ ਟੋਨੀ ਨੂੰ ਮਾੜੀ ਖ਼ਬਰ ਲਗਦੀ ਸੀ।

## 39

ਟੋਨੀ ਨੇ ਟਰਮੀਨਲ ਤਿੰਨ ਤੋਂ ਲੰਡਨ ਲਈ ਅੰਡਰਗਰਾਊਂਡ ਟਰੇਨ ਲਈ। ਉਸ ਨੇ ਆਪਣੇ ਦੋਵੇਂ ਟੈਲੀਫ਼ੋਨ ਬੰਦ ਕਰ ਦਿੱਤੇ ਸਨ। ਸਭ ਤੋਂ ਪਹਿਲਾਂ ਉਸ ਨੇ ਆਪਣੇ ਫ਼ੋਨ ਵਿਚ ਏਅਰਪੋਰਟ ਤੋਂ ਖਰੀਦਿਆ ਨਵਾਂ ਸਿੰਮ ਕਾਰਡ ਪਾਇਆ। ਕੈਲੀ ਨੂੰ ਫ਼ੋਨ ਕਰਨ ਦੀ ਥਾਂ ਉਸ ਨੇ ਈਮੇਲ ਪਾ ਕੇ ਆਪਣਾ ਫ਼ੋਨ ਬੰਦ ਕਰਨ ਅਤੇ ਕੁਝ ਕੁ ਜ਼ਰੂਰੀ ਕੱਪੜੇ ਲੈ ਕੇ ਚਾਰ ਵਜੇ ਤੱਕ ਅਕਸਬਰਿਜ ਸ਼ਹਿਰ ਦੇ ਅੰਡਰਗਰਾਊਂਡ ਸਟੇਸ਼ਨ ਦੇ ਨੇੜੇ ਬਣੇ 'ਈਟਿੰਗ ਆਊਟ' ਰੈਸਟੋਰੈਂਟ ਵਿਚ ਮਿਲਣ ਲਈ ਕਿਹਾ। ਟੋਨੀ ਨੂੰ ਡਰ ਸੀ ਕਿਤੇ ਕੈਲੀ ਨੂੰ ਬੌਬ ਕੋਈ ਨਕਸਾਨ ਨਾ ਪੁਚਾ ਦੇਵੇ। ਵੈਸੇ ਬੌਬ ਜਾਂ ਰੰਧਾਵੇ ਨੂੰ ਕੈਲੀ ਦੇ ਪਤੇ ਦਾ ਗਿਆਨ ਨਹੀਂ ਸੀ। ਫਿਰ ਵੀ ਸੰਭਵ ਹੋ ਸਕਦਾ ਸੀ ਕਿ ਉਹ ਉਸ ਦਾ ਪਤਾ ਲੱਭ ਲੈਣ।

ਕੁਝ ਮਿੰਟਾਂ ਵਿਚ ਟਰੇਨ ਹੈਮਰਸਮਿੱਥ ਸਟੇਸ਼ਨ 'ਤੇ ਜਾ ਰੁਕੀ। ਦੂਸਰੇ ਸਟੇਸ਼ਨ 'ਤੇ ਅਕਸਬਰਿਜ ਜਾਣ ਲਈ ਟਰੇਨ ਖੜ੍ਹੀ ਸੀ। ਟੋਨੀ ਟਰੇਨ ਵਿਚ ਚੜ੍ਹ ਗਿਆ। ਉਸ ਨੇ ਕੰਪਿਊਟਰ 'ਤੇ ਹੀ ਹੋਟਲ ਵਿਚ ਕਮਰੇ ਦੀ ਬੁਕਿੰਗ ਕਰਵਾ ਦਿੱਤੀ। ਇਹ ਸਟੇਸ਼ਨ ਤੋਂ ਪੰਜ ਕੁ ਮਿੰਟ ਦੀ ਪੈਦਲ ਦੂਰੀ 'ਤੇ ਸੀ। ਅਜੇ ਉਸ ਨੇ ਬੁਕਿੰਗ ਕੀਤੀ ਹੀ ਸੀ ਕਿ ਕੈਲੀ ਦੀ ਈਮੇਲ ਆ ਗਈ। ਉਹ ਚਿੰਤਾ-ਗ੍ਰਸਤ ਸੀ ਪਰ ਜਲਦੀ ਹੀ ਘਰੋਂ ਨਿਕਲ ਰਹੀ ਸੀ। ਟੋਨੀ ਨੂੰ ਬੇਫਿਕਰੀ ਹੋ ਗਈ।

ਸਟੇਸ਼ਨ 'ਤੇ ਪਹੁੰਚ ਕੇ ਉਹ ਬਿਨਾਂ ਦੇਰੀ ਹੋਟਲ ਪਹੁੰਚ ਗਿਆ ਤੇ ਕਮਰੇ ਦੀ ਚਾਬੀ ਲੈ ਕੇ ਆਪਣਾ ਸਮਾਨ ਟਿਕਾ ਦਿੱਤਾ। ਆਦਤ ਅਨੁਸਾਰ ਕਮਰੇ ਨੂੰ ਵੇਖਿਆ ਤੇ ਖਿੜਕੀ ਵਿਚੋਂ ਦੀ ਬਾਹਰ ਵੇਖਣ ਲੱਗਾ। ਘੜੀ 'ਤੇ ਸਾਢੇ ਤਿੰਨ ਵੱਜੇ ਸਨ। ਅੱਜ ਦੀਆਂ ਘਟਨਾਵਾਂ ਉਸ ਦੀਆਂ ਅੱਖਾਂ ਸਾਹਮਣੇ ਫਿਰ ਤੋਂ ਘੁੰਮਣ ਲੱਗੀਆਂ। ਟੋਨੀ ਨੂੰ ਭੁੱਖ ਵੀ ਮਹਿਸੂਸ ਹੋ ਰਹੀ ਸੀ। ਪੌਣੇ ਚਾਰ ਵਜੇ ਉਹ ਰੈਸਟੋਰੈਂਟ ਵੱਲ ਤੁਰ ਪਿਆ। ਉਸ ਨੇ ਬਰਗਰ ਦਾ ਆਰਡਰ ਕੀਤਾ 'ਤੇ ਬਰਗਰ ਦੇ ਨਾਲ ਹੀ ਕੈਲੀ ਨੂੰ ਉਡੀਕਣ ਲੱਗਾ।

ਬਰਗਰ ਅਤੇ ਕੋਕ ਪੀ ਕੇ ਉਸ ਨੇ ਫਿਰ ਤੋਂ ਘੜੀ ਵੇਖੀ। ਸਵਾ ਚਾਰ ਹੋ ਗਏ ਸਨ ਪਰ ਕੈਲੀ ਅਜੇ ਪਹੁੰਚੀ ਨਹੀਂ ਸੀ। ਉਸ ਨੂੰ ਬੇਚੈਨੀ ਮਹਿਸੂਸ ਹੋਣ ਲੱਗੀ। ਦੂਸਰੇ ਪਾਸੇ ਉਹ ਸਕੌਟ ਨਾਲ ਵੀ ਗੱਲ ਕਰਨਾ ਚਾਹੁੰਦਾ ਸੀ। ਉਸ ਨੇ ਬੇਚੈਨੀ ਵਿਚ ਹੀ ਬਾਹਰ ਜਾਣ ਬਾਰੇ ਸੋਚਿਆ। ਕੁਝ ਸੋਚ ਕੇ ਉਹ ਬੈਠਾ ਰਿਹਾ। ਰੈਸਟੋਰੈਂਟ ਵਿਚ ਕੁਝ ਕੁ ਹੀ ਲੋਕ ਬੈਠੈ ਸਨ। ਏਨੀ ਜਲਦੀ ਬੌਬ ਦੇ ਬੰਦੇ ਇਥੇ ਨਹੀਂ ਪਹੁੰਚ ਸਕਦੇ ਸਨ, ਇਸ ਦਾ ਉਸ ਨੂੰ ਯਕੀਨ ਸੀ। ਫਿਰ ਵੀ ਉਹ ਚੇਤਨ ਰਹਿਣਾ ਚਾਹੁੰਦਾ ਸੀ। ਕੈਲੀ ਦੀ ਸ਼ਕਲ ਦਿਸੀ ਤਾਂ ਉਸ ਦਾ ਚਿਹਰਾ ਚਮਕ ਪਿਆ।

'ਕੁਝ ਖਾਣਾ?'

'ਨਹੀਂ ਪਰ।'

ਟੋਨੀ ਨੇ ਉਸ ਦਾ ਬੈਗ ਫੜ ਲਿਆ ਤੇ ਬਾਹਰ ਨਿਕਲ ਆਇਆ। ਹੋਟਲ ਦੇ ਕਮਰੇ ਵਿਚ ਉਸ ਨੇ ਸਾਰੀ ਕਥਾ ਕਹਿ ਸੁਣਾਈ। ਕੁੜੀ ਦਾ ਫਿਕਰ ਹੋਰ ਵਧ ਗਿਆ। ਉਸ ਨੇ ਟੀ ਵੀ ਔਣ ਕਰ ਦਿੱਤਾ ਤਾਂ ਕਿ ਉਹਨਾਂ ਦੀ ਗੱਲ-ਬਾਤ ਬਾਹਰ ਨਾ ਸੁਣ ਸਕੇ।

ਟੋਨੀ ਨੇ ਸਕੌਟ ਨੂੰ ਈਮੇਲ ਪਾਈ ਅਤੇ ਆਪਣਾ ਨਵਾਂ ਨੰਬਰ ਲਿਖ ਦਿੱਤਾ। ਜਲਦੀ ਤੋਂ ਜਲਦੀ ਫ਼ੋਨ ਕਰਨ ਦੀ ਉਸ ਨੂੰ ਤਾਕੀਦ ਕੀਤੀ। ਉਸ ਦਾ ਫ਼ੋਨ ਉਡੀਕਣ ਬਿਨਾਂ ਹੋਰ ਉਹ ਕੁਝ ਨਹੀਂ ਸੀ ਕਰ ਸਕਦਾ ਤੇ ਉਹ ਕੈਲੀ ਲਈ ਚਾਹ ਬਣਾਉਣ ਲੱਗਾ।

ਅੱਧੇ ਘੰਟੇ ਬਾਅਦ ਉਸ ਦੇ ਫ਼ੋਨ ਦੀ ਘੰਟੀ ਵੱਜੀ। ਸਕੌਟ ਦੀ ਕਾਲ ਸੀ।

'ਮੇਰੇ ਕੋਲ ਬਹੁਤ ਜ਼ਰੂਰੀ ਜਾਣਕਾਰੀ ਹੈ ਜੋ ਮੈਂ ਤੈਨੂੰ ਦੇਣੀ ਚਾਹੁੰਦਾ ਹਾਂ। ਗੈਰੀ ਦੇ ਕਾਤਲ ਦਾ ਪਤਾ ਲੱਗ ਗਿਆ ਹੈ।'

'ਕੀ ਮਤਲਬ, ਤੂੰ ਕਿੱਥੇ ਐਂ?'

'ਮੇਰੇ 'ਤੇ ਅੱਜ ਬੌਬ ਨੇ ਹਮਲਾ ਕੀਤਾ ਸੀ ਤੇ ਮੈਂ ਬਚ ਗਿਆ। ਮੈਂ ਆਪਣਾ ਫਲੈਟ ਛੱਡ ਕੇ ਕਿਤੇ ਹੋਰ ਪਹੁੰਚ ਗਿਆਂ ਤੇ ਸੁਰੱਖਿਅਤ ਹਾਂ।'

'ਤੈਨੂੰ ਸ਼ਇਦ ਪਤਾ ਨਾ ਹੋਵੇ, ਟੌਮ ਤੇ ਰੰਧਾਵਾ ਸਾਡੀ ਹਿਰਾਸਤ ਵਿਚ ਹਨ ਤੇ ਬੌਬ ਅਜੇ ਭਗੌੜਾ ਐ। ਇਸ ਵੇਲੇ ਕਲੱਬ ਵਿਚ ਵੀ ਰੇਡ ਹੋ ਚੁੱਕੀ ਐ। ਮੈਂ ਤੈਨੂੰ ਅੱਠ ਵਜੇ ਮਿਲ ਸਕਦਾਂ। ਤੂੰ ਆਪਣਾ ਐਡਰੈਸ ਭੇਜ ਦੇਹ।'

'ਠੀਕ' ਕਹਿ ਕੇ ਉਸ ਨੇ ਫ਼ੋਨ ਕੱਟ ਦਿੱਤਾ।

'ਚੰਗੀ ਖ਼ਬਰ ਐ ਡਾਰਲਿੰਗ, ਲਗਦਾ ਰੰਧਾਵਿਆਂ ਦਾ ਖੇਲ੍ਹ ਖਤਮ ਹੋ ਚੁੱਕਾ। ਬੌਬ ਦਾ ਦੌੜ ਜਾਣਾ ਮਾੜੀ ਗੱਲ ਐ। ਪਰ ਕਿੱਥੇ ਭੱਜੇਗਾ?'

ਟੋਨੀ ਨੇ ਖੁਸ਼ੀ ਵਿਚ ਕੈਲੀ ਨੂੰ ਚੁੰਮ ਲਿਆ। ਉਸ ਦੇ ਸਿਰ ਤੋਂ ਕਾਫੀ ਭਾਰ ਲਹਿ ਗਿਆ ਸੀ। ਹੁਣ ਉਹ ਸਕੌਟ ਦੀ ਹੋਰ ਵੀ ਉੱਤਸੁਕਤਾ ਨਾਲ ਉਡੀਕ ਕਰਨ ਲੱਗਾ।

ਅੱਠ ਵਜੇ ਸਕੌਟ ਦਾ ਫ਼ੋਨ ਆਇਆ। ਉਸ ਨੇ ਦੱਸਿਆ ਉਹ ਪੰਦਰਾਂ ਮਿੰਟਾਂ ਵਿਚ ਉਸ ਕੋਲ ਪਹੁੰਚ ਰਿਹਾ ਸੀ ਤੇ ਉਸ ਨਾਲ ਐਨਾ ਵੀ ਹੈ। ਟੋਨੀ ਨੂੰ ਹੁਣ ਬਹੁਤਾ ਖ਼ਤਰਾ ਨਹੀਂ ਸੀ ਲਗਦਾ। ਬੌਬ ਆਪਣੀ ਜਾਨ ਬਚਾਉਣ ਵਿਚ ਭੱਜਿਆ ਫਿਰਦਾ ਹੋਵੇਗਾ। ਉਸ ਨੂੰ ਲੱਭਣ ਲਈ ਉਸ ਕੋਲ ਹੁਣ ਫੁਰਸਤ ਨਹੀਂ ਸੀ ਹੋਣ ਲੱਗੀ। ਉਸ ਨੇ ਕਮਰੇ ਦਾ 318 ਨੰਬਰ ਸਕੌਟ ਨੂੰ ਦੱਸ ਦਿੱਤਾ।

ਸਕੌਟ ਨੇ ਹੋਟਲ ਵਿਚ ਪਹੁੰਚ ਕੇ ਉਸ ਨੂੰ ਫਿਰ ਫ਼ੋਨ ਕੀਤਾ। ਟੋਨੀ ਨੇ ਦਰਵਾਜ਼ਾ ਖੋਲ੍ਹਿਆ ਤੇ ਸਕੌਟ ਤੇ ਐਨਾ ਨੂੰ ਲਿਫਟ ਵਿਚੋਂ ਬਾਹਰ ਨਿਕਲਦਿਆਂ ਵੇਖਿਆ। ਉਹਨਾਂ ਨੇ ਹੱਥ ਮਿਲਾਏ ਤੇ ਕਮਰੇ ਵਿਚ ਚਲੇ ਗਏ। ਕੁਰਸੀ 'ਤੇ ਬੈਠਦਿਆਂ ਸਕੌਟ ਨੇ ਸਾਰੀ ਕਹਾਣੀ ਬਿਆਨ ਕਰ ਦਿੱਤੀ। ਜੈਕੀ ਬਾਰੇ ਉਸ ਨੇ ਕੁਝ ਨਾ ਕਿਹਾ।

'ਜੈਕੀ ਠੀਕ ਐ?' ਟੋਨੀ ਨੇ ਸਵਾਲ ਕੀਤਾ ਤਾਂ ਸਕੌਟ ਹੈਰਾਨ ਹੋ ਗਿਆ।

'ਹਾਂ ਤੂੰ ਦੱਸ ਕੀ ਜਾਣਕਾਰੀ ਐ?'

ਟੋਨੀ ਨੇ ਰੰਧਾਵੇ ਦੇ ਕੈਮਰੇ ਦੀ ਚਿੱਪ ਨੂੰ ਕੰਪਿਊਟਰ 'ਤੇ ਡਾਊਨ ਲੋਡ ਕਰ ਲਿਆ ਹੋਇਆ ਸੀ। ਉਸ ਨੇ ਮੇਜ਼ 'ਤੇ ਕੰਪਿਊਟਰ ਰੱਖਿਆ ਤੇ ਉਹਨਾਂ ਨੂੰ ਦਿਖਾਉਣ ਲੱਗਾ।

ਇਕ ਕਾਲੇ ਰੰਗ ਦੀ ਕਾਰ 8 ਵੱਜ ਕੇ 22 ਮਿੰਟ 'ਤੇ ਰੰਧਾਵੇ ਦੀ ਡਰਾਈਵ ਵਿਚ ਦਾਖਲ ਹੁੰਦੀ ਹੈ। ਟੌਮ ਕਾਰ ਵਿਚੋਂ ਬਾਹਰ ਨਿਕਲਦਾ ਹੈ ਤੇ ਰੰਧਾਵਾ ਉਸ ਤੋਂ ਪਹਿਲਾਂ ਹੀ ਘਰੋਂ ਬਾਹਰ ਨਿਕਲ ਕੇ ਉਸ ਕੋਲ ਪਹੁੰਚ ਜਾਂਦਾ ਹੈ। ਬੌਬ ਜੌਗਿੰਗ ਸੂਟ ਪਹਿਨੀ ਆਉਂਦਾ ਹੈ। ਉਹ ਟੌਮ ਨੂੰ ਕੋਈ ਚੀਜ਼ ਉਸ ਦੇ ਹੱਥ ਵਿਚ ਫੜਾਉਂਦਾ ਹੈ ਤੇ ਇਕ ਡੇਢ ਕੁ ਫੁੱਟ ਲੋਹੇ ਦੀ ਬਾਰ ਉਸ ਨੂੰ ਆਪਣੀ ਕੱਛ ਹੇਠੋਂ ਕੱਢ ਕੇ ਫੜਾ ਦਿੰਦਾ ਹੈ। ਟੌਮ ਉਸ ਡੰਡੇ ਨੂੰ ਆਪਣੇ ਕੋਟ ਦੇ ਅੰਦਰ ਲੁਕਾ ਲੈਂਦਾ ਹੈ। ਉਹ ਆਪਣੀ ਮੁੱਠੀ ਖੋਲ੍ਹਦਾ ਹੈ ਤਾਂ ਇਕ ਡਿਜ਼ੀਟਲ ਕੁੰਜੀ ਉਸ ਦੇ ਹੱਥ ਵਿਚ ਦਿਸਦੀ ਹੈ। ਉਹ ਕੋਈ ਗੱਲਾਂ ਵੀ ਕਰਦੇ ਹਨ ਪਰ ਉਹ ਸੁਣਦੀਆਂ ਨਹੀਂ। ਰੰਧਾਵਾ ਆਪਣੀ ਕਾਰ ਵਿਚ ਬੈਠ ਜਾਂਦਾ ਹੈ। ਟੌਮ ਆਪਣੀ ਕਾਰ ਵਿਚ। ਇਸ ਵੇਲੇ 8 ਵੱਜ ਕੇ 27 ਮਿੰਟ ਦਾ ਸਮਾਂ ਹੈ। ਟੌਮ ਆਪਣੀ ਕਾਰ ਗੈਰੀ ਦੇ ਘਰ ਵੱਲ ਮੋੜਦਾ ਹੈ। ਉਸ ਕਾਰ ਦੀ ਰਜਿਸਟਰੇਸ਼ਨ ਪਲੇਟ 'ਤੇ ਲਿਖਿਆ ਨੰਬਰ ਵੀ ਸਾਫ਼ ਦਿਸਦਾ ਹੈ। ਗੈਰੀ ਜੌਗਿੰਗ ਕਰਦਾ ਘਰ ਵਿਚੋਂ ਨਿਕਲ ਕੇ ਦੂਸਰੇ ਪਾਸੇ ਨੂੰ ਮੁੜ ਜਾਂਦਾ ਹੈ। ਰੰਧਾਵਾ ਸ਼ਾਇਦ ਜਿੰਮ ਨੂੰ ਚਲਿਆ ਗਿਆ ਹੈ।

ਟੋਨੀ ਨੇ ਉਸ ਨੂੰ ਪਹਿਲਾਂ ਭੇਜੀ ਗੁਆਂਢੀ ਦੀ ਸੀ ਸੀ ਟੀ ਵੀ ਫਿਲਮ ਵੀ ਦਿਖਾਈ ਜਿਸ ਵਿਚ ਕਾਰ ਦੀ ਪੂਰੀ ਫੋਟੋ ਨਹੀਂ ਹੈ। ਪਰ ਕਾਰ ਦੀ ਨਿਸ਼ਾਨੀ ਸਾਫ਼ ਦਿਸਦੀ ਹੈ। ਟੌਮ ਗੈਰੀ ਦੇ ਘਰ ਵਿਚੋਂ ਬਾਹਰ ਨਿਕਲਦਾ ਹੈ ਤਾਂ ਉਸ ਦੇ ਕੱਪੜੇ ਦੋਵਾਂ ਫਿਲਮਾਂ ਵਿਚ ਓਹੀ ਹਨ। ਸਿਰਫ ਉਸ ਨੇ ਸਿਰ 'ਤੇ ਹੁੱਡ ਲਿਆ ਹੋਇਆ ਹੈ। ਸਮਾਂ 8 ਵੱਜ ਕੇ 39 ਮਿੰਟ ਹੈ।

'ਪਰ ਤੇਰੇ ਕੋਲ ਰੰਧਾਵੇ ਦੇ ਘਰ ਦਾ ਸੀ ਸੀ ਟੀ ਵੀ ਦਾ ਚਿੱਪ ਕਿਵੇਂ ਆ ਗਿਆ?' ਸਕੌਟ ਨੇ ਟੋਨੀ ਵੱਲ ਹੈਰਾਨੀ ਨਾਲ ਵੇਖਦਿਆਂ ਪੁੱਛਿਆ।

ਟੋਨੀ ਨੇ ਸਾਰੀ ਕਹਾਣੀ ਸੁਣਾ ਦਿੱਤੀ। ਰੰਧਾਵਿਆਂ ਦੇ ਅਕਾਊਂਟ ਵਾਲੀ ਜਾਣਕਾਰੀ ਉਸ ਨੇ ਆਪਣੇ ਕੋਲ ਹੀ ਰੱਖੀ।

'ਟੋਨੀ ਕੰਮ ਤਾਂ ਤੂੰ ਵੀ ਗੈਰਕਨੂੰਨੀ ਕੀਤਾ ਐ।'

'ਮੈਂ ਆਪਣਾ ਗੁਨਾਹ ਮੰਨਣ ਨੂੰ ਤਿਆਰ ਹਾਂ। ਰੰਧਾਵੇ ਨੂੰ ਜੇਲ੍ਹ ਭੇਜਣ ਲਈ ਮੈਂ ਸਜ਼ਾ ਭੁਗਤਣ ਨੂੰ ਸਸਤਾ ਸੌਦਾ ਮੰਨਦਾ।'

ਸਕੌਟ ਨੇ ਉਸ ਦੇ ਮੋਢੇ ਨੂੰ ਥਪਥਪਾਇਆ ਤੇ ਮੁਸਕਰਾ ਕੇ ਆਪਣਾ ਕੋਟ ਚੁੱਕ ਲਿਆ।

'ਟੋਨੀ ਥੈਂਕਸ। ਇਕੋ ਗੱਲ ਐ ਕਿ ਗੈਰੀ ਨੂੰ ਕਤਲ ਕਰਨ ਦਾ ਕਾਰਨ ਸਮਝ ਨਹੀਂ ਆ ਰਿਹਾ। ਤੂੰ ਫਿਕਰ ਨਾ ਕਰੀਂ।'

'ਟੌਮ ਤੋਂ ਸਖਤੀ ਨਾਲ ਪੁੱਛ ਪੜਤਾਲ ਕਰਕੇ ਪਤਾ ਲੱਗ ਸਕਦਾ। ਮੈਨੂੰ ਲਗਦਾ

ਟੌਮ ਦਾ ਹਾਲ ਵੀ ਮੇਰੇ ਡੈਡ ਵਾਲਾ ਹੋਣ ਵਾਲਾ।'

ਸਕੌਟ ਨੇ ਫਿਰ ਟੋਨੀ ਵੱਲ ਨੀਝ ਲਾ ਕੇ ਵੇਖਿਆ।

'ਤੇਰੇ ਡੈਡ ਵਾਲਾ?'

'ਮੇਰਾ ਡੈਡ ਰੰਧਾਵੇ ਦਾ ਅਕਾਊਂਟੈਂਟ ਸੀ, ਹੈਰੀ ਸਮਿੱਥ।'

'ਮੈਨੂੰ ਤੇਰੇ ਨਾਲ ਹਮਦਰਦੀ ਐ ਟੋਨੀ। ਇਸ ਵਾਰ ਰੰਧਾਵੇ ਦਾ ਬਚਾ ਬਹੁਤ ਮੁਸ਼ਕਲ ਐ।'

ਸਕੌਟ ਅਤੇ ਐਨ ਦੋਵੇਂ ਹੀ ਨਰਮੀ ਨਾਲ ਟੋਨੀ ਨੂੰ ਵੇਖਣ ਲੱਗੇ ਤੇ ਕੁਝ ਦੇਰ ਬਾਅਦ ਚਲੇ ਗਏ। ਰੰਧਾਵੇ ਦੇ ਕੈਮਰੇ ਦੀ ਚਿੱਪ ਸਕੌਟ ਨੇ ਲੈ ਲਈ ਸੀ।

ਦੂਸਰੇ ਦਿਨ ਸਕੌਟ ਨੇ ਪੁਲੀਸ ਟੀਮ ਰੰਧਾਵੇ ਦੇ ਘਰੇ ਭੇਜੀ ਜਿਹਨਾਂ ਨੇ ਤਲਾਸ਼ੀ ਵੀ ਲਈ ਤੇ ਰੰਧਾਵੇ ਦੇ ਕੈਮਰੇ ਵਿਚੋਂ ਚਿੱਪ ਵੀ ਕੱਢ ਲਿਆਂਦੀ। ਇਹ ਸਭ ਕਨੂੰਨੀ ਕਾਰਵਾਈ ਸੀ। ਟੋਨੀ ਵਾਲੀ ਚਿੱਪ ਹੁਣ ਪੁਲੀਸ ਨੇ ਆਪਣੇ ਰਿਕਾਰਡ ਵਿਚ ਨੋਟ ਕਰ ਲਈ ਸੀ। ਟੋਨੀ ਦਾ ਉਸ ਵਿਚ ਕੋਈ ਹੱਥ ਨਹੀਂ ਸੀ।

ਸਕੌਟ ਰੰਧਾਵੇ ਅਤੇ ਟੌਮ ਦੀ ਪੁੱਛ ਗਿੱਛ ਬਾਰੇ ਸੋਚ ਰਿਹਾ ਸੀ।

***

ਬੌਬ ਦਾ ਦੌੜ ਜਾਣਾ ਸਕੌਟ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਉਹ ਅਪਰਾਧੀ ਸੋਚ ਦਾ ਬੰਦਾ ਸੀ ਤੇ ਅਪਰਾਧੀ ਸੋਚ ਦਾ ਬੰਦਾ ਜਿਥੇ ਵੀ ਜਾਵੇ ਅਪਰਾਧ ਨੂੰ ਹੀ ਆਪਣੀ ਦੁਨੀਆਂ ਬਣਾਵੇਗਾ। ਪਹਿਲਾਂ ਪੁਲੀਸ ਨੇ ਬੌਬ ਦੇ ਘਰ 'ਤੇ ਛਾਪਾ ਮਾਰਿਆ ਪਰ ਉਹ ਘਰ ਨਾ ਮਿਲਆ। ਕੈਸ਼ ਐਂਡ ਕੈਰੀ ਸੀਲ ਕਰ ਦਿੱਤੀ ਗਈ ਸੀ ਤੇ ਵੀ ਏ ਟੀ ਅਤੇ ਟੈਕਸ ਆਫ਼ਿਸ ਨੂੰ ਪ੍ਰਾਪਤ ਡਾਕੂਮੈਂਟ ਭੇਜ ਦਿੱਤੇ ਗਏ ਸਨ। ਵੀ ਏ ਟੀ ਦਾ ਫਰਾਡ ਉਹਨਾਂ ਨੇ ਹੀ ਚੈਕ ਕਰਨਾ ਸੀ।

ਬੌਬ ਨੂੰ ਫੜਨ ਲਈ ਉਹਨਾਂ ਨੇ ਕਈ ਥਾਵਾਂ ਦੇ ਕੈਮਰੇ ਚੈਕ ਕੀਤੇ ਸਨ। ਪਰ ਉਸ ਦਾ ਕੋਈ ਸੁਰਾਗ ਨਹੀਂ ਸੀ ਮਿਲਿਆ। ਉਸ ਦੀ ਪਤਨੀ ਅਤੇ ਘਰ ਦੇ ਟੈਲੀਫ਼ੋਨ ਵੀ ਉਹਨਾਂ ਨੇ ਟੇਪ ਕੀਤੇ ਸਨ। ਬੌਬ ਦਾ ਕੋਈ ਫ਼ੋਨ ਨਹੀਂ ਸੀ ਆਇਆ। ਨਾ ਹੀ ਉਸ ਦਾ ਪਾਸਪੋਰਟ ਪੁਲੀਸ ਦੇ ਹੱਥ ਲੱਗਿਆ ਸੀ। ਉਸ ਦੀ ਪਤਨੀ ਨੇ ਵੀ ਪਾਸਪੋਰਟ ਬਾਰੇ ਅਣਜਾਣਤਾ ਪ੍ਰਗਟ ਕੀਤੀ।

ਪੁਲੀਸ ਨੇ ਏਅਪੋਰਟਾਂ ਅਤੇ ਬੰਦਰਗਾਹਾਂ 'ਤੇ ਬੌਬ ਦੀ ਜਾਣਕਾਰੀ ਭੇਜ ਦਿੱਤੀ ਸੀ। ਜੇ ਉਹ ਦੇਸ਼ ਛੱਡ ਕੇ ਕਿਧਰੇ ਜਾਣ ਦਾ ਯਤਨ ਕਰੇਗਾ ਤਾਂ ਪਕੜਿਆ ਜਾਵੇਗਾ, ਅਜਿਹਾ ਪੁਲੀਸ ਦਾ ਵਿਸ਼ਵਾਸ਼ ਸੀ। ਪਰ ਤਿੰਨ ਦਿਨ ਬੀਤ ਗਏ ਸਨ ਕੋਈ ਜਾਣਕਾਰੀ ਉਹਨਾਂ ਦੇ ਹੱਥ ਨਹੀਂ ਸੀ ਲੱਗੀ।

ਸਕੌਟ ਦਾ ਖਿਆਲ ਬਹੁਤਾ ਆਇਰਲੈਂਡ ਵੱਲ ਸੀ। ਉੱਤਰੀ ਤੇ ਦੱਖਣੀ ਆਇਰਲੈਂਡ ਦੀ ਸਰਹੱਦ 'ਤੇ ਕੋਈ ਚੈਕਿੰਗ ਨਹੀਂ ਸੀ। ਸੈਂਕੜੇ ਲੋਕ ਹਰ ਰੋਜ਼ ਇਕ ਤੋਂ

ਦੂਜੇ ਪਾਸੇ ਜਾਂਦੇ ਸਨ। ਕੰਮ ਵੀ ਕਰਦੇ ਸਨ ਤੇ ਵਪਾਰ ਵੀ। ਰਿਸ਼ਤੇਦਾਰ ਵੀ ਦੋਵੀਂ ਪਾਸੀਂ ਰਹਿੰਦੇ ਸਨ। ਦੱਖਣੀ ਆਇਰਲੈਂਡ ਯੂਰਪ ਵਿਚ ਸੀ ਤੇ ਉੱਤਰੀ ਯੂ ਕੇ ਵਿਚ। ਬਹੁਤ ਸੰਭਵ ਸੀ ਬੌਬ ਦੱਖਣੀ ਆਇਰਲੈਂਡ ਪਹੁੰਚ ਕੇ ਉਥੋਂ ਜਹਾਜ਼ ਜਾਂ ਫੈਰੀ ਲੈ ਸਕਦਾ ਸੀ। ਜਾਂ ਭਾਰਤ, ਕੈਨੇਡਾ ਬਗੈਰਾ ਲਈ ਫਲਾਈਟ ਲੈ ਸਕਦਾ ਸੀ। ਉਸ ਦੇ ਫੜੇ ਜਾਣ ਦੇ ਮੌਕੇ ਅੱਧੋ ਅੱਧ ਸਨ। ਜੇ ਉਸ ਨੇ ਕਿਸੇ ਤਰਾਂ ਪਾਸਪੋਰਟ ਬਦਲ ਲਿਆ ਹੋਇਆ, ਜਾਂ ਯੂਰਪ ਤੋਂ ਚੋਰੀ ਆਉਂਦੇ ਹਜ਼ਾਰਾਂ ਲੋਕਾਂ ਵਾਂਗ ਯੂਰਪ ਵਿਚ ਜਾਂ ਮਿਡਲ ਈਸਟ ਵਗੈਰਾ ਜਾਣ ਦਾ ਯਤਨ ਕੀਤਾ ਤਾਂ ਉਸ ਦੀ ਸਫ਼ਲਤਾ ਦੇ ਬਹੁਤ ਮੌਕੇ ਸਨ। ਇਕ ਗੱਲ ਸੀ ਕਿ ਉਸ ਦਾ ਪਰਿਵਾਰ ਏਥੇ ਸੀ। ਬੱਚਿਆਂ ਨੂੰ ਪਿੱਛੇ ਛੱਡ ਕੇ ਜਾਣਾ ਬਹੁਤ ਮੁਸ਼ਕਲ ਸੀ। ਵੈਸੇ ਉਹ ਆਮ ਆਦਮੀ ਨਹੀਂ ਸੀ।

## 40

ਰਾਜੂ ਅਤੇ ਸ਼ੋਭਾ ਦੇ ਘਰ ਆਉਣ ਨਾਲ ਪ੍ਰੀਤੋ ਤੇ ਨਾਜਰ ਦੀ ਜ਼ਿੰਦਗੀ ਬਦਲ ਗਈ ਸੀ। ਉਹ ਜੋਬਨ, ਜਿਸ ਨੂੰ ਸਾਰੇ ਜੋਅ ਕਹਿੰਦੇ ਸਨ, ਨੂੰ ਸਕੂਲ ਛੱਡ ਆਉਂਦੇ, ਲੈ ਆਉਂਦੇ ਤੇ ਉਸ ਨਾਲ ਉਹਨਾਂ ਦਾ ਸਾਰਾ ਦਿਨ ਦਿਲ ਪਰਚਿਆ ਰਹਿੰਦਾ। ਜੋਅ ਉਹਨਾਂ ਨਾਲ ਰਹਿੰਦਾ ਹੋਣ ਕਰਕੇ ਸੁਹਣੀ ਪੰਜਾਬੀ ਬੋਲ ਲੈਂਦਾ। ਉਸ ਦੀ ਮਜਬੂਰੀ ਵੀ ਸੀ। ਦਾਦਾ ਦਾਦੀ ਨੂੰ ਅੰਗਰੇਜ਼ੀ ਨਾ ਆਉਣ ਕਰਕੇ ਉਸ ਨੂੰ ਉਹਨਾਂ ਨਾਲ ਪੰਜਾਬੀ ਬੋਲਣੀ ਪੈਂਦੀ।

'ਲੈ ਦੱਸ ਇਕ ਗੈਰੀ ਆ। ਉਹਨੂੰ ਤਾਂ ਪੰਜਾਬੀ ਦਾ ਨਾਂ ਵੀ ਨੀ ਲੈਣਾ ਆਉਂਦਾ। ਚਲੋ ਉਹ ਜਾਣੇ ਜੋਅ ਤਾਂ ਪੰਜਾਬੀ ਬੋਲਦਾ ਈ ਐ ਤੇ ਹੁਣ ਤਾ ਸ਼ੋਭਾ ਵੀ ਗੁਜਰਾਤਣ ਨੀ ਲਗਦੀ।'

ਪ੍ਰੀਤੋ ਤੇ ਨਾਜਰ ਗੱਲਾਂ ਕਰਦੇ। ਉਹਨਾਂ ਨੂੰ ਗੈਰੀ ਦੇ ਪੰਜਾਬੀ ਨਾ ਬੋਲ ਸਕਣ ਦਾ ਝੋਰਾ ਲੱਗਿਆ ਰਹਿੰਦਾ ਪਰ ਉਹ ਕੁਝ ਕਰ ਨਹੀਂ ਸਨ ਸਕਦੇ।

'ਇਹ ਕੰਟਰੀ ਤਾਂ ਮਿੱਠੀ ਜੇਲ੍ਹ ਆ। ਕਿਸੇ ਨੇ ਬੰਨ੍ਹ ਕੇ ਤਾਂ ਆਪਾਂ ਨੂੰ ਰੱਖਿਆ ਨੀ। ਚਾਰ ਪੈਸੇ ਕਮਾ ਕੇ ਪਿੱਛੇ ਵੀ ਜਾ ਈ ਸਕਦੇ ਸੀ। ਚਲੇ ਜਾਂਦੇ ਤਾਂ ਨਿਆਣੇ ਬਚਾ ਲੈਂਦੇ।' ਨਾਜਰ ਇਹੋ ਗੱਲਾਂ ਯਾਰਾਂ ਮਿੱਤਰਾਂ ਵਿਚ ਵੀ ਕਰਦਾ ਤਾਂ ਮਾਸਟਰ ਦੀ ਉਹਦੇ ਨਾਲ ਅਸਹਿਮਤੀ ਹੁੰਦੀ।

'ਨਾਜਰ ਸਿਆਂ ਜੇ ਪਿੱਛੇ ਚਲੇ ਵੀ ਜਾਂਦੇ ਤਾਂ ਤੁਸੀਂ ਉਥੇ ਰਹਿ ਨਹੀਂ ਸੀ ਸਕਣਾ। ਗੱਲ ਸਿਰਫ ਪੈਸਿਆਂ ਦੀ ਨੀ। ਸਮੁੱਚੀ ਜੀਵਨ-ਜਾਚ ਦੀ ਆ। ਇਥੇ ਸਿਹਤ, ਸਿਖਿਆ, ਚੰਗਾ ਵਾਤਾਵਰਣ, ਸਾਫ਼ ਭੋਜਨ, ਲਾਅ ਐਂਡ ਆਰਡਰ, ਜਾਇਜ਼ ਕੰਮ ਟੈਲੀਫ਼ੋਨ 'ਤੇ ਈ ਹੋ ਜਾਂਦਾ, ਤੂੰ ਦੱਸ ਇਹ ਕੁਝ ਪੰਜਾਬ ਵਿਚ ਮਿਲ ਸਕਦਾ? ਕਦੇ ਵੀ ਨਾ। ਤੁਸੀਂ ਪੈਸਿਆਂ ਨਾਲ ਪਦਾਰਥ ਤਾਂ ਖਰੀਦ ਸਕਦੇ ਆਂ ਪਰ ਸਾਫ਼ ਹਵਾ-ਪਾਣੀ ਨਹੀਂ ਖਰੀਦ ਸਕਦੇ। ਕੁਰੱਪਸ਼ਨ ਨੂੰ ਬੰਦ ਨਹੀਂ ਕਰ ਸਕਦੇ। ਸਾਲ 'ਚ ਤੁਸੀਂ ਵਾਪਿਸ ਭੱਜ ਆਉਣਾ ਸੀ।'

'ਮਾਸਟਰ ਜੀ ਆਪਣੀਆਂ ਤਾਂ ਜੜ੍ਹਾਂ ਈ ਉਥੋਂ ਪੱਟੀਆਂ ਗਈਆਂ। ਪੈਵ ਨੇ ਤਾਂ ਉਥੇ ਜਾਣਾ ਨੀ। ਉਹਨਾਂ ਨੇ ਤਾਂ ਉਥੇ ਛੁੱਟੀਆਂ ਕੱਟਣ ਵੀ ਨੀ ਜਾਣਾ। ਨਿਆਣੇ ਤਾਂ ਗੁਆਚ ਈ ਗਏ ਨਾ।'

'ਤਸਵੀਰ ਦਾ ਦੂਜਾ ਪਾਸਾ ਵੀ ਆ। ਉਹਨਾਂ ਦੀਆਂ ਜੜ੍ਹਾਂ ਏਥੇ ਲੱਗ ਗਈਆਂ। ਬਥੇਰੇ ਪੰਜਾਬੀ ਕਲਕੱਤੇ, ਦਿੱਲੀ ਬਗੈਰਾ ਕੰਮਾਂ ਖਾਤਰ ਗਏ ਆ। ਉਹਨਾਂ ਦੇ ਬੱਚੇ ਵੀ ਉਥੇ ਜੋਗੇ ਰਹਿ ਗੇ। ਫਰਕ ਕੀ ਆ? ਮਨੁੱਖ ਨੂੰ ਜ਼ਿੰਦਗੀ ਦੀਆਂ ਚੰਗੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਜਿਥੇ ਵੀ ਹੋਣ ਠੀਕ ਆ।'

ਇਹ ਗੱਲਾਂ ਨਾਜਰ ਦੇ ਮਨ ਨਾ ਲਗਦੀਆਂ। ਉਹਨੂੰ ਇਹ ਠੀਕ ਤਾਂ ਲਗਦੀਆਂ ਪਰ ਮਨ ਨੂੰ ਪੋਂਹਦੀਆਂ ਨਾ। ਉਸ ਨੂੰ ਅਫ਼ਸੋਸ ਹੁੰਦਾ। ਪਰ ਜਦੋਂ ਉਹ ਪੰਜਾਬ ਵਿਚ, ਹੋਰ ਤਾਂ ਹੋਰ, ਡਾਕਟਰਾਂ ਵੱਲੋਂ ਵੀ ਲੋਕਾਂ ਦੀ ਕੀਤੀ ਜਾਂਦੀ ਅੰਨ੍ਹੀ ਲੁੱਟ ਦੀਆਂ ਕਹਾਣੀਆਂ ਸੁਣਦਾ ਤਾਂ ਲਗਦਾ ਜਿਵੇਂ ਉਹ ਸਵਰਗ ਵਿਚ ਹੋਵੇ। ਉਹ ਸ਼ੇਰੇ ਬਾਰੇ ਸੋਚਦਾ। ਸ਼ੇਰਾ ਪਿੰਡ ਚਲਾ ਗਿਆ ਸੀ ਤੇ ਉਸ ਨੇ ਵਾਪਿਸ ਨਾ ਆਉਣ ਦਾ ਪ੍ਰਣ ਕੀਤਾ ਸੀ। ਟੈਲੀਫ਼ੋਨ ’ਤੇ ਗੱਲ ਹੁੰਦੀ ਤਾਂ ਸ਼ੇਰਾ ਉਸ ਨੂੰ ਬਹੁਤਾ ਖੁਸ਼ ਨਹੀਂ ਸੀ ਲਗਦਾ। ਪਿੰਡ ਵਿਚ ਇਕ ਸਾਂਝਾ ਟਰਸਟ ਉਸ ਨੇ ‘ਸ਼ਿੰਦਰ-ਜੀਤਾਂ’ ਦੇ ਨਾਂ ’ਤੇ ਬਣਾ ਦਿੱਤਾ ਸੀ ਤੇ ਅਜੇ ਤੱਕ ਉਹ ਬੱਚਿਆਂ ਦੀ ਮਦਦ ਕਰ ਰਿਹਾ ਸੀ।

ਸ਼ੋਭਾ ਉਹਨਾਂ ਨੂੰ ਹਫ਼ਤੇ ਵਿਚ ਇਕ ਵਾਰ ਜ਼ਰੂਰ ਗੁਜਰਾਤੀ ਭੋਜਨ ਬਣਾ ਕੇ ਖਿਲਾਉਂਦੀ। ਨਾਜਰ ਤਾਂ ਉਸ ਦੀ ਤਰੀਫ਼ ਦੇ ਪੁਲ ਬੰਨ੍ਹ ਦਿੰਦਾ। ਪ੍ਰੀਤੋ ਵੀ ਉਸ ਨਾਲ ਖੁਸ਼ ਸੀ। ਉਹ ਪ੍ਰੀਤੋ ਨੂੰ ਵਾਹ ਲਗਦੀ ਕੋਈ ਕੰਮ ਨਾ ਕਰਨ ਦਿੰਦੀ।

ਗੈਰੀ ਤੋਂ ਤਿੰਨ ਸਾਲ ਬਾਅਦ ਮਿਸ਼ੇਲ ਨੇ ਇਕ ਮੁੰਡੇ ਤੇ ਕੁੜੀ, ਜੌੜਿਆਂ ਨੂੰ ਜਨਮ ਦਿੱਤਾ। ਪ੍ਰੀਤੋ ਨੂੰ ਖੁਸ਼ੀ ਵੀ ਹੋਈ। ਪਰ ਉਹੀ ਬੋਲੀ ਵਾਲਾ ਝੋਰਾ ਉਸ ਦਾ ਹੋਰ ਵਧ ਗਿਆ।

‘ਇਹਨਾਂ ਨਿਆਣਿਆਂ ਨੇ ਵੱਡੇ ਹੋ ਕੇ ਉਹੋ ਜੇ ਈ ਰੰਗ-ਢੰਗ ਦਿਖਾਉਣੇ ਆ ਜਿਹੋ ਜਿਹੇ ਇਹਨਾਂ ਦੇ ਮਾਂ-ਪਿਉ ਨੇ ਦਿਖਾਏ ਆ। ਪਤਾ ਨੀ ਕਿਹੜੇ ਕਾਲੇ-ਪੀਲਿਆਂ ਨਾਲ ਇਹਨਾਂ ਨੇ ਵਿਆਹ ਕਰਾਉਣੇ ਆ। ਆਹ ਦਿਨ ਵੀ ਦੇਖਣੇ ਪੈਣੇ ਸੀ।’

‘ਆਪਾਂ ਉਹ ਦਿਨ ਕਿੱਥੇ ਦੇਖਣੇ ਆ। ਹੁਣ ਤਾਂ ਨਦੀ ਕਿਨਾਰੇ ਰੁੱਖੜੇ ਆਲੀ ਗੱਲ ਆ। ਰੱਬ ਦਾ ਨਾਂ ਲਿਆ ਕਰ। ਬਹੁਤਾ ਕਲਪਣ ਨਾਲ ਕਿਹੜਾ ਕੁਸ ਬਦਲਣਾ।’

ਨਾਜਰ ਉਦਾਸ ਸੁਰ ਵਿਚ ਕਹਿੰਦਾ ਤੇ ਉਹ ਚੁੱਪ ਕਰ ਜਾਂਦੀ।

***

ਬੱਚੇ ਵੱਡੇ ਹੁੰਦੇ ਗਏ ਤੇ ਪ੍ਰੀਤੋ ਤੇ ਨਾਜਰ ਬੁੱਢੇ। ਗੈਰੀ ਨਾਲ ਉਹਨਾਂ ਦੀ ਗੱਲਾਂ ਕਰਨ ਦੀ ਇੱਛਾ ਕਦੇ ਵੀ ਪੂਰੀ ਸੰਤੁਸ਼ਟ ਨਹੀਂ ਸੀ ਹੋਈ। ਆਪਣੀ ਗੱਲ ਨੂੰ ਤਸੱਲੀ ਨਾਲ ਕਹਿ ਸਕਣਾ ਤੇ ਉਸ ਦੇ ਜਵਾਬ ਨੂੰ ਪੂਰੀ ਤਰ੍ਹਾ ਸਮਝ ਸਕਣਾ, ਉਹਨਾਂ ਦੇ ਵੱਸ ਦਾ ਰੋਗ ਨਹੀਂ ਸੀ। ਉਹ ਪੜ੍ਹਾਈ ਨਾ ਕਰ ਸਕਣ ਦਾ ਹੇਰਵਾ ਪਾਲਦੇ ਰਹਿੰਦੇ ਤੇ ਪੈਵ ਦੇ ਕਿਸੇ ਪੰਜਾਬੀ ਕੁੜੀ ਨਾਲ ਵਿਆਹ ਨਾ ਕਰਾਉਣ ਨੂੰ ਵੀ ਅੰਦਰੇ ਅੰਦਰ ਕੋਸਦੇ ਰਹਿੰਦੇ। ਪਰ ਕੁਝ ਵੀ ਬਦਲ ਨਹੀਂ ਸੀ ਸਕਦਾ।

ਪੈਵ ਜਦ ਮਾਸਟਰ ਨੂੰ ਮਿਲਣ ਜਾਂਦਾ ਤਾਂ ਜੇ ਸੰਭਵ ਹੁੰਦਾ ਤਾਂ ਗੈਰੀ ਨੂੰ ਨਾਲ ਲੈ ਜਾਂਦਾ। ਮਾਸਟਰ ਗੈਰੀ ਦੀ ਹਾਜ਼ਰੀ ਵਿਚ ਅੰਗਰੇਜ਼ੀ ਹੀ ਬੋਲਦਾ। ਕਦੀ ਕਦੀ ਮਾਸਟਰ ਨਾਜਰ ਵੱਲ ਵੀ ਆ ਜਾਂਦਾ ਤੇ ਬੱਚਿਆਂ ਨਾਲ ਗੱਲਾਂ ਕਰਦਾ। ਤੇਰਾਂ ਸਾਲਾਂ ਦਾ ਗੈਰੀ ਮਾਸਟਰ ਦੀਆਂ ਗੱਲਾਂ ਵਿਚ ਦਿਲਚਸਪੀ ਲੈਂਦਾ। ਉਸ ਨੂੰ ਮਾਸਟਰ ਨੇ ਪੁੱਛਿਆ: ‘ਗੈਰੀ ਵੱਡਾ ਹੋ ਕੇ ਕੀ ਬਣਨਾ?’

'ਮੈਂ ਤਾਂ ਬਿਜਨਸ ਕਰਨਾ।' ਗੈਰੀ ਨੇ ਪਟਾਕ ਜਵਾਬ ਦਿੱਤਾ।

'ਫੇਰ ਤਾਂ ਬਈ ਦਾਦੇ ਦੀਆਂ ਪੈੜਾਂ ਵਿਚ ਪੈਰ ਧਰੇਂਗਾ।' ਮਾਸਟਰ ਨੇ ਨਾਜਰ ਵੱਲ ਵੇਖਦਿਆਂ ਕਿਹਾ ਤਾਂ ਗੈਰੀ ਵੀ ਨਾਜਰ ਵੱਲ ਵੇਖ ਕੇ ਮੁਸਕਰਾਉਣ ਲੱਗਾ।

'ਪਰ ਗੈਰੀ ਬਿਜਨਸ ਵੀ ਕਈ ਤਰਾਂ ਦਾ ਹੁੰਦਾ, ਜਿਵੇਂ ਬਹੁਤੇ ਬਿਜਨਸ ਕਰਨ ਵਾਲੇ ਤਾਂ ਪੈਸਿਆਂ ਦੇ ਫਲਾਅ ਨੂੰ ਹੀ ਧਿਆਨ ਵਿਚ ਰਖਦੇ ਐ। ਪੈਸਾ ਜਿਵੇਂ ਮਰਜ਼ੀ ਬਣੇ, ਬੱਸ ਬਣੇ।' ਮਾਸਟਰ ਨੇ ਗੈਰੀ ਵੱਲ ਧਿਆਨ ਨਾਲ ਵੇਖਿਆ।

'ਪਰ ਅੰਕਲ ਬਿਜਨਸ ਤਾਂ ਪੈਸੇ ਕਮਾਉਣ ਲਈ ਈ ਹੁੰਦਾ!' ਗੈਰੀ ਨੇ ਮੋੜਵਾਂ ਸਵਾਲ ਕੀਤਾ।

'ਗੱਲ ਤਾਂ ਤੇਰੀ ਠੀਕ ਆ ਗੈਰੀ। ਮੇਰਾ ਮਤਲਬ ਸੀ ਕਿ ਜੇ ਪੈਸੇ ਦੀ ਖਾਤਰ ਬੰਦਾ ਸਮਾਜ ਵਿਚ ਰਹਿੰਦੇ ਗਰੀਬ, ਮਜਬੂਰ, ਅਪਾਹਜ ਤੇ ਹੋਰ ਲੋੜਵੰਦਾਂ ਦਾ ਖਿਆਲ ਹੀ ਨਾ ਕਰੇ ਤੇ ਬੱਸ ਆਪਣੇ ਬੈਂਕ ਬੇਲੈਂਸ ਵਿਚ ਹੀ ਮਸਤ ਰਹੇ, ਮੈਨੂੰ ਲਗਦਾ ਇਹ ਤਾਂ ਇਨਸਾਨੀਅਤ ਵਾਲੀ ਗੱਲ ਨੀ।' ਮਾਸਟਰ ਚੁੱਪ ਚਾਪ ਗੈਰੀ ਵੱਲ ਵੇਖਣ ਲੱਗਾ ਜਿਹੜਾ ਧਿਆਨ ਨਾਲ ਸੋਚਣ-ਸਮਝਣ ਦਾ ਯਤਨ ਕਰ ਰਿਹਾ ਸੀ। ਪੈਵ ਵੀ ਕੋਲ ਹੀ ਬੈਠਾ ਸੀ ਪਰ ਉਹ ਆਪ ਦਖਲ ਦੇਣ ਦੀ ਥਾਂ ਗੈਰੀ ਦੇ ਜਵਾਬ ਸੁਣਨ ਲਈ ਉੱਤਸੁਕ ਸੀ।

'ਇਹ ਤਾਂ ਗਲਤ ਗੱਲ ਆ। ਪਰ ਫੇਰ ਤੁਹਾਡਾ ਮਤਲਬ ਬਿਜਨਸ ਚੈਰਟੀ ਕਰਨ। ਗਰੀਬਾਂ ਨੂੰ ਪੈਸੇ ਵੰਡਣ?' ਗੈਰੀ ਦੀਆਂ ਉੱਤਸੁਕ ਨਜ਼ਰਾਂ ਮਾਸਟਰ ਦੇ ਚਿਹਰੇ 'ਤੇ ਟਿਕੀਆਂ ਹੋਈਆਂ ਸਨ।

'ਕੰਮ ਕਰਨ ਯੋਗ ਵਿਅਤਕਤੀ ਦਾ ਸਵੈ-ਮਾਣ ਤਾਂ ਕੰਮ ਕਰਕੇ ਕਮਾ ਕੇ ਖਾਣ ਨਾਲ ਹੀ ਕਾਇਮ ਰਹਿੰਦਾ। ਉਸ ਨੂੰ ਤਾਂ ਕੰਮ ਚਾਹੀਦਾ ਤੇ ਸਹੀ ਤਨਖਾਹ। ਬਿਜਨਸ ਦਾ ਢੰਗ ਤਰੀਕਾ ਹੀ ਅਜਿਹਾ ਹੋਵੇ ਜੋ ਕੰਮ ਕਰਨ ਵਾਲੇ ਬੰਦੇ ਨੂੰ ਕੰਮ ਦਾ ਸਹੀ ਮੁੱਲ ਦੇ ਸਕੇ ਜਿਸ ਨਾਲ ਉਹ ਸਵੈ-ਮਾਣ ਦੀ ਜ਼ਿੰਦਗੀ ਜਿਉਂ ਸਕੇ।'

ਮਾਸਟਰ ਦੀਆਂ ਗੱਲਾਂ ਨਾਲ ਗੈਰੀ ਦੇ ਮਨ ਵਿਚ ਬਹੁਤ ਸਵਾਲ ਪੈਦਾ ਹੋ ਗਏ ਸਨ। ਉਸ ਦੀ ਜਾਣਨ ਵਿਚ ਦਿਲਚਸਪੀ ਵੀ ਵਧ ਗਈ ਸੀ। ਪਰ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਮਾਸਟਰ ਅਸਲ ਵਿਚ ਕੀ ਕਹਿਣਾ ਚਾਹੁੰਦਾ ਸੀ? ਪੈਵ ਨੇ ਗੈਰੀ ਦੀ ਭਾਵਨਾ ਨੂੰ ਸਮਝ ਲਿਆ ਸੀ ਤੇ ਆਪ ਵੀ ਉਹ ਇਸ ਵਿਸ਼ੇ ਵਿਚ ਦਿਲਚਸਪੀ ਮਹਿਸੂਸ ਕਰ ਰਿਹਾ ਸੀ।

'ਪਰ ਅੰਕਲ ਲੋਕ ਅਜਿਹਾ ਚਾਹੁੰਦੇ ਵੀ ਆ ਫੇਰ ਕੋਈ ਕੁਝ ਕਰ ਕਿਉਂ ਨਹੀਂ ਰਿਹਾ?'

'ਪੈਵ, ਸਾਰਾ ਸਿਸਟਮ ਹੀ ਸਰਮਾਏਦਾਰੀ ਦੇ ਹੱਥ ਵਿਚ ਐ। ਪਹਿਲਾਂ ਤਾਂ ਸਰਕਾਰ ਅਤੇ ਉਸ ਦੇ ਸਦੀਆਂ ਤੋਂ ਬਣਾਏ ਜਾਂ ਬਣ ਰਹੇ ਕਨੂੰਨ ਇਸ ਸਿਸਟਮ ਨੂੰ ਕਾਇਮ ਰੱਖਣ ਲਈ ਬਣਾਏ ਜਾਂਦੇ ਆ। ਕਿੰਨੇ ਮਨਿਸਟਰ ਤੇ ਐਮ ਪੀ ਬਗੈਰਾ ਐ ਜਿਹਨਾਂ ਨੂੰ ਖੁਦ ਨੂੰ ਪਤਾ ਨਹੀਂ ਉਹਨਾਂ ਕੋਲ ਕਿੰਨੀ ਕੁ ਜਾਇਦਾਦ ਐ ਤੇ ਕਿੰਨੇ ਪੈਸੇ

ਆ। ਉਸ ਨੂੰ ਕਾਇਮ ਰੱਖਣ ਲਈ ਪੁਲੀਸ ਤੇ ਫੌਜ ਤੋਂ ਬਿਨਾਂ ਸਾਰਾ ਮੀਡੀਆ ਐ। ਅਖ਼ਬਾਰ, ਟੀ ਵੀ, ਰੇਡੀਓ, ਸੋਸ਼ਲ ਮੀਡੀਆ ਸਭ ਉਹਨਾਂ ਦੇ ਹੱਥ ਵਿਚ ਹੀ ਆ। ਕੋਈ ਗਰੀਬ ਬੰਦਾ ਟੀ ਵੀ ਸਟੇਸ਼ਨ ਤਾਂ ਚਲਾ ਨਹੀਂ ਸਕਦਾ। ਜੋ ਕੁਝ ਮੀਡੀਏ ਵਿਚ ਪਰੋਸਿਆ ਜਾਂਦਾ ਉਹ ਉਹਨਾਂ ਦੇ ਹੱਕ ਵਿਚ ਹੀ ਹੁੰਦਾ। ਕਿਸੇ ਚੀਜ਼ ਨੂੰ ਵੇਚਣ ਲਈ ਐਨੀ ਮਸ਼ਹੂਰੀ ਕੀਤੀ ਜਾਂਦੀ ਐ ਕਿ ਲੋਕਾਂ ਨੂੰ ਮਹਿਸੂਸ ਹੋਣ ਲਗਦਾ ਬਈ ਇਸ ਚੀਜ਼ ਬਿਨਾਂ ਤਾਂ ਸਰ ਹੀ ਨਹੀ ਸਕਦਾ।'

ਮਾਸਟਰ ਨੇ ਟੀ ਵੀ ਵੱਲ ਵੇਖਿਆ। ਸਕਰੀਨ 'ਤੇ ਕੋਈ ਬੰਦਾ ਇਕ ਡਰਿੰਕ ਪੀ ਕੇ ਬਾਕੀ ਦੇ ਸਾਰਿਆਂ ਤੋਂ ਦੌੜ ਵਿਚ ਅੱਗੇ ਲੰਘ ਗਿਆ ਸੀ। ਉਸ ਡਰਿੰਕ ਦੇ ਨਾਲ ਹੀ ਇਕ ਹੋਰ ਕੁੜੀ ਬੜੇ ਨਖਰੇ ਨਾਲ ਕਹਿ ਰਹੀ ਸੀ; ਤੁਸੀਂ ਵੀ ਕੋਸ਼ਿਸ਼ ਕਰੋ।

'ਗੈਰੀ ਤੂੰ ਆਹ ਡਰਿੰਕ ਕਿੰਨੀ ਕੁ ਵਾਰ ਪੀਤੀ ਆ?'

'ਬਹੁਤ ਵਾਰ, ਪਰ ਮੈਂ ਤਾਂ ਕਿਸੇ ਤੋਂ ਜਿੱਤਿਆ ਨੀ।'

'ਬਿਲਕੁਲ ਠੀਕ, ਉਹਨਾਂ ਨੇ ਤੇਰੀ ਗੱਲ ਟੀ ਵੀ 'ਤੇ ਨੀ ਕਹਿਣੀ। ਹੌਲੀ ਹੌਲੀ ਉਹਨਾਂ ਦੀ ਸੇਲ ਵਧੀ ਜਾਣੀ ਆ। ਪੈਵ ਬੱਚੇ ਦੇ ਜੰਮਣ ਤੋਂ ਹੀ ਉਸ ਦੇ ਮਨ ਵਿਚ 'ਆਹ ਮੇਰਾ ਐ' ਦੇ ਬਿੰਬ ਬਣਨੇ ਸ਼ੁਰੂ ਹੋ ਜਾਂਦੇ ਆ ਤੇ ਉਹ ਇਸ 'ਮੈਂ' ਤੇ 'ਮੇਰੇ' ਦਾ ਕੈਦੀ ਬਣੀ ਜਾਂਦਾ।'

ਗੱਲਾਂ ਚਲਦੀਆਂ ਰਹੀਆਂ ਤੇ ਚਲਦੀਆਂ ਰਹਿੰਦੀਆਂ ਸਨ। ਕੋਈ ਨਾ ਕੋਈ ਗੱਲਾਂ ਗੈਰੀ ਦੇ ਮਨ ਵਿਚ ਘਰ ਕਰ ਜਾਂਦੀਆਂ। ਉਸ ਨੂੰ ਮਾਸਟਰ ਦੀਆਂ ਗੱਲਾਂ ਵਿਚ ਦਿਲਚਸਪੀ ਵਧਦੀ ਜਾਂਦੀ। ਉਹ ਜੋਅ ਦੇ ਨਾਲ ਵੀ ਉਹਨਾਂ ਗੱਲਾਂ ਦਾ ਵਿਚਾਰ ਵਟਾਂਦਰਾ ਕਰਦਾ। ਉਹਨਾਂ ਦੀ ਚੰਗੀ ਬਣਦੀ ਸੀ।

***

ਇਕ ਦਿਨ ਸਵੇਰੇ ਹੀ ਨਾਜਰ ਦੇ ਫ਼ੋਨ ਦੀ ਘੰਟੀ ਵੱਜੀ। ਅਜੇ ਸਵੇਰ ਦੇ ਪੰਜ ਕੁ ਹੀ ਵੱਜੇ ਸਨ। ਨਾਜਰ ਨੇ ਫ਼ੋਨ ਦੀ ਸਕਰੀਨ ਵੇਖੀ ਤਾਂ ਸ਼ੇਰੇ ਦਾ ਫ਼ੋਨ ਸੀ। ਉਸ ਨੇ ਹੈਲੋ ਕਹੀ ਤਾਂ ਉਧਰੋਂ ਸ਼ੇਰੇ ਦੇ ਭਰਾ ਦੀ ਆਵਾਜ਼ ਆਈ।

'ਬਾਈ ਜੀ ਗੱਲ ਤਾਂ ਮਾੜੀ ਹੋ ਗਈ। ਸ਼ੇਰਾ ਰਾਤ ਚੰਗਾ ਭਲਾ ਸੁੱਤਾ ਸੀ। ਸਵੇਰੇ ਮੈਂ ਉਹਦੇ ਕਮਰੇ ਵਿਚ ਗਿਆ ਤਾਂ ਉਹ ਹਿਲਿਆ ਈ ਨਾ। ਅੱਗੇ ਤਾਂ ਉਹ ਮੇਰੀ ਉਡੀਕ ਕਰਦਾ ਹੁੰਦਾ ਸੀ। ਮੈਂ 'ਵਾਜ ਮਾਰੀ ਕੋਈ ਜਵਾਬ ਨੀ। ਮੈਂ ਹਿਲਾ ਕੇ ਵੇਖਿਆ ਤਾਂ---।' ਉਹ ਰੋਣ ਲੱਗਾ।

ਨਾਜਰ ਨੂੰ ਧੱਕਾ ਲੱਗਿਆ। ਉਸ ਨੂੰ ਤਾਂ ਅਜਿਹਾ ਚਿੱਤ ਚੇਤਾ ਵੀ ਨਹੀਂ ਸੀ। ਉਸ ਨੇ ਹੌਸਲਾ ਦੇਣ ਲਈ ਸ਼ਬਦ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਸ ਤੋਂ ਗੱਲ ਨਾ ਹੋਈ। ਪ੍ਰੀਤੋ ਵੀ ਜਾਗ ਪਈ ਸੀ ਤੇ ਉਸ ਨੂੰ ਵੀ ਖ਼ਬਰ ਹੋ ਗਈ ਸੀ। ਕੁਝ ਦੇਰ ਉਹ ਚੁੱਪ ਚਾਪ ਇਕ ਦੂਜੇ ਵੱਲ ਵੇਖਦੇ ਰਹੇ।

'ਮੈਂ ਰਾਜੂ ਨੂੰ ਜਗਾਵਾਂ।' ਨਾਜਰ ਦੀ ਕੰਬਦੀ ਆਵਾਜ਼ ਨਿਕਲੀ।

'ਵੇਟ ਕਰ ਲੋ। ਉਹਨੇ ਵੀ ਕੀ ਕਰ ਲੈਣਾ। ਕਾਹਨੂੰ ਨਿਆਣਿਆਂ ਦੀ ਨੀਂਦ ਖਰਾਬ ਕਰਨੀ ਆ। ਉੱਠ ਈ ਖੜ੍ਹਨਾ ਹੋਰ ਬਿੰਦ ਝੱਟ ਨੂੰ।' ਉਹ ਚੁੱਪ ਚਾਪ ਬੈਠੇ ਰਹੇ।

ਹੁਣ ਚਾਹ ਕਦੇ ਸ਼ੋਭਾ ਬਣਾ ਦਿੰਦੀ ਤੇ ਕਦੇ ਰਾਜੂ। ਸੱਤ ਕੁ ਵਜੇ ਤੱਕ ਉਹ ਚਾਹ ਉਹਨਾਂ ਨੂੰ ਉਹਨਾਂ ਦੇ ਕਮਰੇ ਵਿਚ ਹੀ ਫੜਾ ਜਾਂਦੇ। ਚਾਹ ਪੀ ਕੇ ਉਹ ਕੁਝ ਦੇਰ ਬਾਅਦ ਨਹਾ ਧੋ ਕੇ ਹੇਠਾਂ ਚਲੇ ਜਾਂਦੇ।

ਸਾਢੇ ਕੁ ਛੇ ਵਜੇ ਰਾਜੂ ਕਮਰੇ ਵਿਚੋਂ ਬਾਹਰ ਆਇਆ। ਨਾਜਰ ਹੋਰਾਂ ਦੇ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਸੀ। ਉਹਨਾਂ ਨੂੰ ਚੁੱਪ ਜਿਹੇ ਬੈਠੇ ਵੇਖ ਕੇ ਰਾਜੂ ਉਹਨਾਂ ਕੋਲ ਆ ਗਿਆ।

'ਮੌਰਨਿੰਗ ਮੰਮ ਡੈਡ। ਤੁਸੀਂ ਠੀਕ ਆਂ?' ਉਸ ਨੇ ਵਾਰ ਵਾਰ ਉਹਨਾਂ ਦੇ ਉਦਾਸ ਮੂੰਹਾਂ ਵੱਲ ਵੇਖਿਆ।

'ਆਜਾ ਪੁੱਤ ਬੈਠ ਜਾ। ਗੱਲ ਤਾਂ ਮਾੜੀ ਹੋ ਗੀ।' ਪ੍ਰੀਤੋ ਬੋਲੀ।

'ਕੀ ਹੋਇਆ?' ਉਸ ਨੇ ਪ੍ਰੀਤੋ ਕੋਲ ਬੈਠਦਿਆਂ ਪੁੱਛਿਆ।

'ਪੁੱਤ ਤੇਰੇ ਚਾਚੇ ਦਾ ਫੂਨ ਆਇਆ ਸੀ ਇੰਡੀਆ ਤੋਂ। ਤੇਰਾ ਡੈਡੀ --।' ਉਸ ਨੇ ਸਿਰ ਮਾਰਦਿਆਂ ਅੱਖਾਂ ਪੂੰਝੀਆਂ।

'ਸੁੱਤਾ ਈ ਪਿਆ ਰਹਿ ਗਿਆ।' ਨਾਜਰ ਨੇ ਡੂੰਘੀ ਜਿਹੀ ਆਵਾਜ਼ ਵਿਚ ਕਿਹਾ।

ਰਾਜੂ ਉਹਨਾਂ ਨੂੰ ਵਾਰ ਵਾਰ ਵੇਖਦਾ ਰਹਿ ਗਿਆ। ਉਹ ਉਦਾਸ ਹੋ ਗਿਆ ਸੀ ਪਰ ਚੁੱਪ ਰਿਹਾ। ਹੁਣ ਤੱਕ ਸ਼ੋਭਾ ਵੀ ਉਹਨਾਂ ਨੂੰ ਗੱਲਾਂ ਕਰਦਿਆਂ ਨੂੰ ਸੁਣ ਕੇ ਪਹੁੰਚ ਗਈ ਸੀ ਤੇ ਉਸ ਨੂੰ ਵੀ ਪਤਾ ਲੱਗ ਗਿਆ ਸੀ।

ਉਹਨਾਂ ਦੇ ਮਨਾਂ ਵਿਚ ਸ਼ੇਰੇ ਦੀ ਤਸਵੀਰ ਵੱਖ ਵੱਖ ਰੂਪਾਂ-ਰੰਗਾਂ ਵਿਚ ਘੁੰਮ ਰਹੀ ਸੀ। ਉਹ ਕੋਈ ਖਾਸ ਗੱਲਾਂ ਨਹੀਂ ਕਰ ਰਹੇ ਸਨ। ਸ਼ੋਭਾ ਚਾਹ ਬਣਾਉਣ ਚਲੀ ਗਈ ਸੀ। ਮਹੌਲ ਸੋਗੀ ਬਣ ਗਿਆ ਸੀ।

'ਫੇਰ ਰਾਜੂ ਤੂੰ ਜਾਏਂਗਾ?' ਨਾਜਰ ਨੇ ਪੁੱਛਿਆ।

'ਮੈਂ ਜਾ ਕੇ ਕੀ ਕਰੂੰ?' ਰਾਜੂ ਨੇ ਕੁਝ ਸੋਚ ਕੇ ਕਿਹਾ।

'ਨਹੀਂ ਪੁੱਤ ਤੂੰ ਜਾ ਆ। ਤੇਰਾ ਜਾਣਾ ਬਣਦਾ। ਭੋਗ 'ਤੇ ਪਹੁੰਚ ਜਾਈਂ ਹੁਣ ਤੂੰ ਚਾਚੇ ਨੂੰ ਫ਼ੋਨ ਕਰਕੇ ਦੱਸ ਦੇਹ। ਉਹ ਉਹਦਾ ਸਸਕਾਰ ਤਾਂ ਕਰ ਦੇਣ।'

ਰਾਜੂ ਦੁਚਿੱਤੀ ਵਿਚ ਹੀ ਸੀ। ਸ਼ੋਭਾ ਨੇ ਵੀ ਉਸ ਨੂੰ ਜਾਣ ਲਈ ਕਿਹਾ ਤਾਂ ਉਸ ਨੂੰ ਜਾਣਾ ਪਿਆ। ਸ਼ੇਰੇ ਦੇ ਭੋਗ ਤੱਕ ਉਹ ਰੁਕਿਆ ਤੇ ਉਸ ਤੋਂ ਅਗਲੇ ਦਿਨ ਹੀ ਵਾਪਿਸ ਆ ਗਿਆ।

## 41

ਰੰਧਾਵੇ ਦੀ ਗ੍ਰਿਫ਼ਤਾਰੀ ਬਾਅਦ ਕਾਂਊਸਲ ਦਫ਼ਤਰ ਵਿਚ ਅਜੀਬ ਜਿਹਾ ਮਹੌਲ ਸੀ। ਕੁਝ ਲੋਕ ਉਸ ਦੇ ਚਮਚੇ ਚਾਟੜੇ ਸਨ, ਉਹਨਾਂ ਨੂੰ ਆਪਣਾ ਖ਼ਤਰਾ ਪੈਦਾ ਹੋ ਗਿਆ ਸੀ ਕਿ ਕਿਤੇ ਉਹ ਵੀ ਰੰਧਾਵੇ ਨਾਲ ਹੀ ਉਲਝ ਨਾ ਜਾਣ। ਉਹਨਾਂ ਨੇ 'ਲੋਹੇ ਨਾਲ ਲੱਕੜ ਡੁਬਣ' ਵਾਲੀ ਕਹਾਵਤ ਸੁਣੀ ਹੋਈ ਸੀ। ਕੁਝ ਦਿਨ ਬਾਅਦ ਰੰਧਾਵੇ ਦੀ ਜ਼ਮਾਨਤ ਨਾ-ਮਨਜ਼ੂਰ ਹੋ ਗਈ ਸੀ ਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਉਸ ਦੇ ਦੋਸਤਾਂ ਦਾ ਦਿਲ ਟਿਕਾਣੇ ਆ ਗਿਆ। ਕਾਂਊਸਲਰਾਂ ਨੂੰ ਵੱਢੀ ਦੇਣ ਵਾਲੇ ਕੇਸ ਵਿਚ ਤਾਂ ਉਸ ਦੀ ਜ਼ਮਾਨਤ ਦੀ ਕੋਈ ਸਮੱਸਿਆ ਨਹੀਂ ਸੀ। ਉਹ ਤਾਂ ਹੁਣ ਕਤਲ ਵਿਚ ਭਾਈਵਾਲ ਸੀ। ਉਸ ਦੀ ਕਿੰਨੀ ਕੁ ਭੂਮਿਕਾ ਸੀ, ਇਸ ਦਾ ਪੁਲੀਸ ਨੂੰ ਪਤਾ ਸੀ। ਉਹਨਾਂ ਨੇ ਅਜੇ ਕੋਰਟ ਵਿਚ ਕੇਸ ਦਾਖਲ ਕਰਨਾ ਸੀ। ਬੌਬ ਦੇ ਦੌੜ ਜਾਣ ਕਾਰਨ ਉਸ ਦੀ ਜ਼ਮਾਨਤ ਵਿਚ ਦੇਰੀ ਕੁਦਰਤੀ ਸੀ, ਇਹ ਉਸ ਦੀ ਵਕੀਲਾਂ ਦੀ ਟੀਮ ਨੇ ਦੱਸ ਦਿੱਤਾ ਸੀ।

ਕੁਝ ਦਿਨਾਂ ਬਾਅਦ ਹਾਲਾਤ ਆਮ ਵਰਗੇ ਹੋਣ ਲੱਗੇ। ਰੰਧਾਵੇ ਬਾਰੇ ਗੱਲਾਂ ਘੱਟ ਹੋਣ ਲੱਗੀਆਂ ਤੇ ਕੰਮ ਦੀਆਂ ਵੱਧ। ਫਿਊਚਰ ਲਿਵਿੰਗ ਪਾਰਟੀ ਦੇ ਕਾਊਂਸਲਰਾਂ ਦੀ ਮੀਟਿੰਗ ਸੀ। ਮੀਟਿੰਗ ਹਾਲ ਵਿਚ ਕੁਰਸੀਆਂ 'ਤੇ ਕਾਂਊਸਲਰ ਬੈਠੇ ਸਨ ਤੇ ਸਾਹਮਣੇ ਸਟੇਜ 'ਤੇ ਉਹਨਾਂ ਦੀ ਪਾਰਟੀ ਦਾ ਲੀਡਰ 'ਤੇ ਡਿਪਟੀ ਲੀਡਰ ਬੈਠਾ ਸੀ। ਮੀਟਿੰਗ ਵਿਚ ਹੁਣ ਤੱਕ ਦੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ ਬਾਰੇ ਗੱਲ ਹੋ ਰਹੀ ਸੀ।

'---ਪਹਿਲੇ ਹਫ਼ਤਿਆਂ ਦੇ ਉਤਰਾਅ ਚੜ੍ਹਾਅ ਤਾਂ ਹੁਣ ਬੀਤੇ ਦੀ ਗੱਲ ਬਣ ਕੇ ਰਹਿ ਗਏ ਹਨ। ਅੱਜ ਅਸੀਂ ਦੋ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨਾ ਹੈ। ਇਕ ਤਾਂ ਫਿਊਚਰ ਲਿਵਿੰਗ ਨੇ ਜੋ ਮਾਡਲ ਪੇਸ਼ ਕੀਤਾ ਹੈ ਤੇ ਦੂਸਰਾ ਵਾਤਾਵਰਣ।' ਲੀਡਰ ਨੇ ਗੱਲ ਸ਼ੁਰੂ ਕੀਤੀ ਤੇ ਪਲ ਕੁ ਕੁਰਸੀਆਂ 'ਤੇ ਬੈਠੇ ਕਾਂਊਸਲਰਾਂ ਵੱਲ ਵੇਖਿਆ ਜਿਹੜੇ ਬਹੁਤ ਧਿਆਨ ਨਾਲ ਉਸ ਨੂੰ ਸੁਣ ਰਹੇ ਸਨ।

'ਬਿਜਨਸ ਮਾਡਲ ਬਾਰੇ ਪਹਿਲਾਂ ਵੀ ਗੱਲ ਹੋਈ ਸੀ। ਮੈਂ ਉਸ ਵਿਚ ਕੁਝ ਕੁ ਹੋਰ ਜੋੜਨਾ ਚਾਹੁੰਦਾ ਹਾਂ। ਅਮੀਰੀ 'ਤੇ ਗਰੀਬੀ ਵਿਚ ਵਧਦੇ ਪਾੜੇ ਨੂੰ ਰੋਕਣਾ ਹੀ ਨਹੀਂ ਸਗੋਂ ਘਟਾਉਣਾ ਸਰਕਾਰ ਦਾ ਫਰਜ਼ ਬਣਦਾ ਹੈ ਪਰ ਸਰਕਾਰ ਦਾ ਇਸ ਪਾਸੇ ਧਿਆਨ ਨਹੀਂ ਹੈ। ਅਸੀਂ ਆਪਣੇ ਸ਼ਹਿਰ ਵਿਚ ਜੋ ਕਰ ਸਕਦੇ ਹਾਂ ਉਹ ਜ਼ਰੂਰ ਕਰਾਂਗੇ। ਮੈਂ ਤੁਹਾਨੂੰ ਇਕ ਉਦਾਹਰਣ ਪੇਸ਼ ਕਰਨਾ ਚਾਹੁੰਦਾ ਹਾਂ----।' ਉਸ ਨੇ ਪਾਣੀ ਦੇ ਗਲਾਸ ਵਿਚੋਂ ਘੁੱਟ ਭਰੀ ਤੇ ਆਪਣੀ ਗੱਲ ਜਾਰੀ ਰੱਖੀ। 'ਕੁਝ ਸਾਲ ਪਹਿਲਾਂ ਡੇਅਰੀ ਫਾਰਮ ਆਪਣਾ ਦੁੱਧ ਡੇਅਰੀਆਂ ਨੂੰ ਵੇਚਦੇ ਸਨ। ਡੇਅਰੀਆਂ ਦੁੱਧ ਨੂੰ ਬੋਤਲਾਂ ਵਿਚ ਭਰ ਕੇ

ਮਿਲਕ ਮੈਨ ਨੂੰ ਦਿੰਦੀਆਂ ਤੇ ਉਹ ਲੋਕਾਂ ਦੇ ਘਰਾਂ ਵਿਚ ਪੁਚਾ ਦਿੰਦੇ। ਇਸ ਤਰਾਂ ਤਕਰੀਬਨ ਡੇਅਰੀ ਫਾਰਮ ਨੂੰ ਸੱਠ ਤੇ ਡੇਅਰੀ ਤੇ ਮਿਲਕ ਮੈਨ ਨੂੰ ਚਾਲੀ ਪ੍ਰਤੀਸ਼ਤ ਮੁਨਾਫੇ ਦੀ ਰਾਸ਼ੀ ਮਿਲ ਜਾਂਦੀ ਸੀ। ਵੱਡੇ ਸਟੋਰ ਜਾਂ ਕਾਰਪੋਰੇਟ ਹਾਊਸ ਮਾਰਕਿਟ ਵਿਚ ਆਏ ਤਾਂ ਉਹਨਾਂ ਨੇ ਆਪਣੀਆਂ ਡੇਅਰੀਆਂ ਵੱਡੇ ਪੱਧਰ 'ਤੇ ਬਣਾ ਲਈਆਂ। ਫਾਰਮਰਾਂ ਤੋਂ ਸਾਰੇ ਦਾ ਸਾਰਾ ਦੁੱਧ ਇਕੱਠਾ ਖਰੀਦ ਕੇ ਪਲਾਸਟਕ ਦੀਆਂ ਬੋਤਲਾਂ ਵਿਚ ਭਰ ਕੇ ਸਟੋਰਾਂ ਵਿਚ ਵੇਚਣਾ ਸ਼ੁਰੂ ਕਰ ਦਿੱਤਾ। ਜਿਹੜਾ ਖਪਤਕਾਰ ਲਈ ਕੁਝ ਸਸਤਾ ਵੀ ਸੀ। ਮਿਲਕ ਮੈਨ ਤੇ ਛੋਟੀਆਂ ਡੇਅਰੀਆਂ ਬੰਦ ਹੋ ਗਈਆਂ। ਹੁਣ ਵੱਡੇ ਸਟੋਰ, ਫਾਰਮਰ ਨੂੰ ਆਪਣੀ ਮਰਜ਼ੀ ਦਾ ਮੁੱਲ ਦੇਣ ਲੱਗੇ। ਫਾਰਮਰ ਕੋਲ ਕੋਈ ਬਦਲ ਹੀ ਨਹੀਂ ਸੀ। ਉਸ ਦੀ ਆਮਦਨ ਬਹੁਤ ਘਟ ਗਈ। ਇਹੋ ਕੁਝ ਹੋਰ ਚੀਜ਼ਾਂ-ਵਸਤਾਂ ਨਾਲ ਉਹਨਾਂ ਨੇ ਕੀਤਾ। ਅਸੀਂ ਚਾਹੁੰਦੇ ਹਾਂ ਕਿ ਉਪਜ ਦਾ ਸਹੀ ਮੁੱਲ ਉਤਪਾਦਕ ਨੂੰ ਵੀ ਮਿਲੇ ਤੇ ਖਪਤਕਾਰ ਨੂੰ ਵੀ। ਉਸ ਲਈ ਹੀ ਜੋ ਮਾਡਲ ਅਸੀਂ ਪੇਸ਼ ਕੀਤਾ ਹੈ ਉਹ ਸਫ਼ਲ ਕਰਨ ਲਈ ਸਾਨੂੰ ਆਪਣਾ ਤਾਣ ਲਾਉਣਾ ਚਾਹੀਦਾ ਐ।' ਇਸ ਵੇਲੇ ਇਕ ਕਾਂਊਸਲਰ ਨੇ ਹੱਥ ਖੜ੍ਹਾ ਕੀਤਾ।

'ਇਹ ਮੇਰਾ ਮਹਿਕਮਾ ਹੈ। ਮੇਰੇ ਖਿਆਲ ਵਿਚ ਅਸੀਂ ਕੁਝ ਕੁ ਕਾਮਯਾਬੀ ਹਾਸਲ ਕੀਤੀ ਹੈ। ਕਿਸੇ ਵੀ ਨਵੇਂ ਮਾਡਲ ਨੂੰ ਹਰਮਨ ਪਿਆਰਾ ਹੋਣ ਲਈ ਸਮਾਂ ਵੀ ਲਗਦਾ ਹੈ ਤੇ ਸ਼ੁਰੂ ਵਿਚ ਲੋਕ ਸ਼ੱਕ ਤੇ ਬੇਵਿਸਾਹੀ ਨਾਲ ਹੀ ਵੇਖਦੇ ਹਨ। ਆਪਾਂ ਇਸ ਦੌਰ ਵਿਚੋਂ ਲੰਘ ਰਹੇ ਹਾਂ। ਵੱਡੇ ਸਟੋਰਾਂ ਨੂੰ ਸਾਡੇ ਪਲੈਨਿੰਗ ਵਾਲੇ ਮਹਿਕਮੇ ਨੇ ਇਜ਼ਾਜਤ ਨਹੀਂ ਦਿੱਤੀ ਕਿਉਂਕਿ ਉਹ ਵਾਤਾਵਰਣ ਅਤੇ ਸੇਫਟੀ ਦੀਆਂ ਸ਼ਰਤਾਂ ਪੂਰੀਆ ਨਹੀਂ ਕਰ ਸਕੇ। ਦੋ ਹੋਰ ਨਵੇਂ ਸਟੋਰ ਸਾਡੇ ਵਾਲੇ ਮਾਡਲ ਨੂੰ ਮੰਨ ਕੇ ਅਗਲੇ ਕੁਝ ਹਫ਼ਤਿਆਂ ਵਿਚ ਖੁੱਲ੍ਹ ਰਹੇ ਹਨ----।'

ਕਈ ਕਾਂਊਸਲਰਾਂ ਨੇ ਆਪਣੇ ਵਿਚਾਰ ਦਿੱਤੇ। ਭਰਵੀਂ ਬਹਿਸ ਬਾਅਦ ਵਾਤਾਵਰਣ ਦੇ ਵਿਸ਼ੇ 'ਤੇ ਗੱਲ ਕਰਨ ਲਈ ਸਬੰਧਤ ਮਹਿਕਮੇ ਦੇ ਜ਼ਿੰਮੇਵਾਰ ਕਾਂਊਸਲਰ ਨੂੰ ਬੋਲਣ ਲਈ ਕਿਹਾ ਗਿਆ। ਇਕ ਹਰੀ ਪੱਗੜੀ ਅਤੇ ਦਾਹੜ੍ਹੀ ਨੂੰ ਫਿਕਸੋ ਨਾਲ ਜਮਾਈ ਸਰਦਾਰ ਜੀ ਖੜ੍ਹੇ ਹੋਏ।

'ਇਸ ਸਾਲ ਗੁਰੂ ਨਾਨਕ ਦੇਵ ਜੀ ਦਾ ਸਾਢੇ ਪੰਜ ਸੌਂਵਾਂ ਜਨਮ ਸਾਲ ਹੈ। ਸ਼ਹਿਰ ਵਿਚ ਲੋਕਾਂ ਦੀ ਮਦਦ ਨਾਲ ਸਾਲ ਵਿਚ ਸਾਢੇ ਪੰਜ ਸੌ ਦਰੱਖ਼ਤ ਲਾਉਣ ਦਾ ਪ੍ਰੋਗਰਾਮ ਬਣਾਇਆ ਗਿਆ ਹੈ। ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਹਰ ਹਫ਼ਤੇ ਦਸ ਰੁੱਖ ਲਾਉਣ ਦਾ ਟੀਚਾ ਮਿਥਿਆ ਗਿਆ ਸੀ ਤੇ ਪਿਛਲੇ ਤਿੰਨ ਹਫਤਿਆਂ ਵਿਚ ਤੇਤੀ ਰੁੱਖ ਲਾਏ ਜਾ ਚੁੱਕੇ ਹਨ। ਅਸੀਂ ਗੁਰੂ ਜੀ ਦੀ ਸਿੱਖਿਆ ਅਨੁਸਾਰ ਵਾਤਾਵਰਣ ਨੂੰ ਸਵੱਛ ਬਣਾਉਣ ਦਾ ਉਪਰਾਲਾ ਕੀਤਾ ਹੈ। ਦੂਸਰੀ ਗੱਲ ਅੱਜ ਕੱਲ੍ਹ ਇਕ ਵਾਰ ਵਰਤੋਂ ਕਰਕੇ ਸੁੱਟ ਦੇਣ ਵਾਲੇ ਪਲਾਸਟਕ ਨਾਲ ਵਾਤਾਵਰਣ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ।

ਉਦਾਹਰਣ ਵਜੋਂ ਬਹੁਤ ਸਾਰੇ ਲੋਕ ਕਿਚਨ ਦੀ ਟੂਟੀ ਦਾ ਤਾਜ਼ਾ ਤੇ ਸਾਫ਼ ਪਾਣੀ ਪੀਣ ਦੀ ਥਾਂ ਬੋਤਲ ਵਾਲਾ ਪਾਣੀ ਪੀਣ ਲੱਗੇ ਹਨ। ਮਹਿੰਗਾ ਤਾਂ ਉਹ ਹੁੰਦਾ ਹੀ ਹੈ। ਪਰ ਸੋਚੋ, ਜੇ ਇਕ ਚਾਰ ਮੈਂਬਰਾਂ ਦਾ ਪਰਿਵਾਰ ਇਕ ਦਿਨ ਵਿਚ ਇਕ ਇਕ ਲਿਟਰ ਪਾਣੀ ਪੀਵੇ ਤਾਂ ਹਫ਼ਤੇ ਵਿਚ ਉਹ ਇਕ ਲਿਟਰ ਵਾਲੀਆਂ ਅਠਾਈ-ਤੀਹ ਬੋਤਲਾਂ ਖਾਲੀ ਕਰਕੇ ਸੁੱਟਦਾ ਹੈ। ਸਾਲ ਵਿਚ ਤਕਰੀਬਨ ਪੰਦਰਾਂ ਸੌ। ਏਨੀਆਂ ਬੋਤਲਾਂ ਨਾਲ ਤਾਂ ਕਮਰਾ ਭਰ ਜਾਂਦਾ ਹੈ। ਤੁਸੀਂ ਦੇਖੋ ਸਿਰਫ ਸਾਡੀ ਕਾਂਊਸਲ ਵਿਚ ਹੀ ਕਿੰਨਾ ਪਲਾਸਟਕ ਸਿਰਫ਼ ਪਾਣੀ ਦੀਆਂ ਬੋਤਲਾਂ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਤ ਕਰਦਾ ਹੈ। ਅਸੀਂ ਮੁਹਿੰਮ ਚਲਾ ਰਹੇ ਹਾਂ ਕਿ ਬੋਤਲਾਂ ਦਾ ਪਾਣੀ ਪੀਣ ਦੀ ਥਾਂ ਟੂਟੀ ਦਾ ਪਾਣੀ ਪੀਤਾ ਜਾਵੇ-----।'

ਮੀਟਿੰਗ ਵਿਚ ਬਹੁਤ ਸਾਰੇ ਵਿਚਾਰ ਆਏ। ਇਕ ਵਿਚਾਰ ਇਹ ਵੀ ਸੀ ਕਿ ਲੋਕਾਂ ਨੂੰ ਨਾਲ ਲਏ ਬਿਨਾ ਕੋਈ ਮੁਹਿੰਮ ਚੰਗੇ ਸਿੱਟੇ ਨਹੀ ਦੇ ਸਕਦੀ। ਲੋਕਾਂ ਨੂੰ ਨਾਲ ਲੈ ਕੇ ਚੱਲਣ ਦੇ ਵਿਸ਼ੇ 'ਤੇ ਤਾਂ ਸਾਰੇ ਸਹਿਮਤ ਸਨ। ਬਹੁਤੀ ਬਹਿਸ ਲੋਕਾਂ ਨੂੰ ਨਾਲ ਕਿਵੇਂ ਜੋੜਨਾ ਹੈ, ਦੇ ਢੰਗ ਤਰੀਕਿਆਂ 'ਤੇ ਹੋਈ। ਗੱਲ ਕਿਸੇ ਸਿਰੇ ਨਾ ਲੱਗੀ ਤਾਂ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਜਿਸ ਨੇ ਲੋਕਾਂ ਦੇ ਵਿਚਾਰ ਲੈ ਕੇ ਬਾਰਾਂ ਹਫ਼ਤਿਆਂ ਵਿਚ ਰਿਪੋਰਟ ਪੇਸ਼ ਕਰਨੀ ਸੀ ਤੇ ਫਿਰ ਆਖਰੀ ਫੈਸਲਾ ਲਿਆ ਜਾਣਾ ਸੀ। ਉਪ੍ਰੋਕਤ ਵਿਸ਼ਿਆਂ ਤੋਂ ਬਿਨਾਂ ਹੋਰ ਵੀ ਕਈ ਵਿਸ਼ੇ ਵਿਚਾਰੇ ਗਏ ਤੇ ਸਮੇਂ ਸਿਰ ਮੀਟਿੰਗ ਖ਼ਤਮ ਹੋ ਗਈ।

## 42

ਗੈਰੀ ਨੇ ਇਕਨਾਮਿਕਸ ਤੇ ਬਿਜਨਸ ਮੈਨੇਜਮੈਂਟ ਵਿਚ ਡਿਗਰੀ ਪੂਰੀ ਕਰ ਲਈ ਸੀ। ਹੁਣ ਉਸ ਦਾ ਖਿਆਲ ਬਿਜਨਸ ਕਰਨ ਦਾ ਸੀ। ਵੈਸੇ ਬਿਜਨਸ ਤਾਂ ਉਹ ਆਪਣੇ ਸਕੂਲ ਦੇ ਦਿਨਾਂ ਤੋਂ ਹੀ ਕਰ ਰਿਹਾ ਸੀ। ਉਹ ਕੋਈ ਨਾ ਕੋਈ ਚੀਜ਼ 'ਔਣ ਲਾਈਨ' ਲੱਭ ਲੈਂਦਾ ਤੇ ਥੋੜੀ ਮਾਤਰਾ ਵਿਚ ਮੰਗਵਾ ਲੈਂਦਾ। ਫਿਰ ਸਾਥੀ ਵਿਦਿਆਰਥੀਆਂ ਵਿਚ ਵੇਚ ਦਿੰਦਾ। ਉਸ ਨੇ ਆਪਣੇ ਨਾਲ ਜੋਅ ਅਤੇ ਜੋਰਜ ਨੂੰ ਵੀ ਜੋੜ ਲਿਆ ਸੀ। ਵੈਸੇ ਉਹਨਾਂ ਤਿੰਨਾਂ ਦੀ ਘੋਲ-ਘਲਾਈ ਵੀ ਹੁੰਦੀ ਰਹਿੰਦੀ। ਗੈਰੀ ਫੁੱਟਵਾਲ ਦਾ ਸ਼ੁਕੀਨ ਸੀ ਤੇ ਜੋਅ ਫੁੱਟਵਾਲ ਦੇ ਨਾਲ ਨਾਲ ਕ੍ਰਿਕਿਟ ਵੀ ਖੇਡ ਲੈਂਦਾ। ਵੈਸੇ ਉਹ ਥੋੜੀ ਬਹੁਤ ਬੌਕਸਿੰਗ ਵੀ ਕਰ ਲੈਂਦਾ। ਜੋਰਜ 'ਰਘਬੀ' ਵਿਚ ਦਿਲਚਸਪੀ ਰਖਦਾ ਸੀ ਤੇ ਸਕੂਲ ਦੀ ਟੀਮ ਵਿਚ ਚੰਗਾ ਖਿਡਾਰੀ ਸੀ। ਜਦੋਂ ਉਹ ਇਕੱਠੇ ਹੁੰਦੇ ਤਾਂ ਘਰ ਦੇ ਗਾਰਡਨ ਵਿਚ ਜਾਂ ਨੇੜੇ ਦੀ ਪਾਰਕ ਵਿਚ ਕੁਝ ਨਾ ਕੁਝ ਖੇਡਣ ਦਾ ਜੁਗਾੜ ਕਰ ਲੈਂਦੇ।

ਜੋਅ ਦਾ ਕਾਲਜ ਵਿਚ ਅਜੇ ਇਕ ਸਾਲ ਹੋਰ ਰਹਿੰਦਾ ਸੀ। ਜੋਰਜ ਅਜੇ ਪਹਿਲੇ ਸਾਲ ਹੀ ਯੂਨੀਵਰਸਟੀ ਗਿਆ ਸੀ। ਉਸ ਦੀ ਭੈਣ ਦੀ ਦਿਲਚਸਪੀ ਪ੍ਰੋਫੈਸਰ ਬਣਨ ਦੀ ਸੀ ਤੇ ਉਹ ਅੰਗਰੇਜ਼ੀ ਦੀ ਮਾਸਟਰਜ਼ ਕਰਨਾ ਚਾਹੁੰਦੀ ਸੀ। ਟੈਲੀਫ਼ੋਨ ਅਤੇ ਸੋਸ਼ਲ ਮੀਡੀਏ ਕਾਰਨ ਉਹ ਦੂਰ ਹੋਣ ਦੇ ਬਾਵਜੂਦ ਵੀ ਦੂਰ ਨਹੀਂ ਸਨ। ਉਹ ਤਿੰਨੇ ਹੀ ਕਾਲਜ ਦੇ ਦਿਨਾਂ ਵਿਚ ਵੀ ਕੋਈ ਨਾ ਕੋਈ ਚੀਜ਼ ਵੇਚਦੇ ਰਹਿੰਦੇ। ਗੈਰੀ ਦੇ ਦੋਸਤ ਪਾਰਟ ਟਾਈਮ ਕੰਮ ਕਰਕੇ ਕੁਝ ਪੈਸੇ ਕਮਾਉਂਦੇ। ਬਹੁਤੇ ਅੰਗਰੇਜ਼ ਪਰਿਵਾਰਾਂ ਦੇ ਬੱਚੇ ਤਾਂ ਸਟੂਡੈਂਟ ਗਰਾਂਟ ਲੈਂਦੇ ਤੇ ਕੁਝ ਛੁੱਟੀ ਵਾਲੇ ਦਿਨ ਜਾਂ ਸ਼ਾਮ ਨੂੰ ਕੰਮ ਕਰਕੇ ਖਰਚਾ ਚਲਾਉਂਦੇ। ਪਹਿਲੀ ਪੀੜ੍ਹੀ ਦੇ ਭਾਰਤੀ ਮਾਪਿਆਂ ਵਿਚ ਆਪਣੇ ਬੱਚਿਆਂ ਪ੍ਰਤੀ ਅਜੇ ਵੀ ਭਾਰਤੀ ਭਾਵਨਾ ਮੌਜੂਦ ਸੀ। ਉਹ ਉਹਨਾਂ ਦੀ ਪੜ੍ਹਾਈ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਸਨ। ਇਸ ਲਈ ਬਹੁਤ ਸਾਰੇ ਮਾਪੇ ਬੱਚਿਆਂ ਦਾ ਖਰਚਾ ਕੋਲੋਂ ਕਰਦੇ। ਜਿਹੜੇ ਨਹੀਂ ਕਰ ਸਕਦੇ ਸਨ ਉਹਨਾਂ ਦੇ ਬੱਚੇ ਮਜਬੂਰਨ ਗਰਾਂਟ ਲੈ ਲੈਂਦੇ। ਪਰ ਗੈਰੀ ਆਪਣਾ ਖਰਚਾ ਕੰਮ ਕਰਨ ਦੀ ਥਾਂ ਬਿਜਨਸ ਕਰਕੇ ਚਲਾਉਂਦਾ।

ਹੁਣ ਉਹ ਡਿਗਰੀ ਤੋਂ ਵਿਹਲਾ ਹੋ ਕੇ ਪਹਿਲਾਂ ਤਾਂ ਆਪਣੇ ਦੋਸਤਾਂ ਨਾਲ ਯੂਰਪ ਦੇ ਟੂਰ 'ਤੇ ਗਿਆ। ਪ੍ਰੀਤੋ ਨੇ ਉਸ ਨੂੰ ਆਪਣੇ ਕੋਲੋਂ ਕੁਝ ਪੈਸੇ ਚੁੱਪ ਚਾਪ ਫੜਾ ਦਿੱਤੇ ਸਨ। ਗੈਰੀ ਨੇ ਉਸ ਨੂੰ ਜੱਫ਼ੀ ਪਾ ਕੇ ਉਸ ਦੀ ਗੱਲ੍ਹ ਨੂੰ ਚੁੰਮਿਆ ਤਾਂ ਪ੍ਰੀਤੋ ਨੂੰ ਇਕ ਪੁਰਾਣੀ ਘਟਨਾ ਯਾਦ ਆ ਗਈ।

ਪਹਿਲੀ ਵਾਰ ਪੈਵ ਦੇ ਸਹੁਰੇ ਉਹਨਾਂ ਨੂੰ ਮਿਲਣ ਆਏ ਤਾਂ ਉਹਨਾਂ ਨੇ ਆਉਂਦਿਆਂ ਨੇ ਹੱਥ ਮਿਲਾਏ। ਗੈਰੀ ਦੀ ਸੱਸ ਨੇ ਤਾਂ ਨਾਜਰ ਨੂੰ ਜੱਫ਼ੀ ਪਾ ਕੇ ਉਹਦੀ

ਗੱਲ੍ਹ 'ਤੇ ਚੁੰਮਣ ਦਿੱਤਾ। ਇਹ ਉਹਨਾਂ ਦਾ ਰਿਵਾਜ ਸੀ ਤੇ ਨਾਜਰ ਹੁਣ ਤੱਕ ਇਸ ਰਸਮ ਨੂੰ ਜਾਣ ਚੁੱਕਾ ਸੀ। ਖਾਣਾ ਖਾਣ ਬਾਅਦ ਜਦੋਂ ਉਹ ਜਾਣ ਲੱਗੇ ਤਾਂ ਪੈਵ ਦੇ ਸਹੁਰੇ ਨੇ ਪ੍ਰੀਤੋ ਨੂੰ ਜੱਫ਼ੀ ਵੀ ਪਾ ਲਈ ਤੇ ਗੱਲ੍ਹ 'ਤੇ ਚੁੰਮਣ ਵੀ ਦਿੱਤਾ। ਪ੍ਰੀਤੋ ਦਾ ਮੂੰਹ ਤਾਂ ਸ਼ਰਮ ਨਾਲ ਲਾਲ ਹੋ ਗਿਆ। ਉਹ ਘਰੋਂ ਅਜੇ ਨਿਕਲੇ ਹੀ ਸਨ ਤੇ ਪ੍ਰੀਤੋ ਆਪਣੀ ਗੱਲ੍ਹ ਨੂੰ ਹੱਥ ਨਾਲ ਮਲ ਰਹੀ ਸੀ ਜਿਵੇਂ ਜੂਠ ਸਾਫ਼ ਕਰ ਰਹੀ ਹੋਵੇ। ਨਾਜਰ ਨੇ ਸੁਭਾਵਕ ਹੀ ਉਸ ਵੱਲ ਵੇਖਿਆ।

'ਜੈ ਖਾਣੇ ਦਾ ਧੱਕੇ ਨਾਲ ਈ ਮੇਰੀ ਚੁੰਮੀ ਲੈ ਗਿਆ। ਦਫਾ ਹੁਣਿਆ ਦੇ ਕਿਹੋ ਜੇ ਬੇਸ਼ਰਮ ਰਵਾਜ ਆ।'

ਪ੍ਰੀਤੋ ਨੇ ਗੱਲ੍ਹ ਮਲਦੀ ਨੇ ਕਿਹਾ ਤਾਂ ਪੈਵ ਹੁਰੀਂ ਖਿੜ-ਖੜਾ ਕੇ ਹੱਸ ਪਏ ਤੇ ਮਿਸ਼ੇਲ ਨੂੰ ਇਸ ਹਾਸੇ ਬਾਰੇ ਕੁਝ ਪਤਾ ਨਹੀਂ ਸੀ ਲੱਗਿਆ। ਉਹ ਹੈਰਾਨ ਜਿਹੀ ਉਹਨਾਂ ਵੱਲ ਵੇਖਦੀ ਰਹੀ। ਪੈਵ ਨੇ ਜਦ ਉਸ ਨੂੰ ਦੱਸਿਆ ਤਾਂ ਉਹ ਵੀ ਹੈਰਾਨ ਹੋਈ ਤੇ ਫਿਰ ਹੱਸਣ ਲੱਗੀ। ਅੱਜ ਗੈਰੀ ਨੇ ਵੀ ਉਹੀ ਗੱਲ ਕੀਤੀ ਸੀ ਤੇ ਪ੍ਰੀਤੋ ਅੰਦਰੇ ਅੰਦਰ ਮੁਸਕਰਾ ਰਹੀ ਸੀ। ਉਸ ਨੂੰ ਇਸ ਚੁੰਮਣ ਵਿਚੋਂ ਪੋਤੇ ਦਾ ਪਿਆਰ ਛਲਕਦਾ ਮਹਿਸੂਸ ਹੋਇਆ ਸੀ।

ਛੁੱਟੀਆਂ ਦੀ ਵਾਪਿਸੀ ਤੋਂ ਬਾਅਦ ਗੈਰੀ ਨੇ ਪੈਵ ਨਾਲ ਗੱਲ ਕੀਤੀ। ਉਸ ਨੇ ਰਾਜੂ ਨਾਲ ਵਿਚਾਰ ਕੀਤੀ ਤੇ ਉਹਨਾਂ ਨੇ ਫੈਸਲਾ ਕੀਤਾ ਕਿ ਫੈਮਲੀ ਬਿਜਨਸ ਕੀਤਾ ਜਾਵੇ। ਉਹਨਾਂ ਨੇ ਇਹੋ ਗੱਲ ਮੁੰਡਿਆਂ ਨਾਲ ਸਾਂਝੀ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਉਹ ਤਾਂ ਪਹਿਲਾਂ ਹੀ ਇਹ ਫੈਸਲਾ ਕਰ ਚੁੱਕੇ ਹਨ। ਗੱਲ ਨਾਜਰ ਕੋਲ ਵੀ ਪਹੁੰਚ ਗਈ।

'ਪੁੱਤ ਚੰਗੀ ਗੱਲ ਆ। ਮੇਰੇ ਖਿਆਲ 'ਚ ਥੋੜ੍ਹਾ ਬਹੁਤਾ ਚਿਰ ਪਹਿਲਾਂ ਕਿਸੇ ਸਟੋਰ 'ਚ ਕੰਮ ਕਰ। ਪੜ੍ਹਾਈ ਆਵਦੀ ਥਾਂ 'ਤੇ ਐ ਤੇ ਤਜਰਬਾ ਆਵਦੀ ਥਾਂ। ਦੂਜੀ ਗੱਲ ਸਾਡੇ ਕੋਲ ਕੁਸ ਪੈਸੇ ਪਏ ਆ ਬੈਂਕ 'ਚ। ਤੁਸੀਂ ਉਹ ਵਰਤ ਲਉ। ਅਸੀਂ ਤਾਂ ਹੁਣ ਕਿੱਥੇ ਲੈ ਕੇ ਜਾਣੇ ਆ।' ਸੁਣ ਕੇ ਗੈਰੀ ਨੇ ਉਸ ਦਾ ਧੰਨਵਾਦ ਕੀਤਾ ਤੇ ਉਸ ਦੇ ਗਲ ਲੱਗ ਕੇ ਮਿਲਿਆ।

ਗੈਰੀ ਨੂੰ ਦਾਦੇ ਦੀ ਰਾਇ ਪਸੰਦ ਆਈ ਤੇ ਉਹ ਕੰਮ ਲੱਭਣ ਦੀ ਕੋਸ਼ਿਸ਼ ਕਰਨ ਲੱਗਾ। ਕਈ ਦਿਨਾਂ ਦੀ ਕੋਸ਼ਿਸ਼ ਬਾਅਦ ਉਸ ਨੂੰ ਹੰਸਲੋ ਵੈਸਟ ਦੇ ਇਕ ਪੰਜਾਬੀ ਬੰਦੇ ਦੇ ਸਟੋਰ ਵਿਚ ਕੰਮ ਦੀ ਦੱਸ ਪਈ ਤਾਂ ਗੈਰੀ ਉਥੇ ਪਹੁੰਚ ਗਿਆ। ਮਿਸਟਰ ਗਿੱਲ ਨੇ ਉਸ ਤੋਂ ਜਾਣਕਾਰੀ ਲਈ।

'ਇਕ ਤਾਂ ਤੇਰੇ ਕੋਲ ਤਜਰਬਾ ਨੀ। ਨਵੇਂ ਬੰਦੇ ਲਈ ਗਰਾਸਰੀ ਦੇ ਸਟੋਰ 'ਚ ਸਿੱਖਣ ਵਾਲਾ ਬਹੁਤ ਕੁਝ ਹੁੰਦਾ ਤੇ ਸਮਾਂ ਲਗਦਾ। ਖਾਸ ਕਰਕੇ ਜਦੋਂ ਜੌਬ ਮੈਨੇਜਰ ਦੀ ਹੋਵੇ।' ਮਿਸਟਰ ਗਿੱਲ ਦੁਚਿੱਤੀ ਵਿਚ ਸੀ।

'ਸਰ ਤੁਸੀਂ ਮੈਨੂੰ ਬਿਨਾਂ ਤਨਖਾਹ ਤੋਂ ਕੰਮ 'ਤੇ ਰੱਖ ਲਵੋ। ਜਦੋਂ ਤੁਹਾਨੂੰ ਯਕੀਨ ਹੋ ਜਾਵੇ ਕਿ ਮੈਂ ਸਟੋਰ ਸਾਂਭਣ ਦੇ ਯੋਗ ਹਾਂ ਤਾਂ ਮੈਨੂੰ ਤਨਖਾਹ ਦੇਣੀ ਸ਼ੁਰੂ ਕਰ ਦੇਣੀ।'

ਮਿਸਟਰ ਗਿੱਲ ਨੇ ਹੈਰਾਨੀ ਨਾਲ ਉਸ ਵੱਲ ਵੇਖਿਆ।

'ਕੀ ਨਾਂ ਦੱਸਿਆ ਸੀ ਤੂੰ?'

'ਗੈਰੀ ਸਹੋਟਾ, ਸਰ।'

'ਸਹੋਟਾ!'

'ਸਰ ਮੇਰਾ ਡੈਡ ਇੰਡੀਅਨ ਐ ਤੇ ਮੇਰੀ ਮਾਂ ਇੰਗਲਿਸ਼। ਮੇਰੇ ਗਰੈਂਡ ਫਾਦਰ ਦਾ ਸਾਊਥਾਲ ਬਰਾਡਵੇਅ 'ਤੇ ਗਰਾਸਰੀ ਸਟੋਰ ਹੁੰਦਾ ਸੀ।' ਗੈਰੀ ਨੇ ਉਸ ਦੀ ਹੈਰਾਨੀ ਦੂਰ ਕਰਨ ਲਈ ਜਾਣਕਾਰੀ ਦਿੱਤੀ।

'ਮਿਸਟਰ ਨਾਜਰ ਸਿੰਘ ਸਹੋਤਾ, ਤੇਰੇ ਗਰੈਂਡ ਫਾਦਰ ਐ?'

'ਜੀ।'

'ਕੀ ਹਾਲ ਐ ਉਹਨਾਂ ਦਾ? ਮੈਂ ਉਹਨਾਂ ਨਾਲ ਚਾਰ ਸਾਲ ਕੰਮ ਕੀਤਾ ਸੀ। ਜਦੋਂ ਮੈਂ ਆਪਣੀ ਦੁਕਾਨ ਖਰੀਦਣ ਬਾਰੇ ਉਹਨਾਂ ਨੂੰ ਦੱਸਿਆ ਤਾਂ ਉਹ ਬਹੁਤ ਖੁਸ਼ ਹੋਏ ਤੇ ਮੇਰੀ ਹਰ ਕਿਸਮ ਦੀ ਮਦਦ ਕਰਨ ਲਈ ਤਿਆਰ ਵੀ ਸਨ ਤੇ ਉਹਨਾਂ ਨੇ ਮੈਨੂੰ ਸਦਾ ਹੀ ਬਹੁਤ ਚੰਗੀ ਰਾਇ ਵੀ ਦਿੱਤੀ। ਮੈਂ ਉਹਨਾਂ ਦੀ ਬਹੁਤ ਇੱਜ਼ਤ ਕਰਦਾਂ। ਬਹੁਤੇ ਬੰਦੇ ਤਾਂ ਈਰਖਾ ਕਰਨ ਲੱਗ ਜਾਂਦੇ ਐ ਬਈ ਉਹਨਾਂ ਦਾ ਨੌਕਰ ਉਹਨਾਂ ਬਰਾਬਰ ਹੋ ਰਿਹਾ। ਕੀ ਹਾਲ ਐ ਉਹਨਾਂ ਦਾ?'

'ਵੈਸੇ ਤਾਂ ਠੀਕ ਐ ਜੀ। ਪਰ ਉਮਰ ਨਾਲ ਕਮਜ਼ੋਰੀ ਤਾਂ ਆ ਹੀ ਜਾਂਦੀ ਐ।'

'ਇਕ ਉਹਨਾਂ ਦਾ ਦੋਸਤ ਹੁੰਦਾ ਸੀ ਮਾਸਟਰ ਅਤਰ ਸਿੰਘ ਤੇ ਇਕ ਸ਼ੇਰਾ ਹੁੰਦਾ ਸੀ।'

'ਸ਼ੇਰਾ ਅੰਕਲ ਤਾਂ ਇੰਡੀਆ ਚਲੇ ਗਏ ਸੀ ਤੇ ਉਥੇ ਈ ਉਹਨਾਂ ਦੀ ਮੌਤ ਹੋ ਗਈ। ਮਾਸਟਰ ਅੰਕਲ ਹੁਣ ਤਕਰੀਬਨ ਬੈਡ ਜੋਗੇ ਈ ਆ। ਮੇਰਾ ਅੰਕਲ ਰਾਜੂ ਜਾਂ ਮੇਰੇ ਡੈਡ ਉਹਨਾਂ ਨੂੰ ਦਿਨ ਵਿਚ ਇਕ ਅੱਧ ਵਾਰ ਜ਼ਰੂਰ ਮਿਲਣ ਜਾਂਦੇ ਐ ਤੇ ਕਦੇ ਕਦੇ ਮੇਰੇ ਗਰੈਂਡਫਾਦਰ ਵੀ ਉਹਨਾਂ ਨਾਲ ਚਲੇ ਜਾਂਦੇ ਐ। ਸਰਕਾਰ ਵੱਲੋਂ 'ਮੀਲ ਔਣ ਦਾ ਵੀਲ੍ਹ' ਨਾਂ ਦੀ ਸੰਸਥਾ ਤਿੰਨ ਵੇਲੇ ਭੋਜਨ ਵੀ ਦੇ ਜਾਂਦੀ ਤੇ ਦੇਖ-ਭਾਲ ਵੀ ਕਰ ਜਾਂਦੀ ਐ। ਉਹਨਾਂ ਦੀ ਪਤਨੀ ਤਾਂ ਕੁਝ ਸਾਲ ਪਹਿਲਾਂ ਮਰ ਗਈ ਸੀ ਤੇ ਬੱਚਾ ਉਹਨਾਂ ਦੇ ਹੈ ਨਹੀਂ।'

ਗਿੱਲ ਨੇ ਕਿਸੇ ਨੂੰ ਫ਼ੋਨ ਕੀਤਾ ਤੇ ਕੌਫੀ ਦੇ ਦੋ ਕੱਪ ਲਿਆਉਣ ਲਈ ਕਿਹਾ। ਗੈਰੀ ਨੇ ਨਾਂਹ ਕਰਨ ਦੀ ਕੋਸ਼ਿਸ਼ ਕੀਤੀ ਪਰ ਗਿੱਲ ਨੇ ਉਸ ਨੂੰ ਅਣ-ਸੁਣਿਆ ਕਰ ਦਿੱਤਾ।

'ਗੈਰੀ ਕਦੋਂ ਤੋਂ ਕੰਮ ਸ਼ੁਰੂ ਕਰ ਸਕਦਾਂ?'

'ਕੱਲ੍ਹ ਤੋਂ ਜੇ ਤੁਸੀਂ ਚਾਹੋ ਤਾਂ।'

'ਸੋਮਵਾਰ ਤੋਂ ਸ਼ੁਰੂ ਕਰ ਲਈਂ। ਆਪਣਾ ਬੈਂਕ ਅਕਾਊਂਟ ਮੈਨੂੰ ਭੇਜ ਦੇਵੀਂ ਤੇ ਪੈਸੇ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਤੇਰੇ ਅਕਾਊਂਟ ਵਿਚ ਪਹੁੰਚ ਜਾਇਆ ਕਰਨਗੇ।'

ਕੌਫੀ ਪੀਂਦਿਆਂ ਤੇ ਗੱਲਾਂ ਕਰਦਿਆਂ ਗੈਰੀ ਆਪਣੇ ਆਪ ਨਾਲ ਬਹਿਸ ਕਰ ਰਿਹਾ ਸੀ। ਗਿੱਲ ਨੇ ਉਸ ਨੂੰ ਜੌਬ ਗਰੈਂਡ ਡੈਡ ਦੇ ਕਾਰਨ ਦਿੱਤੀ ਸੀ। ਉਹ ਆਪਣੇ

ਗਰੈਂਡ ਡੈਡ ਦੇ ਨਾਂ ਨੂੰ ਦਾਗ ਨਹੀਂ ਲੱਗਣ ਦੇਣਾ ਚਾਹੁੰਦਾ ਸੀ। ਕੌਫੀ ਪੀ ਕੇ ਉਹ ਉੱਠਿਆ ਤੇ ਹੱਥ ਮਿਲਾ ਕੇ ਜਾਣ ਲੱਗਾ। ਪਰ ਫਿਰ ਬੈਠ ਗਿਆ ਤੇ ਮਿਸਟਰ ਗਿੱਲ ਨੇ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਿਆ।

'ਸਰ ਮੈਂ ਤੁਹਾਨੂੰ ਧੋਖੇ ਵਿਚ ਨਹੀਂ ਰੱਖ ਸਕਦਾ। ਮੇਰੇ ਖਿਆਲ ਵਿਚ ਤੁਸੀਂ ਕਿਸੇ ਹੋਰ ਨੂੰ ਕੰਮ 'ਤੇ ਰੱਖ ਲਵੋ। ਮੈਂ ਤਾਂ ਕੁਝ ਮਹੀਨੇ ਕੰਮ ਕਰਕੇ ਤਜਰਬਾ ਹਾਸਲ ਕਰਨਾ ਚਾਹੁੰਨਾ ਤੇ ਇਸ ਸਮੇਂ ਵਿਚ ਆਪਣੇ ਲਈ ਕੋਈ ਸਟੋਰ ਲੱਭਣਾ ਐ। ਜਦੋਂ ਈ ਕੋਈ ਸਟੋਰ ਮਿਲ ਗਿਆ ਮੈਂ ਕੰਮ ਛੱਡ ਦੇਣਾ। ਤੁਸੀਂ ਮੇਰੇ ਗਰੈਂਡ ਫਾਦਰ ਨੂੰ ਜਾਣਦੇ ਐਂ ਤੇ ਮੈਂ ਤੁਹਾਨੂੰ ਸਪੱਸ਼ਟ ਗੱਲ ਦੱਸਣਾ ਫਰਜ਼ ਸਮਝਦਾਂ।'

ਗਿੱਲ ਨੇ ਕੁਰਸੀ ਦੀ ਢੋਅ ਨਾਲ ਪਿੱਠ ਜੋੜ ਲਈ ਤੇ ਅਰਾਮ ਨਾਲ ਬੈਠ ਕੇ ਗੈਰੀ ਨੂੰ ਵੇਖਣ ਲੱਗਾ। ਗੈਰੀ ਨੂੰ ਮਹਿਸੂਸ ਹੋਇਆ ਜਿਵੇਂ ਗਿੱਲ ਉਸ ਬਾਰੇ ਨਾ-ਖੁਸ਼ ਹੋਵੇ। ਉਸ ਨੂੰ ਆਪਣਾ ਆਪ ਹੀਣਾ ਮਹਿਸੂਸ ਹੋਣ ਲੱਗਾ।

'ਏਨਾ ਸਪੱਸ਼ਟ ਨਾਜਰ ਸਿੰਘ ਸਹੋਤੇ ਦਾ ਪੋਤਾ ਹੀ ਹੋ ਸਕਦਾ। ਮੇਰੇ ਮਨ ਵਿਚ ਤੇਰੀ ਇਸ ਸਪੱਸ਼ਟਤਾ ਨਾਲ ਹੋਰ ਵੀ ਇੱਜ਼ਤ ਵਧ ਗਈ ਆ। ਤੂੰ ਕੰਮ ਸ਼ੁਰੂ ਕਰ। ਵੈਸੇ ਮੈਂ ਵੀ ਸਟੋਰ ਲੀਜ਼ 'ਤੇ ਦੇ ਕੇ ਰਿਟਾਇਰ ਹੋਣਾ ਚਾਹੁੰਨਾ। ਪਰ ਇਹ ਗੱਲ ਆਪਾਂ ਫੇਰ ਕਰਾਂਗੇ।' ਉਹਨਾਂ ਨੇ ਇਕ ਵਾਰ ਫਿਰ ਹੱਥ ਮਿਲਾਇਆ ਤੇ ਦੋਵੇਂ ਆਪਣੀ ਆਪਣੀ ਥਾਂ ਖੁਸ਼ ਸਨ। ਗੈਰੀ ਘਰ ਜਾਣ ਦੀ ਥਾਂ ਪਹਿਲਾਂ ਨਾਜਰ ਕੋਲ ਚਲਾ ਗਿਆ।

ਛੇ ਕੁ ਮਹੀਨੇ ਵਿਚ 'ਫਿਊਚਰ ਲਿਵਿੰਗ ਲਿਮਟਿਡ ਕੰਪਨੀ' ਦੇ ਨਾਂ 'ਤੇ ਉਹਨਾਂ ਨੇ ਗਿੱਲ ਤੋਂ ਸਟੋਰ ਖਰੀਦ ਲਿਆ। ਏਨੇ ਸਮੇਂ ਵਿਚ ਗੈਰੀ ਨੂੰ ਸਟੋਰ ਦੀ ਸੇਲ 'ਤੇ ਆਮਦਨ ਬਾਰੇ ਪਤਾ ਲੱਗ ਹੀ ਗਿਆ ਸੀ। ਵੈਸੇ ਵੀ ਹੰਸਲੋ ਵੈਸਟ ਕਾਫੀ ਬਿਜ਼ੀ ਏਰੀਆ ਸੀ। ਪਹਿਲਾਂ ਗੈਰੀ ਇਕੱਲਾ ਡਾਇਰੈਕਟਰ ਸੀ ਤੇ ਫਿਰ ਸਮੇਂ ਨਾਲ ਜੋਅ ਅਤੇ ਜੋਰਜ ਵੀ ਡਾਇਰੈਕਟਰ ਬਣ ਗਏ ਸਨ।

ਕੁਝ ਕੁ ਸਾਲਾਂ ਵਿਚ ਹੀ ਇਸ ਕੰਪਨੀ ਨੇ ਚੰਗੀ ਤਰੱਕੀ ਕੀਤੀ ਤੇ ਡਾਇਰੈਕਟਰਾਂ ਨੇ ਮਾਸਟਰ ਅਤਰ ਸਿੰਘ ਦੇ ਵਿਚਾਰਾਂ ਦੇ ਪ੍ਰਭਾਵ ਹੇਠ ਤਨਖਾਹਾਂ ਦਾ ਪੈਟਰਨ ਵੀ ਬਦਲਿਆ ਤੇ ਵਰਕਰਾਂ ਨੂੰ ਕੰਪਨੀ ਦੇ ਹਿੱਸੇ ਵੀ ਦਿੱਤੇ ਸਨ।

ਹੁਣ ਸਕੌਟ ਨੂੰ ਪਤਾ ਲੱਗਿਆ ਸੀ ਕਿ ਕੰਪਨੀ ਆਮ ਕੰਪਨੀਆਂ ਨਾਲੋਂ ਕਿਵੇਂ ਵੱਖਰੀ ਸੀ।

## 43

ਬੌਬ ਨੂੰ ਪਤਾ ਚੱਲ ਗਿਆ ਸੀ ਕਿ ਰੰਧਾਵੇ ਨੂੰ ਪੁਲੀਸ ਨੇ ਪਕੜ ਲਿਆ ਹੈ। ਉਸ ਦੀ ਆਤਮਾ ਗੁਨਾਹਾਂ ਦੇ ਭਾਰ ਹੇਠ ਤਾਂ ਪਹਿਲਾਂ ਹੀ ਦਬੀ ਹੋਈ ਸੀ। ਹੁਣ ਉਹਨਾਂ ਗੁਨਾਹਾਂ ਦੇ ਫ਼ਲ ਨੂੰ ਭੁਗਤਣ ਦਾ ਵੇਲਾ ਆ ਪਹੁੰਚਾ ਸੀ। ਉਸ ਨੂੰ ਸਪੱਸ਼ਟ ਸੀ ਕਿ ਉਹ ਘੱਟੋ ਘੱਟ ਦਸ ਕੁ ਸਾਲ ਤਾਂ ਜੇਲ੍ਹ ਵਿਚ ਜ਼ਰੂਰ ਕੱਟੇਗਾ। ਸੋਚ ਕੇ ਉਸ ਦਾ ਅੰਦਰਲਾ ਕੰਬ ਗਿਆ।

ਉਸ ਨੇ ਕੈਨੇਡਾ ਜਾਂ ਅਮਰੀਕਾ ਭੱਜ ਜਾਣ ਬਾਰੇ ਸੋਚਿਆ। ਕੈਨੇਡਾ ਜਾਂ ਅਮਰੀਕਾ ਤੋਂ ਇੰਗਲੈਂਡ ਕਿਸੇ ਵੀ ਅਪਰਾਧੀ ਨੂੰ ਵਾਪਿਸ ਲਿਆਉਣਾ ਸੌਖਾ ਸੀ। ਉਸ ਨੇ ਆਪਣਾ ਧਿਆਨ ਇੰਡੀਆ ਵੱਲ ਕੀਤਾ। ਉਸ ਨੂੰ ਇਹ ਖਿਆਲ ਜਚ ਗਿਆ। ਉਸ ਲਈ ਜਲਦੀ ਤੋਂ ਜਲਦੀ ਇੰਗਲੈਂਡ ਵਿਚੋਂ ਬਾਹਰ ਨਿਕਲਣਾ ਬਹੁਤ ਜ਼ਰੂਰੀ ਸੀ।

ਉਸ ਨੇ ਆਪਣੀ ਪਤਨੀ ਨੂੰ ਪਾਸਪੋਰਟ ਤੇ ਕੁਝ ਕੱਪੜੇ ਲੈ ਕੇ ਲੂਟਨ ਏਅਰਪੋਰਟ ’ਤੇ ਪਹੁੰਚਣ ਲਈ ਕਿਹਾ। ਆਪ ਉਸ ਨੇ ਆਣ ਲਾਈਨ ਸੀਟ ਬੁੱਕ ਕਰ ਲਈ। ਉਸ ਦੀ ਪਤਨੀ ਨੇ ਚਾਲੀ ਕੁ ਮਿੰਟ ਵਿਚ ਲੂਟਨ ਪਹੁੰਚ ਜਾਣਾ ਸੀ। ਉਹ ਵੀ ਟੈਕਸੀ ਵਿਚ ਲੂਟਨ ਨੂੰ ਚੱਲ ਪਿਆ। ਏਥਨਜ਼ ਦੀ ਫਲਾਈਟ ਚੱਲਣ ਵਿਚ ਅਜੇ ਡੇਢ ਘੰਟਾ ਰਹਿੰਦਾ ਸੀ। ਜੇ ਸਭ ਕੁਝ ਸਹੀ ਚਲਦਾ ਗਿਆ ਤਾਂ ਉਹ ਡੇਢ ਘੰਟੇ ਵਿਚ ਦੇਸ਼ ਵਿਚੋਂ ਫਰਾਰ ਹੋ ਜਵੇਗਾ। ਟੈਕਸੀ ਵਾਲਾ ਉਸ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਉਹ ਉਸ ਨੂੰ ਕੋਈ ਜਵਾਬ ਦੇਣ ਲਈ ਤਿਆਰ ਨਹੀਂ ਸੀ ਤੇ ਟੈਕਸੀ ਵਾਲਾ ਵੀ ਚੁੱਪ ਕਰ ਗਿਆ।

ਜਦ ਵੀ ਕੋਈ ਆਮ ਜਿਹੀ ਵੀ ਪੁਲੀਸ ਕਾਰ ਕੋਲ ਦੀ ਲੰਘਦੀ ਤਾਂ ਬੌਬ ਦੇ ਦਿਲ ਦੀ ਧੜਕਣ ਤੇਜ਼ ਹੋ ਜਾਂਦੀ। ਕਦੀ ਉਸ ਨੂੰ ਲਗਦਾ ਉਹ ਆਪਣੇ ਪਿਉ ਨੂੰ ਪਿੱਠ ਦਿਖਾ ਰਿਹਾ ਸੀ। ਉਸ ਨੂੰ ਇਹ ਵੀ ਅਹਿਸਾਸ ਸੀ ਕਿ ਉਹ ਇਕ ਵਾਰ ਇੰਡੀਆ ਚਲਾ ਗਿਆ ਤਾਂ ਉਸ ਲਈ ਵਾਪਿਸ ਆਉਣਾ ਤਕਰੀਬਨ ਅਸੰਭਵ ਸੀ। ਉਹ ਆਪਣੀ ਪਤਨੀ, ਬੱਚਿਆਂ ਤੇ ਮਾਂ-ਪਿਉ ਨੂੰ ਇੰਡੀਆ ਵਿਚ ਹੀ ਮਿਲ ਸਕੇਗਾ। ਉਸ ਦਾ ਦਿਲ ਬੈਠ ਜਾਂਦਾ। ਫਿਰ ਉਹ ਦੂਸਰੇ ਪੱਖ ਤੋਂ ਸੋਚਦਾ। ਦਸ ਸਾਲ ਜੇਲ੍ਹ ਵਿਚ ਬੰਦ ਰਹਿ ਕੇ ਤਾਂ ਉਹ ਬੱਚਿਆਂ ਨਾਲ ਸਿਰਫ ਜੇਲ੍ਹ ਦੀ ਚਾਰ-ਦਵਾਰੀ ਵਿਚ ਬੰਦ ਰਹਿ ਕੇ ਹੀ ਮਾੜੀ ਮੋਟੀ ਮੁਲਾਕਾਤ ਕਰ ਸਕੇਗਾ। ਇਸ ਲਿਹਾਜ ਨਾਲ ਉਸ ਨੂੰ ਇੰਡੀਆ ਬਹੁਤ ਚੰਗਾ ਲੱਗਾ।

ਉਸ ਦੀ ਪਤਨੀ ਹਰ ਦੋ ਤਿੰਨ ਮਹੀਨੇ ਬਾਅਦ ਇੰਡੀਆ ਆ ਸਕਦੀ ਸੀ। ਕਦੀ ਬੱਚੇ ਵੀ ਆ ਸਕਦੇ ਸਨ। ਇਕ ਵਾਰ ਬੱਚੇ ਵਿਆਹੇ ਗਏ ਤਾਂ ਉਸ ਦੀ ਪਤਨੀ ਇੰਡੀਆ ਪੱਕੀ ਹੀ ਉਸ ਕੋਲ ਰਹਿ ਸਕਦੀ ਸੀ। ਪਰ ਕੀ ਉਹ ਅਜਿਹਾ ਕਰ ਸਕੇਗੀ?

ਇਹਨਾਂ ਸੋਚਾਂ ਵਿਚ ਡੁੱਬਿਆ ਉਹ ਲੂਟਨ ਏਅਰਪੋਰਟ ’ਤੇ ਪਹੁੰਚ ਗਿਆ। ਉਹ ਪਤਨੀ ਨੂੰ ਉਸ ਦੇ ਮੋਬਾਈਲ ’ਤੇ ਫ਼ੋਨ ਨਹੀਂ ਸੀ ਕਰਨਾ ਚਾਹੁੰਦਾ। ਆਪਣਾ ਫ਼ੋਨ ਉਸ ਨੇ ਬੰਦ ਕੀਤਾ ਹੋਇਆ ਸੀ। ਉਹ ਸੋਚਦਾ ਏਅਰਪੋਰਟ ਦੀ ਬਿਲਡਿੰਗ ਵਿਚ ਚਲਾ ਗਿਆ। ਉਸ ਦੀ ਨਜ਼ਰ ਗੇਟ ’ਤੇ ਲੱਗੀ ਹੋਈ ਸੀ। ਫਲਾਈਟ ਜਾਣ ਵਿਚ ਪੰਜਾਹ ਮਿੰਟ ਬਾਕੀ ਸਨ। ਉਹ ਬੇਸਬਰੀ ਨਾਲ ਉਸ ਦੀ ਉਡੀਕ ਕਰ ਰਿਹਾ ਸੀ।

ਏਅਰਪੋਟ ਬਿਲਡਿੰਗ ਵਿਚ ਤਿੰਨ ਪੁਲੀਸ ਅਫ਼ਸਰ ਦਾਖਲ ਹੋਏ। ਉਸ ਦਾ ਚਿਹਰਾ ਬੱਗਾ ਹੋ ਗਿਆ ਜਿਵੇਂ ਸਾਰਾ ਖ਼ੂਨ ਉਸ ਵਿਚੋਂ ਨਿਚੋੜਿਆ ਗਿਆ ਹੋਵੇ। ਉਹਨਾਂ ਨੇ ਗੇਟ ’ਤੇ ਖੜ੍ਹ ਕੇ ਸੱਜੇ ਖੱਬੇ ਵੇਖਿਆ ਤੇ ਉਸ ਦੀ ਦਿਸ਼ਾ ਵੱਲ ਚੱਲ ਪਏ। ਉਹ ਸੋਚਣ ਲੱਗਾ ਉਸ ਦੀ ਪਤਨੀ ਨੂੰ ਪੁਲੀਸ ਨੇ ਕਾਬੂ ਕਰ ਲਿਆ ਹੋਵੇਗਾ ਜਾਂ ਉਸ ਦਾ ਪਿੱਛਾ ਕੀਤਾ ਹੋਵੇਗਾ। ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਣ ਲੱਗਾ।

ਪੁਲੀਸ ਵਾਲੇ ਉਸ ਦੇ ਨੇੜੇ ਆ ਕੇ ਰੁਕ ਗਏ। ਉਸ ਨੇ ਪਾਣੀ ਦੀ ਬੋਤਲ ਖਰੀਦਣ ਲਈ ਆਪਣੀ ਪਿੱਠ ਉਹਨਾਂ ਵੱਲ ਕਰ ਲਈ। ਉਹ ਐਵੇਂ ਇਕ ਦੋ ਹੋਰ ਚੀਜ਼ਾਂ ਚੁੱਕਣ ’ਤੇ ਰੱਖਣ ਲੱਗਾ। ਉਸ ਦੇ ਸਰੀਰ ਦਾ ਇਕ ਇਕ ਕਣ ਪੁਲੀਸ ਦੀ ਹਰਕਤ ਨੂੰ ਮਹਿਸੂਸ ਕਰ ਰਿਹਾ ਸੀ। ਪਾਣੀ ਦੇ ਪੈਸੇ ਦੇ ਕੇ ਉਹ ਪੁਲੀਸ ਤੋਂ ਉਲਟ ਦਿਸ਼ਾ ਵੱਲ ਨੂੰ ਚੱਲ ਪਿਆ। ਉਹ ਏਅਰਪੋਰਟ ਤੋਂ ਦੌੜਨ ਬਾਰੇ ਸੋਚਣ ਲੱਗਾ। ਦੂਜੇ ਪਾਸੇ ਉਹ ਪੁਲੀਸ ਨੂੰ ਕਿਸੇ ਕਿਸਮ ਦੀ ਸ਼ੰਕਾ ਪੈਦਾ ਨਹੀਂ ਕਰਨਾ ਚਾਹੁੰਦਾ ਸੀ। ਜਦ ਉਹ ਗੇਟ ਕੋਲ ਗਿਆ ਤਾਂ ਉਸ ਦੀ ਪਤਨੀ ਵੀ ਪਹੁੰਚ ਗਈ। ਉਹ ਬਾਹਰ ਚਲਾ ਗਿਆ ਤੇ ਦੋਵੇਂ ਗੇਟ ਤੋਂ ਹਟਵੇਂ ਬਾਹਰਲੀ ਫੁੱਟਪਾਥ ’ਤੇ ਰੁਕ ਗਏ। ਬੈਗ ਤੇ ਪਾਸਪੋਰਟ ਉਸ ਨੇ ਫੜ ਲਿਆ। ਇਕ ਨੋਟਾਂ ਦੀ ਗੁੱਟੀ ਵੀ ਉਸ ਨੇ ਫੜ ਕੇ ਜੇਬ ਵਿਚ ਪਾ ਲਈ।

‘ਆਈ ਐਮ ਸੌਰੀ।’ ਕਹਿ ਕੇ ਜਲਦੀ ਨਾਲ ਉਹ ਡਿਪਾਰਚਰ ਗੇਟ ਵੱਲ ਚੱਲ ਪਿਆ। ਉਸ ਨੇ ‘ਆਟੋ ਚੈਕ ਇਨ’ ਕੀਤਾ ਤੇ ਬੋਰਡਿੰਗ ਪਾਸ ਲੈ ਕੇ ਅੰਦਰ ਲੰਘ ਗਿਆ। ਹੁਣ ਉਸ ਦਾ ਡਰ ਘਟ ਗਿਆ ਸੀ।

ਜਹਾਜ਼ ਵਿਚ ਬੈਠਾ ਉਹ ਜਲਦੀ ਜਹਾਜ਼ ਦੇ ਚੱਲਣ ਲਈ ਅਰਦਾਸਾਂ ਕਰ ਰਿਹਾ ਸੀ। ਉਸ ਦੀ ਨਜ਼ਰ ਜਹਾਜ਼ ਦੇ ਗੇਟ ’ਤੇ ਲੱਗੀ ਹੋਈ ਸੀ। ਕਿਤੇ ਪੁਲੀਸ ਵਾਲੇ ਹੀ ਨਾ ਆ ਜਾਣ! ਕੁਝ ਦੇਰ ਬਾਅਦ ਗੇਟ ਬੰਦ ਹੋ ਗਿਆ ਤੇ ਜਹਾਜ਼ ਚੱਲਣ ਦੀ ਅਨਾਊਂਸਮੈਂਟ ਹੋਈ। ਉਸ ਦਾ ਸਾਹ ਕੁਝ ਸੁਖਾਲਾ ਹੋ ਗਿਆ ਸੀ। ਜਹਾਜ਼ ਨੇ ਇਕ ਝਟਕਾ ਜਿਹਾ ਲਿਆ ਤੇ ਰਨਵੇਅ ਵੱਲ ਨੂੰ ਚੱਲ ਪਿਆ। ਬੌਬ ਏਥਨਜ਼ ਤੋਂ ਅੱਗੇ ਜਾਣ ਦੀ ਸੋਚ ਵਿਚਾਰ ਕਰਨ ਲੱਗਾ।

ਏਥਨਜ਼ ਪਹੁੰਚ ਕੇ ਉਸ ਨੂੰ ਸਭ ਤੋਂ ਪਹਿਲੀ ਫਲਾਈਟ ਅਮਾਨ ਦੀ ਮਿਲੀ। ਬਹੁਤਾ ਸੋਚਣ ਦੀ ਥਾਂ ਉਸ ਨੇ ਏਅਰਪੋਰਟ ਤੋਂ ਹੀ ਟਿਕਟ ਖਰੀਦੀ ਤੇ ਅਮਾਨ ਨੂੰ ਜਹਾਜ਼ ਚੜ੍ਹ ਗਿਆ। ਇਕ ਵਾਰ ਜਦੋਂ ਏਥਨਜ਼ ਤੋਂ ਫਲਾਈਟ ਉਡ ਗਈ ਤਾਂ ਬੌਬ ਨੂੰ ਯਕੀਨ

ਹੋ ਗਿਆ ਕਿ ਉਹ ਬ੍ਰਿਟਿਸ਼ ਪੁਲੀਸ ਦੇ ਹੱਥਾਂ ਵਿਚੋਂ ਖਿਸਕਣ ਵਿਚ ਕਾਮਯਾਬ ਹੋ ਗਿਆ ਸੀ। ਅਗਲੇ ਦਿਨ ਉਹ ਲੁਧਿਆਣੇ ਆਪਣੀ ਕੋਠੀ ਵਿਚ ਪਹੁੰਚ ਗਿਆ।

ਉਸ ਦੇ ਬਿਨਾਂ ਕਿਸੇ ਖ਼ਬਰ ਪਹੁੰਚਣ ’ਤੇ ਉਸ ਦੀ ਕੋਠੀ ਵਿਚ ਰਹਿੰਦਾ ‘ਬਹਾਦਰ’ ਖੁਸ਼ ਵੀ ਹੋਇਆ ਤੇ ਹੈਰਾਨ ਵੀ। ਅਜਿਹਾ ਪਹਿਲਾਂ ਕਦੀ ਨਹੀਂ ਸੀ ਵਾਪਰਿਆਂ। ਉਹ ਉਸ ਨੂੰ ਸਾਫ਼ ਸਫ਼ਾਈ ਕਰਨ ਅਤੇ ਲੋੜੀਂਦੀ ਤਿਆਰੀ ਕਰਨ ਲਈ ਹਫ਼ਤਾ ਪਹਿਲਾਂ ਦੱਸ ਦਿੰਦੇ ਸਨ।

ਬੌਬ ਨੂੰ ਜਦੋਂ ਬਹਾਦਰ ਨੇ ਚਾਹ ਦਾ ਕੱਪ ਪੇਸ਼ ਕੀਤਾ ਤਾਂ ਉਹ ਸੋਚਾਂ ਵਿਚ ਬੈਠਾ ਸੀ। ਉਸ ਅੱਗੇ ਰੰਧਾਵੇ ਦੀ ਜ਼ਮਾਨਤ ਕਰਵਾਉਣੀ, ਕਲੱਬ ਨੂੰ ਵੇਚਣ, ਕੈਸ਼ ਐਂਡ ਕੈਰੀ ਵੇਚਣ ਵਰਗੇ ਮਸਲੇ ਸਨ ਜਿਹਨਾਂ ਨੂੰ ਵਕੀਲ ਦੀ ਮਦਦ ਬਿਨਾਂ ਸੁਲਝਾਇਆ ਨਹੀਂ ਸੀ ਜਾ ਸਕਦਾ।

ਉਸ ਨੇ ਆਪਣਾ ਟੈਲੀਫ਼ੋਨ ਔਣ ਕੀਤਾ। ਬ੍ਰਿਟਿਸ਼ ‘ਥਰੀ ਨੈਟਵਰਕ’ ਦੀ ਥਾਂ ਇੰਡੀਆ ਦੇ ਏਅਰਟੈਲ ਨੈਟਵਰਕ ਨੇ ਲੈ ਲਈ ਸੀ। ਫ਼ੋਨ ’ਤੇ ਹੀ ਉਸ ਨੇ ਕਲੱਬ ਦਾ ਅਕਾਊਂਟ ਖੋਲ੍ਹਿਆ। ਬੈਂਕ ਦੀ ਨਿਸ਼ਚਤ ਸੀਮਾ ਅਨੁਸਾਰ ਉਸ ਨੇ ਪੈਸੇ ਆਪਣੀ ਪਤਨੀ ਦੇ ਅਕਾਊਂਟ ਵਿਚ ਟਰਾਂਸਫਰ ਕਰ ਦਿੱਤੇ। ਇੰਝ ਕਰਕੇ ਉਸ ਨੇ ਤਿੰਨ ਦਿਨਾਂ ਵਿਚ ਅਕਾਊਂਟ ਖਾਲੀ ਕਰ ਦਿੱਤਾ। ਇਸ ਤਰ੍ਹਾਂ ਹੀ ਉਸ ਨੇ ਕੈਸ਼ ਐਂਡ ਕੈਰੀ ਦੇ ਅਕਾਊਂਟ ਵੀ ਖਾਲੀ ਕਰ ਦਿੱਤਾ। ਕੁਝ ਪੈਸੇ ਉਸ ਨੇ ਆਪਣੇ ਇੰਡੀਆ ਦੇ ਖਾਤੇ ਵਿਚ ਭੇਜ ਦਿੱਤੇ ਸਨ।

ਲੁਧਿਆਣੇ ਤੋਂ ਹੀ ਉਸ ਨੇ ਨਵਾਂ ‘ਸਿਮ ਕਾਰਡ’ ਲੈ ਲਿਆ ਤੇ ਉਸ ਨੇ ਸਭ ਤੋਂ ਪਹਿਲਾਂ ਵਕੀਲ ਨੂੰ ਈਮੇਲ ਪਾਈ। ਕੇਸ ਬਾਰੇ ਤਾਂ ਵਕੀਲ ਨੂੰ ਪਤਾ ਹੀ ਸੀ। ਉਸ ਦੀ ਪਤਨੀ ਨੇ ਪਹਿਲਾਂ ਹੀ ਵਕੀਲ ਨੂੰ ਜਾਣਕਾਰੀ ਦੇ ਦਿੱਤੀ ਸੀ। ਪੁਲੀਸ ਤੋਂ ਵੀ ਜਾਣਕਾਰੀ ਉਸ ਨੂੰ ਮਿਲ ਗਈ ਹੋਵੇਗੀ ਤੇ ਰੰਧਾਵੇ ਨਾਲ ਵੀ ਉਸ ਨੇ ਇੰਟਰਵਿਊ ਕਰ ਲਈ ਹੋਵੇਗੀ। ਆਪਣੀ ਇਸ ਨਵੀਂ ਈ ਮੇਲ ਆਈਡੀ ਨੂੰ ਉਸ ਨੇ ਸਿਰਫ ਕੇਸ ਲਈ ਹੀ ਵਰਤਣਾ ਸੀ।

ਉਸ ਦੀ ਪਤਨੀ ਦਾ ਬਹਾਦਰ ਦੇ ਨੰਬਰ ’ਤੇ ਫ਼ੋਨ ਆਇਆ ਤਾਂ ਬੌਬ ਨੇ ਉਸ ਨੂੰ ਸਹੀ ਸਲਾਮਤ ਪਹੁੰਚਣ ਦਾ ਦੱਸ ਕੇ ਇਕ ਨਵੀਂ ‘ਪੇਅ ਐਜ਼ ਯੂ ਗੋ’ ਚਿੱਪ ਲੈਣ ਲਈ ਕਿਹਾ ਤੇ ਇਸ ਦਾ ਨੰਬਰ ਉਸ ਤੋਂ ਬਿਨਾਂ ਕਿਸੇ ਵੀ ਹੋਰ ਨਾਲ ਨਾ ਸਾਂਝਾ ਕਰਨ ਲਈ ਕਹਿ ਦਿੱਤਾ।

ਹੁਣ ਉਹ ਪੰਜਾਬ ਵਿਚ ਰਹਿ ਕੇ ਕੰਮ-ਧੰਦੇ ਬਾਰੇ ਵੀ ਸੋਚ ਰਿਹਾ ਸੀ ਤੇ ਲੰਡਨ ਵਿਚ ਚੱਲ ਰਹੇ ਕੇਸ ਦੀ ਪੈਰਵੀ ਵੀ ਕਰ ਰਿਹਾ ਸੀ।

## 44

ਰਾਜੂ ਉਦਾਸ ਜਿਹਾ ਖਿੜਕੀ ਦੇ ਸ਼ੀਸੇ ਵਿਚੋਂ ਦੀ ਘਰ ਦੀ ਡਰਾਈਵ ਵਿਚ ਖੜ੍ਹੀ ਨਾਜਰ ਦੀ ਪੁਰਾਣੀ ਮਰਸਡੀਜ਼ ਕਾਰ ਵੱਲ ਵੇਖ ਰਿਹਾ ਸੀ। ਰਾਜੂ ਤੇ ਪੈਵ ਨੇ ਬਹੁਤ ਵਾਰ ਨਾਜਰ ਨੂੰ ਇਸ ਪੁਰਾਣੀ ਕਾਰ ਨੂੰ ਵੇਚ ਕੇ ਨਵੀਂ ਕਾਰ ਲੈਣ ਲਈ ਕਿਹਾ ਪਰ ਉਹ ਮੰਨਿਆ ਨਹੀਂ ਸੀ। ਰਾਜੂ ਨੂੰ ਉਸ ਦਾ ਜਵਾਬ ਯਾਦ ਆਇਆ; 'ਜਿਥੇ ਅਸੀਂ ਜਾਣਾ ਹੁੰਦਾ ਉਹ ਤਾਂ ਤੁਸੀਂ ਲੈ ਕੇ ਜਾਨੇ ਆਂ। ਏਸ ਕਾਰ ਨਾਲ ਤਾਂ ਮੋਹ ਜਿਆ ਈ ਆ। ਊਂ ਵੀ ਇਹਦਾ ਲੋਹਾ ਬਹੁਤ ਬਰਕਤ ਆਲਾ। ਏਸ ਕਾਰ ਨਾਲ ਆਪਾਂ ਬਹੁਤ ਤਰੱਕੀ ਕੀਤੀ ਆ। ਆਵਦੇ ਜਿਉਂਦੇ ਜੀ ਤਾਂ ਇਹ ਕਾਰ ਮੈਂ ਨੀ ਵੇਚਣੀ। ਤੁਸੀਂ ਜਿਵੇਂ ਮਰਜ਼ੀ ਕਰਿਉ।'

ਰਾਜੂ ਨੂੰ ਲੱਗਿਆ ਜਿਵੇਂ ਨਾਜਰ ਕਾਰ ਸਟਾਰਟ ਕਰਕੇ ਉਸ ਦੇ ਆਸੇ-ਪਾਸੇ ਚੱਕਰ ਮਾਰ ਰਿਹਾ ਹੋਵੇ। ਕੁਝ ਦੇਰ ਕਾਰ ਵਿਚ ਬੈਠ ਕੇ ਵੀ ਉਹ ਪਤਾ ਨਹੀਂ ਕੀ ਸੋਚਦਾ ਰਹਿੰਦਾ। ਅੱਧੇ ਕੁ ਘੰਟੇ ਬਾਅਦ ਕਾਰ ਬੰਦ ਕਰਕੇ ਅੰਦਰ ਆ ਬੈਠਦਾ। ਅਗਲੇ ਹਫ਼ਤੇ ਫਿਰ ਇਹੋ ਜ਼ਿੰਮੇਵਾਰੀ ਨਿਭਾਉਂਦਾ।

ਹੁਣ ਨਾਜਰ ਰਿਹਾ ਨਹੀਂ ਸੀ। ਸੱਤ ਅੱਠ ਮਹੀਨੇ ਪਹਿਲਾਂ ਪ੍ਰੀਤੋ ਵਿਛੋੜਾ ਦੇ ਗਈ ਤੇ ਫਿਰ ਨਾਜਰ ਦੇ ਗੁਰਦਿਆਂ ਵਿਚ ਕੈਂਸਰ ਦਾ ਪਤਾ ਲੱਗ ਗਿਆ। ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ ਸਨ। ਉਹ ਕੁਝ ਸਮਾਂ ਦੁੱਖ ਦਰਦ ਭਰਦਾ ਦੋ ਕੁ ਹਫ਼ਤੇ ਪਹਿਲਾਂ ਵਿਛੜ ਗਿਆ ਸੀ। ਉਸ ਦੀਆਂ ਅੰਤਿਮ ਰਸਮਾਂ ਪੂਰੀਆਂ ਹੋ ਚੁੱਕੀਆਂ ਸਨ। ਪੈਵ ਅਤੇ ਰਾਜੂ ਨੇ ਉਸ ਨੂੰ ਬਹੁਤ ਢੁਕਵੀਂ ਸ਼ਰਧਾਂਜਲੀ ਦਿੱਤੀ ਸੀ। ਘੋੜਿਆਂ ਵਾਲੇ ਰੱਥ ਵਿਚ ਉਸ ਦੀ ਦੇਹ ਨੂੰ ਸਸਕਾਰ ਲਈ ਲੈ ਕੇ ਗਏ ਸਨ। ਫੁੱਲਾਂ ਨਾਲ ਲੱਦੀ ਗੱਡੀ ਇੰਝ ਲਗਦੀ ਸੀ ਜਿਵੇਂ ਕਿਸੇ ਰਾਜੇ ਮਹਾਰਾਜੇ ਦਾ ਜਨਾਜਾ ਜਾ ਰਿਹਾ ਹੋਵੇ। ਉਹਨਾਂ ਲਈ ਤਾਂ ਉਹ ਰਾਜਾ ਮਹਾਰਾਜਾ ਹੀ ਸੀ।

ਰਾਜੂ ਖਿੜਕੀ ਵਿਚ ਦੀ ਦੇਖਦਾ ਪਤਾ ਨਹੀਂ ਕੀ ਕੁਝ ਸੋਚ ਰਿਹਾ ਸੀ। ਸ਼ੋਭਾ ਨੇ ਉਸ ਨੂੰ ਕੁਝ ਦੇਰ ਦੇਖਿਆ ਤੇ ਆ ਕੇ ਉਸ ਦੇ ਲੱਕ ਦੁਆਲੇ ਬਾਹਾਂ ਵਲ ਦਿੱਤੀਆਂ। ਰਾਜੂ ਨੇ ਉਦਾਸ ਜਿਹੀ ਮੁਸਕਰਾਹਟ ਨਾਲ ਉਸ ਦਾ ਅੱਖਾਂ ਨਾਲ ਹੀ ਧੰਨਵਾਦ ਕੀਤਾ ਤੇ ਉਸ ਨੂੰ ਆਪਣੇ ਨਾਲ ਘੁੱਟ ਲਿਆ।

'ਰਾਜ ਮੈਂ ਵੇਖ ਰਹੀ ਆਂ ਤੂੰ ਬਹੁਤ ਉਦਾਸ ਐਂ। ਮੈਂ ਸਮਝ ਸਕਦੀ ਆਂ। ਪਰ ਜ਼ਿੰਦਗੀ ਦਾ ਇਹੋ ਚਲਨ ਹੈ। ਕੋਈ ਵੀ ਸਦਾ ਲਈ ਨਹੀਂ ਬੈਠਾ ਰਹਿ ਸਕਦਾ। ਵੈਸੇ ਵੀ ਬਹੁਤੀ ਲੰਮੀ ਉਮਰ ਤਾਂ ਨੀਰਸ ਜਿਹੀ ਬਣ ਜਾਊ।'

'ਤੂੰ ਬਿਲਕੁਲ ਠੀਕ ਕਿਹਾ ਐ। ਮੈਂ ਸਮਝਦਾ ਵੀ ਹਾਂ। ਪਰ ਘਰ ਜਿਵੇਂ ਖਾਲੀ ਹੋ ਗਿਆ ਹੋਵੇ। ਮੇਰੇ ਲਈ ਜੋ ਉਹਨਾਂ ਨੇ ਕੀਤਾ, ਮੈਂ ਉਸ ਦਾ ਦੇਣ ਨਹੀਂ ਦੇ ਸਕਦਾ।'

'ਰਾਜ ਤੂੰ ਵੀ ਤਾਂ ਆਵਦਾ ਫਰਜ਼ ਪੂਰਾ ਕੀਤਾ ਈ ਆ। ਉਹਨਾਂ ਦੀ ਏਨੀ ਦੇਖ-ਭਾਲ ਕੀਤੀ ਐ ਕਿ ਲੋਕ ਵੀ ਹੈਰਾਨ ਹੁੰਦੇ ਆ। ਅੱਜ ਕੱਲ੍ਹ ਬਹੁਤੇ ਮਾਪੇ ਏਨੀ ਕਿਸਮਤ ਵਾਲੇ ਨਹੀਂ ਹੁੰਦੇ। ਫਰਜ਼ ਪੂਰਾ ਕਰਨ ਦੀ ਆਪਣੀ ਤਸੱਲੀ ਤੇ ਖੁਸ਼ੀ ਵੀ ਹੁੰਦੀ ਐ ਜਿਸ ਦਾ ਬਹੁਤੇ ਲੋਕਾਂ ਨੂੰ ਅਹਿਸਾਸ ਹੀ ਨਹੀਂ ਹੁੰਦਾ।'

ਉਹ ਦੋਵੇਂ ਕਿਚਨ ਵਿਚ ਪਹੁੰਚ ਗਏ ਤੇ ਸ਼ੋਭਾ ਨੇ ਕੌਫੀ ਮਸ਼ੀਨ ਔਣ ਕਰ ਦਿੱਤੀ। ਕੌਫੀ ਦੇ ਕੱਪ ਲੈ ਕੇ ਉਹ ਟੀ ਵੀ ਅੱਗੇ ਸੋਫੇ 'ਤੇ ਆ ਬੈਠੇ। ਰਾਜੂ ਕੁਝ ਸੋਚ ਰਿਹਾ ਸੀ ਤੇ ਸ਼ੋਭਾ ਉਸ ਨੂੰ ਧਿਆਨ ਨਾਲ ਵੇਖ ਰਹੀ ਸੀ।

'ਰਾਜ ਮੇਰੇ ਖਿਆਲ ਵਿਚ ਤੇਰੇ ਮਨ ਵਿਚ ਕੁਝ ਕਸ਼-ਮ-ਕਸ਼ ਚੱਲ ਰਹੀ ਐ।'

'ਹਾਂ ਤੂੰ ਠੀਕ ਬੁੱਝਿਆ। ਮੈਂ ਤੇਰੇ ਨਾਲ ਗੱਲ ਕਰਨ ਬਾਰੇ ਹੀ ਸੋਚ ਰਿਹਾ ਸੀ।'

ਰਾਜੂ ਨੇ ਘੁੱਟ ਭਰ ਕੇ ਕੱਪ ਮੇਜ਼ 'ਤੇ ਰੱਖ ਦਿੱਤਾ ਤੇ ਸ਼ੋਭਾ ਵੱਲ ਵੇਖਿਆ।

'ਮੈਂ ਆਪਣੇ ਨੌਰਵੁੱਡ ਗਰੀਨ ਵਾਲੇ ਘਰ ਵਿਚ ਜਾਣ ਬਾਰੇ ਸੋਚ ਰਿਹਾ ਸੀ।' ਰਾਜੂ ਨੇ ਉਸ ਵੱਲ ਧਿਆਨ ਨਾਲ ਵੇਖਦਿਆਂ ਕਿਹਾ।

'ਪਰ ਕਿਉਂ?'

'ਇਸ ਘਰ ਨਾਲ ਮੰਮ ਡੈਡ ਦੀਆਂ ਬਹੁਤ ਯਾਦਾਂ ਜੁੜੀਆਂ ਹੋਈਆਂ। ਘਰ ਦਾ ਹਰ ਕੋਨਾ ਉਹਨਾਂ ਦੀ ਯਾਦ ਦਿਵਾਉਂਦਾ।'

'ਰਾਜ ਇਹ ਠੀਕ ਐ ਪਰ ਅਸਲ ਗੱਲ ਇਹ ਨਹੀਂ ਹੋ ਸਕਦੀ।'

ਰਾਜੂ ਕੱਚਾ ਜਿਹਾ ਮੁਸਕਰਾਇਆ।

'ਦੇਖ ਸ਼ੋਭਾ ਇਸ ਘਰ 'ਤੇ ਮੇਰਾ ਕੋਈ ਹੱਕ ਨਹੀਂ ਹੈ। ਇਹ ਘਰ ਪੈਵ ਤੇ ਰਾਣੀ ਦਾ ਹੈ। ਮੇਰੀ ਜ਼ਮੀਰ ਨਹੀਂ ਮੰਨਦੀ ਕਿ ਮੈਂ ਉਹਨਾਂ ਦੇ ਹੱਕ 'ਤੇ ਆਪਣਾ ਹੱਕ ਜਿਤਾਵਾਂ।'

ਸ਼ੋਭਾ ਕੁਝ ਦੇਰ ਤੱਕ ਸੋਚਦੀ ਰਹੀ।

'ਰਾਜ ਮੇਰੇ ਖਿਆਲ ਵਿਚ ਰਾਣੀ ਤੈਨੂੰ ਪੈਵ ਤੋਂ ਘੱਟ ਪਿਆਰ ਨਹੀਂ ਕਰਦੀ ਤੇ ਨਾ ਹੀ ਪੈਵ ਤੈਨੂੰ ਬੇਗਾਨਾ ਸਮਝਦਾ। ਜੇ ਤੂੰ ਕੋਈ ਇਹੋ ਜਿਹੀ ਗੱਲ ਕਰੇਂਗਾ ਤਾਂ ਉਹਨਾਂ ਨੂੰ ਚੰਗਾ ਨਹੀਂ ਲੱਗਣਾ। ਮੇਰੇ ਖਿਆਲ ਵਿਚ ਕੁਝ ਦੇਰ ਹੋਰ ਉਡੀਕ ਤੇ ਸੋਚ। ਮੈਨੂੰ ਕੋਈ ਫਰਕ ਨਹੀਂ ਪੈਂਦਾ। ਮੈਂ ਤਾਂ ਛੋਟੇ ਘਰ ਵਿਚ ਵੀ ਰਹਿ ਸਕਦੀ ਆਂ ਤੇਰੇ ਨਾਲ।'

'ਮੈਨੂੰ ਪਤੈ। ਮਿਹਰਬਾਨੀ। ਘਰ ਨੂੰ ਖਾਲੀ ਕਰਵਾਉਣ ਤੇ ਫਿਰ ਉਸ ਦੇ ਰੰਗ-ਢੰਗ ਕਰਨ 'ਤੇ ਤਿੰਨ ਚਾਰ ਮਹੀਨੇ ਤਾਂ ਨਿਕਲ ਹੀ ਜਾਣੇ ਆ। ਆਪਾਂ ਕੁਝ ਦੇਰ ਅਜੇ ਚੁੱਪ ਰਹਿਨੇ ਆਂ। ਪਰ ਜਦੋਂ ਘਰ ਖਾਲੀ ਹੋ ਗਿਆ ਤਾਂ ਆਪਾਂ ਉਹਨਾਂ ਨੂੰ ਦੱਸ ਦੇਵਾਂਗੇ ਕਿ ਹੁਣ ਇਸ ਘਰ ਵਿਚ ਦਿਲ ਨਹੀਂ ਲਗਦਾ।'

'ਠੀਕ ਐ ਰਾਜ, ਜਿਵੇਂ ਤੂੰ ਠੀਕ ਸਮਝੇਂ।'

***

ਰਾਜੂ ਨੇ ਕੰਮ 'ਤੇ ਜਾ ਕੇ ਈਮੇਲ ਚੈਕ ਕੀਤੀਆਂ ਤਾਂ 'ਡੇਵਿਡ ਕੂਪਰ ਐਂਡ ਕੋ'

ਦੀ ਈ ਮੇਲ ਸੀ ਜੋ ਉਸ ਨੂੰ ਵਿਅੱਕਤੀਗਤ ਸੰਬੋਧਨ ਨਾਲ ਲਿਖੀ ਗਈ ਸੀ। ਉਸ ਨੇ ਈ ਮੇਲ ਪੜ੍ਹੀ। ਉਸ ਨੂੰ ਪੈਵ ਅਤੇ ਰਾਣੀ ਦੇ ਨਾਲ ਹੀ ਦਫ਼ਤਰ ਵਿਚ ਆਉਣ ਲਈ ਕਿਹਾ ਗਿਆ ਸੀ। ਨਾਜਰ ਦੀ ਵਸੀਅਤ ਉਹਨਾਂ ਤਿੰਨਾਂ ਦੀ ਹਾਜ਼ਰੀ ਵਿਚ ਪੜ੍ਹੀ ਜਾਣੀ ਸੀ। ਈਮੇਲ ਪੜ੍ਹ ਕੇ ਰਾਜੂ ਅਜੇ ਇਸ ਬਾਰੇ ਸੋਚ ਹੀ ਰਿਹਾ ਸੀ ਕਿ ਰਾਣੀ ਦਾ ਫ਼ੋਨ ਆ ਗਿਆ। 'ਡੇਵਿਡ ਕੂਪਰ ਤੇ ਕੋ' ਦਾ ਦਫ਼ਤਰ ਐਕਟਨ ਟਾਊਨ ਵਿਚ ਸੀ। ਰਾਣੀ ਨੇ ਉਸ ਨੂੰ ਆਪਣੇ ਨਾਲ ਲੈ ਕੇ ਜਾਣ ਲਈ ਕਿਹਾ ਤਾਂ ਕਿ ਦੋ ਕਾਰਾਂ ਦੀ ਥਾਂ ਇਕ ਕਾਰ ਵਿਚ ਹੀ ਜਾਇਆ ਜਾਵੇ ਤੇ ਪਾਰਕਿੰਗ ਦੀ ਸਮੱਸਿਆ ਤੋਂ ਬਚਿਆ ਜਾਵੇ। ਉਸ ਨੇ ਰਾਣੀ ਨੂੰ ਘਰ ਆਉਣ ਲਈ ਕਹਿ ਦਿੱਤਾ ਜਿਥੇ ਉਹ ਆਪਣੀ ਕਾਰ ਪਾਰਕ ਕਰ ਦੇਵੇਗੀ ਤੇ ਉਹ ਇਕ ਕਾਰ ਵਿਚ ਚਲੇ ਜਾਣਗੇ। ਪੈਵ ਨੇ ਆਪ ਆਪਣੀ ਕਾਰ ਵਿਚ ਆ ਜਾਣਾ ਸੀ।

ਮਿਥੇ ਸਮੇਂ ਉਹ ਵਕੀਲ ਦੇ ਦਫ਼ਤਰ ਵਿਚ ਪਹੁੰਚ ਗਏ। ਉਸ ਨੇ ਉਹਨਾਂ ਦੀ ਆਈ ਡੀ ਚੈਕ ਕੀਤੀ ਤੇ ਫਾਈਲ ਖੋਲ੍ਹ ਲਈ। ਕੁਝ ਗੱਲਾਂ ਉਸ ਨੇ ਕਨੂੰਨੀ ਜ਼ਿੰਮੇਵਾਰੀ ਪੂਰਾ ਕਰਨ ਲਈ ਕੀਤੀਆਂ ਤੇ ਫਿਰ ਵਸੀਅਤ ਪੜ੍ਹਨ ਲੱਗਾ।

ਉਹ ਧਿਆਨ ਨਾਲ ਸੁਣ ਰਹੇ ਸਨ। ਪੈਵ ਜਾਂ ਰਾਣੀ ਨੂੰ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਲਗਦੀ। ਰਾਜੂ ਚੁੱਪ ਚਾਪ ਬੈਠਾ ਸੀ। ਉਸ ਦੇ ਚਿਹਰੇ 'ਤੇ ਕਈ ਉਤਰਾਅ-ਚੜ੍ਹਾਅ ਆ ਜਾ ਰਹੇ ਸਨ। ਪਰ ਉਹਨਾਂ ਦਾ ਧਿਆਨ ਵਕੀਲ ਦੀਆ ਗੱਲਾਂ ਵੱਲ ਸੀ।

'ਤੁਸੀਂ ਤਿੰਨੇ ਹੀ ਬਰਾਬਰ ਦੇ ਹਿੱਸੇਦਾਰ ਹੋਣ ਕਰਕੇ ਸਾਰੀ ਪ੍ਰਾਪਰਟੀ ਇਕ ਕੰਪਨੀ ਵਿਚ ਵੀ ਰੱਖ ਸਕਦੇ ਹੋ ਤੇ ਜੇ ਚਾਹੋ ਤਾ ਤਿੰਨੇ ਵੰਡ ਸਕਦੇ ਹੋ। ਅਜੇ ਕੋਈ ਜਲਦੀ ਨਹੀਂ ਪਰ ਤੁਸੀਂ ਫੈਸਲਾ ਕਰਕੇ ਮੈਨੂੰ ਦੱਸ ਦੇਣਾ। ਮੈ ਕਾਗਜ਼ ਪੱਤਰ ਤਿਆਰ ਕਰ ਦਿਆਂਗਾ--।'

ਉਹ ਜਿਵੇਂ ਗਏ ਸੀ ਉਸ ਤਰ੍ਹਾਂ ਹੀ ਵਾਪਿਸ ਆ ਗਏ। ਰਾਣੀ ਮਾਂ-ਪਿਉ ਦੀਆਂ ਗੱਲਾਂ ਵੀ ਕਰਦੀ ਰਹੀ ਤੇ ਇਕ ਦਿਨ ਬੈਠ ਕੇ ਭਵਿੱਖ ਬਾਰੇ ਸੋਚਣ ਵਿਚਾਰਣ ਲਈ ਵੀ ਕਹਿਣ ਲੱਗੀ। ਰਾਜੂ ਹਾਂ-ਹੂੰ ਕਰਦਾ ਰਿਹਾ।

ਜਦ ਉਹ ਘਰ ਆਏ ਤਾਂ ਸ਼ੋਭਾ ਵੀ ਘਰ ਪਹੁੰਚ ਚੁੱਕੀ ਸੀ। ਉਸ ਨੇ ਉਹਨਾਂ ਲਈ ਚਾਹ ਤਿਆਰ ਕਰ ਲਈ ਤੇ ਉਹ ਗੱਲਾਂ ਕਰਨ ਲੱਗੇ।

'ਰਾਣੀ ਤੂੰ ਪੈਵ ਨਾਲ ਵਿਚਾਰ ਕਰ ਲੈ। ਮੈਨੂੰ ਕੋਈ ਇਤਰਾਜ਼ ਨਹੀਂ। ਅਸਲ ਪੁੱਛੇ ਤਾਂ ਮੇਰੀ ਪ੍ਰਾਪਰਟੀ ਵਿਚ ਕੋਈ ਦਿਲਚੱਸਪੀ ਹੀ ਨਹੀਂ।'

ਰਾਣੀ ਨੇ ਉਸ ਵੱਲ ਨੀਝ ਨਾਲ ਵੇਖਿਆ। ਫਿਰ ਉਸ ਨੇ ਸ਼ੋਭਾ ਵੱਲ ਵੇਖਿਆ। ਸ਼ੋਭਾ ਨੇ ਨੀਵੀਂ ਪਾ ਲਈ।

'ਜੇ ਤੂੰ ਜੋਅ ਨੂੰ ਕੋਈ ਤੋਹਫ਼ਾ ਦੇਵੇਂ ਤੇ ਉਹ ਕਹੇ ਮੈਂ ਨੀ ਲੈਣਾ ਤਾਂ ਕਿਵੇਂ ਲੱਗੂ?

ਮੰਮ ਡੈਡ ਸਾਡੇ ਵਿਚ ਨਹੀਂ ਰਹੇ ਪਰ ਉਹਨਾਂ ਦਾ ਮੋਹ-ਪਿਆਰ ਤਾਂ ਅਜੇ ਵੀ ਸਾਡੇ ਨਾਲ ਐ। ਮੈਂ ਚਲਦੀ ਆਂ ਜਿਵੇਂ ਮਰਜ਼ੀ ਕਰ।' ਰਾਣੀ ਨੇ ਹੈਂਡ ਬੈਗ ਚੁੱਕਿਆ ਤੇ ਕਾਰ ਦੀਆਂ ਚਾਬੀਆਂ ਕੱਢ ਕੇ ਦਰਵਾਜ਼ੇ ਵੱਲ ਚੱਲ ਪਈ।

'ਰਾਣੀ ਥੋੜ੍ਹਾ ਤਾਂ ਠਹਿਰ ਜਾਹ --।' ਰਾਜੂ ਬੋਲਿਆ ਪਰ ਰਾਣੀ ਨੇ ਅਣ-ਸੁਣਿਆ ਕਰ ਦਿੱਤਾ।

ਬਾਹਰ ਨਿਕਲ ਕੇ ਉਹ ਨਾਜਰ ਦੀ ਕਾਰ ਨੂੰ ਪਲ ਕੁ ਪਲੋਸਦੀ ਰਹੀ ਤੇ ਫਿਰ ਜਾ ਕੇ ਗੱਡੀ ਸਟਾਰਟ ਕਰਕੇ ਬਿਨਾਂ ਉਹਨਾਂ ਵੱਲ ਵੇਖਿਆਂ ਚਲੀ ਗਈ।

ਰਾਜੂ ਤੇ ਸ਼ੋਭਾ ਕੁਝ ਦੇਰ ਉਸ ਦੀ ਜਾਂਦੀ ਕਾਰ ਨੂੰ ਵੇਖਦੇ ਰਹੇ। ਕਾਰ ਮੋੜ ਮੁੜ ਗਈ ਤਾਂ ਉਹ ਵੀ ਅੰਦਰ ਆ ਬੈਠੇ।

'ਰਾਜ ਤੇਰੀ ਸੋਚ ਕਿੰਨੀ ਗਲਤ ਐ। ਉਹਨਾਂ ਨੇ ਤੈਨੂੰ ਪੁੱਤ ਬਣਾਇਆ ਤੇ ਤੂੰ ਉਹਨਾਂ ਨੂੰ ਮਾਪੇ। ਹੁਣ ਭਲਾ ਕਿਵੇਂ ਤੂੰ ਉਹਨਾਂ ਨਾਲ ਬਣੇ ਏਨੇ ਲੰਬੇ ਸਮੇਂ ਦੇ ਰਿਸ਼ਤੇ ਨੂੰ ਤੋੜ ਸਕਦਾਂ? ਰਿਸ਼ਤੇ ਦੀ ਸੁੱਚਮਤਾ ਵਿਚ ਪੈਸੇ ਦੇ ਲਾਲਚ ਦੀ ਗੰਦਗੀ ਬਿਲਕੁਲ ਨਹੀਂ ਘੋਲਣੀ ਚਾਹੀਦੀ। ਮੈਂ ਇਸ ਨਾਲ ਸਹਿਮਤ ਹਾਂ। ਪਰ ਪਿਆਰ ਨਾਲ ਦਿੱਤੇ ਗਿਫਟ ਤੋਂ ਇਨਕਾਰ ਕਰਨਾ ਵੀ ਠੀਕ ਨਹੀਂ। ਮਿਸ਼ੇਲ ਦੇ ਮਾਪਿਆਂ ਨੇ ਵੱਖਰੀ ਨਸਲ ਤੇ ਰੰਗ ਦਾ ਮੁੰਡਾ ਗੋਦ ਲੈ ਲਿਆ। ਉਹ ਵੱਡਾ ਹੋ ਕੇ ਭਲਾ ਉਹਨਾਂ ਨੂੰ ਛੱਡ ਦੇਵੇ ਜਿਸ ਨੂੰ ਉਹਨਾਂ ਨੇ ਛੋਟੀ ਉਮਰ ਤੋਂ ਹੀ ਪਾਲਿਆ? ਤੇ ਜੇ ਉਹ ਛੱਡ ਜਾਵੇ ਤਾਂ ਉਹਨਾਂ ਦੇ ਦਿਲ 'ਤੇ ਕੀ ਬੀਤੂ? ਸੋਚ।'

ਰਾਜੂ ਸ਼ੋਭਾ ਨੂੰ ਸੁਣ ਰਿਹਾ ਸੀ। ਉਸ ਕੋਲ ਕੋਈ ਜਵਾਬ ਨਹੀਂ ਸੀ।

ਅਗਲੀ ਸ਼ਾਮ ਕੰਮ ਤੋਂ ਬਾਅਦ ਉਹ ਰਾਣੀ ਨਾਲ ਬੈਠਾ ਚਾਹ ਪੀ ਰਿਹਾ ਸੀ।

## 45

ਸਕੌਟ ਨੇ ਆਪਣੇ ਸਾਥੀ ਅਫਸਰਾਂ ਦੀ ਮਦਦ ਨਾਲ ਟੌਮ ਅਤੇ ਰੰਧਾਵੇ ਦੀ ਵਾਰ ਵਾਰ ਇੰਟਰਵਿਊ ਕੀਤੀ। ਰੰਧਾਵਾ ਤਾਂ ਕਹਿ ਰਿਹਾ ਸੀ ਉਸ ਨੂੰ ਕਿਸੇ ਗੱਲ ਦਾ ਪਤਾ ਨਹੀਂ। ਇਹ ਤਾਂ ਸਬੱਬ ਹੀ ਸੀ ਕਿ ਜਦੋਂ ਉਹ ਜਿਮ ਜਾਣ ਲਈ ਬਾਹਰ ਨਿਕਲਿਆ ਤਾਂ ਟੌਮ ਆ ਗਿਆ ਤੇ ਬੌਬ ਵੀ ਪਹੁੰਚ ਗਿਆ। ਮੈਂ ਉਹਨਾਂ ਦੇ ਕੰਮ ਵਿਚ ਕਦੇ ਦਖਲ ਨਹੀਂ ਦਿੱਤਾ।'

'ਪਰ ਤੂੰ ਕਲੱਬ ਵਿਚ ਜਾਂਦਾ ਰਹਿਨਾ ਤੇ ਆਪਣੇ ਦਫ਼ਤਰ ਵਿਚ ਬੈਠਦਾਂ। ਸਟਾਫ ਨਾਲ ਗੱਲਾਂ ਬਾਤਾਂ ਵੀ ਕਰਦਾਂ। ਟੌਮ ਵੀ ਤੇਰੀ ਗੱਲ ਸੁਣਦਾ ਫੇਰ ਕਿਵੇਂ ਕਹਿ ਸਕਦਾਂ ਤੂੰ ਉਹਨਾਂ ਦੇ ਕੰਮ ਵਿਚ ਦਖਲ ਨਹੀਂ ਦਿੰਦਾ?'

ਰੰਧਾਵੇ ਨੂੰ ਹੈਰਾਨੀ ਹੋਈ ਭਲਾ ਪੁਲੀਸ ਨੂੰ ਕਿਵੇਂ ਪਤਾ ਲੱਗਿਆ ਕਿ ਉਹ ਸਟਾਫ ਨੂੰ ਮਿਲਦਾ ਤੇ ਦਫ਼ਤਰ ਵਿਚ ਬੈਠਦਾ।

'ਕਦੇ ਕਦੇ ਮੈਂ ਚੱਕਰ ਮਾਰ ਆਉਣਾ। ਕਲੱਬ ਦੀ ਥਾਂ ਮੈਂ ਦਫ਼ਤਰ ਵਿਚ ਬੈਠਦਾਂ। ਸਟਾਫ ਤੋਂ ਖਾਣ ਪੀਣ ਮੰਗਾਉਣ ਬਿਨਾਂ ਹੋਰ ਕੋਈ ਗੱਲ ਨਹੀਂ ਕਰਦਾ।'

ਸਕੌਟ ਕੋਲ ਵੀ ਹੋਰ ਕੋਈ ਠੋਸ ਸਬੂਤ ਨਹੀਂ ਸੀ।

ਟੌਮ ਨੇ ਕਤਲ ਤਾਂ ਮੰਨ ਲਿਆ ਸੀ। ਉਸ ਕੋਲ ਕੋਈ ਹੋਰ ਰਾਹ ਵੀ ਨਹੀਂ ਸੀ।

'ਪਰ ਤੁਸੀਂ ਲੋਕਾਂ ਨੇ ਕਤਲ ਕੀਤਾ ਕਿਉਂ? ਗੈਰੀ ਨਾਲ ਤੁਹਾਡੀ ਕੀ ਦੁਸ਼ਮਣੀ ਸੀ?'

'ਮੈਂ ਤਾਂ ਉਸ ਨੂੰ ਖਾਸ ਜਾਣਦਾ ਨਹੀਂ ਸੀ। ਮੈਂ ਤਾਂ ਬੌਬ ਦੇ ਕਹਿਣ 'ਤੇ ਹੀ ਉਸ ਨੂੰ ਮਾਰਿਆ। ਬੌਬ ਦਾ ਉਸ ਨਾਲ ਕੀ ਗੁੱਸਾ ਗਿਲਾ ਸੀ ਮੈਨੂੰ ਪਤਾ ਨਹੀਂ।'

ਬੌਬ ਇੰਡੀਆ ਦੌੜ ਗਿਆ ਸੀ। ਸਕੌਟ ਨੂੰ ਇਸ ਦੀ ਜਾਣਕਾਰੀ ਮਿਲ ਗਈ ਸੀ। ਬੌਬ ਨੂੰ ਇੰਡੀਆ ਤੋਂ ਵਾਪਿਸ ਮੰਗਵਾਉਣਾ ਔਖਾ ਕਾਰਜ ਸੀ। ਇੰਡੀਆ ਦੇ ਸਿਆਸਤਦਾਨ ਤੇ ਪੁਲੀਸ ਸਭ ਕੁਰੱਪਟ ਸਨ। ਇਹੋ ਜਿਹਾ ਸਿਸਟਮ ਬੌਬ ਵਰਗੇ ਬੰਦਿਆਂ ਨੂੰ ਬਹੁਤ ਲਾਭਕਾਰੀ ਸਾਬਤ ਹੁੰਦਾ।

ਇਕ ਪਾਸੇ ਉਹ ਵਾਰ ਵਾਰ ਟੌਮ ਅਤੇ ਰੰਧਾਵੇ ਦੀ ਇੰਟਰਵਿਊ ਕਰ ਰਹੇ ਸਨ। ਐਨਾ ਨੂੰ ਸਕੌਟ ਨੇ ਯੰਗ ਨਾਈਟ ਕਲੱਬ ਦੀ ਪ੍ਰਾਪਰਟੀ ਦੇ ਮਾਲਕ ਨੂੰ ਲੱਭਣ ਲਈ ਕਿਹਾ। ਐਨਾ ਆਪਣੇ ਕੰਮ ਲੱਗ ਗਈ ਤੇ ਰਿਚਰਡ ਤੇ ਸਕੌਟ ਨੇ ਟੌਮ ਨੂੰ ਫਿਰ ਇੰਟਰਵਿਊ ਰੂਮ ਵਿਚ ਸੱਦ ਲਿਆ।

'ਟੌਮ ਤੈਨੂੰ ਪਤਾ ਐ ਕੁਝ ਸਾਲ ਪਹਿਲਾਂ ਰੰਧਾਵੇ ਨੇ ਆਪਣਾ ਸਾਰਾ ਦੋਸ਼ ਆਪਣੇ ਅਕਾਊਂਟੈਂਟ ਹੈਰੀ ਸਮਿੱਥ ਸਿਰ ਮੜ੍ਹ ਦਿੱਤਾ ਸੀ ਤੇ ਉਸ ਨੂੰ ਕੈਦ ਹੋ ਗਈ। ਕੈਦ ਵਿਚ ਹੀ ਉਹ ਆਤਮ ਹੱਤਿਆ ਕਰ ਗਿਆ ਸੀ। ਮੈਨੂੰ ਡਰ ਐ ਰੰਧਾਵਾ ਫਿਰ ਤੋਂ ਉਹੋ ਗੇਮ ਤੇਰੇ ਨਾਲ ਖੇਡ ਸਕਦਾ। ਹੁਣ ਬੌਬ ਦੌੜ ਗਿਆ ਤਾਂ ਇਹ ਹੋਰ ਵੀ ਸੰਭਵ ਐ। ਮੇਰੇ

ਖਿਆਲ ਵਿਚ ਤੂੰ ਕਨੂੰਨ ਦੀ ਮਦਦ ਕਰੇਂ ਤਾਂ ਕਨੂੰਨ ਵੀ ਤੇਰੇ ਨਾਲ ਨਰਮੀ ਨਾਲ ਪੇਸ਼ ਆਵੇਗਾ।' ਰਿਚਰਡ ਨੇ ਰਿਕਾਰਡਿੰਗ ਸ਼ੁਰੂ ਕਰਨ ਤੋਂ ਪਹਿਲਾਂ ਟੌਮ ਨੂੰ ਕਿਹਾ।

ਸਕੌਟ ਬਾਹਰ ਨਿਕਲ ਗਿਆ ਤੇ ਤਿੰਨ ਕੱਪ ਚਾਹ ਦੇ ਲੈ ਆਇਆ। ਇਕ ਕੱਪ ਉਸ ਨੇ ਟੌਮ ਅੱਗੇ ਰੱਖ ਦਿੱਤਾ ਤੇ ਇਕ ਰਿਚਰਡ ਅੱਗੇ। ਉਹ ਚਾਹ ਪੀਣ ਲੱਗੇ। ਟੌਮ ਡੂੰਘੀ ਸੋਚ ਵਿਚ ਬੈਠਾ ਸੀ।

'ਤੁਸੀਂ ਆਹ ਸੱਚ ਕਹਿ ਰਹੇ ਆਂ?' ਉਸ ਨੇ ਰਿਚਰਡ ਵੱਲ ਵੇਖਦਿਆਂ ਪੁੱਛਿਆ।

'ਜਿਸ ਮੁੰਡੇ ਟੋਨੀ ਨੂੰ ਤੂੰ ਰੰਧਾਵੇ ਦੇ ਦਫ਼ਤਰ ਵਿਚ ਲੈ ਕੇ ਗਿਆ ਸੀ ਤੇ ਉਸ ਨੂੰ ਤੇ ਉਸ ਦੀ ਗਰਲ ਫਰਿੰਡ ਨੂੰ ਵਾਈਨ ਪਲਾਈ ਸੀ, ਹੈਰੀ ਸਮਿੱਥ ਉਸੇ ਟੋਨੀ ਦਾ ਪਿਉ ਸੀ।' ਰਿਚਰਡ ਦੀ ਗੱਲ ਸੁਣ ਕੇ ਟੌਮ ਦਾ ਰੰਗ ਪੀਲਾ ਪੈ ਗਿਆ।

'ਪਰ ਉਹ ਤਾਂ ਰੰਧਾਵੇ ਨਾਲ ਬਹੁਤ ਚੰਗਾ ਵਰਤਾਅ ਕਰ ਰਿਹਾ ਸੀ।'

'ਟੌਮ ਮੈਂ ਤੇਰੇ ਨਾਲ ਇਸ ਬਾਰੇ ਬਹੁਤੇ ਵਿਸਥਾਰ ਵਿਚ ਗੱਲ ਨਹੀਂ ਕਰ ਸਕਦਾ। ਪਰ ਇਹ ਸੱਚ ਐ ਤੇ ਫੈਸਲਾ ਤੇਰਾ ਐ। ਚਾਹ ਪੀ ਲੈ ਪੰਜ ਮਿੰਟ ਬਾਅਦ ਤੇਰੀ ਇੰਟਰਵਿਊ ਸ਼ੁਰੂ ਕਰਨ ਲੱਗੇ ਆਂ।' ਰਿਚਰਡ ਨੇ ਕਿਹਾ ਤੇ ਰਿਕਾਰਡਿੰਗ ਦੀ ਤਿਆਰੀ ਕਰਨ ਲੱਗਾ।

'ਟੌਮ, ਗੈਰੀ ਦਾ ਲੈਪ ਟੌਪ ਤੇ ਟੈਲੀਫ਼ੋਨ ਤੂੰ ਲੈ ਕੇ ਗਿਆ ਸੀ। ਉਹ ਕਿੱਥੇ ਐ?'

'ਮੈਂ ਦੋਵੇਂ ਚੀਜ਼ਾਂ ਤੇ ਨਾਲ ਹੀ ਸਟੀਲ ਬਾਰ ਜਿਸ ਨਾਲ ਗੈਰੀ ਦਾ ਕਤਲ ਕੀਤਾ ਗਿਆ ਸੀ, ਗੈਰੀ ਦੇ ਸਾਹਮਣੇ ਵਾਲੀ 'ਐਲੀ' ਵਿਚ ਰੱਖ ਦਿੱਤੀਆਂ ਤੇ ਬੌਬ ਨੇ ਉਥੋਂ ਚੁੱਕ ਲਈਆਂ ਸੀ। ਉਸ ਨੇ ਹੀ ਟੈਲੀਫ਼ੋਨ ਤੇ ਲੈਪਟੌਪ ਨੂੰ ਖੁਲਵਾਉਣਾ ਸੀ।' ਟੌਮ ਦੀ ਆਵਾਜ਼ ਵਿਚ ਥੋੜੀ ਜਿਹੀ ਡਰ ਦੀ ਭਾਵਨਾ ਮਹਿਸੂਸ ਹੋ ਰਹੀ ਸੀ।

'ਟੈਲੀਫ਼ੋਨ ਤੇ ਲੈਪਟੌਪ ਵਿਚ ਤੁਸੀਂ ਕੀ ਲੱਭ ਰਹੇ ਸੀ?'

ਕੁਝ ਦੇਰ ਲਈ ਟੌਮ ਚੁੱਪ ਰਿਹਾ ਤੇ ਖਾਲੀ ਚਾਹ ਦੇ ਕੱਪ ਨੂੰ ਹੱਥ ਵਿਚ ਫੜੀ ਘੁਮਾਉਂਦਾ ਰਿਹਾ। ਫਿਰ ਉਹ ਬੋਲਣ ਲੱਗਾ।

'ਬੌਬ ਇਕ ਪ੍ਰਾਪਰਟੀ ਖਰੀਦਣੀ ਚਾਹੁੰਦਾ ਸੀ ਪਰ ਬੋਲੀ ਵਿਚ ਉਹ ਪ੍ਰਾਪਰਟੀ ਗੈਰੀ ਨੇ ਖਰੀਦ ਲਈ ਸੀ। ਬੌਬ ਨੇ ਉਸ ਨਾਲ ਦੋਸਤੀ ਗੰਢਣ ਦਾ ਯਤਨ ਕੀਤਾ। ਦੋਸਤੀਆਂ ਬਣਾਉਣ ਵਿਚ ਉਹ ਬਹੁਤ ਤੇਜ਼ ਐ। ਉਸ ਨੂੰ ਪਤਾ ਕਿਵੇਂ ਕਿਸੇ ਬੰਦੇ ਦੇ ਅੰਦਰ ਵੜਨਾ। ਗੈਰੀ ਨਾਲ ਵੀ ਉਸ ਦੀ ਦੋਸਤੀ ਹੋ ਗਈ ਤੇ ਉਸ ਨੇ ਗੈਰੀ ਨੂੰ ਕਲੱਬ ਵਿਚ ਸੱਦਣਾ ਸ਼ੁਰੂ ਕਰ ਦਿੱਤਾ। ਗੈਰੀ ਆਪਣੇ ਸਮਾਜ ਵਿਚ ਬਣੇ ਪ੍ਰਤੀਬਿੰਬ ਪ੍ਰਤੀ ਬਹੁਤ ਚੇਤੰਨ ਸੀ। ਬੌਬ ਨੇ ਇਸ ਦਾ ਫਾਇਦਾ ਉਠਾਉਣ ਲਈ ਇਕ ਦਿਨ ਉਸ ਨੂੰ ਥੋੜਾ ਜਿਹਾ ਡਰੱਗ ਸ਼ਰਾਬ ਵਿਚ ਘੋਲ ਕੇ ਪਿਲਾ ਦਿੱਤਾ ਤੇ ਫਿਰ ਉਸ ਨੂੰ ਇਕ ਕੁੜੀ ਨਾਲ ਕਮਰੇ ਵਿਚ ਛੱਡ ਦਿੱਤਾ। ਉਸ ਖਾਸ ਕਿਸਮ ਦੇ ਨਸ਼ੇ ਨਾਲ ਉਸ ਦੀ ਕਾਮ-ਪੂਰਤੀ ਦੀ ਲੋੜ ਸਿਖਰ 'ਤੇ ਪਹੁੰਚ ਗਈ ਸੀ ਤੇ ਬੌਬ ਨੇ ਪਹਿਲਾਂ ਹੀ ਕੈਮਰੇ ਫਿੱਟ ਕੀਤੇ ਹੋਏ ਸਨ। ਦੂਸਰੀ ਵਾਰ ਗੈਰੀ ਆਪ ਬੌਬ ਕੋਲ ਆਇਆ ਤੇ ਫਿਰ ਉਸ ਕਿਸਮ ਦੇ ਸ਼ੁਗਲ

ਦੀ ਮੰਗ ਕੀਤੀ। ਅਜਿਹਾ ਚਾਰ ਵਾਰ ਹੋਇਆ। ਬੌਬ ਨੇ ਸਾਰੀਆਂ ਫਿਲਮਾਂ ਬਣਾਈਆਂ ਹੋਈਆਂ ਸਨ। ਉਸ ਨੇ ਗੈਰੀ ਨੂੰ ਬਲੈਕ ਮੇਲ ਕਰਨ ਲਈ ਫਿਲਮ ਦਿਖਾਈ ਤੇ ਪ੍ਰਾਪਰਟੀ ਖਰੀਦਣ ਦੀ ਗੱਲ ਰੱਖੀ। ਗੈਰੀ ਨੇ ਕੁਝ ਸਮਾਂ ਮੰਗਿਆ ਤੇ ਘਰ ਚਲਾ ਗਿਆ।

'ਦੂਸਰੇ ਦਿਨ ਗੈਰੀ ਨੇ ਸਾਡੇ ਕੁਝ ਕੁ ਖਾਸ ਬੰਦਿਆਂ ਦੇ ਨਾਂ ਬੌਬ ਨੂੰ ਭੇਜ ਦਿੱਤੇ। ਸਾਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਨੂੰ ਇਹ ਜਾਣਕਾਰੀ ਕਿਥੋਂ ਮਿਲੀ? ਬੌਬ ਨੇ ਉਸ ਦੀਆਂ ਬਣਾਈਆਂ ਵੀਡੀਓ ਵਾਇਰਲ ਕਰਨ ਦੀ ਧਮਕੀ ਦਿੱਤੀ। ਜਵਾਬ ਵਿਚ ਉਸ ਨੇ ਸਾਡੀ ਤਿੰਨਾਂ ਜਾਣੀ ਮੈਂ, ਬੌਬ ਤੇ ਮਿਸਟਰ ਰੰਧਵੇ ਦੀ ਮੀਟਿੰਗ ਜਿਸ ਵਿਚ ਅਸੀਂ ਗੈਰੀ ਦੇ ਨਾ-ਮੰਨਣ ਦੀ ਹਾਲਤ ਵਿਚ ਕੀ ਢੰਗ ਤਰੀਕੇ ਵਰਤਣੇ ਹੋਣਗੇ, ਬਾਰੇ ਗੱਲ ਕਰ ਰਹੇ ਸੀ, ਉਸ ਦਾ ਕੁਝ ਅੰਸ਼ ਪੋਸਟ ਕਰ ਦਿੱਤਾ। ਸਾਨੂੰ ਲਗਦਾ ਗੈਰੀ ਨੂੰ ਜਦੋਂ ਕੁੜੀ ਨਾਲ ਕਮਰੇ ਵਿਚ ਭੇਜਿਆ ਗਿਆ ਸੀ ਤਾਂ ਉਸ ਨੇ ਆਪਣੀ ਜੈਕਟ ਸਾਡੇ ਦਫ਼ਤਰ ਵਿਚ ਰਹਿਣ ਦਿੱਤੀ ਸੀ। ਉਸ ਵਿਚ ਸ਼ਾਇਦ ਆਪਣਾ ਫ਼ੋਨ ਰਿਕਾਰਿਡੰਗ ਲਈ ਰਹਿਣ ਦਿੱਤਾ ਸੀ ਤੇ ਸਾਡੀ ਸਾਰੀ ਗੱਲ-ਬਾਤ ਰਿਕਾਰਡ ਕਰ ਲਈ ਸੀ। ਅਸੀਂ ਇਸ ਬਾਰੇ ਖਿਆਲ ਹੀ ਨਹੀਂ ਕੀਤਾ। ਸਾਡੀ ਬੇਵਕੂਫੀ ਸੀ ਇਹ। ਹੁਣ ਉਹ ਸਾਡੇ ਲਈ ਬਹੁਤ ਖਤਰਨਾਕ ਸੀ। ਬੌਬ ਨਾਲੋਂ ਵੱਧ ਉਹ ਸਾਨੂੰ ਬਲੈਕ ਮੇਲ ਕਰ ਸਕਦਾ ਸੀ ਤੇ ਸਾਡੇ ਕੋਲ ਉਸ ਨੂੰ ਖਤਮ ਕਰਨ ਬਿਨਾਂ ਹੋਰ ਕੋਈ ਰਾਹ ਨਹੀਂ ਸੀ। ਉਸ ਦੇ ਆਈ ਫ਼ੋਨ ਤੋਂ ਹਰ ਜਾਣਕਾਰੀ ਉਸ ਦੇ ਐਪਲ ਲੈਪ ਟੌਪ 'ਤੇ ਆਪਣੇ ਆਪ ਹੀ ਪਹੁੰਚ ਜਾਂਦੀ ਸੀ। ਸੋ ਸਾਨੂੰ ਦੋਵੇਂ ਹੀ ਚਾਹੀਦੇ ਸਨ। ਬੌਬ ਨੇ ਕਿਸੇ ਤੋਂ ਉਸ ਦੇ ਗੈਰਜ ਦੀ ਡਿਜੀਟਿਲ ਚਾਬੀ 'ਕਲੋਨ' ਕਰਾਈ ਤੇ ਕੰਮ ਸੌਖਾ ਹੋ ਗਿਆ। ਬਾਕੀ ਥੋਨੂੰ ਮੈਂ ਪਹਿਲਾਂ ਈ ਦੱਸ ਚੁੱਕਿਆਂ।'

ਸਕੌਟ ਅਤੇ ਰਿਚਰਡ ਖੁਸ਼ ਸਨ। ਉਹਨਾਂ ਨੂੰ ਉਮੀਦ ਤੋਂ ਵੱਧ ਸਫ਼ਲਤਾ ਪ੍ਰਾਪਤ ਹੋਈ ਸੀ। ਹੁਣ ਰੰਧਾਵਾ ਵੀ ਕੇਸ ਵਿਚ ਉਲਝ ਗਿਆ ਸੀ। ਉਹਨਾਂ ਨੂੰ ਆਪਣੀ ਸਾਰੀ ਰਿਪੋਰਟ ਅਦਾਲਤ ਵਿਚ ਪੇਸ਼ ਕਰਨੀ ਪੈਣੀ ਸੀ। ਨਹੀਂ ਤਾਂ ਸ਼ਾਇਦ ਅਪਰਾਧੀਆਂ ਨੂੰ ਅਦਾਲਤ ਜ਼ਮਾਨਤ ਹੀ ਦੇ ਦੇਵੇ।

***

ਐਨਾ ਨੇ ਫਰੀ ਹੋਲਡਰ ਮਾਲਕ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਇਹ ਕੋਈ ਬਹੁਤ ਵੱਡਾ ਕੰਮ ਨਹੀਂ ਸੀ। ਪ੍ਰਾਪਰਟੀ ਦੀ ਰਜਿਸਟਰੀ ਜਿਸ ਕੰਪਨੀ ਦੇ ਨਾਂ 'ਤੇ ਹੋਈ ਸੀ ਉਸ ਦੀ ਡਾਇਰੈਕਟਰ ਬੌਬ ਦੀ ਪਤਨੀ ਸੀ। ਐਨਾ ਨੇ ਜਾਣਕਾਰੀ ਸਕੌਟ ਨਾਲ ਸਾਂਝੀ ਕੀਤੀ ਤਾਂ ਸਕੌਟ ਨੇ ਉਸ ਵੱਲ ਥੋੜੀ ਹੈਰਾਨੀ ਨਾਲ ਵੇਖਿਆ।

'ਜਾਣੀ ਘਰ ਦੀ ਕੰਪਨੀ ਤੋਂ ਹੀ ਬੌਬ ਨੇ ਲੀਜ਼ ਲਈ ਹੋਈ ਸੀ ਤੇ ਕੰਪਨੀ ਦਾ ਐਡਰੈਸ ਕੋਈ ਹੋਰ ਦਿੱਤਾ ਹੋਇਆ। ਇਹ ਐਡਰੈਸ ਕਿਸ ਦਾ?'

'ਕੰਪਨੀ ਦੇ ਅਕਾਊਂਟੈਂਟ ਦਾ।' ਐਨਾ ਨੇ ਝੱਟ ਜਵਾਬ ਦਿੱਤਾ।

'ਇਸ ਵਿਚ ਕੁਝ ਗੈਰ ਕਨੂੰਨੀ ਤਾਂ ਹੈ ਨਹੀਂ ਪਰ ਫਿਰ ਵੀ ਉਸ ਦੀ ਪਤਨੀ ਨਾਲ ਇੰਟਰਵਿਊ ਦਾ ਸਮਾਂ ਨੀਯਤ ਕਰ।'

ਐਨਾ ਨੇ ਜਦ ਬੌਂਬ ਦੀ ਡੋਰ ਬੋਲ ਕੀਤੀ ਤਾਂ ਕੁਝ ਦੇਰ ਬਾਅਦ ਕਿਸੇ ਨੇ ਦਰਵਾਜ਼ਾ ਖੋਲ੍ਹਿਆ। ਇਹ ਕੋਈ ਬਾਰਾਂ ਤੇਰਾਂ ਸਾਲ ਦਾ ਮੁੰਡਾ ਸੀ। ਅਜੇ ਐਨਾ ਨੇ ਉਸ ਨੂੰ ਆਪਣੀ ਜਾਣ-ਪਛਾਣ ਕਰਾਉਣੀ ਸ਼ੁਰੂ ਹੀ ਕੀਤੀ ਸੀ ਕਿ ਬੌਂਬ ਦੀ ਪਤਨੀ ਆ ਪਹੁੰਚੀ। ਐਨਾ ਨੇ ਆਪਣਾ ਆਈ ਡੀ ਕਾਰਡ ਦਿਖਾਇਆ ਤੇ ਆਪਣੇ ਆਉਣ ਦਾ ਕਾਰਨ ਦੱਸਿਆ।

'ਪਰ ਮੇਰੇ ਨਾਲ ਕਾਹਦੇ ਬਾਰੇ ਇੰਟਰਵਿਊ ਕਰਨੀ ਐ? ਮੈਂ ਕੀ ਕੀਤੈ?'

'ਮੈਡਮ ਮੁਆਫ਼ ਕਰਨਾ ਮੈਂ ਕੋਈ ਵਿਸਥਾਰ ਨਹੀਂ ਦੇ ਸਕਦੀ। ਮੈਨੂੰ ਤੁਸੀਂ ਆਪਣਾ ਟੈਲੀਫ਼ੋਨ ਨੰਬਰ ਦਿਉ ਤੇ ਨਾਲੇ ਕੱਲ੍ਹ ਦਸ ਵਜੇ ਦਾ ਸਮਾਂ ਨੀਯਤ ਕਰਨਾ ਚਾਹੁੰਦੇ ਹਾਂ, ਜੇ ਕੋਈ ਤੁਹਾਨੂੰ ਖਾਸ ਰੁਝੇਵਾਂ ਨਾ ਹੋਵੇ ਤਾਂ।'

'ਤੁਸੀਂ ਆਪਣਾ ਨੰਬਰ ਦੇ ਜਾਵੋ ਤੇ ਈ ਮੇਲ ਵੀ। ਮੇਰਾ ਵਕੀਲ ਤੁਹਾਡੇ ਨਾਲ ਸਮਾਂ ਨੀਯਤ ਕਰ ਲਵੇਗਾ।'

ਐਨਾ ਨੂੰ ਸਮਝ ਲੱਗ ਗਈ ਸੀ ਕਿ ਬੌਂਬ ਦੀ ਪਤਨੀ ਵੀ ਕਿਸੇ ਹੱਦ ਤੱਕ ਬੌਂਬ ਨੇ ਟਰੇਂਡ ਕੀਤੀ ਹੋਈ ਸੀ। ਐਨਾ ਨੇ ਆਪਣਾ ਕਾਰਡ ਦੇ ਦਿੱਤਾ ਤੇ ਇਕ ਵਾਰ ਫਿਰ ਉਸ ਨੂੰ ਜਲਦੀ ਤੋਂ ਜਲਦੀ ਮੀਟਿੰਗ ਨੀਯਤ ਕਰਨ ਲਈ ਕਿਹਾ ਤੇ ਚਲੀ ਗਈ।

ਉਸ ਦੇ ਵਕੀਲ ਨੇ ਮੀਟਿੰਗ ਤੀਜੇ ਦਿਨ ਦੀ ਨੀਯਤ ਕਰ ਲਈ। ਉਹ ਸਮੇਂ ਸਿਰ ਪਹੁੰਚ ਗਏ ਤੇ ਮੀਟਿੰਗ ਰੂਮ ਵਿਚ ਪੁੱਛ-ਗਿੱਛ ਦਾ ਸਿਲਸਿਲਾ ਸ਼ੁਰੂ ਹੋ ਗਿਆ। ਵਕੀਲ ਨੇ ਆਪਣੀ ਕਲਾਇੰਟ ਦਾ ਨਾ ਸਿਮਰਨ ਦੱਸਿਆ ਤੇ ਮੀਟਿੰਗ ਦੇ ਵਿਸ਼ੇ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ। ਉਸ ਦਾ ਜਵਾਬ ਦੇਣ ਦੀ ਥਾਂ ਸਕੌਟ ਨੇ ਸਿਮਰਨ ਨੂੰ ਸਵਾਲ ਕੀਤਾ।

'ਤੁਹਾਡਾ ਪਤੀ ਬੌਂਬ ਕਿੱਥੇ ਹੈ ਤੇ ਉਸ ਨਾਲ ਤੁਹਾਡੀ ਕਦੋਂ ਗੱਲ ਹੋਈ ਸੀ?'

'ਕਈ ਦਿਨ ਹੋ ਗਏ ਸਹੀ ਦਿਨ ਤਾਂ ਮੈਨੂੰ ਯਾਦ ਨਹੀਂ।' ਉਸ ਦੇ ਬੋਲਾਂ ਵਿਚ ਨਿੱਕੀ ਜਿਹੀ ਥਰਥਰਾਹਟ ਮਹਿਸੂਸ ਕੀਤੀ ਜਾ ਸਕਦੀ ਸੀ। ਸਕੌਟ ਮੁਸਕਰਾਇਆ। ਉਸ ਨੂੰ ਪਤਾ ਸੀ ਉਹ ਝੂਠ ਬੋਲ ਰਹੀ ਸੀ।

'ਜੇ ਤੁਹਾਡੇ ਕੋਲ ਕੋਈ ਪ੍ਰਾਪਰਟੀ ਹੈ ਤਾਂ ਸਾਨੂੰ ਉਸ ਦਾ ਵੇਰਵਾ ਦੇਣ ਦੀ ਮਿਹਰਬਾਨੀ ਕਰੋ।'

'ਬੌਂਬ ਦੇ ਕੇਸ ਨਾਲ ਜਾਂ ਕਿਸੇ ਹੋਰ ਕੇਸ ਨਾਲ ਇਸ ਦਾ ਕੋਈ ਸਬੰਧ ਨਹੀਂ ਤੇ ਮੇਰੇ ਕਲਾਇੰਟ ਨੂੰ ਨਜਾਇਜ਼ ਤੰਗ ਨਾ ਕੀਤਾ ਜਾਵੇ।' ਵਕੀਲ ਨੇ ਦਖਲ ਦਿੱਤਾ।

ਸਕੌਟ ਨੇ ਇਕ ਪੇਪਰ ਉਸ ਅੱਗੇ ਕਰ ਦਿੱਤਾ ਅਤੇ ਉਸ ਵਿਚ ਲੋੜੀਂਦੀ ਜਾਣਕਾਰੀ ਭਰਨ ਨੂੰ ਕਿਹਾ। ਸਿਮਰਨ ਵਕੀਲ ਵੱਲ ਵੇਖਣ ਲੱਗੀ। ਉਸ ਫਾਰਮ ਵਿਚ ਵੀ ਸਿਮਰਨ ਦੀ ਪ੍ਰਾਪਰਟੀ ਦੀ ਜਾਣਕਾਰੀ ਮੰਗੀ ਗਈ ਸੀ।

'ਪਰ ਆਫ਼ੀਸਰ ਤੁਹਾਨੂੰ ਇਹ ਜਾਣਕਾਰੀ ਚਾਹੀਦੀ ਕਿਉਂ ਐ?' ਵਕੀਲ ਫਿਰ ਬੋਲਿਆ।

'ਮੇਰਾ ਪ੍ਰਾਪਰਟੀ ਖਰੀਦਣ ਦਾ ਕੋਈ ਇਰਾਦਾ ਨਹੀਂ। ਇਹ ਜਾਣਕਾਰੀ ਤੁਸੀਂ ਜੇ ਦੇ ਦੇਵੋ ਤਾਂ ਚੰਗਾ ਹੈ ਨਹੀਂ ਤਾਂ ਸਾਨੂੰ ਅਦਾਲਤ ਵਿਚ ਜਾਣਾ ਪਵੇਗਾ।'

ਸਕੌਟ ਦੇ ਬੋਲਾਂ ਵਿਚ ਦ੍ਰਿੜਤਾ ਸੀ। ਵਕੀਲ ਨੂੰ ਚੁੱਪ ਕਰਨਾ ਪਿਆ ਤੇ ਸਿਮਰਨ ਨੇ ਆਪਣੀ ਨਿੱਜੀ ਪ੍ਰਾਪਰਟੀ ਜਾਣੀ ਜਿਸ ਘਰ ਵਿਚ ਉਹ ਰਹਿ ਰਹੀ ਸੀ ਉਸ ਦੀ ਅੱਧੀ ਮਾਲਕੀ ਅਤੇ ਇਕ ਹੋਰ ਘਰ ਕਿਰਾਏ 'ਤੇ ਦਿੱਤਾ ਹੋਇਆ ਸੀ, ਜਾਣਕਾਰੀ ਲਿਖ ਦਿੱਤੀ। ਸਕੌਟ ਨੇ ਫਾਰਮ ਵੇਖਿਆ।

'ਮੈਡਮ ਤੁਸੀਂ ਕਿਸੇ ਕੰਪਨੀ ਨਾਲ ਸਬੰਧਤ ਹੋ ਜਾਂ ਹਿੱਸੇਦਾਰ ਹੋ, ਇਸ ਬਾਰੇ ਜਾਣਕਾਰੀ ਨਹੀਂ ਦਿੱਤੀ।' ਉਸ ਨੇ ਫਾਰਮ ਫਿਰ ਤੋਂ ਸਿਮਰਨ ਅੱਗੇ ਧੱਕ ਦਿੱਤਾ। ਹਿਚਕਚਾਉਂਦਿਆਂ ਸਿਮਰਨ ਨੇ ਆਪਣੇ ਡਾਇਰੈਕਟਰ ਹੋਣ ਦੀ ਗੱਲ ਕਬੂਲ ਕਰ ਲਈ।

'ਯੰਗ ਨਾਈਟ ਕਲੱਬ ਤੋਂ ਕਿਰਾਇਆ ਵਸੂਲੀ ਦੇ ਅਕਾਊਂਟ ਸਾਨੂੰ ਪੇਸ਼ ਕਰੋ।'

'ਉਸ ਵਾਸਤੇ ਤਾਂ ਸਮਾਂ ਚਾਹੀਦਾ। ਦੋ ਹਫ਼ਤੇ ਦਾ ਸਮਾਂ ਦਿੱਤਾ ਜਾਵੇ।' ਵਕੀਲ ਨੇ ਢੁੱਚਰ ਡਾਹੀ।

'ਤੁਹਾਡੇ ਅਕਾਊਂਟ ਤਾਂ ਬਣੇ ਹੋਏ ਹੀ ਹੋਣੇ ਚਾਹੀਦੇ ਹਨ, ਅਕਾਊਂਟੈਂਟ ਨੂੰ ਫ਼ੋਨ ਕਰੋ ਉਹ ਸਾਨੂੰ ਈ ਮੇਲ ਕਰ ਦੇਵੇਗਾ। ਦੋ ਹਫ਼ਤੇ ਅਸੀਂ ਉਡੀਕ ਨਹੀਂ ਕਰ ਸਕਦੇ। ਅਸੀਂ ਇਹ ਵੀ ਜਾਣਨਾ ਚਾਹੁੰਦੇ ਹਾ ਕਿ ਆਪਣੇ ਪਤੀ ਦੀ ਕੰਪਨੀ ਤੋਂ ਕਿਰਾਇਆ ਮਾਰਕਿਟ ਦੇ ਕਿਰਾਏ ਅਨੁਸਾਰ ਵਸੂਲ ਕੀਤਾ ਜਾਂਦਾ ਜਾਂ--।'

'ਆਫ਼ੀਸਰ ਮੇਰੀ ਕਲਾਇੰਟ ਦਾ ਬੌਬ ਨਾਲ ਕੁਝ ਦੇਰ ਪਹਿਲਾਂ ਡਾਈਵੋਰਸ ਹੋ ਚੁੱਕਾ ਹੈ। ਆਹ ਲਉ ਸਰਟੀਫਿਕੇਟ।'

ਵਕੀਲ ਨੇ ਪੇਪਰ ਸਕੌਟ ਅੱਗੇ ਸਰਕਾਉਂਦਿਆਂ ਕਿਹਾ। ਸਕੌਟ ਹੈਰਾਨ ਸੀ।

'ਤੁਸੀਂ ਇਕ ਘਰ ਵਿਚ ਰਹਿੰਦੇ ਸੀ ਤੇ ਇਕੱਠੇ ਰਹਿੰਦੇ ਸੀ। ਡਾਈਵੋਰਸ ਦੀ ਗੱਲ ਸਮਝ ਨਹੀਂ ਆਉਂਦੀ।'

'ਆਫ਼ੀਸਰ, ਕਨੂੰਨ ਵਿਚ ਕਿੱਥੇ ਲਿਖਿਆ ਕਿ ਡਾਈਵੋਰਸ ਬਾਅਦ ਵੱਖੋ ਵੱਖ ਰਹਿਣਾ ਜ਼ਰੂਰੀ ਐ ਜਾਂ ਲੜਾਈ ਝਗੜਾ ਜ਼ਰੂਰ ਹੋਣਾ ਚਾਹੀਦਾ। ਬੱਚਿਆਂ ਦੀ ਖਾਤਰ ਇਹਨਾਂ ਨੇ ਇਕ ਘਰ ਵਿਚ ਰਹਿਣ ਦਾ ਅਤੇ ਰਲ-ਮਿਲ ਕੇ ਬੱਚੇ ਪਾਲਣ ਦਾ ਸੁਘੜ-ਸਿਆਣਾ ਫੈਸਲਾ ਕੀਤਾ। ਵੈਸੇ ਇਹ ਆਪਣੀਆਂ ਜ਼ਿੰਦਗੀਆਂ ਆਪਣੀ ਮਰਜ਼ੀ ਨਾਲ ਬਤੀਤ ਕਰ ਰਹੇ ਹਨ।' ਵਕੀਲ ਦੇ ਬੋਲਾਂ ਵਿਚ ਹੁਣ ਆਤਮ ਵਿਸ਼ਵਾਸ਼ ਸਾਫ਼ ਝਲਕਦਾ ਸੀ। ਸਕੌਟ ਨੇ ਮੀਟਿੰਗ ਖਤਮ ਕਰਨਾ ਹੀ ਠੀਕ ਸਮਝਿਆ।

***

ਸਕੌਟ ਤੇ ਐਨਾ ਅਦਾਲਤ ਵਿਚ ਪੇਸ਼ ਕਰਨ ਲਈ ਰਿਪੋਰਟ ਨੂੰ ਅੰਤਿਮ ਛੋਹਾਂ ਦੇ

ਰਹੇ ਸਨ। ਅਚਾਨਕ ਜੈਕੀ ਬਲੈਕ ਆ ਪਹੁੰਚੀ। ਉਸ ਨੂੰ ਵੇਖ ਕੇ ਸਕੌਟ ਬਹੁਤ ਖੁਸ਼ ਹੋਇਆ ਤੇ ਕੁਰਸੀ ਤੋਂ ਉੱਠ ਕੇ ਉਸ ਦੀ ਗੱਲ੍ਹ 'ਤੇ ਚੁੰਮਣ ਦੇ ਕੇ ਜੀ ਆਇਆਂ ਕਿਹਾ।

'ਜੈਕੀ ਤੇਰੀ ਬਹੁਤ ਮਿਹਰਬਾਨੀ। ਤੇਰੀ ਮਿਹਨਤ ਨਾਲ ਹੀ ਇਹ ਕੇਸ ਸੁਲਝਿਆ। ਨਹੀਂ ਤਾਂ ਮੈਨੂੰ ਲਗਦਾ ਸੀ ਇਹ ਕੇਸ 'ਠੰਡੇ ਬਸਤੇ' ਵਿਚ ਪਾਉਣਾ ਪੈਣਾ ਸੀ।' ਸਕੌਟ ਨੇ ਜੈਕੀ ਦੀ ਦਿੱਤੀ ਸਾਰੀ ਦੀ ਸਾਰੀ ਜਾਣਕਾਰੀ ਰਿਪੋਰਟ ਵਿਚ ਜੋੜ ਦਿੱਤੀ ਸੀ।

'ਪੋਲੇਂਡ ਦੇ ਗਰੋਹ ਨੂੰ ਵੀ ਕਾਬੂ ਕਰ ਸਕੇ ਆਂ ਕਿ ਨਹੀਂ?' ਜੈਕੀ ਨੇ ਪੁੱਛਿਆ।

'ਪੋਲੈਂਡ, ਰੁਮੇਨੀਆਂ ਤੇ ਲੰਡਨ ਦੇ ਬਹੁਤੇ ਬੰਦੇ ਫੜੇ ਗਏ ਆ। ਉਹਨਾਂ ਦੀ ਵੱਖ ਵੱਖ ਪੁਲੀਸ ਅਫ਼ਸਰ ਜਾਂਚ ਪੜਤਾਲ ਕਰ ਰਹੇ ਆ। ਕੁਝ ਨੂੰ ਤਾਂ ਅਦਾਲਤ ਵਿਚ ਪੇਸ਼ ਵੀ ਕਰ ਦਿੱਤਾ ਤੇ ਕੱਲ੍ਹ ਨੂੰ 'ਤੇਰਾ ਮਿੱਤਰ' ਟੌਮ ਤੇ ਰੰਧਾਵਾ ਵੀ ਅਦਾਲਤ ਵਿਚ ਭੇਜੇ ਜਾ ਰਹੇ ਐ।'

ਸਕੌਟ ਨੇ 'ਤੇਰਾ ਮਿੱਤਰ' ਸੰਬੋਧਨ 'ਤੇ ਰਤਾ ਕੁ ਜ਼ੋਰ ਦਿੱਤਾ ਤੇ ਮੁਸਕਰਾ ਪਿਆ। ਨਾਲ ਹੀ ਜੈਕੀ ਵੀ ਮੁਸਕਰਾ ਪਈ।

'ਸਭ ਤੋਂ ਵੱਧ ਫਿਕਰ ਤਾਂ ਵਿਚਾਰੀਆਂ ਕੁੜੀਆਂ ਅਤੇ ਭੋਲੇ ਭਾਲੇ ਬੱਚਿਆਂ ਦਾ, ਜਿਹਨਾਂ ਦਾ ਭਵਿੱਖ ਇਹਨਾਂ ਨੇ ਬਰਬਾਦ ਕਰ ਦਿੱਤਾ।' ਜੈਕੀ ਦਿਲੋਂ ਫਿਕਰਮੰਦ ਸੀ।

'ਜੈਕੀ ਉਹਨਾਂ ਦਾ ਖਿਆਲ ਕਰਨ ਲਈ ਮਨੋਵਿਗਿਆਨੀ ਤੇ ਸੋਸ਼ਲ ਸਰਵਿਸਜ਼ ਆਪਣਾ ਕੰਮ ਕਰ ਰਹੇ ਐ। ਆਪਾਂ ਤਾਂ ਉਹਨਾਂ ਦੀ ਬਹੁਤੀ ਮਦਦ ਨਹੀਂ ਕਰ ਸਕਦੇ।'

'ਮਨੋਵਿਗਿਆਨੀ ਤੇ ਸੋਸ਼ਲ ਸਰਵਿਸਜ਼ ਵਾਲੇ ਇਕ ਹੱਦ ਤੱਕ ਹੀ ਮਦਦ ਕਰ ਸਕਦੇ ਐ। ਬੱਚਿਆਂ ਦੇ ਘਰੇਲੂ ਹਾਲਾਤ, ਉਹਨਾਂ ਦੇ ਪਰਿਵਾਰ ਦੀ ਆਰਥਿਕ ਸਥਿਤੀ, ਮਾਂ-ਪਿਉ ਦਾ ਜੀਵਨ ਢੰਗ ਆਦਿ ਕਿੰਨਾ ਕੁਝ ਸਮਝਣਾ ਤੇ ਜਾਣਨਾ ਜ਼ਰੂਰੀ ਐ। ਇਹ ਸਭ ਕੁਝ ਲਈ ਸਰਕਾਰ ਓਨੀ ਸੁਹਿਰਦ ਨਹੀਂ। ਜਦੋਂ ਤੱਕ ਬੁਰਾਈ ਦੀ ਜੜ੍ਹ ਨੂੰ ਨਹੀਂ ਪੁਟਿਆ ਜਾਂਦਾ, ਬੁਰਾਈ ਫਿਰ ਜਨਮ ਲਵੇਗੀ। ਬੱਚੇ ਕਿਸੇ ਕਾਰਨ ਕਰਕੇ ਹੀ ਇਹਨਾਂ ਲੋਕਾਂ ਦੇ ਚੁੰਗਲ ਵਿਚ ਫਸੇ। ਉਹਨਾਂ ਕਾਰਨਾਂ ਨੂੰ ਦੂਰ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਐ।' ਜੈਕੀ ਗੰਭੀਰ ਸੀ ਤੇ ਐਨਾ ਤੇ ਸਕੌਟ ਉਸ ਨੂੰ ਧਿਆਨ ਨਾਲ ਸੁਣ ਰਹੇ ਸਨ।

'ਮੈਂ ਤਾਂ ਫੈਸਲਾ ਕਰ ਲਿਆ ਕਿ ਅੱਗੇ ਤੋਂ ਆਹ ਜਿਹੜੀ ਨਵੀਂ ਪਾਰਟੀ ਆ 'ਫਿਊਚਰ ਪਾਰਟੀ' ਮੈਂ ਤਾਂ ਇਹਨਾਂ ਨੂੰ ਵੋਟ ਪਾਊਂ। ਇਹਨਾਂ ਦਾ ਪ੍ਰੋਗਰਾਮ ਮੈਨੂੰ ਚੰਗਾ ਲੱਗਿਆ। ਜੇ ਲੋਕਾਂ ਵਿਚ ਪੈਸੇ ਦੀ ਵੰਡ ਤਕਰੀਬਨ ਸਾਵੀਂ ਹੋਵੇ ਤਾਂ ਬਹੁਤ ਸਮੱਸਿਆਵਾਂ ਖਤਮ ਹੋ ਸਕਦੀਆਂ।' ਐਨਾ ਬੋਲੀ।

'ਮਿਲਾ ਹੱਥ।' ਜੈਕੀ ਨੇ ਆਪਣਾ ਹੱਥ ਕੱਢਿਆ ਤੇ ਐਨਾ ਵੱਲ ਵਧਾਇਆ। 'ਮੈਂ ਤਾਂ ਇਸ ਵਾਰ ਵੀ ਉਹਨਾਂ ਨੂੰ ਹੀ ਵੋਟ ਪਾਈ ਸੀ।' ਜੈਕੀ ਨੇ ਪ੍ਰਸੰਨਤਾ ਜ਼ਾਹਰ ਕੀਤੀ।

ਸਕੌਟ ਦੇ ਫ਼ੋਨ ਦੀ ਘੰਟੀ ਵੱਜੀ ਤਾਂ ਉਸ ਸਭ ਚੁੱਪ ਹੋ ਗਏ।

# 46

ਤਿੰਨ ਕੁ ਮਹੀਨੇ ਬਾਅਦ ਰੰਧਾਵੇ ਦੀ ਜ਼ਮਾਨਤ ਹੋ ਗਈ ਸੀ। ਉਸ ਦੀ ਉਮਰ ਅਤੇ ਉਸ ਦੀ ਸਿਹਤ ਬਾਰੇ ਉਸ ਦੇ ਵਕੀਲ ਨੇ ਕਾਫੀ ਵਧਾ ਚੜ੍ਹਾ ਕੇ ਗੱਲ ਕੀਤੀ ਤਾਂ ਜੱਜ ਉਸ ਨਾਲ ਸਹਿਮਤ ਹੋ ਗਿਆ। ਪ੍ਰਾਸੀਕਿਊਟਰ ਨੇ ਰੰਧਾਵੇ ਦੇ ਬੌਬ ਵਾਂਗ ਭੱਜਣ ਦਾ ਖ਼ਤਰਾ ਹੋਣ 'ਤੇ ਜ਼ੋਰ ਦਿੱਤਾ। ਪਰ ਜੱਜ ਨੇ ਉਸ ਦੇ ਪਾਸਪੋਰਟ ਨੂੰ ਜ਼ਬਤ ਕਰਨ ਅਤੇ ਸ਼ਹਿਰ ਤੋਂ ਬਾਹਰ ਨਾ ਜਾਣ 'ਤੇ ਪਬੰਦੀ ਲਾ ਕੇ ਜ਼ਮਾਨਤ ਮਨਜ਼ੂਰ ਕਰ ਲਈ। ਰੰਧਾਵਾ ਘਰ ਆ ਗਿਆ।

ਦੋ ਤਿੰਨ ਦਿਨ ਲੰਘ ਗਏ। ਇਹਨਾਂ ਦਿਨਾਂ ਵਿਚ ਉਸ ਦੀ ਬੌਬ ਨਾਲ ਵੀ ਗੱਲ ਹੋ ਗਈ ਸੀ। ਭਾਵੇਂ ਇਹ ਗੱਲ-ਬਾਤ ਆਮ ਹੀ ਸੀ। ਬੌਬ ਬਹੁਤ ਚੇਤੰਨ ਸੀ। ਉਸ ਨੇ ਕੋਈ ਵੀ ਅਜਿਹੀ ਗੱਲ ਨਹੀਂ ਸੀ ਕੀਤੀ ਜਿਸ ਨਾਲ ਉਹਨਾਂ ਦਾ ਕੋਈ ਪਰਦਾ ਬੇਪਰਦ ਹੋ ਜਾਵੇ ਤੇ ਪੁਲੀਸ ਨੂੰ ਕੋਈ ਜਾਣਕਾਰੀ ਮਿਲ ਜਾਵੇ।

ਰੰਧਾਵੇ ਨੂੰ ਮਿਲਣ ਲਈ ਨਾ ਤਾਂ ਸਿਮਰਨ ਆਈ ਸੀ ਤੇ ਨਾ ਹੀ ਬੱਚੇ। ਆਪਣੇ ਪੋਤੇ ਬੰਟੀ ਨਾਲ ਉਹਦਾ ਬਹੁਤ ਪਿਆਰ ਸੀ ਤੇ ਉਹ ਵੀ ਉਸ ਨਾਲ ਵਾਹਵਾ ਮੋਹ ਕਰਦਾ ਸੀ। ਰੰਧਾਵਾ ਉਸ ਨੂੰ ਸਭ ਤੋਂ ਵੱਧ ਉਡੀਕ ਰਿਹਾ ਸੀ। ਅਜੇ ਤੱਕ ਉਹ ਵੀ ਨਹੀਂ ਆਇਆ ਸੀ।

'ਬੋਲਦੀ ਨੀ, ਸਿਮਰਨ ਜਾਂ ਬੱਚੇ ਨੀ ਆਏ ਕੀ ਗੱਲ ਐ?' ਉਸ ਨੇ ਆਪਣੀ ਪਤਨੀ ਨੂੰ ਪੁੱਛਿਆ।

'ਪਤਾ ਨੀ। ਸਿਮਰਨ ਤਾਂ ਫ਼ੋਨ ਕਰਦੀ ਰਹਿੰਦੀ ਸੀ। ਨਿਆਣੇ ਵੀ ਕਦੇ ਕਦੇ ਆ ਜਾਂਦੇ ਸੀ।' ਉਸ ਨੇ ਸੰਖੇਪ ਜਿਹਾ ਜਵਾਬ ਦਿੱਤਾ। ਵੈਸੇ ਉਹ ਵੀ ਸੋਚ ਰਹੀ ਸੀ ਕਿ ਨੂੰਹ ਨੂੰ ਤਾਂ ਜ਼ਰੂਰ ਆਉਣਾ ਚਾਹੀਦਾ ਸੀ।

ਸਨਿਚਰਵਾਰ ਦਾ ਦਿਨ ਸੀ। ਰੰਧਾਵੇ ਤੋਂ ਰਿਹਾ ਨਾ ਗਿਆ ਤੇ ਉਹ ਬੌਬ ਦੇ ਘਰ ਜਾ ਪਹੁੰਚਿਆ। ਬਾਹਰ ਚਮਕਦੀ ਧੁੱਪ ਸੀ ਤੇ ਧੁੱਪੇ ਬੈਠਣ ਲਈ ਸਿਮਰਨ ਨੇ ਬਾਹਰ ਕੁਰਸੀਆਂ ਰੱਖੀਆਂ ਹੋਈਆਂ ਸਨ। ਆਪ ਉਹ ਕੁਰਸੀ 'ਤੇ ਬੈਠੀ ਕੁਝ ਪੜ੍ਹ ਰਹੀ ਸੀ। ਕੁੜੀਆਂ ਆਪਣੇ ਕਮਰਿਆਂ ਵਿਚ ਸਨ ਤੇ ਬੰਟੀ ਗੁਆਂਢੀਆਂ ਦੇ ਮੁੰਡੇ ਨਾਲ ਗਾਰਡਨ ਵਿਚ ਫੁੱਟਬਾਲ ਖੇਡ ਰਿਹਾ ਸੀ। ਰੰਧਾਵੇ ਨੇ ਡੋਰ ਬੈਲ ਕੀਤੀ ਤਾਂ ਸਿਮਰਨ ਨੇ ਦਰਵਾਜ਼ਾ ਖੋਲ੍ਹਿਆ।

'ਹੈਲੋ ਡੈਡੀ।' ਉਹ ਸਰਦ ਜਿਹੀ ਆਵਾਜ਼ ਵਿਚ ਬੋਲੀ ਤੇ ਦਰਵਾਜ਼ਾ ਖੋਲ੍ਹ ਕੇ ਇਕ ਪਾਸੇ ਹੋ ਗਈ। ਰੰਧਾਵਾ ਅੰਦਰ ਲੰਘ ਗਿਆ। ਉਹ ਵੀ ਗਾਰਡਨ ਵਿਚ ਚਲਾ ਗਿਆ।

'ਏਹ ਬੰਟੀ।' ਉਸ ਨੇ ਬੰਟੀ ਨੂੰ ਚਾਅ ਨਾਲ ਬੁਲਾਇਆ।

ਬੰਟੀ ਨੇ ਖੇਡਣਾ ਬੰਦ ਕਰ ਦਿੱਤਾ ਤੇ ਦੋਵੇਂ ਮੁੰਡੇ ਰੰਧਾਵੇ ਕੋਲ ਆ ਗਏ। ਬੰਟੀ ਨੇ

ਉਸ ਨੂੰ ਜੱਫ਼ੀ ਪਾਈ ਤੇ ਰੰਧਾਵੇ ਨੇ ਉਸ ਨੂੰ ਜ਼ੋਰ ਨਾਲ ਆਪਣੇ ਨਾਲ ਘੁੱਟ ਲਿਆ। ਉਸ ਦੇ ਮਨ ਨੂੰ ਅਨੋਖਾ ਜਿਹਾ ਸਕੂਨ ਮਹਿਸੂਸ ਹੋਇਆ।

ਗੁਆਂਢੀਆਂ ਦਾ ਮੁੰਡਾ ਫਿਰ ਮਿਲਣ ਦਾ ਵਾਇਦਾ ਕਰਕੇ ਚਲਾ ਗਿਆ।

'ਡੈਡ ਚਾਹ ਬਣਾਵਾਂ ਜਾਂ ਕੁਝ ਠੰਡਾ।' ਸਿਮਰਨ ਨੇ ਪੁੱਛਿਆ।

'ਨਹੀਂ ਕੋਈ ਲੋੜ ਨੀ ਤੇ ਤੂੰ ਮੈਨੂੰ ਮਿਲਣ ਨੀ ਆਇਆ ਬੰਟੀ?'

ਬੰਟੀ ਨੇ ਰੰਧਾਵੇ ਵੱਲ ਵੇਖਿਆ। ਫਿਰ ਉਸ ਨੇ ਨੀਵੀਂ ਪਾ ਲਈ ਤੇ ਉਸ ਨੇ ਸਿਮਰਨ ਵੱਲ ਵੇਖਿਆ। ਉਸ ਦੀਆਂ ਅੱਖਾਂ ਵਿਚ ਹੰਝੂ ਉਮਡ ਆਏ।

'ਏਹ ਕੀ ਪੁੱਤ? ਕੀ ਗੱਲ ਹੋਗੀ?' ਰੰਧਾਵੇ ਨੇ ਫਿਕਰ ਨਾਲ ਕਿਹਾ।

ਬੰਟੀ ਨੇ ਅੱਖਾਂ ਪੂੰਝੀਆਂ। ਉਹ ਚੁੱਪ ਬੈਠਾ ਰਿਹਾ। ਸਿਮਰਨ ਵੀ ਚੁੱਪ ਚਾਪ ਉਸ ਵੱਲ ਵੇਖਦੀ ਰਹੀ।

'ਬੰਟੀ ਕੀ ਗੱਲ ਐ? ਹੁਣ ਤੂੰ ਵੱਡਾ ਹੋ ਗਿਆਂ ਤੇ ਰੋਣ ਵਾਲੀ ਕੀ ਗੱਲ ਹੋਈ?' ਰੰਧਾਵੇ ਨੇ ਇਕ ਵਾਰ ਫਿਰ ਪੁੱਛਿਆ।

'ਦਾਦੂ, ਡੈਡੀ ਨੇ ਗੈਰੀ ਅੰਕਲ ਨੂੰ ਕਿਉਂ ਮਾਰਿਆ ਤੇ ਨਾਲੇ ਡਰੱਗ--। ਮੇਰੇ ਨਾਲ ਪੜ੍ਹਦੇ ਮੁੰਡਿਆਂ ਨੂੰ ਸਭ ਪਤੈ। ਉਹ ਮੈਨੂੰ ਬਹੁਤ ਚਿੜਾਉਂਦੇ ਰਹਿੰਦੇ ਐ। ਕੋਈ ਕਾਤਲ ਦਾ ਬੇਟਾ ਕਹਿੰਦਾ ਤੇ ਕੋਈ ਸਮਗਲਰ ਦਾ। ਇਹ ਕਿਉਂ ਕੀਤਾ ਉਹਨੇ?' ਬੰਟੀ ਨੇ ਭਰੇ ਗਲੇ ਨਾਲ ਪੁੱਛਿਆ।

ਇਸ ਵੇਲੇ ਸਕੂਲ ਦੇ ਕਈ ਮੁੰਡਿਆਂ ਦੇ ਚਿਹਰੇ ਉਸਦੀਆਂ ਅੱਖਾਂ ਸਾਹਮਣੇ ਆਏ ਜਿਹੜੇ ਉਸ ਨੂੰ ਹਰ ਮੌਕੇ 'ਤੇ ਆਵਾਜ਼ੇ ਕਸਦੇ ਰਹਿੰਦੇ ਸਨ।

ਰੰਧਾਵੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਕੋਈ ਅਜਿਹਾ ਸਵਾਲ ਉਠੇਗਾ। ਉਸ ਨੂੰ ਕੋਈ ਜਵਾਬ ਸਮਝ ਨਹੀਂ ਸੀ ਆ ਰਿਹਾ। ਕੁਝ ਦੇਰ ਦੀ ਚੁੱਪ ਬਾਅਦ ਉਹ ਬੋਲਿਆ: 'ਬੱਸ ਮਾੜੀ ਕਿਸਮਤ ਸੀ। ਪਤਾ ਨੀ ਲੱਗਿਆ ਕਦੋਂ ਕਿਸਮਤ ਨੇ ਠੂਠਾ ਫੜਾ ਦਿੱਤਾ।'

ਬੰਟੀ ਨੂੰ ਇਸ ਦਾ ਕਿੰਨਾ ਕੁ ਯਕੀਨ ਆਇਆ ਜਾਂ ਕਿੰਨੀ ਕੁ ਸਮਝ ਆਈ, ਇਹ ਤਾਂ ਰੰਧਾਵੇ ਨੂੰ ਪਤਾ ਨਾ ਲੱਗ ਸਕਿਆ। ਪਰ ਉਸ ਦੇ ਆਪਣੇ ਅੰਦਰ ਇਕ ਹਲਚਲ ਜ਼ਰੂਰ ਪੈਦਾ ਹੋ ਗਈ ਸੀ। ਉਹ ਜਲਦੀ ਤੋਂ ਜਲਦੀ ਉੱਠ ਕੇ ਜਾਣਾ ਚਾਹੁੰਦਾ ਸੀ।

'ਦਾਦੂ ਮੈਂ ਸਕੂਲ ਬਦਲਣਾ ਚਾਹੁੰਨਾ। ਦੂਰ ਜਾਣਾ ਚਾਹੁੰਨਾ ਜਿਥੇ ਕਿਸੇ ਨੂੰ ਡੈਡ ਬਾਰੇ ਕੁਝ ਪਤਾ ਨਾ ਹੋਵੇ। ਮੈਂ ਏਥੇ ਨੀ ਰਹਿਣਾ।' ਕਹਿ ਕੇ ਬੰਟੀ ਘਰ ਅੰਦਰ ਚਲਾ ਗਿਆ।

ਰੰਧਾਵਾ ਉਸ ਦੀ ਜਾਂਦੇ ਦੀ ਪਿੱਠ ਦੇਖਦਾ ਰਹਿ ਗਿਆ। ਕੁਝ ਦੇਰ ਉਹ ਨੀਵੀਂ ਪਾਈ ਬੈਠਾ ਰਿਹਾ। ਫਿਰ ਉਸ ਨੂੰ ਸਿਮਰਨ ਦੀ ਆਵਾਜ਼ ਸੁਣਾਈ ਦਿੱਤੀ।

'ਡੈਡੀ, ਮੈਂ ਇਹ ਘਰ ਵੇਚਣਾ ਚਾਹੁੰਦੀ ਹਾਂ। ਜੇ ਤੁਸੀਂ ਰੱਖ ਸਕਦੇ ਹੋ ਤਾਂ ਮੈਨੂੰ ਅੱਧੇ ਪੈਸੇ ਦੇ ਦਿਉ। ਅੱਧ ਬੌਬ ਦਾ ਇਹਦੇ 'ਚ। ਮੈਂ ਬੱਚਿਆਂ ਨੂੰ ਲੈ ਕੇ ਦੂਰ ਜਾਣਾ ਚਾਹੁੰਦੀ ਹਾਂ। ਜੇ ਮੰਮ ਨੇ ਬੌਬ ਨੂੰ ਤੁਹਾਡੇ ਕੰਮਾਂ ਵਿਚ ਸ਼ਾਮਲ ਹੋਣ ਤੋਂ ਰੋਕਿਆ ਹੁੰਦਾ ਤਾਂ

ਅੱਜ ਮੈਨੂੰ ਇਕੱਲੀ ਨੂੰ ਨਾ ਰਹਿਣਾ ਪੈਂਦਾ ਤੇ ਨਾ ਹੀ ਬੱਚਿਆਂ ਨੂੰ ਲੋਕਾਂ ਦੇ ਤਾਹਨੇ ਸੁਣਨੇ ਪੈਂਦੇ। ਇਹ ਮੇਰਾ ਅਟੱਲ ਫੈਸਲਾ ਐ।'

ਰੰਧਾਵੇ ਦੇ ਸਿਰ ਜਿਵੇਂ ਸੌ ਘੜਾ ਪਾਣੀ ਦਾ ਪੈ ਗਿਆ ਹੋਵੇ। ਬੌਬੀ ਨੂੰ ਤਾਂ ਉਹ ਪਹਿਲਾਂ ਹੀ ਖੋਅ ਚੁੱਕਿਆ ਸੀ। ਉਸ ਨੂੰ ਖੁਦ ਨੂੰ ਕੈਦ ਹੋਣ ਦਾ ਪੂਰਾ ਖ਼ਤਰਾ ਸੀ। ਬੱਚੇ ਤੇ ਸਿਮਰਨ ਵੀ ਚਲੇ ਗਏ ਤਾਂ ਉਸ ਕੋਲ ਬਾਕੀ ਕੀ ਬਚਿਆ? ਮਾਣ ਸਤਿਕਾਰ ਪਹਿਲਾਂ ਹੀ ਖਤਮ ਹੋ ਗਿਆ ਸੀ। ਉਸ ਦੀ ਜ਼ਮਾਨਤ ਹੋਣ ਬਾਅਦ ਚੰਦ ਕੁ ਬੰਦੇ ਹੀ ਉਸ ਨੂੰ ਮਿਲਣ ਆਏ ਸਨ। ਬਹੁਤਿਆਂ ਨੇ ਤਾਂ ਉਸ ਵੱਲ ਪਿੱਠ ਕਰ ਲਈ ਸੀ। ਚੰਗੇ ਤੇ ਸਾਊ ਬੰਦੇ ਪਹਿਲਾਂ ਹੀ ਉਸ ਨਾਲ ਕੋਈ ਨੇੜੇ ਦਾ ਰਿਸ਼ਤਾ ਰੱਖਣ ਤੋਂ ਕਤਰਾਉਂਦੇ ਸਨ। ਰੰਧਾਵੇ ਨੂੰ ਆਪਣਾ ਆਪ ਟਿੱਬਿਆਂ ਵਿਚ ਖੜ੍ਹੇ ਇਕੱਲੇ ਜੰਡ ਵਰਗਾ ਲੱਗ ਰਿਹਾ ਸੀ।

'ਸਿਮਰਨ ਮੇਰੇ ਕੋਲ ਤਾਂ ਹੁਣ ਕਿਥੇ ਆ ਪੈਸੇ! ਹੁਣ ਮੇਰੀ ਗੱਲ ਸੁਣ, ਸਮਾਂ ਇਕੋ ਜਿਹਾ ਨੀ ਰਹਿੰਦਾ ਹੁੰਦਾ। ਲੋਕ ਇਹੋ ਜਿਹੀਆਂ ਗੱਲਾਂ ਛੇਤੀ ਭੁੱਲ ਜਾਂਦੇ ਹੁੰਦੇ ਐ। ਤੂੰ ਬੱਚਿਆਂ ਨੂੰ ਸਮਝਾ ਤੇ ਘਰ ਵੇਚ ਕੇ ਕਿਧਰੇ ਜਾਣ ਵਾਲੀ ਗੱਲ ਭੁੱਲ ਜਾਹ।'

'ਨਹੀਂ ਡੈਡ ਇਹ ਨੀ ਹੋ ਸਕਦਾ। ਹੁਣ ਤੱਕ ਮੈਂ ਬੌਬ ਦੇ ਕਿਸੇ ਕੰਮ ਵਿਚ ਦਖਲ ਨੀ ਦਿੱਤਾ। ਹੁਣ ਮੈਂ ਆਪਣੇ ਢੰਗ ਨਾਲ ਜਿਉਣਾ ਤੇ ਆਪਣੇ ਢੰਗ ਨਾਲ ਬੱਚਿਆਂ ਨੂੰ ਪਾਲਣਾ।'

ਸਿਮਰਨ ਦੇ ਬੋਲਾਂ ਦੀ ਦ੍ਰਿੜਤਾ ਨੇ ਉਸ ਨੂੰ ਲਾਜਵਾਬ ਕਰ ਦਿੱਤਾ। ਉਸ ਨੂੰ ਪਤਾ ਲੱਗ ਗਿਆ ਸੀ ਕਿ ਹੁਣ ਉਹ ਉਸ ਦੀ ਗੱਲ ਨਹੀਂ ਸੁਣੇਗੀ। ਉਹ ਚੁੱਪ ਚਾਪ ਆਪਣੇ ਨਢਾਲ ਹੋਏ ਸਰੀਰ ਨੂੰ ਚੁੱਕ ਕੇ ਪੈਰ ਘੜੀਸਦਾ ਆਪਣੇ ਘਰ ਵੱਲ ਨੂੰ ਚੱਲ ਪਿਆ।

***

ਸਕੌਟ ਨੇ ਰੁਟੀਨ ਵਿਚ ਹੀ ਈਮੇਲ ਚੈਕ ਕੀਤੀ ਤਾਂ ਸਿਮਰਨ ਦੀ ਈਮੇਲ ਵੇਖ ਕੇ ਉਸ ਨੂੰ ਹੈਰਾਨੀ ਹੋਈ। ਈਮੇਲ ਪੜ੍ਹੀ ਤਾਂ ਉਹ ਹੋਰ ਵੀ ਹੈਰਾਨ ਹੋਇਆ। ਉਹ ਉਸ ਨੂੰ ਮਿਲਣਾ ਚਾਹੁੰਦੀ ਸੀ। ਸਕੌਟ ਸੋਚ ਰਿਹਾ ਸੀ ਕਿਉਂ?

ਉਸ ਨੇ ਉਸ ਨੂੰ ਅਗਲੇ ਦਿਨ ਮਿਲਣ ਦਾ ਸਮਾਂ ਦੇ ਦਿੱਤਾ ਤੇ ਦਫ਼ਤਰ ਪਹੁੰਚਣ ਲਈ ਕਿਹਾ। ਦੋ ਚਾਰ ਮਿੰਟ ਵਿਚ ਹੀ ਉਸ ਦੀ ਈਮੇਲ ਆ ਗਈ। ਉਸ ਨੇ ਬੇਨਤੀ ਕੀਤੀ ਕਿ ਉਸ ਦੇ ਘਰ ਹੀ ਮੀਟਿੰਗ ਕੀਤੀ ਜਾਵੇ। ਸਕੌਟ ਨੇ ਹਾਂ ਕਰ ਦਿੱਤੀ।

ਮਿਥੇ ਸਮੇਂ ਸਕੌਟ ਐਨਾ ਨੂੰ ਨਾਲ ਲੈ ਕੇ ਸਿਮਰਨ ਨੂੰ ਮਿਲਣ ਚਲਾ ਗਿਆ। ਉਸ ਸਮੇਂ ਘਰ ਵਿਚ ਹੋਰ ਕੋਈ ਨਹੀਂ ਸੀ। ਉਹ ਉਹਨਾਂ ਨੂੰ ਡਰਾਇੰਗ ਰੂਮ ਵਿਚ ਲੈ ਗਈ।

'ਤੁਹਾਡੀ ਮਿਹਰਬਾਨੀ, ਤੁਸੀਂ ਮੇਰੀ ਬੇਨਤੀ ਮੰਨ ਲਈ। ਦੱਸੋ ਪਹਿਲਾਂ ਚਾਹ ਜਾਂ ਕੌਫੀ।' ਸਕੌਟ ਨੇ ਨੋਟ ਕੀਤਾ, ਸਿਮਰਨ ਖੁਸ਼ ਵੀ ਲਗਦੀ ਸੀ ਤੇ ਠਰੰਮੇ ਨਾਲ ਗੱਲ ਕਰ ਰਹੀ ਸੀ।

'ਮਿਹਰਬਾਨੀ, ਪਰ ਅਸੀਂ ਡਿਊਟੀ 'ਤੇ ਹੋਣ ਕਰਕੇ ਤੁਹਾਡੇ ਕੋਲੋਂ ਕੁਝ ਵੀ ਖਾ ਪੀ ਨਹੀਂ ਸਕਦੇ।' ਸਕੌਟ ਨੇ ਜਵਾਬ ਦਿੱਤਾ, 'ਤੁਸੀਂ ਦੱਸੋ ਅਸੀਂ ਤੁਹਾਡੀ ਕੀ ਮਦਦ ਕਰ ਸਕਦੇ ਆਂ?'

'ਦੇਖੋ, ਮੈਂ ਤੁਹਾਨੂੰ ਸਾਰੀ ਗੱਲ ਸਪੱਸ਼ਟ ਦੱਸਣਾ ਚਾਹੁੰਦੀ ਹਾਂ ਤੇ ਮੇਰਾ ਖਿਆਲ ਹੈ ਤੁਸੀਂ ਯਕੀਨ ਕਰੋਗੇ ਤੇ ਕਨੂੰਨ ਵਿਚ ਰਹਿ ਕੇ ਹੋ ਸਕੇ ਤਾਂ ਮੇਰੀ ਮਦਦ ਵੀ ਕਰੋਗੇ।' ਸਿਮਰਨ ਨੇ ਸੋਚੀ ਸਮਝੀ ਗੱਲ ਕਹੀ।

'ਹਾਂ ਜ਼ਰੂਰ।' ਸਕੌਟ ਨੇ ਐਨਾ ਵੱਲ ਵੇਖਦਿਆਂ ਕਿਹਾ।

'ਜਿਸ ਦਿਨ ਤੁਸੀਂ ਮੇਰੇ ਫਾਦਰ ਇਨ ਲਾਅ ਨੂੰ ਗ੍ਰਿਫਤਾਰ ਕੀਤਾ ਸੀ, ਉਸ ਤੋਂ ਕੁਝ ਦੇਰ ਬਾਅਦ ਬੌਬ ਦਾ ਮੈਨੂੰ ਫ਼ੋਨ ਆਇਆ ਤੇ ਉਸ ਨੇ ਪਾਸਪੋਰਟ ਤੇ ਕੁਝ ਕੱਪੜੇ ਲੈ ਕੇ ਮੈਨੂੰ ਲੂਟਨ ਏਅਰਪਰੋਟ 'ਤੇ ਮਿਲਣ ਲਈ ਕਿਹਾ। ਮੈਂ ਉਥੇ ਗਈ ਵੀ ਤੇ ਉਸ ਨੂੰ ਉਹ ਚੀਜ਼ਾਂ ਦੇ ਆਈ। ਉਹ ਇੰਡੀਆ ਚਲਿਆ ਗਿਆ ਤੇ ਹੁਣ ਵੀ ਉਥੇ ਐ। ਮੈਂ ਆਪਣਾ ਗੁਨਾਹ ਕਬੂਲ ਕਰਦੀ ਹਾਂ।' ਸਿਮਰਨ ਕੁਝ ਦੇਰ ਚੁੱਪ ਰਹੀ। ਜਦ ਉਸ ਨੇ ਨੀਵੀਂ ਚੁੱਕ ਕੇ ਸਕੌਟ ਵੱਲ ਵੇਖਿਆ ਤਾਂ ਉਸ ਨੇ ਥੋੜਾ ਜਿਹਾ ਸਿਰ ਹਿਲਾ ਕੇ ਅੱਗੇ ਬੋਲਣ ਦਾ ਇਸ਼ਾਰਾ ਕੀਤਾ।

'ਸਾਡਾ ਡਾਇਵੋਰਸ ਨਕਲੀ ਸੀ। ਮੈਨੂੰ ਬੌਬ ਨੇ ਕਿਹਾ ਤੇ ਮੈਂ ਸਾਈਨ ਕਰ ਦਿੱਤੇ। ਮੈਂ ਕਦੀ ਘੱਟ ਹੀ ਉਸ ਨੂੰ ਸਵਾਲ ਕੀਤਾ ਸੀ। ਪਰ ਹੁਣ ਉਹ ਡਾਈਵੋਰਸ ਪੱਕਾ ਹੈ। ਮੇਰੇ ਬੱਚੇ ਸਕੂਲ ਵਿਚ ਆਪਣੇ ਸਾਥੀ ਬੱਚਿਆਂ ਤੋਂ ਬੌਬ ਦੇ ਕਾਤਲ ਤੇ ਸਮਗਲਰ ਹੋਣ ਕਰਕੇ ਬਹੁਤ ਪ੍ਰੇਸ਼ਾਨ ਹੁੰਦੇ ਹਨ। ਮੈਂ ਘਰ ਵੇਚ ਕੇ ਕਿਧਰੇ ਹੋਰ ਘਰ ਖਰੀਦ ਕੇ ਰਹਿਣਾ ਚਾਹੁੰਦੀ ਹਾਂ। ਮੈਂ ਆਪਣੇ ਬੱਚਿਆਂ 'ਤੇ ਨਾ ਬੌਬ ਦਾ ਤੇ ਨਾ ਹੀ ਉਸ ਦੇ ਪਿਤਾ ਦਾ ਪ੍ਰਛਾਵਾਂ ਵੀ ਨਹੀਂ ਪੈਣ ਦੇਣਾ ਚਾਹੁੰਦੀ। ਮੈਂ ਉਹਨਾਂ ਨੂੰ ਇਮਾਨਦਾਰ ਤੇ ਚੰਗੇ ਸ਼ਹਿਰੀ ਬਣਾਉਣਾ ਚਾਹੁੰਦੀ ਹਾਂ----।'

ਸਕੌਟ ਅਤੇ ਐਨਾ ਹੈਰਾਨੀ ਨੂੰ ਲੁਕਾ ਕੇ ਸੁਣਦੇ ਰਹੇ। ਉਹ ਦੋਵੇਂ ਖੁਸ਼ ਵੀ ਸਨ। ਸਿਮਰਨ ਨੇ ਆਪਣੀ ਗੱਲ ਖਤਮ ਕੀਤੀ ਤੇ ਸਭ ਕੁਝ ਸਪੱਸ਼ਟ ਕਰ ਦਿੱਤਾ ਤਾਂ ਸਕੌਟ ਨੇ ਜਵਾਬ ਦਿੱਤਾ।

'ਜਿਥੋਂ ਤੱਕ ਸਾਡਾ ਸਵਾਲ ਹੈ ਅਸੀਂ ਤੁਹਾਡੇ 'ਤੇ ਕੋਈ ਐਕਸ਼ਨ ਨਹੀਂ ਲੈਣਾ। ਅਸੀਂ ਉਮੀਦ ਕਰਦੇ ਹਾਂ ਤੁਸੀਂ ਅਤੇ ਬੱਚੇ ਜਿਥੇ ਵੀ ਰਹੋ ਸੁਖੀ ਰਹੋ ਤੇ ਤੁਹਾਡੇ ਬੱਚੇ ਵੱਡੇ ਹੋ ਕੇ ਚੰਗੇ ਸ਼ਹਿਰੀ ਬਣਨਗੇ। ਗੁਡ ਲੱਕ।' ਕਹਿੰਦਿਆਂ ਸਕੌਟ ਤੇ ਐਨਾ ਨੇ ਉਸ ਨਾਲ ਹੱਥ ਮਿਲਾਇਆ ਤੇ ਬਾਹਰ ਆ ਗਏ।

'ਐਨਾ ਮੇਰੇ ਖਿਆਲ ਵਿਚ ਰੰਧਾਵੇ ਨੂੰ ਤਾਂ ਸਜ਼ਾ ਮਿਲ ਹੀ ਗਈ ਹੈ। ਅਦਾਲਤ ਉਸ ਨੂੰ ਸਜ਼ਾ ਦੇਵੇ ਜਾਂ ਨਾ।'

'ਬਿਲਕੁਲ।' ਐਨਾ ਨੇ ਗੱਡੀ ਸਟਾਰਟ ਕਰਦਿਆਂ ਕਿਹਾ।

## 47

ਰੰਧਾਵਾ ਨੀਵੀਂ ਜਿਹੀ ਕੁਰਸੀ ’ਤੇ ਸਿਰ ਸੁੱਟੀ ਡਰਾਇੰਗ ਰੂਮ ਵਿਚ ਬੈਠਾ ਸੀ। ਕੁਝ ਹੋਰ ਲੋਕ ਵੀ ਕਮਰੇ ਵਿਚ ਵਿਛੀਆਂ ਚਿੱਟੀਆਂ ਚਾਦਰਾਂ ’ਤੇ ਬੈਠੇ ਸਨ। ਇਕ ਮੇਜ਼ ’ਤੇ ਬੌਬ ਦੀ ਫੋਟੋ ਰੱਖੀ ਹੋਈ ਸੀ ਜਿਸ ’ਤੇ ਫੁੱਲਾਂ ਦੀ ਮਾਲਾ ਪਾਈ ਹੋਈ ਸੀ। ਉਸ ਫੋਟੋ ਵਿਚ ਬੌਬ ਹੱਸਦਾ ਤੇ ਬਹੁਤ ਖੁਸ਼ ਦਿਖਾਈ ਦੇ ਰਿਹਾ ਹੈ। ਉਸ ’ਤੇ ਲਟਕਦੀ ਫੁੱਲਾਂ ਦੀ ਮਾਲਾ ਵਿਚੋਂ ਸ਼ਰਧਾਂਜਲੀ ਅਤੇ ਝਲਕਦਾ ਅਫਸੋਸ, ਬੌਬ ਦੀ ਹੱਸਦੀ ਤਸਵੀਰ ਨਾਲ ਮੇਲ ਨਹੀਂ ਸੀ ਖਾਂਦਾ। ਨਾ ਹੀ ਕਮਰੇ ਅਤੇ ਘਰ ਵਿਚ ਛਾਇਆ ਮਾਤਮ ਇਸ ਤਸਵੀਰ ਨਾਲ ਮੇਲ ਖਾ ਰਿਹਾ ਸੀ।

ਰੰਧਾਵੇ ਨੂੰ ਅੱਠ ਸਾਲ ਦੀ ਸਜ਼ਾ ਹੋ ਗਈ ਸੀ ਤੇ ਟੌਮ ਨੂੰ ਉਮਰ ਕੈਦ। ਡੇਢ ਸਾਲ ਤੋਂ ਰੰਧਾਵਾ ਜੇਲ੍ਹ ਵਿਚ ਬੰਦ ਸੀ। ਸਜ਼ਾ ਹੋਣ ਨਾਲ ਸਾਬਤ ਹੋ ਗਿਆ ਕਿ ਰੰਧਾਵਿਆਂ ਦੀ ਜਾਇਦਾਦ ਦਾ ਵੱਡਾ ਹਿੱਸਾ ਅਪਰਾਧ ਨਾਲ ਕਮਾਏ ਪੈਸੇ ਨਾਲ ਖਰੀਦਿਆ ਗਿਆ ਸੀ। ਨਵੇਂ ਬਣੇ ਕਨੂੰਨ ਅਨੁਸਾਰ ਸਰਕਾਰ ਨੇ ਉਸ ਜਾਇਦਾਦ ਨੂੰ ਜ਼ਬਤ ਕਰਨ ਲਈ ਅਦਾਲਤ ਵਿਚ ਕੇਸ ਕੀਤਾ ਹੋਇਆ ਸੀ। ਪਿਛਲੇ ਸਮੇਂ ਵਿਚ ਇਹ ਉਸ ਲਈ ਸਭ ਤੋਂ ਵੱਡੀ ਚਿੰਤਾ ਦਾ ਕਾਰਨ ਬਣਿਆ ਹੋਇਆ ਸੀ। ਅਜੇ ਫੈਸਲੇ ਨੂੰ ਦੇਰ ਲੱਗ ਜਾਣੀ ਸੀ ਤੇ ਇੰਡੀਆ ਤੋਂ ਹੀ ਬੌਬ ਵਕੀਲਾਂ ਰਾਹੀਂ ਇਸ ਕੇਸ ਨੂੰ ਲੜਨ ਦੀ ਤਿਆਰੀ ਕਰ ਰਿਹਾ ਸੀ। ਅਜੇ ਕੇਸ ਦੀ ਸੁਣਵਾਈ ਲਈ ਕੋਈ ਤਰੀਕ ਨਹੀਂ ਸੀ ਮਿਲੀ। ਇਹਨਾਂ ਫਿਕਰਾਂ ਤੋਂ ਮੁੱਕਤ ਹੋਣ ਦੀ ਉਮੀਦ ਤਾਂ ਰੰਧਾਵੇ ਨੂੰ ਅਜੇ ਨਹੀਂ ਸੀ ਬੱਝੀ। ਬਦਕਿਸਮਤੀ ਨੂੰ ਬੌਬ ਦੀ ਮੌਤ ਦੀ ਖ਼ਬਰ ਆ ਗਈ। ਇਕ ਦਿਨ ਪਹਿਲਾਂ ਹੀ ਅਦਾਲਤ ਨੇ ਉਸ ਨੂੰ ਬੌਬ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਨ ਲਈ ਦੋ ਹਫ਼ਤੇ ਲਈ ਪੈਰੋਲ ’ਤੇ ਭੇਜ ਦਿੱਤਾ ਸੀ। ਉਹ ਇਕ ਦਿਨ ਪਹਿਲਾਂ ਹੀ ਘਰ ਆਇਆ ਸੀ।

ਬੌਬ ਨੇ ਲੁਧਿਆਣੇ ਵਿਚ ਰਹਿਣਾ ਸੀ ਤੇ ਉਸ ਨੇ ਆਮਦਨ ਦਾ ਸਾਧਨ ਬਣਾਉਣ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਉਸ ਨੇ ਨਾ ਤਾਂ ਕੋਈ ਮਿਹਨਤ ਮਜ਼ਦੂਰੀ ਕਰਨੀ ਸੀ ਤੇ ਨਾ ਹੀ ਕੋਈ ਹੱਟੀ-ਭੱਠੀ ਦਾ ਕੰਮ। ਉਸ ਨੇ ਆਪਣੇ ਸੁਭਾਅ ਅਨੁਸਾਰ ਕੰਮ ਲਭਣਾ ਤੇ ਕਰਨਾ ਸੀ।

ਇਹਨਾਂ ਦਿਨਾਂ ਵਿਚ ਜ਼ਮੀਨ ਦੀਆ ਕੀਮਤਾਂ ਅਸਮਾਨ ਛੋਹ ਰਹੀਆਂ ਸਨ। ਕਦੀ ਕਦੀ ਤਾਂ ਇੰਝ ਲਗਦਾ ਜਿਵੇਂ ਕੀਮਤਾਂ ਅਸਮਾਨ ਵਿਚ ਗਲੀ ਕਰਕੇ ਅਸਮਾਨ ਤੋਂ ਵੀ ਉੱਪਰ ਚਲੀਆਂ ਜਾਣਗੀਆਂ। ਲੁਧਿਆਣੇ ਸ਼ਹਿਰ ਵਿਚ ਵੀ ਹੋਰ ਸ਼ਹਿਰਾਂ ਵਾਂਗ ਬਹੁਤ ਸਾਰੇ ਭੂਮੀ ਗਰੋਹ ਉੱਗ ਪਏ ਸਨ। ਇਹਨਾਂ ਵਿਚ ਹੀ ਇਕ ਗਰੋਹ ਸੀ ‘ਮੰਨਾ ਮਾਨ’ ਦਾ। ਜ਼ਮੀਨ ਜਾਂ ਕੋਠੀਆਂ ਦੀ ਮਾਲਕੀ ਸਬੰਧੀ ਬਹੁਤ ਸਾਰੇ ਝਗੜੇ ਪੈਦਾ ਹੁੰਦੇ

ਰਹਿੰਦੇ। ਮੰਨਾ ਮਾਨ ਜਾਂ ਤਾਂ ਕਬਜ਼ਾ ਲੈਣ ਲਈ ਜਾਂ ਕਬਜ਼ਾ ਲੈਣ ਵਾਲਿਆਂ ਨੂੰ ਰੋਕਣ ਵਾਲੀ ਧਿਰ ਨਾਲ ਜਾ ਖੜ੍ਹਦਾ। ਬਹੁਤੀ ਵਾਰ ਝਗੜੇ ਵਾਲੀ ਜਾਇਦਾਦ ਨੂੰ ਕੌਡੀਆਂ ਦੇ ਭਾਅ ਖਰੀਦ ਲਿਆ ਜਾਂਦਾ ਤੇ ਦੂਜੀ ਧਿਰ ਨੂੰ ਚੁੱਪ ਕਰਾਉਣ ਲਈ ਕੁਝ ਕੁ ਪੈਸੇ ਦੇ ਦਿੱਤੇ ਜਾਂਦੇ। ਜੇ ਪੈਸੇ ਨਾਲ ਨਾ ਮੰਨਣ ਵਾਲੀ ਪਾਰਟੀ ਹੁੰਦੀ ਤਾਂ ਬਦਮਾਸ਼ਾਂ ਦਾ ਟੋਲਾ ਉਹਨਾਂ ਨੂੰ ਏਨਾ ਡਰਾ ਦਿੰਦਾ ਕਿ ਅਗਲਾ ਚੁੱਪ ਕਰ ਜਾਂਦਾ ਤੇ ਆਪਣੀ ਜਾਨ ਬਚਾਉਣ ਲਈ ਤਰਲੇ ਕਰਨ ਲਗਦਾ। ਪੁਲੀਸ ਅਤੇ ਸਿਆਸੀ ਲੀਡਰ ਵੀ ਮੰਨਾ ਮਾਨ ਵਰਗੇ ਬੰਦਿਆਂ ਦੇ ਹੱਥ ਵਿਚ ਹੁੰਦੇ।

ਬੌਬ ਦੀ ਜਾਣ-ਪਛਾਣ ਤੇ ਹੌਲੀ ਹੌਲੀ ਦੋਸਤੀ ਮੰਨਾ ਮਾਨ ਨਾਲ ਹੋ ਗਈ। ਬੌਬ ਨੇ ਵੀ ਆਪਣਾ ਇਕ ਗਰੋਹ ਬਣਾ ਲਿਆ। ਲੋੜ ਪੈਣ 'ਤੇ ਮੰਨਾ ਮਾਨ ਤੇ ਉਹ ਇਕ ਦੂਜੇ ਦੀ ਮਦਦ ਵੀ ਕਰ ਦਿੰਦੇ। ਦਿਨਾਂ ਵਿਚ ਹੀ ਮੰਨਾ ਮਾਨ ਦੇ ਨਾਲ ਹੀ ਬੌਬ ਰੰਧਾਵੇ ਦਾ ਨਾਂ ਵੀ ਲੋਕਾਂ ਵਿਚ ਜਾਣਿਆ ਪਛਾਣਿਆ ਬਣ ਗਿਆ। ਨਾਂ ਦੇ ਨਾਲ ਹੀ ਬੌਬ ਦੇ ਕੰਮ ਤੋਂ ਵੀ ਲੋਕ ਅਣਜਾਣ ਨਹੀਂ ਸਨ ਰਹੇ। ਬੌਬ ਨੇ ਹੋਰ ਧੰਦੇ ਵੀ ਕਰਨੇ ਸ਼ੁਰੂ ਕਰ ਦਿੱਤੇ ਜਿਵੇਂ ਹਵਾਲੇ ਦਾ ਕੰਮ। ਦਿਨਾਂ ਵਿਚ ਹੀ ਉਸ ਨੇ ਕਾਫੀ ਜਾਇਦਾਦ ਤੇ ਪੈਸਾ ਜਮ੍ਹਾਂ ਕਰ ਲਿਆ।

ਇਹਨਾਂ ਗਰੋਹਾਂ ਦੇ ਆਪਣੇ ਅਸੂਲ ਸਨ। ਛੇਤੀ ਕੀਤਿਆਂ ਉਹ ਇਕ ਦੂਜੇ ਦੇ ਕੰਮ ਵਿਚ ਦਖਲ ਨਹੀਂ ਸਨ ਦਿੰਦੇ। ਜੇ ਕਿਤੇ ਇਕ ਹੀ ਜਾਇਦਾਦ ਲਈ ਦੋਂਹ ਗਰੁੱਪਾਂ ਨੇ ਅੱਡੋ ਅੱਡ ਧਿਰਾਂ ਨਾਲ ਸੌਦਾ ਕਰ ਲਿਆ ਹੁੰਦਾ ਤਾਂ ਫਿਰ ਕਿਸੇ ਵਿਚੋਲੇ ਰਾਹੀਂ ਉਸ ਦਾ ਫੈਸਲਾ ਹੋ ਜਾਂਦਾ। ਲੜਾਈ ਝਗੜੇ ਨਾਲ ਤਾਂ ਕਈ ਵਾਰ ਪਰਿਵਾਰਾਂ ਦੇ ਪਰਿਵਾਰ ਖਤਮ ਹੋ ਜਾਂਦੇ। ਵਿਚੋਲੇ ਪੁਲੀਸ ਅਫ਼ਸਰ ਜਾਂ ਸਿਆਸੀ ਲੀਡਰ ਹੁੰਦੇ। ਬਹੁਤੀ ਵਾਰ ਤਾਂ ਉਹਨਾਂ ਤੋਂ ਹੀ ਪਤਾ ਲਗਦਾ ਕਿ ਦੂਜੀ ਧਿਰ ਨੇ ਫਲਾਣੀ ਪਾਰਟੀ ਨਾਲ ਗੰਢ-ਤੁਪ ਕੀਤੀ ਹੋਈ ਹੈ। ਉਹ ਹੀ ਸਮਝੌਤਾ ਕਰਾਉਂਦੇ। ਕੇਕ ਦੇ ਲੋੜ ਅਨੁਸਾਰ ਹਿੱਸੇ ਕੀਤੇ ਜਾਂਦੇ ਤੇ ਹਰ ਕੋਈ ਆਪਣੇ ਹਿੱਸੇ ਦਾ ਕੇਕ ਖਾ ਕੇ ਘਰ ਚਲਾ ਜਾਂਦਾ।

ਕਦੀ ਕਦੀ ਨਵੇਂ ਮੁੰਡੇ ਵੀ ਪੁਰਾਣੇ ਗੈਂਗਸਟਰਾਂ ਵਰਗੇ ਬਣਨ ਦਾ ਯਤਨ ਕਰਦੇ। ਜਾਂ ਕਿਸੇ ਘਰ ਦੇ ਨੌਜਵਾਨ ਉਹਨਾਂ ਨਾਲ ਹੋਈ ਬੇਇਨਸਾਫੀ ਨੂੰ ਨਾ ਸਹਾਰਦੇ ਮਰਨ ਮਾਰਨ ਦੀ ਠਾਣ ਲੈਂਦੇ। ਮੌਤ ਦੀ ਖੇਡ ਵਿਚ ਕਿਸੇ ਨਾ ਕਿਸੇ ਨੂੰ ਤਾਂ ਆਊਟ ਹੋਣਾ ਹੀ ਪੈਂਦਾ।

ਬੌਬ ਦੇ ਸੁਰੱਖਿਆ ਕਰਮੀ ਸਦਾ ਉਸ ਨਾਲ ਪ੍ਰਛਾਵੇਂ ਵਾਂਗ ਰਹਿੰਦੇ। ਬੌਬ ਨੂੰ ਪਤਾ ਸੀ ਕਿ ਉਸ ਦੇ ਬਹੁਤ ਸਾਰੇ ਦੁਸ਼ਮਨ ਸਨ ਜਿਹਨਾਂ ਦਾ ਰੰਗ ਰੂਪ ਵੀ ਉਸ ਨੂੰ ਪਤਾ ਨਹੀਂ। ਉਹ ਆਪਣੇ ਵੱਲੋਂ ਪੂਰਾ ਚੌਕੰਨਾ ਰਹਿੰਦਾ।

ਇਕ ਦਿਨ ਘੁਮਾਰ ਮੰਡੀ ਉਹ ਦੰਦਾਂ ਦੇ ਡਾਕਟਰ ਕੋਲ ਗਿਆ। ਉਸ ਦੇ ਸੁਰੱਖਿਆ ਕਰਮੀ ਵੀ ਉਸ ਨਾਲ ਸਨ। ਡਾਕਟਰ ਦੀ ਕਲਿਨਕ ਦੇ ਐਨ ਬਾਹਰ ਉਹਨਾਂ ਨੇ ਕਾਰ ਖੜ੍ਹੀ ਕੀਤੀ। ਪਹਿਲਾਂ ਸੁਰੱਖਿਆ ਕਰਮੀ ਬਾਹਰ ਨਿਕਲੇ ਤੇ ਉਹਨਾਂ ਨੇ ਆਸੇ

ਪਾਸੇ ਧਿਆਨ ਨਾਲ ਵੇਖਿਆ। ਸੜਕ ਤੇ ਕਈ ਕਾਰਾਂ ਤੇ ਮੋਟਰ ਸਾਇਕਲ ਖੜ੍ਹੇ ਸਨ। ਕਿਸੇ ਪਾਸੇ ਤੋਂ ਵੀ ਖ਼ਤਰੇ ਵਾਲੀ ਕੋਈ ਗੱਲ ਨਹੀਂ ਸੀ। ਜਲਦੀ ਨਾਲ ਬੌਬ ਕਲਿਨਕ ਅੰਦਰ ਚਲਾ ਗਿਆ ਤੇ ਇਕ ਸੁਰੱਖਿਆ ਕਰਮੀ ਵੀ ਅੰਦਰ ਚਲਾ ਗਿਆ ਦੂਜਾ ਬਾਹਰ ਗੇਟ ’ਤੇ ਹੀ ਖੜ੍ਹਾ ਰਿਹਾ। ਡਰਾਇਵਰ ਕਾਰ ਵਿਚ ਹੀ ਬੈਠਾ ਸੀ।

ਜਦੋਂ ਬੌਬ ਬਾਹਰ ਆਇਆ ਤਾਂ ਸਾਹਮਣੇ ਖੋਖੇ ਵਿਚੋਂ ਦੋ ਮੁੰਡੇ ਬਾਹਰ ਨਿਕਲੇ ਤੇ ਉਹਨਾਂ ਨੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਉਹਨਾਂ ਦਾ ਸ਼ਿਕਾਰ ਬੌਬ ਬਣਿਆ ਤੇ ਫਿਰ ਇਕ ਸੁਰੱਖਿਆ ਕਰਮੀ। ਦੂਜਾ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਨੇੜੇ ਹੀ ਖੜ੍ਹੇ ਮੋਟਰ ਸਾਇਕਲਾਂ ’ਤੇ ਉਹ ਦੌੜ ਗਏ। ਘੁਮਾਰ ਮੰਡੀ ਲੋਕਾਂ ਦਾ ਜੰਗਲ ਹੈ ਤੇ ਉਸ ਜੰਗਲ ਵਿਚ ਉਹ ਕਿਧਰੇ ਗੁਆਚ ਗਏ।

ਬੌਬ ਤੇ ਉਸ ਦੇ ਸਾਥੀਆਂ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਹਨਾਂ ਨੇ ਬੌਬ ਅਤੇ ਉਸ ਦੇ ਇਕ ਸਾਥੀ ਨੂੰ ਮ੍ਰਿਤਕ ਕਰਾਰ ਦੇ ਦਿਤਾ ਤੇ ਇਕ ਨੂੰ ਹਸਪਤਾਲ ਵਿਚ ਦਾਖਲ ਕਰ ਲਿਆ। ਸਾਰੇ ਸ਼ਹਿਰ ਵਿਚ ਬੌਬ ਦੇ ਕਤਲ ਦੀ ਖ਼ਬਰ ਫੈਲ ਗਈ ਪੁਲੀਸ ਦੀਆਂ ਗੱਡੀਆਂ ਦੌੜਨ ਲੱਗੀਆਂ।

ਬੌਬ ਦੇ ਬਹੁਤ ਸਾਰੇ ਰਿਸ਼ਤੇਦਾਰ ਤੇ ਨਜ਼ਦੀਕੀ ਦੋਸਤਾਂ ਵਿਚੋਂ ਕਿਸੇ ਨੇ ਬੌਬ ਦੀ ਮਾਂ ਨੂੰ ਫ਼ੋਨ ਕਰ ਦਿੱਤਾ। ਉਸ ਨੂੰ ਤਾਂ ਯਕੀਨ ਹੀ ਨਾ ਆਇਆ। ਉਸ ਨੇ ਲੁਧਿਆਣੇ ਰਹਿੰਦੇ ਆਪਣੇ ਭਤੀਜੇ ਨੂੰ ਪੁੱਛਿਆ ਤਾਂ ਉਸ ਨੇ ਖ਼ਬਰ ਦੀ ਪੁਸ਼ਟੀ ਕਰ ਦਿੱਤੀ। ਬੌਬ ਦੀ ਮਾਂ ਲਈ ਦੁਨੀਆਂ ਵਿਚ ਜਿਹੜਾ ਮਾੜੇ ਮੋਟੇ ਚਾਨਣ ਦੀ ਲੀਕ ਬਾਕੀ ਸੀ, ਉਹ ਵੀ ਹਨ੍ਹੇਰੇ ਵਿਚ ਬਦਲ ਗਿਆ।

ਸਿਮਰਨ ਨੇ ਆਕਸਫੋਰਡ ਦੇ ਇਲਾਕੇ ਵਿਚ ਘਰ ਲੈ ਲਿਆ ਸੀ। ਘੰਟੇ ਕੁ ਦੀ ਵਾਟ ਸੀ। ਮਾਤਾ ਨੇ ਉਸ ਨੂੰ ਫ਼ੋਨ ਕੀਤਾ ਤਾਂ ਉਸ ਦੇ ਹੱਥ ਪੈਰ ਵੀ ਫੁੱਲਣ ਲੱਗੇ। ਪਰ ਉਸ ਅੱਗੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਵੀ ਆ ਖੜ੍ਹੀਆਂ। ਇਹਨਾਂ ਜ਼ਿੰਮੇਵਾਰੀਆਂ ਨੇ ਉਸ ਨੂੰ ਸੰਜਮ ਵਿਚ ਰਹਿਣ ਦਾ ਬਲ ਦਿੱਤਾ। ਉਹ ਬੱਚਿਆਂ ਨਾਲ ਦੋ ਕੁ ਘੰਟੇ ਵਿਚ ਸੱਸ ਕੋਲ ਪਹੁੰਚ ਗਈ। ਉਸ ਨੂੰ ਵੇਖ ਕੇ ਸੱਸ ਨੇ ਧਾਹ ਮਾਰੀ ਤੇ ਰੰਧਾਵੇ ਨੂੰ ਬਦਅਸੀਸਾਂ ਦੇਣ ਲੱਗੀ। ਉਹ ਬੌਬ ਦੇ ਗਲਤ ਰਾਹ ’ਤੇ ਪੈਣ ਦਾ ਕਾਰਨ ਰੰਧਾਵੇ ਨੂੰ ਮੰਨਦੀ ਸੀ। ਪਰ ਅੱਜ ਪਹਿਲੀ ਵਾਰ ਉਸ ਨੇ ਮੂੰਹੋਂ ਕਿਹਾ ਸੀ।

ਸਿਮਰਨ ਨੇ ਵਕੀਲ ਦੀ ਮਦਦ ਨਾਲ ਬੌਬ ਦਾ ਅੰਤਿਮ ਸੰਸਕਾਰ ਯੂ ਕੇ ਵਿਚ ਕਰਨ ਲਈ ਅਦਾਲਤ ਤੋਂ ਇਜਾਜ਼ਤ ਲੈਣ ਦੀ ਬੇਨਤੀ ਕੀਤੀ। ਲੁਧਿਆਣੇ ਵੀ ਉਸ ਨੇ ਬੌਬ ਦੇ ਸਰੀਰ ਨੂੰ ਇੰਗਲੈਂਡ ਭੇਜਣ ਦੇ ਪ੍ਰਬੰਧ ਕਰਨ ਲਈ ਕਹਿ ਦਿੱਤਾ। ਦੋ ਹਫ਼ਤਿਆਂ ਦੀ ਭੱਜ ਦੌੜ ਦੇ ਸਿੱਟੇ ਵਜੋਂ ਬੌਬ ਦਾ ਤਬੂਤ ਲੰਡਨ ਪਹੁੰਚ ਗਿਆ ਸੀ ਤੇ ਅਗਲੇ ਦਿਨ ਰੰਧਵਾ ਵੀ ਘਰ ਆ ਗਿਆ ਸੀ।

ਰੰਧਾਵਾ ਜਦ ਵੀ ਬੌਬ ਦੀ ਫੋਟੋ ਵੇਖਦਾ ਤਾਂ ਉਸ ਨੂੰ ਹੈਰੀ ਸਮਿਥ ਯਾਦ ਆ

ਜਾਂਦਾ ਤੇ ਨਾਲ ਹੀ ਟੋਨੀ ਦੀ ਸ਼ਕਲ ਉਭਰ ਆਉਂਦੀ। ਰੰਧਾਵੇ ਨੂੰ ਟੋਨੀ 'ਤੇ ਨਾ ਗੁੱਸਾ ਆਉਂਦਾ ਤੇ ਨਾ ਹੀ ਬਦਲੇ ਦੀ ਜਵਾਲਾ ਬਲਦੀ। ਫਿਰ ਉਹ ਸੋਚਦਾ ਗੁੱਸੇ ਤੇ ਬਦਲੇ ਲਈ ਤਾਂ ਸਰੀਰ ਵਿਚ ਤਾਕਤ ਦੀ ਲੋੜ ਹੁੰਦੀ ਆ ਤੇ ਉਸ ਦੇ ਸਰੀਰ ਵਿਚ ਤਾਂ ਭੋਰਾ ਵੀ ਜਾਨ ਨਹੀਂ ਸੀ ਰਹੀ।

ਰੰਧਾਵਾ ਨਿਰਜਿੰਦ ਜਿਹਾ ਬੈਠਾ ਰਹਿੰਦਾ। ਮਾੜਾ ਮੋਟਾ ਖਾ ਪੀ ਲੈਂਦਾ। ਬਹੁਤ ਘੱਟ ਬੋਲਦਾ। ਕੋਈ ਹਾਅ ਦਾ ਨਾਹਰਾ ਮਾਰਨ ਆਉਂਦਾ ਤਾਂ ਰੰਧਾਵਾ ਗਿਣੇ ਚੁਣੇ ਹੀ ਸ਼ਬਦ ਬੋਲਦਾ। ਲੋਕ ਆਉਂਦੇ ਤੇ ਚਲੇ ਜਾਂਦੇ। ਰਾਹ ਵਿਚ ਜਾਂਦੇ ਆਪਸ ਵਿਚ ਗੱਲਾਂ ਕਰਦੇ: 'ਲੋਕ ਐਵੇਂ ਧਰਮਰਾਜ ਬਾਰੇ ਗੱਲਾਂ ਕਰਦੇ ਆ। ਕੀਹਨੇ ਦੇਖਿਆ ਉਹਨੂੰ। ਨਰਕ-ਸੁਰਗ ਤਾਂ ਏਥੇ ਈ ਆ। ਬੰਦਾ ਐਥੇ ਹੀ ਕਰਦਾ ਤੇ ਐਥੇ ਹੀ ਭਰਦਾ----।'

ਅੰਤਿਮ ਸੰਸਕਾਰ ਵਾਲੇ ਦਿਨ ਜਦ ਰੰਧਾਵਾ ਕਾਰ ਵਿਚ ਬੈਠਾ ਗੈਰੀ ਦੇ ਘਰ ਅੱਗਿਉਂ ਲੰਘਿਆ ਤਾਂ ਉਸ ਦੇ ਮਨ ਵਿਚ ਗੈਰੀ ਦੇ ਘਰ ਵੱਲ ਵੇਖਣ ਦਾ ਖਿਆਲ ਆਇਆ ਪਰ ਉਸ ਵਿਚ ਹਿੰਮਤ ਨਾ ਪਈ। ਇਹ ਸਾਰਾ ਦਿਨ ਉਸ ਲਈ ਨਰਕ ਤੋਂ ਘੱਟ ਨਹੀਂ ਸੀ।

ਦੋ ਦਿਨ ਬਾਅਦ ਉਸ ਨੇ ਜੇਲ੍ਹ ਵਿਚ ਹਾਜ਼ਰੀ ਦੇਣੀ ਸੀ। ਸਿਮਰਨ ਬੱਚਿਆਂ ਨਾਲ ਉਥੇ ਹੀ ਰਹੀ। ਉਸ ਨੇ ਆਪਣੀ ਸੱਸ ਨੂੰ ਆਪਣੇ ਨਾਲ ਚੱਲਣ ਲਈ ਮਨਾ ਲਿਆ ਸੀ ਤੇ ਉਸ ਦੇ ਕੱਪੜਿਆਂ ਨੂੰ ਸੂਟਕੇਸ ਵਿਚ ਪਾ ਲਿਆ ਸੀ। ਜਦ ਦਾ ਰੰਧਾਵਾ ਆਇਆ ਸੀ ਉਸ ਦੀ ਪਤਨੀ ਨੇ ਉਸ ਨਾਲ ਇਕ ਬੋਲ ਵੀ ਸਾਂਝਾ ਨਹੀਂ ਸੀ ਕੀਤਾ। ਉਸ ਨੇ ਬੱਸ ਬੰਟੀ ਨਾਲ ਹੀ ਕੁਝ ਕੁ ਆਮ ਜਿਹੀਆਂ ਗੱਲਾਂ ਕੀਤੀਆਂ ਸਨ।

ਸਿਮਰਨ ਨੇ ਰੰਧਾਵੇ ਦੇ ਜਾਣ ਲਈ ਟੈਕਸੀ ਬੁਲਾਈ ਸੀ ਜੋ ਇਕ ਵਜੇ ਪਹੁੰਚ ਗਈ। ਹੁਣ ਤੱਕ ਸਿਮਰਨ ਨੇ ਵੀ ਸਾਰਾ ਸਮਾਨ ਸਾਂਭ ਕੇ ਗੱਡੀ ਵਿਚ ਰੱਖ ਲਿਆ ਸੀ। ਰੰਧਾਵਾ ਟੈਕਸੀ ਦੇ ਖੁੱਲ੍ਹੇ ਦਰਵਾਜ਼ੇ ਕੋਲ ਖੜਾ ਸੀ। ਉਸ ਨੇ ਨਜ਼ਰ ਭਰ ਕੇ ਘਰ ਨੂੰ ਵੇਖਿਆ ਤੇ ਫਿਰ ਕੋਲ ਖੜ੍ਹੇ ਬੱਚਿਆਂ ਨੂੰ ਇੰਝ ਵੇਖਿਆ ਜਿਵੇਂ ਉਹ ਉਹਨਾਂ ਨੂੰ ਆਖਰੀ ਵਾਰ ਵੇਖ ਰਿਹਾ ਹੋਵੇ।

'ਡੈਡ ਅਸੀਂ ਮੰਮ ਨੂੰ ਨਾਲ ਲੈ ਕੇ ਚੱਲੇ ਆਂ। ਇਹ ਸਾਡੇ ਨਾਲ ਹੀ ਰਹਿਣਗੇ, ਤੁਸੀਂ ਫਿਕਰ ਨਾ ਕਰਿਉ।' ਸਿਮਰਨ ਨੇ ਬੱਚਿਆਂ ਬਾਅਦ ਉਸ ਨੂੰ ਹਲਕੀ ਜਿਹੀ ਵਿਦੈਗੀ ਜੱਫ਼ੀ ਪਾਉਂਦਿਆਂ ਕਿਹਾ। ਰੰਧਾਵਾ ਚੁੱਪ ਸੀ।

ਇਕ ਗੇਟ ਵਿਚੋਂ ਦੀ ਟੈਕਸੀ ਬਾਹਰ ਨਿਕਲ ਗਈ ਤੇ ਦੂਜੇ ਵਿਚੋਂ ਦੀ ਸਿਮਰਨ ਦੀ ਕਾਰ। ਲੋਹੇ ਦਾ ਗੇਟ ਇੰਝ ਹੌਲੀ ਹੌਲੀ ਬੰਦ ਹੋ ਰਿਹਾ ਸੀ ਜਿਵੇਂ ਉਸ ਨੂੰ ਦੁਵਾਰਾ ਖੁੱਲ੍ਹਣ ਦੀ ਆਸ ਨਾ ਹੋਵੇ।

**ਸਮਾਪਤ**